ਗਏ ਹੈਂ। ਤੁਮ ਨੇ ਯੇ ਕਹਿਨਾ ਔਰ ਤੋ ਸਭ ਆ ਗਏ ਹੈਂ ਪਰ ਹਮਾਰਾ ਰਾਜਾ ਸਾਹਿਬ ਨਹੀਂ ਆਏ। ਫਿਰ ਤੁਮ ਨੇ ਮੁਝ ਕੋ ਆਨ ਕੇ ਲੇ ਜਾਨਾ। ਸਭ ਕਊਏ ਪਕੜੇ ਗਏ। ਰਾਜਾ ਨੇ ਕਾਊਇਆਂ ਸੇ ਪੂਛਾ ਸਭ ਆ ਗਏ ਹੈਂ। ਏਕ ਕਊਆ ਬੋਲਾ ਮਹਾਰਾਜ ! ਹੋਰ ਸਭ ਆ ਗਏ ਹੈਂ ਏਕ ਹਮਾਰਾ ਰਾਜਾ ਨਹੀ ਆਇਆ। ਰਾਜਾ ਨੇ ਪੂਛਾ ਵਹੁ ਕਿਉਂ ਨਹੀ ਆਇਆ। ਕਊਏ ਨੇ ਕਹਾ ਕਿਆ ਜਾਨੇ। ਰਾਜਾ ਬੋਲਾ ਵਹੁ ਕੈਸੇ ਆਵੈ। ਕਊਏ ਨੇ ਕਹਾ ਏਕ ਹਮ ਕੋ ਛੋੜੋ ਮੈਂ ਜਾਕੇ ਲੇ ਆਤਾ ਹੂੰ। ਰਾਜਾ ਨੇ ਛੋੜ ਦੀਆ ਜਾਕੇ ਆਪਨੇ ਰਾਜਾ ਕੋ ਲੈ ਆਇਆ। ਰਾਜਾ ਨੇ ਕਹਾ ਹੋਰ ਸਭ ਆ ਗਏ ਤੁਮ ਕਹਾਂ ਰਹੇ ਥੇ। ਕਊਇਆਂ ਕਾ ਰਾਜਾ ਬੋਲਾ ਜੈਸੇ ਤੁਮ ਆਪਨੀ ਪਰਜਾ ਕੇ ਰਾਜੇ ਹੋ ਐਸੇ ਹਮ ਰਾਜੇ ਹੈਂ ਅਰ ਏਕ ਮੁਕੱਦਮਾ ਹਮਾਰੇ ਪਾਸ ਆਇਆ ਹੂਆ ਥਾ। ਇਸ ਪਰ ਦੇਰੀ ਹੂਈ ਹੈ। ਰਾਜਾ ਨੇ ਪੂਛਾ ਕਿਆ ਮੁਕੱਦਮਾ ਥਾ। ਕਊਇਆਂ ਕਾ ਰਾਜਾ ਬੋਲਾ ਦੋ ਪੁਰਸ਼ ਝਗੜਤੇ ਹੂਏ ਆ ਗਏ, ਏਕ ਕਹੇ ਸੰਸਾਰ ਮੇਂ ਇਸਤ੍ਰੀਆਂ ਬਹੁਤ ਹੈਂ। ਦੂਸਰਾ ਕਹੇ ਮਰਦ ਬਹੁਤ ਹੈਂ। ਹਮ ਕਈਆਂ ਕੇ ਪਾਸ ਗਏ ਹੈਂ ਪਰ ਕਿਸੀ ਨੇ ਝਗੜਾ ਮਿਟਾਇਆ ਨਹੀਂ। ਇਸ ਝਗੜੇ ਕਾ ਆਪ ਨਿਆਂ ਕਰੇਂ। ਸੋ ਉਸਕਾ ਨਿਆਂ ਕਰਤੇ ਹੂਏ ਹਮ ਕੋ ਡੇਰੀ ਲਗ ਗਈ ਹੈ। ਰਾਜਾ ਨੇ ਕਹਾ ਇਸ ਕਾ ਨਿਆਂ ਕਿਆ ਕਰਨਾ ਹੈ। ਜਿਤਨੀਆਂ ਇਸਤ੍ਰੀਆਂ ਹੈਂ ਉਤਨੇ ਹੀ ਪੁਰਖ ਹੈਂ। ਕਿਉਂਕਿ ਈਸ੍ਰ ਨੇ ਸਭ ਕਾ ਜੋੜਾ ਪੈਦਾ ਕਰਾ ਹੈ। ਪਰ ਹਛਾ ਤੈਂਨੇ ਕੀ ਨਿਆਂ ਕਰਾ। ਕਊਇਆਂ ਕਾ ਰਾਜਾ ਬੋਲਾ ਮੈਂਨੇ ਯੇ ਨਿਆਓਂ ਕਰਾ ਹੈ। ਸੰਸਾਰ ਮੇਂ ਇਸਤ੍ਰੀਆਂ ਬਹੁਤ ਹੈਂ। ਮਰਦ ਥੋੜੇ ਹੈਂ। ਰਾਜਾ ਨੇ ਕਹਾ ਯੇ ਕੈਸੇ। ਕਊਇਆਂ ਕਾ ਰਾਜਾ ਬੋਲਾ ਜੋ ਔਰਤਾਂ ਕੇ ਆਖੇ ਲਗਨੇ ਵਾਲਾ ਹੈ ਵੋਹ ਭੀ ਔਰਤ ਹੈ ਸੋ ਮਰਦ ਨਹੀਂ ਹੈ। ਇਤਨੀ ਬਾਤ ਸੁਨਤੇ ਸਾਰਾ ਰਾਜਾ ਕੋ ਬੋਧ ਹੋ ਗਯਾ ਮੈਂ ਔਰਤ ਕੇ ਆਖੇ ਲਗਕੇ ਕਊਇਆਂ ਕੋ ਮਰਵਾਨੇ ਲਗਾ ਹੂੰ। ਤੋ ਮੈਂ ਭੀ ਇਸਤ੍ਰੀ ਹੂਆ। ਪੁਰਖ ਤੋ ਨਾ ਬਨਾ। ਮੈਂ ਔਰਤ ਕਾਹੇ ਕੋ ਬਨਨਾ ਹੈ। ਮਰਦ ਬਨੂੰ। ਐਸੇ ਵਿਚਾਰ ਕਰ ਸਭ ਕਊਇਆਂ ਕੋ ਛੋੜ ਦੀਆ। ਉਧਰ ਰਾਨੀ ਸੁਨਾ



Scanned by CamScanner

ਕਿ ਰਾਜਾ ਨੇ ਕਊਏ ਪਕੜ ਕੇ ਫੇਰ ਛੋੜ ਦੀਏ ਹੈਂ। ਰਾਨੀ ਕ੍ਰੋਧਵੰਤ ਹੋਕਰ ਹਾਰ ਸ਼ਿੰਗਾਰ ਉਤਾਰਕੇ ਸ਼ੋਕ ਮੰਦਰ ਮੇਂ ਜਾਇ ਬੈਠੀ, ਰਾਜਾ ਸ਼ੋਕ ਮੰਦਰ ਮੇਂ ਗਯਾ ਪੂਛਾ ਐਸਾ ਹਾਲ ਕਿਉਂ ਕੀਆ ਹੈ। ਰਾਨੀ ਬੋਲੀ ਮੈਂ ਅਬ ਤੇਰੇ ਸਾਥ ਨਹੀ ਬੋਲਤੀ। ਤੈਂਨੇ ਕਊਇਆਂ ਕੋ ਕਿਉਂ ਛੋੜ ਦੀਆ ਹੈ। ਅਬ ਮੈਂ ਵਿਖ ਖਾਕੇ ਮਰ ਜਾਊਂਗੀ। ਰਾਜਾ ਕਾਮਾਂਤ੍ਰ ਹੋਕਰ ਕਹਿਨੇ ਲਗਾ ਹੇ ਪਿਆਰੀ ਜੈਸੇ ਤੂੰ ਕਹੇਗੀ ਮੈਂ ਵੈਸੇ ਹੀ ਕਰੂੰਗਾ ਪਰ ਤੂੰ ਮਰ ਨਹੀਂ ਯੇ ਮੈਲਾ ਵੇਸ ਉਤਾਰ ਕਰ ਹਾਰ ਸ਼ਿੰਗਾਰ ਪਹਿਨ ਲੈ। ਅਬੀ ਕਊਏ ਪਕੜਵਾ ਕਰ ਮਰਵਾ ਦੇਤਾ ਹੂੰ। ਰਾਨੀ ਨੇ ਹਾਰ ਸ਼ਿੰਗਾਰ ਪਹਿਨ ਲੀਆ। ਰਾਜਾ ਨੇ ਹੁਕਮ ਦੇ ਕਰ ਫੇਰ ਕਊਏ ਪਕੜਵਾ ਲੀਏ। ਫੇਰ ਕਊਏ ਆਪਨੇ ਰਾਜਾ ਪਾਸ ਗਏ। ਕਹਾ ਹੇ ਰਾਜਨ ਫੇਰ ਰਾਜਾ ਪਕੜਵਾਈ ਜਾਤਾ ਹੈ। ਅਬ ਹਮ ਕਿਆ ਕਰੇਂ। ਕਊਇਆਂ ਕਾ ਰਾਜਾ ਬੋਲਾ ਫੇਰ ਤੁਮ ਨੇ ਪੂਰਬ ਕੀ ਨਿਆਈਂ ਕਹਿਨਾ। ਹਮ ਫੇਰ ਤੁਮ ਕੋ ਛੁੜਵਾਇ ਦੇਵੇਂਗੇ। ਸੋ ਭੀ ਪਕੜਾ ਗਯਾ ਰਾਜਾ ਨੇ ਪੂਛਾ ਕਿਉਂ ਸਭ ਕਊਏ ਆ ਗਏ। ਏਕ ਕਊਏ ਨੇ ਕਹਾ ਹੇ ਰਾਜਨ ਹਮਾਰਾ ਰਾਜਾ ਨਹੀਂ ਆਇਆ। ਰਾਜਾ ਨੇ ਕਹਾ ਜਾਕੇ ਤੁਮ ਲੇ ਆਓ ਵਹੁ ਜਾਕੇ ਲੇ ਆਇਆ। ਰਾਜਾ ਨੇ ਪੂਛਾ ਤੁਮ ਕਹਾਂ ਰਹੇ। ਕਊਇਆਂ ਕਾ ਰਾਜਾ ਬੋਲਾ ਤੁਮਾਰੇ ਵਤ ਹਮ ਭੀ ਰਾਜਾ ਹੈਂ। ਸੋ ਹਮਾਰੇ ਪਾਸ ਏਕ ਮੁਕੱਦਮਾ ਆਇਆ ਹੂਆ ਥਾ ਉਸਕੇ ਨਿਆਂ ਕਰਨੇ ਮੇਂ ਡੇਰੀ ਲਗੀ ਹੈ। ਰਾਜਾ ਨੇ ਪੂਛਾ ਵਹੁ ਕਿਆ ਮੁਕੱਦਮਾ ਥਾ। ਕਊਇਆਂ ਕਾ ਰਾਜਾ ਬੋਲਾ ਦੋ ਪੁਰਸ਼ ਝਗੜਤੇ ੨ ਹਮਾਰੇ ਪਾਸ ਆਏ ਏਕ ਕਹੇ ਸੰਸਾਰ ਮੇਂ ਮੁਖ ਬਹੁਤ ਹੈਂ ਦੂਸਰਾ ਕਹੇ ਨਹੀਂ ਗੁਦਾ ਬਹੁਤ ਹੈਂ। ਰਾਜਾ ਬੋਲਾ ਯੇ ਕਿਆ ਨਿਆਂ ਕਰਨਾ ਹੈ ਯੇ ਸਭ ਕੋਈ ਜਾਨਤਾ ਹੈ ਜਿਤਨੇ ਮੁਖ ਹੈਂ ਉਤਨੇ ਹੀ ਗੁਦਾ ਹੈ। ਪਰ ਹਛਾ ਤੈਂਨੇ ਨਿਆਇ ਕਿਆ ਕਰਾ ਹੈ। ਕਊਇਆਂ ਕਾ ਰਾਜਾ ਬੋਲਾ ਮੈਂਨੇ ਯੇ ਨਿਆਇ ਕੀਆ ਕਿ ਸੰਸਾਰ ਮੇਂ ਮੁਖ ਥੋੜੇ ਹੈਂ। ਗੁਦਾ ਬਹੁਤ ਹੈਂ। ਰਾਜਾ ਨੇ ਪੂਛਾ ਯੇ ਕੈਸੇ। ਕਊਇਆਂ ਕਾ ਰਾਜਾ ਬੋਲਾ ਜੋ ਮੁਖ ਸੇ ਵਚਨ ਕਹਿ ਕਰ ਪੂਰਾ ਨਹੀ ਕਰਤੇ ਵਹੁ ਮੁਖ ਨਹੀਂ ਵਹੁ ਭੀ ਗੁਦਾ



ਹੈਂ। ਇਸ ਵਾਸਤੇ ਗੁਦਾ ਬਹੁਤ ਹੈਂ ਮੁਖ ਥੋੜੇ ਹੈਂ। ਐਸੀ ਬਾਤ ਸੁਨਕੇ ਰਾਜਾ ਕੋ ਬੋਧ ਹੋ ਗਯਾ ਮੇਰਾ ਮੁਖ ਭੀ ਗੁਦਾ ਹੂਆ ਕਿਉਂਕਿ ਇਸੀ ਮੁਖ ਸੇ ਕਹਿ ਕਰ ਮੈਂ ਕਊਇਆਂ ਕੋ ਛੋੜਾ ਫੇਰ ਮੈਂ ਨੇ ਪਕੜਵਾ ਲੀਏ ਹੈਂ। ਮੇਰਾ ਮੁਖ ਤਾਂ ਨਾ ਹੂਆ ਗੁਦਾ ਹੂਈ। ਏਕ ਰਾਨੀ ਕੇ ਲੀਏ ਹਜਾਰਾਂ ਜੀਵੋਂ ਕਾ ਬਧ ਭੀ ਕਰੋਂ ਅਰ ਨਾਲੇ ਮੈਂ ਆਪਨੇ ਮੁਖ ਨੂੰ ਗੁਦਾ ਬਨਾਵਾਂ। ਐਸੇ ਵਿਚਾਰ ਕਰ ਸਭ ਕਊਏ ਛੋੜ ਦੀਏ। ਰਾਨੀ ਟੱਪਨੇ ਲਗੀ ਰਾਜਾ ਨੇ ਤਾੜ ਕੇ ਕਹਾ ਭਲੀ-ਮਾਨਸ ਬਨ ਕੇ ਰਹੁ ਨਹੀਂ ਤੋ ਤਲਵਾਰ ਸੇ ਤੇਰਾ ਸਿਰ ਕਾਟ ਦੇਹੂੰਗਾ। ਭੈ ਕੀ ਮਾਰੀ ਰਾਨੀ ਚੁਪ ਕਰ ਗਈ॥ ਭਾਵ॥ ਜੋ ਮੁਖ ਸੇ ਵਚਨ ਕਥਨ ਕਰ ਫੇਰ ਪੂਰਾ ਨਹੀਂ ਕਰਤਾ। ਸੋ ਮੁਖ ਨਹੀਂ ਵਹੁ ਏਕ ਕਿਸਮ ਕੀ ਗੁਦਾ ਹੈ। ਅਰ ਜੋ ਵਚਨ ਕਹਿ ਕਰ ਪੂਰਾ ਨਹੀਂ ਕਰਤਾ ਸੋ ਜੀਤਾ ਭੀ ਮਰਾ ਹੂਆ ਹੈ। ਜੋ ਵਾਕ ਕੇ ਪੂਰਾ ਕਰਨੇ ਵਾਲਾ ਹੈ ਸੋ ਮਰਾ ਹੂਆ ਭੀ ਸਦਾ ਜੀਤਾ ਹੈ। ਇਸ ਪਰ ਪ੍ਰਮਾਨ।

**ਕਬਿਤ॥ਕਾਹੂੰ ਕੇ ਬਨੇਰੇ ਕਾਂ ਬੈਠਿਓ ਕਾਂ ਕਾਂ ਕਰੇ ਦੇਵੀ ਦਾਸ ਵੈ ਵਾਕੋ ਮਾਰਨੋ ਮਨਹੁ ਧਰਿਓ ਹੈ। ਬੈਨਨਿ ਸੋਂ ਸੁੰਦ੍ਰੀ ਸੇ ਕਹਿਉ ਖੰਡੋ ਲਾਓ ਮੇਰੋ ਨੈਨਨ ਸੋ ਧਨਖ ਬਾਨ ਮਾਗਿਯੋ ਛਲਯੋ ਕਰਿਓ ਹੈ। ਨਿਧੜਕ ਵਾਇਸਵਾਂ ਬੋਲ ਪਰ ਬੈਠ ਰਹਿਓ ਖੈਚ ਤੁਕਾ ਮਾਰਿਓ ਵਹਿ ਮਹੀ ਮਾਹਿ ਗਿਰ ਪਰਿਓ ਹੈ। ਗਿਰਤ ਹੀ ਕਾਕ ਕਹਿਓ ਹੋਤੋ ਸਦਾ ਜੀਵਤ ਹੋ ਜਾਕੋ ਬੋਲ ਗਇਓ ਵਹਿ ਮਰਿਓ ਹੋਤੋ ਨ ਮਰਿਓ ਹੈ॥**

ਵਚਨ ਕਰੇ ਤੇ ਖਿਸਕ ਜਾਇ ਬੋਲੋ ਸਭ ਕਚਾ। ਯੇ ਪ੍ਰਮਾਨ ਹੈ। ਵਾਕ ਸਚ ਕਰਨਾ ਇਸਕਾ ਨਾਮ ਸਤ ਵਚਨ ਹੇ॥ ਇਤੀ॥ ਸੰਕਾ॥ ਤਾਪ ਕੈ ਪ੍ਰਕਾਰ ਕਾ ਹੈ॥ ਸਮਾਧਾਨ॥ ਤਾਪ ਤੀਨ ਤਰੋਂ ਕਾ ਹੈ॥ ਸੰਕਾ॥ ਉਨ ਕੇ ਨਾਮ ਕਿਆ ਹੈ॥ ਸਮਾਧਾਨ॥ ਤਾਮਸੀ ਰਾਜਸੀ ਸਾਂਤਕੀ ਯੇ ਤੀਨ ਨਾਮ ਹੈਂ॥



Scanned by CamScanner

ਸੰਕਾ॥ ਤਾਮਸੀ ਤਪ ਕਿਸ ਕੋ ਕਹੇ ਹੈ॥

ਸਮਾਧਾਨ॥ਅੰਨ ਕਾ ਤਿਆਗ ਕਰ ਦੇਨਾ ਅਰ ਧੂਨੀਆਂ ਤਪਨੀਆਂ ਜਲ ਧਾਰਾ ਕਰਨੀ ਅਪੁਠਾ ਹੋ ਕੇ ਲਟਕਨਾ, ਰੋੜਾਂ ਉਪਰ ਸੈਨ ਕਰਨਾ, ਮੇਖਾਂ ਦੇ ਤਖਤੇ ਉਪਰ ਬੈਠਨਾ ਇਨੋਂ ਕਾ ਨਾਮ ਤਾਮਸੀ ਤਪ ਹੈ। ਪਰ ਐਸੇ ਤਪ ਕਰਨੇ ਸੇ ਚਿਤ ਨੂੰ ਰੰਚਕ ਮਾਤ੍ਰ ਭੀ ਸ਼ਾਂਤੀ ਨਹੀਂ ਪ੍ਰਾਪਤ ਹੋਵੇ ਹੈ। ਆਪਨਾ ਆਤਮਾ ਇਸ ਤਪ ਸੇ ਹਰ ਦਮ ਤਪਤਾ ਰਹੇ ਹੈ॥ਸੰਕਾ॥ ਰਾਜਸੀ ਤਪ ਕਾ ਕੀ ਸਰੂਪ ਹੈ॥

ਸਮਾਧਾਨ॥ਜੋ ਖੋਟਿਆਂ ਕਰਮਾਂ ਦੀ ਤਰਫ ਸੇ ਇੰਦ੍ਰੀਆਂ ਨੂੰ ਰੋਕਨਾ ਇਸ ਕਾ ਨਾਮ ਰਾਜਸੀ ਤਪ ਹੈ॥

ਸੰਕਾ॥ਸਾਂਤਕੀ ਤਪ ਕਾ ਕੀ ਸਰੂਪ ਹੈ॥ਸਮਾਧਾਨ॥ਅੰਤਹਕਰਣ ਕੀ ਬ੍ਰਿਤੀ ਨੂੰ ਅਨਾਤਮ ਪਦਾਰਥੋਂ ਕੀ ਤਰਫ ਸੇ ਰੋਕ ਕਰ ਅੰਤਰਮੁਖ ਕਰਨੀ ਅਰਥਾਤ ਆਪਨੀ ਬ੍ਰਿਤੀ ਨੂੰ ਪ੍ਰਮਾਤਮਾ ਕੇ ਸਰੂਪ ਮੇਂ ਇਸਥਿਤ ਕਰਨਾ ਇਸ ਕਾ ਨਾਮ ਸਾਂਤਕੀ ਤਪ ਹੈ। ਇਸ ਮੇਂ ਪ੍ਰਮਾਨ। ਤਪ ਨਾਮ ਚਿਤ ਕੀ ਇਕਾਗ੍ਰਤਾ ਕੋ ਜਾਨੀਏ। ਏਹੀ ਤਪ ਸਭ ਸੇ ਉਤਮ ਹੈ। ਔਰ ਸਭ ਤਪ ਮਧਮ ਹੈ॥ਸੰਕਾ॥ਇਸ ਤਪ ਦੇ ਕਰਨੇ ਸੇ ਕੀ ਫਲ ਹੋਵੇ ਹੈ॥ ਸਮਾਧਾਨ॥ ਇਸ ਸਾਂਤਕੀ ਤਪ ਸੇ ਬ੍ਰਹਮ ਕੀ ਪ੍ਰਾਪਤੀ ਹੋਕਰ ਅੰਤ ਕੋ ਵਿਦੇਹ ਮੋਖ ਕੋ ਪ੍ਰਾਪਤ ਹੋਵੇ ਹੈ। ਸਰਬ ਪ੍ਰਕਾਰ ਸੇ ਸਮਰਥਵਾਨ ਹੋ ਜਾਵੇ ਹੈ। ਏਹੀ ਬਾਤ ਗੋਸਾਈਂ ਤੁਲਸੀ ਦਾਸ ਜੀ ਨੇ ਬਾਲ ਕਾਂਡ ਮੇਂ ਕਹੀ ਹੈ॥

**ਚੌਪਈ॥ਤਪ ਬਲ ਰਚੈ ਪ੍ਰਪੰਚ ਬਿਧਾਤਾ। ਤਪ ਬਲ ਵਿਸਨੂੰ ਸਕਲ ਜਗ ਤ੍ਰਾਤਾ॥੧॥ਤਪ ਬਲ ਸੰਭੁ ਕਰਹਿ ਸੰਹਾਰਾ॥ਤਪ ਬਲ ਸੇਸ ਧਰਹਿ ਮਹਿ ਭਾਰਾ॥੨॥ ਤਪ ਅਧਾਰ ਸਭ ਸ੍ਰਿਸਟ ਭਵਾਨੀ। ਕਰਹੁ ਜਾਇ ਤਪ ਅਸ ਜਿਯ ਜਾਨੀ॥**



ਸੰਕਾ॥ ਐਸਾ ਤਪ ਕਿਸਨੇ ਕਰਾ ਹੈ॥ ਸਮਾਧਾਨ॥ ਐਸਾ ਤਪ ਉਪਮਨੂੰ ਨੇ ਕਰਾ ਹੈ। ਜੈਸੇ ਕਰਾ ਹੈ ਸੋ ਤੁਮ ਸੁਨੋ। ਮਹਾਂ ਭਾਰਥ ਮੇਂ ਐਸੇ ਲਿਖਾ ਹੈ। ਏਕ ਬ੍ਰਾਹਮਨ ਕਾ ਲੜਕਾ ਉਪਮਨੂੰ ਨਾਮ ਸੇ ਹੂਆ ਹੈ। ਔਰ ਲੜਕਿਓਂ ਕੇ ਸਾਥ ਖੇਲਾ ਕਰੇ। ਥੋੜੀ ਦੇਰ ਕੇ ਬਾਦ ਔਰ ਲੜਕੇ ਕਹਿਨੇ ਲਗੇ ਚਲੋ ਆਪਨੇ ਆਪਨੇ ਘਰ ਦੂਧ ਪੀ ਆਵੇਂ ਐਸੇ ਕਹਿਕੇ ਚਲੇ ਗਏ। ਵਹੁ ਉਪ ਮਨੂੰ ਭੀ ਘਰ ਜਾ ਕੇ ਆਪਨੇ ਮਾਤਾ ਪਿਤਾ ਕੋ ਕਹਿਨੇ ਲਗਾ ਮੁਝ ਕੋ ਦੂਧ ਪਿਲਾਓ। ਸਭ ਤਰੋਂ ਸੇ ਘਰ ਮੇਂ ਤੰਗੀ ਹੈ। ਵਹੁ ਚਿਤ ਮੇਂ ਸੋਚਨੇ ਲਗੇ ਇਸ ਕੋ ਦੂਧ ਹਮ ਕਹਾਂ ਸੇ ਪਿਲਾਵੇਂ। ਉਪਮਨੂੰ ਨੇ ਬਹੁਤ ਅੜੀ ਕਰੀ ਮਾਤਾ ਪਿਤਾ ਨੇ ਖਰੀ ਮਿਟੀ ਘੋਲ ਕੇ ਪਿਲਾ ਦਈ। ਏਕ ਲੜਕਾ ਔਰ ਤਹਾਂ ਦੇਖ ਰਹਾ ਥਾ। ਜਬ ਦੂਸਰਾ ਦਿਨ ਹੂਆ ਲੜਕੇ ਫੇਰ ਖੇਲਨੇ ਲਗੇ। ਉਸ ਉਪ ਮਨੂੰ ਸੇ ਲੜਕੇ ਪੂਛਨੇ ਲਗੇ ਕਲ ਤੈਂਨੇ ਦੂਧ ਪੀਆ ਥਾ। ਉਪਮਨੂੰ ਨੇ ਕਹਾ ਮੈਂਨੇ ਪੀਆ ਥਾ। ਜੋ ਦੇਖ ਰਹਾ ਥਾ ਉਸ ਲੜਕੇ ਨੇ ਕਹਾ ਨਹੀਂ ਜੀ ਇਸਨੇ ਦੂਧ ਨਹੀਂ ਪੀਆ। ਇਸ ਨੇ ਖਰੀ ਮਿਟੀ ਘੁਲੀ ਹੂਈ ਪੀਤੀ ਹੈ। ਐਸੇ ਸੁਨਕੇ ਏਕ ਲੜਕੇ ਨੇ ਕਹਾ ਚਲ ਸਾਡੇ ਘਰ ਮੈਂ ਤੇਰੇ ਕੋ ਦੂਧ ਪਿਲਾਊਂ। ਜਬ ਜਾ ਕੇ ਦੂਧ ਪੀਆ ਵਡਾ ਸ੍ਵਾਦ ਆਇਆ। ਚਿਤ ਮੇਂ ਖੁਸ਼ ਹੂਆ। ਚਿਤ ਮੇਂ ਕਹਿਨੇ ਲਗਾ ਦੂਧ ਇਸ ਕਾ ਨਾਮ ਹੈ ਕਲ ਮੈਂ ਤੋ ਸਚੀਂ ਮਿੱਟੀ ਪੀਤੀ ਹੈ। ਘਰ ਆ ਕੇ ਆਪਨੇ ਮਾਤਾ ਪਿਤਾ ਸੇ ਪੂਛਨੇ ਲਗਾ ਸਚਾ ਦੂਧ ਮੁਝ ਕੋ ਕੈਸੇ ਮਿਲੇ। ਮਾਤਾ ਪਿਤਾ ਨੇ ਕਹਾ ਸਚਾ ਦੂਧ ਤੈਂਨੇ ਪੀਨਾ ਹੈ ਤਬ ਤੂੰ ਮਹਾਂਦੇਵ ਕਾ ਤਪ ਕਰ। ਐਸੇ ਸੁਨਕੇ ਬਨ ਮੇਂ ਜਾਕੇ ਓਨਮੋ ਸਿਵਾਇ ਇਸ ਮੰਤ੍ਰ ਕਾ ਚਿਤ ਕੋ ਸਮਾਹਿਤ ਕਰਕੇ ਤਪ ਕਰਨਾ ਸ਼ੁਰੂ ਕੀਆ। ਥੋੜੀ ਦੇਰੀ ਬਾਦ ਸ਼ਿਵ ਪ੍ਰਸੰਨ ਹੋਏ। ਕਹਾ ਵਰ ਮਾਂਗ ਸੱਚਾ ਦੂਧ ਮਿਲੇ। ਐਸੇ ਸੁਨਕੇ ਸ਼ਿਵ ਕਹਿਨੇ ਲਗੇ ਤਥਾਸਤੂ ਐਸੇ ਹੀ ਹੋਗਾ। ਸੱਚਾ ਕਹਿਨੇ ਸੇ ਪ੍ਰਮੇਸ਼੍ਰਰ ਕੀ ਪ੍ਰਾਪਤੀ ਹੁਈ। ਦੂਧ ਕਹਿਨੇ ਸੇ ਖੀਰ ਸਮੁੰਦ੍ਰ ਕਾ ਅਧਿਪਤੀ ਕਰ ਦੀਆ ਯੇ ਵਰ ਦੇ ਕਰ ਸ਼ਿਵ ਲੋਪ ਹੋ ਗਏ। ਦੇਖੋ ਤਪ ਕਾ ਕੈਸਾ ਪ੍ਰਤਾਪ ਹੈ॥ ਸੰਕਾ॥ ਦਾਨ



Scanned by CamScanner

ਕਿਤਨੇ ਪ੍ਰਕਾਰ ਕਾ ਹੈ॥ ਸਮਾਧਾਨ॥ ਦਾਨ ਤੀਨ ਪ੍ਰਕਾਰ ਹੈ॥ ਸੰਕਾ॥ ਉਨ ਕਾ ਨਾਮ ਕਿਆ ਹੈ॥ ਸਮਾਧਾਨ॥ ਤਾਮਸੀ ਦਾਨ ਰਾਜਸੀ ਦਾਨ ਸਾਂਤਕੀ ਦਾਨ ਹੈ ॥ ਸੰਕਾ॥ ਤਾਮਸੀ ਦਾਨ ਕਾ ਕੀ ਸਰੂਪ ਹੈ॥ ਸਮਾਧਾਨ॥ ਕ੍ਰੋਧ ਸੇ ਕਿਸੀ ਕੋ ਕੁਛ ਦਾਨ ਦੇਨਾ ਵਾ ਲੜਤੇ ਹੂਏ ਦਾਨ ਦੇਨਾ ਇਸ ਤਰਾ ਸੇ ਜੋ ਦਾਨ ਦੇਨਾ ਸੋ ਤਾਮਸੀ ਦਾਨ ਕਹਾ ਜਾਵੇ ਹੈ। ਇਸ ਦਾਨ ਕਾ ਫਲ ਕੇਵਲ ਦੁਖ ਹੈ॥ ਸੰਕਾ॥ ਰਾਜਸੀ ਦਾਨ ਕਾ ਕੀ ਸਰੂਪ ਹੈ॥ ਸਮਾਧਾਨ॥ ਜਿਸਕੀ ਇਛਾ ਰਖਕੇ ਜੋ ਦਾਨ ਦੇਨਾ ਕਿ ਮੇਰਾ ਲੋਕ ਜਸ ਕਰਨ ਇਹ ਰਾਜਸੀ ਦਾਨ ਕਹਾ ਜਾਵੇ ਹੈ॥ ਸੰਕਾ॥ ਸਾਂਤਕੀ ਦਾਨ ਕਾ ਕਿਆ ਸਰੂਪ ਹੈ॥ ਸਮਾਧਾਨ॥ ਈਸ੍ਵਰ ਕਾ ਰੂਪ ਜਾਨ ਕਰ ਔਰ ਵਡੀ ਨਿਮ੍ਰਤਾ ਸੇ। ਹੰਕਾਰ ਤੇ ਰਹਿਤ ਕਿਸੀ ਕੋ ਦਾਨ ਦੇਨਾ ਆਪਨਾ ਆਪ ਕਿਸੀ ਕੋ ਨ ਲਖਾਵਨਾ। ਸੋ ਐਸਾ ਦਾਨ ਸਾਂਤਕੀ ਕਹਾ ਜਾਵੇ ਹੈ॥ ਸੰਕਾ॥ ਐਸਾ ਸਾਂਤਕੀ ਦਾਨ ਕਿਸੀ ਨੇ ਕੀਆ ਹੈ॥ ਸਮਾਧਾਨ॥ ਐਸਾ ਸਾਂਤਕੀ ਦਾਨ ਏਕ ਰਾਜਾ ਨੇ ਕੀਆ ਹੈ॥ ਜੈਸੇ ਕਰਾ ਹੈ ਸੋ ਤੁਮ ਸੁਨੋ ਸਾਂਤਕੀ ਦਾਨ ਪਰ ਏਕ ਰਾਜਾ ਕੀ ਗਾਥਾ। ਏਕ ਰਾਜਾ ਵਡਾ ਧਰਮਾਤਮਾ ਹੂਆ ਹੈ। ਪੁਤ੍ਰ ਵਤ ਪ੍ਰਜਾ ਕੀ ਪਾਲਨਾ ਕਰਤਾ ਥਾ।

**ਸੋਰਠਾ। ਹੋਇਨ ਵਿਖਯ ਵਿਰਾਗ ਭਵਨ ਬਸਤਭਾ ਚੌਥ ਪਨ। ਹ੍ਰਿਦਯ ਬਹੁਤ ਦੁਖ ਲਾਗ ਜਨਮ ਗਯੋ ਹਰਿ ਭਗਤ ਬਿਨ।**

ਅਰਥ ਯੇ ਹੈ। ਏਕ ਦਿਨ ਰਾਜਾ ਕੇ ਚਿਤ ਮੇਂ ਯੇ ਵਿਚਾਰ ਹੂਆ ਬਾਲ ਅਵਸਥਾ ਮੇਰੀ ਖੇਲ ਮੇਂ ਚਲੀ ਗਈ ਅਰ ਜੋਬਨ ਮੈਂਨੇ ਵਿਸ਼ਿਓ ਮੇਂ ਗਵਾਇ ਦੀਆ ਹੈ। ਅਬ ਬ੍ਰਿਧ ਅਵਸਥਾ ਆਨ ਪ੍ਰਾਪਤ ਹੂਈ ਹੈ। ਅਬ ਤਕ ਪ੍ਰਲੋਕ ਕੇ ਲੀਏ ਕੁਛ ਤੋਸਾ ਤਿਆਰ ਕੀਆ ਨਹੀਂ। ਮੁਝ ਕੋ ਅਬ ਕਿਆ ਕਰਨਾ ਚਾਹੀਏ। ਐਸੇ ਵਿਚਾਰਤਾ ਪੜਾ ਥਾ ਏਕ ਦੇਵਨੇਤ ਮਹਾਤਮਾ ਆਇ ਗਏ। ਰਾਜਾ ਨੇ ਉਠਕੇ ਪ੍ਰਣਾਮ ਕਰੀ ਸੰਤਾਂ ਨੇ ਪੂਛਾ ਹੇ ਰਾਜਨ



ਤੁਮ ਕੀ ਸੋਚ ਰਹੇ ਹੋ। ਰਾਜਾ ਨੇ ਕਹਾ ਹੇ ਸ੍ਵਾਮਨ ਮੇਰੀ ਗਤੀ ਕੈਸੀ ਹੋ। ਸੰਤਾਂ ਨੇ ਕਹਾ ਹੇ ਰਾਜਨ ਨਾ ਤੇਰੇ ਸੇ ਭਜਨ ਨਾ ਤਪ ਨਾ ਵੈਰਾਗ ਹੋ ਸਕਤਾ ਹੈ। ਤੇਰੇ ਪਾਸ ਈਸ੍ਵਰ ਨੇ ਧਨ ਦੀਆ ਹੂਆ ਹੈ। ਨਿਰਮਾਨ ਹੋ ਕਰ ਇਸ ਇਸ ਧਨ ਦਾ ਦਾਨ ਕਰ ਅਰ ਭਜਨ ਕਰ ਇਸ ਸੇ ਤੇਰੀ ਗਤੀ ਹੋ ਜਾਇਗੀ। ਰਾਜਾ ਨੇ ਉਸੀ ਸਮੇਂ ਆਗਿਆ ਮਾਨ ਕੇ ਵਜੀਰਾਂ ਕੋ ਕਹਿਕੇ ਚਾਰੋਂ ਦਰਵਾਜਿਓਂ ਪਰ ਸਦਾਵਰਤ ਲਗਾਇ ਦੀਆ। ਅਰ ਕਹਾ ਜੋ ਕੋਈ ਕਿਸੀ ਦਰਵਾਜੇ ਆਵੇ ਜੋ ਮਾਂਗੇ ਸੋ ਦੇਨਾ। ਮੇਰੇ ਤਕ ਪਹੁੰਚਨਾ ਨਾ ਪਾਵੇ। ਜਬ ਐਸਾ ਸਦਾ ਵਰਤ ਲਗਾਇ ਦੀਆ ਸੁਨ ਸੁਨ ਕੇ ਹਜਾਰਾਂ ਮੰਗਤੇ ਆਵੇ ਜੋ ਮਾਗੇ ਸੋ ਪਾਵੇ। ਉਸ ਰਾਜਾ ਕਾ ਚਾਰੋਂ ਕੁੰਟ ਮੇਂ ਚੰਦ੍ਰਵਤ ਜਸ ਫੈਲ ਗਯਾ। ਇਸ ਮੇਂ ਪ੍ਰਮਾਨ।

**ਸਚੈ ਮਾਰਗਿ ਚਲਦਿਆ ਉਸਤਤਿ ਕਰੇ ਜਹਾਨੁ॥**

ਐਸੀ ਉਪਮਾ ਸੁਨ ਕਰ ਵੋਹੀ ਸੰਤ ਆਏ। ਜੋ ਮਾਂਗੇ ਸੋਈ ਦੇਤਾ ਹੈ। ਸੰਤ ਚਲਕੇ ਉਸਕੀ ਨਗਰੀ ਮੇਂ ਆ ਗਏ ਇਸ ਕੀ ਪਰੀਖਿਆ ਤੋ ਕਰੀਏ। ਪਹਿਲੇ ਏਕ ਦਰਵਜੇ ਪਰ ਗਏ ਜੋ ਮਾਂਗਾ ਸੋ ਪਾਇਆ। ਇਸੀ ਤਰਾਂ ਔਰ ਦੋ ਦਰਵਜਿਓਂ ਪਰ ਲੇ ਲੀਆ। ਫੇਰ ਚੌਥੇ ਦਰਵਜੇ ਪਰ ਗਏ। ਉਨਾਂ ਨੇ ਕਹਾ ਮਾਂਗੋ ਜੋ ਮਾਗਨਾ ਹੈ। ਸੰਤਾਂ ਨੇ ਕਹਾ ਹਮ ਰਾਜਾ ਕਾ ਦਰਸਨ ਚਾਹਿਤੇ ਹੈਂ। ਨੌਕਰਾਂ ਨੇ ਕਹਾ ਜੋ ਰਾਜਾ ਸੇ ਤੁਮਨੇ ਮਾਂਗਨਾ ਹੈ ਸੋਈ ਹਮ ਸੇ ਮਾਂਗੋ ਹਮ ਤੁਮਕੋ ਦੇਵੇਂਗੇ। ਸੰਤਾਂ ਨੇ ਕਹਾ ਹਮ ਦਰਸ਼ਨ ਚਾਹਿਤੇ ਹੈ। ਸਿਪਾਹੀਓਂ ਨੇ ਰਾਜਾ ਕੋ ਖਬਰ ਕਰੀ ਏਕ ਸੰਤ ਆਏ ਹੈ। ਔਰ ਕੁਛ ਚਾਹਿਤੇ ਨਹੀਂ ਕੇਵਲ ਆਪਕਾ ਦਰਸ਼ਨ ਚਾਹਿਤੇ ਹੈਂ। ਰਾਜਾ ਨੇ ਕਹਾ ਲੇ ਆਓ। ਆਨ ਕਰ ਸੰਤਾਂ ਨੂੰ ਰਾਜਾ ਪਾਸ ਲੇ ਗਏ। ਆਗੇ ਸੰਤ ਕਿਆ ਦੇਖਤੇ ਹੈਂ ਰਾਜਾ ਸਿਰ ਨਿਵਾ ਕਰਕੇ ਬੈਠਾ ਹੂਆ ਹੈ। ਭਾਵ ਏਹੁ ਮਾਨੋ ਸਰਮਾਇ ਰਹਾ ਹੈ। ਨੇਤ੍ਰ ਊਚੇ ਕਰਕੇ ਕਿਸੀ ਤਰਫ ਦੇਖਤਾ ਨਹੀਂ। ਐਸੇ ਦੇਖਕੇ ਸੰਤ ਅਤੀ ਪ੍ਰਸੰਨ ਹੂਏ ਅਰ ਰਾਜਾ ਸੇ ਪੂਛਨੇ ਲਗੇ।



Scanned by CamScanner

ਦੋਹਿਰਾ ॥ਚਾਰ ਦਰਵਾਜੇ ਦੇਤ ਹੋ ਕਰਕੇ ਨੀਚੇ ਨੈਨ। ਤੋਕੋ ਪੂਛੇ ਹੇ ਨ੍ਰਿਪ ਕਾਂਸੋ ਸੀਖੀ ਦੈਨ ॥

ਅਰਥ ਯੇ ਹੈ ॥ਹੇ ਰਾਜਨ ਐਸਾ ਦਾਨੀ ਹੈ ਜੋ ਤੈਂਨੇ ਚਾਰੋਂ ਦਰਵਜਿਆਂ ਮੈ ਸਦਾਵਰਤ ਲਗਾ ਰਖਾ ਹੈ। ਜੋ ਮਾਂਗੇ ਸੋਈ ਪਾਤਾ ਹੈ। ਫੇਰ ਤੈਂਨੇ ਨੇਤ੍ਰ ਕਿਉਂ ਨੀਵੇਂ ਕਰੇ ਹੂਏ ਹੈਂ। ਜਿਸ ਕੋ ਦੇਤਾ ਹੈ ਨੇਤ੍ਰ ਨੀਵੇਂ ਕਰਕੇ ਦੇਤਾ ਹੈ। ਹੇ ਰਾਜਨ ਹਮ ਤੇਰੇ ਸੇ ਯੇ ਪੂਛਤੇ ਹੈਂ ਐਸਾ ਦੇਨਾ ਤੁਮਨੇ ਕਿਸ ਸੇ ਸੀਖਾ ਹੈ। ਭਾਵ॥ ਨੇਤ੍ਰ ਨੀਵੇ ਕਰਕੇ ਦੇਨਾ ਐਸਾ ਦੇਨਾ ਤੁਮਨੇ ਕਿਸ ਸੇ ਸੀਖਾ ਹੈ। ਅਰ ਐਸਾ ਦਾਨ ਦੇ ਕਰ ਫੇਰ ਨੇਤ੍ਰ ਨੀਵੇਂ ਕਿਉਂ ਕਰੇ ਹੂਏ ਹੈਂ। ਐਸੇ ਸੁਨ ਕਰ ਆਗੇ ਰਾਜਾ ਕਹਿਨੇ ਲਗਾ।

ਦੋਹਿਰਾ ॥ਰਾਜੋ ਵਾਚ ॥ਸਾਈ ਸਭ ਮੇਂ ਬਸਤ ਹੈ ਦੇਵਤ ਹੈ ਦਿਨ ਰੈਨ। ਨਾਮ ਹਮਾਰਾ ਲੇਤ ਹੈ ਇਸ ਬਿਧ ਨੀਚੇ ਨੈਨ।

ਹੇ ਸ੍ਵਾਮਨ ਸਾਈਂ ਜੋ ਸਰਬ ਜਗਤ ਕਾ ਮਾਲਕ ਈਸ੍ਵਰ ਹੈ। ਸੋ ਸਭ ਕੇ ਹਿਰਦਿਓਂ ਮੇਂ ਅਕਾਸ ਵਤ ਬਿਰਾਜਮਾਨ ਹੈ। ਅਰ ਸਭ ਕੀ ਪ੍ਰਿਤਪਾਲਨਾ ਕਰਨੇ ਵਾਲਾ ਹੈ। ਦਿਨ ਰਾਤ ਸਭ ਕੋ ਰੋਜੀ ਦੇਤਾ ਹੈ। ਦੇਨੇ ਵਾਲਾ ਤੋ ਪਰਮੇਸ੍ਵਰ ਹੈ। ਨਾਮ ਹਮਾਰਾ ਲੋਕ ਲੇਤੇ ਹੈਂ ਹਮ ਰਾਜਾ ਸੇ ਲੈ ਆਏ ਹੈਂ। ਇਸ ਬਾਤ ਕੋ ਸੁਨ ਕਰ ਮੇਰੇ ਨੇਤ੍ਰ ਨੀਵੇਂ ਹੋ ਰਹੇ ਹੈ ਅਰਥਾਤ ਸ਼ਰਮ ਆਤਾ ਹੈ। ਮੈਂ ਦੇਨੇ ਵਾਲਾ ਕੌਨ ਹੂੰ ਅਰ ਐਸਾ ਦੇਨਾ ਸੰਤਾਂ ਸੇ ਸੀਖਾ ਹੈ। ਸੰਤ ਸੁਨ ਕਰ ਪ੍ਰਸੰਨ ਹੁਏ। ਕਹਾ ਹੇ ਰਾਜਾ ਤੂੰ ਧੰਨ ਹੈ। ਸੰਤ ਚਲੇ ਗਏ। ਸਮਾ ਪਾ ਕੇ ਰਾਜਾ ਸਦਗਤੀ ਕੋ ਪ੍ਰਾਪਤ ਹੂਆ। ਜੇ ਕਿਸੀ ਨੇ ਦਾਨ ਕਰਨਾ ਹੋ ਤੋ ਐਸੇ ਹੀ ਨਿਰ ਅਭਿਮਾਨ ਹੋਕਰ ਦਾਨ ਕਰੇ। ਐਸੇ ਹੀ ਦਾਨ ਸੇ ਮੋਖ ਹੋਤੀ ਹੈ। ਯੇਹੀ ਸਾਂਤਕੀ ਦਾਨ ਕਹਾ ਜਾਵੇ ਹੈ। ਜੋ ਦਾਨ ਦੇਕਰ ਅਭਿਮਾਨ ਕਰਤਾ ਹੈ ਸੋ ਉਸਕਾ ਐਸੇ ਹੀ ਨਿਸਫਲ ਜਾਵੇ ਹੈ।

ਸਲੋਕ ॥ਤੀਰਥ ਬਰਤ ਅਰੁ ਦਾਨ ਕਰਿ ਮਨ ਮੈ ਧਰੈ



ਗੁਮਾਨੁ ॥ ਨਾਨਕ ਨਿਹਫਲ ਜਾਤ ਤਿਹ ਜਿਉ ਕੁੰਚਰ ਇਸਨਾਨੁ॥

ਭਾਵ ਯੇ ਹੈ। ਦੇਕਰ ਮਾਨ ਨਾ ਕਰੇ। ਈਹਾਂ ਤਕ ਪਹਿਲੀ ਤੁਕ ਦਾ ਅਰਥ ਹੂਆ ਹੈ। ਅਬ ਦੂਸਰੀ ਤੁਕ ਦਾ ਅਰਥ ਕਰਤੇ ਹੈਂ॥ ਸੰਕਾ॥ ਸੀਲ ਕਿਸਕੋ ਕਹੇ ਹੈ॥ ਸਮਾਧਾਨ॥ ਸੀਲ ਸੁਭਾਵ ਹੋਣਾ ਕਮਲ ਵਤ ਮੁਖ ਖਿੜਾ ਰਹਿਨਾ। ਹਰ ਵਕਤ ਮਥੇ ਵਟ ਨਾ ਪਾਈ ਰਖਨਾ। ਸੀਲ ਸੁਭਾਵ ਹੋਨਾ ਯੇ ਭੀ ਪੁੰਨੋਂ ਕਾ ਫਲ ਹੈ। ਲੋਕ ਪ੍ਰਲੋਕ ਮੇਂ ਸੀਲ ਹੀ ਫਲਤਾ ਹੈ। ਇਸਮੇਂ ਪ੍ਰਮਾਨ ਅਰਧ ਸ੍ਵੈਯਾ।

ਭਵ ਮੰਡਲ ਮਾਹਿ ਸੁਸੀਲ ਫਲੇ ਪੁਨ ਸੀਲ ਪ੍ਰਲੋਕ ਬਿਖੇ ਫਲ ਜਾਏ। ਜਗ ਸੀਲ ਕ੍ਰਪਾਲਨ ਉੱਤਮ ਹੈ ਤਨ ਆਪਦ ਤੇ ਨਹਿ ਸੀਲ ਗਵਾਏ॥

।ਇਤੀ॥ ਸੰਕਾ॥ ਸੌਚ ਕਿਤਨੇ ਪ੍ਰਕਾਰ ਹੈ॥ ਸਮਾਧਾਨ॥ ਸੌਚ ਦੋ ਪ੍ਰਕਾਰ ਕਾ ਹੈ॥ ਸੰਕਾ॥ ਦੋਨੋਂ ਕਾ ਨਾਮ ਕਿਆ ਹੈ॥

ਸਮਾਧਾਨ॥ ਏਕ ਅਭਿਅੰਤ੍ਰ ਕਾ ਦੁਤੀਯ ਬਾਹਿਯ ਕਾ ਸੌਚ ਹੈ॥ ਸੰਕਾ॥ ਅਭਿਅੰਤਰ ਸੌਚ ਕਾ ਕੀ ਸਰੂਪ ਹੈ॥ ਸਮਾਧਾਨ॥ ਰਾਗ ਦ੍ਵੈਖ ਕਾ ਤਿਆਗ ਕਰਨਾ ਯੇ ਅੰਤਰ ਕਾ ਸੌਚ ਹੈ॥ ਸੰਕਾ॥ ਬਾਹਿਯ ਸੌਚ ਕਾ ਕਿਆ ਸਰੂਪ ਹੈ॥ ਸਮਾਧਾਨ॥ ਜਲ ਮ੍ਰਿਤਕਾ ਸੇ ਅੰਗਾਂ ਕੋ ਸੁਧ ਰਖਨਾ ਯੇ ਬਾਹਿਯ ਸੌਚ ਕਾ ਸਰੂਪ ਹੈ। ਬਾਹਿਯ ਸੌਚ ਬਿਨਾ ਤਥਾ ਅਭਿਅੰਤਰ ਸੌਚ ਬਿਨਾ ਬੁਧੀ ਸੁਧ ਨਹੀਂ ਹੋਤੀ। ਸੁਧ ਬੁਧੀ ਬਿਨਾ ਗਿਆਨ ਨਹੀ ਹੋਤਾ। ਗਿਆਨ ਬਿਨਾ ਮੋਖ ਨਹੀ ਹੋਤੀ। ਮੋਖ ਬਿਨਾ ਜਨਮ ਮਰਨ ਨਹੀਂ ਮਿਟਤਾ। ਇਸ ਵਾਸਤੇ ਬਾਹਿਯ ਅਭਿਅੰਤਰ ਸੌਚ ਅਵਸ਼ਯ ਕਰਨੇ ਯੋਗ ਹੈ। ਇਸ ਮੇਂ ਪ੍ਰਮਾਨ ਹੈਂ।

ਸੁਚਿ ਹੋਵੈ ਤਾ ਸਚੁ ਪਾਈਐ॥

ਅਰ ਤ੍ਰਿਸਨਾ ਸੇ ਰਹਿਤ ਹੋਨਾ ਯੇ ਭੀ ਧਰਮ ਦਾ ਚਿੰਨ ਹੈ।। ਸੰਕਾ।। ਤ੍ਰਿਸਨਾ ਬਿਨਾ ਕਿਸਕੋ ਕਹੇ ਹੈ।। ਸਾਮਾਧਾਨ॥ਸਰੀਰ ਜਾਤ੍ਰਾ ਸੇ ਅਧਿਕ ਜੋ ਸਿੰਚੈ ਕਰੀ ਜਾਨਾ। ਇਸ ਕਾ ਨਾਮ ਤ੍ਰਿਸ਼ਨਾ ਹੈ। ਤ੍ਰਿਸਨਾ ਸੇ ਰਹਿਤ ਹੋਨਾ ਅਧਿਕ ਲਾਲਚ ਨਾ ਕਰਨਾ ਤ੍ਰਿਸਨਾ ਬਿਨਾ ਇਸਕਾ ਨਾਮ ਹੈ॥ ਸੰਕਾ॥ ਐਸੇ ਤ੍ਰਿਸਨਾ ਸੇ ਰਹਿਤ ਕੌਨ ਹੂਏ ਹੈ॥ਸਮਾਧਾਨ॥ਤ੍ਰਿਸਨਾ ਸੇ ਰਹਿਤ ਏਕ ਰੰਕਾ ਬੰਕਾ ਭਗਤ ਹੂਏ ਹੈਂ। ਜੈਸੇ ਹੂਏ ਹੈਂ ਸੋ ਤੁਮ ਸੁਨੋ। ਏਕ ਰੰਕਾ ਬੰਕਾ ਸ੍ਰੀ ਭਗਵਾਨ ਜੀ ਕੇ ਵਡੇ ਪ੍ਰੇਮੀ ਭਗਤ ਪੰਡਲਪੁਰ ਮੇਂ ਹੂਏ ਹੈਂ। ਰੰਕਾ ਭਗਤ ਕਾ ਨਾਮ ਹੈ ਬੰਕਾ ਇਸਤ੍ਰੀ ਹੂਈ ਹੈ। ਮਾਨੋ ਦੋਨੋਂ ਪ੍ਰੇਮ ਕੀਆਂ ਮੂਰਤਾਂ ਹੈਂ। ਕਖਾਂ ਕੀ ਕੁਟੀਆ ਥੀ। ਉਸੀ ਮੇਂ ਨਿਵਾਸ ਕਰਤੇ ਥੇ। ਦਿਨ ਕੇ ਉਦੇ ਹੋਤੇ ਹੀ ਦੋਨੋਂ ਬਨ ਮੇਂ ਲਕੜੀਆਂ ਚੁਗਨ ਚਲੇ ਜਾਇਆ ਕਰਤੇ ਥੇ। ਅਰ ਨਿਆਰੇ ਹੋ ਕੇ ਲਕੜੀਆਂ ਚੁਨਿਆ ਕਰਤੇ ਥੇ। ਅਰ ਆਪਸ ਮੇਂ ਮਿਲਕੇ ਇਸ ਵਾਸਤੇ ਨਹੀਂ ਚੁਗਤੇ ਥੇ। ਮਤ ਕੋਈ ਵਿਵਹਾਰ ਕੀ ਬਾਤ ਨ ਚਲ ਪੜੇ ਅਰ ਭਜਨ ਮੇਂ ਵਿਘਨ ਨ ਪੜੇ। ਸ੍ਵਾਸ ਸ੍ਵਾਸ ਹਰੀ ਕਾ ਨਾਮ ਜਪਿਆ ਕਰਤੇ ਥੇ। ਲਕੜੀਆਂ ਵੇਚਕੇ ਉਨ ਕਾ ਰਸਤ ਪਾਨੀ ਲੇਕਰ ਅਰ ਪਕਾਕੇ ਈਸਰ ਨਮਿਤ ਕੁਛ ਦੇਕਰ ਫੇਰ ਭੋਜਨ ਕਰਤੇ ਥੇ। ਅਤੀ ਗਰੀਬੀ ਵੇਸ ਧਾਰਨ ਕਰਾ ਹੂਆ ਥਾ। ਉਸੀ ਪੰਡਲਪੁਰ ਮੈਂ ਨਾਮਦੇਵ ਜੀ ਭਗਤ ਹੂਏ ਹੈਂ। ਸੋ ਹਰੀ ਸਾਥ ਰੋਜ ਬਾਤਚੀਤ ਕੀਆ ਕਰਤੇ ਥੇ। ਏਕ ਦਿਨ ਹਰੀ ਨਾਮਦੇਵ ਕੋ ਕਹਿਨੇ ਲਗੇ ਹੇ ਨਾਮਦੇਵ ਆਜ ਕੁਛ ਮਾਂਗ। ਨਾਮਦੇਵ ਬੋਲਾ ਮੈਂ ਆਪ ਸੇ ਕਿਆ ਮਾਂਗਨਾ ਹੈ। ਤੇਰੇ ਜੈਸਾ ਕੋਈ ਸੂਮ ਨਹੀਂ ਹੈ। ਹਰੀ ਨੇ ਕਹਾ ਮੈ ਕੈਸੇ ਸੂਮ ਹੂੰ। ਨਾਮਦੇਵ ਜੀ ਨੇ ਕਹਾ ਰੰਕਾ ਬੰਕਾ ਯੇ ਜੋ ਤੇਰੇ ਭਗਤ ਹੈਂ। ਦੇਖੋ ਕੈਸੇ ਗਰੀਬ ਹੈਂ। ਜੇਕਰ ਤੂੰ ਇਨ ਕੋ ਕਦੀ ਦੇਤਾ ਫੇਰ ਏਹ ਗਰੀਬ ਕਾਹੇ ਕੋ ਹੋਤੇ। ਹੋਰ ਦੇਖ ਤੇਰੇ ਜਿਤਨੇ ਭਗਤ ਹੂਏ ਹੈਂ ਸਭ ਦਲਿਦ੍ਰੀ ਹੂਏ ਹੈਂ। ਸੁਦਾਮਾ ਭਗਤ ਸੇ ਆਦਿ ਲੇਕਰ ਕੋਈ ਧਨੀ ਨਹੀਂ ਹੂਆ। ਸਭ ਦੁਨੀਆਂ ਕਾ ਦਲਿਦ੍ਰ ਤੈਂਨੇ ਆਪਨੇ ਭਗਤਾਂ ਦੇ ਘਰ ਪਾਇਆ ਹੂਆ ਹੈ। ਹਰੀ ਜੀ ਨੇ ਕਹਾ ਹਮ ਦੇਤੇ ਹੈਂ ਵਹੁ ਲੇਤੇ ਨਹੀ ਹਮ



ਕਿਆ ਕਰੇਂ। ਨਾਮਦੇਵ ਨੇ ਕਹਾ ਹੇ ਭਗਵਾਨ ਯੇ ਬਾਤ ਮੈਂ ਨਹੀਂ ਮਾਨਤਾ। ਹਛਾ ਅਬ ਤੁਮਾਰੀ ਹਮਾਰੀ ਸ਼ਰਤ ਹੂਈ ਮੇਰੇ ਸਨਮੁਖ ਤੁਮ ਦੇਹੁ। ਜੇ ਵਹੁ ਨਾ ਲਏ ਤੋ ਮੈਂ ਹਾਰਾ ਜੇ ਵਹੁ ਲੈ ਲਏ ਫੇਰ ਤੁਮ ਹਾਰੇ। ਜੋ ਹਾਰੇ ਸੋ ਝੂਟੇ ਦੇਵੇ। ਭਗਵਾਨ ਨੇ ਕਹਾ ਹਛਾ ਜਿਸ ਮਾਰਗ ਮੈ ਵਹੁ ਲਕੜੀਆਂ ਚੁਨਨੇ ਜਾਇਆ ਕਰਤੇ ਥੇ। ਉਸੀ ਰਸਤੇ ਏਕ ਮੋਹਿਰਾਂ ਕੀ ਥੈਲੀ ਭਰ ਕੇ ਰਖ ਦਈ। ਆਗੇ ਰੰਕਾ ਪਾਛੇ ਬੰਕਾ ਥੀ। ਰੰਕਾ ਭਗਤ ਜੀ ਨੇ ਦੇਖਾ ਕੁਛ ਪਦਾਰਥ ਪੜਾ ਹੈ। ਚਿਤ ਮੈਂ ਕਹਿਨੇ ਲਗੇ ਏਹ ਥੈਲੀ ਕਿਸੀ ਕੀ ਗਿਰੀ ਪੜੀ ਹੈ। ਇਸਕੋ ਦੇਖਕੇ ਮੈਂ ਤੋ ਭੁਲਾ ਨਹੀ ਮਤ ਬੰਕਾ ਦੇਖਕੇ ਭੁਲ ਜਾਏ। ਉਸਕੇ ਊਪਰ ਸ਼ੀਘਰਤਾ ਸੇ ਪੈਰਾਂ ਸੇ ਮਿਟੀ ਪਾਨੇ ਲਗ ਪੜੇ। ਇਤਨੇ ਚਿਰ ਨੂੰ ਪਿਛੇ ਸੇ ਬੰਕਾ ਆਇ ਗਈ। ਬੰਕਾ ਨੇ ਪੁਛਾ ਯੇ ਕਿਆ ਪੜੇ ਕਰਤੇ ਹੋ। ਭਗਤ ਜੀ ਨੇ ਕਹਾ ਕੁਛ ਚੀਜ ਹੈ। ਬੰਕਾ ਬੋਲੀ ਤੁਮ ਇਸ ਮਾਇਆ ਕੋ ਕਿਉਂ ਪੜੇ ਦਬਤੇ ਹੋ। ਮੈ ਆਗੇ ਕਈ ਵਾਰੀ ਪੜੀ ਹੁਈ ਦੇਖੀ ਹੈ। ਮੈਨੇ ਇਸ ਵਲ ਕਬੀ ਖਿਆਲ ਭੀ ਨਹੀ ਕੀਆ ਆਪ ਦਬ ਰਹੇ ਹੋ। ਭਗਤ ਜੀ ਸੁਨਕੇ ਪ੍ਰਸੰਨ ਹੂਏ। ਕਹਾ ਤੂੰ ਧੰਨ ਹੈਂ। ਤੇਰੇ ਜੈਸਾ ਮੇਰਾ ਚਿਤ ਨਹੀਂ ਹੈ। ਯਾਂਤੇ ਅਬ ਇਸ ਬਨ ਕੋ ਭੀ ਛੋੜੋ। ਮਤ ਕਭੀ ਚਿਤ ਭੁਲ ਨਾ ਜਾਏ। ਐਸੇ ਵਿਚਾਰ ਕਰ ਉਸ ਬਨ ਕੋ ਛੋੜ ਦੀਆ। ਆਜ ਤੋ ਬਚ ਗਏ ਹੈਂ ਮਤ ਫੇਰ ਮਾਇਆ ਹਮਾਰੇ ਚਿਤ ਕੋ ਨਾ ਭਰਮਾ ਦੇਵੇ। ਭਗਵਾਨ ਨੇ ਕਹਾ ਕਿਉਂ ਨਾਮਦੇਵ ਦੇਖਾ ਯੇ ਲੇਤੇ ਨਹੀਂ ਹੈਂ। ਫੇਰ ਹਰੀ ਨੇ ਯੇ ਕਾਮ ਕੀਆ ਉਨਕੇ ਆਗੇ ਹੀ ਜਾਕੇ ਲਕੜੀਆਂ ਚੁਗ ਕੇ ਕਠੀਆਂ ਕਰ ਦਈਆਂ। ਫੇਰ ਆਪ ਛਪਨ ਹੋ ਗਏ। ਜਬ ਦੂਸਰੇ ਬਨ ਮੇਂ ਦੋਨੋਂ ਜਾਇ ਪਹੁੰਚੇ ਕਿਆ ਦੇਖਤੇ ਹੈਂ ਲਕੜੀਆਂ ਕਠੀਆਂ ਕਰੀਆਂ ਪੜੀਆਂ ਹੈਂ। ਲਕੜੀਆਂ ਇਕਠੀਆਂ ਪੜੀਆਂ ਹੋਈਆਂ ਦੇਖਕੇ ਰੰਕਾ ਬੰਕਾ ਜੀ ਕਹਿਨੇ ਲਗੇ ਇਸ ਬਨ ਕੋ ਭੀ ਛੋੜੋ। ਈਹਾਂ ਭੀ ਪਰਾਈ ਅੰਸ ਪੜੀ ਹੈ॥

**ਸਲੋਕੁ ਮ: ੧ ॥ ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ ॥ ਗੁਰ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ**



Scanned by CamScanner

**ਖਾਇ॥**

ਇਸ ਵਾਸਤੇ ਉਸ ਬਨ ਕੋ ਛੋੜ ਕਰ ਤੀਸਰੇ ਬਨ ਕੋ ਗਏ। ਐਸੇ ਦੇਖਕੇ ਭਗਵਾਨ ਜੀ ਨੇ ਕਹਾ ਕਿਉਂ ਨਾਮਦੇਵ ਦੇਖ ਇਹ ਲੇਤੇ ਨਹੀਂ। ਫੇਰ ਨਾਮਦੇਵ ਤੇ ਹਰੀ ਨੇ ਸੁੰਦਰ ਵਸਤ੍ਰੋਂ ਕੀ ਪੋਟ ਉਨਕੇ ਆਗੇ ਰਖੀ। ਅਰ ਕਹਾ ਲੇਹੁ ਭਗਤ ਜੀ ਆਪ ਕੇ ਵਸਤ੍ਰ ਫਟੇ ਹੂਏ ਹੈਂ। ਇਨ ਕੋ ਉਤਾਰ ਕਰ ਨਵੀਨ ਪਹਿਰ ਲੇਹੁ। ਔਰ ਜੋ ਇਛਾ ਹੈ ਸੋ ਮਾਂਗ ਲੇਹੁ। ਰੰਕਾ ਭਗਤ ਨੇ ਕਹਾ ਨਹੀਂ ਮਹਾਰਾਜ ਅਜੇ ਹਛੇ ਹੈਂ। ਮੈਂ ਆਪ ਸੇ ਯੇਹੀ ਵਰ ਚਾਹਤਾ ਹੂੰ ਮੇਰੇ ਕੋ ਨੰਗ ਭੁਖ ਔਰ ਦੇਹੁ ਜਿਸ ਸੇ ਆਪ ਕਾ ਨਾਮ ਨਾ ਭੂਲ ਜਾਏ। ਐਸੇ ਸੁਨ ਕੇ ਹਰੀ ਪ੍ਰਸੰਨ ਹੂਏ। ਹਰੀ ਜੀ ਨੇ ਕਹਾ ਕਿਉਂ ਨਾਮਦੇਵ ਹਮ ਸਚੇ ਕਿ ਤੁਮ ਸਚੇ। ਲੇਹੁ ਅਬ ਹਮ ਕੋ ਝੂਟੇ ਦੇਹੁ। ਨਾਮਦੇਵ ਨੇ ਕਹਾ ਤੁਮ ਨੇ ਸਭ ਕੇ ਹਿਰਦਿਆਂ ਕੋ ਪ੍ਰੇਰਣਾ ਹੂਆ ਤੁਮਨੇ ਹੀ ਸਚਾ ਹੋਨਾ ਥਾ। ਐਸੇ ਕਹਿਕੇ ਹਰੀ ਕੋ ਝੂਟੇ ਦੀਏ॥

ਭਾਵ॥ ਦੇਖੋ ਕੈਸੇ ਰੰਕਾ ਬੰਕਾ ਭਗਤ ਤ੍ਰਿਸਨਾ ਸੇ ਰਹਿਤ ਹੂਏ ਹੈਂ। ਭਗਵਾਨ ਦੇ ਦੇ ਕੇ ਹਾਰ ਗਏ ਪਰ ਲੀਆ ਕੁਛ ਨਹੀਂ। ਐਸਾ ਹੀ ਹਰ ਏਕ ਕੋ ਤ੍ਰਿਸਨਾ ਸੇ ਰਹਿਤ ਹੋਨਾ ਚਾਹੀਏ। ਖਿਮਾ ਅਹਿੰਸਾ ਦਯਾ ਸਤ ਵਚਨ ਤਪ ਦਾਨ ਸੀਲ ਸੌਚ ਤ੍ਰਿਸਨਾ ਬਿਨਾ ਯੇ ਧਰਮ ਦਸ ਲਿੰਗ ਨਾਮ ਚਿੰਨ ਹੈ। ਇਨ ਸੇ ਜੋ ਧਰਮ ਕੀ ਉਤਪਤੀ ਹੋਵੇ ਹੈ ਸੋ ਧਰਮ ਕਾ ਸਰੂਪ ਹੈ। ਅਰ ਜਿਸ ਮਨ ਮੇਂ ਯੇ ਦਸ ਚਿਨੋਂ ਵਾਲਾ ਸਮਗਰ ਧਰਮ ਵਰਤ ਰਹਾ ਹੈ। ਭਾਵ ਜਿਸ ਮੇਂ ਯੇ ਦਸ ਚਿੰਨ ਪਾਏ ਜਾਤੇ ਹੈਂ ਉਸਕੀ ਮਹਿਮਾ ਕੁਛ ਕਹੀ ਨਹੀਂ ਜਾਤੀ। ਅਰ ਜਿਸ ਮੇਂ ਏਕ ਚਿੰਨ ਹੋ ਵਹੁ ਭੀ ਧਰਮਾਤਮਾ ਹੈ। ਐਸੇ ਹੀ ਧਰਮ ਕੇ ਧਾਰਨੇ ਸੇ ਜੀਵ ਕੀ ਕਲਿਆਨ ਹੋਤੀ ਹੈ ਅਨਯ ਸੇ ਨਹੀਂ॥੧੦॥ਸੰਕਾ॥ਇਸ ਧਰਮ ਕੀ ਉਤਪਤੀ ਕੈਸੇ ਹੋਵੇ ਹੈ॥ਸਮਾਧਾਨ ਮੂਲ॥

**ੴ ਚੌਪਈ॥ਉਪਜੈ ਧਰਮ ਵਾਕ ਸਤਿ ਕਰ ਅਤਿ॥ਦਯਾ**



**ਦਾਨ ਕਰ ਧਰਮ ਵਧੈ ਨਿਤ॥ਇਸਥਿਤ ਧਰਮ ਖਿਮਾ ਕੇ ਸੰਗਾ॥ਧਰਮ ਕ੍ਰੋਧ ਕਰ ਹੋਤ ਵਿਭੰਗਾ॥੧੧॥**

ਟੀਕਾ॥ ਅਤੀ ਸਤ ਵਚਨ ਬੋਲਨੇ ਕਰ ਧਰਮ ਕੀ ਉਤਪਤੀ ਹੋਵੇ ਹੈ। ਜੈਸੇ ਇਨਾਂ ਨੇ ਆਪਨੇ ਵਚਨ ਪੂਰੇ ਕਰੇ ਹੈਂ। ਤੁਲਸੀ ਦਾਸ ਜੀ ਕਾ ਪ੍ਰਮਾਨ॥

**ਸਿਵ ਦਧੀਚ ਹਰਿ ਚੰਦ ਨਰੇਸਾ॥ ਸਹੇ ਧਰਮ ਹਿਤ ਕੋਟ ਕਲੇਸਾ॥**

ਸੰਕਾ॥ਯੇ ਸੰਕਾ ਇਸ ਮੇਂ ਹੋਵੇ ਹੈਂ ਲਖਨ ਸੇ ਲਖਯ ਭਿੰਨ ਹੋਤਾ ਹੈ। ਜੈਸੇ ਕਾਕ ਵਾਲਾ ਦੇਵਦਤ ਕਾ ਗ੍ਰਿਹਿ ਹੈ। ਈਹਾ ਕਾਕ ਲਖਾਇਕ ਹੈ ਦੇਵਦਤ ਕਾ ਗ੍ਰਿਹਿ ਲਖਯ ਹੈ।

**ਖਿਮਾ ਅਹਿੰਸਾ ਦਯਾ ਮ੍ਰਿਦ ਸਤ ਵਚਨ ਤਪ ਦਾਨ।
ਸੀਲ ਸੌਚ ਤ੍ਰਿਸਨਾ ਬਿਨਾ ਧਰਮ ਲਿੰਗ ਦਸ ਜਾਨ।**

ਸਤ ਵਚਨ ਕੋ ਆਪ ਪਾਛੇ ਧਰਮ ਕਾ ਸਰੂਪ ਕਹਿ ਆਏ ਹੋ। ਅਬ ਈਹਾਂ ਆਪ ਯੇ ਕਹਿਤੇ ਹੋ। ਉਪਜੇ ਧਰਮ ਵਾਕ ਸਤਿਕਾਰ ਅਤਿ। ਅਬ ਸਤਿ ਵਚਨ ਕੋ ਧਰਮ ਕਾ ਕਾਰਨ ਕਹਿ ਰਹੇ ਹੋ। ਇਸ ਕਰ ਇਸਮੇਂ ਵਿਰੋਧ ਆਵੇ ਹੈ॥ਸਮਾਧਾਨ॥ ਇਸਕਾ ਭਾਵ ਯੇ ਹੈ। ਕਾਇਕ ਵਾਚਕ ਮਾਨਸ ਕ੍ਰਿਯਾ ਕਾ ਨਾਮ ਕਰਮ ਹੈ। ਸੁਭ ਕ੍ਰਿਆ ਸੇ ਧਰਮ ਉਤਪਨ ਹੋਵੇ ਹੈ। ਜੋ ਬਾਨੀ ਸੇ ਸਤਿਯ ਬੋਲਨਾ ਹੈ ਯੇ ਸੁਭ ਕਰਮ ਹੈ। ਇਸ ਸਤਯ ਬੋਲਨੇ ਸੇ ਜੋ ਆਗੇ ਧਰਮ ਉਤਪਨ ਹੋਵੇ ਹੈ ਉਸਕਾ ਨਾਮ ਧਰਮ ਹੈ। ਸੁਭਾ ਸੁਭ ਕ੍ਰਿਯਾ ਕਾ ਨਾਮ ਧਰਮ ਨਹੀਂ ਹੈ ਕਿੰਤੂ ਧਰਮ ਅਧਰਮ ਕਾ ਜਨਕ ਹੈ। ਧਰਮਾ ਧਰਮ ਕਾ ਜਨਕ ਹੋਨੇ ਸੇ ਇਨਾਂ ਸਾਰਿਆਂ ਕੋ ਧਰਮ ਕਾ ਸਰੂਪ ਹੀ ਕਹਿ ਦੀਆ ਹੈ। ਕਿੰਤੂ ਧਰਮ ਕਾ ਜਨਕ ਹੈ। ਧਰਮ ਲਿੰਗ ਦਸ ਜਾਨ। ਯੇ ਧਰਮ ਕੇ ਜੋ ਦਸ ਚਿੰਨ ਹੈਂ ਚਿੰਨ ਨਾਮ ਵਿਸੇਸਨ ਕਾ ਹੈ। ਜੈਸੇ ਦੰਡੀ



Scanned by CamScanner

ਪੁਰਸ਼ ਆਵੈ ਹੈ। ਦੰਡ ਵਿਸੇਸਨ ਹੈ। ਪੁਰਸ਼ ਵਿਸੇਸ ਹੈ। ਤੈਸੇ ਯੇ ਦਸ ਧਰਮ ਕੇ ਵਿਸੇਸਨ ਹੈਂ। ਧਰਮ ਵਿਸੇਸ ਹੈ। ਜੈਸੇ ਆਯੁਰਵੇਦ ਮੇਂ ਘ੍ਰਿਤ ਕੋ ਆਯੂ ਕਹਾ ਹੈ। ਪਰ ਆਯੂ ਰੂਪ ਨਹੀਂ ਹੈ ਕਿੰਤੂ ਆਯੂ ਕਾ ਵਰਧਕ ਹੋਣੇ ਸੇ ਇਸ ਘ੍ਰਿਤ ਕੋ ਹੀ ਆਯੂ ਰੂਪ ਕਹਿ ਦੀਆ ਹੈ। ਪਰ ਯੇ ਆਯੂ ਰੂਪ ਨਹੀਂ ਹੈ ਤੈਸੇ ਧਰਮ ਕੇ ਦਸ ਚਿੰਨਾਂ ਕੋ ਧਰਮ ਕਾ ਸਰੂਪ ਕਹਿ ਦੀਆ ਹੈ। ਇਸ ਹੇਤੂ ਸੇ ਯੇ ਦਸ ਚਿੰਨ ਧਰਮ ਕੇ ਸਰੂਪ ਭੀ ਹੈਂ। ਅਰ ਜਨਕ ਭੀ ਹੈ। ਏਹੀ ਬਾਰਤਾ ਇਨਾਂ ਸਾਰਿਆਂ ਮੇਂ ਜਾਨ ਲੇਨੀ। ਹਮ ਪਿਛੇ ਭੀ ਏਹੀ ਕਹਾ ਥਾ। ਤੈਨੇ ਹਮ ਕੋ ਝੂਠਾ ਉਪਾਲੰਭ ਦੀਆ ਹੈ॥ਸੰਕਾ॥ ਧਰਮ ਕੈਸੇ ਵਧੇ ਹੈ॥ ਸਮਾਧਾਨ॥ ਬਾਲਕ ਬ੍ਰਿਧ ਰੋਗੀ ਗਰੀਬ ਪਰ ਜਥਾ ਸਕਤੀ ਦਯਾ ਕਰਨੇ ਸੇ ਅਰ ਧਨ ਕਾ ਦਾਨ ਦੇਨੇ ਸੇ ਨਿਤਾਪ੍ਰਤੀ ਧਰਮ ਵਧੇ ਹੈ॥ਸੰਕਾ॥ ਧਰਮ ਕੀ ਇਸਥਿਤੀ ਕੈਸੇ ਹੋਵੇ ਹੈ॥ਸਮਾਧਾਨ॥ਖਿਮਾ ਕਰਨੇ ਸੇ ਧਰਮ ਕੀ ਇਸ ਥਿਤੀ ਰਹੇ ਹੈ ਭਾਵ ਸਦਾ ਬਨਾ ਰਹੇ ਹੈ॥ਸੰਕਾ॥ ਐਸਾ ਵਹੁ ਕਵਨ ਹੂਆ ਹੈ ਖਿਮਾ ਕਰਨੇ ਸੇ ਉਸਕਾ ਧਰਮ ਬਨਾ ਰਹਾ ਹੈ॥ ਸਮਾਧਾਨ॥ ਖਿਮਾ ਕਰਨੇ ਸੇ ਵਿਸ੍ਵਾਮਿਤ੍ਰ ਕਾ ਧਰਮ ਬਨਾ ਰਹਾ ਹੈ। ਜਬ ਯਗ ਕਾ ਅਰੰਭ ਕਰੇ ਤਬ ਹੀ ਸੁਬਾਹੂ ਮਰੀਚ ਆਇ ਕਰ ਯਗ ਕਾ ਵਿਧ੍ਵੰਸ ਕਰ ਦੇਵੇਂ। ਵਿਸ੍ਵਾ-ਮਿਤ੍ਰ ਜੀ ਨੇ ਚਿਤ ਮੇਂ ਸੋਚਾ ਯਦੀ ਇਸ ਸਮੇਂ ਹਮ ਕ੍ਰੋਧ ਕਰਤੇ ਹੈ ਤਬ ਹਮਾਰਾ ਧਰਮ ਸਭ ਨਸਟ ਹੋ ਜਾਇਗਾ। ਸਮਰਥਵਾਨ ਹੋਕਰ ਫੇਰ ਉਨ ਪਰ ਕ੍ਰੋਧ ਨਹੀਂ ਕੀਆ। ਸਮਾ ਪਾਕੇ ਜਬ ਰਾਮਾਵਤਾਰ ਹੂਏ ਹੈਂ। ਉਨਕੋ ਲਿਆ ਯਗ ਆਪਨਾ ਕੀਆ ਹੈ। ਦੇਖੋ ਖਿਮਾ ਕਰੀ ਧਰਮ ਬਨਾ ਰਹੇ ਹੈ। ਐਸੇ ਜੋ ਖਿਮਾ ਕਰੇਗਾ ਸੋ ਉਸੀ ਕਾ ਧਰਮ ਬਨਾ ਰਹੇਗਾ। ਖਿਮਾ ਕੇ ਆਸ੍ਰੇ ਧਰਮ ਰਹੇ ਹੈ॥ਸੰਕਾ॥ਧਰਮ ਕਿਸ ਕਰ ਨਸ੍ਰ ਹੋ ਜਾਵੇ ਹੈ॥ਸਮਾਧਾਨ॥ ਏਕ ਕ੍ਰੋਧ ਕਰਨੇ ਸੇ ਧਰਮ ਸਭ ਨਸ੍ਰ ਹੋ ਜਾਵੇ ਹੈ। ਜਪ ਤਪ ਭਜਨ ਪਾਠ ਜੋ ਕਰਨੇ ਵਾਲਾ ਹੈ। ਯਦੀ ਵਹੁ ਕ੍ਰੋਧ ਚਾ ਕਰੇ ਫੇਰ ਸਭ ਉਨਕਾ ਫਲ ਨਸਟ ਹੋ ਜਾਵੈ ਹੈ। ਪਿਛੇ ਕੁਛ ਭੀ ਨਹੀਂ ਰਹੇ ਹੈ। ਇਸਮੇਂ ਪ੍ਰਮਾਨ।



**ਯਗ ਵਿਪਾਕ ਗ੍ਰਸੇ ਜਿਉ ਰੋਖਾ॥**

ਇਸ ਵਾਸਤੇ ਕ੍ਰੋਧ ਕਰਨਾ ਨਾ ਚਾਹੀਏ। ਦੇਖੋ ਵਿਸ੍ਵਾਮਿਤ੍ਰ ਜੀ ਸਮਰਥ ਰਹੇ ਪਰ ਕ੍ਰੋਧ ਨਹੀਂ ਕੀਆ। ਫੇਰ ਸਮਾਨ ਪੁਰਸ਼ ਕਿਉਂ ਕਰੇ। ਇਸ ਲੀਏ ਹਰ ਏਕ ਨੂੰ ਕ੍ਰੋਧ ਨਹੀਂ ਕਰਨਾ ਚਾਹੀਏ॥੧੧॥ਸੰਕਾ॥ਐਸੇ ਧਰਮ ਕਰਨੇ ਸੇ ਕਿਆ ਫਲ ਪ੍ਰਾਪਤ ਹੋਵੈ ਹੈ॥ਸਮਾਧਾਨ॥ਧਰਮ ਸੇ ਸਤ ਫਲ ਮਿਲੇ ਹੈ॥ ਸੰਕਾ॥ ਵਹੁ ਸਤ ਫਲ ਕਵਨ ਹੈ॥ ਸਮਾਧਾਨ॥ ਮੂਲ॥

*** ਦੋਹਿਰਾ॥ ਸੁਭ ਕੁਲ ਜਨਮ ਸਰੂਪ ਤਨ, ਭੂਪ ਭੋਗ ਆਪਤਿ॥ਪੰਡਤ ਦੇਹ ਅਰੋਗ ਪੁਨ, ਧਰਮ ਜਾਨ ਫਲ ਸਤਿ॥ ੧੨॥**

ਟੀਕਾ॥ ਦ੍ਵਿਜਕੀ ਕੁਲ ਮੇਂ ਜਨਮ ਹੋਨਾ ਅਰਥਾਤ ਬ੍ਰਾਹਮਨ ਖਤ੍ਰੀ ਵੈਸ ਇਨ ਕੀ ਕੁਲ ਮੇਂ ਜਨਮ ਹੋਨਾ ਏਕ ਯੇ ਧਰਮ ਕਾ ਫਲ ਹੈ। ਫੇਰ ਸੁੰਦਰ ਸਰੀਰ ਹੋਨਾ ਗੌਰ ਰੰਗ ਅੰਗ ਸਭ ਸਾਬਤ ਹੋਨੇ ਯੇ ਦੂਸਰਾ ਧਰਮ ਕਾ ਫਲ ਹੈ। ਰਾਜਾ ਕੇ ਘਰ ਜਨਮ ਹੋਨਾ ਵਾ ਰਾਜਿਆਂ ਕੇ ਸਮ ਹੁਕਮ ਕਰਨਾ ਯੇ ਤੀਸਰਾ ਧਰਮ ਕਾ ਫਲ ਹੈ। ਵਡੇ ਵਡੇ ਦਿਬ ਭੋਗਾਂ ਕੀ ਪ੍ਰਾਪਤੀ ਹੋਨੀ ਵਾਨਧਨ ਬਹੁਤਾ ਹੋਨਾ ਯੇ ਚੌਥਾ ਧਰਮ ਕਾ ਫਲ ਹੈ। ਆਪਤਿ ਨਾਮ ਆਗਿਆਕਾਰੀ ਸੁਭ ਸੰਤਾਨ ਹੋਨੀ ਵਾ ਜਥਾਰਥ ਵਕਤਾ ਹੋਨਾ ਯੇ ਪਾਂਚਵਾਂ ਧਰਮ ਕਾ ਫਲ ਹੈ। ਫੇਰ ਵਡਾ ਵਿਦ੍ਵਾਨ ਪੰਡਤ ਹੋਨਾਂ ਪੰਡਾਤਤ ਵਿਚਾਰਨੀ ਜਿਸਕੀ ਬੁਧੀ ਤਤ੍ਵ ਕੇ ਵੀਚਾਰਨੇ ਵਾਲੀ ਹੋਵੈ ਸੋ ਪੰਡਤ ਕਹੀਏ ਹੈ। ਗੁਰੂ ਸਿਮ੍ਰਤੀ ਪ੍ਰਮਾਨ।

**ਸੋ ਪੰਡਿਤ ਜੋ ਮਨ ਪਰਬੋਧੈ॥ਰਾਮ ਨਾਮੁ ਆਤਮ ਮਹਿ ਸੋਧੈ॥ ਰਾਮ ਨਾਮ ਸਾਰੁ ਰਸੁ ਪੀਵੈ॥ ਉਸੁ ਪੰਡਿਤ ਕੈ ਉਪਦੇਸਿ ਜਗੁ ਜੀਵੈ॥**

ਤਿਹਾ ਗੁਣਾ ਕੀ ਪੰਡ ਉਤਾਰੇ। ਗੀਤਾ ਕਾ ਪ੍ਰਮਾਨ।



Scanned by CamScanner

**ਪੰਡਤਾ ਸਮ ਦਰਸਨਾ॥**

ਐਸਾ ਪੰਡਤ ਹੋਨਾ ਯੇ ਛੇਵਾਂ ਧਰਮ ਕਾ ਫਲ ਹੈ। ਫੇਰ ਸਰੀਰ ਅਰੋਗ ਰਹਿਨਾ ਸਾਰੀ ਅਵਸਥਾ ਮੇਂ ਰੋਗ ਕਾ ਦਰਸਨ ਨਾ ਹੋਨਾ ਯੇ ਸਾਤਵਾਂ ਧਰਮ ਕਾ ਫਲ ਹੈ। ਇਸ ਧਰਮ ਕੇ ਧਾਰਨੇ ਵਾਲੇ ਕੋ ਯੇ ਸਾਤ ਫਲ ਪ੍ਰਾਪਤ ਹੋਵੈ ਹੈ। ਹੇ ਪੁਰਸੋਤਮ ਐਸੇ ਨਿਸਚੇ ਕਰਕੇ ਜਾਨੋ। ਵਾ ਇਤਆਦੀ ਫਲ ਸਤ ਨਾਮ ਨਿਸਚੇ ਪ੍ਰਾਪਤ ਹੋਵੈ ਹੈ। ੧੨॥ਸੰਕਾ॥ ਯੇ ਮਾਨੁਖ ਜਨਮ ਕੈਸੇ ਸਫਲ ਹੋਵੈ ਹੈ॥ਸਮਾਧਾਨ॥ਮੂਲ॥

**ਚੌਪਈ॥ ਧਰਮ ਪ੍ਰੀਤ ਨਿਤ ਬੇਦ ਬੀਚਾਰੇ। ਉਤਮ ਦਾਨ ਸੁਭਾਵ ਜੁ ਧਾਰੇ। ਇੰਦ੍ਰਹਿ ਅਰਥ ਵਿਰਾਗਹਿ ਮਨ ਜਿਹ। ਜਿਹ ਇਹ ਪ੍ਰਾਪਤ ਸਫਲ ਜਨਮ ਤਿਹ॥੧੩॥**

ਟੀਕਾ। ਧਰਮ ਮੇਂ ਜਿਸਕੀ ਪ੍ਰੀਤੀ ਹੋ ਰਹੀ ਹੈ। ਅਰ ਵੇਦੋਂ ਕਾ ਵਿਚਾਰ ਕਰਕੇ ਤਤ੍ਹ ਕੋ ਚਿਤ ਮੇਂ ਧਾਰਨ ਕਰਤਾ ਹੈ। ਕਿੰਵਾ। ਧਰਮ ਮੇਂ ਪ੍ਰੀਤੀ ਤਿਸੀ ਕੀ ਹੋਵੈ ਹੈ। ਜੋ ਨਿਤਾਪ੍ਰਤੀ ਵੇਦਾਂ ਕੋ ਵਿਚਾਰਤਾ ਹੈ। ਫੇਰ ਸੁਵਰਣਾਦੀ ਊਤਮ ਵਸਤੂਓਂ ਕੇ ਦਾਨ ਕਰਨੇ ਕਾ ਜਿਸਨੇ ਸੁਭਾਵ ਧਾਰਨ ਕਰਾ ਹੂਆ ਹੈ ਵਾ ਊਤਮ ਸੁਭਾਵ ਵੋਹੀ ਹੈ ਜੋ ਹਮੇਸਾ ਦਾਨ ਕਰਤਾ ਹੈ। ਅਰ ਜਿਸਕੇ ਸ੍ਰੋਤ੍ਰ ਚਖ੍ਹ ਤ੍ਵਕ ਰਸਨਾ ਘ੍ਰਾਨ ਏ ਪਾਂਚ ਗਿਆਨ ਇੰਦ੍ਰੀਆਂ ਵਾਕ ਪਾਨ ਪਾਦ ਉਪਸਥ ਗੁਦਾ ਯੇ ਪਾਂਚ ਕਰਮ ਇੰਦ੍ਰੀਆਂ ਸਬਦ ਸਪਰਸ ਰੂਪ ਰਸ ਗੰਧ ਯੇ ਇਨਾਂ ਇੰਦ੍ਰੀਆਂ ਕੇ ਅਰਥ ਨਾਮ ਜੋ ਵਿਸ਼ੇ ਹੈ। ਇਨਾਂ ਪਾਂਚੋਂ ਮੇਂ ਜਿਨਕੇ ਮਨ ਮੈ ਵੈਰਾਗ ਹੋ ਰਹਾ ਹੈ। ਭਾਵ ਇਨਸੇ ਜੋ ਉਪਰਾਮ ਹੈ। ਜਿਸਕੋ ਯੇ ਵਸਤੂ ਪ੍ਰਾਪਤ ਹੋ ਗਈਆਂ ਹੈ। ਯੇ ਮਾਨੁਸ ਜਨਮ ਉਸੀ ਕਾ ਸਫਲਾ ਹੈ। ਇਸ ਮੇਂ ਪ੍ਰਮਾਨ।

**ਗੁਰਮੁਖਿ ਨਾਮੁ ਦਾਨੁ ਇਸਨਾਨੁ॥**

ਅਰਥ ਯੇ ਹੈ। ਗੁਰੂ ਜੀ ਕਹਿਤੇ ਹੈ ਜੋ ਅੰਮ੍ਰਿਤ ਵੇਲੇ ਉਠਕੇ ਇਸਨਾਨ



ਕਰਤਾ ਹੈ ਅਰ ਫੇਰ ਨਾਮ ਜਪਤਾ ਹੈ ਅਰ ਜਥਾ ਸ਼ਕਤੀ ਜੋ ਦਾਨ ਦੇਤਾ ਹੈ। ਐਸੇ ਤੀਨ ਕਰਮ ਕਰਨੇ ਵਾਲੋਂ ਕਾ ਜਨਮ ਸਫਲ ਹੈ। ਜੋ ਮਾਨੁਖ ਜਨਮ ਪਾ ਕੇ ਯੇ ਨਹੀਂ ਕਰਤਾ ਜਾਨੋ ਉਸ ਕਾ ਜਨਮ ਬਿਅਰਥ ਹੈ। ਇਸਮੇਂ ਤੁਲਸੀ ਦਾਸ ਕਾ ਪ੍ਰਮਾਨ॥

**ਦੋਹਿਰਾ॥ਪਸੂਅਰ ਤੇ ਬਿਧ ਨਰ ਕੀਏ ਬਿਸਰੈ ਸਿੰਗ ਅਰ ਪੂਛ। ਤੁਲਸੀ ਹਰ ਕੇ ਭਜਨ ਬਿਨ ਧ੍ਰਿਗ ਦਾੜੀ ਧ੍ਰਿਗ ਮੂਛ।**

ਮੂਛਾਂ ਦੋਨੋਂ ਸਿੰਗ ਹੈ। ਦਾੜੀ ਪੂਛ ਹੈ। ਜੇ ਭਜਨ ਨਾ ਕਰੇ ਤਾਂ ਪਸੂ ਬਨਿਆ ਬਨਾਇਆ ਹੈ। ਫਰਕ ਨਾਮ ਦਾ ਹੀ ਹੈ। ਪੂਰਾ ਪੂਰਾ ਪਸੂ ਹੈ। ਧਰਮ ਸੇ ਬਿਨਾ ਜੈਸੇ ਜੀਵ ਸੋਭਾ ਨਹੀਂ ਪਾਤਾ। ਅਬ ਇਸ ਦ੍ਰਿਸਟਾਂਤ ਕੋ ਕਹੇ ਹੈ। ਮੂਲ।

**ਦੋਹਿਰਾ॥ ਇੰਦ ਬਿਨਾ ਜਿਉ ਮੰਦ ਨਿਸ ਮੰਦ ਕੰਜ ਬਿਨ ਤਾਲ। ਜੀਵ ਮੰਦ ਤਿਉ ਧਰਮ ਬਿਨ ਤਾਂਤੇ ਧਰਮ ਨ ਟਾਲ। ੧੪।**

ਟੀਕਾ॥ ਹੇ ਪੁਰਸ਼ੋ ਜੈਸੇ ਚੰਦ੍ਰਮਾਂ ਤੇ ਬਿਨਾ ਰਾਤ੍ਰੀ ਮੰਦੀ ਲਗੇ ਹੈ। ਜੈਸੇ ਤਲਾਓ ਕਵਲਾਂ ਤੇ ਬਿਨਾ ਮੰਦਾ ਲਗੇ ਹੈ। ੧। ਤੈਸੋ ਯੇ ਜੀਵ ਲੋਕ ਪ੍ਰਲੋਕ ਮੇਂ ਧਰਮ ਸੇ ਬਿਨਾ ਮੰਦਾ ਲਗੇ ਹੈ। ਜੈਸੇ ਚੰਦ੍ਰਮਾ ਕਰਕੇ ਰਾਤ੍ਰ ਸੋਭਾ ਪਾਵੇ ਹੈ ਅਰ ਕਵਲਾਂ ਕਰਕੇ ਤਲਾਉ ਸੋਭਾ ਪਾਵੇ ਹੈ। ਤੈਸੇ ਧਰਮ ਕਰਕੇ ਜੀਵ ਸੋਭਾ ਪਾਵੇ ਹੈ। ਭਾਵ ਧਰਮ ਸੇ ਬਿਨਾ ਸੋਭਾ ਨਹੀਂ ਪਾਵੇ ਹੈ। ਤਾਂਤੇ ਹੇ ਪੁਰਸ਼ੋ ਜੇਨ ਕੇਨ ਪ੍ਰਕਾਰ ਸੇ ਧਰਮ ਸੇ ਨਾ ਟਲਨਾ ਚਾਹੀਏ। ਭਾਵ। ਅਵਸਯ ਮੇਵ ਧਰਮ ਕੋ ਧਾਰਨਾ ਚਾਹੀਏ। ੨॥ਸੰਕਾ॥ ਮੁਖ ਧਰਮ ਕੌਨ ਹੈ॥ਸਮਾਧਾਨ॥ਮੂਲ॥

**ਦੋਹਿਰਾ॥ਸਮ ਸੰਤੋਖ ਨ ਔਰ ਸੁਖ, ਤਪ ਨ ਖਿਮਾ ਸਮ ਜਾਨ। ਬ੍ਰਹਮ ਗਿਆਨ ਸਮ ਦਾਨ ਨਹਿ, ਧਰਮ ਨ ਦਯਾ**



Scanned by CamScanner

ਸਮਾਨ। ੧੫।

ਟੀਕਾ॥ ਯਥਾ ਲਾਭ ਸੰਤੁਸਟ ਰਹਿਨਾ ਇਸ ਸੰਤੋਖ ਕੇ ਸਮਾਨ ਔਰ ਸੁਖ ਕੋਈ ਨਹੀਂ ਹੈ॥ਸੰਕਾ॥ ਐਸਾ ਸੰਤੋਖ ਕਿਸ ਨੇ ਧਾਰਨ ਕਰਾ ਹੈ ਅਰ ਇਸ ਕੇ ਧਾਰਨੇ ਸੇ ਫਲ ਕੀ ਹੈ॥ ਸਮਾਧਾਨ॥

**ਚੌਪਈ॥ ਰੰਤ ਦੇਵ ਬਲਿ ਭੂਪ ਸੁਜਾਨਾ। ਧਰਮ ਧਰਿਓ ਸਹਿ ਸੰਕਟ ਨਾਨਾ। ਧਰਮ ਨ ਦੂਸਰ ਸਤਜ ਸਮਾਨਾ। ਆਗਮ ਨਿਗਮ ਪੁਰਾਨ ਬਖਾਨਾ। ਮੈ ਸੋ ਧਰਮ ਸੁਲਭ ਕਰ ਪਾਵਾ। ਤਜੇ ਸੋ ਤਿਹੁ ਪੁਰ ਅਪ ਜਸ ਛਾਵਾ॥**

ਯੇ ਅਜੁਧਿਆ ਕਾਂਡ ਮੇਂ ਕਹਾ ਹੈ। ਰਾਜਾ ਰੰਤ ਦੇਵ ਵਡੇ ਧਰਮਾਤਮਾ ਥੇ। ਬ੍ਰਾਹਮਣੋਂ ਕੀ ਸੇਵਾ ਤਥਾ ਯਗ ਦਾਨ ਆਦਿ ਕ੍ਰਿਆ ਕਰਤੇ ਥੇ। ਫਿਰ ਸੰਸਾਰ ਕੋ ਅਸਾਰ ਸਮਝ ਇਸਤ੍ਰੀ ਪੁਤ੍ਰ ਸਾਥ ਲੇਕਰ ਬਨ ਮੇਂ ਚਲੇ ਗਏ। ਔਰ ਸੰਤੋਖ ਬ੍ਰਿਤੀ ਸੇ ਤਪ ਕਰਨੇ ਲਗੇ। ਏਕ ਸਮੇਂ ਦੁਰ ਭਿਖ ਪੜ ਜਾਨੇ ਸੇ ੪੮ ਦਿਨ ਪੀਛੇ ਥੋੜਾ ਅੰਨ ਹਾਥ ਲਗਾ ਈਸ੍ਵਰ ਕਾ ਭੋਗ ਲਗਾ ਕਰ ਉਸ ਕੇ ੩ ਹਿਸੇ ਕਰੇ। ਉਸ ਸਮੇਂ ਏਕ ਭਿੱਖੂ ਨੇ ਆਕਰ ਯਾਚਨਾ ਕਰੀ ਤੋ ਆਪਨਾ ਭਾਗ ਦੇ ਦਿਤਾ ਔਰ ਉਸਨੇ ਜਬ ਮਾਂਗਾ ਤਬ ਇਸਤ੍ਰੀ ਪੁੱਤਰ ਕਾ ਭੀ ਭਾਗ ਦੇ ਦੀਆ ਔਰ ਮਨ ਮੇਂ ਵਿਚਾਰ ਨਹੀਂ ਲਾਏ ਤਬ ਐਸਾ ਸੰਤੋਖ ਦੇਖ ਕਰ ਭਗਵਾਨ ਨੇ ਪ੍ਰਸੰਨ ਹੋ ਕਰ ਉਨੇ ਦਰਸਨ ਦੀਆ ਔਰ ਪਰਮ ਧਾਮ ਕੋ ਪਹੁੰਚਾਯਾ। ਐਸੇ ਸੰਤੋਖ ਕੇ ਸਮਾਨ ਔਰ ਸੁਖ ਕੋਈ ਨਹੀਂ ਹੈ। ਵਚਨ ਕੁ ਬਚਨ ਸਹਾਰਨ ਰੂਪੀ ਖਿਮਾ ਕੇ ਸਮਾਨ ਔਰ ਤਪ ਕੋਈ ਨਹੀਂ ਹੈ। ਐਸੇ ਤੁਮ ਜਾਨੋ। ੧। ਚਤੁਸ੍ਰੇ ਸਾਧਨ ਸਪੰਨ ਜਗਿਆਸੂ ਕੋ ਹਸਤਾ ਮਲ ਵਤ ਬ੍ਰਹਮ ਕਾ ਜੋ ਸਾਖਿਆਤਕਾਰ ਕਰਵਾਇ ਦੇਨਾ। ਭਾਵ ਏਹੁ ਹੈ। ਜੀਵ ਈਸ਼੍ਵਰ ਕੀ ਏਕਤਾ ਮਹਾਂਵਾਕੋਂ ਸੇ ਅਭੇਦਤਾ ਕਰਨੀ ਜੈਸੇ ਤਤ ਤ੍ਵੰ ਅਸੀ ਇਹ ਜੋ ਮਹਾਂਵਾਕ ਹੈ। ਤਤ ਈਸ਼੍ਵਰ ਤ੍ਵੰ ਤੂੰ ਹੇ ਜੀਵ ਸੋ



ਬ੍ਰਹਮ ਤੂੰ ਹੈ। ਯੇ ਗਿਆਨ ਹੈ ਐਸਾ ਗਿਆਨ ਕਰਵਾਇ ਦੇਨਾ। ਇਸ ਕੇ ਸਮਾਨ ਔਰ ਦਾਨ ਕੋਈ ਨਹੀਂ ਹੈ। ਅਰ ਦਯਾ ਕੇ ਸਮਾਨ ਔਰ ਧਰਮ ਕੋਈ ਨਹੀਂ ਹੈ। ਦਯਾ ਬਿਨ ਸਿਧ ਕਸਾਈ। ਸਿਧ ਭੀ ਹੋਵੈ ਦਯਾ ਨਾ ਹੋਵੈ। ਤਬ ਵਹੁ ਕਸਾਈ ਹੈ॥ ਮੂਲ॥

**ਦੋਹਿਰਾ॥ ਚਾਰੋ ਫਲ ਮੈ ਏਕ ਭੀ, ਉਪਜੈ ਰਿਦੈ ਨ ਜਾਸ। ਅਜਾ ਗਲੇ ਕੇ ਕੁਚਨ ਜਿਉਂ, ਜਨਮ ਬਿਅਰਥ ਹੈ ਤਾਸ। ੧੬।**

ਟੀਕਾ॥ ਜਿਸ ਪੁਰਸ਼ ਕੇ ਹਿਰਦੇ ਮੇਂ ਧਰਮ ਅਰਥ ਕਾਮ ਮੋਖ ਯੇ ਚਾਰ ਵਾ ਸੰਤੋਖ ੧ ਖਿਮਾ ੨ ਬ੍ਰਹਮ ਗਿਆਨ ੩ ਦਯਾ ੪। ਇਨਾਂ ਚਾਰੋਂ ਵਿਚੋਂ ਯਦੀ ਏਕ ਵੀ ਨਹੀਂ ਪੈਦਾ ਹੂਆ ਉਸ ਪੁਰਸ਼ ਕਾ ਜਨਮ ਐਸੇ ਬਿਅਰਥ ਹੈ ਜੈਸੇ ਬਕਰੀ ਕੇ ਗਲ ਮੇਂ ਅਸਥਨ ਯਾਨੇ ਮੇਮਨੀਆਂ ਨਿਸਫਲ ਹੈ। ਵਹੁ ਜੈਸੇ ਕਾਮ ਕੇ ਨਹੀਂ। ਇਸ ਮੇਂ ਪ੍ਰਮਾਨ।

**ਦੋਹਿਰਾ। ਰਾਮ ਜਪੰਤੀ ਕੰਨਿਆਂ ਭਲੀ ਸਾਕਤ ਭਲਾ ਨ ਪੂਤ। ਜਿਉ ਛੇਲੀ ਗਲ ਮਿਨਮਿਨੇ ਨ ਤਿਸ ਦੂਧ ਨ ਮੂਤ॥**

ਭਾਵ॥ ਜੋ ਮਾਨੁਸ਼ ਜਨਮ ਪਾਇ ਕਰ ਫੇਰ ਇਨਾਂ ਚਾਰ ਫਲੋਂ ਮੇਂ ਸੇ ਏਕ ਫਲ ਭੀ ਪੈਦੇ ਨਹੀਂ ਕੀਆ। ਅਜਾ ਗਲ ਕੇ ਕੁਚਨ ਸਮ ਜਨਮ ਉਸ ਕਾ ਬਿਅਰਥ ਹੈ॥ ਮੂਲ॥

**ਦੋਹਿਰਾ॥ ਧਰਮ ਪਰਮ ਪਾਰਸ ਅਹੈ ਜੋ ਦਾਇਕ ਫਲ ਚਾਰ। ਤਾਤੇ ਜਿਉ ਕਿਉ ਧਰਮ ਕੋ ਧਰੇ, ਜੁ ਬੁਧ ਉਦਾਰ॥੧੭॥**

ਟੀਕਾ॥ ਹੇ ਪੁਰਸ਼ ਧਰਮ ਪਰਮ ਪਾਰਸ ਰੂਪ ਹੈ। ਫੇਰ ਕੈਸਾ ਹੈ ਧਰਮ ਅਰਥ ਕਾਮ ਮੋਖ ਵਾ ਸੰਤੋਖ ਖਿਮਾ ਬ੍ਰਹਮ ਗਿਆਨ ਦਯਾ ਯੇ ਚਾਰ ਫਲਾਂ ਕੇ ਦੇਨੇ ਵਾਲਾ ਹੈ॥ ਕਿੰਵਾ॥ ਚਾਰ ਮਹਾਂਵਾਂਕ ਸਭ ਸਾਧਨੋਂ ਕਾ ਫਲ ਮਹਾਂਵਾਕ ਯੇ ਧਰਮੀ ਪੁਰਸ਼ ਕੋ ਪ੍ਰਾਪਤ ਹੋਤੇ ਹੈਂ। ਮਾਨੁਖਾ ਜਨਮ ਕਾ ਧਰਮ



Scanned by CamScanner

ਹੈ ਸਾਧਨ ਕਰੇ। ਸਾਧਨੋਂ ਕਾ ਫਲ ਮਹਾਂਵਾਕ ਹੈ। ਮਹਾਂ ਵਾਕੋਂ ਕਾ ਫਲ ਮੋਖ ਹੈ। ਭਾਵ ਸੋ ਮੁਕਤ ਹੋਤਾ ਹੈ। ੧। ਤਾਂਤੇ ਜੇਨ ਕੇਨ ਪ੍ਰਕਾਰ ਸੇ ਉਦਾਰ ਜੋ ਪੁਰਸ਼ ਬੁਧੀਵਾਨ ਹੈ ਸੋ ਧਰਮ ਕੋ ਧਾਰਨ ਕਰਤੇ ਹੈਂ। ਵਾ ਧਾਰਨ ਕਰੇ।੨।

**ਦੋਹਿਰਾ ॥ ਧਰਮ ਧਾਰ ਚਿਤ ਆਪਨੇ ਤਜੋ ਕਰਮ ਤੁਮ ਮੰਦ । ਧਰਮ ਹੀ ਪਾਲੇ ਤੁਮਕੋ ਨਹੀ ਪੜੇ ਜਮ ਫੰਦ ॥**

ਸੰਕਾ॥ ਧਰਮਾਤਮਾ ਪੁਰਸ਼ ਕਿਨ ਕੇ ਸਮ ਸੋਭਾ ਪਾਵੇ ਹੈ॥ ਸਮਾਧਾਨ॥ ਜਿਨ ਕੇ ਸਮ ਸੋਭਾ ਪਾਵੇ ਹੈ ਸੋ ਆਗੇ ਕਹੇ ਹੈ। ਕਬਿਤ ਅਕਤੀ ਵਰਨ ਕਾ ਹੋਵੇ ਹੈ। ਮੂਲ।

**ਕਬਿਤ ॥ ਨਾਗ ਸੋਭੈ ਮਦ ਕਰ, ਨੀਰ ਸੋਭੈ ਇੰਦੀ ਵਰ, ਰੈਨ ਸੋਭੈ ਹਿਮ ਕਰ, ਨਾਰਿ ਸੀਲ ਰਤਿ ਤੇ। ਸੋਭਿਤ ਤੁਰੰਗ ਜਵ, ਧਾਮ ਸੋਭੈ ਉਤ ਸਵ, ਸੋਭੈ ਵਿਆਕਰਨ ਰਵਿ, ਨਦੀ ਹੰਸ ਗਤ ਤੇ। ਸਭਾ ਸੋਭੈ ਵਿਦਿਆਵਾਨ, ਕੁਲ ਸੋਭੈ ਸੁਭ ਸੰਤਾਨ, ਪਾਨ ਸੋਭੈ ਕਰੈ ਦਾਨ, ਖਿਤਿ ਖਿਤਪਤਿ ਤੇ। ਮੂਢ ਸੋਭੈ ਕਰੇ ਮੋਨ, ਸਿਖੀ ਸੋਭੈ ਪਰੈ ਹੋਮ, ਸੋਭੈ ਅਤਿਸੈ ਤ੍ਰਿਭੌਨ, ਧਰਮੀ ਸੁ ਮਤ ਤੇ ॥੧੮॥**

ਟੀਕਾ॥ ਹਸਤੀ ਕੇ ਰੀੜ ਸਥਲ ਸੇ ਮਦ ਚੋਤਾ ਹੋ। ਅਰ ਮਸਤੀ ਸੇ ਚਲਤਾ ਹੋ। ਜੈਸੇ ਵਹੁ ਸੋਭਾ ਪਾਤਾ ਹੈ। ਐਸੇ ਹੀ ਜੀਵ ਧਰਮ ਕੇ ਧਾਰਨੇ ਸੇ ਸੋਭਾ ਪਾਵੇ ਹੈ। ਯੇ ਸਭ ਸਾਥ ਲਗਾਈ ਜਾਨਾ ਜੈਸੇ ਜਲ ਇੰਦੀ ਵਰ ਨਾਮ ਕਮਲੋਂ ਸੇ ਸੋਭਾ ਪਾਵੇ ਹੈ। ਜੈਸੇ ਰਾਤ੍ਰ ਚੰਦ੍ਰਮਾ ਸੇ ਸੋਭਾ ਪਾਵੇ ਹੈ। ਜੈਸੇ ਇਸਤ੍ਰੀ ਸੁੰਦਰ ਸੀਲ ਸੁਭਾਵ ਮੇਂ ਪ੍ਰੀਤਵਾਨ ਹੋਨੇ ਕਰਕੇ ਸੋਭਾ ਪਾਵੇ ਹੈ। ਵਾ ਪਤਿਬ੍ਰਤ ਧਰਮ ਮੇਂ ਪ੍ਰੀਤੀ ਕਰਨੇ ਵਾਲੀ ਨਾਰੀ ਸੋਭਾ ਪਾਵੈ ਹੈ। ਜੈਸੇ ਅਨਸੂਆ ਤੇ ਜਾਨਕੀ ਅਰ ਪਾਰਬਤੀ ਹੁਈ ਹੈ॥੧॥ ਅਰ ਤੁਰੰਗ ਨਾਮ ਘੋੜਾ ਜਵ ਨਾਮ ਸੁੰਦਰ ਚਾਲ ਚਲਨੇ ਸੇ ਸੋਭਾ ਪਾਵੇ ਹੈ। ਅਰ ਜੈਸੇ ਧਾਮ ਨਾਮ ਘਰ ਮੇਂ ਵਿਆਹੁ ਕਾ ਉਤਸਵ ਹੋ ਵਾ ਪੁੱਤਰ ਕਾ ਜਨਮ ਹੁਆ



ਹੋ ਵਾ ਸੰਤ ਬ੍ਰਾਹਮਨ ਕੇ ਲੀਏ ਭੋਜਨ ਹੋ ਵਾ ਔਰ ਹੋਮ ਯਗ ਹੋ ਸੋਭਾ ਪਾਵੇ ਹੈ। ਜੈਸੇ ਵਿਆਕਰਨ ਪੜਨੇ ਸੇ ਰਵ ਨਾਮ ਬਾਨੀ ਸੋਭਾ ਪਾਵੇ ਹੈ। ਬਗੈਰ ਵਿਆਕਰਨ ਸੇ ਬਾਨੀ ਸਪਸਟ ਹੋਤੀ ਨਹੀਂ। ਜੈਸੇ ਹੰਸ ਪੰਛੀ ਵਤ ਨਦੀ ਧੀਰੇ ਧੀਰੇ ਚਲੇ ਸੋ ਸੋਭਾ ਪਾਵੇ ਹੈ। ਵਾ ਜਿਸ ਨਦੀ ਪਰ ਹੰਸ ਫਿਰਤੇ ਹੋਂ ਜੈਸੇ ਵਹੁ ਸੋਭਾ ਪਾਵੇ ਹੈ॥੨॥ ਜੈਸੇ ਸਭਾ ਵਿਦ੍ਵਾਨ ਪੁਰਸ਼ ਕਰ ਸੋਭਾ ਪਾਵੇ ਹੈ। ਬਿਨਾ ਵਿਦ੍ਵਾਨ ਸੇ ਸਭਾ ਸੋਭਾ ਨਹੀਂ ਪਾਵੇ ਹੈ। ਭਗਵਾਨ ਕਾ ਸ੍ਰੇਸਟ ਭਗਤ ਪੈਦਾ ਹੋਵੈ ਵਾ ਸੂਰਮਾ ਪੁਤ੍ਰ ਹੋਵੈ ਵਾ ਦਾਤਾ ਪੁਤ੍ਰ ਪੈਦੇ ਹੋਵੈ। ਜੈਸੇ ਇਨਾ ਕਰ ਕੁਲ ਸੋਭਾ ਪਾਵੇ ਹੈ। ਜੈਸੇ ਹਾਥ ਦਾਨ ਦੇਨੇ ਸੇ ਸੋਭਾ ਪਾਵੇ ਹੈ। ਸ਼ਾਸਤ੍ਰ ਮੇਂ ਲਿਖਾ ਹੈ। ਇਸ ਪੁਰਸ਼ ਕਾ ਹਾਥ ਕੇ ਊਪਰ ਹਾਥ ਰਹੇ ਤੋ ਇਸਕਾ ਜੀਨਾ ਸਫਲ ਹੈ। ਜੇ ਕਦੀ ਹਾਥ ਕੇ ਤਲੇ ਹਾਥ ਹੂਆ ਤੋ ਜੀਤਾ ਹੂਆ ਭੀ ਮਰਾ ਹੂਆ ਹੈ। ਭਾਵ ਦਾਨ ਦੇਨੇ ਸੇ ਹਾਥ ਜੈਸੇ ਸੋਭਾ ਪਾਵੇ ਹੈ। ਐਸੇ ਕੰਕਨ ਪਾਨੇ ਸੇ ਸੋਭਾ ਨਹੀਂ ਪਾਤੇ। ਜਬ ਦਾਨ ਦੇਨੇ ਕੀ ਸ਼ਕਤੀ ਨਾ ਰਹੇ ਅਰ ਲੇਨੇ ਕੀ ਇਛਾ ਫੁਰੇ ਤਬ ਮਰ ਜਾਨਾ ਹਛਾ ਹੈ ਫੇਰ ਮੌਤੋਂ ਨਾ ਡਰੇਂ।

**ਦੋਹਿਰਾ ॥ ਤੁਲਸੀ ਕਰ ਪਰ ਕਰ ਕਰੀ ਕਰ ਤਲ ਕਰ ਨ ਕਰੀਂ। ਜਾਂ ਦਿਨ ਕਰ ਤਲ ਕਰ ਕਰੇ ਫਿਰ ਮੌਤੋਂ ਨਾਹਿ ਡਰੀਂ।**

ਜੈਸੇ ਖਿਤ ਨਾਮ ਪ੍ਰਿਥਵੀ ਖਿਤਪਤਿ ਨਾਮ ਰਾਜੇ ਕਰ ਸੋਭਾ ਪਾਵੇ ਹੈ ਵਾ ਖਿਤ ਨਾਮ ਧਰਤੀ ਖਿਤਪਤਿ ਨਾਮ ਇੰਦਰ ਕਰਕੇ ਸੋਭਾ ਪਾਵੇ ਹੈ। ਭਾਵ ਜਬ ਇੰਦਰ ਸਮੇਂ ਅਨੁਸਾਰ ਬਰਖਾ ਕਰੇ ਤਬ ਘਾਸ ਅੰਨਾਦਿਕ ਕਰ ਧਰਤੀ ਸੋਭਾ ਜੈਸੇ ਪਾਵੇ ਹੈ॥ ਕਿੰਬਾ॥ ਖਿਤਪਤਿ ਅਨਾਜ ਕਰ ਪ੍ਰਿਥਵੀ ਸੋਭਾ ਪਾਵੇ ਹੈ। ਏਕ ਸਾਲ ਅੰਨ ਨ ਪੈਦੇ ਹੋਵੈ ਫੇਰ ਦੁਰਭਿਖ ਪੜ ਜਾਤ ਹੈ। ਅਨੇਕਾਂ ਹੀ ਜੀਵ ਪਸ਼ੂ ਮ੍ਰਿਤੂ ਹੋ ਜਾਤੇ ਹੈਂ। ਗਾਮਾਂ ਦੇ ਗਾਮ ਉਜੜ ਜਾਂਦੇ ਹੈਂ ਕੁਛ ਨਹੀਂ ਬਚੇ ਹੈ। ਨਾਭਾ ਜੀ ਪੰਜ ਵਰੇ ਦੇ ਥੇ ਇਸ ਅਨਾਜ ਦੇ ਦੁਖ ਕਰਕੇ ਮਾਤਾ ਬਾਹਿਰ ਸੁਟ ਗਈ ਥੀ। ਮੇਰੇ ਦੇਖਦਿਆਂ ਨਾ ਮਰੇ॥



Scanned by CamScanner

੩ ॥ ਜੈਸੇ ਮੂਰਖ ਪੁਰਸ਼ ਜਬ ਤਕ ਚੁਪ ਕਰਕੇ ਬੈਠਾ ਰਹੇ ਤਬ ਤਕ ਸੋਭਾ ਪਾਵੇ ਹੈ। ਜਬ ਬੋਲੇ ਤਬ ਹੀ ਧਕੇ ਖਾਇਗਾ। ਸਿਖੀ ਨਾਮ ਅਗਨੀ ਮੇਂ ਹੋਮ ਸਦਾ ਹੋਤੇ ਰਹੇ ਵਹੁ ਅਗਨੀ ਜੈਸੇ ਸੋਭਾ ਪਾਵੇ ਹੈ। ਜੈਸੇ ਯਹ ਪਿਛਲੇ ਸਭ ਸਮੇਂ ਅਨੁਸਾਰ ਸੋਭਾ ਪਾਵੇ ਹੈ। ਤੈਸੇ ਸ੍ਰੇਸਟ ਬੁਧੀ ਵਾਲਾ ਧਰਮਾਤਮਾ ਪੁਰਸ਼ ਤ੍ਰਿਲੋਕੀ ਮੇਂ ਜਹਾਂ ਹੋ ਤਹਾਂ ਹੀ ਸੋਭਾ ਪਾਵੇ ਹੈ। ਜੈਸੇ ਰਾਜਾ ਹਰੀ ਚੰਦ੍ਰ ਰਾਜਾ ਦਸਰਥ ਰਾਜਾ ਭਗੀਰਥ ਜੀ ਧਰਮਾਤਮਾ ਹੂਏ ਹੈਂ। ਸਭ ਲੋਕੋਂ ਮੇਂ ਦੇਖੋ ਇਨਕਾ ਜਸ ਹੋ ਰਹਾ ਹੈ। ਅਰ ਪ੍ਰਮਾਤਮਾ ਕੀ ਸਭਾ ਮੇਂ ਧਰਮਾਤਮਾ ਕਾ ਆਦਰ ਹੋਵੇ ਹੈ। ਅਨਕਾ ਨਹੀ ॥ ੪ ॥ ਸੰਕਾ ॥ ਐਸਾ ਧਰਮ ਕਿਸ ਕਿਸ ਕੋ ਕਰਨਾ ਚਾਹੀਏ ॥ ਸਮਾਧਾਨ ॥ ਮੂਲ ॥

**☬ ਦੋਹਿਰਾ ਸੁਖੀ ਦੁਖੀ ਨਰ ਜਗਤ ਮੈ ਧਰਮ ਕਰੇ ਸਭ ਕੋਇ ॥ ਸੁਖੀ ਕਰੈ ਤਬ ਸੁਖ ਬਢੈ ਦੁਖੀ ਕਰੈ ਦੁਖ ਖੋਇ ॥ ੧੯ ॥**

ਟੀਕਾ ॥ ਸੁਖੀ ਪੁਰਸ਼ ਹੋ ਵਾ ਦੁਖੀ ਪੁਰਸ਼ ਹੋ ਧਰਮ ਹਰ ਏਕ ਪੁਰਸ਼ ਕੋ ਸੰਸਾਰ ਮੇਂ ਕਰਨੇ ਯੋਗ ਹੈ ॥ ੧ ॥ ਜੇਕਰ ਸੁਖੀ ਪੁਰਸ਼ ਧਰਮ ਕਰੇਗਾ ਤੋ ਉਸਕਾ ਆਗੇ ਨਾਲੋਂ ਸੁਖ ਅਧਿਕ ਵਧੇਗਾ। ਜੇਕਰ ਸੰਸਾਰ ਮੇਂ ਦੁਖੀ ਪੁਰਸ਼ ਧਰਮ ਕਰੇਗਾ ਤੋ ਉਸਕਾ ਸਭ ਦੁਖ ਨਸ਼ਟ ਹੋ ਜਾਇਗਾ। ਦੋਨੋਂ ਕੋ ਧਰਮ ਕਰਨਾ ਕਰਤ੍ਵ ਹੈ। ਤਾਂਤੇ ਹੇ ਪੁਰਸ਼ੋ ਡਰੋ ਮਤ ਨਿਡਰ ਹੋ ਕੇ ਧਰਮ ਕਰੀ ਜਾਓ। ਇਸ ਲੋਕ ਮੇਂ ਸੁਖ ਪ੍ਰਲੋਕ ਮੇਂ ਮੁਕਤ ਪਾਉਗੇ ॥ ੨ ॥ ਅਬ ਈਹਾਂ ਪ੍ਰਿਥਮ ਧਿਆਇ ਸਮਾਪਤ ਹੋ ਗਿਆ ਹੈ ॥ ਸੰਕਾ ॥ ਇਸ ਧਿਆਇ ਕੇ ਛੰਦ ਕਿਤਨੇ ਹੈਂ। ਸਮਾਧਾਨ ॥ ਮੂਲ ॥

**☬ ਦੋਹਿਰਾ ॥ ਸਤਿ ਦੋਹੇ ਦੋ ਚੌਪਈ ਉਤਮ ਏਕ ਕਬਿਤ ॥ ਦਸੇ ਛੰਦ ਅਨੰਦ ਮਯ ਬਸੇ ਜਿਸੇ ਨਿਤ ਚਿਤ ॥ ੨੦ ॥**

ਟੀਕਾ ॥ ਪੰਡਤ ਹਰਦਿਆਲ ਜੀ ਅਬ ਛੰਦਾਂ ਕੀ ਗਿਨਤੀ ਬਤਾਵੇ ਹੈ। ਪ੍ਰਿਥਮ ਧਿਆ ਕੇ ਦਸ ਛੰਦ ਹੈ। ਸਤਿ ਦੋਹਰੇ ਹੈਂ। ਦੋ ਚੌਪਈ ਏਕ ਊਤਮ ਕਬਿਤ ਹੈ। ਯੇ ਪ੍ਰਿਥਮ ਧਿਆ ਕੇ ਜੋ ਦਸ ਛੰਦ ਹੈ। ਜਿਸ ਪੁਰਸ਼



ਕੇ ਚਿਤ ਮੇਂ ਨਿਤਾਪ੍ਰਤੀ ਨਿਵਾਸ ਕਰੇ ਉਸ ਕੋ ਅਨੰਦ ਰੂਪਤਾ ਕੇ ਦੇਨੇ ਹਾਰੇ ਹੈਂ ਭਾਵ ਜੋ ਇਨਾਂ ਛੰਦਾਂ ਕੇ ਭਾਵ ਕੋ ਧਾਰਨ ਕਰ ਲੇਗਾ ਤਿਸ ਕੋ ਆਨੰਦ ਪ੍ਰਾਪਤ ਹੋਵੇ ਹੈ ॥ ਸੰਕਾ ॥ ਤੁਸੀਂ ਗਿਣ ਕਰ ਦੇਖੋ ਕਿਸ ਹਿਸਾਬ ਸੇ ਕਹਿਤੇ ਹੋ ਕਿ ਦਸ ਛੰਦ ਹੈਂ। ਛੰਦ ਉਨੀਸ ਹੈਂ ॥ ੧੯ ॥ ਪਹਿਲੇ ਧਿਆ ਮੇਂ ਝੂਠ ਕੈਸੇ ਚਲ ਸਕਤਾ ਹੈ। ਕੁਛ ਹੋਸ਼ ਕਰਨਾ ਚਾਹੀਏ। ਵਿਦਿਆਰਥੀ ਤਾਂ ਸਚ ਮੰਨ ਲਏਗਾ ਪਰੰਤੂ ਸਿਆਨਾ ਤੋ ਹਾਸੀ ਕਰੇਗਾ ॥ ਸਮਾਧਾਨ ॥ ਪਹਿਲੇ ਅਠ ਛੰਦ ਹਰਿਦਿਆਲ ਜੀ ਨੇ ਰਚੇ ਹੈਂ। ਸ੍ਰੀ ਪਤਿ ਪ੍ਰਿਥਮ ਨਮਾਮ ਮਮ ਤੇ ਲੈ ਕੇ ਅਬ ਪ੍ਰਿਥਮੇਂ ਦਸ ਛੰਦ ਕਰ। ਈਹਾਂ ਤਕ ਭਾਸ਼ਾ ਕਰਨੇ ਵਾਲੇ ਕਾ ਮੰਗਲ ਹੈ। ਖਿਮਾ ਅਹਿੰਸਾ ਦਯਾ ਮ੍ਰਿਦ ਇਥੋਂ ਸੀ ਲੈ ਕੇ ਸੁਖੀ ਦੁਖੀ ਨਰ ਜਗਤ ਮੈ। ਈਹਾਂ ਦਸ ਮੁਕ ਗਏ। ਸਤ ਦੋਹੇ ਇਹ ਗਿਣਤੀ ਵਾਲਾ ਦੋਹਿਰਾ ਭੀ ਹਰਿਦਿਆਲ ਕ੍ਰਿਤ ਹੈ। ਇਸ ਸਮੇਤ ਬੀਸ ਛੰਦ ਹੈਂ। ਭਾਵ ਪ੍ਰਿਥਮ ਧਿਆ ਕੇ ਦਸ ਛੰਦ ਸਿਧ ਹੂਏ ਉਨੀਸ ਨਹੀਂ ਹੈਂ।

**☬ ਇਤਿ ਸ੍ਰੀ ਸਾਰੁਕੁਤਾਵਲੀ ਤਾਸ ਪ੍ਰਿਥਮ ਅਧਿਯਾਇ। ਧਰਮ ਨਿਰੂਪਯੋ ਤਾਸ ਮੈ ਕਵਿ ਹਰਿਦਿਆਲ ਸੁਭਾਇ ॥ ੧ ॥**

ਟੀਕਾ ॥ ਸ੍ਰੀ ਨਾਮ ਸੁਭਾ ਇਮਾਨ ਸ੍ਰੇਸਟ ਉਕਤੀਓਂ ਜੁਗਤੀਓਂ ਕੀ ਜੋ ਹੋਵੇ ਆਵਲੀ ਨਾਮ ਪੰਗਤੀ ਸੋ ਕਹੀਏ ਸਾਰੁਕੁਤਾਵਲੀ ਇਸਕੇ ਪ੍ਰਿਥਮ ਧਿਆਇ ਮੇਂ ਕਵੀ ਹਰਦਿਆਲ ਨੇ ਸ੍ਰੇਸਟ ਭਾਵਨਾ ਸੇ ਧਰਮ ਨਿਰੂਪਨ ਕਰਾ ਹੈ। ਇਤੀ ਨਾਮ ਸੋ ਸਮਾਪਤ ਅਬ ਹੋ ਗਯਾ ਹੈ ॥ ੧ ॥

**ਦੋਹਿਰਾ ॥ ਧਰਮ ਨਿਰੂਪਯੋ ਇਸ ਮੈ ਸੁਨੋ ਸੰਤ ਦੇ ਕਾਨ। ਉਭੈ ਲੋਕ ਸੁਖ ਦੇਗਾ ਜੁਵਾਲਾ ਦਾਸ ਬਖਾਨ ॥**

ਇਤਿ ਸ੍ਰੀ ਸਾਰੁਕੁਤਾਵਲੀ ਤਤ੍ਵ ਬੋਧਨੀ ਟੀਕਾ ਕ੍ਰਿਤ ਪਰਮ ਹੰਸ ਸੰਤ ਜੁਵਾਲਾ ਦਾਸ ਉਦਾਸੀਨ ਧਰਮ ਸਰੂਪ ਵਰਨਨ ਪ੍ਰਿਥਮ ਧਿਆਇ ॥ ੧ ॥

ੴ ਸਤਿਗੁਰ ਪ੍ਰਸਾਦਿ ॥



Scanned by CamScanner

## ਅਥ ਦੁਤੀਯ ਧਿਆਇ ਪ੍ਰਾਰੰਭ ॥ਮੂਲ॥

*** ਦੋਹਿਰਾ॥ ਗੁਰ ਕੀ ਕੀਰਤਿ ਦੂਸਰੇ ਸਾਤ ਸਲੋਕ ਉਚਾਰ। ਜਾਕੇ ਸੁਨੇ ਅਧੈਨ ਤੇ ਹੋਇ ਤ੍ਰਿਤਾਪ ਪ੍ਰਹਾਰ॥੧॥**

ਟੀਕਾ॥ ਸੰਕਾ॥ ਪ੍ਰਿਥਮ ਧਿਆ ਕੇ ਬੀਚ ਜੋ ਧਰਮ ਨਿਰੂਪਣ ਕਰਾ ਹੈ। ਉਸ ਕੋ ਕਰਕੇ ਫੇਰ ਜੀਵ ਕੋ ਕਿਆ ਕਰਤ੍ਰ ਹੈ॥ਸਮਾਧਾਨ॥ਇਸ ਜੀਵ ਕੇ ਅੰਤਹਿਕਰਣ ਮੇਂ ਤੀਨ ਦੋਸ਼ ਹੈਂ। ਮਲ ੧ ਵਿਖੇਪ ੨ ਅਵਰਨ ੩। ਮਲ ਨਾਮ ਪਾਪੋਂ ਕਾ ਹੈ। ਵਿਖੇਪ ਨਾਮ ਚਿਤ ਕੀ ਚੰਚਲਤਾਈ ਕਾ ਹੈ। ਅਵਰਨ ਨਾਮ ਸਰੂਪ ਕੇ ਪੜਦੇ ਕਾ ਹੈ। ਜਿਸ ਪੁਰਸ਼ ਨੇ ਨਿਸਕਾਮ ਧਰਮ ਕਰਕੇ ਮਲ ਦੋਸ਼ ਨਿਬ੍ਰਤ ਕਰ ਲੀਆ ਹੈ। ਔਰ ਸਗੁਣ ਵਾ ਨਿਰਗੁਨ ਬ੍ਰਹਮ ਕੀ ਉਪਾਸ਼ਨਾ ਕਰਕੇ ਚਿਤ ਕਾ ਵਿਖੇਪ ਦੋਸ਼ ਨਿਬ੍ਰਤ ਕਰ ਲੀਆ ਹੈ। ਬਾਕੀ ਏਕ ਅਵਰਨ ਦੋਸ਼ ਰਹਿ ਗਯਾ ਹੈ। ਵਿਵੇਕ ਵੈਰਾਗ ਸਮਾਦੀ ਖਟ ਸੰਪਤੀ ਮਮੂਖਜਤਾ ਯੇ ਚਾਰ ਸਾਧਨ ਜਿਸਨੇ ਸੰਪਾਦਨ ਕਰ ਲੀਏ। ਭਾਵ। ਜਿਸ ਪੁਰਸ਼ ਕੇ ਚਿਤ ਮੇਂ ਨਿਸਕਾਮ ਧਰਮ ਨਿਵਾਸ ਹੋ ਚੁਕਾ ਹੈ। ਵਹਾਂ ਸੁਤੇ ਹੀ ਸਾਧਨ ਆਨਕੇ ਨਿਵਾਸ ਕਰੇ ਹੈ। ਐਸੇ ਪੁਰਸ਼ ਕੋ ਗੁਰੂ ਕੀ ਸਰਨ ਕੋ ਪ੍ਰਾਪਤ ਹੋਨਾ ਚਾਹੀਏ। ਇਸੀ ਲੀਏ ਆਗੇ ਦੁਤੀ ਧਿਆਇ ਮੇਂ ਹਰਦਿਆਲ ਜੀ ਗੁਰੂ ਕੀ ਮਹਿਮਾ ਕੋ ਨਿਰੂਪਨ ਕਰੇਗਾ॥ਸਮਾਧਾਨ॥ ਹਰੀਦਿਆਲ ਜੀ ਕਹੇ ਹੈ। ਸਤਿ ਸਲੋਕੋਂ ਕਰਕੇ ਅਬ ਇਸ ਦੂਸਰੇ ਧਿਆਇ ਮੇਂ ਗੁਰਾਂ ਕੀ ਕੀਰਤ ਨਾਮ ਜਸ ਉਚਾਰਨ ਕਰੇਗਾ। ਕੈਸੀ ਗੁਰਾਂ ਕੀ ਕੀਰਤੀ ਹੈ। ਜਿਸਕੇ ਸ੍ਰਵਣ ਕਰਨੇ ਸੇ ਅਰ ਪੜਨੇ ਸੇ ਅਧਿਆਤਮ ੧ ਅਧਿਭੂਤਕ ੨ ਅਧਿਦੈਵਕ ੩ ਯੇ ਤੀਨੋਂ ਤਾਪ ਪ੍ਰਹਾਰ ਨਾਮ ਨਾਸ ਕੋ ਪ੍ਰਾਪਤ ਹੋ ਜਾਤੇ ਹੈ॥ਸੰਕਾ॥ ਇਨਾਂ ਤੀਨ ਤਾਪੋਂ ਕਾ ਸਰੂਪ ਕਿਆ ਹੈ॥



ਸਮਾਧਾਨ॥ ਰੋਗ ਛੁਧਾਦਿਕਨ ਤੈ ਜੋ ਦੁਖ ਹੋਵੈ ਸੋ ਅਧਿਆਤਮ ਦੁਖ ਕਹੀਏ ਹੈ। ਚੋਰ ਵਯਾਘਰ ਸਰਪਾਦਿਕਨ ਤੈ ਜੋ ਹੋਵੈ ਸੋ ਅਧਿਭੂਤਕ ਦੁਖ ਕਹੀਏ ਹੈ। ਯਛ ਰਾਖਸ਼ ਪ੍ਰੇਤ ਗ੍ਰਹਾਦਿਕ ਔ ਸੀਤ ਵਾਤ ਆਤਪ ਤੇ ਜੋ ਦੁਖ ਹੋਵੈ ਸੋ ਅਧਿਦੈਵਕ ਦੁਖ ਕਹਿਯੋ ਹੈ। ਭਾਵ। ਇਸ ਧਿਆ ਕੋ ਜੋ ਇਕਾਗਰ ਚਿਤ ਸੇ ਸ੍ਰਵਨ ਕਰੇ ਵਾ ਪੜੇ ਉਸਕੇ ਯੇ ਤੀਨੋਂ ਤਾਪ ਦੂਰ ਹੋ ਜਾਇੰਗੇ। ੧॥ ਸੰਕਾ॥ ਜਿਸ ਗੁਰੂ ਕੀ ਧਰਮੀ ਪੁਰਸ਼ ਨੇ ਸਰਨ ਜਾਨਾ ਹੈ। ਉਸ ਗੁਰੂ ਕੇ ਲਖਣ ਕਿਆ ਹੈਂ॥ਸਮਾਧਾਨ॥ ਗੁ ਨਾਮ ਅੰਧ ਕਾਰਕਾ ਹੈ ਰੂ ਨਾਮ ਪ੍ਰਕਾਸ ਕਾ ਹੈ। ਜਗਿਯਾਸੂ ਕੇ ਹਿਰਦੇ ਰੂਪੀ ਕਮਲ ਸੇ ਗਿਆਨ ਰੂਪੀ ਪ੍ਰਕਾਸ ਕਰ ਅਗਿਯਾਨ ਰੂਪੀ ਅੰਧਕਾਰ ਦੂਰ ਕਰਨੇ ਕੋ ਜੋ ਸਮਰਥ ਹੋਵੇ ਸੋ ਗੁਰੂ ਕਹੀਏ ਹੈ। ਭਾਵ। ਬ੍ਰਹਮ ਸ੍ਰੋਤ੍ਰੀ ਬ੍ਰਹਮ ਨੇਸ੍ਰੀ ਗੁਰੂ ਕੀ ਸਰਨ ਸਿਖ ਕੋ ਜਾਨਾ ਚਾਹੀਏ॥ ਸੰਕਾ॥ ਐਸੇ ਗੁਰੂ ਕੇ ਪਾਸ ਜਾ ਕੇ ਸਿਖ ਕੋ ਕੈਸੇ ਕਰਨਾ ਚਾਹੀਏ॥ਸਮਾਧਾਨ॥ਮੂਲ॥

*** ਦੋਹਿਰਾ। ਦਰਬ ਖਰਚ ਸੱਤਿ ਪਾਤ੍ਰ ਮੈ ਜਨਮ ਜਾਇ ਗੁਰ ਸੇਵ। ਹਰਿ ਸਿਮਰਨ ਮਹਿ ਚਿੱਤ ਜਿਹ ਵਹੁ ਪੰਡਤ ਸ੍ਰੁਤ ਭੇਵ।੧।**

ਟੀਕਾ॥ ਪਹਿਲੇ ਸਮਾਨ ਸੇ ਕਹੇ ਹੈ। ਜਿਸ ਪੁਰਸ਼ ਕਾ ਧਨ ਸਤਿ ਪਾਤ੍ਰ ਮੇਂ ਖਰਚ ਹੋ ਰਹਾ ਹੈ ਅਰ ਜਨਮ ਜਿਸ ਕਾ ਗੁਰੋਂ ਕੀ ਸੇਵਾ ਮੇਂ ਬਿਤੀਤ ਹੋ ਰਹਾ ਹੈ ਅਰ ਹਰੀ ਕੇ ਸਿਮਰਨ ਮੇਂ ਚਿਤ ਜਿਸ ਕਾ ਲਗ ਰਹਾ ਹੈ। ਵੋਹੀ ਅਸਲੀ ਪੰਡਤ ਹੈ। ਅਰ ਉਸੀ ਨੇ ਚਾਰ ਵੇਦੋਂ ਕਾ ਭੇਦ ਪਾਇਆ ਹੂਆ ਹੈ। ਅਬ ਵਿਸੇਸ ਸੇ ਅਰਥ ਕਰਤੇ ਹੈਂ ਸਤਿ ਪਾਤ੍ਰ ਮਹਿ ਕਹੀਏ ਤ੍ਰੈ ਕਾਲ ਅਬਾਧ ਜੋ ਪ੍ਰਮਾਤਮਾ ਹੈ। ਉਸ ਕੋ ਆਪਨੇ ਅੰਤਹਿਕਰਨ ਰੂਪੀ ਪਾਤ੍ਰ ਮੇਂ ਜਿਨਾਂ ਨੇ ਪਾਇ ਲੀਆ ਹੈ। ਸੋ ਕਹੀਏ ਗੁਰੂ ਉਸ ਗੁਰੂ ਕੇ ਨਮਿਤ ਜਿਸ ਜਗਿਆਸੂ ਕਾ ਧਨ ਖਰਚ ਹੋ ਰਹਾ ਹੈ। ਭਾਵ। ਆਪਨੀ ਸਰਵੰਸ ਗੁਰੂ ਕੋ ਅਰਪਨ ਕਰ ਦੇਵੇਂ ਸ਼ਾਸਤ੍ਰ ਮੇਂ ਦੋ ਪ੍ਰਕਾਰ ਕਾ ਧਨ ਅਰਪਨ ਲਿਖਾ ਹੈ।



Scanned by CamScanner

**ਚੌਪਈ ॥ਪਤਨੀ ਪੁਤ੍ਰ ਭੂਮ ਪਸੁ ਦਾਸੀ। ਦਾਸ ਦ੍ਰਬਯ ਗ੍ਰਿਹਿ ਬ੍ਰੀਹ ਵਿਨਾਸੀ। ਧਨ ਪਦ ਇਨ ਸਬਹਨ ਕੂੰ ਭਾਖੈ। ਹ੍ਵੈ ਗੁਰੂ ਸਰਨ ਦੂਰ ਤਿਹ ਨਾਖੈ।**

**ਸੋਰਠਾ ॥ਧਨ ਅਰਪਨ ਕੋ ਭੇਵ ਏਕ ਕਹਿਯੋ ਸੁਨ ਦੂਸਰੋ। ਹ੍ਵੈ ਗ੍ਰਹਸਥ ਗੁਰੂ ਦੇਵ ਯਾਗ ਵਲਕ ਸਮ ਦੇਹ ਤਿਹ।**

ਅਰਥ ਯੇ ਹੈ ॥ ਪਤਨੀ ਸੇ ਆਦਿ ਲੇ ਕੇ ਬ੍ਰੀਹ ਕਹੀਏ ਧਾਨਯ ਪ੍ਰਜੰਤ ਸਾਰੇ ਧਨ ਕਹੀਏ ਹੈ। ਤਿਨ ਸਰਬ ਕੂੰ ਤਿਆਗ ਕੇ ਤਿਆਗੀ ਜੋ ਗੁਰੂ ਹੈ। ਤਾਕੈ ਸਰਨੀ ਜਾਵੇ ਯਹਿ ਧਨ ਅਰਪਨ ਕਹਿਯੇ ਹੈ। ਕਾਹੇ ਤੇ। ਗੁਰੂ ਤਿਆਗੀ ਹੈ ਸੋ ਆਪ ਤੋ ਅੰਗੀਕਾਰ ਕਰੇ ਨਹੀਂ ਪਰੰਤੂ ਤਿਨ ਗੁਰੂ ਕੀ ਪ੍ਰਾਪਤੀ ਵਾਸਤੇ ਧਨ ਕਾ ਤਿਆਗ ਕੀਆ ਹੈ। ਯਾਂਤੇ ਐਸਾ ਜੋ ਤਿਆਗ ਹੈ ਸੋ ਬੀ ਗੁਰੂ ਕੂੰ ਹੀ ਅਰਪਨ ਕਹੀਏ ਹੈ। ਔ ਗ੍ਰਿਹਸਥ ਜੋ ਗੁਰੂ ਹੋਵੇ ਤਿਨਕੂੰ ਸਮਗ੍ਰ ਚਢਾਈ ਦੇਵੇ। ਯੇ ਦੂਸਰੇ ਪ੍ਰਕਾਰ ਕਾ ਧਨ ਅਰਪਨ ਕਹੀਏ ਹੈ। ਜੈਸਾ ਗੁਰੂ ਹੋ ਵੈਸੇ ਅਰਪਨ ਕਰ ਦੇਵੇ। ਅਰ ਜਨਮ ਜਿਸ ਕਾ ਤਨ ਮਨ ਧਨ ਕਰ ਸੇਵਾ ਮੇਂ ਬਿਤੀਤ ਹੋ ਰਹਾ ਹੈ। ਅਰ ਜੋ ਗੁਰਾਂ ਨੇ ਭਜਨ ਬਤਾਇਆ ਹੈ ਉਸਕੇ ਸਿਮਰਨ ਮੇਂ ਚਿਤ ਜਿਸਕਾ ਲਗ ਰਹਾ ਹੈ ਵੋਹੀ ਪੰਡਤ ਹੈ ਅਰ ਉਸੀ ਨੇ ਵੇਦ ਕੇ ਤਾਤਪਰਜ ਕੋ ਪਾਇ ਲੀਆ ਹੈ। ਭਾਵ। ਉਸਕੇ ਸਦ੍ਰਸ ਔਰ ਕੋਈ ਨਹੀ॥ ੧॥ ਇਸ ਪ੍ਰਕਾਰ ਕਰਤੇ ਕਰਤੇ ਜਗਿਯਾਸੂ ਸਮਾ ਪਾਕੇ ਗੁਰੂ ਕੇ ਸਦ੍ਰਸ ਹੋ ਜਾਵੇ ਹੈ। ਇਸ ਮੇਂ ਸੰਸਾ ਨਹੀ ਹੈ। ਇਸ ਮੇਂ ਪ੍ਰਮਾਨ॥

**ਦੋਹਿਰਾ ॥ਪਾਰਸ ਮੇਂ ਅਰ ਸੰਤ ਮੇਂ ਵਡੋ ਅੰਤਰੋ ਜਾਨ। ਵਹਿ ਲੋਹਾ ਕੰਚਨ ਕਰੇ ਵਹੁ ਕਰੇ ਆਪ ਸਮਾਨ ॥**

ਸੰਕਾ ॥ਗਿਆਤਗੇ ਜਗਿਯਾਸੂ ਕੋ ਫੇਰ ਕੀ ਕਰਤਵ ਹੈ ॥ਸਮਾਧਾਨ॥ ਮੂਲ॥



**ਚੌਪਈ ॥ਪੂਛੈ ਗੁਰ ਤੇ ਸੁਭ ਸਿਖ ਤਦਪਿ ॥ਗਿਆਨ ਵਾਨ ਹੋਵੈ ਨਿਜ ਜਦਪਿ ॥ਗੁਰ ਨਿਸਚੈ ਯੁਤ ਬਚਨ ਧਰੇ ਜਬ। ਦੇਹ ਸਿਖ ਕੋ ਪਰਮ ਸਾਂਤਿ ਤਬ ॥੨ ॥**

ਟੀਕਾ ॥ਯਦਪੀ ਆਪ ਜਗਿਯਾਸੂ ਗਿਆਨਵਾਨ ਭੀ ਹੋ ਜਾਵੇ ਤੋ ਭੀ ਸ੍ਰੇਸ੍ਰ ਸਿਖ ਕੋ ਯੇ ਚਾਹੀਏ ਕਿ ਅਪਨੇ ਗੁਰੂ ਪਾਸੋਂ ਉਤਰ ਪ੍ਰਸ਼ਨ ਪੂਛਤਾ ਰਹੇ ॥ਸੰਕਾ ॥ਗੁਰੂ ਸੇ ਉਤਰ ਪ੍ਰਸ਼ਨ ਕਿਆ ਪੂਛਨੇ ਚਾਹੀਏ ॥ਸਮਾਧਾਨ॥ ਗੁਰੂ ਸੇ ਐਸੇ ਪੂਛੇ ਹੇ ਭਗਵਨ ਯਦਪੀ ਮੈਂ ਤੋ ਆਪ ਕੀ ਦਯਾ ਸੇ ਕ੍ਰਿਤ ੨ ਰੂਪ ਹੋ ਗਯਾ ਹੂੰ। ਤੋ ਭੀ ਮੈਂ ਆਪ ਸੇ ਯੇ ਪੂਛਤਾ ਹੂੰ ਯੇ ਜਗਤ ਸਤ ਰੂਪ ਹੈ ਅਥਵਾ ਅਸਤਿ ਰੂਪ ਹੈ। ਕਿਤਨੇ ਮਤ ਵਾਲੇ ਸੰਸਾਰ ਕੋ ਸਤ ਰੂਪ ਮਾਨਤੇ ਹੈਂ। ਅਰ ਕਿਤਨੇ ਮਤ ਵਾਲੇ ਅਸਤ ਰੂਪ ਮਾਨਤੇ ਹੈ। ਹਮ ਕਿਸ ਕੋ ਯਥਾਰਥ ਮਾਨੇਂ ਦੂਸਰਾ ਯੇ ਪ੍ਰਸ਼ਨ ਹੈ ਕਿ ਯੇ ਸੰਸਾਰੀ ਜੀਵ ਜੋ ਮਾਯਾ ਮੇਂ ਗਲਤਾਨ ਹੋ ਰਹੇ ਹੈਂ ਇਨ ਕੋ ਪ੍ਰਮੇਸਰ ਕੀ ਪ੍ਰਾਪਤੀ ਕੈਸੇ ਹੋ। ਤੀਸਰਾ ਯੇ ਪ੍ਰਸ਼ਨ ਹੈ, ਹੇ ਭਗਵਨ ਮੈਂ ਕੌਨ ਹੂੰ ਦੇਹ ਰੂਪ ਹੂੰ ਅਥਵਾ ਦੇਹ ਸੇ ਭਿੰਨ ਹੂੰ। ਮੈਂ ਮਨੁਖ ਹੂੰ ਔ ਮੇਰਾ ਸਰੀਰ ਹੈ ਯੇ ਦੋ ਪ੍ਰਤੀਤ ਹੋਵੇ ਹੈ। ਯਾਂਤੇ ਮੇਰੇ ਕੋ ਸੰਸਯ ਹੈ। ਔ ਦੇਹ ਸੇ ਭਿੰਨ ਭੀ ਜੋ ਆਪ ਕਹੋ ਤੋ ਮੈ ਕਰਤਾ ਭੋਗਤਾ ਹੂੰ। ਅਥਵਾ ਅਕ੍ਰਿਯ ਹੂੰ ਜੋ ਅਕ੍ਰਿਯ ਕਹੋ ਤੋ ਭੀ ਸਰਬ ਸਰੀਰ ਵਿਖੇ ਏਕ ਹੂੰ ਅਥਵਾ ਨਾਨਾ ਹੂੰ। ਇਤਿਆਦੀ ਐਸੇ ਪ੍ਰਸ਼ਨ ਸਦੀਵ ਕਾਲ ਸਿਖ ਗੁਰਾਂ ਪਾਸੋਂ ਪੂਛਤਾ ਰਹੇ ॥ਸਮਾਧਾਨ॥ ਆਗੇ ਪਰਮ ਦਇਆਲੂ ਸ੍ਰੀ ਗੁਰੂ ਜੀ ਸਿਖ ਪ੍ਰਤੀ ਉਤ੍ਰ ਦੇਤੇ ਹੈਂ। ਹੇ ਸਿਖ ਜਗਤ ਸੱਤ ਰੂਪ ਨਹੀਂ ਹੈ। ਕਾਹੇ ਤੇ। ਜੋ ਬ੍ਰਹਮ ਗਜਾਨ ਹੁਏ ਨਿਵਰਤ ਹੋ ਜਾਤਾ ਹੈ। ਔਰ ਪਰਤੀਤ ਹੋਤਾ ਹੈ ਯਾਂਤੇ ਜਗਤ ਅਸਤਿ ਰੂਪ ਭੀ ਨਹੀ ਕਿੰਤੂ ਸਤਿ ਅਸਤਿ ਸੇ ਵਿਲਖਣ ਅਨਿਰ ਵਚਨੀ ਮਿਥਜਾ ਰੂਪ ਹੈ। ਅਸਤ ਸੇ ਵਿਲਖਣ ਰੂਪਵਾਨ ਪ੍ਰਤੀਤਕ ਸਤਾ ਕਾ ਆਸ੍ਰੈ ਔਰ ਸਤ ਸੇ ਵਿਲਖਣ ਬਾਧ ਯੋਗ ਯਹਿ ਅਨਿਰ ਬਚਨੀ ਸਬਦ ਕਾ ਅਰਥ ਹੈ ਔਰ ਜੋ ਜਗਤ ਕੋ ਸਤ ਰੂਪ ਮਾਨਤੇ ਹੈਂ। ਤਿਨ ਸੇ ਹਮ ਯਹਿ ਪੂਛਤੇ ਹੈਂ ਜੋ ਯਹਿ ਜਗਤ ਆਪਨੀ ਸਤਾ ਕਰਕੇ ਸਤ ਹੈ।



Scanned by CamScanner

ਅਥਵਾ ਬ੍ਰਹਮ ਕੀ ਸਤਾ ਕਰਕੇ ਸਤ ਹੈ। ਜੋ ਬ੍ਰਹਮ ਕੀ ਸਤਾ ਕਰ ਸਤ ਕਹੋ ਤੋ ਭੀ ਬ੍ਰਹਮ ਸੇ ਅਭਿੰਨ ਹੋਕਰ ਬ੍ਰਹਮ ਕੀ ਸਤਾ ਕਰ ਸਤ ਹੈ। ਅਥਵਾ ਭਿੰਨ ਹੋਕਰ ਬ੍ਰਹਮ ਕੀ ਸਤਾ ਕਰ ਸਤ ਹੈ। ਜੋ ਦੁਤੀ ਵਿਕਲਪ ਕਾ ਪ੍ਰਥਮ ਪਖ ਮਾਨੋ ਤੋ ਭੀ ਯਹਿ ਜਗਤ ਉਤਪਤੀ ਵਾਲਾ ਹੈ। ਅਥਵਾ ਅਨਾਦੀ ਹੈ ਜੋ ਅਨਾਦੀ ਮਾਨੋ ਤੋ ਭੀ ਪ੍ਰਵਾਹ ਰੂਪ ਅਨਾਦੀ ਹੈ। ਵਾ ਅਜੰਨ ਅਨਾਦੀ ਹੈ। ਜੋ ਅਜੰਨ ਅਨਾਦੀ ਮਾਨੋ ਤੋ ਅਸੰਗਤ ਹੈ। ਕਾਹੇ ਤੇ। ਜੋ ਸ੍ਰੁਤੀ ਮੇਂ ਜਗਤ ਕੀ ਉਤਪਤੀ ਕਹੀ ਹੈ ਤਿਸ ਰਸੁਤੀ ਸਾਥ ਵਿਰੋਧ ਹੋਇਗਾ। ਔਰ ਜੋ ਉਤਪਤੀ ਵਾਲਾ ਨਾਸ ਵਾਲਾ ਮਾਨ ਕਰ ਪ੍ਰਵਾਹ ਰੂਪ ਸੇ ਅਨਾਦੀ ਕਹੋ। ਤਬ ਹਮ ਕੋ ਇਸਟਾ ਪਤਿ ਹੈ। ਤਬ ਜਗਤ ਉਤਪਤੀ ਨਾਸ ਵਾਲਾ ਹੂਆ। ਔਰ ਜੋ ਬ੍ਰਹਮ ਸੇ ਅਭਿੰਨ ਹੂਆ। ਤਬ ਬ੍ਰਹਮ ਭੀ ਉਤਪਤੀ ਨਾਸ ਵਾਲਾ ਹੋਵੇਗਾ। ਔਰ ਜੋ ਬ੍ਰਹਮ ਸੇ ਭਿੰਨ ਹੂਆ ਬ੍ਰਹਮ ਸਤਾ ਕਰ ਸਤ ਹੈ ਯਹਿ ਮਾਨੋ। ਤਬ ਬ੍ਰਹਮ ਸਤਾ ਸੇ ਭਿੰਨ ਹੂਆ ਸੁ ਤਹਿ ਸਤਾ ਸ੍ਰੂੰਨ ਹੋਣੇ ਤੇ ਜਗਤ ਅਸਤ ਰੂਪ ਸਿਧ ਹੂਆ। ਔਰ ਜੋ ਯਹਿ ਜਗਤ ਆਪਨੀ ਸਤਾ ਕਰਕੇ ਸਤ ਮਾਨੋ। ਤਬ ਹਮ ਯਹਿ ਪੂਛਤੇ ਹੈਂ ਯੇ ਜਗਤ ਪ੍ਰਮਾਰਥਕ ਸਤਯ ਹੈ। ਵਾ ਵਿਵਹਾਰਕ ਵਾ ਪ੍ਰਾਤੀ ਭਾਸਕ ਜੋ ਯਹਿ ਜਗਤ ਪ੍ਰਮਾਰਥਕ ਸਤ ਮਾਨੋ ਤਬ ਏਕ ਬ੍ਰਹਮ ਪ੍ਰਮਾਰਥਕ ਸਤ ਦੂਸਰਾ ਜਗਤ ਪ੍ਰਮਾਰਥਕ ਸਤ ਹੂਆ ਤੋ ਏਕ ਮੇਵਾ ਦੁਤੀਯੰ ਬ੍ਰਹਮ। ਇਸ ਸੁਰਤੀ ਕੇ ਸਾਥ ਵਿਰੋਧ ਹੋਵੇਗਾ। ਔਰ ਜੋ ਵਿਵਹਾਰਕ ਸਤ ਮਾਨੋ। ਤਬ ਬ੍ਰਹਮ ਕੇ ਅਗਿਆਨ ਕਰ ਜਿਨਕੀ ਪਰਤੀਤ ਬ੍ਰਹਮ ਗਿਆਨ ਸੇ ਜਿਨਕੀ ਨਿਵਰਤੀ ਹੋਇ ਸੋ ਵਿਵਹਾਰਕ ਸਤ ਕਹੀਏ ਹੈ। ਤੋ ਭੀ ਅਗਿਆਨ ਕਾਲ ਇਸਥਾਈ ਹੋਨੇ ਕਰ ਜਗਤ ਅਸਤ ਰੂਪ ਹੂਆ। ਔਰ ਜੋ ਪ੍ਰਾਤੀ ਭਾਸਕ ਸਤ ਕਹੋ ਤਬ ਪਰਤੀਤ ਮਾਤਰ ਹੋਣੇ ਤੇ ਜਗਤ ਸਤ ਨ ਹੂਆ। ਔਰ ਜੋ ਐਸੇ ਕਹੋ ਗੁਰੂ ਨਾਨਕ ਸਾਹਿਬ ਜੀ ਨੇ ਕਹਾ ਹੈ-ਆਪ ਸਤ ਕੀਆ ਸਭ ਸਤ। ਤਾਂਤੇ ਜਗਤ ਸਤ ਰੂਪ ਹੂਆ। ਸੋ ਯਹਿ ਭੀ ਕਹਿਨਾ ਤੁਮਾਰਾ ਝੂਠ ਹੈ॥ ਕਾਹੇ ਤੇ॥ਜੋ ਇਸ ਤੁਕ ਕਾ ਯਹਿ ਅਰਥ ਹੈ। ਆਪ ਸਤ ਰੂਪ ਜੋ ਬ੍ਰਹਮ ਹੈ ਤਿਸ ਨੇ ਆਪਨੀ ਸਤ ਕਹੀਏ ਸਤਾ ਸੇ ਸਭ ਜਗਤ ਕੋ ਉਤਪਤੀ ਕੀਆ ਹੈ।



ਤਾਂਤੇ ਇਸ ਤੁਕ ਮੇਂ ਭੀ ਜਗਤ ਕੀ ਸਤ ਰੂਪਤਾ ਨਹੀਂ ਪਰਤੀਤ ਹੋਤੀ। ਔਰ ਜੋ ਹਠ ਸੇ ਯਹਿ ਅਰਥ ਨਾ ਮਾਨੇ ਜਗਤ ਕੋ ਸਤ ਰੂਪ ਮਾਨੇ ਤਬ ਉਤਪਤੀ ਕਹਿਣਾ ਵਿਯਰਥ ਹੋਇਗਾ॥ ਕਾਹੇ ਤੇ॥ ਜੋ ਸਤ ਕਾ ਜਨਮ ਮਾਨਣਾ ਮੇਰੇ ਮੁਖ ਵਿਖੇ ਜਿਹਬਾ ਨਹੀਂ ਇਸ ਨਿਆਇ ਕੇ ਤੁਲ ਹੈ। ਔਰ ਜੋ ਕਹੋ ਉਤਪਤ ਨਹੀਂ ਹੋਤਾ ਆਵ ਭਾਵ ਵਾ ਤਿਰੋ ਭਾਵ ਹੋਤਾ ਹੈ। ਯਾਤੇ ਜਗਤ ਸਤ ਹੈ। ਯਹਿ ਕਹਿਨਾ ਭੀ ਨਹੀਂ ਬਨਤਾ। ਕਾਹੇ ਤੇ। ਇਸ ਜਗਤ ਕੀ ਉਤਪਤੀ ਸੁਰਤੀ ਮੇਂ ਕਹੀ ਹੈ ਤਿਸ ਕੇ ਸਾਥ ਵਿਰੋਧ ਹੋਵੇਗਾ। ਜਗਤ ਕੇ ਸਤ ਪਖ ਖੰਡਨ ਵਿਖੇ ਬਹੁਤ ਸ੍ਰੁਤੀਆਂ ਯੁਗਤੀਆਂ ਹੈਂ। ਗ੍ਰੰਥ ਵਧਨ ਕੇ ਭੈ ਸੇ ਸੰਖੇਪ ਸੇ ਪ੍ਰਕਾਰ ਦਿਖਾਇਆ ਹੈ। ਕਾਹੇ ਤੇ। ਜੋ ਬੁਧੀਵਾਨ ਕੋ ਏਕ ਵਚਨ ਭੀ ਬਹੁਤ ਹੈ। ਮੂਰਖ ਕੋ ਗ੍ਰੰਥ ਭੀ ਥੋੜੇ ਹੈ। ਯਾਤੇ ਜਗਤ ਸਤ ਅਸਤ ਸੇ ਵਿਲਖਣ ਅਨਿਰ ਵਚਨੀ ਮਿਥਜਾ ਸਿਧ ਹੂਆ। ਅਬ ਦੂਸਰੇ ਪ੍ਰਸ਼ਨ ਕਾ ਉਤ੍ਰ ਸੁਨ। ਹੇ ਸਿਖ ਜੋ ਗ੍ਰਹਿਸਥੀ ਪੁਰਸ਼ ਧੰਧਿਓਂ ਮੇਂ ਲਪਟ ਰਹੇ ਹੈ। ਯਦੀ ਵਹੁ ਯੇ ਉਪਾਉ ਕਰੇ ਤਬ ਤੋ ਮੁਕਤ ਹੋ ਜਾਯਿੰਗੇ। ਸੋ ਦਿਖਾਤੇ ਹੈ।

**ਚੌਪਈ। ਮਾਹਿ ਦਿਲੀਲ ਨਹੀ ਦਿਲ ਦਾਰ। ਹੈ ਦਿਲਦਾਰ ਦਲੀਲੋਂ ਬਾਹਿਰ। ਸਾਗਰ ਤਰਨ ਤਰਲ ਹੈ ਸੌਖੀ। ਨਦੀ ਦਲੀਲ ਤਰਨ ਹੈ ਔਖੀ। ਦੋਹਿਰਾ॥ਸਭ ਦਲੀਲ ਕੋ ਮੇਟ ਕੇ ਬਿਦਲੀਲ ਹੋਇ ਸੰਤ। ਬੇਦਲੀਲ ਕੀ ਸੇਜ ਮੈ ਆਇ ਰਮੇਂ ਭਗਵੰਤ॥੧॥ਤਪ ਤ੍ਰਿਯਾ ਸੁਧਾ ਅਸਿਧ ਤ੍ਰੈ ਨਿਮਖ ਆਊਕੇ ਮਾਹਿ। ਦੁਖ ਰੂਪ ਭਵ ਤੇ ਅਬੇ ਬਿਨ ਨਿਰਾਸ ਸੁਖ ਨਾਹਿ॥**

ਜਬ ਏ ਉਪਾਓ ਕਰੇ ਤਬ ਮੋਖ ਹੋਗਾ। ਇਤਿਆਦੀ ਗੁਰੂ ਉਤ੍ਰ ਦੇਵੇ ਹੈ॥ ਸੰਕਾ॥ ਐਸੇ ਪੂਛਨੇ ਸੇ ਕਿਆ ਹੋਵੇ ਹੈ। ਸਮਾਧਾਨ॥ ਜਬ ਸ੍ਰੀ ਗੁਰੂ ਵੇਦ ਪ੍ਰਣੀਤ ਉਪਦੇਸ ਕਰੇ। ਉਸ ਕੋ ਨਿਸਚੈ ਪੂਰਬਕ ਜਬ ਸਿਖ ਆਪਨੇ



Scanned by CamScanner

ਚਿਤ ਮੇਂ ਧਾਰਨ ਕਰੇਗਾ। ਤਬ ਸਿਖ ਕੋ ਵਹੁ ਵਚਨ ਪਰਮ ਸਾਂਤੀ ਕੋ ਦੇਵੇਗੇ ਯੇ ਇਸਕਾ ਫਲ ਹੈ॥੨॥ ਸੰਕਾ। ਐਸੇ ਗਿਆਤਗੇ ਹੋਕਰ ਕਿਸ ਨੇ ਪੁਛਾ ਹੈ॥ ਸਮਾਧਾਨ॥

**ਸ੍ਵੈਯਾ॥ ਜੋ ਚਤੁਰਾਨਨ ਕੇ ਸੁਤਚਾਰ ਗਹੀ ਨ ਬਿਭੂਤ ਰਮੇ ਹਰਿ ਮਾਹੀ। ਯਦਪਿ ਹੈ ਹਰਿ ਪੂਰਨ ਤੇ ਅਬ ਲੌ ਰਤਿ ਹੈ ਸੁਭ ਸੰਤਨ ਮਾਹੀ। ਸੇਸ ਸਮੀਪ ਸੁਨੇ ਹਰਿ ਕੋ ਜਸ ਸੰਭ ਸਮੀਪ ਸਦਾ ਚਲ ਜਾਹੀ। ਹੋਵਤ ਹੈ ਗੁਣ ਊਤਮ ਨਾਸ ਕੁਸੰਗਤ ਤੇ ਸਨਕਾਦ ਡਰਾਹੀ॥**

ਅਰਥ ਸਪਸ਼੍ਰ ਹੈ। ਭਾਵ ਏ ਹੈ। ਬ੍ਰਹਮਾ ਕੇ ਚਾਰੋਂ ਪੁਤ੍ਰ ਸਾਖਿਆਤ ਬ੍ਰਹਮ ਰੂਪ ਥੇ। ਫੇਰ ਭੀ ਸ਼ੇਸ਼ ਨਾਗ ਕੇ ਪਾਸ ਤਥਾ ਸਦਾ ਸਿਵ ਕੇ ਪਾਸ ਜਾ ਕੇ ਸਤਿਸੰਗ ਕਰਤੇ ਰਹੇ ਹੈ। ਸਤਿ ਸੰਗ ਉਨਾ ਭੀ ਨਹੀਂ ਤਿਆਗਾ। ਐਸੇ ਹੀ ਗੁਰਾਂ ਕਾ ਸਤਿਸੰਗ ਸਿਖ ਕੋ ਨਹੀ ਛੋੜਨਾ ਚਾਹੀਏ। ਸੰਕਾ॥ ਸ੍ਰੀ ਗੁਰੂ ਜੀ ਕੇ ਸਾਥ ਤਥਾ ਸਬੰਧੀਓਂ ਕੇ ਸਾਥ ਜਗਿਯਾਸੂ ਕਾ ਕੈਸਾ ਵਰਤਾਵ ਹੋਣਾ ਚਾਹੀਏ। ਸਮਾਧਾਨ॥ ਚਾਰ ਸਗਨ ਗਨ ਹੋ ਬਾਰਾਂ ਅਖਰ ਹੋ ਸੋ ਤੋਟਕ ਛੰਦ ਕਹਾ ਜਾਤਾ ਹੈ। ਮੂਲ।

**ਤੋਟਕ ਛੰਦ। ਗੁਰ ਕੀਰਤ ਕੋ ਅਪਰੋਖ ਕਰੇ। ਜਸ ਬਾਧਵ ਮੀਤਨ ਪ੍ਰੋਖ ਰਰੇ। ਭ੍ਰਿਤ ਦਾਸ ਜਸੈ ਕਰਮਾਂਤ ਗਹੈ। ਅਬਲਾ ਸੁਤ ਓਪ ਕਬੀ ਨ ਕਹੈ॥੩॥**

ਟੀਕਾ॥ ਆਪਨੇ ਗੁਰੂ ਕੀ ਕੀਰਤ ਨਾਮ ਉਪਮਾ ਅਪ੍ਰੋਖ ਨਾਮ ਸਨਮੁਖ ਕਰੇ। ਭਾਵ। ਗੁਰਾਂ ਕਾ ਜਸ ਮੁਖ ਪਰ ਕਰੇ। ਸੰਕਾ॥ ਗੁਰੂ ਕਾ ਜਸ ਕੈਸੇ ਕਹੇ। ਸਮਾਧਾਨ। ਟੀਕਾ। ਕਰਤਾ ਕੀ ਉਕਤੀ।

**ਚੌਪਈ। ਹੇ ਭਗਵਨ ਤੁਮ ਬ੍ਰਹਮ ਪ੍ਰਕਾਸੀ। ਤੁਮਰਾ ਰੂਪ**



**ਸਦਾ ਅਬਿਨਾਸੀ। ਹੇ ਪ੍ਰਭ ਤੁਮ ਹੋ ਜਗਕੇ ਸ੍ਵਾਮੀ। ਘਟਘਟ ਕੇ ਤੁਮ ਅੰਤ੍ਰਜਾਮੀ॥੧॥**

**ਮੈ ਹੋ ਪਤਤ ਪਾਵਨ ਤੁਮ ਦੇਵ। ਸੁਰਨਰ ਤੁਮਰੀ ਕਰ ਹੈ ਸੇਵ। ਦੀਨਾ ਬੰਧੂ ਸੁਭਾਵ ਤੁਮਾਰਾ। ਹੇ ਸਤਿਗੁਰ ਤੁਮ ਮੁਝ ਕੋ ਤਾਰਾ॥੨॥**

**ਦੋਹਰਾ॥ ਤੁਮਰੀ ਉਪਮਾ ਸਿੰਧੂ ਸਮ ਬੇਦ ਨ ਪਾਵੈ ਪਾਰ। ਮੈ ਸਰਨਾਗਤ ਤੁਮਰੀ ਮੋਹਿ ਕਰੋ ਭਵ ਪਾਰ॥੩॥**

ਐਸੀ ਐਸੀ ਉਪਮਾ ਬਨਾਕਰ ਗੁਰੂ ਕੇ ਸਨਮੁਖ ਕਥਨ ਕਰੇ॥੧॥ ਆਪਨੇ ਸਬੰਧੀਓਂ ਕਾ ਤਥਾ ਆਪ ਨੇ ਮਿਤ੍ਰ ਗਣੋਂ ਕਾ ਜਸ ਪ੍ਰੋਖ ਰਰੈਭਾਵ ਮੁਖ ਪਰ ਨਾ ਕਰੇ। ਪਿਛੋਂ ਉਨਕੀ ਉਪਮਾ ਕਥਨ ਕਰੈ। ਕਾਹੇ ਤੇ। ਮੁਖ ਪਰ ਤੋਂ ਹਰ ਏਕ ਉਸਤਤ ਕਰਨੇ ਲਗ ਜਾਤੇ ਹੈਂ ਅਰ ਪਿਛੇ ਨਿੰਦਿਆ ਕਰਨੇ ਲਗ ਜਾਤੇ ਹੈ। ਜੋ ਮੁਖ ਪਰ ਉਸਤਤੀ ਕਰੇ। ਉਸਕੋ ਮਿਤਰ ਨਾ ਸਮਝਨਾ ਚਾਹੀਏ। ਭਾਵ। ਮਿਤਰ ਤਾਈ ਕੇ ਯੋਗ ਵੋਹੀ ਪੁਰਸ਼ ਹੈ ਜੋ ਪਾਛੇ ਉਪਮਾ ਕਰੇ॥ ਸੰਕਾ॥ ਭ੍ਰਿਤ ਦਾਸੋ ਸੇ ਕੈਸੇ ਵਰਤਾਵ ਹੋਨਾ ਚਾਹੀਏ। ਸਮਾਧਾਨ। ਟਹਿਲੂਆ ਕੀ ਤਥਾ ਦਾਸੋਂ ਕੀ ਇਨ ਦੋਨੋਂ ਕੋ ਜਿਸ ਕਰਮ ਕੋ ਭੇਜਾ ਹੈ। ਜਬ ਵਹੁ ਕਰਮ ਕਰ ਆਵੈ ਤਬ ਉਸ ਕਰਮ ਕੇ ਅੰਤ ਮੇ ਕੁਛ ਥੋੜੀ ਉਪਮਾ ਕਹਿ ਦੇਵੇ। ਹਰ ਸਮੇਂ ਉਨਕੀ ਉਪਮਾ ਨਾ ਕਰੇ ਭਾਵ ਬੇ ਵਖਤ ਕੋਈ ਸੇਵਾ ਬਤਾ ਦਈ ਹੈ। ਜਬ ਵਹੁ ਸੇਵਾ ਕਰ ਚੁਕੇ ਉਸਕੇ ਪਸਚਾਤ ਉਨਾਂ ਕੋ ਸਾਬਾਸ ਕਹਿ ਦੇਵੇ॥ ਸੰਕਾ॥ ਭ੍ਰਿਤ ਅਰ ਦਾਸ ਕਾ ਕੀ ਭੇਦ ਹੈ॥ ਸਮਾਧਾਨ॥ ਨੌਕਰੀ ਲੇਕਰ ਜੋ ਸੇਵਾ ਕਰੇ ਉਸਕੋ ਭ੍ਰਿਤ ਕਹਾ ਜਾਤਾ ਹੈ। ਪ੍ਰੇਮ ਸੇ ਜੋ ਸੇਵਾ ਕਰੇ ਉਸ ਕੋ ਦਾਸ ਕਹਿਆ ਜਾਵੇ ਹੈ। ਔਰ ਆਪਨੀ ਇਸਤਰੀ ਪੁੱਤਰ ਕੀ ਉਪਮਾ ਕਬੀ ਭੂਲ ਕਰ ਭੀ ਨ ਕਰੇ। ਏ ਭਾਂਵੇ ਕੈਸੀ ਸੇਵਾ ਕਰੇ। ਜੇਕਰ ਇਨ ਕੀ ਉਪਮਾ ਕਥਨ ਕਰੇ ਫੇਰ ਇਨ



Scanned by CamScanner

ਕੋ ਅਭਿਮਾਨ ਹੋ ਜਾਇਗਾ। ਅਰ ਸੇਵਾ ਫੇਰ ਵੈਸੀ ਨਾ ਕਰੇਂਗੇ। ਰਾਜਨੀਤੀ ਮੇਂ ਲਿਖਾ ਹੈ ਹਮੇਸ਼ਾਂ ਇਨ ਕੋ ਦਬਾਈ ਰਖੇ ਤਬ ਏ ਕਾਮ ਦੇਤੇ ਹੈਂ। ਰਾਮਾਇਣ ਮੇਂ ਕਹਾ ਹੈ॥

**ਢੋਲ ਗਵਾਰ ਸੂਦਰ ਪਸੁ ਨਾਰੀ। ਇਹ ਸਭ ਤਾੜਨ ਕੇ ਅਧਿਕਾਰੀ॥**

ਇਸਤਰੀ ਅਰ ਪੁਤ੍ਰੋਂ ਮੇਂ ਲੋਕ ਵਡਾ ਪ੍ਰੇਮ ਕਰਤੇ ਹੈ ਪਰ ਇਨ ਜੈਸਾ ਇਨਕਾ ਵੈਰੀ ਔਰ ਕੋਈ ਨਹੀਂ ਹੈ॥ਸੰਕਾ॥ਪੁੱਤਰ ਜੈਸਾ ਤੋਂ ਇਸਕਾ ਔਰ ਦੁਸ਼ਮਨ ਕੋਈ ਨਹੀਂ ਹੈ॥ਸੰਕਾ॥ਪੁੱਤਰ ਕੈਸੇ ਦੁਸ਼ਮਨ ਹੈ॥ਸਮਾਧਾਨ॥ ਕਿਸੀ ਕਵੀ ਨੇ ਯੇ ਦੋਹਿਰਾ ਕਹਾ ਹੈ॥

**ਦੋਹਰਾ॥ਜਨਮਤ ਹੀ ਦਾਰਾ ਹਰੇ ਯੁਬਾ ਹੋਤ ਲਏ ਭੌਨ। ਬ੍ਰਿਧ ਹੋਇ ਸਰਵਸ ਹਰੇ ਸੁਤ ਸੇ ਵੈਰੀ ਕੌਨ॥**

ਅਰਥ ਏਹ ਹੈ ਜੈਸੇ ਪੁੱਤਰ ਦੁਸ਼ਮਨ ਹੈ ਸੋ ਤੁਮ ਸੁਨੋ। ਜਬ ਇਸ ਪੁਰਸ਼ ਕੀ ਇਸਤਰੀ ਕੇ ਗਰਭ ਮੇਂ ਪੁੱਤਰ ਆਨ ਕੇ ਨਿਵਾਸ ਕਰਤਾ ਹੈ। ਉਸੀ ਦਿਨ ਸੇ ਲੇਕਰ ਪੁਰਸ਼ ਕੀ ਇਸਤਰੀ ਹਰ ਲੇਤਾ ਹੈ॥ਕਾਹੇ ਤੇ॥ ਧਰਮ ਸਾਸਤਰ ਮੇਂ ਲਿਖਾ ਹੈ। ਜਬ ਗਰਭ ਠਹਿਰ ਜਾਏ ਉਸ ਦਿਨ ਸੇ ਲੇਕਰ ਫੇਰ ਇਸਤਰੀ ਸੇ ਭੋਗ ਨ ਕਰੇਂ। ਜੇ ਕਰੇ ਮਹਾਂ ਪਾਪ ਹੋਗਾ ਜਿਸ ਦਿਨ ਪੁੱਤਰ ਗਰਭ ਮੇਂ ਆਇਆ ਉਸੀ ਦਿਨ ਸੇ ਪੁਰਸ਼ ਕੀ ਇਸਤ੍ਰੀ ਖੋਸ ਲਈ। ਜਬ ਸਮਾਂ ਪਾ ਕੇ ਪੁੱਤਰ ਜੋਬਨ ਅਵਸਥਾ ਕੋ ਪਰਾਪਤ ਹੋਤਾ ਹੈ ਉਸ ਦਿਨ ਸੇ ਖੋਸ ਲੇਤਾ ਹੈ। ਕਾਹੇ ਤੇ। ਜੋਬਨ ਮੇਂ ਪੁੱਤਰ ਵਿਹਾਇਆ ਜਾਤਾ ਹੈ। ਉਸ ਕੀ ਬਧੂ ਜਬ ਘਰ ਮੇਂ ਆਤੀ ਹੈ। ਫੇਰ ਉਸਕਾ ਸਸੁਰਾਲ ਵਖਤ ਬੇ ਵਖਤ ਘਰ ਆਨੇ ਮੇਂ ਡਰਤਾ ਹੈ ਜੈਸੇ ਘਰ ਮੇਂ ਪੁੱਤਰ ਅਰ ਨੂੰਹ ਫਿਰ ਸ਼ਕਤੀ ਹੈ। ਵੈਸੇ ਵੋਹ ਪੁਰਸ਼ ਘਰ ਮੇਂ ਨਹੀਂ ਫਿਰ ਸਕੇ ਹੈ॥੧॥ਜਬ ਬਲ ਸੇ ਹੀਨ ਬ੍ਰਿਧ ਅਵਸਥਾ ਹੋ ਜਾਤੀ ਹੈ ਫੇਰ ਇਸ ਕੀ ਸਾਰੀ ਸਰਵੰਸ ਪੁੱਤਰ ਹਰ ਲੇਤਾ ਹੈ॥ਕਾਹੇ ਤੇ॥ਮਨ ਮਰਜ਼ੀ ਸੇ ਅੰਨ ਬਸਤਰ ਭੀ ਨਹੀ



ਮਿਲੇ ਹੈ। ਬੁੱਢਾ ਹਰ ਬਾਤ ਕੋ ਤਰਸਤਾ ਰਹਿਤਾ ਹੈ। ਪੁੱਤਰ ਸਾਰੀ ਸਰਵੰਸ ਦਬਾਇ ਲੇਤਾ ਹੈ। ਦਸੋ ਫੇਰ ਪੁੱਤਰ ਸੇ ਅਧਿਕ ਵੈਰੀ ਕੌਨ ਹੂਆ॥ਸੰਕਾ॥ ਔਰਤ ਕੈਸੇ ਦੁਸ਼ਮਨ ਹੈ॥ਸਮਾਧਾਨ॥ ਸ਼ਾਸਤਰ ਮੇਂ ਲਿਖਾ ਹੈ। ਇਸਤਰੀ ਜੈਸਾ ਇਸਕਾ ਔਰ ਦੁਸ਼ਮਨ ਕੋਈ ਨਹੀਂ ਹੈ। ਕਾਹੇ ਤੇ। ਸੱਪ ਕਾ ਕਾਟਾ ਹੂਆ ਅਰ ਤਲਵਾਰ ਕਾ ਕਾਟਾ ਹੂਆ ਪੁਰਸ਼ ਏਕ ਦਫਾ ਮਰੇ ਹੈ। ਅਰ ਇਸਤਰੀ ਕਾ ਕਾਟਾ ਹੂਆ ਪੁਨਾ ਪੁਨਾ ਜਨਮ ਮਰਨ ਕੋ ਪਾਤਾ ਹੈ।

**ਦੋਹਿਰਾ। ਪਰਨਾਰੀ ਮੀਠੀ ਛੁਰੀ ਮਤ ਕੋਈ ਲਾਵੇ ਅੰਗ। ਸੀਸ ਦੀਏ ਦਸ ਲੰਕ ਪਤ ਪਰ ਨਾਰੀ ਕੇ ਸੰਗ।**

ਇਸ ਵਾਸਤੇ ਇਸਤਰੀ ਪੁੱਤਰ ਕੀ ਉਪਮਾ ਨਾ ਕਰੇ॥੩॥ਸੰਕਾ॥ ਜੋ ਪੁਰਸ਼ ਪੂਰਬੋਕਤ ਸ੍ਰੀ ਗੁਰੂ ਜੀ ਕੇ ਗੁਰ ਮੰਤ੍ਰ ਕੋ ਤਿਆਗ ਦੇਵੇ ਹੈ। ਉਸਕੀ ਕਿਆ ਦਸਾ ਹੋਵੈ ਹੈ॥ਸਮਾਧਾਨ॥ਮੂਲ॥

**ਦੋਹਿਰਾ॥ਤਜ ਗੁਰਮੰਤ੍ਰ ਦਰਿਦ੍ਰ ਹ੍ਵੈ ਗੁਰਹਿ ਅਵਗਜਾ ਘਾਤ॥ ਤਿਆਗ ਦੇਤ ਗੁਰ ਮੰਤ੍ਰ ਜੋ ਸਿਧ ਭੀ ਨਰਕੇ ਜਾਤ॥੪॥**

ਟੀਕਾ॥ ਸ੍ਰੀ ਗੁਰੂ ਜੀ ਨੇ ਰਾਮ ਕ੍ਰਿਸ਼ਨ ਨਾਰਾਇਣ ਸਤਿ ਨਾਮ ਗੋਪਾਲ ਓਨਮੋ ਸਿਵਾਇ ਐਸੇ ਪ੍ਰਮਾਤਮਾ ਕੇ ਜੋ ਅਨੰਤ ਨਾਮ ਹੈ। ਇਨਾਂ ਨਾਮਾਂ ਵਿਚੋਂ ਕੋਈ ਗੁਰ ਮੰਤ੍ਰ ਦੀਯਾ ਹੈ। ਫੇਰ ਉਸ ਗੁਰ ਮੰਤ੍ਰ ਕੋ ਜੋ ਨਰ ਤਿਆਗ ਦੇਵੇ ਹੈ। ਸੋ ਦਲਿਦ੍ਰੀ ਹੋ ਜਾਵੈ ਹੈ॥ ਸੰਕਾ॥ ਸੋ ਐਸਾ ਕੌਨ ਹੂਆ ਹੈ॥ਸਮਾਧਾਨ॥ਸੰਦੀਪਨ ਗੁਰੂ ਕੇ ਪਾਸ ਕ੍ਰਿਸਨ ਤੇ ਸੁਦਾਮਾ ਜੀ ਜਬ ਵਿਦਿਆ ਪੜਤੇ ਥੇ। ਅਰ ਉਨਕੇ ਲੀਏ ਦੋਨੋਂ ਲਕੜੀਆਂ ਚੁਨਣੈ ਜਾਇਆ ਕਰਤੇ ਥੇ। ਏਕ ਰੋਜ ਗੁਰੂ ਜੀ ਨੇ ਸੁਦਾਮੇਂ ਕੋ ਚਣੇ ਦੀਏ ਅਰ ਕਹਾ ਦੋਨੋਂ ਨੇ ਜਲ ਪਾਨ ਕਰ ਲੇਨਾ। ਮਾਰਗ ਮੇਂ ਜਾਤੇ ਹੂਏ ਭਗਵਾਨ ਜੀ ਨੇ ਕਹੀਂ ਸਾਰੇ ਚਣੇ ਆਪ ਨਾ ਖਾਇ ਜਾਈ। ਕੁਛ ਸਾਨੂੰ ਭੀ ਦੇਨੇ। ਜੰਗਲ ਮੇਂ ਜਾ ਕੇ ਸੁਦਾਮੇ ਨੇ ਲੁਕ ਕੇ ਸਾਰੇ ਚਣੇ ਖਾ ਲੀਏ। ਭਗਵਾਨ



Scanned by CamScanner

ਕੋ ਏਕ ਭੀ ਦਾਨਾ ਨਾ ਦੀਆ। ਜਬ ਕਰਮ ਕਰਕੇ ਘਰ ਮੇਂ ਆਏ। ਗੁਰੂ ਨੇ ਪੂਛਾ ਚਣੇ ਦੋਨੋਂ ਨੇ ਖਾਇ ਥੇ। ਸੁਦਾਮਾ ਨੇ ਕਹਾ ਨਹੀਂ ਜੀ ਮੈਂਨੇ ਹੀ ਖਾਇ ਲੀਏ। ਐਸੇ ਸੁਨਕੇ ਗੁਰੂ ਜੀ ਨੇ ਕਹਾ ਰੇ ਦਲਿਦ੍ਰੀ ਸਾਡਾ ਵਚਨ ਤੈਂ ਨਾ ਮਾਨਿਆ। ਉਸੀ ਦਿਨ ਤੋਂ ਸੁਦਾਮਾ ਦਲਿਦ੍ਰੀ ਹੂਆ। ਐਸੇ ਹੀ ਜੋ ਗੁਰੂ ਮੰਤ੍ਰ ਕੋ ਤਿਆਗ ਦੇਤਾ ਹੈ। ਸੋ ਵਹੁ ਭੀ ਸੁਦਾਮੇਂ ਵਤ ਦਲਿਦ੍ਰੀ ਹੋ ਜਾਤਾ ਹੈ॥ਸੰਕਾ॥ ਜੋ ਗੁਰ ਮੰਤ੍ਰ ਨਾ ਤਿਆਗੇ ਉਸਕੋ ਕਿਆ ਪ੍ਰਾਪਤ ਹੋਵੇ ਹੈ॥ਸਮਾਧਾਨ॥ਏਕ ਸੰਤ ਮਹਾਤਮਾ ਬੀਤ ਰਾਗ ਬਨ ਮੇਂ ਨਿਵਾਸ ਕਰਤੇ ਥੇ। ਉਨਕੇ ਪਿਛੇ ਏਕ ਜਟ ਪੜ ਗਯਾ। ਕਹਿਨੇ ਲਗਾ ਮੁਝ ਕੋ ਗੁਰ ਮੰਤ੍ਰ ਦੇਹੁ। ਸੰਤਾਂ ਨੇ ਕਹਾ ਤੈਂਨੇ ਗੁਰ ਮੰਤ੍ਰ ਸੇ ਕਿਆ ਲੇਨਾ ਹੈ। ਜਟ ਨੇ ਕਹਾ ਦਸੋ ਨਹੀ ਤਾਂ ਮੈਂ ਤੁਮ ਕੋ ਮਾਰ ਦੇਵੋਂਗਾ। ਸੰਤਾਂ ਨੇ ਸੋਚਾ ਯੇ ਮੂਰਖ ਜਟ ਹੈ। ਇਸਕਾ ਪੱਤਾ ਕੋਈ ਨਹੀਂ ਹੈ। ਡਰਤੇ ਹੂਏ ਉਸ ਜਟ ਕੋ ਕਹਾ ਕਿ ਗੋਪਾਲ ਗੋਪਾਲ ਈਸ੍ਵਰ ਕਾ ਨਾਮ ਜਪਿਆ ਕਰ। ਜਟ ਨੇ ਕਹਾ ਬਹੁਤ ਹਛਾ। ਇਕਾਂਤ ਅਸਥਾਨ ਮੇਂ ਬੈਠਕੇ ਚਿਤ ਕੀ ਬਿਰਤੀ ਸਮਾਹਿਤ ਕਰ ਜਪਨੇ ਲਗਾ॥ ਸੰਕਾ॥ ਸਮਾਹਿਤ ਕਰਕੇ ਕਿਉਂ ਜਪਨੇ ਲਗਾ॥ ਸਮਾਧਾਨ॥

**ਦੋਹਿਰਾ। ਮਾਲਾ ਫਿਰਤੀ ਹਾਥ ਮੇਂ ਜੀਭ ਫਿਰੇ ਮੁਖ ਮਾਹਿ। ਠੌਰ ਠੌਰ ਮਨੂੰਆ ਫਿਰੈ ਏਹੁ ਭਜਨ ਕੁਛ ਨਾਹਿ॥**

ਭਜਨ ਵੋਹੀ ਹਛਾ ਹੈ ਜੋ ਇਕ ਮਨ ਹੋ ਕਰ ਕੀਆ ਜਾਏ। ਕਾਹੇਤੇ। ਮਾਲਾ ਹਾਥ ਮੇਂ ਫਿਰ ਰਹੀ ਹੈ ਮੁਖ ਵਿਚ ਜੀਭਾ ਫਿਰ ਰਹੀ ਹੈ। ਮਨ ਦਸੋ ਦਿਸਾ ਮੇਂ ਸੈਲ ਕਰ ਰਹਾ ਹੈ। ਯੇ ਭਜਨ ਕਿਸੀ ਕਾਮ ਨਹੀਂ। ਜਬ ਵਹੁ ਚਿਤ ਇਕਾਗਰ ਕਰ ਜਪਨੇ ਲਗਾ ਗੋਪਾਲ ਕਾ ਨਾਮ ਤੋ ਭੂਲ ਗਯਾ। ਡਫਾਲ ੨ ਜਪਨੇ ਲਗਾ। ਉਧਰ ਸ਼ੇਸ਼ ਨਾਗ ਕੀ ਸੇਜਾ ਪਰ ਭਗਵਾਨ ਬਿਰਾਜਮਾਨ ਹੋ ਰਹੇ ਥੇ। ਲਛਮੀ ਕੋ ਵਿਸਨੂੰ ਜੀ ਕਹਿਨੇ ਲਗੇ ਹੇ ਲਛਮੀ ਏਕ ਮੇਰਾ ਨਵੀਨ ਭਗਤ ਪੈਦੇ ਹੂਆ ਹੈ। ਅਰ ਉਸਨੇ ਮੇਰਾ ਨਾਮ ਭੀ



ਨੂਤਨ ਰਖਾ ਹੈ। ਚਲ ਤੈਨੂੰ ਦਰਸ਼ਨ ਕਰਾਵੇਂ। ਵਿਸਨੂੰ ਜੀ ਅਰ ਲਛਮੀ ਜੀ ਚਲ ਕੇ ਵਹਾਂ ਆਏ। ਏਕ ਕੂਪ ਗਿਰਾ ਪੜਾ ਥਾ। ਉਸ ਮੇਂ ਭਗਵਾਨ ਜੀ ਛੁਪਕੇ ਬੈਠ ਰਹੇ ਅਰ ਲਛਮੀ ਕੋ ਭੇਜਾ। ਲਛਮੀ ਨੇ ਜਾਕੇ ਪੂਛਾ ਹੇ ਭਗਤ ਜੀ ਤੁਮ ਕਿਸਕਾ ਨਾਮ ਜਪ ਰਹੇ ਹੋ। ਜਟ ਨਾ ਬੋਲਾ ਫੇਰ ਪੂਛਾ ਜਟ ਨੇ ਕਹਾ ਤੇਰੇ ਖਸਮ ਕਾ ਭਜਨ ਕਰਤਾ ਹੂੰ। ਲਛਮੀ ਨੇ ਜਾਨਾ ਮੇਰਾ ਮਾਲਕ ਵਿਸ਼ਨੂੰ ਹੈ। ਫੇਰ ਪੂਛਾ ਵਹੁ ਅਬ ਕਹਾਂ ਰਹਿਤਾ ਹੈ। ਜਟ ਬੋਲਾ ਤੇਰਾ ਖਸਮ ਅਬ ਢਠੇ ਖੂਹ ਮੇਂ ਰਹਿਤਾ ਹੈ। ਮੈਂ ਕੀ ਜਾਨਾਂ। ਲਛਮੀ ਨੇ ਜਾਨਾ ਯਹਿ ਤੋ ਪੂਰਾ ਭਗਤ ਹੈ। ਲਛਮੀ ਨਾਰਾਇਣ ਨੇ ਫਿਰ ਪ੍ਰਗਟ ਹੋ ਕੇ ਦਰਸ਼ਨ ਦੇ ਕੇ ਨਿਹਾਲ ਕੀਆ। ਐਸੇ ਹੀ ਜੋ ਗੁਰ ਮੰਤ੍ਰ ਕਾ ਤਿਆਗ ਨਹੀਂ ਕਰਤਾ ਉਸਕੋ ਪ੍ਰਮੇਸਰ ਮਿਲੇ ਹੈ। ਗੁਰ ਮੰਤ੍ਰ ਕਾ ਤਿਆਗਨਾ ਏਹੀ ਅਵਗਿਆ ਘਾਤ। ਭਾਵ ਮਾਰਨੇ ਸਮ ਦੋਸ਼ ਹੋਤਾ ਹੈ। ਯਦਪੀ ਕੋਈ ਸਿਧ ਪੁਰਸ਼ ਭੀ ਹੈ ਅਰ ਗੁਰ ਮੰਤ੍ਰ ਉਸਨੇ ਤਿਆਗ ਦੀਆ ਹੈ। ਫੇਰ ਵਹੁ ਭੀ ਨਰਕ ਕੋ ਹੀ ਜਾਇਗਾ। ਇਸ ਮੇਂ ਸੰਸਾ ਨਹੀਂ ਹੈ। ਇਸ ਮੇਂ ਤੁਲਸੀ ਦਾਸ ਜੀ ਕਾ ਪ੍ਰਮਾਨ॥

**ਸਲੋਕ॥ਭਵਾਨੀ ਸੰਕੌਰੌ ਬੰਦੇ ਸਰਧਾ ਵਿਸ੍ਵਾਸ ਰੂਪਣੌ॥ਯਾ ਭਯਾਂ ਬਿਨਾ ਨਪਸ਼ ਯੰਤੀ ਸਿਧਾ ਸ੍ਵਾਂਤਸਥ ਮੀਸ੍ਵਰੰ॥**

ਅਰਥ ਇਹ ਹੈ ਜਿਸ ਸਰਧਾ ਵਿਸ੍ਵਾਸ ਤੇ ਬਿਨਾ ਸਿਧ ਜਨ ਭੀ ਆਪਨੇ ਅੰਤਹਿਕਰਣ ਮੇਂ ਇਸਥਿਤ ਈਸ਼੍ਵਰ ਕੋ ਨਹੀਂ ਦੇਖ ਸਕੇ ਹੈ। ਐਸੇ ਸਰਧਾ ਔਰ ਵਿਸਵਾਸ ਸਰੂਪ ਪਾਰਬਤੀ ਔਰ ਸੰਕਰ ਕੋ ਮੈਂ ਪ੍ਰਣਾਮ ਕਰਤਾ ਹੂੰ। ਅਥਵਾ ਜਿਸ ਪੁਰਸ਼ ਨੇ ਗੁਰ ਮੰਤ੍ਰ ਤਿਆਗ ਕਰ ਦਿਆ ਹੈ। ਸੋ ਸੀਧਾ ਹੀ ਨਰਕਾਂ ਕੋ ਜਾਇਗਾ ਇਸ ਮੇਂ ਸੰਸਾ ਨਹੀਂ॥੪॥ਸੰਕਾ॥ ਜੋ ਗੁਰੂ ਕੀ ਵਿਭੂਤੀ ਹਰਨੇ ਵਾਲਾ ਹੈ। ਉਸਕਾ ਕੀ ਹਾਲ ਹੋਵੇ ਹੈ॥ਸਮਾਧਾਨ॥ਮੂਲ॥

**ਤੋਟਕ ਛੰਦ॥ਗੁਰ ਕੇ ਧਨ ਕੋ ਜਨ ਜੋ ਹਰਿ ਹੈ। ਹਤਿ ਤੇਜ ਵਿਭੂਤ ਦੁਖੀ ਮਰ ਹੈ। ਧਰਮਾਦਿ ਟਰੇ ਨਰਕੇ ਸੁ ਪਰੇ। ਉਪਜੈ**



Scanned by CamScanner

**ਪੁਨਤੇ ਸ੍ਵਪਚਾਦਿ ਘਰੇ ॥੫ ॥**

ਟੀਕਾ ॥ ਗੁਰੂ ਕੇ ਧਨ ਕੋ ਜੋ ਪੁਰਸ਼ ਚੁਰਾਇ ਲੇਤਾ ਹੈ ਉਸਕਾ ਧਨ ਈਸ੍ਵਰਜ ਤਥਾ ਸਭ ਤੇਜ ਉਸਕਾ ਨਸ਼ਟ ਹੋ ਜਾਵੇ ਹੈ। ਫੇਰ ਵਡਾ ਦੁਖੀ ਹੋ ਕੇ ਮਰੇ ਹੈ। ਜਪ ਤਪ ਭਜਨ ਪਾਠ ਧੀਰਜ ਧਰਮ ਸੇ ਆਦਿ ਲੇਕਰ ਇਹ ਸਭ ਉਸਕੇ ਨਸ਼ਟ ਹੋ ਜਾਵੇ ਹੈ। ਅੰਤ ਨੂੰ ਮਰਕੇ ਨਰਕ ਮੇਂ ਜਾ ਕੇ ਪੜੇ ਹੈ। ਸਾਰੇ ਨਰਕਾਂ ਕੋ ਭੋਗ ਕਰ ਫੇਰ ਚੰਡਾਲੋਂ ਕੇ ਗ੍ਰਹਿ ਮੇਂ ਉਤਪੰਨ ਹੋਵੇ ਹੈ ॥ ਸੰਕਾ ॥ ਚੰਡਾਲ ਕੇ ਘਰ ਮੇਂ ਪੈਦੇ ਹੋਇ ਕਰ ਬੁਧੀਵਾਨ ਤੋ ਹੋਤਾ ਹੋਇਗਾ ॥ ਸਮਾਧਾਨ ॥ ਮੂਲ ॥

**ਦੋਹਿਰਾ ॥ ਮੁਗਧ ਨਿਪੁੰਸਕ ਵਿਕਲ ਮਨ ਬਿਨ ਬਿਬੇਕ ਦੁਰ ਭਾਗ। ਨੀਚ ਕਰਮ ਨੀਚਹਿ ਕਰੇ ਗੁਰ ਨਿੰਦਾ ਮੈ ਰਾਗ ॥੬ ॥**

ਟੀਕਾ ॥ ਚੰਡਾਲੋਂ ਕੇ ਘਰ ਪੈਦੇ ਹੋ ਕਰ ਬੁਧੀਵਾਨ ਨਹੀਂ ਹੋਤਾ। ਕਿੰਤੂ ਮਹਾਂ ਮੂਰਖ ਜੈਸਾ ਪੈਦਾ ਹੋਵੇ ਹੈ।

ਸੰਕਾ ॥ ਮੂਰਖ ਤੋ ਹੂਆ ਪਰ ਬਲਵੰਤ ਹੋਤਾ ਹੋਗਾ ॥

ਸਮਾਧਾਨ ॥ ਨਿਪੁੰਸਕ ਨਾਮ ਹੀਜੜਾ ਹੋਤਾ ਹੈ। ਬਲਵੰਤ ਨਹੀਂ ਹੋਵੇ ਹੈ ਭਾਵ ਨਾ ਇਸਤਰੀ ਨਾ ਮਰਦ ॥ ਸੰਕਾ ॥ ਮਨ ਸੇ ਤੋ ਸਾਵਧਾਨ ਹੋਤਾ ਹੋਗਾ ॥ ਸਮਾਧਾਨ ॥ ਨਹੀਂ ਮਨ ਜਿਸ ਕਾ ਵਿਆਕੁਲ ਰਹੇ ਹੈ ॥ ਸੰਕਾ ॥ ਫੇਰ ਵਹੁ ਵਿਚਾਰਵਾਨ ਤੋ ਹੋਤਾ ਹੋਇਗਾ ॥ ਸਮਾਧਾਨ ॥ ਨਹੀ ਸ੍ਰੇਸਟ ਵਿਚਾਰ ਸੇ ਰਹਿਤ ਹੋਵੇ ਹੈ ॥ ਸੰਕਾ ॥ ਫੇਰ ਵਹੁ ਸ੍ਰੇਸਟ ਭਾਗਾਂ ਵਾਲਾ ਤੋ ਹੋਤਾ ਹੋਇਗਾ ॥ ਸਮਾਧਾਨ ॥ ਨਹੀਂ ਵਡੇ ਖੋਟੇ ਭਾਗਾਂ ਵਾਲਾ ਹੋਵੇ ਹੈ ॥ ਸੰਕਾ ॥ ਆਗੇ ਕਰਮ ਤੋ ਹਛੇ ਕਰਤਾ ਹੋਇਗਾ ॥ ਸਮਾਧਾਨ ॥ ਨੀਚ ਕਰਮ ਨਹੀਂ ਪਿਛਲਿਆਂ ਸੇ ਅਗੇ ਵੀ ਨੀਚ ਕਰਮ ਕਰਤਾ ਹੈ ॥ ਸੰਕਾ ॥ ਵਹੁ ਐਸਾ ਕਿਆ ਕਰਮ ਕਰਤਾ ਹੈ ॥ ਸਮਾਧਾਨ ॥ ਗੁਰੂ ਕੀ ਨਿੰਦਾ ਮੇਂ ਰਾਗ ਨਾਮ ਜਿਸ ਕਾ ਪ੍ਰੇਮ ਹੈ ॥ ਕਿੰਬਾ ॥ ਨੀਚ ਜੋ ਪੁਰਸ਼ ਹੈ ਸੋ ਨੀਚ ਹੀ ਕਰਮ ਕਰਤਾ



ਹੈ। ਵਹੁ ਨੀਚ ਕਰਮ ਇਹ ਹੈ ਗੁਰੂ ਕੀ ਨਿੰਦਾ ਸ੍ਰਵਨ ਕਰਨੇ ਮੇਂ ਤਥਾ ਕਥਨ ਕਰਨੇ ਮੇਂ ਹਰ ਸਮੇਂ ਜਿਸਕਾ ਪ੍ਰੇਮ ਹੋ ਰਹਾ ਹੈ ॥ ਸੰਕਾ ॥ ਇਸ ਨਿੰਦਾ ਕਾ ਕਿਆ ਫਲ ਹੋਵੇ ਹੈ ॥ ਸਮਾਧਾਨ ॥ ਇਸ ਨਿੰਦਾ ਕਾ ਜੋ ਫਲ ਹੋਵੇ ਹੈ ਸੋ ਤੁਮ ਸੁਨੋ। ਤੁਲਸੀ ਦਾਸ ਜੀ ਕਾ ਪ੍ਰਮਾਨ ॥ ਉਤਰ ਕਾਂਡ ॥

**ਚੌਪਈ ॥ ਪਰਮ ਧਰਮ ਸ੍ਰੁਤ ਬਿਦਤ ਅਹਿੰਸਾ। ਪਰ ਨਿੰਦਾ ਸਮ ਅਘਨ ਗਰੀਸਾ। ਹਰਿ ਗੁਰੂ ਨਿੰਦਕ ਦਾਦਰ ਹੋਈ। ਜਨਮ ਸਹਿਸਰ ਪਾਵ ਤਨੁ ਸੋਈ। ਦ੍ਵਿਜ ਨਿੰਦਕ ਬਹੁ ਨਰਕ ਭੋਗ ਕਰ। ਜਗ ਜਨਮੇਂ ਬਾਇਸ ਸਰੀਰ ਧਰ। ਸੁਰਤ ਨਿੰਦਕ ਜੇ ਅਭਿਮਾਨੀ। ਰੋਰਵ ਨਰਕ ਪਰਹਿ ਤੇ ਪ੍ਰਾਨੀ। ਹੋਹਿਉਲੂਕ ਸੰਤ ਨਿੰਦਾਰਤਿ। ਮੋਹ ਨਿਸਾ ਪ੍ਰਿਯ ਗਿਆਨ ਭਾਨੁ ਗਤ। ਸਭ ਕੀ ਨਿੰਦਾ ਜੇ ਜੜ ਕਰ ਹੀ। ਤੇ ਚਮਗਾਦੁਰ ਹੁਇ ਅਵਤਰਹੀ ॥**

ਅਰਥ ਇਹ ਹੈ ਵੇਦੋਂ ਮੇਂ ਵਡਾ ਧਰਮ ਅਹਿੰਸਾ ਕਹਾ ਹੈ ਯਥਾ- ਅਹਿੰਸਾ ਪਰਮੋਂ ਧਰਮ: ਔਰ ਪਰਾਈ ਨਿੰਦਾ ਕੇ ਬਰਾਬਰ ਵਡਾ ਪਾਪ ਨਹੀਂ। ਵਿਸ਼ਨੂੰ ਔਰ ਗੁਰੂ ਕੀ ਨਿੰਦਾ ਕਰਨੇ ਵਾਲਾ ਮੇਂਡਕ ਹੋਕਰ ਹਜਾਰ ਜਨਮ ਤਕ ਉਸੀ ਸਰੀਰ ਕੋ ਪਾਤਾ ਹੈ। ਬ੍ਰਾਹਮਨ ਕੀ ਨਿੰਦਾ ਕਰਨੇ ਵਾਲਾ ਬਹੁਤ ਸੇ ਨਰਕ ਭੋਗ ਕਰ ਕਊਏ ਕਾ ਸਰੀਰ ਧਾਰਨ ਕਰ ਸੰਸਾਰ ਮੇਂ ਜਨਮ ਲੇਤਾ ਹੈ। ਜੋ ਅਭਿਮਾਨੀ ਦੇਵਤਾ ਔਰ ਵੇਦੋਂ ਕੀ ਨਿੰਦਾ ਕਰਤੇ ਹੈਂ। ਵੋ ਪ੍ਰਾਨੀ ਰੋਰਵ ਨਰਕ ਮੇਂ ਪੜਤੇ ਹੈਂ। ਸੰਤੋਂ ਕੀ ਨਿੰਦਾ ਮੇਂ ਜਿਨਕੀ ਪ੍ਰੀਤੀ ਹੈ ਵੋ ਉਲੂ ਹੋਤੇ ਹੈਂ ਜਿਨ ਕੋ ਅਗਿਯਾਨ ਰੂਪੀ ਰਾਤ ਪਜਾਰੀ ਹੈ। ਜਿਸਮੇਂ ਗਿਆਨ ਰੂਪੀ ਸੂਰਜ ਨਹੀਂ ਰਹਿਤਾ। ਜੋ ਮੂਰਖ ਸਭ ਕੀ ਨਿੰਦਾ ਕਰਤੇ ਹੈ। ਵੋ ਚਿਮਗਾਦਰ ਹੋਕਰ ਅਵਤਾਰ ਲੇਤੇ ਹੈਂ। ਜੋ ਭੋਜਨ ਔਰ ਬਿਟ ਮੁਖ ਸੇ ਹੀ ਕਰਤੇ ਹੈਂ। ਇਸੀ ਮੇਂ ਗੁਰੂ ਸਿਮ੍ਰਤੀ ਪ੍ਰਮਾਨ ॥

**ਸਲੋਕ ॥ ਗੁਰਮੰਤ੍ਰ ਹੀਣਸਜ ਜੋ ਪ੍ਰਾਣੀ ਧ੍ਰਿਗੰਤ ਜਨਮ**



Scanned by CamScanner

ਭ੍ਰਸਟਣਹਿ। ਕੂਕਰਹਿ ਸੂਕਰਹਿ ਗਰਧਬਹਿ ਕਾਕਹਿ ਸਰਪਨ ਤੁਲ ਖਲਹਿ।

ਐਸਾ ਪਾਪੀ ਅਨੇਕ ਜੂਨਾਂ ਕੋ ਧਾਰਨ ਕਰੇ ਹੈ।

**ਸਲੋਕ ॥ਗੁਰ ਨਿੰਦਾ ਸਮੰ ਪਾਪੰ ਭੂਤੋ ਨ ਭਵਿਖਜਤੀ। ਗੁਰੋ ਸੇਵਾ ਸਮੰ ਪੁਨੰ ਭੂਤੋ ਨ ਭਵਿਖਜਤੀ।**

ਭਾਵ॥ ਐਸੇ ਪਾਪੀ ਕੀ ਗਤੀ ਕਹੀ ਹੋਵੈ ਨਹੀਂ ਹੈ॥ਸੰਕਾ॥ ਗੁਰੂ ਕੈਸੇ ਜਗਿਯਾਸੂ ਕਾ ਅਗਿਆਨ ਦੂਰ ਕਰੇ ਹੈ। ॥ਸਮਾਧਾਨ॥ਮੂਲ॥

**ਚੌਪਈ॥ ਗਿਆਨ ਸਲਾਕਾ ਦੈ ਬੁਧ ਲੋਚਨ। ਕਰਹੈ ਤਮ ਅਗਜਾਨ ਵਿਮੋਚਨ। ਨਿਰਾਵਰਣ ਦ੍ਰਿਗ ਕਰੈ ਜੁ ਸ੍ਰੀ ਗੁਰ। ਨਮੋ ਨਮੋ ਤਿਹਿ ਚਰਨ ਧਾਰ ਉਰ।੭।**

ਟੀਕਾ॥ ਸ੍ਰੀ ਗੁਰੂ ਕ੍ਰਿਪਾ ਦ੍ਰਿਸ੍ਰੀ ਕਰਕੇ ਗਯਾਨ ਰੂਪੀ ਸਲਾਈ ਜਗਿਯਾਸੂ ਕੇ ਬੁਧੀ ਰੂਪ ਨੇਤ੍ਰਾਂ ਮੇਂ ਫੇਰ ਕਰ ਅਗਿਯਾਨ ਰੂਪੀ ਅੰਧਕਾਰ ਕੋ ਜਿਨਾਂ ਨੇ ਵਿਮੋਚਨ ਕਹੀਏ ਨਾਸ਼ ਕਰ ਦੀਆ ਹੈ। ਫੇਰ ਮੂਲ ਸਹਿਤ ਪਰਪੰਚ ਕੋ ਨਾਸ ਰੂਪ ਦੇਖਤਾ ਹੈ। ਸੰਸੇ ਵਿਪਰਜੇ ਤੇ ਰਹਿਤ ਆਪਨੇ ਸਰੂਪ ਕੋ ਜਾਨੇ ਹੈ। ਅਵਰਨ ਸੇ ਰਹਿਤ ਜਿਨਾਂ ਗੁਰਾਂ ਨੇ ਜਗਿਯਾਸੂ ਕੀ ਬੁਧੀ ਰੂਪੀ ਨੇਤ੍ਰ ਕਰ ਦੀਏ ਹੈਂ। ਕਵੀ ਜੀ ਕਹੇ ਹੈ। ਤਿਸ ਗੁਰੂ ਜੀ ਕੇ ਚਰਨਾਰ-ਬਿੰਦ ਕੋ ਹਿਰਦੇ ਮੇਂ ਧਾਰਕੇ ਮੇਰੀ ਨਿਮਸਕਾਰ ਹੋ ਨਿਮਸਕਾਰ ਹੋ। ਵਾਮਨ ਬਾਨੀ ਸੇ ਮੇਰੀ ਨਿਮਸਕਾਰ ਹੋ॥ਸੰਕਾ॥ਨਮੋ ਨਮੋ ਦੋ ਵਾਰੀ ਕਹਿਨੇ ਸੇ ਪੁਨਰੁਕਤੀ ਦੋਸ਼ ਆਤਾ ਹੈ॥ਸਮਾਧਾਨ॥ਇਤਨੇ ਅਸਥਾਨੋਂ ਪੁਨ ਰੁਕਤੀ ਦੋਸ਼ ਨਹੀ ਆਤਾ॥

**ਦੋਹਿਰਾ॥ਕਰਖ ਹਰਖ ਅਮਰਖ ਪੁਨ ਸੁਪਨ ਦੀਨਤਾ ਉਕਤ। ਉਸਤਤਿ ਨਿੰਦਾ ਬਾਦ ਮੇਂ ਦੋਸ ਨਹੀ ਪੁਨਰੁਕਤ॥**



ਅਥਵਾ॥ ਨਮੋ ਕਰਨੇ ਜੋਗ ਜੋ ਲੋਕ ਹੈਂ। ਸੋ ਭੀ ਗੁਰੂ ਕੇ ਚਰਨ ਕੋ ਰਿਦੇ ਮੇਂ ਧਾਰ ਕੈ ਨਮੋ ਕਰਤੇ ਹੈਂ। ਅਥਵਾ। ਜੋ ਐਸੇ ਗੁਰਾਂ ਕੇ ਚਰਨਾਂ ਕੋ ਨਮੋ ਕਰੇ ਹੈ। ਤਿਸਕੋ ਨਮੋਹ ਮੋਹ ਨਹੀਂ ਰਹਿਤਾ।੭। ਈਹਾਂ ਅਬ ਦੁਤੀਯ ਧਿਆਇ ਸਮਾਪਤ ਹੋ ਗਯਾ ਹੈ॥ ਸੰਕਾ॥ ਦੂਸਰੇ ਧਿਆਇ ਛੰਦ ਕਿਤਨੇ ਹੈਂ॥ਸਮਾਧਾਨ॥

**ਦੋਹਿਰਾ॥ ਤ੍ਰੈ ਦੋਹੇ ਤੋਟਕ ਉਭੈ ਦੋ ਚੌਪਈ ਨਿਹਾਰ। ਮੁਨ ਸਲੋਕ ਮਨ ਸੋਕ ਕੋ ਕਾਟੈ ਲਗੈ ਨ ਬਾਰ।੮।**

ਟੀਕਾ॥ ਤੀਨ ਦੋਹਿਰੇ ਹੈਂ। ਦੋ ਤੋਟਕ ਛੰਦ ਹੈਂ। ਦੋ ਚੌਪਈ ਹੈ। ਮੁਨ ਨਾਮ ਸਪਤ ਰਿਖੀ ਜੈਸੇ ਸਤ ਹੈ। ਤੈਸੇ ਸਤ ਇਸਕੇ ਛੰਦ ਹੈ॥ਭਾਵ॥ ਜੈਸੇ ਸਪਤ ਰਿਖੀਓਂ ਕੇ ਦਰਸ਼ਨ ਕਰਨੇ ਸੇ ਪੁਰਸ਼ ਕਾ ਚਿਤ ਸੁਧ ਹੋ ਜਾਵੇ ਹੈ ਤੈਸੇ ਜੋ ਇਨਕੇ ਭਾਵ ਕੋ ਪੁਰਸ਼ ਚਿਤ ਮੇਂ ਧਾਰਨ ਕਰੇ ਉਸਕੇ ਮਨ ਕੇ ਜਨਮ ਮਰਨ ਰੂਪੀ ਜੋ ਸੋਕ ਹੈ। ਉਸਕੇ ਨਸਟ ਹੋਤਿਆਂ ਡੇਰੀ ਨਾ ਲਗੇਗੀ।੮।

**ਇਤਿ ਸ੍ਰੀ ਸਾਰੁਕਤਾਵਲੀ ਤਾਸ ਦੁਤੀ ਅਧਿਆਇ। ਗੁਰ ਉਪਮਾ ਤਾ ਮੈ ਕਹੀ ਕਵਿ ਹਰਿ ਦਿਆਲ ਸੁਭਾਇ।**

ਟੀਕਾ॥ ਸ੍ਰੀ ਨਾਮ ਸੁਭਾਇਮਾਨ ਜੋ ਸਾਰੁਕੁਤਾਵਲੀ ਹੈ ਤਿਸਕੇ ਦੂਸਰੇ ਧਿਆ ਕੇ ਬੀਚ ਮੇਂ ਕਵੀ ਹਰਿ ਦਿਆਲ ਨੇ ਗੁਰੂ ਉਪਮਾ ਨਿਰੂਪਨ ਕਰੀ ਹੈ। ਅਬ ਸੋ ਇਤਿ ਨਾਮ ਸਮਾਪਤ ਹੋ ਗਯਾ ਹੈ।੨।

**ਦੋਹਿਰਾ॥ ਗੁਰ ਉਪਮਾ ਇਸ ਮੇਂ ਕਹੀ ਜਾਨੋ ਚਤੁਰ ਸੁਜਾਨ। ਭੂਲ ਖਿਮਾ ਮਮ ਕੀਜੀਏ ਜੁਵਾਲਾ ਦਾਸ ਬਖਾਨ।**

ਇਤਿ ਸ੍ਰੀ ਸਾਰੁਕੁਤਾਵਲੀ ਤਤ੍ਰ ਬੋਧਨੀ ਟੀਕਾ ਕ੍ਰਿਤ ਪ੍ਰਮ ਹੰਸ ਸੰਤ ਜੁਵਾਲਾ ਦਾਸ ਉਦਾਸੀਨ ਗੁਰ ਉਪਮਾ ਵਰਨਨੰ ਦੁਤੀਯ ਧਿਆਇ।੨।

-o-



Scanned by CamScanner

੧ੴ ਸਤਿਗੁਰ ਪ੍ਰਸਾਦਿ ॥

# ਅਥ ਤ੍ਰਿਤੀਯ ਧਿਆਇ ਪ੍ਰਾਰੰਭ

ਪ੍ਰਿਥਮ ਧਿਆਇ ਕੇ ਬੀਚ ਧਰਮ ਨਿਰੂਪਨ ਕਰਾ ਹੈ। ਦੁਤੀਯ ਮੇਂ ਗੁਰ ਉਪਮਾ ਕਥਨ ਕਰੀ ਹੈ। ਅਬ ਤ੍ਰਿਤੀਯ ਧਿਆਇ ਮੇਂ ਵਿਦਯਾ ਕੀ ਉਪਮਾ ਕਥਨ ਕਰੇਂਗੇ॥ ਸੰਕਾ॥ ਵਿਦਯਾ ਕੀ ਉਪਮਾ ਕਿਉਂ ਨਿਰੂਪਨ ਕਰੋਗੇ॥ ਸਮਾਧਾਨ॥ ਵਿਚਾਰ ਕਰ ਦੇਖਾ ਜਾਏ ਇਨਾ ਦੋਨੋਂ ਨੇਤ੍ਰੋਂ ਸੇ ਸੰਸਾਰ ਕੇ ਪਦਾਰਥੋਂ ਕਾ ਗਿਆਨ ਹੋਵੇ ਹੈ। ਆਤਮਾ ਕਾ ਨਹੀਂ। ਵਿਦਿਆ ਰੂਪੀ ਤੀਸਰਾ ਨੇਤਰ ਹੈ। ਇਸ ਸੇ ਸੁਭਾਸੁਭ ਕਰਮ ਕਾ ਤਥਾ ਆਤਮਾ ਕਾ ਬੋਧ ਹੋਵੇ ਹੈ। ਜਬ ਤਕ ਇਸ ਕੇ ਪਾਸ ਵਿਦਿਆ ਰੂਪੀ ਨੇਤਰ ਨਹੀਂ ਹੈ। ਤਬ ਤਕ ਯੇ ਪੁਰਸ਼ ਅੰਧ ਦਾ ਅੰਧ ਹੈ ਯਾਂ ਤੇ ਪ੍ਰਿਥਮ ਵਿਦਿਆ ਹੋਣੀ ਚਾਹੀਏ। ਫੇਰ ਵਿਦਿਆ ਸੇ ਸਤਿ ਅਸਤਿ ਕਾ ਬੋਧ ਹੋਇਗਾ ਅਸਤਿ ਕੋ ਤਿਆਗ ਕੇ ਸਤਿ ਵਸਤੂ ਕੀ ਪ੍ਰਾਪਤੀ ਲੀਏ ਫੇਰ ਗੁਰੂ ਕੀ ਸ਼ਰਨ ਕੋ ਜਾਇਗਾ। ਤਹਾਂ ਸੇ ਉਪਦੇਸ ਲੇਕਰ ਸਦਗਤੀ ਕੋ ਪ੍ਰਾਪਤ ਹੋਗਾ ਇਸ ਲੀਏ ਪਰੰਪਰਾ ਸੇ ਵਿਦਿਆ ਮੋਖ ਕੀ ਸਹਿਕਾਰੀ ਹੋਣੇ ਸੇ ਅਬ ਆਗੇ ਤ੍ਰਿਤੀਯ ਧਿਆਓ ਮੇਂ ਵਿਦਿਆ ਕੀ ਉਪਮਾ ਕਥਨ ਕਰਤੇ ਹੈ॥

**ਦੋਹਿਰਾ॥ ਵਿਦਿਆ ਵਰਨੇ ਤੀਸਰੇ, ਛੰਦ ਅਠਾਈ ਮਾਨ। ਵਿਦਿਆ ਪਾਤ੍ਰ ਅਪਾਤ ਪੁਨ, ਬ੍ਰਿਧਾ ਬ੍ਰਿਧ ਨਿਦਾਨ॥੧॥**

ਟੀਕਾ॥ ਅਬ ਹਰਿ ਦਿਆਲ ਜੀ ਤੀਸਰੇ ਧਿਆਇ ਮੇਂ ਅਠਾਈ ਛੰਦੋ ਕਰਕੇ ਵਿਦਿਆ ਕੀ ਮਹਿਮਾ ਵਰਨਨ ਕਰੇਂਗੇ ਐਸਾ ਤੁਮ ਮਾਨੋ॥



ਸੰਕਾ॥ ਪ੍ਰਿਥਮੇਂ ਇਸ ਮੇਂ ਕੀ ਨਿਰੂਪਨ ਹੋਇਗਾ॥ ਸਮਾਧਾਨ॥ ਅਖਰ ਐਸੇ ਅਨ੍ਹੈ ਕਰਨੇ। ਵਿਦਿਆ ਪਾਤ੍ਰ ਬ੍ਰਿਧ ਵਿਦਿਆ ਅਪਾਤ੍ਰ ਅਬ੍ਰਿਧ ਪਾਤ੍ਰ ਨਾਮ ਅਧਿਕਾਰੀ ਕੋ ਦੇਨੇ ਸੇ ਵਿਦਿਆ ਬ੍ਰਿਧ ਨਾਮ ਵਧੇ ਹੈ। ਅਪਾਤ੍ਰ ਨਾਮ ਅਨ ਅਧਿਕਾਰੀ ਕੋ ਵਿਦਿਆ ਦੇਨੇ ਸੇ ਅਬ੍ਰਿਧ ਨਾਮ ਨਾਸ ਕੋ ਪਰਾਪਤ ਹੋ ਜਾਵੇ ਹੈ। ਭਾਵ ਆਸਤਕ ਸਰਧਾਲੂ ਪੁਰਸ਼ ਕੋ ਵਿਦਿਆ ਪੜ੍ਹਾਨੇ ਸੇ ਵਿਦਜਾ ਫਲੀਭੂਤ ਹੋਵੇ ਹੈ। ਅਨ ਅਧਿਕਾਰੀ ਨਾਸਤਕ ਕੋ ਵਿਦਿਆ ਪੜ੍ਹਾਨੇ ਸੇ ਸਭ ਨਿਸਫਲ ਚਲੀ ਜਾਵੇ ਹੈ। ਨਿਦਾਨ ਨਾਮ ਜਿਨਾ ਕਾਰਨੋ ਸੇ ਵਿਦਿਆ ਕੀ ਪਰਾਪਤੀ ਹੋਵੇ ਹੈ। ਸੋ ਵਹੁ ਕਾਰਨ ਭੀ ਕਹੇਂਗੇ। ਅਰ ਵਿਦਜਾ ਕੀ ਫੇਰ ਉਪਮਾ ਨਿਰੂਪਨ ਕਰੇਂਗੇ। ਯੇ ਸਭ ਇਸ ਧਿਆਇ ਮੇਂ ਪਰਸੰਗ ਕਹੇਂਗੇ॥ ੧ ॥ ਸੰਕਾ॥ ਪਾਤਰ ਅਪਾਤਰ ਕੋ ਵਿਦਿਆ ਫਲੀਭੂਤ ਅਰ ਨਿਸਫਲ ਕੈਸੇ ਹੋਵੇ ਹੈ॥ ਸਮਾਧਾਨ॥ ਮੂਲ॥

**ਸ੍ਵੈਯਾ॥ ਇਹ ਵੇਦ ਕੋ ਗਜਾਨ ਸੁਜਾਨਨ ਕੇ, ਅਭਿਮਾਨ ਮਦਾਦਿ ਵਿਕਾਰ ਵਿਨਾਸੈ। ਪੁਨ ਕੇਚਿਤ ਨੀਚਨ ਕੋ ਵਹੁ ਬੋਧ, ਮਦੇ ਅਭਿਮਾਨ ਵਿਕਾਰ ਨਿਵਾਸੈ। ਅਚ ਅੰਮ੍ਰਿਤਜਾਸ ਹਲਾ ਹਲ ਹ੍ਵੈ ਨਹਿ ਔਖਦ ਵੈਦ ਨਹੀ ਕਛੁ ਤਾਸੈ। ਜਨ ਪਾਤ੍ਰ ਕੁਪਾਤਰ ਕੋ ਸੋਧ ਕੈ ਬੋਧ ਕਰੇ ਬੁਧਵਾਨ ਜੋ ਬੋਧ ਪਰਕਾਸੈ॥੧॥**

ਟੀਕਾ॥ ਪੰਡਤ ਜੀ ਕਹੇ ਹੈਂ ਸੁਜਾਨਨ ਨਾਮ ਜੋ ਸੰਤ ਸ਼ਾਂਤ ਚਿਤ ਆਤਮਾ ਆਸਤਿਕ ਪੁਰਸ਼ ਸਰਧਾਲੂ ਹੈ। ਉਨਕੋ ਇਹੁ ਵੇਦ ਕਾ ਗਿਆਨ ਹੋ ਜਾਵੇ। ਭਾਵ। ਇਸ ਵਿਦਿਆ ਕੋ ਪੜ੍ਹਕੇ ਜਾਤੀ ਅਰ ਦੇਹਾਦੀ ਅਭਿਮਾਨ ਧਨ ਜੋਬਨ ਕਾ ਹੰਕਾਰ ਕਾਮ ਕ੍ਰੋਧ ਮਦ ਈਰਖਾਦੀ ਵਿਕਾਰ ਵਿਨਾਸੈ ਕਹੀਏ ਉਸਕੇ ਨਿਵਰਤ ਹੋ ਜਾਵੇ ਹੈ। ਨਿਰ ਅਭਿਮਾਨ ਹੋਕਰ ਫੇਰ ਵਹੁ ਸੰਸਾਰ ਮੇਂ ਰਹੇ ਹੈਂ। ਯੇ ਸੁਪਾਤ੍ਰੋਂ ਕਾ ਲਖਨ ਕਹਿ ਦੀਆ ਹੈ। ਅਬ ਕੁਪਾਤ੍ਰੋਂ ਕੀ ਬਾਤ ਸੁਨੋ। ਪੁਨ ਕੇ ਚਿਤ ਨੀਚਨ ਕੋ। ਫੇਰ ਕਈ ਜੋ ਕੁਪਾਤ੍ਰ ਨੀਚ ਅਨ ਅਧਿਕਾਰੀ ਪੁਰਸ਼ ਹੈ। ਵੋਹੀ ਵੇਦ ਸਾਸਤ੍ਰ ਕਾ ਬੋਧ



Scanned by CamScanner

ਯਦੀ ਉਨਕੋ ਹੋ ਜਾਇ। ਵਹੁ ਉਲਟਾ ਹੰਕਾਰ ਅਭਿਮਾਨਾ ਦੀ ਵਿਕਾਰ ਆਪਨੇ ਚਿਤ ਮੇਂ ਨਿਵਾਸ ਕਰ ਲੇਵੇ ਹੈ। ਭਾਵ ਸਪਾਤ੍ਰ ਕੋ ਵਿਦਿਆ ਹਛਾ ਫਲ ਦੇਵੇ ਹੈ ਅਰ ਕੁਪਾਤ੍ਰ ਕੋ ਵਿਦਿਆ ਮਾੜਾ ਫਲ ਦੇਵੇ ਹੈ। ਕਾਹਿਤੇ। ਵਿਦਿਆ ਪੜਕੇ ਵਿਕਾਰੋਂ ਕਾ ਤਿਆਗ ਕਰਨਾ ਥਾ। ਉਲਟਾ ਵਿਦਿਆ ਪੜਕੇ ਵਿਕਾਰ ਚਿਤ ਮੇਂ ਧਾਰਨ ਕਰ ਲੀਏ। ਇਸ ਪਰ ਏਕ ਗਾਥਾ ਹੈ। ਜੈਸੇ ਬਿਲੀ ਕਿਸੀ ਕੀ ਹਟੀ ਮੇਂ ਵੜ ਗਈ। ਪਿਤਾ ਨੇ ਕਹਾ ਪੁੱਤਰ ਇਸ ਬਿਲੀ ਕੋ ਬਾਹਿਰ ਕਢਕੇ ਜੰਦਾ ਲਾ ਕੇ ਆ। ਸੰਧਿਆ ਕਾ ਸਮਾਂ ਹੈ। ਬਿਲੀ ਮਤ ਅੰਦ੍ਰ ਭਾਂਡੇ ਮਸਾਲਿਆਂ ਵਾਲੇ ਭੰਨ ਨਾ ਜਾਏ। ਜਰੂਰ ਨਿਕਾਲਕੇ ਆਨਾ ਐਸੇ ਕਹਿਕੇ ਪਿਤਾ ਚਲਾ ਗਯਾ। ਪਿਛੋਂ ਕੋਈ ਊਠ ਵਾਲੇ ਨੇ ਆਨ ਕੇ ਕਹਾ ਭਾਈ ਮੇਰੇ ਸੇ ਚਾਰ ਪੈਸੇ ਲੈ ਤੇ ਮੈਨੂੰ ਊਠ ਅੰਦਰ ਬੰਨਨ ਦੇ। ਲੜਕੇ ਨੇ ਲਾਲਚ ਦੇ ਮਾਰੇ ਬੰਨਾ ਲੀਆ। ਊਠ ਕੀ ਊਚੀ ਗਰਦਨ ਥੀ ਜਿਧਰ ਸਿਰ ਕਰੇ ਤਾਂ ਦਸ ਪੰਜ ਬਰਤਨ ਭੰਨ ਕੇ ਮਸਾਲੇ ਡੋਹਲ ਦੇਵੇ। ਥੋੜਾ ਸਾ ਪੈਰ ਹਲਾਵੇ ਤਾਂ ਭਾਂਡੇ ਭੰਨੇ। ਸਵੇਰੇ ਪਿਤਾ ਨੇ ਹਟੀ ਦੇਖੀ ਤਾਂ ਉਜਾੜ ਪਈ ਹੈ। ਹੇ ਪੁੱਤਰ ਮੂਰਖ ਯੇ ਤੈਂਨੇ ਕਿਆ ਕੀਆ। ਮੈਂ ਤੈਨੂੰ ਬਿਲੀ ਸੇ ਮਨਾ ਕੀਆ ਥਾ। ਉਲਟਾ ਤੈਂਨੇ ਊਠ ਅੰਦਰ ਵਾੜ ਕੇ ਸਾਰੀ ਹਟੀ ਉਜਾੜ ਕਰ ਦਈ ਹੈ। ਕਢਨੀ ਬਿਲੀ ਵਾੜ ਲੀਆ ਊਠ ਯੇ ਤੈਂਨੇ ਕਿਆ ਕੀਆ। ਤੈਸੇ ਗੁਰੂ ਰੂਪੀ ਪਿਤਾ ਜਗਯਾਸੂ ਰੂਪੀ ਪੁੱਤਰ ਕੋ ਜਨਾਵਤੇ ਹੈ। ਹੇ ਸਿਖ ਵਿਦਿਆ ਪੜਕੇ ਆਪਨੇ ਚਿਤ ਰੂਪੀ ਹਟੀ ਸੇ ਹੰਗਤਾ ਰੂਪੀ ਬਿਲੀ ਕਢੀਂ। ਜੋ ਸੁਪਾਤ੍ਰ ਹੈ ਸੋ ਕਢ ਦੇਤੇ ਹੈ। ਅਰ ਜੋ ਕੁਪਾਤ੍ਰ ਹੈਂ ਵਹੁ ਉਲਟਾ ਅਭਿਮਾਨ ਰੂਪੀ ਊਠ ਰਿਦੇ ਮੇਂ ਵਾੜ ਲੇਤੇ ਹੈਂ। ਦੈਵੀ ਸੰਪਤੀ ਰੂਪੀ ਭਾਂਡੇ ਭਜ ਜਾਵੇ ਹੈ। ਇਤੀ॥ ਸੰਕਾ॥ ਐਸੇ ਕੁਪਾਤ੍ਰ ਕੇ ਸੁਧਾਰਨੇ ਮੇਂ ਕੋਈ ਉਪਾਓ ਹੈ ਵਾ ਨਹੀਂ॥ਸਮਾਧਾਨ॥ਦ੍ਰਿਸ੍ਟਾਂਤ। ਅੰਮ੍ਰਿਤ ਪੀ ਕੇ ਜੈਸੇ ਪੁਰਸ਼ ਨੇ ਅਮਰ ਹੋਨਾ ਥਾ। ਪਰ ਜਿਸ ਕੋ ਅੰਮ੍ਰਿਤ ਹੀ ਹਲਾਹਲ ਨਾਮ ਵਿਖ ਹੋ ਜਾਵੇ ਫੇਰ ਤਿਸ ਕੋ ਔਖਦੀ ਨਾਮ ਦਵਾਈ ਬੂਟੀ ਵੈਦ ਨਾਮ ਹਕੀਮ ਕੁਛ ਨਹੀਂ ਕਰ ਸਕੇ ਹੈ। ਭਾਵ। ਵਹੁ ਅਸਾਧ ਰੋਗ ਹੈ ਇਸਕਾ



ਕੋਈ ਇਲਾਜ ਨਹੀਂ ਹੈ। ਦ੍ਰਿਸ੍ਟਾਂਤ। ਤੈਸੇ ਵੇਦ ਗਿਆਨ ਰੂਪੀ ਅੰਮ੍ਰਿਤ ਪਾਨ ਕਰ ਜਗਯਾਸੂ ਨੇ ਵਿਕਾਰ ਨਿਵਰਤ ਕਰਨੇ ਥੇ। ਪਰ ਉਸੀ ਕੋ ਪੜ ਕਰ ਜੋ ਫੇਰ ਉਲਟਾ ਵਿਕਾਰ ਚਿਤ ਮੇਂ ਧਾਰਨ ਕਰ ਲਏ। ਦਸੋ ਫੇਰ ਉਸਕੋ ਗੁਰੂ ਰੂਪੀ ਵੈਦ ਉਪਦੇਸ ਰੂਪੀ ਔਖਦੀ ਕਿਆ ਕਰ ਸਕੇ ਹੈ। ਭਾਵ ਵਹੁ ਇਲਾਜ ਸੇ ਬਾਹਰ ਹੋ ਚੁਕਾ ਹੈ। ਇਸੀ ਵਾਸਤੇ ਬੁਧੀਵਾਨ ਗੁਰੂ ਕੋ ਚਾਹੀਏ ਪਾਤ੍ਰ ਨਾਮ ਅਧਿਕਾਰੀ ਕੁਪਾਤ੍ਰ ਨਾਮ ਅਨ ਅਧਿਕਾਰੀ ਕੋ ਸੋਧ ਕੇ ਨਾਮ ਵਿਚਾਰ ਕਰਕੇ ਬੋਧ ਕਰੇ ਕਹੀਏ ਉਪਦੇਸ ਕਰੇ। ਕਾਹੇ ਤੇ। ਜੋ ਬੋਧ ਪ੍ਰਕਾਸੈ। ਨਾਮ ਜਿਸ ਸੇ ਜਗਿਯਾਸੂ ਕੇ ਚਿਤ ਮੇਂ ਗਿਆਨ ਕਾ ਪ੍ਰਕਾਸ਼ ਹੋ ਜਾਇ। ਭਾਵ। ਪ੍ਰਾਪਤ ਹੋ ਜਾਇ ਇਸਕਾ ਭਾਵ ਏਹੁ ਹੈ। ਜੋ ਪੜਾਨੇ ਵਾਲਾ ਪੁਰਸ਼ ਹੋ ਪਹਿਲੇ ਉਸਕੋ ਵਿਚਾਰ ਕਰਨਾ ਚਾਹੀਏ ਯੇ ਪੁਰਸ਼ ਵਿਦਿਆ ਕੇ ਪੜਾਨੇ ਕਾ ਅਧਿਕਾਰੀ ਹੈ। ਵਾ ਨਹੀਂ ਜੋ ਅਧਿਕਾਰੀ ਹੋਵੈ ਉਸਕੋ ਪੜਾਵੇ ਦੂਸਰੇ ਕੋ ਨਾ ਪੜਾਵੇ। ਜਬ ਐਸੇ ਕਰੇਗਾ ਤਬ ਅਵਸਯ ਮੇਵ ਸਿਖ ਕੇ ਚਿਤ ਮੇਂ ਵਿਕਾਰ ਦੂਰ ਹੋ ਕੇ ਉਤਮ ਗੁਣ ਨਿਵਾਸ ਕਰੇਂਗੇ॥ ਸੰਕਾ॥ ਯੇ ਵਿਦਯਾ ਅਬ ਫਲੀਭੂਤ ਕਿਉਂ ਨਹੀਂ ਹੋਤੀ॥ਸਮਾਧਾਨ॥

**ਸ੍ਵੈਯਾ॥ ਸੁਤ ਬੋਧ ਵਿਰੋਧ ਨਿਵਾਰਨ ਕਾਰਣ ਪ੍ਰਾਕ ਹੁਤੋ ਸੁ ਸਖਾ ਸਜਨਾ ਕੋ। ਕਛੁ ਕਾਲ ਗਏ ਰਸ ਆਨ ਦਏ ਸੁਖ ਭੋਗਕੇ ਲਾਭ ਨਮਿਤ ਧਨਾ ਕੋ। ਅਤਿ ਖੇਦ ਸੁਵਿਦਜਾ ਅਵਿਦਜਾ ਭਈ ਅਬ ਮੋਖ ਨ ਭੋਗ ਜਨੇ ਪੁਰਖਾ ਕੋ। ਪ੍ਰਤਿਬਾਸਰ ਜਾਤ ਅਧੇ ਤੇ ਅਧੇ ਖਲ ਵੇਦ ਵਿਰੁਧ ਵਿਲੋਕ ਨ੍ਰਿਪਾ ਕੋ॥**

ਸੰਕਾ॥ ਕਿਸ ਕਿਸ ਕਰਮ ਮੇਂ ਨਾ ਵਿਦਿਆ ਪੜਨੀ ਚਾਹੀਏ। ਸਮਾਧਾਨ॥ਮੂਲ॥

*** ਸੋਰਠਾ॥ ਮੈਥਨ ਸੈਨ ਅਹਾਰ ਪਾਠ ਸਮੇਂ ਤੀਨੋ ਤਜੈ।**
**ਪਾਠ ਸਹਿਤ ਪੁਨ ਚਾਰ ਤਜੈ ਸਾਂਝ ਮੇਂ ਧੀਰ ਜਨ॥੨॥**



Scanned by CamScanner

ਟੀਕਾ॥ ਧੀਰਜਵਾਨ ਵਿਦਿਆਰਥੀ ਪੁਰਸ਼ ਕੋ ਯੇ ਚਾਹੀਏ ਪਾਠ ਸਮੇਂ ਇਨਾਂ ਤੀਨ ਬਾਤੋਂ ਕਾ ਤਿਆਗ ਕਰ ਦੇਵੇ। ਮੈਥਨ ਨਾਮ ਏਕ ਇਸਤ੍ਰੀ ਸੇ ਭੋਗ ਕਰਨਾ। ਦੂਸਰਾ ਸੋਵਨਾ। ਤੀਸਰਾ ਭੋਜਨ ਖਾਨਾ। ਪਾਠ ਸਮੇਂ ਨਾਮ ਸੰਥਿਆ ਕੇ ਸਮੇਂ ਵਾ ਪੁਨ ਪਾਠ ਕੇ ਸਮੇਂ ਯੇ ਤੀਨ ਬਾਤੋਂ ਕਾ ਨਾਮ ਭੀ ਨਾ ਲਏ॥੧॥ਪਾਠ ਨਾਮ ਸੰਥਾ ਕੇ ਸਹਿਤ ਮੈਥਨ ੧ ਭੋਜਨ ਸੈਨ ਕਰਨਾ ਇਨਾਂ ਚਾਰੋਂ ਕੋ ਸੰਧਿਆ ਸਮੇਂ ਬੁਧੀਵਾਨ ਤਿਆਗ ਕਰ ਦਏ॥ਭਾਵ॥ਪਾਠ ਸਮੇਂ ਤੀਨ ਬਾਤੋਂ ਕਾ ਤਿਆਗ ਕਰੇ। ਸੰਧਿਆ ਸਮੇਂ ਚਾਰ ਬਾਤੋਂ ਕਾ ਤਿਆਗ ਕਰੇ। ਐਸੇ ਬੁਧੀਵਾਨ ਕੋ ਚਾਹੀਏ ਜੇ ਕਰੇ ਤਾਂ ਜੋਗ ਨਹੀਂ॥੨॥ ਸੰਕਾ॥ਕਿਸ ਕਿਸ ਕੋ ਵਿਦਿਆ ਪੜਨੇ ਕਾ ਅਧਿਕਾਰ ਨਹੀਂ॥ਸਮਾਧਾਨ॥ ਛੇ ਦੋਸ ਹੈਂ ਇਨਾਂ ਵਿਚੋਂ ਏਕ ਭੀ ਜਿਸ ਮੇਂ ਦੋਸ ਹੋਵੇ ਸੋ ਭੀ ਪੜਨੇ ਕਾ ਅਧਿਕਾਰੀ ਨਹੀਂ ਹੈ॥ ਸੰਕਾ॥ ਸੋ ਵਹੁ ਕੌਨ ਕੌਨ ਦੋਸ ਹੈਂ॥ ਸਮਾਧਾਨ॥ ਮੂਲ॥

***ਦੋਹਿਰਾ॥ ਸੁਖੀ ਵਿਆਧੀ ਆਲਸੀ ਕੁਮਤਿ ਰਸਕ ਬਹੁ ਸੋਇ। ਤਿਹ ਅਧਿਕਾਰ ਨ ਸਾਸਤ੍ਰ ਕੋ ਖਟ ਦੋਖੀ ਜਨ ਜੋਇ॥੩॥**

ਟੀਕਾ॥ ਸੋ ਤੁਮ ਸੁਨੋ। ਏਕ ਸੁਖੀ ਰਹਿਨੇ ਵਾਲਾ ਜੋ ਪੁਰਸ਼ ਹੈ॥ ਭਾਵ॥ਜੋ ਅਰਾਮ ਤਲਬ ਰਹਿਨੇ ਵਾਲਾ ਹੈ। ਰਤਾ ਧੁਪ ਲਗੀ ਸੰਥਾ ਪੜਨੇ ਕੇ ਸਮੇਂ ਤਿੰਨ ਦਿਨ ਸੰਥਾ ਨਾ ਪੜਨੀ ਕਹਿਨਾ ਵਡੀ ਤਪਸ ਲਗੀ ਹੈ। ਗਰਮੀ ਹੋ ਗਈ ਹੈ। ਕਿਤੇ ਸਰਦਾਈ ਦਾ ਬੰਦੋਬਸਤ ਹੋਵੇ ਤੋ ਬਹੁਤ ਹਛਾ ਹੈ। ਐਸਾ ਜੋ ਸੁਖਿਆਰਾ ਪੁਰਸ਼ ਹੈ। ਸੋ ਭੀ ਵਿਦਿਆ ਪੜਨੇ ਕਾ ਨਾਮ ਨਾ ਲਏ। ਭਾਵ ਸੁਖੀ ਪੁਰਸ਼ ਸੇ ਭੀ ਵਿਦਿਆ ਨਹੀਂ ਪੜੀ ਜਾਤੀ। ਦੂਸਰਾ ਜੋ ਵਿਆਧੀ ਨਾਮ ਰੋਗੀ ਪੁਰਸ਼ ਹੈ। ਉਸ ਸੇ ਭੀ ਵਿਦਿਆ ਨਹੀਂ ਪੜੀ ਜਾਤੀ। ਸਰੀਰ ਜਿਸਕਾ ਬੀਮਾਰ ਹੈ। ਸੋ ਕੀ ਪੜੇਗਾ ਮਨ ਉਸ ਕਾ ਰੋਗ ਮੇਂ ਲਗ ਰਹਾ ਹੈ। ਤੀਸਰਾ ਜੋ ਆਲਸੀ ਪੁਰਸ਼ ਹੈ ਜਹਾਂ ਬੈਠਾ ਤਹਾਂ ਬੈਠਾ



ਰਹਾ ਪੜਨੇ ਕਾ ਖਿਆਲ ਹੀ ਕੋਈ ਨਹੀਂ ਹੈ। ਜੋ ਪੜਦਿਆਂ ੨ ਆਲਸ ਤੇ ਊਂਘਾਂ ਖਾਨੀਆਂ ਦਸੋ ਉਸਨੇ ਫੇਰ ਕਿਆ ਵਿਦਿਆ ਪੜਨੀ ਹੈ। ਵਾ ਸੰਥਾ ਲੈ ਕੇ ਪੋਥੀ ਰਖ ਛੋੜਨੀ ਵਿਚਾਰਨੀ ਕੋਈ ਨਾ ਲੰਮੇਂ ਪੜੇ ਰਹਿਨਾ ਐਸਾ ਜੋ ਆਲਸੀ ਪੁਰਸ਼ ਹੈ ਇਹ ਵਿਦਿਆ ਪੜਨੇ ਕਾ ਨਾਮ ਲਏ ਨਾ। ਚੌਥਾ ਬੁਧੀ ਜਿਸਕੀ ਖੋਟੀ ਹੈ॥ਭਾਵ॥ਸਾਰਾ ਦਿਨ ਪੜਾਈ ਜਾਉ ਪ੍ਰਸੰਗ ਫੇਰ ਭੀ ਸਮਝ ਵਿਚ ਨਾ ਆਵੇ ਕੀ ਪ੍ਰਕਰਨ ਚਲ ਰਹਾ ਹੈ। ਜੈਸੇ ਕਿਸੀ ਨੇ ਪੰਡਤ ਸੇ ਸਾਰਾ ਰਾਮਾਇਣ ਸੁਣਾ ਥਾ। ਸੁਨ ਕਰ ਫੇਰ ਪੰਡਤ ਸੇ ਪੂਛਨੇ ਲਗਾ ਰਾਮ ਰਾਖਸ਼ ਥਾ ਕਿ ਰਾਵਨ ਰਾਖਸ਼ ਥਾ। ਪੰਡਤ ਨੇ ਕਹਾ ਨਾ ਤੋ ਰਾਮ ਰਾਖਸ਼ ਥਾ ਨਾ ਰਾਵਨ ਰਾਖਸ਼ ਥਾ ਮੈਂ ਹੀ ਰਾਖਸ਼ ਹੂੰ। ਜਿਸਨੇ ਐਸੇ ਮੂਰਖਾਂ ਵਿਚ ਦਿਨ ਬਿਤਾਏ ਹੈਂ। ਐਸੇ ਨਮਦੇ ਸਮਾਨ ਮੋਟੀ ਬੁਧੀ ਵਾਲਾ ਪੁਰਸ਼ ਭੀ ਪੜਨੇ ਕਾ ਨਾਮ ਲਏ ਨਾ। ਪਾਂਚਵਾਂ ਜੀਭਾ ਕੇ ਰਸ ਲੇਨੇ ਵਾਲਾ ਜੋ ਪੁਰਸ਼ ਹੈ। ਕਭੀ ਖੰਡ ਖੀਰ ਖਾਨੇ ਕੀ ਇਛਾ ਕਰਤਾ ਹੈ। ਕਭੀ ਪੂਪ ਮੋਦਕ ਖਾਨੇ ਕੀ ਇਛਾ ਕਰਤਾ ਹੈ। ਕਭੀ ਮਾਸ ਮਦਰਾ ਕੇ ਖਾਨੇ ਕੀ ਇਛਾ ਕਰਤਾ ਹੈ। ਜੋ ਐਸਾ ਜੀਭਾ ਕੇ ਸੁਵਾਦੋਂ ਕਾ ਪਟਿਆ ਹੂਆ ਪੁਰਸ਼ ਹੈ। ਸੋ ਭੀ ਪੜਨੇ ਕਾ ਨਾਮ ਲਏ ਨਾ। ਛੇਵਾਂ ਬਹੁਤਾ ਸੋਵਨੇ ਵਾਲਾ ਜੋ ਪੁਰਸ਼ ਹੈ। ਕੁੰਭਕਰਨ ਸਮ ਸੋਵਤ ਨੀਕੇ। ਕੁੰਭਕਰਨ ਕੇ ਸਦਰਸ ਜਿਨ ਕੋ ਨਿੰਦ੍ਰਾ ਆਤੀ ਹੈ। ਸੰਧਿਆ ਸਮੇਂ ਸੋ ਜਾਨਾ ਦਿਨ ਚੜੇ ਤਕ ਸੁਤਾ ਰਹਿਨਾ॥ ਭਾਵ॥ਮੰਜੇ ਨਾਲ ਸ਼ਰਤ ਲਾ ਕੇ ਸੋਵਨਾ ਕਿ ਦੇਖੋ ਪਹਿਲੇ ਕੌਨ ਉਠਤਾ ਹੈ। ਮੰਜਾ ਉਠਤਾ ਹੈ ਕਿ ਮੈਂ ਉਠਤਾ ਹੂੰ। ਜੋ ਇਨਾਂ ਛੇ ਦੂਸਨਾਂ ਵਾਲੇ ਪੁਰਸ਼ ਹੈਂ ਇਨ ਕੋ ਸਾਸਤ੍ਰ ਪੜਨੇ ਕਾ ਅਧਿਕਾਰ ਨਹੀਂ ਹੈ। ਯਹਿ ਨਾ ਪੜੇਂ ਜੇ ਪੜੇ ਇਨ ਕਾ ਸਭ ਉਦਮ ਨਿਸਫਲ ਜਾਇਗਾ। ਵਿਦਿਆ ਨਹੀਂ ਆਵੇਗੀ ਯੇ ਨੇਮ ਹੈ। ਸੋ ਬੈਠਕੇ ਰਾਮ ਨਾਮ ਕਾ ਜਾਪ ਕਰੇ ਜਿਸ ਸੇ ਜਨਮ ਸਫਲ ਹੋ॥ਸੰਕਾ॥ਇਨ ਸੇ ਭਿੰਨ ਪੁਰਸ਼ਾਂ ਕੋ ਸਾਸਤ੍ਰ ਪੜਨੇ ਕਾ ਅਧਿਕਾਰ ਹੈ ਵਾ ਨਹੀਂ॥ ਸਮਾਧਾਨ॥ ਜਿਸ ਪੁਰਸ਼ ਕੋ ਘਰ ਕੀ ਚਿੰਤਾ ਹੈ ਉਸ ਕੋ ਭੀ ਸਾਸਤ੍ਰ ਅਧੇਨ ਕਾ ਅਧਿਕਾਰ ਨਹੀਂ ਹੈ ਯੇਹੀ ਬਾਤ ਸੋ ਆਗੇ ਦਿਖਾਵੈ



Scanned by CamScanner

ਹੈ॥ਮੂਲ॥ਸੰਕਾ॥

*** ਸੰਕਰ ਛੰਦ॥ ਕਛੁ ਘ੍ਰਿਤ ਸਨੇਹ ਨ ਲਵਣ ਤੰਦੁਲ ਤਕ੍ਰ ਧਾਮ ਨ ਦਾਮ। ਯਾ ਸੰਚਰੀ ਜਿਹ ਚਿਤ ਚਿੰਤਾ ਧਾਮ ਕੀ ਦੁਖ ਧਾਮ। ਭਈ ਨਾਸ ਪ੍ਰਾਕ ਅਗਿਮ ਕੀ ਬੁਧ ਮੂੜ ਮੋਹਿਓ ਬਾਮ। ਅਧਿਕਾਰ ਨਹਿ ਤਹਿ ਸਾਸਤ੍ਰ ਕੋ ਸੋ ਭਜੇ ਨਿਤ ਸ੍ਰੀ ਰਾਮ॥੪॥**

ਟੀਕਾ॥ਜਿਸ ਪੁਰਸ਼ ਨੇ ਆਪਨੇ ਘਰ ਮੇਂ ਆਨ ਕੇ ਇਸਤਰੀ ਸੇ ਪੂਛਾ ਹੇ ਭਲੀ ਲੋਕ ਕੁਛ ਘਰ ਮੇਂ ਘਿਉ ਹੈ। ਇਸਤਰੀ ਨੇ ਕਹਾ ਨਹੀਂ ਹੈ। ਪਤੀ ਨੇ ਫੇਰ ਪੂਛਾ ਕੁਛ ਘਰ ਮੇਂ ਸਨੇਹ ਨਾਮ ਤੇਲ ਹੈ। ਇਸਤ੍ਰੀ ਨੇ ਕਹਾ ਕੋਈ ਨਹੀਂ ਹੈ। ਫੇਰ ਪਤੀ ਨੇ ਪੂਛਾ ਕੁਛ ਘਰ ਮੇਂ ਲਵਣ ਨਾਮ ਲੂਣ ਹੈ। ਇਸਤ੍ਰੀ ਨੇ ਕਹਾ ਕੋਈ ਨਹੀਂ ਹੈ। ਫੇਰ ਪੂਛਾ ਕੁਛ ਘਰ ਮੈਂ ਤੰਦੁਲ ਨਾਮ ਚਾਵਲ ਤੋ ਹੈਂ। ਇਸਤ੍ਰੀ ਨੇ ਕਹਾ ਓਹ ਭੀ ਕੋਈ ਨਹੀਂ ਹੈ। ਫੇਰ ਪਤੀ ਨੇ ਪੂਛਾ ਘਰ ਮੇਂ ਤੱਕ੍ਰ ਨਾਮ ਲਸੀ ਯਾਨੇ ਛਾਛ ਹੈ। ਇਸਤ੍ਰੀ ਨੇ ਕਹਾ ਕੋਈ ਨਹੀਂ ਹੈ। ਫੇਰ ਪਤੀ ਪੂਛਨੇ ਲਗਾ ਦਸ ਇਤਨੀਆਂ ਚੀਜਾਂ ਜੋ ਘਰ ਮੇਂ ਨਾ ਹੂੰਈਆਂ ਤੋ ਕੁਛ ਘਰ ਮੇਂ ਦਾਮ ਨਾਮ ਪੈਸੇ ਤੋ ਹੈ। ਇਸਤ੍ਰੀ ਨੇ ਕਹਾ ਘਰ ਮੇਂ ਪੈਸੇ ਭੀ ਕੋਈ ਨਹੀਂ ਹੈ॥੧॥ ਯਾ ਨਾਮ ਇਨਾਂ ਸਭ ਵਸਤੂਆਂ ਕੀ ਸੰਚਰੀ ਨਾਮ ਇਕਠੀ ਕਰਨੇ ਕੀ ਜਿਸ ਪੁਰਸ਼ ਕੋ ਚਿੰਤਾ ਚਿਤ ਮੇਂ ਲਗ ਰਹੀ ਹੈ। ਧਾਮ ਕੀ ਕਹੀਏ ਦਸੋ ਫੇਰ ਵਹੁ ਘਰ ਕਾਹੇ ਕਾ ਹੈ। ਕੇਵਲ ਦੁਖੋਂ ਕਾ ਹੀ ਘਰ ਹੈ। ਭਾਵ। ਘਰ ਅਰਾਮ ਕੇ ਲੀਏ ਹੋਤਾ ਹੈ। ਜਿਸ ਘਰ ਮੇਂ ਕੋਈ ਚੀਜ ਮਿਲਤੀ ਨਹੀਂ ਉਨਕੇ ਲੀਏ ਪਹਿਲੇ ਧਨ ਹੋਨਾ ਚਾਹੀਏ। ਧਨ ਬਿਨਾ ਯਤਨ ਸੇ ਮਿਲਤਾ ਨਹੀਂ। ਫੇਰ ਐਸੇ ਸੋਚ ਮੇਂ ਦਿਲ ਪੜ ਜਾਤਾ ਹੈ। ਅਬ ਹਮ ਕਿਆ ਕਰੇਂ। ੨॥ ਸੰਕਾ॥ ਇਸ ਚਿੰਤਾ ਕਾ ਫਲ ਕੀ ਹੈ॥ ਸਮਾਧਾਨ॥ ਪ੍ਰਾਕ ਨਾਮ ਜੋ ਪੂਰਬਲੀ ਬੁਧੀ ਥੀ ਅਗਾਮ ਕਹੀਏ ਜੋ ਆਗੇ ਹੋਨੇ ਵਾਲੀ ਬੁਧੀ ਹੈ ਸੋ ਇਸ ਘਰ ਕੀ ਚਿੰਤਾ ਕਰਕੇ ਨਸ਼ਟ ਹੋ ਜਾਵੇ ਹੈ। ਵਾ ਹੋ ਗਈ ਹੈ। ਭਾਵ। ਐਸੇ ਵਿਵਹਾਰੋਂ ਮੇਂ ਬੁਧੀ ਘਬਰਾਇ ਜਾਤੀ ਹੈ॥



ਸੰਕਾ॥ ਐਸੇ ਦੁਖੀ ਹੋਕਰ ਫੇਰ ਛੋੜਤਾ ਕਿਉਂ ਨਹੀ॥ ਸਮਾਧਾਨ॥ ਬਾਮ ਨਾਮ ਇਸਤ੍ਰੀ ਕਰ ਵਹੁ ਮੂਰਖ ਮੋਹਿਆ ਪੜਾ ਹੈ। ਜੈਸੇ ਪਸੂ ਰਸੀ ਸੇ ਬਾਂਧਾ ਹੂਆ ਫੇਰ ਕਹੀਂ ਨਹੀਂ ਜਾਇ ਸਕੇ ਹੈ। ਤੈਸੇ ਏ ਪੁਰਸ਼ ਇਸਤ੍ਰੀ ਪੁੱਤਰ ਪ੍ਰਵਾਰ ਕੇ ਮੋਹ ਰੂਪੀ ਰਸੀ ਸੇ ਬਾਧਾ ਹੂਆ ਕਹੀ ਜਾਇ ਨਹੀਂ ਸਕੇ ਹੈ। ਇਸ ਮੋਹ ਕਾ ਮਾਰਾ ਹੂਆ ਸਦੀਵ ਕਾਲ ਦੁਖ ਕੋ ਸਹਾਰਤਾ ਹੈ। ਉਸ ਪੁਰਸ਼ ਕੋ ਭੀ ਸਾਸਤ੍ਰ ਪੜਨੇ ਕਾ ਅਧਿਕਾਰ ਨਹੀਂ ਹੈ॥ ਸੰਕਾ॥ ਉਸ ਪੁਰਸ਼ ਕੋ ਫੇਰ ਕੀ ਕਰਤਵ ਹੈ॥ ਸਮਾਧਾਨ॥ ਜੋ ਪੁਰਸ਼ ਨਿਤ ਹੀ ਅਪਨੇ ਮੁਖ ਸੇ ਸ੍ਰੀ ਰਾਮ ਸ੍ਰੀ ਰਾਮ ਕਾ ਭਜਨ ਕਰੇ ਜਿਸ ਸੇ ਮੋਖ ਹੋ ਜਾਇ ਬਾਲਮੀਕ ਵਤ। ਭਾਵ। ਜੋ ਪੁਰਸ਼ ਵਿਹਾਰੋਂ ਮੇਂ ਖਚਤ ਹੋ ਰਹਾ ਹੈ। ਵਹੁ ਕਿਸ ਸਮੇਂ ਵਿਦਿਆ ਪੜੇਗਾ। ਕਾਹਿਤੇ। ਸਿਰ ਖੁਰਕਨੇ ਕਾ ਸਮਾ ਨਹੀਂ ਮਿਲਤਾ। ਇਸ ਲੀਏ ਵਹੁ ਸ੍ਵਾਸ ਸ੍ਵਾਸ ਹਰੀ ਕਾ ਭਜਨ ਕਰੇ ਜਿਸ ਸੇ ਵਹੁ ਮੁਕਤ ਹੋ ਜਾਇ।੪॥ ਸੰਕਾ॥ ਜਿਸ ਪੁਰਸ਼ ਕੀ ਬੁਧੀ ਮੰਦ ਹੈ। ਗੁਰੂ ਸਾਸਤ੍ਰ ਉਸ ਕੋ ਬੋਧ ਕਰ ਸਕੇ ਹੈ ਵਾ ਨਹੀਂ। ਸਮਾਧਾਨ। ਮੂਲ।

*** ਸੋਰਠਾ॥ਜਿਹ ਨਿਜ ਮਹਿ ਕੁਛ ਨਾਹਿ ਸਾਸਤ੍ਰ ਤਾਹਿ ਕਯਾ ਕਰੈ॥ਲੋਚਨ ਬਿਨ ਜੋ ਆਹਿ ਪ੍ਰਤਿ ਬਿੰਬੀ ਕਯਾ ਕਰੈ ਤਿਹ। ੫।**

ਟੀਕਾ॥ਜਿਸ ਪੁਰਸ ਕੋ ਸਤਿ ਸਾਸਤ੍ਰ ਕੇ ਸਮਝਨੇ ਕੀ ਆਪਨੀ ਬੁਧੀ ਨਹੀਂ ਹੈ। ਦਸੋ ਉਸਕੋ ਸਾਸਤ੍ਰ ਨੇ ਕਿਆ ਕਰਨਾ ਹੈ। ਇਸ ਮੇਂ ਦ੍ਰਿਸਟਾਂਤ। ਜੈਸੇ ਨੇਤ੍ਰਾਂ ਸੇ ਬਿਨਾ ਜੋ ਸੂਰਦਾਸ ਪੁਰਸ ਹੈ ਤਿਸਕੋ ਪ੍ਰਤਿਬਿੰਬੀ ਨਾਮ ਸੀਸਾ ਦਸੋ ਕਿਆ ਕਰ ਸਕੇ ਹੈ। ਭਾਵ। ਅੰਧੇ ਪੁਰਸ਼ ਅਗੇ ਸੀਸਾ ਰਖੋ ਤਿਸਕੋ ਕਿਆ ਵਹੁ ਮੁਖ ਦਿਖਾ ਸਕੇਗਾ। ਕਿੰਤੂ ਅੰਧੇ ਨੂੰ ਸੀਸਾ ਮੁਖ ਦਿਖਾਨੇ ਕੋ ਸਮਰਥ ਨਹੀਂ ਹੈ। ਦ੍ਰਿਸਟਾਂਤ। ਤੈਸੇ ਬੁਧੀਹੀਨ ਜੋ ਪੁਰਸ਼ ਹੈ ਤਿਸਕੋ ਵੇਦ ਸਾਸਤ੍ਰ ਨਹੀਂ ਸਮਝਾਇ ਸਕੇ ਹੈ। ਇਸ ਮੇਂ ਪ੍ਰਮਾਨ।

**ਕਬੀਰ ਸਾਚਾ ਸਤਿਗੁਰੁ ਕਿਆ ਕਰੈ ਜਉ ਸਿਖਾ ਮਹਿ**



Scanned by CamScanner

**ਚੂਕ। ਅੰਧੇ ਏਕ ਨ ਲਾਗਈ ਜਿਉ ਬਾਂਸੁ ਬਜਾਈਐ ਫੂਕ ॥**

ਕਿੰਬਾ। ਲੋਚਨ ਬਿਨ ਜੋ ਉਲੂ ਹੈ। ਪ੍ਰਤਿਬਿੰਬੀ ਨਾਮ ਪ੍ਰਤਿਬਿੰਬ ਵਾਲਾ ਜੋ ਸੂਰਜ ਹੈ। ਤਿਸ ਕੋ ਵਹੁ ਸੂਰਜ ਚਾਨਣਾ ਕਿਆ ਕਰ ਸਕੇਗਾ। ਕਿੰਤੂ ਨਹੀਂ ਕਰੇਗਾ। ਅਧਿਕ ਅੰਧੇਰਾ ਹੀ ਹੋਗਾ। ਤੈਸੇ ਗੁਰੂ ਸਾਸਤ੍ਰ ਭੀ ਮਤਹੀਨ ਪੁਰਸ਼ ਕੋ ਬੋਧ ਨਹੀਂ ਕਰ ਸਕੇ ਹੈ। ਜਿਸ ਪੁਰਸ਼ ਕੀ ਸਤਿ ਸਾਸਤ੍ਰ ਕੇ ਸਮਝਨੇ ਵਾਲੀ ਬੁਧੀ ਹੈ ਉਸੀ ਕੋ ਗੁਰੂ ਸਾਸਤ੍ਰ ਭੀ ਬੋਧ ਕਰ ਸਕੇ ਹੈ। ਮੰਦ ਪੁਰਸ ਕੋ ਨਹੀ ॥ ੫ ॥ ਸੰਕਾ ॥ ਕੌਨ ਕੌਨ ਤਿਥੂ ਪੜ੍ਹਾਨੇ ਮੇਂ ਨਿਖੇਧ ਹੈ ਭਾਵ ਕਿਸ ਤਿਥੂ ਮੇਂ ਨਾ ਪੜ੍ਹਾਨਾ ਚਾਹੀਏ ॥ ਸਮਾਧਾਨ ॥ ਮੂਲ ॥

***ਦੋਹਿਰਾ ॥ ਬੀਚ ਅਸਟਮੀ ਮੀਚ ਗੁਰ ਅਸਟ ਖਸਟਮੀ ਸਿਖ। ਪੰਚ ਦਸੀ ਗੁਰ ਸਿਖ ਮਰੈ ਏਕਮ ਪਾਠ ਅਸਿਖ ॥੬ ॥**

ਟੀਕਾ ॥ ਸਾਸਤ੍ਰ ਕੀ ਆਗਿਆ ਹੈ। ਅਸਟਮੀ ਕੇ ਵਿਚ ਗੁਰੂ ਪੜ੍ਹਾਏਗਾ। ਤਬ ਪੜ੍ਹਾਨੇ ਵਾਲਾ ਗੁਰੂ ਮੀਚ ਨਾਮ ਮਰ ਜਾਤਾ ਹੈ। ਔਰ ਅਸਟ ਖਸਟ ਨਾਮ ਜੋ ਚੌਦਸ ਵਾਲੇ ਰੋਜ ਸਿਖ ਪੜ੍ਹੇਗਾ। ਤਬ ਸਿਖ ਮਰ ਜਾਏਗਾ। ਪੰਚ ਦਸੀ ਨਾਮ ਪੂਰਨਮਾਸੀ ਵਾ ਅਮੁਸਿਆ ਵਾਲੇ ਰੋਜ ਪੜ੍ਹੇ ਪੜ੍ਹਾਇਗਾ। ਫੇਰ ਗੁਰੂ ਸਿਖ ਦੋਨੋਂ ਮਰ ਜਾਏਂਗੇ। ਏਕਮ ਵਾਲੇ ਰੋਜ ਪੜ੍ਹੇ ਤਬ ਪਿਛਲਾ ਪੜ੍ਹਿਆ ਪੜ੍ਹਾਇਆ ਸਭ ਭੂਲ ਜਾਇਗਾ ॥ ਸੰਕਾ ॥ ਏਕਮ ਵਾਲੇ ਰੋਜ ਪੜ੍ਹ ਕਰ ਵਿਦਿਆ ਕਿਸ ਕੀ ਭੂਲ ਗਈ ਹੈ ॥ ਸਮਾਧਾਨ ॥ ਏਕਮ ਵਾਲੇ ਰੋਜ ਹਨੂੰਮਾਨ ਨੇ ਵਿਦਿਆ ਪੜ੍ਹੀ ਥੀ ਸੋ ਇਨ ਕੀ ਭੂਲ ਗਈ ਥੀ ॥ ਸੰਕਾ ॥ ਯੇ ਕੈਸੇ ਪ੍ਰਸੰਗ ਹੈ ॥ ਸਮਾਧਾਨ ॥ ਏਕ ਸਮੇਂ ਹਨੂੰਮਾਨ ਜੀ ਸੂਰਜ ਭਗਵਾਨ ਸੇ ਵਿਦਿਆ ਪੜ੍ਹਨੇ ਗਏ ਥੇ। ਜਾ ਕੇ ਨਿਮਸਕਾਰ ਕਰੀ ਅਰ ਕਹਾ ਮੁਝਕੋ ਵਿਦਿਆ ਪੜ੍ਹਾਓ। ਸੂਰਜ ਭਗਵਾਨ ਨੇ ਕਹਾ ਪੜ੍ਹੋ। ਹਨੂੰਮਾਨ ਨੇ ਕਹਾ ਮੈਂ ਏਕਮ ਭੀ ਨਹੀ ਛੋੜੂੰਗਾ। ਸੂਰਜ ਭਗਵਾਨ ਨੇ ਕਹਾ ਤੁਮਾਰੀ ਮਰਜੀ। ਰਥ ਮੇਂ ਬਿਠਾ ਕਰ ਵਿਦਿਆ ਪੜ੍ਹਾਨੇ ਲਗੇ ॥ ਸੰਕਾ ॥ ਏਕ ਦਿਨ ਹਨੂੰਮਾਨ ਜੀ ਨੇ ਪੂਛਾ ਹੇ ਭਗਵਾਨ ਵਿਦਿਆ ਸੰਸਾਰ



ਮੇਂ ਕਿਤਨੀਆਂ ਹੈਂ ॥ ਸਮਾਧਾਨ ॥ ਸੂਰਜ ਨੇ ਕਹਾ ਸੰਸਾਰ ਮੇਂ ਚੌਦਾਂ ਵਿਦਿਆ ਹੈ ॥ ਸੰਕਾ ॥ ਉਨਕੇ ਨਾਮ ਕਿਆ ਹੈ ॥ ਸਮਾਧਾਨ ॥ ਰਿਗ ਵੇਦ ੧ ਯੁਜਰ ਵੇਦ ੨ ਸਾਮਵੇਦ ੩ ਅਥਰਬਣ ਵੇਦ ੪ ਸਿਖਜ ੫ ਕਲਪ ੬ ਵਿਯਾਕਰਨ ੭ ਜੋਤਸ ੮ ਛੰਦ ਸਾਸਤ੍ਰ ੯ ਨਿਰੁਕਤ ੧੦ ਮਿਮਾਂਸਾ ੧੧ ਤਰਕ ਸ਼ਾਸਤ੍ਰ ੧੨ ਪੁਰਾਨ ੧੩ ਧਰਮ ਸਾਸਤ੍ਰ ਯੇ ਚਤੁਰ ਦਸ ਵਿਦਿਆ ਕੇ ਨਾਮ ਹੈ। ੧੪। ਯੇ ਬਾਰਤਾ ਕ੍ਰਿਸਨ ਧੂਰ ਜਟੀ ਦੀਖਤ ਨੇ ਤਰਕ ਸੰਗ੍ਰਹਿ ਕੀ ਟੀਕਾ ਨਿਆਇ ਚੰਦ੍ਰੋਦਿਯ ਮੇਂ ਕਿਸੀ ਨਿਬੰਧ ਕਾ ਪ੍ਰਮਾਨ ਦੀਆ ਹੈ ॥ ਸੰਕਾ ॥ ਹੇ ਭਗਵਾਨ ਦਯਾ ਕਰਕੇ ਮੁਝਕੋ ਯੇ ਸਭੇ ਵਿਦਿਆ ਪੜ੍ਹਾ ਦੇਨੀਆਂ ॥ ਸਮਾਧਾਨ ॥ ਸੂਰਜ ਨੇ ਕਹਾ ਹਮ ਸਭ ਪੜ੍ਹਾਵੇਂਗੇ। ਸਮਾ ਪਾਕੇ ਯੇ ਸਭ ਵਿਦਿਆ ਜਬ ਖਤਮ ਕਰ ਲਈਆਂ। ਜਬ ਦੂਸਰੀ ਵਾਰੀ ਹਨੂੰਮਾਨ ਜੀ ਪਿਛੋਂ ਵਿਦਿਆ ਵਿਚਾਰਨੇ ਲਗੇ। ਕੁਛ ਯਾਦ ਆਤਾ ਨਹੀਂ ਸਾਰੀ ਵਿਦਿਆ ਵਿਸਮਰਨ ਹੋ ਗਈ। ਚਿਤ ਮੇਂ ਕਹਿਨੇ ਲਗੇ ਯੇ ਕਿਆ ਹੂਆ ਅਨਪੜ੍ਹੀ ਜੈਸੀ ਸਭ ਵਿਦਿਆ ਹੋ ਗਈ ਹੈ। ਯੇ ਹਮਾਰੀ ਮਿਹਨਤ ਸਭ ਖੂਹ ਮੇਂ ਪੜ੍ਹ ਗਈ ਹੈ। ਸੂਰਜ ਸੇ ਜਾ ਕੇ ਪੂਛਾ ਹੇ ਭਗਵਾਨ ਯੇ ਕਿਆ ਕਾਰਨ ਹੈ। ਯੇ ਵਿਦਿਆ ਮੈਨੂੰ ਕਿਉਂ ਭੁਲ ਗਈ ਹੈ। ਮੇਰੇ ਨਾਲ ਵਹੁ ਹਾਲ ਹੂਆ ਹੈ। ਅਗੇ ਦੌੜ ਪਿਛੇ ਚੌੜ। ਐਸੇ ਸੁਨਕੇ ਹਸ ਕਰ ਸੂਰਜ ਭਗਵਾਨ ਕਹਿਨੇ ਲਗੇ ਜੋ ਅਧਿਕ ਲਾਲਚ ਕਰਤਾ ਹੈ ਉਸਕਾ ਯੇਹੀ ਹਾਲ ਹੋਤਾ ਹੈ। ਪਰ ਇਸ ਮੇਂ ਦੋ ਕਾਰਨ ਹੈ। ਮੇਰੇ ਬਰਾਬਰ ਬੈਠ ਕਰ ਵਿਦਿਆ ਤੈਂਨੇ ਪੜ੍ਹੀ ਹੈ। ਦੂਸਰਾ ਏਕਮ ਵਾਲੇ ਰੋਜ ਤੂੰ ਸੰਥਾ ਲੇਤਾ ਰਹਾ ਹੈ। ਇਸ ਲੀਏ ਤੇਰੇ ਕੋ ਵਿਦਿਆ ਭੂਲ ਗਈ ਹੈ। ਹਨੂੰਮਾਨ ਜੀ ਸੁਨਕੇ ਅਸਚਰਜ ਹੂਏ ਅਰ ਕਹਾ ਅਬ ਮੇਰੇ ਕੋ ਫੇਰ ਪੜ੍ਹਾਓ ਯੇ ਦੋਨੋਂ ਅਬ ਮੈਂ ਨਹੀਂ ਕਰੂੰਗਾ। ਸੂਰਜ ਨੇ ਕਹਾ ਮੇਰਾ ਰਥ ਕਹੀਂ ਠਹਿਰਨਾ ਨਾ ਹੂਆ ਮੈਂ ਅਬ ਕੈਸੇ ਪੜ੍ਹਾਊਂ। ਹਨੂੰਮਾਨ ਨੇ ਕਹਾ ਮੈਂ ਆਪ ਕੇ ਰਥ ਕੇ ਆਗੇ ਪਿਛਲੂਆ ਮੁਖ ਕਰਕੇ ਦੌੜੋਂਗਾ। ਐਸੇ ਮੁਝਕੋ ਪੜ੍ਹਾਈ ਚਲੋ। ਅਬ ਮੈਂ ਆਪ ਕੇ ਬਰਾਬਰ ਬੈਠਤਾ ਭੀ ਨਹੀਂ ਅਰ ਅਨਧਯਾਈਆ ਭੀ ਸਭ



Scanned by CamScanner

ਛੋੜੂੰਗਾ। ਜਬ ਐਸੇ ਕੀਆ ਤੁਰਤ ਹੀ ਵਿਦਿਆ ਆਇ ਗਈ। ਵਿਦਿਆ ਪੜਕੇ ਸੂਰਜ ਭਗਵਾਨ ਸੇ ਕਹਿਨੇ ਲਗਾ ਮੇਰੇ ਸੇ ਅਬ ਗੁਰ ਦਖਨਾ ਲੀਜੀਏ। ਸੂਰਜ ਨੇ ਕਹਾ ਸੁਗ੍ਰੀਵ ਮੇਰੇ ਪੁੱਤਰ ਕਾ ਵਜੀਰ ਜਾਕੇ ਤੂੰ ਬਨ। ਆਗਿਆ ਮਾਂਗ ਕੇ ਸੁਗ੍ਰੀਵ ਮੇਰੇ ਕਾ ਵਜੀਰ ਬਨ ਗਯਾ।

ਇਸਕਾ ਭਾਵ ਏਹੁ ਹੈ। ਸੂਰਜ ਜੀ ਪੜਾਨੇ ਵਾਲੇ ਅਰ ਹਨੂੰਮਾਨ ਜੀ ਪੜਨੇ ਵਾਲੇ। ਦੇਖੋ ਜਬ ਇਨਾਂ ਨੇ ਮਿਰਜਾਦਾ ਤਿਆਗੀ ਇਨਕੋ ਫਲ ਮਿਲ ਗਯਾ। ਅਨ ਜੀਵ ਕੀ ਬਾਤ ਕਿਆ ਕਹਿਨੀ ਹੈ। ਇਸ ਲੀਏ ਯੇ ਸ਼ਾਸਤ੍ਰ ਕੀ ਆਗਿਆ ਸਭ ਕੋ ਮਾਨਨੇ ਯੋਗ ਹੈ। ਦੂਸਰਾ ਭਾਵ ਏਹੁ ਹੈ। ਸਦਾ ਵਿਦਆਰਥੀ ਪੜਤਾ ਰਹੇ ਅਰ ਪਿਛਲੀ ਵਿਦਿਆ ਨਾ ਪੜੇ ਵਹੁ ਸਭ ਵਿਦਿਆ ਫੇਰ ਭੂਲ ਜਾਤੀ ਹੈ। ਇਸ ਵਾਸਤੇ ਇਨਾਂ ਤਿਥੂਆਂ ਕਾ ਡਰ ਰਖ ਦੀਆ। ਪਿਛਲੀ ਵਿਦਿਆ ਭੀ ਵਿਚਾਰ ਲਏ ਨਾਲੇ ਬਸਤ੍ਰਾਦੀ ਧੋ ਲਏ। ਅਰ ਨਾਲੇ ਗੁਰ ਚਾਰ ਦਿਨ ਅਰਾਮ ਕਰ ਲਏ। ਜਿਨਾਂ ਤਿਥੂਆਂ ਮੇਂ ਪੜਨਾ ਸ਼ਾਸਤ੍ਰ ਨੇ ਮਨਾ ਕੀਆ ਹੈ ਸੋ ਉਨਾਂ ਮੇਂ ਨਾ ਪੜਨਾ ਚਾਹੀਏ। ਸ਼ਾਸਤ੍ਰ ਕੇ ਅਨੁਸਾਰ ਧਰਮੀ ਪੁਰਸ਼ ਕੋ ਚਲਨਾ ਯੋਗ ਹੈ। ੬॥ ਸੰਕਾ॥ ਵਿਦਿਆ ਪੜਨੇ ਕੇ ਬਾਹਿਰਲੇ ਸਹਿਕਾਰੀ ਗੁਨ ਕੌਨ ਕੌਨ ਹੈਂ। ਜੋ ਹੈਂ ਸੋ ਤੁਮ ਕਹੁ। ਸਮਾਧਾਨ॥ ਮੂਲ॥

**ਦੋਹਿਰਾ॥ਗੁਰ ਪੁਸਤਕ ਭੂਮੀ ਸੁਭਾਗ ਪ੍ਰੀਤਮ ਅਵਰ ਸਹਾਇ। ਕਰਹਿ ਬ੍ਰਿਧ ਵਿਦਿਆ ਪਠੀ ਬਹਿਰ ਪਾਚ ਗੁਨ ਗਾਇ॥੭॥**

ਟੀਕਾ॥ ਵਿਦਿਆ ਮੇਂ ਬਾਹਰਲੇ ਯੇ ਪਾਂਚ ਗੁਨ ਸਹਿਕਾਰੀ ਹੈਂ। ਸੋ ਤੁਮ ਸੁਨੋ। ਏਕ ਪੜਾਨੇ ਵਾਲਾ ਗੁਰੂ ਉੱਤਮ ਹੋਣਾ ਚਾਹੀਏ। ਤਾਮਸੀ ਨਾ ਹੋਵੇ ਕ੍ਰਿਪਾਲੂ ਅਰ ਸ਼ਾਤਕੀ ਸੁਭਾਵ ਹੋਨਾ ਯੋਗ ਹੈ। ਕਾਹਿਤੇ। ਜਿਤਨੀ ਵਾਰੀ ਪੂਛੇ ਉਤਨੀ ਵਾਰੀ ਪ੍ਰਸੰਨ ਵਿਚ ਹੋ ਕੇ ਬਤਾ ਦੇਵੇ ਐਸਾ ਨਾ ਹੋ ਜਬ ਪੂਛੇ ਤਬ ਹੀ ਲੜਨੇ ਲਗ ਜਾਏ। ਦੂਸਰਾ ਫੇਰ ਆਪਨਾ ਪੁਸਤਕ



ਹੋਵੇ ਅਰ ਨਾਲੇ ਸ਼ੁਧ ਹੋਵੇ ਕਿਸੀ ਪਾਸੋਂ ਗ੍ਰੰਥ ਮੰਗਕੇ ਦੋ ਸੰਥਾ ਕੀਤੀਆਂ ਗ੍ਰੰਥ ਵਾਲੇ ਨਾਲ ਕਿਸੀ ਕਿਸਮ ਕੀ ਬੋਲ ਚਾਲ ਹੋ ਪੜੀ ਤੀਸਰੀ ਸੰਥਾ ਵੇਲੇ ਮਾਲਕ ਨੇ ਆਪਨਾ ਪੁਸਤਕ ਖੋਸ ਲੀਆ। ਫੇਰ ਕਿਆ ਕਰੇਗਾ। ਇਸ ਲੀਏ ਜੋ ਗ੍ਰੰਥ ਪੜਨਾ ਹੋ ਸੋ ਆਪਨਾ ਹੋਨਾ ਚਾਹੀਏ। ਤੀਸਰੀ ਭੂਮੀ ਨਾਮ ਪ੍ਰਿਥਵੀ ਸੁਭਾਗ ਨਾਮ ਸੁੰਦਰ ਅਰ ਪਵਿਤ੍ਰ ਹੋਣੀ ਚਾਹੀਏ। ਜਹਾਂ ਰਹਿਕੇ ਵਿਦਿਆ ਪੜਨੀ ਹੋ। ਕਾਹੇ ਤੇ। ਜੈਸੇ ਕਾਂਸ਼ੀ ਹਰਦੁਆਰ ਅੰਮ੍ਰਿਤਸਰ ਪਵਿਤ੍ਰ ਅਸਥਾਨ ਹੈਂ। ਇਨਾਂ ਮੈ ਰਹਿਕੇ ਵਿਦਿਆ ਪੜੇ ਸੀਘ੍ਰ ਵਿਦਿਆ ਆਤੀ ਹੈ। ਯੇ ਨੇਮ ਹੈ। ਅਨ ਦੇਸ਼ਾਂ ਮੈ ਦਸ ਸਾਲ ਜੋ ਪੜਨੇ ਸੇ ਵਿਦਿਆ ਆਤੀ ਹੈ। ਕਾਂਸ਼ੀ ਪਰਾਗ ਗੰਗਾ ਪਰ ਪਾਂਚ ਸਾਲ ਮੇਂ ਸੋ ਵਿਦਿਆ ਆਇ ਜਾਵੇ ਹੈ। ਇਸ ਲੀਏ ਵਿਦਿਆ ਪੜਨੇ ਕੇ ਵਾਸਤੇ ਅਸਥਾਨ ਪਵਿਤ੍ਰ ਸ੍ਰੇਸਟ ਹੋਨਾ ਚਾਹੀਏ॥੩॥ਚੌਥਾ ਸ੍ਵੈ ਧਜਾਈ ਪ੍ਰੀਤਮ ਹੋਣਾ ਚਾਹੀਏ॥ਕਾਹੇਤੇ॥ਏਕ ਹੀ ਵਿਦਿਆਰਥੀ ਪੜਤਾ ਹੋ ਦੂਸਰਾ ਨਾ ਹੋ ਫੇਰ ਵਿਦਿਆ ਠੀਕ ਠੀਕ ਨਹੀਂ ਆਤੀ। ਏਕ ਹੀ ਸੰਥਾ ਕੇ ਦੋ ਚਾਰ ਵਿਦਿਆਰਥੀ ਹੋਂ ਸੋ ਪਰਸਪਰ ਵਿਚਾਰ ਸਕਤੇ ਹੈਂ॥ਭਾਵ॥ਪਹਿਲੀ ਵਾਰੀ ਗੁਰੂ ਸੇ ਸੰਥਾ ਲਈ ਦੂਸਰੀ ਵਾਰੀ ਆਪਨੇ ਸ੍ਵੈ ਧਿਆਈ ਪ੍ਰੀਤਮ ਸੇ ਪੂਛ ਲੀਆ ਤਬ ਠੀਕ ਵਿਦਿਆ ਆਤੀ ਹੈ। ਪਾਂਚਵਾਂ ਸਰੀਰ ਕੀ ਯਾਤਰਾ ਵਾਸਤੇ ਅਵਰ ਸਹਾਇਕ ਕੋਈ ਮਿਤ੍ਰ ਹੋਣਾ ਚਾਹੀਏ॥ਕਾਹੇਤੇ॥ਕਿਸੀ ਪੋਥੀ ਕੀ ਵਾ ਕਲਮ ਦਵਾਤ ਕੀ ਵਾ ਕਾਗਤ ਸਿਆਹੀ ਕੀ ਵਾ ਤੇਲ ਸਾਬਨ ਕੀ ਵਾ ਖਿੰਦੇ ਵਸਤ੍ਰ ਕੀ ਵਾ ਕਿਸੀ ਔਰ ਚੀਜ ਕੀ ਲੋੜ ਪੜੀ ਨਾ ਮਿਲੀ ਤਬ ਵਿਦਿਆ ਨਹੀ ਆਤੀ। ਜਬ ਕਿਸੀ ਵਸਤੂ ਕੀ ਲੋੜ ਪੜੇ ਉਸੀ ਸਮੇਂ ਵਹੁ ਲੈ ਦੇਵੇ। ਐਸਾ ਕੋਈ ਸਹਾਇਕ ਮਿਤ੍ਰ ਹੋਨਾ ਚਾਹੀਏ। ਤਬ ਫੇਰ ਵਿਦਿਆ ਠੀਕ ਆਤੀ ਹੈ। ਇਤਨੇ ਗੁਨਾਂ ਸੰਜੁਗਤ ਵਿਦਿਆ ਪੜੀ ਹੂਈ ਫੇਰ ਵਿਦਿਆ ਬ੍ਰਿਧੀ ਨਾਮ ਵਧਨਾ ਕਰਤੀ ਹੈ॥ਭਾਵ॥ਫੇਰ ਮੇਂ ਵਿਦਿਆ ਬਹੁਤ ਆਤੀ ਹੈ। ਇਹ ਵਿਦਿਆ ਕੇ ਪੜਨੇ ਮੇਂ ਬਾਹਰਲੇ ਪਾਂਚ ਸਹਾਇਕ ਗੁਨ ਦਿਖਾਏ ਹੈਂ। ਅੰਤ੍ਰ ਕੇ ਪਾਂਚ ਗੁਨ ਔਰ ਹੈਂ ਸੋ ਆਗੇ



Scanned by CamScanner

ਕਹੇ ਹੈਂ॥੭॥ਮੂਲ॥

**ਦੋਹਿਰਾ॥ ਸਾਸਤ੍ਰ ਪ੍ਰੀਤ ਸੁਧ ਬੁਧ ਭਗਤ ਉਦਮ ਰੋਗ ਨ ਦਹ। ਕਰਹਿ ਬ੍ਰਿਧ ਵਿਦਿਯਾ ਪਠੀ ਪਾਂਚਾਂਤਰ ਗੁਣ ਏਹ॥੮॥**

ਟੀਕਾ॥ਏਕ ਦਿਲ ਸੇ ਸਾਸਤ੍ਰ ਮੇਂ ਪ੍ਰੇਮ ਹੋਨਾ ਚਾਹੀਏ॥ਭਾਵ॥ਵੇਦ ਸਾਸਤ੍ਰ ਮੇਂ ਆਸਤਕ ਭਾਵਨਾ ਹੋ ਐਸਾ ਨਾ ਹੋ ਜਿਸ ਕੋ ਪੜੇ ਉਸੀ ਕੀ ਨਿੰਦਾ ਕਰੇ॥ਕਾਹੇਤੇ॥ਪੋਥੀ ਪਰਮੇਸਰ ਕਾ ਥਾਨ। ਐਸਾ ਗੁਰੂ ਜੀ ਨੇ ਕਹਾ ਹੈ। ਬੇਦ ਸਾਸਤ੍ਰ ਪਰਮੇਸਰ ਕਾ ਰੂਪ ਹੈ ਐਸੇ ਜਾਨੇ। ਦੂਸਰਾ ਬੁਧੀ ਸ਼ੁਧ ਹੋਵੇ। ਤਾਤਪਰਜ ਕੋ ਛੇਤੀ ਸਮਝੇ ਐਸਾ ਨਾ ਹੋ ਗੁਰੂ ਕੁਛ ਕਹੇ ਵਹੁ ਕੁਛ ਔਰ ਹੀ ਸਮਝ ਲਏ। ਭਾਵ ਨੂੰ ਸਮਝਨੇ ਵਾਲਾ ਹੋਵੇ ਐਸੀ ਬੁਧੀ ਸ਼ੁਧ ਹੋ। ਤੀਸਰਾ ਗੁਰੂ ਪਰਮੇਸਰ ਕਾ ਵਿਦਿਆਰਥੀ ਭਗਤ ਹੋਵੇ ਭਾਵ ਸਰਧਾਲੂ ਹੋਵੇ। ਤਰਕ ਵਿਦਿਆ ਗੁਰੂ ਕੀ ਕ੍ਰਿਆ ਪਰ ਨਾ ਹੋਵੇ। ਚੌਥਾ ਫੇਰ ਵਿਦਿਆਰਥੀ ਉਦਮੀ ਹੋਨਾ ਚਾਹੀਏ। ਐਸਾ ਨਾ ਹੋ ਗੁਰੂ ਕੋ ਪਿਆਸ ਲਗੀ ਤੇ ਚੇਲਾ ਯੇ ਨਾ ਦੇਖੇ ਜੋ ਇਹ ਮੈਨੂੰ ਵੀ ਉਠਕੇ ਜਲ ਪਿਲਾਏਂਗੇ ਮੈਂ ਥਕ ਗਿਆ ਹੂੰ। ਚੇਲੇ ਕੋ ਚਾਹੀਏ ਸੀਘਰ ਉਠ ਕਰ ਤਾਜਾ ਜਲ ਲਿਆਕੇ ਪਿਲਾ ਦੇਨਾ। ਜੋ ਸੇਵਾ ਦੇਖੇ ਸੋ ਉਠ ਕਰ ਜਲਦੀ ਕਰ ਲਏ। ਪਾਂਚਵਾਂ ਦੇਹ ਮੇਂ ਕੋਈ ਰੋਗ ਨਾ ਹੋਵੇ॥

ਸੰਕਾ॥ਦੇਹ ਮੇਂ ਜੋ ਰੋਗ ਹੋਨਾ ਹੈ ਸੋ ਪ੍ਰਾਰਬਧ ਅਧੀਨ ਹੈ। ਇਸ ਕੇ ਕਿਆ ਅਧੀਨ ਹੈ॥ ਸਮਾਧਾਨ॥ ਨੇਂਵਦੇ ਮੇਂ ਅਧਿਕ ਲਾਲਚ ਕਰ ਬਹੁਤਾ ਖਾਇ ਜਾਨਾ। ਇਸ ਸੇ ਸਭ ਰੋਗ ਹੋਵੇ ਹੈ। ਤਾਂਤੇ ਸੰਜਮ ਸੇ ਭੋਜਨ ਖਾਏ। ਜਿਸ ਸੇ ਰੋਗ ਨਾ ਹੋ ਇਹ ਇਸ ਕੇ ਅਧੀਨ ਹੈ॥ਕਿੰਬਾ॥ਤਪ ਖਾਂਸੀ ਲਿਫ ਰੇਜਸ ਨਹੀ ਪੜਨ ਦੇਂਦੇ। ਇਸ ਵਾਸਤੇ ਦੇਹ ਮੇਂ ਰੋਗ ਨਾ ਹੋ। ਇਨਾਂ ਪਾਂਚ ਗੁਨਾ ਸੰਜੁਗਤ ਵਿਦਿਆ ਪੜੀ ਹੂਈ ਬ੍ਰਿਧ ਨਾਮ ਵਧਨਾ ਕਰਤੀ ਹੈ ਭਾਵ ਇਹ ਹੈ ਜਿਸ ਪੁਰਸ਼ ਨੇ ਵਿਦਿਆ ਪੜਨੀ ਹੋ ਬਾਹਿਰਲੇ ਪਾਂਚ



ਗੁਨ ਅਰ ਅੰਤ੍ਰ ਕੇ ਪਾਂਚ ਗੁਨ ਅਵਸਜ ਮੇਵ ਧਾਰਨ ਕਰੇ ਵਾ ਹੋਵੇ ਫੇਰ ਸ਼ੀਘਰ ਵਿ॥ਦਿਆ ਆਤੀ ਹੈ ਇਹ ਅੰਤਰ ਕੇ ਜੋ ਪਾਂਚ ਗੁਨ ਹੈਂ। ਇਨਾਂ ਕੋ ਅੰਤਰ ਜਰੂਰ ਧਾਰਨ ਕਰੇ॥੮॥ਸੰਕਾ॥ਵਿਦਿਆ ਕੇ ਹੇਤੂ ਸੇ ਆਤੀ ਹੈ॥ ਭਾਵ॥ ਵਿਦਿਆ ਪ੍ਰਾਪਤੀ ਕੇ ਕਾਰਨ ਕਿਤਨੇ ਹੈਂ॥ ਸਮਾਧਾਨ॥ ਮੂਲ॥

**ਦੋਹਿਰਾ॥ ਗੁਰ ਸੇਵਾ ਵਾ ਦਰਬ ਕਰ ਵਿਦਜਾ ਵਿਦਿਜਾ ਹੋਇ। ਤ੍ਰਿਤੀ ਬਿਧ ਵਿਦਿਆ ਕਰਹਿ ਚੌਥੇ ਹੇਤ ਨ ਕੋਇ॥੯॥**

ਟੀਕਾ॥ਵਿਦਿਆ ਤੀਨ ਹੇਤੂ ਸੇ ਆਤੀ ਹੈ। ਏਕ ਅਧਿਯਾਪਕ ਗੁਰੂ ਕੀ ਸੇਵਾ ਕਰਨੇ ਪਰ ਵਿਦਿਆ ਆਤੀ ਹੈ। ਅਥਵਾ ਦੂਸਰਾ ਧਨ ਸੇ ਵਿਦਿਆ ਪੜੀ ਜਾਤੀ ਹੈ। ਤੀਸਰਾ ਵਿਦਿਆ ਸੇ ਵਿਦਿਆ ਪਰਾਪਤ ਹੋਵੇ ਹੈ। ਭਾਵ॥ ਇਹ ਹੈ ਜਿਸ ਪੁਰਸ਼ ਕੋ ਵਿਦਿਆ ਪੜਨੇ ਕੀ ਇਛਾ ਹੋ ਸੋ ਪੁਰਸ਼ ਜਬ ਤਕ ਤਨ ਮਨ ਸੇ ਗੁਰੂ ਕੀ ਸੇਵਾ ਨਾ ਕਰੇ ਤਬ ਤਕ ਗੁਰੂ ਦਿਲ ਸੇ ਪੜਾਏਂਗੇ ਨਹੀਂ। ਜਬ ਕਰੇਗਾ ਤਬ ਪੜਾਏਂਗੇ। ਤਬ ਵਿਦਿਆ ਸ਼ੀਘਰ ਆਤੀ ਹੈ। ਯਦੀ ਗੁਰੂ ਕੀ ਸੇਵਾ ਨਾ ਕਰੇਗਾ ਤਬ ਗੁਰੂ ਪੜਾਤੇ ਹੂਏ ਭੀ ਦਿਲ ਸੇ ਨਾ ਪੜਾਏਂਗੇ। ਫੇਰ ਵਿਦਿਆ ਠੀਕ ਨਹੀ ਆਤੀ ਦੂਸਰਾ ਹੇਤੂ ਯਹਿ ਹੈ। ਸੇਵਾ ਕਰਨੇ ਕੀ ਸਮਰਥ ਹੈ ਨਹੀ ਅਰ ਧਨ ਪਾਸ ਬਹੁਤ ਹੈ। ਤਬ ਧਨ ਦੇਕਰ ਗੁਰਾਂ ਨੂੰ ਪ੍ਰਸੰਨ ਕਰੇ ਉਨਕੇ ਸਰੀਰ ਕੇ ਯਾਤਰਾ ਕੀ ਤਰਫ ਖਿਆਲ ਰਖੇ। ਜੋ ਵਸਤੂ ਚਾਹੀਏ ਸੋ ਲਿਆ ਦੇਵੇ। ਤਬ ਗੁਰੂ ਪ੍ਰਸੰਨ ਹੋ ਕੇ ਵਿਦਿਆ ਪੜਾਇੰਗੇ। ਫਿਰ ਸ਼ੀਘਰ ਵਿਦਿਆ ਆਤੀ ਹੈ ਵਾ ਧਨ ਸੇ ਕੋਈ ਪੰਡਤ ਨੌਕਰ ਰਖ ਲੀਆ ਤਬ ਭੀ ਵਿਦਿਆ ਪੜੀ ਜਾਤੀ ਹੈ। ਤੀਸਰਾ ਹੇਤੂ ਯਹਿ ਹੈ ਏਕ ਸਹੰਸਕ੍ਰਿਤ ਜਾਨਤਾ ਹੈ। ਦੂਸਰਾ ਫਾਰਸੀ ਵਾ ਗੁਰਮੁਖੀ ਜਾਨਤਾ ਹੈ। ਉਸਨੇ ਉਸ ਕੋ ਵਿਦਿਆ ਪੜਾ ਦਈ ਉਸਨੇ ਉਸ ਕੋ ਪੜਾ ਦਈ ਇਸ ਸੇ ਭੀ ਵਿਦਿਆ ਆਇ ਜਾਵੇ ਹੈਂ। ਇਹ ਤੀਨ ਵਿਧੀਆਂ ਵਿਦਿਆ ਕੀ ਪ੍ਰਾਪਤੀ ਕਰ ਸਕੇ ਹੈ। ਇਨਾਂ ਤੀਨ ਕਾਰਨੋ ਸੇ



Scanned by CamScanner

ਬਿਨਾ ਔਰ ਚੌਥਾ ਕੋਈ ਹੇਤੂ ਨਹੀਂ ਹੈ ਜਿਸ ਸੇ ਇਸਨੇ ਵਿਦਿਆ ਪੜਨੀ ਹੈ। ਭਾਵ। ਜਿਸਨੇ ਵਿਦਿਆ ਪੜਨੀ ਹੋ ਸੇਵਾ ਕਰੇ ਵਾ ਧਨ ਦੇਵੇ ਵਾ ਵਿਦਿਆ ਸੇ ਵਿਦਿਆ ਲੇਵੇ। ਤਬ ਵਿਦਿਆ ਆਵੇਗੀ ਨਹੀਂ ਤਾਂ ਭਜਨ ਕਰੇ॥ ੯ ॥ਅਥ ਵਿਦਿਆ ਕੀ ਮਹਿਮਾ॥ਮੂਲ॥

**ਦੋਹਿਰਾ॥ਵਿਦਿਆ ਉਦਮ ਸਿਲਪਤਾ ਪੰਡਤ ਸੰਗ੍ਰਹਿ ਮੀਤ। ਅਖੈ ਨ ਭੈ ਤਸਕਰ ਇਨੈ ਪਾਚ ਨਿਧਾ ਸੁਖ ਨੀਤ॥੧੦॥**

ਟੀਕਾ॥ਅਬ ਵਿਦਿਆ ਕੀ ਉਸਤਤੀ ਕਥਨ ਕਰਤੇ ਹੈ ਸ਼ਾਸ਼ਤ੍ਰ ਮੇ ਚੌਦਾਂ ਪ੍ਰਕਾਰ ਕੀ ਵਿਦਿਆ ਜੋ ਕਥਨ ਕਰੀ ਹੈ। ਉਨ ਮੇਂ ਸੇ ਕੋਈ ਏਕ ਵਿਦਿਆ ਹੋ॥ਭਾਵ॥ਕਿਸੀ ਕਿਸਮ ਕਾ ਕੋਈ ਗੁਣ ਹੋ॥੧॥ਫੇਰ ਸਰੀਰ ਕਰਕੇ ਵਡਾ ਉਦਮੀ ਹੋਣਾ॥ਭਾਵ॥ਹਰ ਏਕ ਕਾਮ ਕਰਨੇ ਕੋ ਸਮਰਥ ਹੋਣਾ। ਕਿਸੀ ਕਾਮ ਮੇਂ ਆਲਸ ਨਾ ਕਰਨਾ। ਯੇ ਭੀ ਏਕ ਵਡਾ ਭਾਰੀ ਗੁਨ ਹੈ॥੨॥ਸਿਲਪਤਾ ਨਾਮ ਚਿਤ੍ਰਕਾਰੀ ਕਰਨੇ ਕਾ ਹੈ। ਮੰਦਰੋਂ ਮੇਂ ਵਡੀ ਸੁੰਦਰ ਚਿਤ੍ਰਕਾਰੀ ਕਰਨੇ ਕੀ ਅਕਲ ਹੋਣੀ। ਮੂਰਤਾਂ ਤਸਵੀਰਾਂ ਬਨਾਨੀਆਂ। ਜਿਸ ਕੋ ਦੇਖ ਕਰ ਹਰ ਏਕ ਕਾ ਚਿਤ ਮੋਹਤ ਹੋ ਜਾਵੈ॥੩॥ਵਿਆਕਰਨ ਅਮਰਕੋਸ਼ ਗੀਤਾ ਭਾਸਜ ਉਪਨਿਖਦ ਭਾਸ ਸਰੀਰਕ ਭਾਸ ਜੋਤਸ਼ ਨਿਰੁਕਤ ਆਦਿਕ ਗ੍ਰੰਥਾਂ ਕੋ ਪੜਕੇ ਪੰਡਤ ਹੋਣਾ। ਭਾਵ ਸਭ ਸ਼ਾਸਤ੍ਰ ਮੇਂ ਕੁਸਲ ਹੋਨਾ। ਜਿਸ ਵਿਸੇ ਮੇਂ ਕੋਈ ਪ੍ਰਸ਼ਨ ਕਰੇ ਉਸੀ ਮੇਂ ਉਤਰ ਦੇਵੇ। ਐਸੇ ਏਕ ਨਿਪੁਨ ਪੰਡਤ ਹੋਨਾ ਯੇ ਭੀ ਏਕ ਵਡਾ ਭਾਰੀ ਗੁਨ ਹੈ॥੪॥ਬਹੁਤੇ ਮਿਤ੍ਰੋਂ ਕਾ ਸੰਗਰਹਿ ਹੋਨਾ ਭਾਵ ਮਿਤਰ ਬਹੁਤੇ ਹੋਣੇ। ਯੇ ਭੀ ਏਕ ਵਡਾ ਭਾਰੀ ਗੁਨ ਹੈ। ਜਿਸਕੇ ਮਿਤਰ ਬਹੁਤੇ ਹੋਨਗੇ ਫੇਰ ਉਸ ਪੁਰਸ਼ ਕੋ ਕਿਸੀ ਕਿਸਮ ਕੀ ਕੋਈ ਤਕਲੀਫ ਨਾ ਹੋਵੇਗੀ। ਅਰ ਮਿਤਰ ਸਭ ਜਗਾ ਮੇਂ ਸਹਾਇਕ ਹੋਵੇਂਗੇ॥ਸੰਕਾ॥ਮਿਤਰ ਕਿਨ ਕੇ ਸਮਾਨ ਹੋਨਾ ਚਾਹੀਏ। ਸਮਾਧਾਨ॥ਸ੍ਰੀ ਰਾਮ ਚੰਦਰ ਜੀ ਜੈਸੇ ਸੁਗ੍ਰੀਵ ਕੇ ਮਿਤਰ ਹੂਏ ਹੈਂ। ਉਨਕੀ



ਵਿਪਦਾ ਇਨਾਂ ਨੇ ਦੂਰ ਕਰੀ ਹੈ। ਅਰ ਇਨ ਕੀ ਵਿਪਦਾ ਉਨਾਂ ਨੇ ਦੂਰ ਕਰੀ ਹੈ। ਇਸ ਪਰ ਰਾਮਾਇਨ ਕਾ ਪ੍ਰਮਾਨ॥

**ਚੌਪਈ॥ਜੇਨ ਮਿਤ੍ਰ ਦੁਖ ਹੋਹਿ ਦੁਖਾਰੀ। ਤਿਨੈ ਬਿਲੋਕਤ ਪਾਤਕ ਭਾਰੀ। ਨਿਜ ਦੁਖ ਗਿਰ ਸਮ ਰਜ ਕਰ ਮਾਨ। ਮਿਤ੍ਰ ਕੋ ਦੁਖ ਰਜ ਮੇਰੁ ਸਮਾਨ। ਜਿਨਕੇ ਅਸ ਮਤਿ ਸਹਿਜ ਨ ਆਈ। ਤੇ ਸਠ ਕਤ ਹਠੁ ਕਰਤ ਮਿਤਾਈ। ਕੁਪਥਿ ਨਿਵਾਰ ਸੁ ਪੰਥ ਚਲਾਵਾ। ਗੁਣ ਪ੍ਰਗਟੈ ਅਵਗੁਣਹਿ ਦੁਰਾਵਾ। ਦੇਤ ਲੇਤ ਮਨ ਸੰਕ ਨ ਧਰਈ। ਬਲ ਅਨੁਮਾਨ ਸਦਾ ਹਿਤ ਕਰਈ। ਵਿਪਤਿ ਕਾਲ ਕਰਿ ਸਤਗੁਨ ਨੇਹਾ। ਸ੍ਰੁਤਕਹਿ ਸਤਯ ਮਿਤ੍ਰ ਗੁਣ ਯੇਹਾ॥**

ਸੰਕਾ॥ ਕੁਮਿਤ੍ਰੋਂ ਕੇ ਲਛਨ ਕਿਆ॥ ਸਮਾਧਾਨ॥

**ਚੌਪਈ॥ ਆਗੇ ਕਹਿ ਮ੍ਰਿਦ ਬਚਨ ਬਨਾਈ। ਪਾਛੇ ਅਨਹਿਤ ਮਨ ਕੁਟਲਾਈ। ਜਾਂਕਰ ਚਿਤ ਅਹਿਗਤਿ ਸਮ ਭਾਈ। ਅਸ ਕੁਮਿਤ੍ਰ ਪਰਿ ਹਰੇ ਭਲਾਈ। ਸੇਵਕ ਸਠ ਨ੍ਰਿਪ ਕ੍ਰਿਪਣ ਕੁਨਾਰੀ। ਕਪਟੀ ਮਿਤ੍ਰ ਸੂਲ ਸਮ ਚਾਰੀ। ਸਖਾ ਸੋਚ ਤਜਾਗਹੁ ਬਲ ਮੋਰੇ। ਸਬ ਬਿਧ ਕਰਬ ਕਾਜ ਮੈਂ ਤੋਰੇ।**

ਕਿਸ਼ ਕਿੰਧਾ ਕਾਂਡ ਮੇਂ ਸ੍ਰੀ ਰਾਮ ਚੰਦਰ ਜੀ ਨੇ ਮਿਤ੍ਰ ਕੁਮਿਤ੍ਰੋਂ ਕੇ ਲਛਨ ਸੁਗ੍ਰੀਵ ਕੇ ਪ੍ਰਤੀ ਸੁਣਾਏ ਹੈਂ। ਭਾਵ। ਐਸੇ ਮਿਤ੍ਰ ਹੋਣੇ ਚਾਹੀਏ। ਯੇ ਭੀ ਏਕ ਕਿਸਮ ਕਾ ਗੁਨ ਹੈ।੫। ਕਿਸੀ ਕਿਸਮ ਵਿਦਿਆ ਯਾਨੇ ਹੁਨਰ ਹੋਨਾ। ੧। ਸਰੀਰ ਮੇਂ ਉਦਮ ਹੋਨਾ। ੨ ਸਿਲਪਤਾ ਕਾ ਗੁਨ ਹੋਨਾ। ੩ ਪੰਡਤ ਹੋਨਾ। ੪ ਮਿਤ੍ਰ ਬਹੁਤੇ ਹੋਨੇ। ੫ ਇਨਾਂ ਪਾਂਚ ਗੁਨਾਂ ਕੋ ਨਾ ਤੋ ਚੋਰ ਆਦਿਕੋਂ ਕਾ ਭੈ ਹੈ। ਅਰ ਨਾ ਯੇ ਖੈ ਭਾਵ ਕੋ ਪ੍ਰਾਪਤ ਹੋਵੇ ਹੈ। ਸਦਾ



Scanned by CamScanner

ਏਕ ਰਸ ਬਨੇ ਰਹੇ ਹੈਂ। ਕਾਹੇ ਤੇ। ਧਨ ਮਣੀ ਆਦਕੋਂ ਕੋ ਤਾਂ ਚੋਰ ਹਰ ਲੇ ਜਾਵੇ ਹੈ। ਇਨਾਂ ਪਾਂਚ ਗੁਨਾਂ ਕੋ ਚੋਰ ਭੀ ਨਹੀਂ ਹਰ ਸਕੇ ਹੈ। ਸੰਸਾਰ ਭਰ ਮੇਂ ਜੋ ਸਕਾਰ ਰੂਪੀ ਪਦਾਰਥ ਹੈ। ਸੋ ਸਨੇ ਸਨੇ ਨਾਸ਼ ਕੋ ਪ੍ਰਾਪਤ ਹੋ ਜਾਵੇ ਹੈ। ਪ੍ਰਣਾਮੀ ਹੋਣੇ ਸੇ। ਪਰੰਤੂ ਯੇ ਪਾਂਚ ਗੁਨ ਕਭੀ ਨਾਸ਼ ਨਹੀ ਹੋਵੇ ਹੈ ਉਲਟਾ ਅਧਿਕ ਹੋਵੇ ਹੈ। ਯੇ ਪਾਂਚ ਗੁਨ ਨਿਧੀਆਂ ਕੇ ਸਮਾਨ ਜੀਵ ਕੋ ਨਿਤ ਹੀ ਸੁਖ ਦੇਨੇ ਵਾਲੇ ਹੈਂ। ਭਾਵ। ਜਿਸ ਕੋ ਕੋਈ ਆਪਨਾ ਗੁਨ ਦਿਖਾਓ ਸੋਈ ਸੇਵਾ ਕਰਨੇ ਲਗ ਜਾਤਾ ਹੈ। ਸਭੀ ਗੁਨ ਕੋ ਵਿਦਿਆ ਕਹਾ ਜਾਤਾ ਹੈ। ਕੋਈ ਗੁਨ ਹੋ ਸਾਰੇ ਗੁਨ ਚੋਦਾਂ ਵਿਦਿਆ ਕੇ ਅੰਤ੍ਰ ਭੂਤ ਹੈ। ਤਾਂਤੇ ਹਰ ਏਕ ਪੁਰਸ਼ ਕੋ ਕੋਈ ਨਾ ਕੋਈ ਗੁਨ ਸੰਪਾਦਨ ਕਰਨਾ ਯੋਗ ਹੈ। ਗੁਨ ਤੇ ਬਿਨਾ ਜੀਵ ਪਸੂ ਕਹਾ ਜਾਤਾ ਹੈ। ੧੦॥

ਸੰਕਾ॥ ਅਬ ਆਗੇ ਕਿਆ ਕਹੋਗੇ॥ ਸਮਾਧਾਨ॥

**ਦੋਹਿਰਾ॥ ਗੁਪਤ ਪ੍ਰਛਿੰਨ ਅਤੁਲ ਧਨ ਵਿਦਿਆ ਨਰ ਬਪੁ ਜਾਨ। ਵਿਦਿਆ ਜਸ ਸੁਖ ਭੋਗ ਦੇ ਵਿਦਿਆ ਗੁਰ ਗੁਰ ਮਾਨ॥੧੧॥**

ਟੀਕਾ॥ ਅਬ ਫੇਰ ਵਿਦਿਆ ਕੀ ਉਪਮਾ ਕਥਨ ਕਰੇਂਗੇ। ਫੇਰ ਯੇ ਵਿਦਿਆ ਕੈਸੀ ਹੈ। ਗੁਪਤ ਹੈ। ਭਾਵ। ਜੋ ਜਿਸਕੋ ਗੁਨ ਆਤਾ ਹੈ। ਸੋ ਜਬ ਤਕ ਨਾ ਬਤਾਵੇ ਮਲੂਮ ਕੁਛ ਨਹੀ ਪੜਤਾ ਯੇ ਕਿਆ ਜਾਨੇ ਹੈ। ਬਿਨਾ ਬਤਾਨੇ ਸੇ ਮਾਲੂਮ ਨਹੀਂ ਪੜਤਾ ਜਾਂ ਬਤਾਵੇ ਤਾਂ ਹੀ ਮਾਲੂਮ ਪੜੇਗਾ ਨਹੀਂ ਤੋ ਛਿਪੀ ਰਹੇਗੀ। ਫੇਰ ਯੇ ਵਿਦਿਆ ਕੈਸੀ ਹੈ। ਪ੍ਰਿਛਿੰਨ ਹੈ। ਕਿਆ ਇਕ ਦੇਸੀ ਹੈ। ਜਿਸਨੇ ਸੀਖੀ ਹੈ। ਤਿਸੀ ਪਾਸ ਰਹੇ ਹੈ। ਸਾਰੇ ਨਹੀਂ ਫੈਲੇ ਹੈ। ਕਿੰਬਾ। ਪ੍ਰਿਛਿੰਨ ਨਾਮ ਹਲਕੀ ਯਾਨੇ ਹੌਲੀ ਚੀਜ ਕੋ ਕਹੇ ਹੈ। ਦੇਖੋ ਯੇ ਪੁਰਸ਼ ਹਜਾਰਾਂ ਗ੍ਰੰਥ ਪੜ ਲਏ ਅਰ ਹਜਾਰਾਂ ਹੀ ਹੁਨਰ ਸੀਖ ਲਏ ਪਰ ਨਾ ਇਨਸੇ ਕੋਈ ਪੇਟ ਭਾਰਾ ਹੋਵੈ ਹੈ। ਅਰ ਨ ਸਿਰ ਪਰ ਕੋਈ ਬੋਝ ਲਗੇ ਹੈ। ਯੇ ਐਸੀ ਏਕ ਹੌਲੀ ਵਿਦਿਆ ਹੈ। ਫੇਰ ਯੇ ਵਿਦਿਆ ਕੈਸੀ



ਹੈ ਕਿ ਅਤੁਲ ਧਨ ਕੇ ਦੇਨੇ ਵਾਲੀ ਹੈ। ਕਾਹੇਂਤੇ। ਵਿਦਿਆ ਕੇ ਬਲ ਸੇ ਹਮੇਸ਼ਾ ਧਨ ਕਮਾਈ ਜਾਹੁ ਸਦਾ ਧਨ ਦੇਤੀ ਜਾਏਗੀ। ਜੈਸੇ ਏਕ ਅਸਥਾਨ ਮੇਂ ਆਪਨੀ ਵਿਦਿਆ ਕੇ ਬਲ ਸੇ ਤਸਵੀਰ ਬਨਾ ਦਿਤੀ ਫੇਰ ਦੂਸਰੇ ਅਸਥਾਨ ਮੇਂ ਨਹੀਂ ਬਨਾ ਸਕੇ ਹੈ। ਕਿੰਤੂ ਬਨਾ ਸਕੇ ਹੈ। ਅਰ ਜਿਸਕੋ ਵਹੁ ਮੂਰਤੀ ਦੇਗਾ ਵਹੁ ਆਗੇ ਧਨ ਦੇਗਾ। ਗੁਨ ਦਿਖਾਨੇ ਸੇ ਵਾ ਦੇਨੇ ਸੇ ਗੁਨ ਨਹੀਂ ਘਟੇ ਹੈ। ਉਲਟਾ ਕੂਪਜਲ ਵਤ ਅਧਿਕ ਹੋਵੇ ਹੈ। ਅਰ ਇਸ ਵਿਦਿਆ ਸੇ ਧਨ ਸਦਾ ਕਮਾਈ ਜਾਹੁ। ਸਦਾ ਧਨ ਦੇਤੀ ਰਹੇਗੀ। ਇਸ ਲੀਏ ਯੇ ਵਿਦਿਆ ਅਤੁਲ ਧਨ ਦੇਨੇਹਾਰੀ ਹੈ। ਇਸ ਮੇਂ ਪ੍ਰਮਾਨ।

**ਦੋਹਿਰਾ॥ਸੁਰਸ੍ਰਤੀ ਕੇ ਭੰਡਾਰ ਮੈ ਅਹੈ ਅਪੂਰਬ ਬਾਤ। ਜਿਉ ਜਿਉ ਖਰਚੇ ਦਿਨੋ ਦਿਨ ਅਧਿਕ ਅਧਿਕ ਵਧ ਜਾਤ॥੧॥ਵਿਦਿਆ ਸੇ ਸਭ ਖਾਤ ਹੈ ਵਿਦਿਆ ਬਿਨ ਹੈ ਦੀਨ। ਵਿਦਿਆ ਨਰ ਕੀ ਦੇਖ ਕੈ ਰਹੈ ਨਰਿਪ ਅਧੀਨ॥੨॥**

ਫੇਰ ਯੇ ਵਿਦਿਆ ਕੈਸੀ ਹੈ। ਵਿਦਿਆ ਨਰ ਨਾਮ ਪੁਰਸ਼ ਕਾ ਵਪੁ ਨਾਮ ਸਰੀਰ ਹੈ। ਭਾਵ। ਜੈਸੇ ਮਨੁੱਖ ਸਰੀਰ ਸਭ ਸੇ ਊਤਮ ਹੈ। ਤੈਸੇ ਯੇ ਵਿਦਿਆ ਊਤਮ ਹੈ ਵਾ ਸੇਵਾ ਕਰਨੇ ਕੇ ਲੀਏ ਆਪਨੇ ਸਾਥ ਮਾਨੋ ਵਿਦਿਆ ਰੂਪੀ ਦੂਸਰਾ ਸਰੀਰ ਹੈ। ਫੇਰ ਵਿਦਿਆ ਕੈਸੀ ਹੈ। ਜਸ ਕੇ ਦੇਨੇਹਾਰੀ ਹੈ। ਅਰ ਫੇਰ ਸਭ ਸੁਖਾਂ ਕੇ ਦੇਨੇ ਹਾਰੀ ਹੈ। ਅਰ ਊਤਮ ਭੋਗਾਂ ਕੇ ਦੇਨੇਹਾਰੀ ਹੈ। ਗੁਰ ਗੁਰ ਮਾਨ। ਫੇਰ ਯੇ ਵਿਦਿਆ ਗੁਰਾਂ ਕੀ ਵੀ ਗੁਰੂ ਹੈ। ਕਿੰਬਾ। ਗੁਰ ਨਾਮ ਭਾਰੀ ਕਾ ਹੈ। ਭਾਰੀ ਸੇ ਭਾਰੀ ਵਿਦਿਆ ਹੈ॥ ਕਿੰਬਾ॥ਜੋ ਸੰਸਾਰ ਮੇਂ ਗੁਰੂ ਪੂਜ ਹੈ। ਉਨਾਂ ਸੇ ਭੀ ਯੇ ਵਿਦਿਆ ਪੂਜ ਹੈ। ਕਿੰਬਾ। ਸੰਸਾਰ ਕੇ ਗੁਰੂ ਜੋ ਵਿਯਾਸ ਸੰਕਰਾਚਾਰਜ ਆਦੀ ਹੂਏ ਹੈ ਉਨਾਂ ਨੇ ਭੀ ਇਸ ਵਿਦਿਆ ਕੋ ਆਪਨਾ ਗੁਰੂ ਕਰਕੇ ਮਾਨਾ ਹੈ। ਦੇਖਨੇ ਮੇਂ ਭੀ ਆਤਾ ਹੈ ਅਬ ਭੀ ਜੋ ਵਿਦ੍ਵਾਨ ਪੁਰਸ਼ ਹੈਂ। ਗੁਰੂ ਸੇ ਭੀ ਅਧਿਕ ਲੋਕ



Scanned by CamScanner

ਉਨਕੋ ਜਾਨੇ ਹੈ। ਅਰ ਇਸ ਵਿਦਿਆ ਕੇ ਬਲ ਸੇ ਐਸ੍ਵਰਜ ਭੋਗ ਰਹੇ ਹੈ॥ ੧੧॥ ਸੰਕਾ॥ ਵਿਦ੍ਵਾਨ ਕੋ ਵਿਦਿਆ ਕੈਸੇ ਪ੍ਰਦੇਸ ਮੇਂ ਪੁਜਾਵੇ ਹੈ॥ ਸਮਾਧਾਨ॥ਮੂਲ॥

**ਦੋਹਿਰਾ॥ਵਿਦਿਆ ਬੰਧੁ ਪਰਦੇਸ ਮੈ ਵਿਦਿਆ ਦੇਵ ਵਿਸੇਖ। ਪੂਜ ਨਿਰਪੋਂਕਰ ਅਘਹਤੀ ਵਿਦਿਆ ਬਿਨੁ ਪਸੁ ਦੇਖ॥੧੨॥**

ਟੀਕਾ॥ਪਰਦੇਸ ਮੇਂ ਜਹਾਂ ਆਪਨਾ ਕੋਈ ਸਨਬੰਧੀ ਪਹੁੰਚ ਨਾ ਸਕੇ ਐਸਾ ਨਵੀਨ ਮੁਲਖ ਹੋ ਤਹਾਂ ਵਿਦ੍ਵਾਨ ਪੁਰਸ਼ ਚਲਾ ਜਾਏ ਵਹਾਂ ਬੰਧੁ ਨਾਮ ਸ੍ਰੇਸ੍ਰ ਸਬੰਧੀਓਂ ਕੀ ਤਰਾਂ ਯੇ ਵਿਦਿਆ ਸਹਾਇਤਾ ਕਰੇ ਹੈ॥ਭਾਵ॥ਜੈਸੇ ਆਪਨੇ ਦੇਸ਼ ਮੇਂ ਸੰਬੰਧੀ ਸੇਵਾ ਕਰੇ ਹੈ। ਤੈਸੇ ਵਿਦ੍ਵਾਨ ਪੁਰਸ਼ ਕੀ ਵਿਦਿਆ ਦੇਖਕੇ ਪਰਦੇਸ ਮੇਂ ਸਬੰਧੀਓਂ ਸੇ ਭੀ ਅਧਿਕ ਲੋਕ ਸੇਵਾ ਕਰੇ ਹੈ। ਅਰ ਜੈਸੇ ਕੋਈ ਦੇਵਤਾ ਕਿਸੀ ਨੇ ਸਿਧ ਕੀਆ ਹੋਇ ਜੈਸੇ ਦੇਵਤਾ ਉਸਕਾ ਕਾਰਜ ਸਵਾਰੇ ਹੈ। ਤੈਸੇ ਸਿਧ ਦੇਵਤਾ ਕੇ ਸਦਿਰਸ ਵਿਦ੍ਵਾਨ ਪੁਰਸ਼ਾਂ ਕੇ ਕਾਰਜ ਵਿਦਿਆ ਸਵਾਰੇ ਹੈ। ਵਿਸੇਖ ਨਾਮ ਵਿਸੇਸ ਕਰਕੇ ਵਿਦਿਆ ਹੀ ਦੇਵਤਾ ਹੈ। ਵਾ ਵਿਦਿਆ ਹੀ ਦੇਵਤਾ ਹੈ। ਵਿਸੇਖ ਨਾਮ ਸਿਧ ਕੀਤਾ ਹੂਆ। ਜੈਸੇ ਭੂਤ ਵਾ ਦੇਵਤਾ ਅਧੀਨ ਕਰੇ ਹੂਏ ਕਾਰਜ ਸਵਾਰ ਦੇਵੇ ਹੈ। ਜੈਸੇ ਮਾਤਾ ਕੁੰਤੀ ਨੇ ਮੰਤ੍ਰ ਕੇ ਬਲ ਸੇ ਪਾਂਚੋਂ ਦੇਵਤਾ ਵਸੀ ਕਰਕੇ ਏਕ ਏਕ ਉਨਸੇ ਪੁੱਤਰ ਲੀਆ। ਇੰਦਰ ਤੇ ਅਰਜਨ ਧਰਮ ਸੇ ਯੁਧਿਸ੍ਰਰ ਅਸ੍ਵਨੀ ਕੁਮਾਰੋਂ ਸੇ ਨਕੁਲ ਸਹਿਦੇਵ ਪਵਨ ਸੇ ਭੀਮਸੈਨ ਅਰ ਛੇਵਾਂ ਸੂਰਜ ਸੇ ਕਰਣ। ਤੈਸੇ ਵਿਦਿਆ ਦੇਵਤਾ ਕੇ ਸਮ ਪੁਰਸ਼ ਕੇ ਕਾਰਜ ਸਵਾਰੇ ਹੈ। ਫੇਰ ਰਾਜਿਓਂ ਕਰਕੇ ਪੂਜਾਵਤੀ ਹੈ। ਵਿਦਿਆ ਵਾਲੇ ਕੀ ਰਾਜਾ ਲੋਕ ਭੀ ਪੂਜਾ ਕਰਤੇ ਹੈ ਪੜੇ ਕੇ ਸਮਾਨ ਅਨਪੜੇ ਕੀ ਸੇਵਾ ਥੋੜੀ ਹੋਤੀ ਹੈ। ਫੇਰ ਪਾਪਾਂ ਕੋ ਨਾਸ਼ ਕਰਤੀ ਹੈ। ਪੁੰਨ ਪਾਠ ਕਰਨੇ ਸੇ ਵਾ ਨਿਸਕਾਮ ਪੜਾਨੇ ਸੇ ਪਾਪਾਂ ਕੋ ਨਾਸ਼ ਕਰੇ ਹੈਂ ਵਿਦਿਆ ਪੜੇ ਸੇ ਬਿਨਾ ਜੀਵ ਪਸੂ ਦੀਖਤਾ



ਹੈ। ਜਿਸ ਨੇ ਮਾਨੁਖ ਸਰੀਰ ਪਾਕੇ ਵਿਦਿਆ ਨਹੀਂ ਪੜੀ ਵਹੁ ਜੀਵ ਪਸੂ ਵਤ ਹੈ॥ਕਾਹੇ ਤੇ॥ਬੈਠਨਾ ਉਠਨਾ ਚਲਨਾ ਫਿਰਨਾ ਬੋਲਨਾ ਵਿਦਿਆ ਬਿਨਾ ਆਤਾ ਨਹੀਂ। ਇਸ ਲੀਏ ਵਿਦਿਆ ਬਿਨਾ ਜੀਵ ਪਸੂ ਹੈ॥ਸੰਕਾ॥ ਮਾਨੁਖ ਕਿਸ ਕੋ ਕਹੇ ਹੈਂ॥ਸਮਾਧਾਨ॥ਜਿਸਨੇ ਆਤਮ ਗਿਆਨ ਪਾਇਆ ਹੂਆ ਹੈ ਸੋਈ ਮਾਨੁਖ ਸਰੀਰ ਹੈ। ਜਿਸ ਨੇ ਮਾਨੁਖ ਸਰੀਰ ਪਾਕੇ ਆਤਮ ਗਿਆਨ ਨਹੀ ਪਾਇਆ ਵਹੁ ਪਸੂ ਹੈ ਮਾਨੁਖ ਨਹੀਂ। ਵਿਚਾਰ ਸੇ ਦੇਖੀਏ ਮਨੁਖ ਅਰ ਪਸੂ ਕਾ ਵਿਵਹਾਰ ਤੋ ਸਮ ਹੈ ਫੇਰ ਇਸ ਮੇਂ ਮਾਨੁਖਪਣਾ ਕਿਆ ਅਰ ਪਸੂਪਣਾ ਕਿਆ ਹੈ। ਮਾਨੁਖਪਣਾ ਏਹੀ ਹੈ ਜਿਸਨੇ ਆਤਮ ਗਜਾਨ ਪਾਇਆ ਹੈ ਨਹੀ ਤੋ ਪਸੂ ਹੈ। ਅਬ ਇਸੀ ਬਾਤ ਕੋ ਆਗੇ ਦਿਖਾਵੈ ਹੈ॥ਮੂਲ॥

**ਦੋਹਿਰਾ॥ਨਿੰਦ੍ਰਾ ਭੋਜਨ ਭੋਗ ਭਯ ਏ ਪਸ਼ੁ ਪੁਰਸ ਸਮਾਨ। ਨਰਨ ਗਿਆਨ ਨਿਜ ਅਧਿਕਤਾ ਗਿਆਨ ਬਿਨਾ ਪਸੁ ਜਾਨ॥ ੧੩॥**

ਟੀਕਾ॥ ਜੈਸੇ ਨਿੰਦ੍ਰਾ ਪੁਰਸ਼ ਕੋ ਆਤੀ ਹੈ ਤੈਸੇ ਪਸੂ ਕੋ ਆਤੀ ਹੈ। ਇਸ ਸੇ ਭੀ ਸਮਾਨ ਹੈ। ਜੈਸੇ ਪੁਰਸ਼ ਭੋਜਨ ਖਾ ਕੇ ਤ੍ਰਿਪਤ ਹੋਵੇ ਹੈਂ ਤੈਸੇ ਪਸੂ ਆਪਨਾ ਭੋਜਨ ਖਾਕੇ ਤ੍ਰਿਪਤ ਹੋਵੇ ਹੈ ਇਸ ਸੇ ਭੀ ਸਮਾਨ ਹੈ। ਜੈਸੇ ਪੁਰਸ਼ ਆਪਨੀ ਔਰਤ ਸੇ ਮੈਥਨ ਕਰੇ ਹੈ ਤੈਸੇ ਪਸੂ ਭੀ ਭੋਗ ਕਰੇ ਹੈਂ ਇਸ ਸੇ ਭੀ ਸਮਾਨ ਹੈ। ਜੈਸੇ ਦੰਡ ਮੁਸਟ ਸੇ ਪੁਰਸ਼ ਡਰੇ ਹੈਂ ਤੈਸੇ ਦੰਡੇ ਢੀਮ ਸੇ ਪਸੂ ਭਯ ਮਾਨੇ ਹੈ ਚਾਰੋਂ ਬਾਤਾਂ ਪੁਰਸ਼ ਅਰ ਪਸੂ ਮੇਂ ਇਕ ਜੈਸੀਆਂ ਹੈਂ। ਇਨਾਂ ਬਾਤੋਂ ਸੇ ਦੋਨੋਂ ਸਮਾਨ ਹੈ॥ਸੰਕਾ॥ਫੇਰ ਇਸ ਮੇਂ ਮਾਨੁਖਪਣਾ ਕਿਆ ਹੈ॥ ਸਮਾਧਾਨ॥ ਜੋ ਜੀਵ ਮਾਨੁਖ ਸਰੀਰ ਪਾਕੇ ਆਪਨੇ ਸਰੂਪ ਕੋ ਹਸਤਾਮਲ ਵਤ ਜਾਨ ਲੀਆ ਹੈ। ਮਾਨੁਖਪਣਾ ਮਾਨੁਖ ਮੇਂ ਏਹੀ ਹੈ। ਜਿਨਾਂ ਪੁਰਸ਼ਾਂ ਮੇਂ ਸਰੂਪ ਗਿਆਨ ਕਾ ਬੋਧ ਹੈ ਸੋ ਮਾਨੁਖ ਹੈਂ। ਨਹੀ ਗਿਆਨ ਤੇ ਬਿਨਾ ਪਸੂ ਵਤ ਹੈਂ॥ ਸੰਕਾ॥ ਪਿਛੇ ਵਿਦਿਆ ਕਾ ਪ੍ਰਕਰਨ



Scanned by CamScanner

ਚਲਾ ਹੂਆ ਹੈ। ਗਿਆਨ ਪਦ ਸੇ ਆਤਮ ਗਿਆਨ ਨਿਰਨੇ ਕਰਨੇ ਲਗ ਪੜੇ ਹੋ। ਗਿਆਨ ਪਦ ਸੇ ਘਟ ਪਟ ਕੇ ਗਿਆਨ ਕਾ ਨਾਮ ਭੀ ਗਿਆਨ ਹੈ। ਵਿਦਿਆ ਕੇ ਗਜਾਨ ਬਿਨਾ ਜੀਵ ਪਸ਼ੂ ਹੈ। ਐਸੇ ਕਹਿਨਾ ਚਾਹੀਏ॥ ਸਮਾਧਾਨ॥ਵਿਚਾਰ ਕਰ ਦੇਖਾ ਚਾਹੀਏ ਮਾਨੁਖ ਕੋ ਵਡਿਆਈ ਕਿਸ ਚੀਜ ਕੀ ਹੈ। ਗਿਆਨ ਕੀ। ਸੋ ਗਿਆਨ ਦੋ ਪ੍ਰਕਾਰ ਕਾ ਹੈ। ਏਕ ਘਟ ਪਟ ਪਦਾਰਥੋਂ ਕਾ ਗਿਆਨ ਦੂਸਰਾ ਸਰੂਪ ਗਿਆਨ ਹੈ। ਪਰੰਤੂ ਘਟ ਪਟ ਗਜਾਨ ਰੂਪੀ ਵਿਦਿਆ ਮੋਖ ਨਹੀ ਕਰੇ ਹੈ। ਮੋਖ ਸਰੂਪ ਗਜਾਨ ਕਰੇ ਹੈ। ਅਧਿਕਤਾ ਪਸੂ ਤੇ ਮਾਨੁਖ ਕੋ ਬੋਧ ਕੀ ਹੈ। ਜੇ ਬੋਧ ਨਹੀਂ ਤਾਂ ਪਸੂ ਸੇ ਭੀ ਅਧਿਕ ਪਸੂ ਹੈ। ਇਸ ਮੇਂ ਗੁਰ ਪ੍ਰਮਾਨ।

**ਜੋ ਨ ਭਜੰਤੇ ਨਾਰਾਇਣਾ॥ ਤਿਨ ਕਾ ਮੈ ਨ ਕਰਉ ਦਰਸਨਾ॥੧॥ ਰਹਾਉ॥ ਜਿਨ ਕੈ ਭੀਤਰਿ ਹੈ ਅੰਤਰਾ॥ ਜੈਸੇ ਪਸੁ ਤੈਸੇ ਓਇ ਨਰਾ॥੨॥**

**ਪਸੂ ਮਿਲਹਿ ਚੰਗਿਆਈਆ ਖੜੁ ਖਾਵਹਿ ਅੰਮ੍ਰਿਤੁ ਦੇਹਿ।**

ਅਰਥ ਯੇ ਹੈ। ਮਾਨੁਖ ਛਤੀ ਅੰਮ੍ਰਿਤ ਖਾ ਕੇ ਦੁਰਗੰਧ ਕਰੇ ਹੈ। ਪਸੂ ਕੋ ਚੰਗਿਆਈਆਂ ਇਸ ਕਰ ਮਿਲੇ ਹੈ। ਖੜ ਨਾਮ ਖਲ ਘਾਸ ਤੂੜੀ ਖੁਸਕ ਚੀਜਾਂ ਕੋ ਖਾਕੇ ਅੰਮ੍ਰਿਤ ਨਾਮ ਦੂਧ ਦੇਵੇ ਹੈ। ਨਾਮ ਨਾ ਜਪੇ ਤਾਂ ਆਤਮ-ਘਾਤੀ ਹੈ। ਗੁਸਾਈਂ ਜੀ ਕਹੇ ਹੈ। ਨਾਮ ਬਿਨਾ ਪੂਛ ਦਾੜੀ ਹੈ ਮੂਛਾਂ ਦੋਨੋਂ ਸਿੰਗ ਹੈਂ। ਪਸੂ ਬਨਿਆ ਬਨਾਇਆ ਹੈ॥ ਸੰਕਾ॥ ਅਬ ਆਗੇ ਕਿਆ ਕਹੋਗੇ॥ਸਮਾਧਾਨ॥ਮੂਲ॥

**ਦੋਹਿਰਾ। ਧਰਮ ਸੀਲ ਤਪ ਦਾਨ ਗੁਣ, ਵਿਦਿਆ ਬਿਨ ਜੋ ਜੰਤ। ਮਿਰਤ ਲੋਕ ਖਿਤ ਭਾਰ ਤੇ ਨਰ ਬਪੁ ਮ੍ਰਿਗ ਵਿਚਰੰਤ॥[illegible]॥**

੧੪



ਟੀਕਾ॥ ਆਗੇ ਫੇਰ ਵੋਹੀ ਬਾਤ ਕਹੇ ਹੈ। ਵਰਨ ਆਸ਼੍ਰਮ ਕੇ ਅਨੁਸਾਰ ਜੋ ਧਰਮ ਹੈ। ਇਨਕੋ ਕਰਨਾ।॥ ਸੰਕਾ॥ ਚਾਰ ਵਰਨੋਂ ਕਾ ਕਿਆ ਧਰਮ ਹੈ॥ ਸਮਾਧਾਨ॥ ਬ੍ਰਾਹਮਨ ਕਾ ਯੇ ਧਰਮ ਹੈ। ਵਿਦਿਆ ਪੜਨੀ ਤੇ ਪੜਾਨੀ ਦਾਨ ਦੇਨਾ ਤੇ ਲੈਨਾ ਯਗ ਕਰਨਾ ਤੇ ਕਰਾਨਾ ਖਤ੍ਰੀ ਕਾ ਯੇ ਧਰਮ ਹੈ। ਦਾਨ ਦੇਨਾ ਤੇ ਲੈਨਾ ਨਹੀਂ। ਵਿਦਿਆ ਪੜਨੀ ਤੇ ਪੜਾਨੀ ਨਹੀਂ। ਯਗ ਕਰਨਾ ਤੇ ਕਰਾਨਾ ਨਹੀਂ। ਵੈਸ ਕਾ ਯੇ ਧਰਮ ਹੈ। ਧਰਮ ਪੂਰਬਕ ਬਨਜ ਵਿਵਹਾਰ ਖੇਤੀ ਕਰਨੀ ਹਟੀ ਕਰਨੀ ਅਰ ਗਊ ਸੰਤ ਕੀ ਸੇਵਾ ਕਰਨੀ। ਸੂਦਰ ਕਾ ਯੇ ਧਰਮ ਹੈ ਇਨਾਂ ਤਿਨ ਵਰਨੋਂ ਕੀ ਸੇਵਾ ਕਰਨੀ। ਜਿਸ ਜਿਸ ਵਰਨ ਮੇਂ ਜੋ ਜੋ ਹੈ ਸੋ ਸੋ ਆਪਨੇ ਧਰਮ ਕੋ ਕਰੇ। ੧। ਸੁਭਾਵ ਸੁੰਦਰ ਹੋਨਾ॥ਭਾਵ॥ਸਭ ਸੇ ਪ੍ਰੇਮ ਨਾਲ ਬੋਲਨਾ॥੨॥ਤਪ ਐਸਾ ਕਰੇ ਜੋ ਅਨਾਤਮ ਪਦਾਰਥਾਂ ਕੀ ਓਰ ਸੇ ਚਿਤ ਕੀ ਬ੍ਰਿਤੀ ਕੋ ਰੋਕ ਕੇ ਅੰਤਰਮੁਖ ਬ੍ਰਿਤੀ ਕਰਨੀ॥੩॥ਅਰ ਦਾਨ ਕਰਨੇ ਮੇਂ ਪ੍ਰੀਤੀ ਹੋਣੀ। ਦਾਨ ਕਰਨੇ ਮੇਂ ਜੈਸੇ ਰਾਜਾ ਕਰਣ ਕੀ ਪ੍ਰੀਤੀ ਹੂਈ ਹੈ ਐਸੇ ਦਾਨ ਮੇਂ ਪ੍ਰੀਤੀ ਕਰੇ॥ਸੰਕਾ॥ਰਾਜਾ ਕਰਣ ਕੀ ਕੈਸੇ ਪ੍ਰੀਤੀ ਹੂਈ ਹੈ॥ਸਮਾਧਾਨ॥ ਏਕ ਰਾਜਾ ਕਰਣ ਵਡਾ ਧਰਮਾਤਮਾ ਹੂਆ ਹੈ। ਇਸ ਕੇ ਸਮਾਨ ਨਾ ਪਿਛੇ ਹੂਆ ਹੈ ਨਾ ਆਗੇ ਹੋਗਾ। ਏਕ ਸਮੇਂ ਰਾਜਾ ਕਰਣ ਜੀ ਸਿਰ ਕਾ ਮੁੰਡਨ ਕਰਾ ਰਹੇ ਥੇ। ਜਬ ਆਧੇ ਸਿਰ ਕਾ ਮੁੰਡਨ ਹੋ ਗਿਆ ਉਸੀ ਸਮੇਂ ਏਕ ਬੁਢੇ ਬ੍ਰਾਹਮਨ ਨੇ ਆਨਕੇ ਸਵਾਲ ਕੀਆ। ਤਬੀ ਉਠਕੇ ਦਾਨ ਦੇਨੇ ਕੋ ਤਿਆਰ ਹੋ ਗਏ। ਅਗੋਂ ਬ੍ਰਾਹਮਨ ਕਹਿਨੇ ਲਗਾ ਇਸ ਸਮੇਂ ਸੂਤਕ ਹੈ॥ ਭਾਵ॥ਇਸ ਸਮੇਂ ਆਪ ਅਪਵਿਤ੍ਰ ਹੈਂ ਮੈਂ ਐਸਾ ਦਾਨ ਕਭੀ ਨ ਲੇਹੂੰਗਾ। ਤਬ ਰਾਜਾ ਕਰਣ ਬੋਲਾ ਤੂੰ ਮੇਰੇ ਕੋ ਲਿਖ ਦੇ ਇਸਨਾਨ ਤਕ ਮੇਰਾ ਮਨ ਕਾ ਪ੍ਰੇਮ ਇਸੀ ਤਰਾਂ ਬਨਾ ਰਹੇਗਾ॥ਕਾਹੇ ਤੇ॥ਇਸ ਮਨ ਕਾ ਸੁਭਾਵ ਵਡਾ ਚੰਚਲ ਹੈ। ਖਿਣ ਖਿਣ ਮੇਂ ਇਸ ਮਨ ਕਾ ਸੁਭਾਵ ਬਦਲ ਜਾਤਾ ਹੈ। ਇਸ ਮੇਂ ਪ੍ਰਮਾਨ॥

**ਦੋਹਿਰਾ॥ਕਬਹੂ ਨ ਮਨ ਥਿਰਤਾ ਗਹੀ ਸਮਝਾਯੋ ਸੈ ਪੋਤ। ਜੈਸੇ ਮਰਕਟ ਬ੍ਰਿਛ ਪਰ ਕਬਹੂੰ ਨ ਠਾਢੋ ਹੋਤ। ਕਬਹੂੰ ਸਮਿਤ ਪਰਕਾਸ ਚਿਤ ਕਬਹੂੰ ਕੁਮਤਿ ਅਧੀਨ॥**

ਐਸਾ ਮੇਰਾ ਮਨ ਚੰਚਲ ਹੈ ਅਰ ਸੁਮਤੀ ਕੁਮਤੀ ਕੇ ਅਧੀਨ ਹੋ ਰਹਾ ਹੈ। ਹੇ ਦਿਜ ਜੈਸਾ ਮੇਰਾ ਅਬ ਚਿਤ ਹੈ ਐਸਾ ਕਬੀ ਨਾ ਰਹੇਗਾ। ਦੂਸਰਾ ਇਸ ਸਰੀਰ ਕਾ ਭਰੋਸਾ ਨਹੀਂ ਹੈ। ਸਾਸਤ੍ਰ ਮੇਂ ਲਿਖਾ ਹੈ ਸੁਭ ਕਰਮ ਕਾ ਜਿਸ ਸਮੇਂ ਸੰਕਲਪ ਫੁਰੇ ਉਸੀ ਸਮੇਂ ਕਰ ਦੇਵੇ। ਪੁੰਨ ਕਰਨੇ ਮੇਂ ਡੇਰੀ ਨਾ ਕਰੇ ਪਾਪ ਮੇਂ ਡੇਰੀ ਕਰ ਦੇਵੇ। ਇਸ ਮੇਂ ਪ੍ਰਮਾਨ॥

**ਦੋਹਿਰਾ॥ਕਾਲ ਕਰੇ ਸੋ ਆਜ ਕਰ ਆਜ ਕਰੇ ਸੋ ਅਬ। ਛਿਨ ਛਿਨ ਪਰਲੈ ਹੋਤ ਹੈ ਫੇਰ ਕਰੇਗਾ ਕਬ॥**

ਗੁਰੂ ਪ੍ਰਮਾਨ-

**ਨਹਿ ਬਿਲੰਬ ਧਰਮੰ ਬਿਲੰਬ ਪਾਪੰ॥**

ਐਸੇ ਸੁਣ ਕੇ ਤਬ ਦਿਜ ਨੇ ਕਹਾ ਹੇ ਰਾਜਨ ਯੇ ਸਭ ਆਪ ਕਾ ਕਹਿਨਾ ਠੀਕ ਹੈ ਇਸ ਚਿਤ ਕਾ ਕੁਛ ਭਰੋਸਾ ਨਹੀਂ। ਸਭ ਪੁਰਸ਼ਾਂ ਕੋ ਚਾਹੀਏ ਜਥਾ ਸ਼ਕਤੀ ਦਾਨ ਦੇਨੇ ਮੇਂ ਪ੍ਰੇਮ ਕਰੇ। ੪। ਕਿਸੀ ਕਿਸਮ ਕਾ ਕੋਈ ਗੁਨ ਹੋਨਾ ਜੈਸੇ ਰਾਸ ਕਾ ਗਾਨਾ ਵਾ ਵੈਟੰਗੀ ਕਾ ਗੁਨ ਹੋਨਾ। ੫। ਜਹੰਸ ਕ੍ਰਿਤ ਵਾ ਭਾਸਾ ਵਿਦਿਆ ਕਾ ਗੁਨ ਹੋਨਾ। ੬। ਧਰਮ ੧ ਸੀਲ ਸੁਭਾਵ ੨ ਤਪ ੩ ਦਾਨ ੪ ਗੁਨ ੫ ਵਿਦਿਆ ੬ ਇਨਾਂ ਛੇ ਸੇ ਰਹਿਤ ਜੋ ਜੀਵ ਹੈ। ਸੋ ਮਾਤ ਲੋਕ ਦੀ ਖਿਤ ਨਾਮ ਪ੍ਰਿਥਵੀ ਪਰ ਕੇਵਲ ਬੋਝ ਰੂਪ ਹੈ। ਬਪੁ ਨਾਮ ਸਰੀਰਾਂ ਤਾਂ ਉਸਕਾ ਮਨੁਖ ਕਾ ਹੈ। ਪਰ ਹਰਨ ਕੇ ਸਮ ਵਹੁ ਪੁਰਸ਼ ਸੰਸਾਰ ਮੇਂ ਵਿਚਰ ਰਹਾ ਹੈ। ਐਸਾ ਮਾਨੁਖ ਸਰੀਰ ਪਾਕਰ ਫੇਰ ਵੀ ਉਤਮ ਗੁਨ ਕੋ ਪੈਦੇ ਨਹੀਂ ਕੀਆ ਸੋ ਪੁਰਸ਼ ਮ੍ਰਿਗ ਕੇ ਤੁਲ ਹੈ। ਜੈਸੇ ਬਨ ਮੇਂ ਮ੍ਰਿਗ ਭਟਕਤੇ ਫਿਰਤੇ ਹੈਂ ਤੈਸੇ ਗੁਨਹੀਨ ਪੁਰਸ਼ ਭਟਕ ਰਹੇ ਹੈਂ।



੧੪। ਐਸੇ ਊਤਮ ਗੁਨਹੀਨ ਪੁਰਸ਼ ਕੋ ਹਰਨ ਕੀ ਸਦ੍ਰਸਤਾ ਦਈ ਥੀ। ਪਰ ਅਬ ਕਹਿਤੇ ਹੈਂ ਗੁਨਹੀਨ ਪੁਰਸ਼ ਇਸ ਹਰਨ ਤੇ ਭੀ ਨਖਿਧ ਹੈ। ਕਾਹਿਤੇ। ਹਰਨ ਮੇਂ ਪਾਂਚ ਗੁਨ ਹੈਂ ਪੁਰਸ਼ ਮੇਂ ਖ਼ਟ ਦੋਸ ਹੈਂ ਇਸ ਲੀਏ ਹਰਨ ਕੇ ਤੁਲ ਪੁਰਖ ਨਹੀਂ। 'ਅਬ ਆਗੇ ਇਸ ਬਾਤ ਕੋ ਕਹੇ ਹੈ। ਮੂਲ।

**ਦੋਹਿਰਾ॥ ਸ੍ਰਰ ਸਿਰ ਤ੍ਰਕ ਮੁਨਿ ਪਲਦ ਜਨ ਸ੍ਰਿੰਗਯੋਗ ਦ੍ਰਿਗ ਨਾਰ। ਪੰਚ ਗੁਣ ਮ੍ਰਿਗ,ਖਟ ਦੋਖ ਨਰ,ਨਰ ਤੇ ਹਰਨ ਉਦਾਰ॥੧੫॥**

ਟੀਕਾ॥ ਮੂਲ॥ ਸ੍ਰਰਸਿਰ॥ ਏਕ ਤੋ ਹਰਨ ਮੇਂ ਯੇ ਗੁਨ ਹੈ। ਸ੍ਰਰ ਨਾਮ ਘੰਡਾਹੇੜੇ ਕਾ ਸਬਦ ਸੁਨ ਕੇ ਆਪਨਾ ਸਿਰ ਦੇ ਦੇਵੇ ਹੈ॥ਸੰਕਾ॥ ਘੰਡਾਹੇੜਾ ਕਿਸ ਵਜਾ ਸੇ ਹੋਵੇ ਹੈ॥ਸਮਾਧਾਨ॥ ਹਨੇਰੀ ਰਾਤ੍ਰੀ ਮੇਂ ਪੁਰਸ਼ ਆਪਨੇ ਅੰਗੋਂ ਕੇ ਸਾਥ ਹਰੇ ਹਰੇ ਪਤੇ ਬਾਂਧ ਲੇਤੇ ਹੈਂ। ਕੈਂਹ ਕੀ ਥਾਲੀ ਲੇਕਰ ਗਾਤੇ ਬਜਾਤੇ ਹੂਏ ਮੰਦ ਮੰਦ ਚਾਲ ਚਲਤੇ ਹੈਂ। ਹਰਨ ਇਸ ਸਬਦ ਕੋ ਸੁਨ ਕਰ ਮਸਤ ਹੋ ਜਾਤੇ ਹੈਂ। ਪਤੇ ਦੇਖ ਕਰ ਦੀਪਕ ਕੀ ਲੋ ਸੇ ਚਲਾ ਆਤਾ ਹੈ। ਪਾਸ ਆਨਕੇ ਸਿਰ ਸਟਕੇ ਖੜਾ ਹੋ ਜਾਤਾ ਹੈ। ਭਾਵੇਂ ਫੇਰ ਕੋਈ ਸੀਂਘੋਂ ਸੇ ਪਕੜ ਲੇਵੇ ਤਿਸਕੋ ਸਿਰ ਦੇ ਦੇਤਾ ਹੈ। ਮੂਲ॥ ਤ੍ਰਕਮੁਨਿ ਦੂਸਰਾ ਹਰਨ ਮੇਂ ਏਹੁ ਗੁਨ ਹੈ। ਜੋ ਇਸ ਹਰਨ ਕੀ ਤ੍ਰਕ ਨਾਮ ਤੁਚਾ ਹੈ ਭਾਵ ਜੋ ਮ੍ਰਿਗਾਂਨ ਹੈ। ਸੋ ਸੰਤਾਂ ਕੇ ਕਾਮ ਮੇਂ ਆਤਾ ਹੈ। ਉਸ ਮ੍ਰਿਗਾਨ ਕੋ ਸੰਤ ਜਨ ਹੇਠ ਵਿਛਾਤੇ ਹੈਂ। ਮੂਲ॥ਪਲਦਜਨ॥ ਤ੍ਰੀਸਰਾ ਹਰਨ ਮੇਂ ਏਹੁ ਗੁਨ ਹੈ। ਜੋ ਇਸ ਹਰਨ ਕਾ ਮਾਸ ਹੈ ਸੋ ਪੁਰਸ਼ਾਂ ਕੇ ਕਾਮ ਮੇਂ ਆਤਾ ਹੈ। ਲੋਕ ਹਰਨ ਕਾ ਮਾਸ ਭਖਨ ਕਰ ਲੇਤੇ ਹੈਂ। ਮੂਲ॥ ਸ੍ਰਿੰਗ ਜੋਗ ਚੌਥਾ ਹਰਨ ਮੇਂ ਏਹੁ ਗੁਨ ਹੈ। ਜੋ ਇਸਕੇ ਸਿੰਗ ਹੈ ਸੋ ਯੋਗੀ ਜਨੋਂ ਕੇ ਕਾਮ ਮੇਂ ਆਤਾ ਹੈ। ਸੋ ਬਜਾਨੇ ਕੇ ਲੀਏ ਹਰਨ ਕਾ ਸਿੰਗ ਲੇਵੇ ਹੈਂ॥ਮੂਲ॥ਦ੍ਰਿਗਨਾਰ॥ ਪਾਂਚਵਾਂ ਹਰਨ ਮੇਂ ਇਹ ਗੁਨ ਹੈ। ਇਸ ਹਰਨ ਕੇ ਨੇਤ੍ਰੋਂ ਕੀ ਉਪਮਾ ਇਸਤ੍ਰੀ ਕੇ ਨੇਤ੍ਰਾਂ ਕੋ ਕਵੀ ਲੋਕ ਦੇਤੇ ਹੈਂ। ਅਮਕੀ ਇਸਤ੍ਰੀ ਕੇ ਨੇਤ੍ਰ ਸੁੰਦਰ ਐਸੇ



Scanned by CamScanner

ਮੋਟੇ ਹੈਂ ਜੈਸੇ ਹਰਨ ਕੇ ਹੈਂ॥੧॥ਮੂਲ॥ਪੰਚ ਗੁਣ ਮ੍ਰਿਗ। ਯਹਿ ਪਾਂਚ ਗੁਨ ਹਰਨ ਮੇਂ ਹੈਂ। ਮੂਲ॥ਖਟ ਦੋਖ। ਪੁਰਖ ਮੇਂ ਖਟ ਦੋਸ ਹੈਂ॥ਸੰਕਾ॥ ਸੋ ਖਟ ਦੋਸ ਕੌਨ ਹੈ॥ਸਮਾਧਾਨ॥

**ਦੋਹਿਰਾ॥ ਜਨਮ ਅਸਤਿ ਅਰ ਬ੍ਰਿਧਪੁਨ ਬਿਪਰਨ ਛੈ ਤਨ ਨਾਸ। ਖਟ ਵਿਕਾਰ ਹੈ ਦੇਹਿ ਕੇ ਆਤਮ ਸ੍ਵਯੰ ਪ੍ਰਕਾਸ॥**

ਯੇ ਜੋ ਖਟ ਵਿਕਾਰ ਹੈਂ ਏਹੀ ਇਸ ਮੇਂ ਖਟ ਦੋਸ ਹੈਂ। ਕਿੰਬਾ॥ਹਰਖ ਸੋਕ ਛੁਧਾ ਪਿਪਾਸਾ ਜੰਮਨਾ ਮਰਨਾ ਏ ਜੋ ਖਟ ਉਰਮੀਆ ਹੈ ਏਹੀ ਇਸ ਮੇਂ ਖਟ ਦੋਸ ਹੈਂ॥ਕਿੰਬਾ॥ਕਾਮ ਕ੍ਰੋਧ ਲੋਭ ਮੋਹ ਹੰਕਾਰ ਛੇਵਾਂ ਜਾਤੀ ਹੰਕਾਰ ਇਹ ਖਟ ਦੋਸ ਹੈਂ॥ਮੂਲ॥ਨਰ ਤੇ ਹਰਨ ਉਦਾਰ। ਇਸ ਪੁਰਸ਼ ਨਾਲੋਂ ਉਦਾਰ ਨਾਮ ਹਰਨ ਸ੍ਰੇਸਟ ਹੈ। ਹਰਨ ਹੈ ਤੋ ਪਸੂ ਪਰ ਇਸ ਪੁਰਸ਼ ਸੇ ਸ੍ਰੇਸਟ ਹੈ॥ਕਾਹੇ ਤੇ॥ਹਰਨ ਮੇਂ ਪਾਂਚ ਗੁਨ ਹੈਂ। ਪੁਰਸ਼ ਮੇਂ ਖਟ ਦੋਸ ਹੈਂ। ਇਸ ਨਾਲੋਂ ਹਰਨ ਸ੍ਰੇਸਟ ਹੈ। ਇਸ ਮੈ ਗੁਰੂ ਪ੍ਰਮਾਣ॥

**ਨਰੁ ਮਰੈ ਨਰੁ ਕਾਮਿ ਨ ਆਵੈ॥ਪਸੂ ਮਰੈ ਦਸ ਕਾਜ ਸਵਾਰੈ॥**

ਭਾਵ॥ਜੋ ਵਿਦਿਆ ਸੇ ਸੂੰਨ ਪੁਰਸ਼ ਪਸੂ ਤੇ ਭੀ ਨਖਿਧ ਹੈ॥ਸੰਕਾ॥ ਇਸ ਪੁਰਸ਼ ਕੋ ਕਿਆ ਕਰਨੇ ਯੋਗ ਹੈ॥ਸਮਾਧਾਨ॥

**ਦੁਰਲਭ ਮਾਨਵ ਦੇਹ ਕੋ ਪਾਇਕੇ ਸੰਤਨ ਕੋ ਸਤਿ ਸੰਗ ਕਰੋ ਰੇ। ਜੋ ਤੁਮ ਸੇ ਸਤਿ ਸੰਗ ਨ ਹੋਵਤ ਧਰਮ ਕਰੋ ਹਰੀ ਨਾਮ ਰਰੋ ਰੇ। ਨਾਮ ਔ ਦਾਨ ਦੋਊ ਨ ਹੋਵਤ ਪਾਪ ਕਮਾਇ ਨ ਨਰਕ ਪਰੋ ਰੇ। ਪਾਪਨ ਤੇ ਜੋ ਨਾਹਿ ਡਰੋ ਤਬ ਜੀਵਨ ਤੇ ਮਰ ਜਾਨ ਭਲੋ ਰੇ॥**

ਅਰਥ ਸਪਸਟ ਹੈ॥ਯਹਿ ਜੋ ਉਪਦੇਸ਼ ਕਹਾ ਹੈ ਇਸ ਕੋ ਕਰੇ॥ ਸੰਕਾ॥ਸਾਸਤ੍ਰ ਕੀ ਉਪਮਾ ਤੁਮ ਐਸੀ ਕਿਉਂ ਕਰਤੇ ਹੋ॥ਸਮਾਧਾਨ॥



ਮੂਲ॥

**✳ਦੋਹਿਰਾ॥ਪੁਰਖ ਅਸਾਸਤ੍ਰੀ ਕਿਆ ਲਖੇ ਗੁਣ ਦੋਖਨ ਕੀ ਸੰਧ। ਰੂਪ ਭੇਦ ਅਧਿਕਾਰ ਕ੍ਰੋ ਕਜਾ ਪ੍ਰਾਪਤ ਹ੍ਵੈ ਅੰਧ॥੧੯॥**

ਟੀਕਾ॥ਜੋ ਪੁਰਸ਼ ਸ਼ਾਸਤ੍ਰੀ ਨਹੀਂ ਹੈ। ਕਿਆ ਪੜ੍ਹਾ ਨਹੀਂ ਹੈ। ਸੋ ਗੁਣ ਦੋਸੋਂ ਕੀ ਸੰਧ ਨਾਮ ਸੰਧੀ ਕੋ ਯਾਨੇ ਮਲੌਨੀ ਕੋ ਕਿਆ ਜਾਨੇ ਹੈ। ਗੁਣ ਕਿਆ ਹੈ ਅਰ ਦੋਸ ਕਿਆ ਹੈ। ਸੰਧੀ ਨਾਮ ਮਿਲੌਨੀ ਕਾ ਹੈ। ਪਾਪ ਪੁੰਨ ਕੀ ਸੰਧੀ ਸ਼ਾਸਤ੍ਰ ਸੂੰਨ ਪੁਰਸ਼ ਕੀ ਜਾਨੇ ਹੈ। ਭਾਵ ਏਹੁ ਹੈ। ਪਰ ਇਸਤ੍ਰੀ ਆਦਿ ਕੋ ਗਮਨ ਮੈ ਸ਼ਾਸਤ੍ਰ ਚਖੂ ਤੇ ਰਹਿਤ ਜੋ ਅਗਿਆਨੀ ਪੁਰਸ਼ ਹੈ। ਸੋ ਪਤੰਗੇ ਕੀ ਨਿਆਈਂ ਇਸਤ੍ਰੀ ਕੀ ਜੂੰਨੀ ਰੂਪੀ ਅਗਨੀ ਕੁੰਡ ਮੈ ਪੜੇ ਦਗਧ ਹੋ ਰਹੇ ਹੈਂ ਭਾਵ ਉਸੀ ਮੇਂ ਅਸ਼ਕਤ ਹੋ ਰਹੇ ਹੈਂ॥ਪ੍ਰਮਾਨ॥

**ਜਹਿ ਤੇ ਉਪਜੀ ਤਹਿ ਰਚੀ ਪੀਵਤ ਮਰਦਨ ਲਾਗ॥**

ਕਬੀਰ ਸਾਹਿਬ ਜੀ ਕਹੇ ਹੈਂ। ਯੇ ਅਗਿਆਨੀ ਪੁਰਸ਼ ਦੇਖੋ ਕਿਆ ਕਾਮ ਕਰ ਰਹੇ ਹੈਂ। ਜਿਸ ਇਸਤ੍ਰੀ ਕੀ ਜੂੰਨੀ ਸੇ ਯੇ ਜੀਵ ਪੈਦੇ ਹੁਏ ਹੈ। ਫੇਰ ਉਸੀ ਮੇਂ। ਦਿਨ ਰਾਤ ਰਚ ਰਹੇ ਹੈਂ। ਭਾਵ। ਭੋਗ ਰਹੇ ਹੈਂ। ਅਰ ਫੇਰ ਜਿਨਾਂ ਅਸਥਨਾ ਕੋ ਪੀ ਕਰ ਵਡੇ ਹੂਏ ਹੈਂ। ਅਰ ਉਨਾਂ ਕੋ ਹੀ ਮਰਦਨ ਕਰ ਰਹੇ ਹੈ। ਕੁਛ ਪਾਪ ਜਾਨਤੇ ਨਹੀਂ ਅਰ ਜੋ ਸ਼ਾਸਤ੍ਰ ਚਖੂ ਸੰਜੁਗਤ ਪੁਰਸ਼ ਹੈ। ਸੋ ਪਰ ਇਸਤ੍ਰੀ ਕੋ ਨਿਜ ਜਨਨੀ ਕੀ ਨਿਆਈ ਜਾਨੇ ਹੈ। ਸੋ ਇਸੀ ਕਾ ਨਾਮ ਸੰਧੀ ਹੈ। ਇਸ ਸੰਧੀ ਕੋ ਸ਼ਾਸਤ੍ਰ ਕੇ ਸੰਸਕਾਰ ਵਾਲਾ ਹੀ ਜਾਨੇ ਹੈ। ਅਨ ਨਹੀਂ। ਇਸ ਮੇਂ ਦ੍ਰਿਸਟਾਂਤ। ਜੈਸੇ ਰੂਪ ਕਾ ਜੋ ਭੇਦ ਨੀਲ ਪੀਤ ਸ੍ਵੇਤਾਦੀ ਯੇ ਜੋ ਭੇਦ ਕਾ ਅਧਿਕਾਰ ਹੈ। ਸੋ ਨੇਤ੍ਰਾਂ ਵਾਲਾ ਤੋ ਜਾਨੇ ਹੈ। ਜੋ ਜਨਮ ਅੰਧ ਪੁਰਸ਼ ਹੈ ਤਿਸਕੋ ਰੂਪ ਕਾ ਭੇਦ ਕੋਈ ਨਹੀਂ ਹੈ। ਭਾਵ। ਅੰਧੇ ਨੂੰ ਕਿਆ ਮਾਲੂਮ ਹੈ। ਕਾਲਾ ਪੀਲਾ ਸ੍ਵੇਤ ਕਿਸਕੋ ਕਹੇ ਹੈ। ਦ੍ਰਿਸਟਾਂਤ। ਤੈਸੇ ਸ਼ਾਸਤ੍ਰ ਚਖੂ ਹੀਨ ਪੁਰਸ਼ ਗੁਨ ਦੋਸ਼ ਕੀ ਸੰਧੀ ਕੋ ਨਹੀਂ ਜਾਨ ਸਕੇ ਹੈ। ਸ਼ਾਸਤ੍ਰ ਚਖੂ ਸੰਜੁਗਤ ਪੁਰਸ਼ ਗੁਨ ਦੋਸ਼ ਕੀ ਸੰਧੀ ਕੋ ਜਾਨ



Scanned by CamScanner

ਸਕੇ ਹੈ। ਇਸ ਮੇਂ ਕੁਛ ਸੰਸਾ ਨਹੀਂ ਹਮ ਇਸੀ ਵਾਸਤੇ ਸ਼ਾਸਤ੍ਰ ਕੀ ਉਪਮਾ ਕਰਤੇ ਹੈਂ। ਸ਼ਾਸਤ੍ਰ ਸੰਸਕਾਰ ਪੁਰਸ਼ ਕੋ ਜਰੂਰ ਹੋਨੇ ਚਾਹੀਏ ॥੧੬॥ਸੰਕਾ॥ ਸ਼ਾਸਤ੍ਰ ਸੰਸਕਾਰ ਕਾ ਫਲ ਕੀ ਹੋਵੇ ਹੈ॥ ਸਮਾਧਾਨ॥ ਮੂਲ॥

*** ਦੋਹਿਰਾ ॥ਮੁਗਧ ਪੂਜ ਨਿਜ ਧਾਮ ਮੈ, ਪ੍ਰਭੁ ਪੂਜ ਨਿਜਨਗ੍ਰ। ਭੂਪ ਪੂਜ ਸ੍ਵੈ ਦੇਸ ਮੈ, ਪੂਜਤ ਗੁਣੀ ਸਮਗ੍ਰ॥੧੭॥**

ਟੀਕਾ॥ਮੁਗਧ ਨਾਮ ਮੂਰਖ ਪੁਰਸ਼ ਕੀ ਪੂਜਾ ਆਪਨੇ ਘਰ ਮੇਂ ਹੋਤੀ ਹੈ॥ਭਾਵ॥ਜੋ ਕਿਸੀ ਧਨੀ ਕੇ ਘਰ ਮੂਰਖ ਪੁੱਤਰ ਪੈਦੇ ਹੂਆ ਹੈ। ਸੋ ਸਭ ਕੋ ਗਾਲੀ ਦੇਤਾ ਹੈ। ਪਰ ਉਸ ਘਰ ਕੇ ਜੋ ਆਦਮੀ ਹੈਂ ਸੋ ਗਾਲੀ ਸੁਨ ਕਰ ਉਸਕੋ ਕੁਛ ਨਹੀਂ ਕਹੇਂਗੇ। ਉਲਟਾ ਅਦਬ ਸੇ ਬੋਲੇਂਗੇ। ਯਦੀ ਵਹੁ ਬਾਹਰ ਜਾ ਕੇ ਗਾਲੀ ਕਿਸੀ ਕੋ ਨਿਕਾਲੇ। ਫੇਰ ਕੋਈ ਨਹੀਂ ਮਾਨੇ ਹੈ। ਅਰ ਜੋ ਪ੍ਰਭੁ ਨਾਮ ਗਾਮ ਕਾ ਚੌਧਰੀ ਹੈ। ਉਸਕੀ ਪੂਜਾ ਆਪਨੇ ਨਗਰ ਵਿਚ ਹੋਵੇ ਹੈ। ਦੂਸਰੇ ਜਗਾ ਕੋਈ ਨਹੀਂ ਮਾਨੇ ਹੈ। ਅਰ ਭੂਪ ਜੋ ਰਾਜਾ ਹੈ। ਸੋ ਆਪਨੇ ਦੇਸ਼ ਮੇਂ ਭਾਵ ਆਪਨੀ ਪਰਜਾ ਮੇਂ ਪੂਜਾ ਹੋਵੇ ਹੈ। ਦੂਸਰੇ ਦੇਸ਼ ਮੇਂ ਉਸ ਰਾਜਾ ਕੋ ਕੋਈ ਨਹੀਂ ਜਾਨੇਂ ਹੈ। ਇਨਾਂ ਸਾਰਿਆਂ ਕੀ ਇਕ ਇਕ ਅਸਥਾਨ ਪਰ ਪੂਜਾ ਹੋਤੀ ਹੈ। ਅਰ ਗੁਣੀ ਪੁਰਸ਼ ਕੀ ਸਭ ਦੇਸ਼ੋਂ ਮੇਂ ਪੂਜਾ ਹੋਵੇ ਹੈ। ਜਹਾਂ ਕਿਸੀ ਕੀ ਪੂਜਾ ਨਾ ਹੋ ਅਰ ਜਹਾਂ ਪਰ ਕੋਈ ਨਾ ਪਹੁੰਚ ਸਕੇ ਸ ਤਹਾਂ ਪਹੁੰਚ ਕੇ ਸੋ ਵਿਦ੍ਵਾਨ ਪੁਰਸ਼ ਹਛੀ ਤਰਾ ਸੇ ਪੁਜਾਵੇ ਹੈ। ਐਸਾ ਵਿਦਿਆ ਕਾ ਪ੍ਰਤਾਪ ਹੈ। ਅਰ ਏਹੁ ਫਲ ਹੈ॥ ਸੰਕਾ॥ ਜੋ ਐਸੀ ਵਿਦਿਆ ਕਾ ਪ੍ਰਤਾਪ ਹੈ। ਅਰ ਏਹੁ ਫਲ ਹੈ॥ ਸੰਕਾ॥ ਜੋ ਐਸੀ ਵਿਦਿਆ ਕੇ ਦੇਨੇ ਹਾਰੇ ਗੁਰੂ ਹੈ। ਜੋ ਉਨਕੀ ਸੇਵਾ ਸੇ ਬਿਮੁਖ ਰਹੇ ਹੈ। ਉਸਕੀ ਕਿਆ ਦਸਾ ਹੈ ਹੋਵੇ ਹੈ॥ ਸਮਾਧਾਨ॥ ਮੂਲ॥

*** ਦੋਹਿਰਾ ॥ਏਕਾਖਰ ਦਾਤਾ ਜੁ ਗੁਰ, ਜੋ ਸੇਵਤ ਨਹਿ ਤਾਸ। ਪਾਇ ਜਨਮ ਸੌ ਸ੍ਵਾਨ ਕੇ ਬਹੁਰ ਸ੍ਵਪਚ ਘਰ ਵਾਸ॥੧੮॥**



ਟੀਕਾ॥ ਏਕ ਅਖਰ ਕਹੀਏ ਊੜੇ ਤੇ ਲੇ ਕਰ ਕੋਈ ਏਕ ਅਖਰ ਜਿਸ ਗੁਰੂ ਨੇ ਬਤਾਇਆ ਹੋਵੇ ਭਾਵ ਏਕ ਅਖਰ ਭੀ ਜਿਸ ਗੁਰੂ ਨੇ ਪੜ੍ਹਾਇਆ ਹੈ ਫੇਰ ਤਿਸ ਗੁਰੂ ਕੀ ਜੋ ਸੇਵਾ ਨਹੀਂ ਕਰਤਾ ਸੋ ਮਰ ਕਰ ਸੌ (੧੦੦) ਜਨਮ ਕੁੱਤੇ ਦਾ ਪਾਵੇ ਹੈ। ਸੌ ਜੂੰਨੀ ਸ੍ਵਾਂਨ ਕੀ ਭੋਗ ਕਰ ਫੇਰ ਚੰਡਾਲ ਕੇ ਘਰ ਆਨ ਕੇ ਨਿਵਾਸ ਕਰੇ ਹੈ। ਕਿੰਬਾ। ਏਕ ਅਖਰ ਜੋ ਪਰਮਾਤਮਾ ਹੈ ਉਸਕੋ ਦਾਤਾ ਕਿਆ ਜੋ ਲਖਾਨੇ ਵਾਲੇ ਸਤਿਗੁਰ ਹੈ॥ ਭਾਵ॥ ਖਰਨੇ ਸੇ ਰਹਿਤ ਜੋ ਪਰਮਾਤਮਾ ਹੈ ਉਸਕੇ ਦਾਤਾ ਜੋ ਗੁਰੂ ਹੈ। ਜੋ ਉਨ ਕੀ ਸੇਵਾ ਫੇਰ ਨਹੀਂ ਕਰਤਾ ਐਸਾ ਕ੍ਰਿਤਘਨ ਜੋ ਸਿਸ ਹੈ। ਸੌ ਜਨਮ ਕੁੱਤੇ ਕਾ ਪਾਇ ਕਰ ਫੇਰ ਚੰਡਾਲ ਕੇ ਘਰ ਨਿਵਾਸ ਕਰੇ ਹੈ। ਇਸ ਗੁਰੂ ਕੇ ਬਿਮੁਖ ਰਹਿਨੇ ਕਾ ਏਹੀ ਫਲ ਹੈ। ਏਕ ਅਖਰ ਕੇ ਦੇਨੇ ਵਾਲੇ ਗੁਰੂ ਕੀ ਜੋ ਸੇਵਾ ਨਹੀਂ ਕਰਤਾ ਯੇ ਫਲ ਉਸਕਾ ਕਹਾ ਹੈ। ਅਰ ਜਿਨਾਂ ਗੁਰਾਂ ਨੇ ਸਾਰੀ ਵਿਦਿਆ ਪੜ੍ਹਾਈ ਹੈ। ਅਰ ਆਤਮ ਗਿਆਨ ਦੀਆ ਹੈ। ਉਨਸੇ ਜੋ ਬਿਮੁਖ ਰਹਿਨੇ ਵਾਲਾ ਹੈ ਉਸਕੀ ਬਾਤ ਹਮ ਕਿਆ ਕਹੇਂ। ਤਾਂਤੇ ਹੇ ਪੁਰਸ਼ੋ ਐਸੇ ਗੁਰੂ ਸੇ ਬਿਮੁਖ ਮਤ ਰਹਿਨਾ ਚਾਹੀਏ। ਐਸੇ ਗੁਰੂ ਕੀ ਸੇਵਾ ਤਨ ਮਨ ਧਨ ਸੇ ਕਰੋ। ਜਿਸ ਸੇ ਤੁਮਾਰਾ ਚੌਰਾਸੀ ਕਾ ਭ੍ਰਮਨਾ ਛੂਟ ਜਾਏ॥੧੮॥ ਸੰਕਾ॥ ਧਨ ਐਸ੍ਵਰਜ ਜਿਸਕੇ ਪਾਸ ਬਹੁਤ ਹੈ। ਉਸਨੇ ਵਿਦਿਆ ਫੇਰ ਕਾਹੇ ਕੋ ਪੜ੍ਹਨੀ ਹੈ। ਨਾ ਵਿਦਿਆ ਪੜ੍ਹੇ ਅਰ ਨਾ ਗੁਰੂ ਕਾ ਸ੍ਰਾਪ ਲਗੇ॥ਸਮਾਧਾਨ॥ਮੂਲ॥

*** ਦੋਹਿਰਾ॥ ਰੂਪ ਦਰਬ ਜੋਬਨ ਸਹਿਤ ਸੁਕੁਲ ਜਨਮ ਬਹੁ ਬੰਧ। ਵਿਦਿਆ ਬਿਨ ਸੋਭਤ ਨਹੀ ਜਿਉ ਕੇਸੂ ਬਿਨ ਗੰਧ। ੧੯॥**

ਟੀਕਾ॥ ਸਰੀਰ ਕਾ ਰੂਪ ਰੰਗ ਭੀ ਵਡਾ ਭਾਵੇਂ ਸੁੰਦਰ ਹੋਵੈ। ਅਰ ਦਰਬ ਨਾਮ ਧਨ ਭੀ ਪਾਸ ਬਹੁਤ ਹੋਵੈ। ਜੋਬਨ ਨਾਮ ਜੁਬਾ ਅਵਸਥਾ ਭੀ ਹੋਵੈ। ਅਰ ਸ੍ਰੇਸਟ ਕੁਲ ਮੇਂ ਜਨਮ ਹੋਵੈ। ਬਹੁ ਬੰਧ ਨਾਮ ਸ੍ਰਬੰਧੀ ਭੀ ਆਗਿਆਕਾਰੀ ਬਹੁਤੇ ਹੋਵੈ। ਅਰ ਇਤਨੀ ਸਮਿਗ੍ਰੀ ਜਿਸਕੇ ਪਾਸ ਹੈ।



Scanned by CamScanner

ਅਰ ਏਕ ਵਿਦਿਆ ਪਾਸ ਨਹੀਂ ਹੈ। ਤਬ ਪਿਛਲੀ ਸਮਿਗ੍ਰੀ ਐਸੇ ਨਿਸਫਲ ਹੈ। ਜੈਸੇ ਕੇਸੂ ਕੇ ਫੂਲ ਦੇਖਨੇ ਮੇਂ ਸੁੰਦਰ ਅਰ ਲਾਲ ਤੋ ਹੈ ਪਰ ਸੁਗੰਧੀ ਤੇ ਰਹਿਤ ਹੈ। ਇਸ ਹੇਤੂ ਸੇ ਤੈਸੇ ਵਹੁ ਪੁਰਸ਼ ਵਿਦਿਆ ਬਿਨਾ ਨਿਸਫਲ ਹੈ। ਇਸ ਮੇਂ ਪ੍ਰਮਾਨ।

**ਸਲੋਕੁ ॥ਅਤਿ ਸੁੰਦਰ ਕੁਲੀਨ ਚਤੁਰ ਮੁਖਿ ਙਿਆਨੀ ਧਨਵੰਤ। ਮਿਰਤਕ ਕਹੀਅਹਿ ਨਾਨਕਾ ਜਿਹਿ ਪ੍ਰੀਤਿ ਨਹੀ ਭਗਵੰਤ॥**

ਜੈਸੇ ਫੂਲ ਸੁਗੰਧੀ ਬਿਨਾ ਸੋਭਾ ਨਹੀਂ ਪਾਤਾ। ਤੈਸੇ ਭਗਵੰਤ ਕੀ ਪ੍ਰੀਤ ਸਬੰਧੀ ਵਿਦਿਆ ਬਿਨਾ ਯੇ ਜੀਵ ਸੋਭਾ ਨਹੀਂ ਪਾਤਾ। ਹੇ ਜੀਵੋ ਇਸੀ ਵਾਸਤੇ ਵਿਦਿਆ ਕਾ ਪਠਨ ਪਾਠਨ ਅਵਸਜ ਕਰਨਾ ਯੋਗ ਹੈ॥੧੯॥ ਸੰਕਾ॥ ਪਟ ਭੂਸ਼ਨੋ ਤੇ ਬਿਨਾ ਏਕ ਵਿਦਿਆ ਸੇ ਸੋਭਾ ਕੈਸੇ ਹੋਗੀ॥ ਸਮਾਧਾਨ॥ਮੂਲ॥

*** ਦੋਹਿਰਾ॥ ਅਲੰਕਾਰ ਪਟ ਭੇਖ ਬਿਨ, ਯਦਪ ਹੋਇ ਕਰੂਪ। ਸੋਭਤ ਸੰਤਨ ਸਭਾ ਥਿਤ, ਜਨ ਵਿਦ੍ਵਾਨ ਅਨੂਪ॥੨੦॥**

ਟੀਕਾ॥ ਅਲੰਕਾਰ ਜੋ ਸ੍ਵਰਨ ਕੇ ਭੂਖਨ ਰਤਨੋਂ ਕਰਕੇ ਜੜਤ ਗਹਿਨੇ ਆਦਿਕ ਹੈਂ ਜੋ ਇਨ ਸੇ ਭੀ ਰਹਿਤ ਹੈ ਅਰ ਨਾ ਸੁੰਦਰ ਬਸਤ੍ਰ ਤਨ ਪਰ ਪਾਏ ਹੁਏ ਹੈਂ। ਭੇਖ ਬਿਨ ਕਹੀਏ ਸੰਤੋਂ ਵਾਲਾ ਚਿੰਨ ਭੀ ਕੋਈ ਨਾ ਹੋਵੈ। ਅਰ ਦੇਖਨੇ ਮੇਂ ਅਤੀ ਕਰੂਪ ਹੋਵੈ। ਭਾਵ॥ ਕਾਲਾ ਰੰਗ ਨਕ ਫੀਨਾ ਹੋਠ ਮੋਟੇ ਹੋਵੈ ਅਰ ਨੇਤ੍ਰਾਂ ਸੇ ਕਾਣਾ ਹੋਵੈ। ਸਰੀਰ ਕਰ ਨਿਵ ਕੇ ਚਲਤਾ ਹੋਵੈ ਅਰਥਾਤ ਕੁੱਬਾ ਹੋਵੈ। ਯਦਪੀ ਐਸਾ ਕਰੂਪ ਹੋ ਪਰ ਏਕ ਉਸ ਕੋ ਵਿਦਿਆ ਆਤੀ ਹੈ। ਸੰਤਾਂ ਮਹਾਤਮਾ ਕੀ ਸਭਾ ਮੇਂ ਇਸਥਿਤ ਹੋਇਆ ਹੂਆ ਉਪਮਾ ਕੇ ਸਹਿਤ ਸੋ ਵੋਹੀ ਵਿਦ੍ਵਾਨ ਪੁਰਸ਼ ਹੀ ਸੋਭਾ ਪਾਵੇਗਾ। ਇਸ ਮੇਂ ਸੰਸਾ ਨਹੀਂ ਹੈ। ਜੈਸੇ ਤਾਰਿਆਂ ਕੇ ਮੰਡਲ ਮੇਂ ਚੰਦ੍ਰਮਾ ਸੋ ਭਿੰਨ ਹੋਤਾ ਹੈ। ਤੈਸੇ



ਸੰਤਾਂ ਕੀ ਸਭਾ ਮੇਂ ਵਿਦ੍ਵਾਨ ਸੋਭਾ ਪਾਵੇ ਹੈ। ਭਾਵ ਏਹ ਹੈ। ਪਟ ਭੂਸ਼ਨ ਅਲੰਕਾਰ ਕੀ ਵਿਦ੍ਵਾਨ ਕੋ ਕੋਈ ਲੋੜ ਨਹੀਂ ਹੈ ਵਿਦਿਆ ਰੂਪੀ ਭੂਸਨ ਸੇ ਹੀ ਵਿਦ੍ਵਾਨ ਸੋਪਾ ਪਾਵੇ ਹੈ॥ ਸੰਕਾ॥ ਐਸਾ ਕੌਨ ਹੂਆ ਹੈ॥ ਸਮਾਧਾਨ॥ਐਸੇ ਅਸ੍ਰਾਵਕ੍ਰ ਜੀ ਹੂਏ ਹੈਂ। ਇਸ ਪਰ ਅਸ੍ਰਾਵਕ੍ਰ ਕੀ ਗਾਥਾ। ਏਕ ਸਮੇਂ ਰਾਜਾ ਜਨਕ ਨੇ ਆਪਨੇ ਮਨ ਏਹੁ ਸੋਚਾ ਜੋ ਮੁਝ ਕੋ ਅਸ੍ਵ ਪਰ ਅਰੂਢ ਹੋਤੇ ਹੋਤੇ ਗਿਆਨ ਕਰਾਇ ਦੇਵੇ ਮੈ ਉਸਕੋ ਗੁਰੂ ਧਾਰੋਂਗਾ। ਰਾਜਾ ਨੇ ਸਭਾ ਲਗਾਈ ਸ੍ਵਰਨ ਮਯ ਰਤਨ ਜੜਤ ਏਕ ਸੁੰਦਰ ਸਿੰਘਾਸਨ ਸਭਾ ਕੇ ਮਧ ਮੇਂ ਰਖਾ। ਸਭ ਕੋ ਯੇ ਸੁਣਾ ਦੀਆ ਜੋ ਮੁਝ ਕੋ ਅਸ੍ਵ ਪਰ ਅਰੂਢ ਹੋਤੇ ਗਜਾਨ ਕਰਨੇ ਮੇਂ ਸਮਰਥ ਹੋ ਸੋ ਇਸ ਪਰ ਬੈਠੇ। ਵਡੇ ਵਡੇ ਰਿਖੀ ਮੁਨੀ ਸੰਤ ਮਹਾਤਮਾ ਆਏ। ਪਰ ਉਸ ਸਿੰਘਾਸਨ ਪਰ ਕੋਈ ਨਾ ਬੈਠੇ। ਸਭ ਆਸ ਪਾਸ ਬੈਠਤੇ ਜਾਤੇ ਹੈ। ਜਬ ਸਭਾ ਭਰੀ ਗਈ ਤਬ ਅਸਟਾਵਕ੍ਰ ਜੀ ਆਏ। ਜਿਨਕੇ ਸਰੀਰ ਮੇਂ ਆਠ ਵਲ ਪੜੇ ਹੂਏ ਹੈ ਅਰ ਵਡੇ ਭਾਰੀ ਕਰੂਪ ਹੈਂ। ਸੋ ਆਤੇ ਹੀ ਉਸ ਸਿੰਘਾਸਨ ਪਰ ਬੈਠ ਗਏ। ਐਸੇ ਦੇਖਕੇ ਸਭ ਰਿਖੀ ਮੁਨੀ ਹਸਨੇ ਲਗ ਪੜੇ। ਅਰ ਆਪਨੇ ੨ ਚਿਤ ਮੇਂ ਕਹਿਨੇ ਲਗੇ ਦੇਖੋ ਇਸਨੇ ਕਿਆ ਕੀਆ ਹੈ। ਕਾਹੇ ਤੇ। ਦੇਖੋ ਔਰ ਸਭ ਹੇਠ ਬੈਠੇ ਹੈਂ ਅਰ ਯੇ ਊਪਰ ਚੜਕੇ ਬੈਠ ਗਿਆ ਹੈ। ਐਸੇ ਸਭ ਕੋ ਹਸਤੇ ਹੋਇਆਂ ਦੇਖਕੇ ਅਸਟਾਵਕ੍ਰ ਜੀ ਬੋਲੇ ਹੇ ਰਾਜਨ ਸੰਤੋਂ ਕੀ ਸਭਾ ਜਾਨਕੇ ਹਮ ਆਏ ਥੇ। ਯੇ ਤੋ ਸਭਾ ਚਮਿਆਰੋਂ ਕੀ ਲਗੀ ਹੂਈ ਹੈ। ਕਾਹੇਤੇ। ਯੇ ਸੰਤ ਨਹੀਂ ਹੈ ਯੇ ਸਭ ਤੁਮਾਰੀ ਸਭਾ ਮੈ ਚਮਿਆਰ ਬੈਠੇ ਹੂਏ ਹੈਂ। ਇਨਮੇਂ ਸੰਤ ਕੋਈ ਨਹੀਂ ਹੈ। ਐਸੇ ਸੁਨਕੇ ਸਭਾ ਕੇ ਰਿਖੀ ਮੁਨੀ ਬੋਲੇ ਹਮ ਕੈਸੇ ਚਮਿਆਰ ਹੈਂ। ਐਸੇ ਸੁਨਕੇ ਅਸਟਾਵਕ੍ਰ ਜੀ ਕਹਿਨੇ ਲਗੇ ਮੇਰੇ ਇਸ ਕਰੂਪ ਸਰੀਰ ਕੋ ਦੇਖਕੇ ਸਾਰੇ ਤੁਮ ਹਸਨੇ ਲਗ ਪੜੇ ਹੋ। ਚੰਮ ਪਰ ਦ੍ਰਿਸਟੀ ਚਮਿਆਰ ਕੀ ਹੋਵੈ ਹੈ। ਅਨ ਕੀ ਨਹੀਂ। ਜੇਕਰ ਤੁਮ ਆਤਮ ਦ੍ਰਿਸਟੀ ਸੇ ਦੇਖਤੇ ਤੋ ਆਤਮਾ ਮੇਂ ਵਕ੍ਰਪਣਾ ਨਹੀਂ ਹੈ। ਅਰ ਆਤਮਾ ਅਜਰ ਅਮਰ ਅਛੇਦ ਰੂਪ ਹੈ। ਕਰੂਪ ਪਣਾ ਵਕ੍ਰਪਣਾ ਯੇ ਆਤਮਾ ਕਾ ਧਰਮ ਨਹੀਂ ਹੈ। ਯੇ ਅੰਨਮਯ



Scanned by CamScanner

ਕੋਸ਼ ਕਾ ਧਰਮ ਹੈ। ਇਸ ਤਨ ਪਰ ਦ੍ਰਿਸਟੀ ਦੇਕਰ ਸਾਰੇ ਤੁਮ ਹਸੇ ਹੋ। ਇਸ ਵਾਸਤੇ ਤੁਮ ਸਾਰੇ ਚਮਿਆਰ ਹੋ। ਰਿਖੀ ਮੁਨੀ ਸੁਨਕੇ ਸਭ ਚੁਪ ਹੋ ਗਏ। ਰਾਜਾ ਨੇ ਹਾਥ ਜੋੜਕੇ ਪ੍ਰਣਾਮ ਕਰੀ। ਅਰ ਕਹਾ ਮੁਝਕੋ ਗਿਆਨ ਕਰੋ। ਤਬ ਅਸਟਾਵਕ੍ਰ ਜੀ ਨੇ ਕਹਾ ਪਹਿਲੇ ਹਮ ਕੋ ਭੇਟਾ ਦੇਹੁ। ਫੇਰ ਹਮ ਤੁਮ ਕੋ ਗਿਆਨ ਕਰੇਂਗੇ। ਰਾਜਾ ਨੇ ਆਪਨਾ ਤਨ ਮਨ ਧਨ ਗੁਰੂ ਕੋ ਅਰਪਨ ਕਰ ਦੀਆ। ਫੇਰ ਜਬ ਘੋੜੇ ਪਰ ਸਵਾਰ ਹੋਣੇ ਲਗਾ ਤਬ ਅਸਟਾਵਕ੍ਰ ਜੀ ਨੇ ਕਹਾ ਅਬ ਤੁਮ ਕਹਾਂ ਜਾਤੇ ਹੋ। ਯੇ ਤਨ ਮਨ ਧਨ ਤੋ ਤੁਮਨੇ ਹਮ ਕੋ ਦੇ ਦੀਆ ਹੈ। ਫੇਰ ਅਬ ਇਨ ਕੇ ਸਾਥ ਤੁਮਾਰਾ ਕਿਆ ਪ੍ਰਜੋਜਨ ਹੈ। ਇਨ ਸੇ ਭਿੰਨ ਅਬ ਜੋ ਤੁਮਾਰੇ ਪਾਸ ਹੈ ਸੋ ਵਹੁ ਤੇਰਾ ਰੂਪ ਹੈ। ਭਾਵ ਏਹੁ ਹੈ। ਹੇ ਰਾਜਨ ਜੋ ਸਭ ਕੇ ਨਿਸੇਧ ਕਰਨੇ ਸੇ ਜੋ ਬਾਕੀ ਸੇਸ ਰਹਿ ਜਾਵੇ ਸੋ ਤੇਰਾ ਰੂਪ ਹੈ। ਐਸੇ ਕਹਿਨੇ ਸਾਰ ਹੀ ਰਾਜਾ ਕੋ ਬੋਧ ਹੋ ਗਯਾ। ਰਾਜਾ ਨੇ ਚਰਨੋਂ ਮੇਂ ਗਿਰ ਕੇ ਪ੍ਰਣਾਮ ਕਰੀ। ਅਰ ਕਹਾ ਮੁਝਕੋ ਆਪ ਨੇ ਨਿਹਾਲ ਕਰ ਦੀਆ ਹੈ। ਰਾਜਾ ਕੋ ਸਬੋਧ ਕਰਕੇ ਅਸਟਾਵਕ੍ਰ ਜੀ ਚਲੇ ਗਏ। ਦੇਖੋ ਅਸਟਾਵਕ੍ਰ ਜੀ ਕੈਸੇ ਕਰੂਪ ਥੇ ਪਰ ਵਿਦ੍ਵਾਨ ਹੋਣੇ ਸੇ ਸੰਤੋਂ ਕੀ ਸਭਾ ਮੇਂ ਕੈਸੇ ਸੋਭਾ ਪਾਈ। ਤੈਸੇ ਹੀ ਕਰੂਪ ਵਿਦ੍ਵਾਨ ਭੀ ਸੰਤੋਂ ਕੀ ਸਭਾ ਮੇਂ ਸੋਭਾ ਪਾਵੇ ਹੈ। ੨੦॥ ਸੰਕਾ॥ ਵਿਆਕਰਨ ਤੇ ਬਿਨਾ ਵੇਦੋਂ ਕਾ ਪਠਨ ਪਾਠਨ ਕਰ ਸਕੇ ਹੈ ਵਾ ਨਹੀਂ॥ ਸਮਾਧਾਨ॥ ਮੂਲ॥

**ਸੋਰਠਾ॥ ਸਬਦ ਸਾਸਤ੍ਰ ਕੋ ਤਿਆਗ ਚਹੈ ਅਧੈਨਾ ਪਰ ਨਿਗਮ। ਸੋ ਪਗ ਗਿਨ ਤਹਿ ਨਾਗ ਨਿਸ ਤਮ ਜਲ ਮੋ ਚਿਰ ਰਮਿਯੋ। ੨੧।**

ਟੀਕਾ॥ ਸਬਦ ਸ਼ਾਸਤ੍ਰ ਨਾਮ ਵਿਆਕਰਨ ਕਾ ਹੈ। ਸਾਰ ਸੁਤ ਚੰਦ੍ਰਕਾ ਲਘੂ ਕੌਮਦੀ ਮਧ ਸਿਧਾਂਤ ਇਨ ਕੋ ਤਿਆਗ ਕਰ ਭਾਵ ਵਿਆਕਰਨ ਨਾ ਪੜੇ ਦਿਲ ਮੇਂ ਏਹੁ ਚਾਹੇ ਮੈਂ ਨਿਗਮ ਨਾਮ ਜੋ ਵੇਦ ਹੈ। ਪਰ ਨਾਮ ਵਿਸੇਸ ਕਰਕੇ ਇਨਕੋ ਅਧੇਨ ਨਾਮ ਪੜ ਲਵਾਂ। ਉਸ ਪੁਰਸ਼



ਕਾ ਪ੍ਰਜਤਨ ਐਸੇ ਨਿਸਫਲ ਹੈ ਜੈਸੇ ਨਿਸਤਮ ਨਾਮ ਅੰਧੇਰੀ ਰਾਤ੍ਰ ਮੇਂ। ਜਲ ਮੇਂ ਚਿਰੰਕਾਲ ਕਾ ਨਾਗ ਨਾਮ ਸਰਪ ਰਮਿਯੌ ਨਾਮ ਰਮ ਗਯਾ ਯਾਨੇ ਲੰਘ ਗਯਾ ਹੋਵੇ ਭਾਵ ਜਲ ਮੇਂ ਪ੍ਰਵੇਸ਼ ਬਹੁਤ ਡੇਰੀ ਕਾ ਕਰ ਗਯਾ ਹੋਵੇ। ਸੋ ਉਸ ਸਰਪ ਕੇ ਪੈਰੋਂ ਕੋ ਗਿਨ ਕਰ ਸਰਪ ਕਾ ਖੋਜ ਕੋਈ ਨਿਕਾਲਾ ਚਾਹੇ ਜੈਸੇ ਉਸਕਾ ਪ੍ਰਜਤਨ ਨਿਸਫਲ ਹੈ। ਤੈਸੇ ਵਿਆਕਰਨ ਪੜੇ ਤੇ ਬਿਨਾ ਵੇਦੋਂ ਕਾ ਪਠਨ ਪਾਠਨ ਕਾ ਜੋ ਪ੍ਰਜਤਨ ਕਰਨਾ ਸੋ ਨਿਸਫਲ ਹੈ। ਕਾਹੇਤੇ। ਪਹਿਲੇ ਸਰਪ ਕੇ ਪੈਰ ਹੀ ਨਹੀਂ ਦੂਸਰੀ ਅੰਧੇਰੀ ਰਾਤ੍ਰ ਹੈ। ਤੀਸਰਾ ਸਰਪ ਕੋ ਜਲ ਮੇਂ ਪ੍ਰਵੇਸ਼ ਕੀਤੀਆਂ ਹੋਇਆਂ ਡੇਰੀ ਹੋ ਗਈ ਹੈ। ਜੋ ਫੇਰ ਉਸਕੇ ਪੈਰ ਗਿਨ ਕਰ ਸਰਪ ਕੋ ਢੂੰਢਿਆ ਚਾਹੇ ਸੋ ਕੈਸੇ ਮਿਲ ਸਕਤਾ ਹੈ। ਭਾਵ ਨਹੀਂ ਮਿਲੇਗਾ। ਤੈਸੇ ਵਿਆਕਰਨ ਪੜੇ ਬਿਨਾ ਵੇਦ ਸਾਸਤ੍ਰ ਮੇਂ ਪ੍ਰਵਰਤੀ ਨਹੀਂ ਹੋਵੇ ਹੈ॥ ਭਾਵ॥ ਵੇਦ ਸਾਸਤ੍ਰ ਪੜੇ ਨਹੀਂ ਜਾਤੇ। ਜੋ ਪੁਰਸ਼ ਵਿਆਕਰਨ ਪੜੇ ਬਿਨਾ ਵੇਦ ਸਾਸਤ੍ਰ ਕੇ ਪੜਨੇ ਕੀ ਇਛਾ ਕਰਤਾ ਹੈ ਵਹੁ ਐਸੇ ਹੈ ਜੈਸੇ ਕਿਸੀ ਕੇ ਪੈਰ ਨਾ ਹੋਵਨ ਤੇ ਵਹੁ ਕਹੇ ਮੈ ਤੀਰਥ ਕਰ ਆਵਾਂ। ਵਾ ਬੇੜੀ ਬਿਨਾ ਨਦੀ ਸੇ ਪਾਰ ਹੋ ਜਾਵਾਂ। ਐਸੇ ਹੀ ਵਿਆਕਰਨ ਬਿਨਾ ਵੇਦ ਪੜਨਾ ਅਸੰਭਵ ਹੈ। ਕਦੀ ਭੀ ਨਾ ਆਵੇਗਾ॥ ੨੧॥ ਸੰਕਾ॥ ਵਿਦਿਆ ਵਿਖ ਰੂਪ ਕੈਸੇ ਹੈ॥ ਸਮਾਧਾਨ॥ ਮੂਲ॥

**ਦੋਹਿਰਾ॥ ਵਿਖ ਵਿਦਿਆ ਅਭਿਯਾਸ ਬਿਨੁ ਭੋਜਨ ਗਰਲ ਅਘਾਇ। ਸੁਭ ਕੋ ਸੰਗ ਦਰਿਦ੍ਰ ਬਿਖ ਬ੍ਰਿਧ ਨਾਰ ਬਿਖ ਗਾਇ॥੨੨।**

ਟੀਕਾ॥ ਪੁਨਾ ਪੁਨਾ ਵਿਦਿਆ ਅਭਿਆਸ ਕਰੇ ਬਿਨਾ ਯੇ ਵਿਦਿਆ ਵਿਖ ਰੂਪ ਹੋ ਜਾਤੀ ਹੈ। ਸੰਥਿਆ ਲੇਕਰ ਪੁਸਤਕ ਰਖ ਦੀਆ ਅਰ ਫੇਰ ਸੰਥਿਆ ਵਿਚਾਰੀ ਨਹੀਂ। ਕਿਸੀ ਨੇ ਪੂਛਾ ਜੀ ਕਿਆ ਪੜਤੇ ਹੋ। ਕਹਿਆ ਜੀ ਹਮ ਗੀਤਾ ਭਾਸ਼ਯ ਪੜਤੇ ਹੈਂ। ਉਸੀ ਨੇ ਕਹਾ ਕੋਈ ਪਰਸੰਗ ਸੁਣਾਓ। ਕਹਾ ਜੀ ਹਮ ਕੋ ਬਹੁਤ ਚਿਰ ਪੜਤਿਆਂ ਹੋ ਗਯਾ ਹੈ ਹਮ ਨੇ ਪਿਛੋਂ



Scanned by CamScanner

ਵਿਚਾਰੀ ਨਹੀਂ। ਵਾ ਕਿਸੀ ਨੇ ਕੁਛ ਪੂਛਾ ਅਗੋਂ ਉਤਰ ਨਾ ਆਇਆ। ਪੂਛਨੇ ਵਾਲੇ ਨੇ ਕਹਾ ਵਾਹ ਜੀ ਵਾਹ ਹਛੇ ਪੜੇ ਹੋ। ਜਬ ਐਸੇ ਦੂਸਰੇ ਨੇ ਤਰਕ ਸੇ ਕਹਾ ਤਬ ਉਸ ਕਾਲ ਮੇਂ ਪੜਨੇ ਵਾਲੇ ਕੋ ਵਿਦਿਆ ਵਿਖ ਹੋਕਰ ਭਾਸੇ ਹੈ। ਭਾਵ ਚਿਤ ਮੇਂ ਲਜਾਇਮਾਨ ਹੋਵੇ ਹੈਂ। ਜੇ ਵਿਦਿਆ ਅਭਿਆਸ ਸੇ ਪੜੀ ਜਾਵੇ ਤਬ ਇਹ ਵਿਦਿਆ ਅੰਮ੍ਰਿਤ ਰੂਪੀ ਹੈ ਨਹੀਂ ਤੋ ਅਭਿਆਸ ਤੇ ਬਿਨਾ ਵਿਦਿਆ ਵਿਖ ਰੂਪ ਹੈ। ਇਸ ਮੇਂ ਦ੍ਰਿਸ਼ਟਾਂਤ। ਜੈਸੇ ਅਘਾਇ ਨਾਮ ਤ੍ਰਿਪਤ ਹੋ ਕੇ ਭੋਜਨ ਖਾਨਾ ਯੇ ਵਿਖ ਰੂਪ ਹੈ ਭਾਵ ਕਦਰ ਸੇ ਅਧਿਕ ਖਾਨਾ ਅੰਮ੍ਰਿਤ ਰੂਪ ਭੋਜਨ ਭੀ ਵਿਖ ਰੂਪ ਹੋ ਜਾਵੇ ਹੈ॥ ਕਾਹੇਤੇ॥ਪਚਾਨੇ ਕੀ ਹਿੰਮਤ ਅਧ ਸੇਰ ਅੰਨ ਕੀ ਹੈ। ਖਾਇ ਲੀਆ ਸੇਰ ਭਰ। ਬਦਹਜਮੀ ਦੁਆਰਾ ਭੋਜਨ ਸੋ ਵਿਖ ਰੂਪ ਹੋ ਜਾਵੇ ਹੈ। ਇਸ ਪਰ ਬੈਰਾਗੀ ਸੰਤ ਕੀ ਗਾਥਾ ਹੈ। ਕਿਸੀ ਸ਼ਾਹੂਕਾਰ ਨੇ ਬੈਰਾਗੀਓਂ ਕੀ ਜਮਾਤ ਕੋ ਨੇਵਤਾ ਦੀਆ। ਅੜੂ ਪੂੜਾ ਆਦਿਕ ਕਈ ਪਰਕਾਰ ਕੇ ਭੋਜਨ ਤਿਆਰ ਕਰਕੇ ਸੰਤਾਂ ਕੋ ਖੁਲਾਇਆ। ਏਕ ਸੰਤ ਨੇ ਇਤਨਾ ਭੋਜਨ ਪਾਇਆ ਜੋ ਕਿ ਕੁਛ ਕਹਾ ਨਹੀਂ ਜਾਤਾ। ਜਬ ਪੰਗਤ ਉਠੀ ਤਬ ਉਸਕੇ ਪੇਟ ਮੇਂ ਦਰਦ ਹੋਨਾ ਸ਼ੁਰੂ ਹੋ ਗਿਆ। ਮੁਖ ਸੇ ਕਹਿਨੇ ਲਗਾ ਹੇ ਸੰਤੋ ਮੇਰੇ ਪੇਟ ਮੇਂ ਦਰਦ ਹੋ ਰਹਾ ਹੈ। ਕਿਸੀ ਸੰਤ ਨੇ ਕਹਾ ਅਰੇ ਭਈਆ ਰਾਮ ਜੀ ਕੇ ਆਸਰੇ ਏਕ ਦਮੜੀ ਭਰ ਜਵੈਨ ਅਰ ਏਕ ਦਮੜੀ ਭਰ ਲੂਣ ਤੁਮ ਖਾਇ ਲੇਹੁ। ਅਭੀ ਤੁਮਾਰਾ ਦਰਦ ਦੂਰ ਹੋ ਜਾਇਗਾ। ਆਗੇ ਸੇ ਉਸਨੇ ਕਹਾ ਅਰੇ ਸੁਸਰੇ ਲੂਣ ਜਵੈਨ ਕੀ ਪੇਟ ਮੇਂ ਜਗਾ ਹੋਤੀ ਤਬ ਦੋ ਚਾਰ ਪੂੜੇ ਪੇਟ ਮੇਂ ਹਮ ਔਰ ਨਾ ਡਾਲ ਲੇਤੇ। ਐਸਾ ਜੋ ਭੋਜਨ ਖਾਨਾ ਹੈ ਏਹੀ ਵਿਖ ਰੂਪ ਹੈ। ਮਿਰਜਾਦਾ ਸੇ ਭੋਜਨ ਖਾਨਾ ਇਹ ਅੰਮ੍ਰਿਤ ਰੂਪ ਹੈ॥ ੧॥ ਅਭਿਆਸ ਤੇ ਬਿਨਾ ਵਿਦਿਆ ਵਿਖ ਰੂਪ ਹੈ। ਇਸੀ ਮੇਂ ਅਬ ਔਰ ਦ੍ਰਿਸਟਾਂਤ ਦੇਤੇ ਹੈਂ। ਜੈਸੇ ਸੁਭ ਪੁਰਸ਼ ਕੋ ਦਰਿਦ੍ਰੀ ਕਾ ਸੰਗ ਵਿਖ ਰੂਪ ਹੈ। ਵਾ ਦਰਿਦ੍ਰੀ ਪੁਰਸ਼ ਕੋ ਸੁਭ ਪੁਰਸ਼ ਨੇ ਸੋਵਨਾ ਹੈ। ਅਰ ਸ੍ਰੇਸ਼ਟ ਪੁਰਸ਼ ਨੇ ਉਠਕੇ ਗੀਤਾ ਕਾ ਪਾਠ ਵਾ ਔਰ ਕਿਸੀ ਕਾ ਪਾਠ ਕਰਨਾ ਹੈ। ਜਬ ਊਚਾ



ਪੜੇਗਾ ਤਬ ਦਰਿਦ੍ਰੀ ਪੁਰਸ਼ ਦੁਖੀ ਹੋਗਾ। ਇੰਸ ਹੇਤੂ ਸੇ ਦਰਿਦ੍ਰੀ ਕੋ ਸੁਭ ਕਾ ਸੰਗ ਵਿਖ ਰੂਪ ਹੈ। ਅਬ ਇਸੀ ਮੇਂ ਔਰ ਤੀਸਰਾ ਦ੍ਰਿਸਟਾਂਤ ਦੇਤੇ ਹੈਂ। ਜੈਸੇ ਬ੍ਰਿਧ ਇਸਤ੍ਰੀ ਕਾ ਵਿਵਾਹ ਸ਼ਾਦੀ ਮੇਂ ਜੋ ਗਾਨਾ ਹੈ ਜੈਸੇ ਵਹੁ ਸਭ ਕੋ ਵਿਖ ਰੂਪ ਭਾਸੇ ਹੈ ਭਾਵ ਏਹ ਹੈ ਜਹਾਂ ਪਰ ਸੋਲਾਂ ਸੋਲਾਂ ਬਰਸਾਂ ਕੀ ਇਸਤ੍ਰੀਆਂ ਕੋਇਲ ਕੀ ਨਿਆਈਂ ਮਿਠੀ ਸੁਰ ਸੇ ਗਾਇਨ ਕਰ ਰਹੀਆਂ ਹੈਂ ਵਹਾਂ ਕੋਈ ਫਾਫਾ ਬੁੱਢੀ ਇਸਤ੍ਰੀ ਗਾਵਨੇ ਲਗ ਪੜੇ ਵਹੁ ਸਭ ਕੋ ਹਛੀ ਨਹੀਂ ਲਗੇ ਹੈ। ਸਭ ਉਸ ਕੋ ਐਸੇ ਕਹੇ ਹੈਂ ਹੇ ਬੁਢੀਆ ਮਾਈ ਚੁਪ ਕਰ ਜਾਹ। ਕਿਉਂ ਬਿਰਸ ਕਰ ਰਹੀ ਹੈ॥ਕਿੰਬਾ॥ਬ੍ਰਿਧ ਪੁਰਸ਼ ਕੋ ਜੁਵਾ ਨਾਰੀ ਵਿਖ ਰੂਪ ਹੈ॥ ਕਾਹਿਤੇ॥ ਉਸ ਸੇ ਉਸਨੇ ਰਜਨਾ ਨਹੀ ਵਹੁ ਉਸ ਕੋ ਅਕਾਏਗੀ ਫੇਰ ਵਹੁ ਦੁਖੀ ਹੋਗਾ। ਕਿੰਬਾ॥ਬ੍ਰਿਧ ਨਾਰੀ ਕੋ ਜੁਵਾ ਪੁਰਸ਼ ਵਿਖ ਰੂਪ ਹੈ ਕਿਉਂ ਅਜੋਗਤਾ ਹੈ॥ ਭਾਵ॥ ਦੋਨੋਂ ਕਾ ਮੇਲ ਨਹੀਂ ਹੈ। ਦ੍ਰਿਸਟਾਂਤ॥ਤੈਸੇ ਅਭਿਆਸ ਤੇ ਬਿਨਾ ਵਿਦਿਆ ਵਿਖ ਰੂਪ ਹੈ॥੨੨॥ ਸੰਕਾ॥ਇਸੀ ਵਿਦਿਆ ਕੇ ਪੜਨੇ ਮੇਂ ਸਮਾਂ ਲਗਾ ਦੇਣਾ। ਖਾਨ ਪਾਨ ਕਾ ਵਿਵਹਾਰ ਫੇਰ ਕੈਸੇ ਚਲੇਗਾ॥ਸਮਾਧਾਨ॥ਮੂਲ॥

**ਦੋਹਿਰਾ॥ਮਾਤਾ ਵਤਿ ਰਖਿਆ ਕਰੇ, ਪਿਤਾ ਜਿਵੇ ਹਿਤ ਕਾਰ। ਕਰੇ ਨਾਰ ਜਜੋਂ ਪ੍ਰੇਮ ਬਹੁ, ਸੋਕ ਟਾਰ ਸੁਖ ਕਾਰ॥੨੩॥**

ਟੀਕਾ॥ਮਾਤਾ ਵਤ ਵਿਦਿਆ ਇਸਕੀ ਰਖਿਆ ਕਰਤੀ ਹੈ। ਪਿਤਾ ਕੀ ਨਿਆਈਂ ਵਿਦਿਆ ਇਸ ਸੇ ਹਿਤ ਕਰਤੀ ਹੈ। ਨਾਰ ਨਾਮ ਇਸਤਰੀ ਕੀ ਨਿਆਈ ਵਿਦਿਆ ਇਸ ਸੇ ਪ੍ਰੇਮ ਕਰਤੀ ਹੈ। ਇਸ ਕਾ ਭਾਵ ਇਹ ਹੈ ਜੈਸੇ ਮਾਤਾ ਪਿਤਾ ਆਪਨੇ ਪੁੱਤਰ ਸਾਥ ਪ੍ਰੇਮ ਕਰਤੇ ਹੈਂ॥ ਭਾਵ॥ ਪਾਲਨਾ ਕਰਤੇ ਹੈਂ ਐਸੇ ਹੀ ਲੋਕਾਂ ਪਾਸੋਂ ਵਿਦਿਆ ਇਸ ਜੀਵ ਕੀ ਯੇ ਸੇਵਾ ਕਰਾਤੀ ਹੈ। ਔਰ ਜੈਸੇ ਆਪਨੇ ਪਤੀ ਕੋ ਇਸਤ੍ਰੀ ਪ੍ਰੇਮ ਸੇ ਖਿਲਾਤੀ ਪਲਾਤੀ ਹੈ ਤੈਸੇ ਸਭ ਜਨੋਂ ਸੇ ਵਿਦਿਆ ਇਸ ਜੀਵ ਕੀ ਯੇ ਸੇਵਾ ਕਰਾਤੀ ਹੈ। ਵਿਦਵਾਨ ਪੁਰਸ਼ ਕੀ ਸੇਵਾ ਸਭ ਕੋਈ ਕਰੇ ਹੈਂ। ਫੇਰ ਸਭ ਜਨਮ ਮਰਨ



Scanned by CamScanner

ਰੂਪੀ ਸੋਕਾਂ ਕੋ ਤਥਾ ਖਾਨ ਪਾਨ ਦੀ ਸੋਕਾਂ ਕੋ ਦੂਰ ਕਰਕੇ ਨਿਤ ਸੁਖ ਕੀ ਪ੍ਰਾਪਤੀ ਕਰੇ ਹੈਂ ਯਹਿ ਸਭ ਇਸ ਵਿਦਿਆ ਕਾ ਪ੍ਰਤਾਪ ਹੈ ਖਾਨ ਪਾਨ ਕੀ ਕਿਆ ਚਿੰਤਾ ਹੈ। ਆਗੇ ਫੇਰ ਇਸੀ ਬਾਤ ਕੋ ਕਹੇ ਹੈਂ॥ ਮੂਲ॥

**✗ ਦੋਹਿਰਾ॥ ਵਿਦਿਆ ਬਾਧਵ ਜਜੋਂ ਸਕਲ, ਕਾਰਜ ਦੇਤ ਸਵਾਰ। ਦਾਯਕ ਕੀਰਤ ਦਰਬ ਕੀ, ਤਾਤੇ ਪੜੇ ਉਦਾਰ॥੨੪॥**

ਜਿਵੇਂ ਕਹੀਏ ਜਿਸ ਪ੍ਰਕਾਰ ਇਸ ਜੀਵ ਕੇ ਪਿਆਰੇ ਸਬੰਧੀ ਸਭ ਕਾਰਜ ਸਵਾਰ ਦੇਵੇਂ ਹੈਂ। ਤਿਵੇਂ ਵਿਦਵਾਨ ਪੁਰਸ਼ ਕੇ ਇਹ ਵਿਦਿਆ ਕਾਰਜ ਸਵਾਰ ਦੇਵੇ ਹੈ॥ ਭਾਵ॥ ਪਿਆਰੇ ਸਬੰਧੀ ਭੀ ਇਸ ਜੀਵ ਕਾ ਇਤਨਾ ਕਾਰਜ ਨਹੀਂ ਸਵਾਰੇ ਹੈ। ਜਿਤਨਾ ਇਸ ਵਿਦ੍ਵਾਨ ਪੁਰਸ਼ ਕਾ ਕਾਰਜ ਲੋਕ ਸਵਾਰੇ ਹੈ। ਫੇਰ ਇਹ ਵਿਦਿਆ ਕੈਸੀ ਹੈ ਕੀਰਤ ਨਾਮ ਜਸ ਤੇ ਦਰਬ ਨਾਮ ਧਨ ਕੀ ਦਾਇਕ ਨਾਮ ਦੇਨੇ ਵਾਲੀ ਹੈ। ਭਾਵ ਏਹ ਹੈ ਕਸਤੂਰੀ ਕੀ ਸੁਗੰਧੀ ਵਤ ਵਿਦ੍ਵਾਨ ਕਾ ਜਸ ਸਭ ਦੇਸ਼ੋਂ ਮੇਂ ਫੈਲ ਜਾਵੇ ਹੈ ਇਸ ਵਿਦਿਆ ਕੇ ਬਲ ਸੇ ਧਨ ਈਸ੍ਰਰਜ ਸਭ ਅਨਾਯਾਸ ਪ੍ਰਾਪਤ ਹੋਵੇ ਹੈ। ਯਾਂਤੇ ਜੋ ਉਦਾਰ ਸ੍ਰੇਸਟ ਪੁਰਖ ਹੈ ਸੋ ਪ੍ਰੇਮ ਸੇ ਖਾਨ ਪਾਨ ਦੀ ਕੀ ਚਿੰਤਾ ਛੋੜ ਕੇ ਨਿਤ ਹੀ ਵਿਦਿਆ ਕਾ ਅਧੈਨ ਕਰੇ ਸਭ ਇਸੀ ਸੇ ਭੋਗ ਮੋਖ ਪ੍ਰਾਪਤ ਹੋ ਜਾਇਗੇ॥ ਸੰਕਾ॥ ਜੋ ਏਕ ਵਾਰੀ ਵਿਦਿਆ ਪੜ ਲਈ ਹੈ ਫੇਰ ਕਾਹੇ ਕੋ ਪੜਨੀ ਹੈ॥ ਸਮਾਧਾਨ॥ ਮੂਲ॥

**✗ ਦੋਹਿਰਾ॥ ਸਹਿਸ ਗੁਣਾ ਵਿਦਿਆ ਵਧੇ ਪੁਨਾ ਪੁਨਾ ਅਭਿਆਸ। ਰਸਨਾਗ੍ਰ ਨਿਸ ਦਿਨ ਬਸੇ, ਜਜੋਂ ਜਲ ਨੀਚੇ ਵਾਸ॥੨੫॥**

ਟੀਕਾ॥ ਫੇਰ ਫੇਰ ਵਿਦਿਆ ਕੇ ਅਭਿਆਸ ਕਰਨੇ ਸੇ ਹਜਾਰ ਗੁਣਾ ਵਿਦਿਆ ਅਧਿਕ ਵਧੇ ਹੈ। ਜੇ ਪੁਨਾ ਪੁਨਾ ਪੜੇ ਤੋ ਪੜੀ ਹੂਈ ਵਿਦਿਆ



ਸਭ ਭੂਲ ਜਾਇਗੀ। ਵਾਰੰਵਾਰ ਪੜਨੇ ਪਰ ਵਿਦਿਆ ਰਸਨਾ ਕੇ ਆਗੇ ਦਿਨੇ ਰਾਤੀ ਨਿਵਾਸ ਕਰੇ ਹੈ॥ ਭਾਵ॥ ਸਭ ਵਿਦਿਆ ਕੰਠ ਰਹੇ ਦ੍ਰਿਸ਼ਟਾਂਤ॥ ਜੈਸੇ ਊਚੀ ਜਗਾ ਕਾ ਜਲ ਸੁਤੇਸਿਧ ਨੀਵੀਂ ਜਗਾ ਆਨਕੇ ਨਿਵਾਸ ਕਰੇ ਹੈ। ਤੈਸੇ ਪੁਨਾ ਪੁਨਾ ਵਿਦਿਆ ਕਾ ਅਭਿਆਸ ਕਰਨੇ ਸੇ ਸੁਤੇਸਿਧ ਵਿਦਿਆ ਸਭ ਕੰਠ ਰਹੇ ਹੈ। ਉਸਕੋ ਜਿਸ ਵੇਲੇ ਕੋਈ ਪੂਛੇ ਉਸੀ ਸਮੇਂ ਵਹੁ ਝਟ ਸਲੋਕ ਸੁਣਾ ਦੇਵੇਗਾ। ਅਰ ਜਿਸਨੇ ਏਕ ਵਾਰੀ ਵਿਦਿਆ ਪੜ ਕੇ ਫੇਰ ਅਭਿਆਸ ਛੋੜ ਦੀਆ ਹੈ। ਸੋ ਜਹਾਂ ਤਹਾਂ, ਨਿਰਾਦਰ ਹੀ ਪਾਇਗਾ। ਵਾਰੰਵਾਰ ਜੋ ਵਿਦਿਆ ਕਾ ਅਭਿਆਸ ਕਰਨੇ ਵਾਲਾ ਹੈ। ਸੋ ਜਹਾਂ ਤਹਾਂ ਆਦਰ ਹੀ ਪਾਇਗਾ॥ ਇਸ ਪਰ ਏਕ ਗਾਥਾ ਹੈ। ਏਕ ਸੰਤ ਮਹਾਤਮਾ ਥੇ ਉਨਕਾ ਏਕ ਵਡਾ ਬੁਧੀਵਾਨ ਚੇਲਾ ਥਾ। ਏਕ ਦਿਨ ਚੇਲੇ ਨੇ ਪ੍ਰਸ਼ਨ ਕੀਆ। ਹੇ ਭਗਵਾਨ ਸਚਿਦਾ ਨੰਦ ਬ੍ਰਹਮ ਕੈਸੇ ਮੁਝ ਕੋ ਪ੍ਰਾਪਤ ਹੋਵੈ। ਸ੍ਰੀ ਗੁਰੂ ਉਤਰ ਦੇਤੇ ਹੈਂ। ਤੂੰ ਹਮ ਕੋ ਐਸੇ ਪੂਛ ਰਹਾ ਹੈ।

**ਦੋਹਿਰਾ॥ ਬੀਚੀ ਪੂਛੇ ਜਲ ਕਹਾਂ ਜਿਉ ਪਟ ਪੂਛੇ ਸੂਤ। ਤਿਉਂ ਜੀਵ ਪੂਛੇ ਬ੍ਰਹਮ ਕੋ ਭੂਲਾ ਫਿਰੇ ਕਮੂਤ।**

ਹੇ ਸਿਖ ਤੇਰੇ ਸੇ ਬ੍ਰਹਮ ਭਿੰਨ ਨਹੀਂ ਹੈ। ਤੂੰ ਬ੍ਰਹਮ ਸਰੂਪ ਹੈ। ਸਿਖ ਸੁਨਕੇ ਪ੍ਰਸੰਨ ਹੂਆ। ਏਕ ਦਿਨ ਚੇਲੇ ਕੀ ਪਰੀਖਿਆ ਲੇਨੇ ਵਾਸਤੇ ਚੇਲੇ ਸੇ ਗੁਰੂ ਪੂਛਤੇ ਹੈਂ।

**ਦੋਹਿਰਾ॥ ਪਾਨ ਸੜੇ ਘੋੜਾ ਅੜੇ ਵਿਦਿਆ ਵਿਸਰ ਜਾਇ। ਰੋਟ ਅੰਗਾਰੇ ਕਿਉਂ ਸੜੇ ਕਹੁ ਚੇਲਾ ਕਿਤ ਭਾਇ।**

ਐਸੇ ਸੁਨਕੇ ਚੇਲੇ ਨੇ ਕਹਾ ਗੁਰੂ ਜੀ ਫੇਰੇ ਬਿਨਾ। ਗੁਰੂ ਨੇ ਪੂਛਾ ਕੈਸੇ। ਚੇਲਾ ਕਹਿਨੇ ਲਗਾ ਹੇ ਗੁਰੂ ਜੀ ਯੇ ਚਾਰੋਂ ਚੀਜਾਂ ਫੇਰੇ ਸੇ ਹਛੀਆਂ ਰਹਿਤੀਆਂ ਹੈਂ। ਨਾ ਫੇਰੇ ਯੇ ਚਾਰੋਂ ਵਿਗੜ ਜਾਤੀਆਂ ਹੈਂ। ਪਾਨ ਕੇ ਪਤਿਆਂ ਕੋ ਹਲਾਤੇ ਰਹੋ ਤਬ ਹਛੇ ਰਹੇ। ਨਾ ਹਲਾਓ ਫੇਰ ਵਿਗੜ ਜਾਤੇ ਹੈ। ਘੋੜੇ ਕੋ ਫੇਰਤੇ ਰਹੋ ਘੋੜਾ ਹਛਾ ਰਹੇਗਾ ਨਾ ਫੇਰੋ ਅੜਨੇ ਲਗ ਜਾਇਗਾ।



Scanned by CamScanner

ਪੋਥੀਆਂ ਕੇ ਪਤ੍ਰਿਆਂ ਕੋ ਫੇਰਤੇ ਰਹੋ ਤਬ ਵਿਦਯਾ ਯਾਦ ਰਹੇਗੀ। ਨਹੀਂ ਤੋ ਫੇਰ ਸਭ ਭੂਲ ਜਾਇਗੀ। ਅਗੰਾਰਾਂ ਪਰ ਜੋ ਰੋਟੀ ਰਖੀ ਹੈ ਉਸਕੋ ਹਲਾਤੇ ਰਹੋ ਫੇਰ ਨਹੀਂ ਸੜੇਗੀ। ਹਲਾਨੇ ਸੇ ਭੂਲ ਜਾਓਗੇ ਫੇਰ ਸੜ ਜਾਇਗੀ। ਹੇ ਗੁਰੂ ਜੀ ਯੇ ਚਾਰੇ ਚੀਜਾਂ ਫੇਰਨੇ ਸੇ ਹਛੀਆਂ ਰਹੇ ਹੈ। ਐਸੇ ਸੁਨਕੇ ਗੁਰੂ ਜੀ ਨੇ ਪ੍ਰਸੰਨ ਹੋ ਕੇ ਕਹਾ ਯੇ ਬਾਤ ਠੀਕ ਹੈ। ਭਾਵ ਮੈ ਕੀ ਆਇਆ। ਵਿਦਿਆ ਵਿਚਾਰਨੇ ਸੇ ਯਾਦ ਰਹਿਤੀ ਹੈ। ਨ਼ਹੀਂ ਤੋ ਸਭ ਭੂਲ ਜਾਤੀ ਹੈ। ਇਸ ਲੀਏ ਹੇ ਪੁਰਸ਼ੋ ਵਿਦਿਆ ਕਾ ਅਭਿਆਸ ਸਦਾ ਰਖੇ ਜਿਸ ਸੇ ਵਿਦਿਆ ਭੂਲ ਨ ਜਾਏ ॥੨੫॥ਸੰਕਾ॥ਵਿਦਿਆ ਸੁਖਦਾਈ ਦੁਖਦਾਈ ਕਿਸ ਕਿਸ ਵਾਸਤੇ ਹੈ॥ਸਮਾਧਾਨ॥ਮੂਲ॥

**ਦੋਹਿਰਾ॥ਸ਼ਾਸਤ੍ਰ ਕਰ ਮਦ ਹਤ ਸੁ ਜਨ, ਖਲਕੋ ਮਦ ਉਪਜੰਤ। ਜਯੋਂ ਦ੍ਰਿਗਭਾਨੁ ਪਰਕਾਸ਼ ਹ੍ਵੈ, ਉਲੂ ਅੰਧ ਕਰੰਤ॥੨੬॥**

ਟੀਕਾ॥ਸਤਿ ਸ਼ਾਸਤ੍ਰ ਕੇ ਪੜਨੇ ਸੁਨਨੇ ਕਰ ਸ਼੍ਰੇਸ੍ਟ ਪੁਰਸ਼ੋਂ ਕਾ ਮਦ ਨਾਮ ਹੰਕਾਰ ਹਤ ਨਾਮ ਨਾਸ ਕੋ ਪਰਾਪਤ ਹੋ ਜਾਵੇ ਹੈ। ਅਰ ਉਸੀ ਸ਼ਾਸਤਰ ਕੋ ਪੜ ਸੁਨ ਕਰ ਖਲ ਮੂਰਖ ਪੁਰਸ਼ਾਂ ਕੋ ਉਲਟਾ ਮਦ ਨਾਮ ਹੰਕਾਰ ਉਤਪਨ ਹੋ ਆਵੇ ਹੈ। ਇਸ ਮੇਂ ਪ੍ਰਮਾਨ।

**ਸ੍ਵੈਯਾ॥ਏ ਸ੍ਰੁਤ ਗਜਾਨ ਸੁਜਾਨਨ ਕੇ ਅਭਿਮਾਨ ਮਦਾਦਿ ਵਿਕਾਰ ਨਿਵਾਰੇ। ਕੇਚਿਤ ਮੋ ਸਮ ਨੀਚਨ ਕੇ ਚਿਤ ਮੋ ਬਹੁ ਮਾਨ ਮਦਾਦਿਕ ਧਾਰੇ। ਸੂੰਨਯ ਯਥਾ ਮਠ ਸਾਧੁਨ ਕੋ ਅਤਿ ਮੋਖ ਕੋਸਾਧਨ ਦੋਖ ਪਰਹਾਰੇ। ਸੋ ਹਮ ਸੇ ਮਦਨਾਤੁਰ ਕੋ ਅਤਿ ਕਾਮ ਕੋ ਕਾਰਨ ਵਾਮ ਸਮਾਰੇ।**

ਅਰਥ ਸਪਸਟ ਹੈ। ਇਸ ਮੇਂ ਦੂਸਰਾ ਪ੍ਰਮਾਨ।

**ਸਲੋਕ॥ਵਿਦਿਆ ਵਿਵਾ ਦਾਯ ਧਨੰ ਮਦਾਇ ਸਕਤੀ**



**ਪਰੇਸਾਂ ਪਰ ਪੀਰ ਨਾਇ ਖਲਸਜ ਸਾਧੋ ਰਵਿ ਪਰੀਤ ਮੇਂ ਤਤ ਗਿਆਨਾਇ ਦਾਨਾਇ ਰਖਣਾਂਇਚ।**

ਅਰਥ ਯੇ ਹੈ। ਮੂਰਖ ਕੋ ਵਿਦਿਆ ਬਿਬਾਦ ਕੇ ਲੀਏ ਹੋਤੀ ਹੈ। ਔਰ ਧਨ ਪਰਾਪਤ ਹੋਨੇ ਸੇ ਮਦ ਹੋਤਾ ਹੈ। ਸਰੀਰ ਮੇਂ ਬਲ ਪਰ ਪੁਰਸ਼ੋਂ ਕੋ ਪੀੜਾ ਦੇਨੇ ਵਾਸਤੇ ਹੋਤਾ ਹੈ। ਮਹਾਤਮੋਂ ਕੋ ਯੇ ਤੀਨੋਂ ਬਿਪਰੀਤ ਹੋਤੇ ਹੈਂ। ਅਰਥਾਤ ਸਾਧੂ ਪੁਰਸ਼ੋਂ ਕੇ ਪਾਸ ਵਿਦਿਆ ਤਤ ਗਿਆਨ ਕੇ ਲ਼ੀਏ ਹੋਤੀ ਹੈ। ਔਰ ਧਨ ਸਤ ਪਾਤਰੋਂ ਮੇਂ ਦਾਨ ਵਾਸਤੇ ਹੋਤਾ ਹੈ। ਔਰ ਸਕਤੀ ਦੀਨ ਪੁਰਸ਼ੋਂ ਕੀ ਰਖਿਆ ਕੇ ਲੀਏ ਹੋਤੀ ਹੈ। ਇਸੀ ਵਾਸਤੇ ਸਰੇਸਟ ਪੁਰਸ਼ਾਂ ਕੋ ਯੇ ਵਿਦਿਆ ਸੁਖਦਾਈ ਹੈ। ਅਰ ਮੂਰਖਾਂ ਕੋ ਯੇ ਵਿਦਿਆ ਦੁਖਦਾਈ ਹੈ। ਸੋ ਕੈਸੈ। ਜੈਸੇ ਨੇਤਰਾਂ ਵਾਲਿਆਂ ਪੁਰਸ਼ਾਂ ਕੋ ਸੂਰਜ ਪ੍ਰਕਾਸ਼ ਕਰ ਦੇਵੇ ਹੈ ਤੇ ਉਲੂਆਂ ਕੋ ਅੰਧਾ ਕਰ ਦੇਵੇ ਹੈ ਤੈਸੇ ਇਹ ਵਿਦਿਆ ਸੁਜਨ ਪੁਰਸ਼ਾਂ ਕਾ ਮਦ ਦੂਰ ਦੇਵੇ ਹੈ ਤੇ ਮੂਰਖਾਂ ਕੋ ਮਦ ਪੈਦੇ ਕਰ ਦੇਵੇ ਹੈ। ਸਤ ਸਾਸਤ੍ਰ ਕੇ ਪੜਨੇ ਸੁਨਨੇ ਸੇ ਜਿਸ ਪੁਰਸ਼ ਕੇ ਚਿਤ ਮੇਂ ਵਿਕਾਰ ਪੈਦੇ ਹੋ ਗਏ ਹੈਂ। ਫੇਰ ਉਨਕੀ ਕਲਿਆਨ ਹੋਣੀ ਅਸੰਭਵ ਹੈ॥੨੬॥ਸੰਕਾ॥ਯੇ ਪੁਰਸ਼ ਬਸਤ੍ਰ ਭੂਸ਼ਨ ਤਥਾ ਇਸਤ੍ਰੀ ਸੇ ਭੀ ਸੋਭਾ ਪਾਵੇ ਹੈ ਵਾ ਨਹੀਂ॥ਸਮਾਧਾਨ॥ ਸੋਭਾ ਤੋ ਪਾਵੇ ਹੈ ਪਰ ਅੰਤ ਕੋ ਯੇ ਕਲੇਸਾਂ ਕੇ ਦੇਨੇ ਹਾਰੇ ਹੈਂ। ਅਬ ਇਸੀ ਬਾਤ ਕੋ ਆਗੇ ਕਹੇ ਹੈ॥ਮੂਲ॥

**ਸ੍ਵੈਯਾ॥ ਮੁਕਟਾਂਗਦ ਕੁੰਡਲ ਕੰਕਨ ਹੈ ਕਰ, ਚੰਦ੍ਰ ਪ੍ਰਭਾ ਗਰ ਮੋਤਿਨ ਹਾਰਾ। ਮੁਖ ਚੰਦ੍ਰ ਪ੍ਰਭਾ ਦ੍ਰਿਗ ਕੰਜ ਪ੍ਰਭਾ, ਤਨ ਕੰਦ੍ਰ ਪ੍ਰਭਾ ਰਤਿਸੀ ਘਰ ਦਾਰਾ। ਇਸਨਾਨ ਵਲੇਪਨ ਕੁੰਕਨ ਗੰਧ ਘਨੀ ਕਰ ਗੁੰਦਤ ਸੁੰਦਰਵਾਰਾ। ਨਰ ਕੋ ਇਹ ਸੁੰਦਰ ਸਾਚ ਕਰੇ, ਪਰ ਅੰਤ ਅਨੰਤ ਕਲੇਸ ਭੰਡਾਰਾ॥੨੭॥**

ਟੀਕਾ॥ਪਹਿਲੇ ਪੁਰਸ਼ ਕੀ ਸੋਭਾ ਕਹੇ ਹੈਂ। ਜਿਸ ਪੁਰਸ਼ ਕੇ ਸਿਰ ਪਰ



Scanned by CamScanner

ਸ੍ਰਰਣ ਮਯ ਰਤਨ ਜੜਤ ਮੁਕਟ ਪਾਇਆ ਹੁਆ ਹੈ। ਅਰ ਭੁਜਾਂ ਕੇ ਡੌਲਿਆਂ ਪਰ ਅੰਗਦ ਨਾਮ ਬਹੁਟੇ ਬਾਂਧੇ ਹੂਏ ਹੈਂ। ਅਰ ਕਾਨੋਂ ਮੇਂ ਮਕ੍ਰਾਕ੍ਰਿਤ ਕੁੰਡਲ ਪਾਏ ਹੂਏ ਹੈਂ। ਅਰ ਦੋਨੋਂ ਹਾਥੋਂ ਮੇਂ ਕੜੇ ਪਾਏ ਹੂਏ ਹੈਂ ਅਰ ਜਿਸ ਕੇ ਸਰੀਰ ਕੀ ਪ੍ਰਭਾ ਚੰਦ੍ਰਮਾ ਕੇ ਸਮਾਨ ਹੈ। ਫੇਰ ਸੁਚੇ ਮੋਤੀਆਂ ਕੀ ਮਾਲਾ ਗਲ ਮੇਂ ਪਾਈ ਹੂਈ ਹੈ॥੧॥ਅਰ ਜਿਸ ਕੇ ਮੁਖ ਕੀ ਸੋਭਾ ਪੂਰਨਮਾਸੀ ਕੇ ਚੰਦ੍ਰਮਾ ਸਮਾਨ ਹੈ। ਪ੍ਰਭਾ ਨਾਮ ਸੋਭਾ ਕਾ ਹੈ। ਅਰ ਨੇਤਰ ਜਿਸਕੇ ਕਵਲ ਕੀ ਪ੍ਰਭਾ ਕੇ ਸਮਾਨ ਖਿੜੇ ਹੂਏ ਹੈਂ ਅਰ ਜਿਸ ਕੇ ਤਨ ਕੀ ਸੋਭਾ ਕੰਦਰ ਨਾਮ ਕਾਮਦੇਵ ਕੇ ਸਮਾਨ ਸੁੰਦਰ ਹੈ। ਅਰ ਰਤੀ ਸਰੀਖੀ ਜਿਸ ਕੇ ਘਰ ਮੇਂ ਦਾਰਾ ਨਾਮ ਇਸਤ੍ਰੀ ਹੈ॥ਭਾਵ॥ਜੈਸੇ ਕਾਮ ਕੀ ਇਸਤ੍ਰੀ ਰਤੀ ਸੁੰਦਰ ਹੈ। ਉਸ ਰਤੀ ਕੇ ਸਮਾਨ ਜਿਸ ਘਰ ਮੇਂ ਸੁੰਦਰ ਇਸਤ੍ਰੀ ਹੈ॥੨॥ ਅਬ ਇਸਤ੍ਰੀ ਕੀ ਸੋਭਾ ਕਹੇ ਹੈਂ। ਜਲ ਮੇਂ ਸੁਗੰਧੀ ਡਾਲ ਕਰ ਜਿਸਨੇ ਇਸਨਾਨ ਕਰਕੇ ਚੰਦਨ ਕੇਸਰ ਕਾ ਵਲੇਪਨ ਕਰਾ ਹੂਆ ਹੈ। ਬਹੁਤ ਸੁਗੰਧੀ ਲਗਾ ਕਰ ਸਿਰ ਕੇ ਵਾਲ ਗੁੰਦਨ ਕਰੇ ਹੂਏ ਹੈਂ। ਅਰ ਦਿਬ ਬਸਤ੍ਰ ਭੂਖਨ ਪਹਿਰੇ ਹੂਏ ਹੈਂ॥੩॥ਮੂਲ॥ਨਰ ਕੋ ਇਹ ਸੁੰਦਰ ਸਾਚ ਕਰੇ। ਪੁਰਸ਼ ਕੋ ਨਿਸਚੇ ਕਰਕੇ ਯੇ ਸੁੰਦਰ ਤੋ ਕਰ ਦੇਤੀ ਹੈ॥ਭਾਵ॥ਪਰ ਜਬ ਐਸੀ ਸੁੰਦਰ ਇਸਤ੍ਰੀ ਹਾਰ ਸਿੰਗਾਰ ਲਗਾ ਕਰ ਬਾਹਿਰ ਜਾਵੇ। ਤਬ ਉਸਕੋ ਦੇਖਕੇ ਲੋਕ ਯੇ ਕਹੇ ਹੈ। ਧੰਨ ਵਹੁ ਪੁਰਸ਼ ਹੈ ਜਿਸ ਕੀ ਐਸੀ ਸੁੰਦਰ ਇਸਤ੍ਰੀ ਹੈ। ਐਸੀ ਸੋਭਾ ਤੋ ਦਿਵਾ ਦੇਵੇ ਹੈ। ਅਰ ਦਿਨ ਰਾਤਰ ਪੁਰਸ਼ ਕੋ ਸੁਖ ਭੀ ਦੇਵੇ ਹੈ। ਪਰੰਤੂ ਅੰਤ ਕਾਲ ਕੋ ਭਾਵ ਮਰਨ ਵੇਲੇ ਅਨੰਤ ਹੀ ਕਲੇਸ਼ੋ ਕਾ ਭੰਡਾਰਾ ਹੈ। ਸਾਸਤਰ ਮੇਂ ਲਿਖਾ ਹੈ। ਯੇ ਇਸਤ੍ਰੀ ਨਰਕ ਕਾ ਕੁੰਡ ਹੈ। ਜਿਸਨੇ ਨਰਕ ਕੀ ਅਗਨੀ ਮੇਂ ਸੜਨਾ ਹੋ ਸੋ ਇਸ ਸੇ ਪ੍ਰੀਤ ਕਰੋ। ਯਾਤੇ ਬਸਤਰ ਭੂਸਨ ਅਰ ਸੁੰਦਰ ਇਸਤ੍ਰੀ ਯੇ ਤੋ ਨਰਕ ਕੇ ਦਾਤਾ ਹੈਂ। ਇਨਾਂ ਭੂਸਨਾਂ ਕੇ ਪਹਿਰਨੇ ਸੇ ਪ੍ਰਲੋਕ ਮੇਂ ਸੋਭਾ ਨਹੀਂ ਹੋਵੈ ਹੈ। ਈਹਾਂ ਭਾਵੇਂ ਸੋਭਾ ਹੋ ਜਾਵੇ ਪਰ ਅੰਤ ਨੂੰ ਕਲੇਸ ਕੇ ਦਾਤਾ ਹੈ। ਯਾਂਤੇ ਯੇ ਭੂਸਨ ਠੀਕ ਨਹੀਂ ਹੈ॥੨੭॥ਸੰਕਾ॥ਉਭੈ ਲੋਕ ਮੇਂ ਸੁਖ ਦੇਨੇ ਵਾਲਾ ਭੂਸਨ ਕਵਨ



ਹੈ॥ਸਮਾਧਾਨ॥ਸੋ ਆਗੇ ਕਹੇ ਹੈ॥ਮੂਲ॥

**ਸ੍ਵੈਯਾ॥ ਸਭ ਭੂਖਣ ਮੈ ਯਹਿ ਭੂਖਣ ਹੈ ਸੁਭ ਵੇਦ ਮਈ ਇਕ ਬਾਣੀ ਉਦਾਰਾ। ਨਰ ਕੋ ਵਹੁ ਸੁੰਦਰ ਬੇਗ ਕਰੇ ਬਪੁ ਸਾਰ ਜਿਵੇ ਫਲ ਦੇਵਹਿ ਸਾਰਾ। ਚਤੁਰਾਨਨ ਚੌਦਸ ਭਵਨ ਰਚੇ ਪਰ ਨਾ ਵਿਦਿਆ ਸਮ ਤਾਹਿ ਮਝਾਰਾ। ਤਾਤੇ ਸਦੀਵ ਪਢੇ ਵਿਦਿਆ ਹਰਿ ਦਯਾਲ ਚਹੇ ਜੁ ਪਦਾਰਥ ਚਾਰਾ॥੨੮॥**

ਟੀਕਾ॥ਸਭ ਗਹਿਣਿਓਂ ਮੇਂ ਸ੍ਰੇਸਟ ਭੂਖਨ ਯੇ ਹੈ। ਜੋ ਬੇਦ ਕੇ ਸਾਥ ਬਾਨੀ ਮਿਲੀ ਹੂਈ ਹੈ। ਉਦਾਰਾ ਨਾਮ ਵੋਹੀ ਸ੍ਰੇਸਟ ਹੈ॥ਭਾਵ॥ਵੇਦ ਅਰ ਵੇਦੋਂ ਕੇ ਸੰਮਤ ਜੋ ਬਾਣੀ ਹੈ। ਇਸ ਭੂਸਨ ਕੋ ਜਿਸਨੇ ਧਾਰਨ ਕਰਾ ਹੈ। ਸੋਈ ਭੂਖਨ ਸ੍ਰੇਸਟ ਹੈ॥੧॥ਸੰਕਾ॥ਇਸ ਵੇਦਮਈ ਭੂਸਨ ਧਾਰਨੇ ਸੇ ਕੀ ਹੋਵੈ ਹੈ॥ਸਮਾਧਾਨ॥ਮੂਲ॥

**ਨਰ ਕੋ ਵਹੁ ਸੁੰਦਰ ਬੇਗ ਕਰੇ ਬਪੁ**

ਜਿਸ ਪੁਰਸ਼ ਨੇ ਇਸ ਵੇਦ ਮਈ ਭੂਸਨ ਕੋ ਧਾਰਨ ਕਰਾ ਹੈ। ਉਸ ਨਰ ਨਾਮ ਪੁਰਸ਼ ਕਾ ਬਪੁ ਨਾਮ ਸਰੀਰ ਵਹੁ ਕਹੀਏ ਵੇਦ ਮਈ ਭੂਸਨ ਸੁੰਦਰ ਛੇਤੀ ਹੀ ਕਰ ਦੇਵੇ ਹੈ। ਭਾਵ ਜੋ ਵੇਦ ਕੇ ਅਨੁਸਾਰ ਚਲੇਗਾ ਦੋਨੋਂ ਲੋਕਾਂ ਵਿਚ ਉਸ ਕਾ ਮੁਖ ਉਜਲਾ ਕਰ ਦੇਵੇ ਹੈ॥ਮੂਲ॥

**ਸਾਰ ਜਿਵੇ ਫਲ ਦੇਵਹਿ ਸਾਰਾ।**

ਜਿਵੇਂ ਜੈਸੇ ਸਾਰ ਨਾਮ ਸੁਰਸਤੀ ਕੇ ਅਰਾਧਨੇ ਸੇ ਜੈਸੇ ਵਹੁ ਸਾਰ ਫਲ ਦੇਵੇ ਹੈ। ਤੈਸੇ ਯੇ ਵੇਦ ਮਈ ਭੁਸਨ ਜੀਵ ਕੋ ਫਲ ਦੇਵੇ ਹੈ। ਅਥਵਾ। ਸੰਕਾ॥ ਐਸਾ ਵੇਦ ਮਈ ਭੁਸਨ ਕੈਸੇ ਮਿਲੇ ਹੈ॥ਸਮਾਧਾਨ॥ਮੂਲ॥

**ਸਾਰ ਜਿਵੇ ਫਲ ਦੇਵਹਿ ਸਾਰਾ।**

ਸਾਰ ਨਾਮ ਸ੍ਰੇਸਟ ਜੋ ਪ੍ਰਮਾਤਮਾ ਹੈ। ਵਾ ਸੁਰਸਤੀ ਜਿਸ ਪਰ ਪ੍ਰੰਸਨ



Scanned by CamScanner

ਹੋ ਤਿਸਕੋ ਯੇ ਵੇਦ ਮਈ ਰੂਪ ਭੂਖਨ ਸਾਰ ਫਲ ਪੂਰਨ ਦੇਵੇ ਹੈ। ਦੂਸਰੇ ਕੋ ਨਹੀਂ।੨। ਚਤੁਰਾਨਨ ਨਾਮ ਚਾਰ ਮੁਖ ਵਾਲੇ ਬ੍ਰਹਮਾ ਨੇ ਚੌਦਾਂ ਲੋਕ ਰਚੇ ਹੈ॥ ਸੰਕਾ॥ ਇਨਕੇ ਨਾਮ ਕਿਆ ਹੈਂ॥ ਸਮਾਧਾਨ॥ ਅਤਲ ੧ ਵਿਤਲ ੨ ਸੁਤਲ ੩ ਤਲਾਤਲ ੪ ਮਹਾਤਲ ੫ ਰਸਾਤਲ ੬ ਪਤਾਲ ੭ ਯੇ ਸਾਤ ਲੋਕ ਨੀਚੇ ਕੇ ਹੈਂ। ਊਪਰ ਕੇ ਸਾਤ ਲੋਕੋਂ ਕਾ ਨਾਮ ਸੁਨੋ। ਭੂਲੋਕ ੧ ਭਵਰਲੋਕ ੨ ਸੁਰਲੋਕ ੩ ਮਹਰਲੋਕ ੪ ਜਵਲੋਕ ੫ ਤਪਲੋਕ ੬ ਸਤਲੋਕ ੭। ਯੇ ਚੋਦਾਂ ਭਵਨੋਂ ਕੇ ਨਾਮ ਹੈਂ। ਪਰੰਤੂ ਵਿਦਿਆ ਕੇ ਸਮ ਕੋਈ ਨਹੀਂ ਰਚਾ॥ ਭਾਵ॥ ਏਹੁ ਹੈ ਇਨਾਂ ਚੌਦਾਂ ਲੋਕਾਂ ਮੇਂ ਵਿਦਿਆ ਕੇ ਸਮਾਨ ਔਰ ਉਤਮ ਪਦਾਰਥ ਕੋਈ ਨਹੀਂ ਹੈ। ਤਿਸੀ ਕਾਰਨ ਤੇ ਪੁਰਸ਼ ਕੋ ਯੇ ਚਾਹੀਏ ਸਦੀਵ ਕਾਲ ਵੇਦ ਪ੍ਰਣੀਤ ਵਿਦਿਆ ਕੋ ਹੀ ਪੜੇ ਔਰ ਦੂਸਰਾ ਕੋਈ ਕਾਮ ਨਾ ਕਰੇ।

**ਦੋਹਿਰਾ॥ ਤਬ ਲਗ ਵਿਦਿਆ ਕੋ ਪੜੈ ਜਬ ਲਗ ਘਟਿ ਮੈ ਪ੍ਰਾਨ। ਜਹਾਂ ਧਨੀ ਪਹੁੰਚੇ ਨਹੀ ਤਹਾਂ ਪਹੁੰਚੇ ਵਿਦਿਵਾਨ।**

ਸੰਕਾ॥ ਜਿਸਕੋ ਚਾਰ ਪਦਾਰਥ ਕੀ ਇਛਾ ਹੋ ਸੋ ਕਿਆ ਕਰੇ। ਸਮਾਧਾਨ॥ ਹਰਿ ਦਿਆਲ ਕਵੀ ਜੀ ਕਹੇ ਹੈ। ਜਿਸ ਪੁਰਸ਼ ਕੋ ਧਰਮ ਅਰਥ ਕਾਮ ਮੋਖ ਯੇ ਚਾਰ ਫਲ ਪਾਵਨੇ ਕੀ ਇਛਾ ਹੋ ਸੋ ਭੀ ਇਸੀ ਵਿਦਿਆ ਕੋ ਹੀ ਪੜੇ। ਇਸ ਵਿਦਿਆ ਸੇ ਹੀ ਯੇ ਚਾਰੋਂ ਫਲ ਪ੍ਰਾਪਤ ਹੋ ਜਾਵੇ ਹੈ ਇਸ ਮੇਂ ਰੰਚਕ ਸੰਸ਼ਾ ਨਹੀਂ ਹੈ। ਇਸ ਕਵੀ ਕਾ ਭਾਵ ਏਹੁ ਹੈ ਵੇਦ ਅਰ ਵੇਦ ਅਨੁਸਾਰ ਜੋ ਵਿਦਯਾ ਹੈ ਇਸ ਕਾ ਪਠਨ ਪਾਠਨ ਕਰੇ। ਅਨ ਕਾ ਨਹੀ ਅਬ ਤ੍ਰਿਤੀ ਧਿਆਇ ਸਮਾਪਤ ਹੋ ਗਿਆ ਹੈ। ਅਬ ਕਵੀ ਜੀ ਤ੍ਰਿਤੀ ਧਿਆਇ ਕੇ ਛੰਦੋਂ ਕੀ ਗਿਨਤੀ ਕਹੇ ਹੈ।

**ਦੋਹਿਰਾ॥ ਬਾਈ ਦੋਹੇ ਸੋਰਠਿ ਤ੍ਰੈ ਦੋਇ ਸ੍ਵੈਯੇ ਚੀਨ। ਇਕ ਸੰਕਰ ਅਠ ਬੀਸ ਬ੍ਰਿਤ ਚਿਤ ਬ੍ਰਿਤ ਕਰੇ ਮਹੀਨ॥**

ਟੀਕਾ॥ਇਸ ਧਿਆਇ ਮੇਂ ਬਾਈ ਦੋਹਰੇ ਹੈਂ। ਤ੍ਰੈ ਸੋਰਠੇ ਹੈਂ। ਦੋ ਸ੍ਵੈਯੇ



ਹੈਂ ਸ੍ਵੈਯੇ ਇਸ ਮੇਂ ਤੀਨ ਹੈਂ। ਪਰ ਅੰਤ ਕੇ ਦੋ ਸ੍ਵੈਯੋਂ ਕਾ ਆਸਾ ਏਕ ਹੋਨੇ ਸੇ ਵਹੁ ਏਕ ਸ੍ਵੈਯਾ ਜਾਨਨਾ। ਹੇ ਪੁਰਸ਼ੋ ਤੁਮ ਜਾਨੋ। ਏਕ ਸੰਕਰ ਛੰਦ ਹੈ। ਅਠ ਬੀਸ ਨਾਮ ਸਾਰੇ ਅਠਾਈ ਬ੍ਰਿਤ ਨਾਮ ਛੰਦ ਹੈ। ਫੇਰ ਅਠਾਈ ਛੰਦ ਯੇ ਕੈਸੇ ਹੈ। ਜੋ ਇਨ ਕੋ ਪੜ ਸੁਨਕੇ ਚਿਤ ਮੇਂ ਧਾਰਨ ਕਰੇਗਾ ਤਿਸ ਪੁਰਸ਼ ਕੀ ਬ੍ਰਿਤੀ ਕੋ ਕਰੇ ਮਹੀਨ ਕਹੀਏ ਬਰੀਕ ਯਾਨੇ ਸੂਖਮ ਕਰ ਦੇਵੇ ਹੈ॥੧॥

**ਇਤਿ ਸ੍ਰੀ ਸਾਰੁਕੁਤਾਵਲੀ ਤਾਸ ਤ੍ਰਿਤੀਯ ਅਧਿਆਇ। ਕੀਰਤਿ ਵਿਦਿਆ ਕੀ ਕਰੀ ਕਵਿ ਹਰਿ ਦਯਾਲ ਸੁਭਾਇ॥੩॥**

ਟੀਕਾ॥ ਸ੍ਰੀ ਨਾਮ ਸੁਭਾਇਮਾਨ ਸਾਰ ਨਾਮ ਸ੍ਰੇਸਟ ਉਕਤੀ ਜੁਗਤੀਓਂ ਕੀ ਜੋ ਹੋਵੇ ਪੰਗਤੀ ਸੋ ਕਹੀਏ ਸਾਰੁਕੁਤਾਵਲੀ ਤਿਸਕੇ ਤ੍ਰਿਤੀ ਧਿਆਇ ਮੇਂ ਕੀਰਤ ਨਾਮ ਜਸ ਵਿਦਿਆ ਕਾ ਨਿਰੂਪਨ ਕੀਤਾ ਹੈ। ਸ੍ਰੇਸਟ ਪ੍ਰੇਮ ਸੇ ਹਰਦਿਆਲ ਕਵੀ ਨੇ ਇਤੀ ਨਾਮ ਸੋ ਅਬ ਸਮਾਪਤ ਹੋ ਗਿਆ ਹੈ॥੩॥

**ਦੋਹਿਰਾ॥ ਜੁਵਾਲਾ ਦਾਸ ਕਰ ਜੋੜ ਕੈ ਕਹੇ ਸੁਨੋ ਇਕ ਬਾਤ। ਸੁਨ ਕਰ ਚਿਤ ਮੈ ਜੋ ਧਰੇ ਹੋਇ ਦੂਰ ਅਰਾਤ॥੧॥ਵੇਦ ਪ੍ਰਣੀਤ ਜੋ ਗ੍ਰੰਥ ਹੈ ਪੜੋ ਪ੍ਰੇਮ ਦੇ ਨਾਲ। ਅਰਥ ਵਿਚਾਰੋ ਚਿਤ ਮੈ ਦੂਰ ਹੋਇ ਭੈ ਕਾਲ॥੨॥੩॥**

**ਇਤੀ ਸ੍ਰੀ ਸਾਰੁਕੁਤਾਵਲੀ ਤਤ੍ਵ ਬੋਧਨੀ ਟੀਕਾ ਕ੍ਰਿਤ ਪਰਮ ਹੰਸ ਸੰਤ ਜੁਵਾਲਾ ਦਾਸ ਉਦਾਸੀਨ ਵਿਦਿਆ ਮਹਿਮਾ ਨਿਰੂਪਨੰ ਤ੍ਰਿਤੀਯ ਧਿਆਇ॥੩॥**

-o-



Scanned by CamScanner

ੴ ਸਤਿਗੁਰ ਪ੍ਰਸਾਦਿ ॥

# ਅਥ ਚਤੁਰਥ ਧਿਆਇ ਪ੍ਰਾਰੰਭ

ਉਥਾਨਕਾ ॥ ਜਬ ਇਹ ਪੁਰਸ਼ ਵਿਦਿਆ ਪੜ ਕੇ ਸਤਿ ਸਾਸਤਰ ਕਾ ਵਿਚਾਰ ਕਰੇ ਹੈਂ ਤਿਸਤੇ ਸਤਿ ਅਸਤਿ ਕਾ ਬੋਧ ਹੋਵੇ ਹੈ ਕਿ ਆਤਮਾ ਸਤਿ ਰੂਪ ਹੈ ਅਰ ਅਨਾਤਮਾ ਅਸਤਿ ਰੂਪ ਹੈ ਫੇਰ ਤਿਸ ਆਤਮਾ ਕੇ ਜਾਨਨੇ ਕੀ ਇਛਾ ਹੋਵੇ ਹੈ। ਪਿਛੇ ਦੁਤੀਯ ਧਿਆਇ ਮੇਂ ਜਿਨਾਂ ਗੁਰਾਂ ਕੀ ਕੀਰਤੀ ਕਹਿ ਆਏ ਹੈ। ਉਨਕੀ ਫੇਰ ਵਹੁ ਸਰਨ ਜਾਵੇ ਹੈ। ਅਗੋਂ ਗੁਰੂ ਅਧਿਕਾਰੀ ਦੇਖਕੇ ਜਿਨਾਂ ਸਾਧਨੋਂ ਸੇ ਗਿਆਨ ਕੀ ਪ੍ਰਾਪਤੀ ਹੋਵੇ ਹੈ ਸੋ ਉਪਦੇਸ਼ ਕਰ ਦੇਵੇ ਹੈ ॥ ਸੰਕਾ ॥ ਵਹੁ ਸਾਧਨ ਕੌਨ ਹੈ ॥ ਸਮਾਧਾਨ ॥

**ਦੋਹਿਰਾ ॥ ਕਹੇ ਚਤੁਰਥੇ ਗਜਾਨ ਹਿਤ ਉੱਤਮ ਆਠ ਸਲੋਕ। ਸੋਕ ਸੁਕਹਿ ਇਸ ਲੋਕ ਕੇ ਅੰਤਹਿ ਮੁਕਤਿ ਸਲੋਕ ॥**

ਟੀਕਾ ॥ ਅਬ ਚੌਥੇ ਧਿਆਇ ਮੇਂ ਕਵੀ ਹਰਿਦਿਆਲ ਜੀ ਉੱਤਮ ਗਯਾਨ ਕੀ ਪ੍ਰਾਪਤੀ ਕੇ ਹਿਤ ਜੋ ਸਾਧਨ ਹੈਂ। ਸੋ ਅਸਟ ਸਲੋਕਾਂ ਸੇ ਵਰਨਨ ਕਰੇਂਗੇ। ਕੈਸੇ ਵਹੁ ਅਸਟ ਸਲੋਕ ਹੈਂ ਜਿਨਕੇ ਪੜਨੇ ਸੁਨਨੇ ਕਰ ਭਾਵ ਸਰਵਨ ਮਨਨਿ ਕਰਨੇ ਸੇ ਇਸ ਲੋਕ ਮੇਂ ਜੋ ਸੋਕ ਨਾਮ ਦੁਖ ਹੈ ਸੁਕਹਿ ਨਾਮ ਸੋ ਨਾਸ ਕੋ ਪ੍ਰਾਪਤੀ ਹੋ ਜਾਵੇ ਹੈ। ਫੇਰ ਅੰਤ ਕੋ ਸਲੋਕ ਨਾਮ ਜੋ ਮੁਕਤੀ ਹੈ। ਤਿਸ ਕੋ ਪ੍ਰਾਪਤ ਕਰੇ ਹੈ ॥ ਸੰਕਾ ॥ ਮੁਕਤੀ ਕੈ ਪ੍ਰਕਾਰ ਕੀ ਹੈ ॥ ਸਮਾਧਾਨ ॥

ਮੁਕਤੀ ਚਾਰ ਪ੍ਰਕਾਰ ਕੀ ਹੈ। ਸਾਲੋਕ ੧ ਸਾਮੀਪ ੨ ਸਾਰੂਪ ੩ ਸਾਜੁਜ ੪ ਵਿਸ਼ਨੂੰ ਕੇ ਲੋਕ ਮੇਂ ਜਾਕੇ ਰਹਿਨਾ ਇਸਕਾ ਨਾਮ ਸਾਲੋਕ



ਮੁਕਤੀ ਹੈ। ਵਿਸ਼ਨੂੰ ਦੇ ਨੇੜੇ ਹੋ ਕੇ ਰਹਿਨਾ ਇਸ ਕਾ ਨਾਮ ਸਾਮੀਪ ਮੁਕਤੀ ਹੈ। ਜੈਸੇ ਸਾਮ ਰੂਪ ਵਿਸ਼ਨੂੰ ਕਾ ਹੈ ਤੈਸੇ ਹੀ ਉਸਕਾ ਹੋਨਾ। ਇਸਕਾ ਨਾਮ ਸਾਰੂਪ ਮੁਕਤੀ ਹੈ। ਲਛਮੀ ਭ੍ਰਿਗਲਤਾ ਉਤਪਤ ਪਾਲਨਾ ਸੰਘਾਰ ਇਨ ਤੇ ਭਿੰਨ ਵਿਸ਼ਨੂੰ ਕੇ ਸਮ ਹੀ ਭੋਗ ਪਦਾਰਥ ਪ੍ਰਾਪਤ ਹੋਨੇ ਇਸਕਾ ਨਾਮ ਸਾਜੁਜ ਮੁਕਤੀ ਹੈ। ਸੋ ਇਨਾਂ ਸਲੋਕਾਂ ਦੇ ਪੜਨੇ ਸੁਨਨੇ ਸੇ ਹੀ ਸਾਲੋਕ ਨਾਮ ਮੁਕਤੀ ਕੋ ਪ੍ਰਾਪਤ ਹੋਵੇ ਹੈ ਵਾ ਅੰਤ ਕੋ ਭਾਵ ਆਪਨੀ ਪ੍ਰਾਰਬਧ ਭੋਗ ਕਰ ਫੇਰ ਯੇ ਸਾਲੋਕ ਵਿਦੇਹ ਮੋਖ ਕੋ ਪ੍ਰਾਪਤ ਕਰ ਦੇਵੇ ਹੈਂ ਜਹਾਂ ਜਾਨੇ ਸੇ ਫੇਰ ਮੁੜ ਕਰ ਨਾ ਆਵੇ ਉਸਕਾ ਨਾਮ ਵਿਦੇਹ ਮੁਕਤੀ ਹੈ। ਜਿਨਾਂ ਸਾਧਨੋਂ ਸੇ ਉੱਤਮ ਗਿਆਨ ਕੀ ਪ੍ਰਾਪਤੀ ਹੋਵੇ ਹੈ ਸੋ ਅਬ ਕਹੇ ਹੈਂ ॥੧॥

ਮੂਲ ॥

**ਸ੍ਵੈਯਾ ॥ ਜਨ ਉੱਤਮ ਹੇਰ ਧਰਾ ਪਰ ਉੱਤਮ ਪਾਉ ਧਰੇ ਨਹਿ ਜੰਤ ਮਰੇ। ਅਤਿ ਵਾਕ ਪਵਿਤ੍ਰ ਯਥਾਰਥ ਸੁੰਦਰ ਸੋਧ ਰਿਦੇ ਸਭਹੂੰ ਕੋ ਰਰੇ। ਪੁਣਕੇ ਸੁਚ ਚੀਰ ਸੋ ਨੀਰ ਭਲੇ ਜਨ ਧੀਰ ਨਿਰੰਤਰ ਪਾਨ ਕਰੇ। ਬੁਧਿ ਸੋ ਲਖਿ ਕੈ ਸਤਿ ਵਸਤੁ ਧਰੇ ਪੁਰਖੋਤਮ ਲੱਖਣ ਏ ਉਚਰੇ ॥੨॥**

ਟੀਕਾ ॥ ਅਬ ਉੱਤਮ ਪੁਰਸ਼ੋਂ ਕੇ ਲਖਣ ਕਹੇ ਹੈਂ। ਮੂਲ। ਜਨ ਉੱਤਮ ਹੇਰਧਰਾ। ਜੋ ਉੱਤਮ ਪੁਰਸ਼ ਹੈਂ ਸੋ ਦੇਖ ਕਰ ਧਰਤੀ ਕੇ ਊਪਰ। ਮੂਲ। ਉੱਤਮ ਪਾਉਂ ਧਰੇ। ਆਪਨੇ ਉੱਤਮ ਚਰਨ ਰਖੇ ਹੈਂ। ਵਾ ਉੱਤਮ ਜਗਾ ਕੋ ਦੇਖ ਕਰ ਚਰਨ ਰਖੇ ਹੈਂ। ਮੂਲ। ਨਹਿਜੰਤ ਮਰੇ। ਜਿਸਸੇ ਆਪਨੇ ਪੈਰਾਂ ਹੇਠ ਆਕਰ ਕੋਈ ਜੀਵ ਜੰਤੂ ਨਾ ਮਰ ਜਾਵੇ। ਭਾਵ ਏਹੁ ਹੈ। ਅੰਧਿਓਂ ਕੀ ਤਰਾਂ ਨਾ ਟੁਰਿਆ ਜਾਵੇ। ਦੇਖ ਦੇਖਕੇ ਚਲੇ ਗੰਦਗੀ ਅਸਥੀਓਂ ਸੇ ਅਰ ਜੀਵੋਂ ਸੇ ਬਚਾਵੇ। ਕਾਹਿਤੇ। ਸ਼ਾਸਤ੍ਰ ਮੇਂ ਲਿਖਾ ਹੈ। ਅਸ਼ੁਧ ਵਸਤੂ ਕੇ ਸਪਰਸ ਸੇ ਪਾਪ ਕੀ ਉਤਪਤੀ ਹੋਵੇ ਹੈ। ਔਰ ਪੈਰਾਂ ਹੇਠ ਕੋਈ ਆਨਕੇ ਜੀਵ ਮਰ ਜਾਵੇ ਤਬ ਮਹਾਂ ਪਾਪ ਹੋਵੇ ਹੈ। ਜੀਵ ਹਿੰਸਾ ਕਰਨੇ ਜੈਸਾ ਔਰ



Scanned by CamScanner

ਪਾਪ ਕੋਈ ਨਹੀਂ ਹੈ। ਅਹਿੰਸਾ ਜੈਸਾ ਪਰਮ ਧਰਮ ਨਹੀਂ ਹੈ। ਜੋ ਊਤਮ ਪੁਰਖ ਹੈ। ਸੋ ਤੋ ਜੀਵ ਬਚਾਕੇ ਚਰਨ ਰਖੇ ਹੈਂ ਅਰ ਕਲਿਆਨ ਕੀ ਇਛਾ ਵਾਲੇ ਪੁਰਸ਼ ਕੋ ਭੀ ਇਸ ਪਾਪ ਸੇ ਬਚਨਾ ਚਾਹੀਏ॥੧॥ਮੂਲ॥ਅਤਿ ਵਾਕ ਪਵਿਤ੍ਰ ਯਥਾਰਥ ਸੁੰਦਰ ਸੋਧ ਰਿਦੇ ਸਭ ਹੂੰ ਕੋਰ੍ਰੇ। ਊਤਮ ਪੁਰਸ਼ ਬਾਨੀ ਐਸੇ ਬੋਲੇ ਜੋ ਅਤਿਯੰਤ ਵਾਕ ਪਵਿਤ੍ਰ ਹੋ ਅਰ ਯਥਾਰਥ ਹੋ ਫੇਰ ਸੁੰਦਰ ਹੋ ਰਿਦੇ ਮੇਂ ਸੋਧ ਕੇ ਸਭ ਕੇ ਪ੍ਰਤੀ ਉਚਾਰਨ ਕਰੇ ਵਾ ਕਰਤੇ ਹੈ। ਜਿਸ ਸੇ ਕਿਸੀ ਕਾ ਰਿਦਾ ਦੁਖੀ ਨਾ ਹੋਵੇ। ਐਸਾ ਵਚਨ ਕਰੇ ਜਿਸ ਕੋ ਸੁਨਕੇ ਸਭ ਕਾ ਚਿਤ ਪ੍ਰਸੰਨ ਹੋ। ਜਬ ਕਿਸੀ ਕੋ ਕੁਵਚਨ ਵਾ ਤਰਕ ਸੇ ਬੋਲੇਗਾ ਤਬ ਚਿਤ ਉਸ ਕਾ ਦੁਖੀ ਹੋਗਾ। ਯੇ ਭੀ ਏਕ ਹਿੰਸਾ ਹੈ। ਕਲਿਆਨ ਕੀ ਇਛਾ ਵਾਲਾ ਯੇ ਭੀ ਨਾ ਕਰੇ॥ ਸੰਕਾ॥ ਸਚਾ ਅਰ ਪ੍ਰੇ ਵਚਨ ਕੈਸੇ ਹੋਵੇ ਹੈ॥ ਸਮਾਧਾਨ॥ ਜੈਸੇ ਕੋਈ ਸੁਸੀਲ ਪੰਡਤ ਬ੍ਰਾਹਮਨ ਹੈ। ਉਸਕੋ ਦੇਖਕੇ ਕਹੇ। ਹੇ ਗੁਸਾਈਂ ਜੀ ਹੇ ਪੰਡਤ ਜੀ ਹੇ ਈਸ੍ਵਰ ਜੀ ਐਸੇ ਮਧੁਰ ਵਚਨ ਸੇ ਬੁਲਾਵੇ ਜਿਨ ਵਚਨਾਂ ਕੋ ਸੁਨ ਕੇ ਚਿਤ ਪ੍ਰਸੰਨ ਹੋ। ਦੁਖਾਨੇ ਵਾਲਾ ਵਚਨ ਕਿਸੀ ਕੋ ਭੀ ਨਾ ਕਹੇ। ੨। ਮੂਲ।

**ਪੁਨਕੇ ਸੁਚ ਚੀਰ ਸੋ ਨੀਰ ਭਲੇ।**

ਭਲੀ ਪ੍ਰਕਾਰ ਪਵਿਤ੍ਰ ਬਸਤ੍ਰ ਸੇ ਜਲ ਕੋ ਛਾਣ ਕੇ॥ਮੂਲ॥ਜਨ ਧੀਰ ਨਿਰੰਤਰ ਪਾਨ ਕਰੇ। ਧੀਰਜਵਾਨ ਪੁਰਸ਼ ਏਕ ਰਸ ਉਸ ਜਲ ਕੋ ਪਾਨ ਕਰੇ ਹੈ। ਭਾਵ ਏਹੁ ਹੈ। ਯਦੀ ਛਾਨੇ ਸੇ ਬਿਨਾ ਹੀ ਜਲ ਪਾਨ ਕਰਿਆ ਜਾਵੇ ਜੋ ਉਸ ਮੇਂ ਸੂਖਮ ਜੀਵ ਹੈ। ਸੋ ਭੀਤਰ ਜਾ ਕੇ ਮਰ ਜਾਵੇ ਹੈ। ਯੇ ਭੀ ਏਕ ਵਡਾ ਭਾਰੀ ਪਾਪ ਹੈ। ਇਸ ਲੀਏ ਊਤਮ ਪੁਰਸ਼ ਜਲ ਛਾਣ ਕੇ ਸਦਾ ਪਾਨ ਕਰੇ ਹੈ। ਅਰ ਜਿਸ ਸੇ ਕੋਈ ਜੀਵ ਹਿੰਸਾ ਨਾ ਹੋ। ਜੋ ਕਲਿਆਨ ਕੀ ਇਛਾ ਵਾਲਾ ਪੁਰਸ਼ ਹੈ। ਸੋ ਭੀ ਜਲ ਛਾਣ ਕੇ ਪੀਵੇ। ੩। ਮੂਲ। ਬੁਧਿ ਸੋ ਲਖਿਕੇ ਸਤ ਵਸਤ ਧਰੇ। ਜੋ ਉਤਮ ਪੁਰਸ਼ ਹੈ ਸੋ ਆਪਨੀ ਬੁਧੀ ਸੇ ਸਤਿ ਵਸਤੂ ਜਾਨ ਕੇ ਧਾਰਨ ਕਰੇ ਅਰ ਅਸਤਿ ਵਸਤੂ ਕਾ ਤਿਆਗ ਕਰੇ ਹੈ ਊਪਰ



ਸੇ ਦ੍ਰਿਸਟਾਂਤ।

**ਦੋਹਿਰਾ॥ ਜੜ ਚੇਤਨ ਗੁਣ ਦੋਸ ਮਯ ਵਿਸ੍ਵ ਕੀਨ ਕਰਤਾਰ। ਸੰਤ ਹੰਸ ਗੁਣ ਗਹਹਿ ਪਯ ਪਰਿ ਹਰਿ ਬਾਰ ਵਿਕਾਰ॥**

ਅਰਥ ਯੇ ਹੈਂ॥ ਜੈਸੇ ਹੰਸ ਜਲ ਦੂਧ ਮਿਲੇ ਹੂਏ ਕੋ ਜਲ ਦੂਧ ਕੋ ਭਿੰਨ ਕਰਕੇ ਦੂਧ ਕੋ ਗ੍ਰਹਿਨ ਕਰ ਲੇਵੇ ਹੈ। ਅਰ ਜਲ ਕਾ ਤਿਆਗ ਕਰ ਦੇਵੇ ਹੈ। ਦ੍ਰਿਸਟਾਂਤ ਤੈਸੇ ਊਤਮ ਪੁਰਸ਼ ਆਪਨੀ ਬੁਧੀ ਸੇ ਜੜ ਚੇਤਨ ਗੁਣ ਦੋਸ ਰੂਪ ਜੋ ਸੰਸਾਰ ਪ੍ਰਮਾਤਮਾ ਨੇ ਰਚਾ ਹੂਆ ਹੈ। ਆਤਮ ਅਨਾਤਮਾ ਮਿਲੇ ਹੂਏ ਕੋ ਵਿਵੇਚਨ ਸੇ ਭਿੰਨ ਕਰਕੇ ਗੁਨ ਰੂਪੀ ਆਤਮਾ ਕੋ ਗ੍ਰਹਿਨ ਕਰ ਲੇਵੇ ਹੈ। ਅਰ ਵਿਕਾਰ ਰੂਪੀ ਅਨਾਤਮਾ ਕਾ ਤਿਆਗ ਕਰ ਦੇਵੇ ਹੈ। ਤਦਵਤਿ ਕਲਿਆਨ ਕ੍ਰਿਤ ਪੁਰਸ਼ ਕੋ ਕਰਨਾ ਚਾਹੀਏ। ਮੂਲ॥

**ਪੁਰਖੋਤਮ ਲਖਣ ਏਹ ਉਚਰੇ।**

ਜੋ ਪੁਰਸ਼ਾਂ ਮੇਂ ਉਤਮ ਪੁਰਸ਼ ਹੈ। ਯੇ ਲਖਣ ਉਨ ਕੇ ਸਾਸਤ੍ਰ ਨੇ ਉਚਾਰਨ ਕਰੇ ਹੈਂ। ਅਨ ਕੇ ਨਹੀਂ। ਇਨ ਸੇ ਜੋ ਵਿਪ੍ਰੀਤ ਹੋਵੇ ਸੋ ਪੁਰਸ਼ ਦੁਸਟ ਹੈ। ਏਹੀ ਊਤਮ ਲਖਣ ਜਗਜਾਸੂ ਕੋ ਚਾਹੀਏ। ਭਾਵ ਧਾਰਨ ਕਰੇ। ੨॥ ਸੰਕਾ॥ ਸਰੀਰ ਕੀ ਔ ਬਸਤ੍ਰ ਕੀ ਸੁਧੀ ਕਿਸ ਸੇ ਹੋਵੇ ਹੈ॥ ਸਮਾਧਾਨ॥ ਮੂਲ॥

**ਦੋਹਿਰਾ॥ਤਨ ਪਟ ਜਲ ਕਰ ਸੁਧ ਹੈ ਬੁਧ ਵਿਦਾਂਤ ਵਿਚਾਰ। ਜੀਵ ਅਹਿੰਸਾ ਗੋ ਭਗਤ ਮਨ ਨਿਰਵੇਦਹਿ ਧਾਰ। ੩।**

ਟੀਕਾ॥ ਸਰੀਰ ਕੀ ਅਰ ਬਸਤ੍ਰ ਕੀ ਪਵਿਤ੍ਰਤਾ ਜਲ ਕਰਕੇ ਹੋਵੇ ਹੈ। ਇਸ ਕਾ ਭਾਵ ਯੇਹ ਹੈ। ਸਾਸਤ੍ਰਕਾਰੋਂ ਨੇ ਸਰੀਰ ਕੀ ਸੁਧੀ ਬਾਹਿਯ ਜਲ ਮ੍ਰਿਤਕਾ ਸੇ ਮਾਨੀ ਹੈ। ਰਾਗ ਦ੍ਵੈਖ ਸੇ ਰਹਿਤ ਹੋਨਾ ਇਸ ਸੇ



Scanned by CamScanner

ਅਭਿਅੰਤਰ ਕੀ ਸੁਧੀ ਮਾਨੀ ਹੈ। ਜਲ ਅਰ ਸਾਬਨ ਸੇ ਬਸਤ੍ਰ ਕੀ ਸੁਧੀ ਮਾਨੀ ਹੈ ਪ੍ਰਕਰਣ ਕੇ ਆਨੇ ਸੇ ਕੁਛ ਔਰ ਪਦਾਰਥੋਂ ਕੀ ਸੁਧੀ ਭੀ ਦਿਖਾਤੇ ਹੈਂ। ਊਨੀ ਅਰ ਰੇਸਮੀ ਬਸਤ੍ਰ ਪਵਨ ਸੇ ਹੀ ਸੁਧ ਹੋ ਜਾਵੇ ਹੈ। ਪਿਤਲ ਕਾਂਸੀ ਕਾ ਬਰਤਨ ਮਾਂਜਨੇ ਸੇ ਸੁਧ ਹੋਵੇ ਹੈ। ਚਾਂਦੀ ਕਾ ਬਰਤਨ ਜਲ ਕੇ ਧੋਨੇ ਕਰ ਸੁਧ ਜਾਵੇ ਹੈ। ਸ੍ਵਰਨਿ ਕਾ ਪਾਤ੍ਰ ਵਾਯੂ ਸੇ ਹੀ ਸੁਧ ਹੋ ਜਾਵੇ ਹੈ। ਕਾਠ ਕਾ ਪਾਤਰ ਸੁਧ ਹੋਵੇ ਨਹੀਂ ਇਤਿਆਦੀ ਸੁਧੀ ਧਰਮ ਸਾਸਤ੍ਰ ਨੇ ਕਹੀ ਹੈ। ਇਸ ਸਰੀਰ ਅਰ ਬਸਤ੍ਰ ਕੀ ਸੁਧੀ ਜਲ ਸੇ ਮਾਨੀ ਹੈ। ਇਸ ਮੇਂ ਗੁਰੂ ਪ੍ਰਮਾਨ॥

**ਭਰੀਐ ਹਥੁ ਪੈਰੁ ਤਨੁ ਦੇਹ॥ਪਾਣੀ ਧੋਤੈ ਉਤਰਸੁ ਖੇਹ॥**

ਤਨ ਕਾ ਅਰਥ ਨਾਲ॥ਹਥ ਪੈਰ ਦੇਹ ਖੇਹ ਨਾਲ ਭਰੀ ਜਾਇ ਜਲ ਸੇ ਧੋਨੇ ਕਰ ਘਟਾ ਉਤਰ ਜਾਵੇ ਹੈ॥

**ਮੂਤ ਪਲੀਤੀ ਕਪੜੁ ਹੋਇ॥ਦੇ ਸਾਬੂਣੁ ਲਈਐ ਓਹੁ ਧੋਇ॥**

ਮੋਖ ਕੀ ਇਛਾਵਾਨ ਪੁਰਸ਼ ਆਪਨੇ ਸਰੀਰ ਕੋ ਤਥਾ ਆਪਨੇ ਬਸਤਰਾਂ ਕੋ ਜਲ ਸੇ ਸੁਧ ਰਖੇ॥ ਕਾਹਿਤੇ॥

**ਸੁਚਿ ਹੋਵੈ ਤਾ ਸਚੁ ਪਾਈਐ॥**

ਪਵਿਤ੍ਰਤਾ ਸੇ ਸਚੇ ਪ੍ਰਮਾਤਮਾ ਕੀ ਪ੍ਰਾਪਤੀ ਹੋਵੇ ਹੈ॥ ਸੰਕਾ॥ ਬੁਧੀ ਕਿਸ ਸੇ ਪਵਿਤਰ ਹੋਵੇ ਹੈ। ਸਮਾਧਾਨ॥ ਮੂਲ॥

**ਬੁਧਿ ਬਿਦਾਂਤ ਵਿਚਾਰ**

ਇਸ ਜੀਵ ਕੀ ਬੁਧੀ ਵੇਦਾਂਤ ਸਾਸਤਰ ਕੇ ਵਿਚਾਰ ਕਰਨੇ ਸੇ ਸੁਧ ਹੋਵੇ ਹੈ॥ ਜਹਾਂ ਭੇਦ ਕਾ ਖੰਡਨ ਅਰ ਅਭੇਦ ਕਾ ਮੰਡਨ ਹੋ ਸੋ ਵੇਦਾਂਤ ਸਾਸਤਰ ਕਹਾ ਜਾਤਾ ਹੈ॥ਸੰਕਾ॥ਸੋ ਵੇਦਾਂਤ ਸਾਸਤਰ ਕੀ ਪ੍ਰਕ੍ਰਿਯਾ ਕੈਸੇ ਹੈ॥ਸਮਾਧਾਨ॥ਸਾਰੀ ਵੇਦਾਂਤ ਸਾਸਤਰ ਕੀ ਪ੍ਰਕ੍ਰਿਯਾ ਹਮ ਪਾਂਚ ਸ੍ਵੈਯੋਂ ਸੇ



ਤੇਰੇ ਕੋ ਸੁਣਾਤੇ ਹੈਂ ਤੂੰ ਧਿਆਨ ਦੇ ਕਰ ਸੁਨ॥

**ਸ੍ਵੈਯਾ॥ਹੇ ਸਿਸ ਵੇਦ ਅਧੈਨ ਕਰੋ ਨਿਤ ਤਾਂ ਅਨੁਸਾਰ ਕਰੋ ਕਰਮਾਂ। ਨਿਸਕਾਮ ਕਰੋ ਤਜ ਕਾਮਨ ਕੋ ਹਰਿ ਪੂਜਨ ਹੇਤ ਏਹੀ ਧਰਮਾਂ। ਪਾਪ ਸਮੂਹ ਕੇ ਧੋਵਨ ਕੋ ਸੋ ਭਲੋ ਜਲ ਹੈ ਨ ਕਛੂ ਭਰਮਾਂ। ਨਿਜਿ ਆਤਮ ਜਾਨਣ ਕੀ ਇਛਿਆ ਤਬ ਤਿਆਗ ਕਰੋ ਨ ਰਹੋ ਘਰ ਮਾਂ॥੧॥**

ਹੇ ਸਿਸ ਜੇ ਕਹੋ ਜਾਈਐ ਕਹਾਂ ਪੁਰਸ਼ਨ ਕੀ ਸਰਨਾਗਤਿ ਜੀਜੈ। ਆਪ ਤਿਆਗ ਰਹੋ ਪਰਣੈ ਜੋਈ ਬੋਲਤ ਵਾਹਿ ਸੁਧਾ ਰਸ ਪੀਜੈ। ਭਗਵਾਨ ਕੀ ਭਗਤ ਕਰੋ ਦ੍ਰਿੜਕੈ ਸਮ ਦਮ ਤੇ ਆਦਿਕ ਸਾਧਨ ਕੀਜੈ। ਤਬ ਚਿਤ ਇਕਾਗਰ ਹੋਇ ਭਲੋ ਤਬ ਕਰ ਮਨ ਕੋ ਸੰਨਿਆਸ ਕਰੀਜੈ॥੨॥

ਇਕ ਅਛਰ ਬ੍ਰਹਮ ਜੋ ਵੇਦ ਕਹੇ ਮਹਾਵਾਕ ਸੋਊ ਨਿਸਚੇ ਕਰ ਧਾਰੋ। ਤਾਹੀ ਕੋ ਧਾਰ ਰਹੋ ਉਰ ਮੈ ਉਪਨਿਖਦਾ ਕੇ ਪਖ ਸੋ ਅਰਥ ਵਿਚਾਰੋ। ਖੋਟੀਆਂ ਤਰਕਾਂ ਕੋ ਦੂਰ ਕਰੋ ਪੁਨ ਸਿਮ੍ਰਤ ਸੂਤ ਹਿਰਦੈ ਅਵਧਾਰੋ। ਸੋਹੰ ਬ੍ਰਹਮ ਨਿਧੜਕ ਕਹੋ ਦਿਨ ਦਿਨ ਪ੍ਰਤੀ ਤਿਸ ਗਰਬ ਨਿਵਾਰੋ॥੩॥

ਖੁਧਿਆ ਕਾ ਰੋਗ ਲਗੈ ਜਬ ਹੀ ਤਬ ਭਿਖਿਆ ਕਾ ਭੋਜਨ ਔਖਧਿ ਖਾਵੋ। ਸ੍ਵਾਦ ਕੋ ਜਤਨ ਕਰੋ ਨ ਕਛੂ ਜੋਈ ਪ੍ਰਾਪਤ ਹੋਇ ਸੰਤੁਸਟ ਰਹਾਵੋ। ਜਗ ਮਾਹਿ ਉਦਾਸ ਰਹੋ ਸਦ ਹੀ ਮਨ ਮਾਹਿ ਦਯਾ ਨ ਕਠੋਰਤਾ ਲਿਆਵੋ। ਸੁਖ ਦੁਖ ਸਹਾਰ ਰਹੋ ਤਨ ਪੈ ਮੁਖ ਮੇਂ ਨਾ ਬਿਰਥਾ ਕੁਛ ਵਾਕ ਅਲਾਵੋ॥੪॥

ਪੂਰਬ ਸੁਖ ਇਕਾਂਤ ਗਹੋ ਪਰਮਾਤਮ ਮਾਹਿ ਭਲੇ ਚਿਤ ਜੋੜੋ। ਪੂਰਨ ਆਤਮ ਦੇਖ ਛਕੋ ਜਗ ਊਰਣ ਓਰ ਵਲੋਂ ਮੁਖ ਮੋੜੋ। ਆਪਸ ਕੋ ਬੁਧੀਵਾਨ ਸੋ ਜਾਨ ਕੇ ਔਰਹੂੰ ਕਾਹੂ ਕਾ ਚਿਤ ਨ ਤੋੜੋ। ਪ੍ਰਾਰਬਧ ਪਰਜੰਤ ਰਹੋ ਜਗ ਮੇਂ ਬ੍ਰਹਮ ਇਸਥਿਤ ਹੋਕਰ ਠੀਕਰਾ ਫੋੜੋ॥੫॥



Scanned by CamScanner

**ਦੋਹਿਰਾ ॥ ਏ ਸਲੋਕ ਜੋ ਪਾਂਚ ਹੈਂ ਨਿਸ ਦਿਨ ਕਰੋ ਵਿਚਾਰ। ਛੂਟੇ ਤੀਨੋਂ ਤਾਪ ਤੇ ਪਾਵੇ ਆਤਮ ਸਾਰ ॥੫ ॥੬ ॥**

ਨਿਤਾਪ੍ਰਤੀ ਐਸੇ ਵਿਦਾਂਤ ਸਾਸਤਰ ਵਿਚਾਰ ਕੇ ਜਗਿਯਾਸੂ ਆਪਨੀ ਬੁਧੀ ਸੁਧ ਕਰੇ ॥ਸੰਕਾ ॥ਜੀਵ ਕਿਸ ਸੇ ਸੁਧ ਹੋਵੇ ਹੈ ॥ਸਮਾਧਾਨ ॥ ਮੂਲ ॥ ਜੀਵ ਅਹਿੰਸਾ ਮਨ ਬਾਨੀ ਸਰੀਰ ਸੇ ਜੋ ਹਿੰਸਾ ਨਾ ਕਰੇ ਸੋ ਕਹੀਏ ਅਹਿੰਸਾ। ਐਸੀ ਅਹਿੰਸਾ ਰੂਪੀ ਧਰਮ ਧਾਰਨੇ ਸੇ ਜੀਵ ਕੀ ਸੁਧੀ ਹੋਵੇ ਹੈ। ਕਾਹਿਤੇ। ਅਹਿੰਸਾ ਹੀ ਪਰਮ ਧਰਮ ਹੈ ਇਸ ਮੇਂ ਗੁਰੂ ਪ੍ਰਮਾਨ ॥

**ਜੀਅ ਦਇਆ ਪਰਵਾਨ ॥**

ਹੇ ਸਜਨੋ ਪ੍ਰਮਾਤਮਾ ਕੀ ਸਭਾ ਮੇਂ ਜੀਵਾਂ ਪਰ ਦਯਾ ਕਰਨੀ ਪਰਵਾਨ ਹੈ ॥

ਚੌਪਈ ॥ ਜੀਵ ਹਿੰਸਾ ਤੁਮ ਦਿਲ ਸੇ ਛੋੜੋ। ਪ੍ਰਮਾਤਮਾ ਮਾਹਿ ਭਲੇ ਚਿਤ ਜੋੜੋ। ਮਾਨੁਖ ਜਨਮ ਸਫਲ ਤਬ ਹੋਇ। ਨਹੀਂ ਤੋ ਨਰਕ ਪੜੋਗੇ ਸੋਇ ॥

**ਦੋਹਿਰਾ ॥ ਦਯਾ ਧਰਮ ਕਾ ਮੂਲ ਹੈ ਪਾਪ ਨਰਕ ਅਭਿਮਾਨ। ਤੁਲਸੀ ਦਯਾ ਨ ਛੋੜੀਐ ਜਬ ਲਗ ਘਟ ਮੈ ਪ੍ਰਾਨ ॥੧ ॥**

ਪਾਪ ਕਰਮ ਮੇਂ ਪ੍ਰੀਤ ਹੈ ਹਿੰਸਾ ਕਰੋ ਦਿਨ ਰਾਤ। ਜੁਵਾਲਾ ਦਾਸ ਅਕਾਰਥਾ ਜਨਮ ਅਮੋਲਕ ਜਾਤ। ਇਸ ਅੰਹਿਸਾ ਕਾ ਸਰੂਪ ਹਮ ਪ੍ਰਿਥਮ ਧਿਆਓ ਮੇਂ ਨਿਰੂਪਨ ਕਰ ਆਏ ਹੈਂ। ਇਸ ਲੀਏ ਇਸ ਜਗਾਂ ਅਹਿੰਸਾ ਕਾ ਸਰੂਪ ਨਹੀਂ ਕਹਾ। ਇਸ ਅਹਿੰਸਾ ਰੂਪੀ ਧਰਮ ਕੋ ਧਾਰ ਕੇ ਜਗਯਾਸੂ ਆਪਨੇ ਜੀਵਾਤਮਾ ਕੋ ਸੁਧ ਕਰੇ ॥ਸੰਕਾ ॥ਇਨਾਂ ਇੰਦ੍ਰੀਆਂ ਕੀ ਸੁਧੀ ਕੈਸੇ ਹੋਵੈ ਹੈ ॥ਸਮਾਧਾਨ ॥ਮੂਲ ॥ਗੋ ਭਗਤਿ। ਈਸ਼੍ਵਰ ਅੰਤਰਜਾਮੀ ਪ੍ਰਮਾਤਮਾ ਕੀ ਭਗਤੀ ਕਰਨੇ ਸੇ ਏ ਇੰਦ੍ਰੀਆਂ ਪਵਿਤ੍ਰ ਹੋਵੈ ਹੈ ॥ ਸੰਕਾ ॥ ਇਨਾਂ



ਇੰਦਰੀਆਂ ਸੇ ਭਗਤੀ ਕੈਸੇ ਕਰੇ ॥ ਸਮਾਧਾਨ ॥ ਇਸ ਮੇਂ ਪ੍ਰਮਾਨ।

**ਸਲੋਕ ॥ਹਸ੍ਤੌ ਪਵਿਤ੍ਰੌ ਯਦੀ ਦਾਨ ਪੁਨਯੰ ਪਾਦੌ ਪਵਿਤ੍ਰੌ ਯਦੀ ਤੀਰਥ ਯਾਤਰਾ। ਵਾਕਜੰ ਪਵਿਤ੍ਰੰ ਯਦੀ ਰਾਮ ਨਾਮੰ ਹਿਰ ਦਯੰ ਪਵਿਤ੍ਰੰ ਯਦੀ ਬ੍ਰਹਮ ਨਿਸ੍ਰਾ।**

ਅਰਥ ਯੇ ਹੈ ॥ ਜੇਕਰ ਇਨ ਹਾਥੋਂ ਸੇ ਈਸ਼੍ਵਰ ਨਮਿਤ ਕੁਛ ਪੁੰਨ ਦਾਨ ਕਰੇ ਤਬ ਤੌ ਹਾਥ ਪਵਿਤ੍ਰ ਹੈ। ਜੇਕਰ ਇਨਾਂ ਚਰਨਾਂ ਸੇ ਚਲ ਕਰ ਤੀਰਥ ਜਾਤ੍ਰਾ ਕਰੇ ਤਬ ਤੋ ਚਰਨ ਪਵਿਤ੍ਰ ਹੈ। ਜੇਕਰ ਬਾਣੀ ਸੇ ਰਾਮ ਨਾਮ ਮੰਤ੍ਰ ਕਾ ਜਾਪ ਕਰੇ ਤਬ ਤੌ ਬਾਨੀ ਪਵਿਤ੍ਰ ਹੈ। ਜੇਕਰ ਹਿਰਦੇ ਮੇਂ ਬ੍ਰਹਮ ਨਿਸਟਾ ਹੋ ਤਬ ਤੌ ਹਿਰਦਾ ਪਵਿਤ੍ਰ ਹੋਵੈ ਹੈ। ਐਸੇ ਹੀ ਜਬ ਸਭ ਇੰਦਰੀਆਂ ਈਸ੍ਵਰ ਕੀ ਭਗਤੀ ਕਰੇ ਤਬ ਯੇ ਇੰਦ੍ਰੀਆਂ ਪਵਿਤ੍ਰ ਹੋਵੈ ਹੈਂ। ਏਹੀ ਬਾਰਤਾ ਬਾਲ ਕਾਂਡ ਮੇਂ ਸ੍ਰੀ ਮਹਾਂਦੇਵ ਜੀ ਪਾਰਬਤੀ ਕੋ ਕਹੇ ਹੈਂ।

**ਚੌਪਈ ॥ਜਿਨ ਹਰਿ ਕਥਾ ਸੁਨੀ ਨਹਿ ਕਾਨਾ। ਸ੍ਰਵਣ ਰੰਧ੍ਰ ਅਹਿ ਭਵਨ ਸਮਾਨਾ। ਨਯਨਨ ਸੰਤ ਦਰਸ ਨਹਿ ਦੇਖਾ। ਲੋਚਨ ਮੋਰ ਪੰਖ ਕੇ ਲੇਖਾ। ਤੇ ਸਿਰ ਕਟੁ ਤੂਮਰਿ ਸਮ ਤੂਲਾ। ਜੇ ਨ ਨਮਤ ਹਰਿ ਗੁਰ ਪਦ ਮੂਲਾ। ਜਿਨ ਹਰਿ ਭਕਤਿ ਹਿਰਦੈ ਨਹਿ ਆਨੀ। ਜੀਵਤ ਸ਼ਵ ਸਮਾਨ ਤੇ ਪ੍ਰਾਨੀ। ਜੇ ਨਹਿ ਕਰਹਿ ਰਾਮ ਗੁਣ ਗਾਨਾ। ਜੀਹ ਸੁ ਦਾਦਰ ਜੀਹ ਸਮਾਨਾ। ਕੁਲਿਸ ਕਠੌਰ ਨਿਠੁਰ ਸੋਇ ਛਾਤੀ। ਸੁਨਿ ਹਰਿ ਚਰਤ ਨ ਜੋ ਹਰ ਖਾਤੀ। ਗਿਰਜਾ ਸੁਨਹੁ ਰਾਮ ਕਰ ਲੀਲਾ ॥ਸੁਰਹਿ ਤਦਨੁ ਜਵਿ ਮੋਹਨ ਸੀਲਾ ॥**

ਅਰਥ ਯੇ ਹੈ ॥ ਜਿਨੋ ਨੇ ਕਾਨੋਂ ਸੇ ਭਗਵਾਨ ਕੀ ਕਥਾ ਨਹੀਂ ਸੁਨੀ ਉਨਕੇ ਕਾਨ ਸਰਪੋਂ ਕੇ ਭਵਨੋਂ ਸਮਾਨ ਹੈਂ। ਜਿਨ ਨੇਤ੍ਰੋਂ ਨੇ ਸੰਤੋਂ ਕਾ ਦਰਸਨ ਨਹੀਂ ਕੀਯਾ। ਵੇ ਆਂਖੈ ਮੋਰ ਪੰਖ ਕੇ ਸਮਾਨ ਹੈਂ। ਵੇ ਸਿਰ ਕੌੜੀ



Scanned by CamScanner

ਤੂੰਬੀ ਕੇ ਸਮਾਨ ਹੈ। ਜੋ ਭਗਵਾਨ ਔਰ ਗੁਰੂ ਕੇ ਚਰਨੋਂ ਮੇਂ ਨਹੀਂ ਝੁਕਤੇ। ਜਿਨੋਂ ਨੇ ਮਨ ਮੇਂ ਈਸ਼੍ਵਰ ਕੀ ਭਗਤੀ ਨਹੀਂ ਧਾਰਨ ਕੀ ਵੇ ਪ੍ਰਾਨੀ ਜੀਤੇ ਹੂਏ ਮੁਰਦੇ ਕੇ ਸਮਾਨ ਹੈਂ। ਜਿਨੋਂ ਨੇ ਰਾਮ ਕੇ ਗੁਨ ਨਹੀਂ ਗਾਏ ਉਨਕੀ ਜੀਭ ਮੇਂਡਕੋਂ ਕੀ ਜੀਭ ਕੇ ਸਮਾਨ ਹੈ। ਵੋ ਛਾਤੀ ਬਜਰ ਕੇ ਸਮਾਨ ਕਠੋਰ ਔਰ ਨਿਠੁਰ ਹੈ। ਜੋ ਭਗਵਾਨ ਕੇ ਚਰਿਤ੍ਰ ਸੁਨ ਕਰ ਪ੍ਰਸੰਨ ਨਹੀਂ ਹੋਤੇ ਹੈ। ਹੇ ਪਾਰਬਤੀ ਰਾਮ ਜੀ ਕੀ ਲੀਲਾ ਸੁਨੋਂ ਜੋ ਦੇਵਤਾਂਓਂ ਕੀ ਹਿਤਕਾਰਕ ਹੈ ਅਰ ਦੈਂਤੋ ਕੇ ਮੋਹਨੇ ਵਾਲੀ ਹੈ। ਐਸੇ ਸਭ ਇੰਦ੍ਰੀਆਂ ਕੋ ਈਸ਼੍ਵਰ ਕੀ ਭਗਤੀ ਸੇ ਜਗਿਯਾਸੂ ਪਵਿਤ੍ਰ ਕਰੇ॥ ਸੰਕਾ॥ ਮਨ ਕੀ ਸੁਧੀ ਕੈਸੇ ਹੋਵੇ ਹੈ॥ਸਮਾਧਾਨ॥ਮੂਲ॥

**ਮਨ ਨਿਰਵੇਦਹਿ ਧਾਰ॥**

ਮਨ ਕੀ ਸੁਧੀ ਵੈਰਾਗ ਕੇ ਧਾਰਨੇ ਸੇ ਹੋਵੈ ਹੈ॥ ਸੰਕਾ॥ ਇਸ ਵੈਰਾਗ ਕਾ ਕਾਰਨ ਕੌਣ ਹੈ॥ਸਮਾਧਾਨ॥ਧਨ ਪੁਤ੍ਰ ਇਸਤਰੀ ਵਿਖੇ ਭੋਗ ਆਦਿਕੂੰ ਵਿਖੇ ਵਾਰੰਵਾਰ ਦੋਸ਼ ਦਰਿਸਟੀ ਕਰਨੀ॥ ਸੰਕਾ॥ ਵੈਰਾਗ ਕਾ ਸਰੂਪ ਕਿਆ ਹੈ॥ਸਮਾਧਾਨ॥ਕਾਮਨਾ ਕਾ ਤਿਆਗ ਕਰਨਾ॥ ਸੰਕਾ॥ ਵੈਰਾਗ ਕਾ ਫਲ ਕੌਨ ਹੈ॥ ਸਮਾਧਾਨ॥ ਵਿਖੇ ਭੋਗ ਆਦਿਕੋਂ ਕੇ ਨਮਿਤ ਕਿਸੀ ਦਾ ਦੀਨ ਨਾ ਹੋਵਨਾ॥ ਸੰਕਾ॥ ਵੈਰਾਗ ਕੀ ਅਵਧੀ ਕਵਨ ਹੈ॥ ਸਮਾਧਾਨ॥ਪਰਾਪਤ ਹੂਆ ਬ੍ਰਹਮ ਲੋਕ ਪਰਜੰਤ ਰਾਜ ਕੋ ਭੀ ਕਾਕ ਵਿਸ਼੍ਰਾ ਕੀ ਨਿਆਈਂ ਜਾਨ ਕਰ ਤਿਆਗ ਦੇਣਾ। ਸੰਕਾ। ਵੈਰਾਗ ਕਿਤਨੇ ਪ੍ਰਕਾਰ ਹੈ॥ਸਮਾਧਾਨ॥ ਵੈਰਾਗ ਤੀਨ ਪ੍ਰਕਾਰ ਹੈ। ਮੰਦ। ਤੀਬਰ। ਤੀਬਰ ਤਰ। ਮੰਦ ਯਹਿ ਹੈ ਜੋ ਧਨ ਪੁੱਤਰ ਇਸਤਰੀ ਆਦਿਕ ਕੇ ਨਾਸ ਹੂਏ ਚਿਤ ਮੇਂ ਵੈਰਾਗ ਪ੍ਰਾਪਤ ਹੋਵੈ। ਤੀਬਰ ਏ ਹੈ। ਜੋ ਇਸ ਲੋਕ ਕੇ ਪਦਾਰਥੋਂ ਕੀ ਇਛਾ ਨਾ ਕਰਨੀ। ਤੀਬਰ ਤਰ ਯਹਿ ਹੈ। ਚੌਦਸ ਭਵਨ ਪਰਯੰਤ ਕਿਸੀ ਭੋਗ ਪਦਾਰਥ ਕੀ ਇਛਾ ਨਾ ਕਰਨੀ। ਐਸੇ ਵੈਰਾਗ ਕੋ ਜਬ ਮਨ ਮੇਂ ਧਾਰੇ ਤਬ ਮਨ ਕੀ ਸੁਧੀ ਹੋਵੇ ਹੈ। ਜਗਿਯਾਸੂ ਭੀ ਐਸੇ ਵੈਰਾਗ ਕੋ ਧਾਰਕੇ ਆਪਨੇ



ਮਨ ਕੋ ਸੁਧ ਕਰੇ। ਨਿਰਵੇਦ ਨਾਮ ਵੈਰਾਗ ਕਾ ਹੈ॥ ੩॥ ਸੰਕਾ॥ ਐਸੇ ਵੈਰਾਗ ਧਾਰਨੇ ਕਾ ਕੀ ਫਲ ਹੈ॥ਸਮਾਧਾਨ॥ਮੂਲ॥

**ਦੋਹਿਰਾ॥ਜਲ ਕਰ ਕਰ ਦਮ ਉਪਜ ਹੈ ਜਲ ਕਰ ਪੰਕ ਵਿਨਾਸ। ਮਨ ਕਰ ਉਪਜਤ ਪਾਪ ਕਿਲ ਮਨ ਹੀ ਕਰ ਅਘ ਨਾਸ॥੪॥**

ਟੀਕਾ॥ਦ੍ਰਿਸਟਾਂਤ ਦੇਕਰ ਦ੍ਰਾਸ੍ਰਾਂਤ ਕਹੂੰਗਾ। ਜੈਸੇ ਸਮਾਨ ਜਲ ਕੀ ਬ੍ਰਿਸਟੀ ਹੋਨੇ ਪਰ ਹਰ ਜਗਾ ਮੇਂ ਕਰਦਮ ਨਾਮ ਚਿਕੜ ਹੋ ਜਾਵੇ ਹੈ। ਅਰ ਵਿਸੇਸ ਜਲ ਕੀ ਬ੍ਰਿਸਟੀ ਹੋਨੇ ਪਰ ਸਭ ਜਗਾ ਸੇ ਪੰਕ ਨਾਮ ਚਿਕੜ ਨਾਸ ਕੋ ਪ੍ਰਾਪਤ ਹੋ ਜਾਵੇ ਹੈ। ਭਾਵ ਏਹੁ ਹੈ। ਜਲ ਸੇ ਚਿਕੜ ਕੀ ਉਤਪਤੀ ਅਰ ਜਲ ਸੇ ਚਿਕੜ ਕੀ ਨਿਬ੍ਰਤੀ ਮਾਨੀ ਹੈ ਤੈਸੇ ਕਿਲ ਨਾਮ ਨਿਸਚੇ ਕਰਕੇ ਮਨ ਸੇ ਪਾਪੋਂ ਕੀ ਉਤਪਤੀ ਹੋਵੇ ਹੈ ਅਰ ਮਨ ਸੇ ਹੀ ਅਘ ਨਾਮ ਪਾਪੋਂ ਕੀ ਨਿਬ੍ਰਤੀ ਹੋਵੇ ਹੈ। ਭਾਵ। ਜਬ ਮਨ ਵਿਸਿਯੋਂ ਮੇਂ ਤਥਾ ਦੇਹ ਮੇਂ ਅਨੁਰਾਗ ਕਰੇ ਹੈ। ਤਬ ਪਾਪੋਂ ਕੀ ਉਤਪਤੀ ਹੋਵੇ ਹੈ। ਜਬ ਮਨ ਪਾਂਚ ਵਿਸਯੋਂ ਸੇ ਗਿਲਾਨੀ ਪੂਰਬਕ ਵੈਰਾਗ ਕੋ ਧਾਰ ਕੇ ਤ੍ਰਿਤੀ ਸਰੀਰ ਸੇ ਭਿੰਨ ਆਤਮ ਸਰੂਪ ਕੋ ਦੇਖੇ ਹੈ। ਭਾਵ ਜਾਨੇ ਹੈ। ਤਬ ਸੰਚਤ ਅਗਾਮੀ ਪਾਪ ਸਭ ਨਸਟ ਹੋ ਜਾਵੇ ਹੈ। ਜੈਸੇ ਜਲ ਸੇ ਹੀ ਚਿਕੜ ਕੀ ਉਤਪਤੀ ਜਲ ਸੇ ਹੀ ਪੰਕ ਕੀ ਨਿਬ੍ਰਤੀ ਮਾਨੀ ਹੈ। ਤੈਸੇ ਮਨ ਸੇ ਪਾਪੋਂ ਕੀ ਉਤਪਤੀ ਤਥਾ ਮਨ ਸੇ ਪਾਪੋਂ ਕੀ ਨਿਬ੍ਰਤੀ ਮਾਨੀ ਹੈ। ਪਾਪੋਂ ਕੀ ਨਿਬ੍ਰਤੀ ਏ ਵੈਰਾਗ ਫਲ ਹੈ। ਜਬ ਤਕ ਇਸ ਜੀਵ ਕੀ ਵਿਸਯੋਂ ਮੇਂ ਰਾਗ ਬੁਧੀ ਹੈ। ਅਰ ਦੇਹ ਮੇਂ ਆਤਮ ਬੁਧੀ ਹੈ। ਤਬ ਤਕ ਇਸ ਜੀਵ ਕੋ ਪਾਪ ਦੁਖ ਦੇ ਰਹੇ ਹੈਂ। ਜਬ ਵੈਰਾਗ ਕੋ ਧਾਰ ਕੇ ਪੰਚ ਕੋਸਾਂ ਥੀ ਭਿੰਨ ਆਪਨੇ ਸਰੂਪ ਕੋ ਲਖ ਲੀਆ ਹੈ। ਇਹ ਅਭੇਦ ਰੂਪ ਗਿਆਨ ਮੂਲ ਸਹਿਤ ਪ੍ਰਪੰਚ ਕੋ ਨਾਸ ਕਰ ਦੇਵੇ ਹੈ। ਯਾਤੇ ਜਗਿਯਾਸੂ ਕੋ ਤਰਤੀਬਰ ਵੈਰਾਗ ਧਾਰਨਾ ਚਾਹੀਏ। ੪। ਜਲ ਇਸਨਾਨ ਸੇ ਪਾਛੇ ਸਰੀਰ ਕੀ ਸੁਧੀ ਕਹੀ ਹੈ। ਆਗੇ ਇਸਨਾਨ ਕਈ



Scanned by CamScanner

ਪ੍ਰਕਾਰ ਸਾਸਤ੍ਰ ਮੇਂ ਕਹੇ ਹੂਏ ਹੈਂ॥ ਸੰਕਾ॥ ਇਸਨਾਨ ਕੈ ਪ੍ਰਕਾਰ ਕੇ ਹੈ॥ ਸਮਾਧਾਨ॥ਮੂਲ॥

**ਦੋਹਿਰਾ। ਜਲ ਬ੍ਰਤ ਮੰਤ੍ਰ ਸਨਾਨ ਤ੍ਰੈ ਜਪੀ ਤਪੀ ਬ੍ਰਤਿ ਮੰਤ੍ਰ। ਜਲ ਸਨਾਨ ਗ੍ਰਸਤੀਨ ਕੋ ਪੂਜੈ ਉਭੈ ਨਿਰੰਤ੍ਰ॥ ੫॥**

ਟੀਕਾ॥ ਜਲ ਬ੍ਰਤ ਮੰਤ੍ਰ ਸਨਾਨ ਤ੍ਰੈ। ਸਨਾਨ ਤੀਨ ਪ੍ਰਕਾਰ ਕਾ ਹੈ॥ ਸੰਕਾ॥ ਉਨਕੇ ਨਾਮ ਕਿਆ ਹੈਂ॥ ਸਮਾਧਾਨ॥ ਇਕ ਜਲ ਸਨਾਨ ਹੈ। ਦੂਸਰਾ ਬ੍ਰਤਿ ਇਸਨਾਨ ਹੈ। ਤੀਸਰਾ ਮੰਤ੍ਰ ਸਨਾਨ ਹੈ। ਏ ਇਨਕੇ ਨਾਮ ਹੈ॥ ਸੰਕਾ॥ ਇਨਕੇ ਅਧਿਕਾਰੀ ਕੌਨ ਹੈਂ।॥ ਸਮਾਧਾਨ॥ ਇਨਕੇ ਅਧਿਕਾਰੀ ਤੀਨ ਹੈਂ॥ ਸੰਕਾ॥ ਉਨਕੇ ਨਾਮ ਕਿਆ ਹੈਂ॥ ਸਮਾਧਾਨ॥ ਮੂਲ॥ ਜਪੀ ਤਪੀ ਬ੍ਰਤ ਮੰਤ੍ਰ। ਏਕ ਜਪੀ ਹੈ। ਦੂਸਰਾ ਤਪੀ ਹੈ। ਤੀਸਰਾ ਗ੍ਰਿਹਸਤੀ ਹੈ। ਏ ਇਨਕੇ ਅਧਿਕਾਰੀ ਹੈਂ। ਜਪੀ ਕੋ ਮੰਤ੍ਰ ਕਾ ਤਪੀ ਕੋ ਬ੍ਰਤ ਕਾ ਇਸਨਾਨ ਕਹਾ ਹੈ। ਜਪ ਕਰਨੇ ਵਾਲੇ ਕਾ ਨਾਮ ਜਪੀ ਹੈਂ। ਤਪ ਕਰਨੇ ਵਾਲੇ ਕਾ ਨਾਮ ਤਪੀ ਹੈ। ਪੁਰਸ਼ ਜਬ ਆਪਨੇ ਮੰਤ੍ਰ ਕਾ, ਜਪ ਕਰੇਗਾ ਤਬ ਉਸਕੀ ਸੁਧੀ ਹੋਗੀ। ਤਪੀ ਪੁਰਸ਼ ਜਬ ਆਪਨੇ ਤਪ ਰੂਪੀ ਬ੍ਰਤ ਕੋ ਕਰੇਗਾ ਤਬ ਉਸਕੀ ਸੁਧੀ ਹੋਗੀ॥ ਸੰਕਾ॥ ਮੰਤ੍ਰ ਸਨਾਨ ਕਿਸਨੇ ਕਰਾ ਹੈ। ਸਮਾਧਾਨ॥ ਮੰਤ੍ਰ ਸਨਾਨ ਧ੍ਰੂ ਭਗਤ ਜੀ ਨੇ ਕਰਾ ਹੈ। ਏਕ ਉਤਾਨਪਾਦ ਨਾਮ ਕਰ ਰਾਜਾ ਹੂਆ ਹੈ। ਤਿਸ ਕੀ ਦੋ ਰਾਣੀ ਥੀ। ਛੋਟੀ ਰਾਣੀ ਸੇ ਰਾਜਾ ਕੀ ਅਧਿਕ ਪ੍ਰੀਤੀ ਥੀ। ਵਡੀ ਰਾਣੀ ਸੇ ਧ੍ਰੂ ਜੀ ਪੈਦਾ ਹੂਏ ਸਮਾਂ ਪਾ ਕੇ ਜਬ ਪਾਂਚ ਬਰਸ ਕੇ ਹੂਏ ਛੋਟੀ ਰਾਨੀ ਕੇ ਪਾਸ ਉਤਾਨਪਾਦ ਰਾਜਾ ਜੀ ਬੈਠੇ ਥੇ। ਤਬ ਧ੍ਰੂ ਜੀ ਆਪਨੇ ਪਿਤਾ ਕੀ ਗੋਦ ਮੇਂ ਬੈਠਨੇ ਲਗੇ ਤਬ ਮਤ੍ਰੇਈ ਮਾਤਾ ਵਡੇ ਗੁਸੇ ਹੋਕਰ ਚਪੇੜ ਮਾਰ ਕੇ ਧ੍ਰੂ ਕੋ ਭੁਜਾ ਸੇ ਪਕੜ ਕੇ ਉਠਾ ਦੀਆ ਅਰ ਕਹਾ ਜੇਕਰ ਤੂੰ ਇਸ ਰਾਜਾ ਕੀ ਉਛੰਗ ਮੇਂ ਬੈਠਨੇ ਕੀ ਇਛਾ ਕਰਤਾ ਹੈ ਤਬ ਤੈਂਨੇ ਮੇਰੇ ਪੇਟ ਸੇ ਪੈਦਾ ਹੋਨਾ ਥਾ। ਤਬ ਧ੍ਰੂ ਜੀ ਰੋਤੇ ਰੋਤੇ ਆਪਨੀ ਮਾਤਾ ਕੇ ਪਾਸ ਆਏ। ਮਾਤਾ ਨੇ ਪੂਛਾ ਕਹੋ ਬੇਟਾ ਕਿਉਂ ਰੋਤਾ



ਹੈ। ਤਬ ਧ੍ਰੂ ਜੀ ਨੇ ਸਭ ਹਾਲ ਕਹਿ ਦੀਆ। ਮਾਤਾ ਨੇ ਕਹਾ ਹੇ ਪੁਤ੍ਰ ਯੇ ਸਭ ਬਾਤ ਠੀਕ ਹੈ। ਧ੍ਰੂ ਨੇ ਪੂਛਾ ਮਾਤਾ ਜੀ ਰਾਜ ਕੈਸੇ ਪ੍ਰਾਪਤ ਹੋਤਾ ਹੈ। ਮਾਤਾ ਨੇ ਕਹਾ ਈਸ਼੍ਵਰ ਕੀ ਭਗਤੀ ਕਰਨੇ ਸੇ। ਤਬ ਧ੍ਰੂ ਜੀ ਬਨ ਮੇਂ ਤਪ ਕਰਨੇ ਚਲ ਪੜੇ। ਆਗੇ ਨਾਰਦ ਜੀ ਮਿਲ ਪੜੇ ਉਨ੍ਹਾਂ ਨੇ ਪੂਛਾ ਤੁਮ ਕਹਾਂ ਜਾਤਾ ਹੈ। ਧ੍ਰੂ ਨੇ ਸਭ ਹਾਲ ਸੁਣਾਇਆ। ਨਾਰਦ ਨੇ ਮੰਤ੍ਰ ਯੇ ਬਤਾਇਆ ਓਨਮੋ ਭਗਵਤੇ ਵਾਸਦੇਵਾਯ। ਇਕ ਪੈਰ ਦੇ ਅੰਗੂਠੇ ਭਾਰ ਖੜਾ ਹੋਕੇ ਐਸਾ ਮੰਤ੍ਰ ਕਾ ਜਪ ਕਰਾ ਜਿਸ ਸੇ ਸ਼ੀਘਰ ਵਿਸ਼ਨੂੰ ਭਗਵਾਨ ਜੀ ਹਾਜ਼ਰ ਹੋ ਗਏ। ਵਰ ਲੇਕਰ ਐਸੀ ਅਟਲ ਪਦਵੀ ਨੂੰ ਪ੍ਰਾਪਤ ਹੂਏ ਜੋ ਆਜ ਤਕ ਕੋਈ ਹੂਆ ਨਹੀਂ॥ ਸੰਕਾ॥ ਐਸਾ ਤਪ ਰੂਪ ਬਰਤ ਕਾ ਸਨਾਨ ਕਿਸਨੇ ਕਰਾ ਹੈ।

॥ਸਮਾਧਾਨ॥ ਐਸਾ ਤਪ ਰੂਪ ਬਰਤ ਸਨਾਨ ਵਿਸ੍ਵਾਮਿਤ੍ਰ ਨੇ ਕਰਾ ਹੈ। ਏਕ ਸਮੇਂ ਵਿਸ੍ਵਾਮਿਤ੍ਰ ਜੀ ਨੇ ਪੂਛਾ ਛਤਰੀ ਸੇ ਬ੍ਰਾਹਮਨ ਕੈਸੇ ਹੋ ਸਕਤਾ ਹੈ। ਸਭ ਨੇ ਸੋਚ ਕੇ ਕਹਾ ਤਪ ਕਰਨੇ ਸੇ ਛਤਰੀ ਸੇ ਬ੍ਰਾਹਮਨ ਹੋ ਸਕੇ ਹੈ। ਤਬ ਵਿਸ੍ਵਾਮਿਤ੍ਰ ਜੀ ਤਪ ਰੂਪ ਬਰਤ ਕਰਨੇ ਲਗੇ ਐਸਾ ਤਪ ਰੂਪ ਬਰਤ ਕੀਆ ਜਿਸ ਕੋ ਦੇਖ ਕੇ ਬ੍ਰਹਮਾ ਜੀ ਪਰਸੰਨ ਹੋ ਗਏ ਕਹਾ ਵਰ ਮਾਂਗ। ਵਿਸ੍ਵਾਮਿਤ੍ਰ ਜੀ ਨੇ ਕਹਾ ਮੁਝ ਕੋ ਯਹਿ ਵਰ ਦੇਹੁ। ਛਤ੍ਰੀ ਧਰਮ ਸੇ ਬ੍ਰਾਹਮਨ ਧਰਮ ਮੇਰਾ ਹੋ ਜਾਏ। ਬ੍ਰਹਮਾ ਜੀ ਨੇ ਕਹਾ ਮੈਂ ਬ੍ਰਹਮ ਲੋਕ ਕਾ ਬ੍ਰਹਮ ਹੂੰ। ਤੁਮਨੇ ਮੇਰੇ ਲੋਕ ਮੇਂ ਰਹਿਨਾ ਨਹੀ। ਤੈਨੇ ਮਾਤ ਲੋਕ ਮੇਂ ਰਹਿਨਾ ਹੈ। ਮਾਤ ਲੋਕ ਕਾ ਬ੍ਰਹਮਾ ਵਿਸਿਸਟ ਹੈ। ਯਦੀ ਵਹੁ ਤੁਮ ਕੋ ਬ੍ਰਹਮ ਰਿਖੀ ਹੋ ਜਾਉਗੇ। ਐਸੇ ਕਹਿ ਕਰ ਕੰਜ ਸੁਤ ਜੀ ਅੰਤਰ ਧਿਆਨ ਹੋ ਗਏ। ਉਸੀ ਸਮੇਂ ਵਿਸਵਾ ਮਿਤ੍ਰ ਜੀ ਪਾਚ ਹਥਿਆਰ ਪਹਿਰ ਕੇ ਵਿਸਿਸਟ ਜੀ ਪਾਸ ਆਏ। ਵਿਸਿਸਟ ਜੀ ਮਹਾਰਾਜ ਆਪਤ ਵਕਤਾ ਥੇ ਜੈਸੇ ਦੇਖਨਾ ਤੈਸਾ ਕਹਿ ਦੇਨਾ ਵਿਸਿਸਟ ਜੀ ਬੋਲੇ ਆਓ ਰਾਜ ਰਿਖੀ ਜੀ। ਐਸੇ ਸੁਨਕੇ ਕੌਸਕ ਜੀ ਕੋ ਕ੍ਰੋਧ ਹੂਆ। ਕਹਾ ਮੈਨੇ ਤਪ ਭੀ ਕੀਆ ਫੇਰ ਭੀ ਤੂੰ ਮੇਰੇ ਕੋ ਬ੍ਰਹਮ ਰਿਖੀ ਨਹੀ ਕਹਿਤਾ। ਵਿਸਿਸਟ ਜੀ ਨੇ ਕਹਾ ਜੈਸੇ



Scanned by CamScanner

ਹਮ ਦੇਖੇਂਗੇ ਵੈਸਾ ਹਮ ਕਹੇਂਗੇ। ਐਸੇ ਸੁਨਕੇ ਕੌਸਕ ਨੇ ਵਿਸਿਸਟ ਕਾ ਏਕ ਪੁੱਤਰ ਮਾਰ ਦੀਆ। ਦੂਸਰੇ ਦਿਨ ਫੇਰ ਗਏ। ਉਨਾ ਨੇ ਫੇਰ ਵੈਸੇ ਕਹਿ ਦੀਆ। ਫੇਰ ਇਕ ਪੁੱਤਰ ਮਾਰ ਦੀਆ। ਐਸੇ ਹੀ ਪੁਨਾ ਪੁਨਾ ਜਾ ਕੇ ਵਿਸਿਸਟ ਕਾ ਸੌ ਪੁੱਤਰ ਮਾਰ ਦੀਆ। ਪੂਰਨਮਾਸੀ ਕੀ ਰਾਤ ਥੀ। ਅਰੁੰਧਤੀ ਵਿਸਿਸਟ ਸੇ ਪੂਛਨੇ ਲਗੀ ਹੇ ਭਗਵਾਨ ਇਸ ਸਮੇਂ ਚੰਦਰਮਾ ਕਾ ਪ੍ਰਕਾਸ਼ ਹੋ ਰਹਾ ਹੈ। ਐਸਾ ਪ੍ਰਕਾਸ਼ ਕਿਸੀ ਔਰ ਕਾ ਭੀ ਹੈ। ਵਿਸਿਸਟ ਜੀ ਨੇ ਕਹਾ ਇਸ ਸੇ ਭੀ ਅਧਿਕ ਤੇਜ ਵਿਸ੍ਵਾਮਿਤ੍ਰ ਕਾ ਪ੍ਰਕਾਸ਼ ਹੈ। ਵਿਸ੍ਵਾਮਿਤ੍ਰ ਜੀ ਕੁਟੀ ਸੇ ਬਾਹਿਰ ਸੁਨ ਰਹੇ ਥੇ। ਚਿਤ ਮੇਂ ਕਹਿਨੇ ਲਗੇ ਦੇਖੋ ਮੈ ਇਨਕਾ ਸੌ ਪੁੱਤਰ ਮਾਰ ਦੀਆ ਹੈ ਯਹਿ ਫੇਰ ਭੀ ਮੇਰੀ ਉਪਮਾ ਕਰ ਰਹੇ ਹੈ। ਧਿਰਕਾਰ ਹੈ ਮੇਰੇ ਕੋ। ਪਾਚੋਂ ਹਥਿਆਰ ਉਤਾਰ ਕੇ ਆਪਨਾ ਅਪਰਾਧ ਖਿਮਾ ਕਰਾਨੇ ਲੀਏ ਵਿਸਿਸਟ ਕੇ ਪਾਸ ਗਏ। ਜਬ ਹਥਿਆਰੋਂ ਸੇ ਸੂੰਨ ਦੇਖਾ ਤਬ ਵਿਸਿਸਟ ਜੀ ਬੋਲੇ ਆਓ ਬ੍ਰਹਮ ਰਿਖੀ ਜੀ ਪ੍ਰਸੰਨ ਹੋ। ਵਿਸ੍ਵਾਮਿੱਤਰ ਨੇ ਕਹਾ ਏਹੀ ਵਚਨ ਤੁਮਨੇ ਆਗੇ ਕਿਉਂ ਨਾ ਕਹਾ ਜੇਕਰ ਯੇ ਕਹਿ ਦੇਤੇ ਸੌ ਪੁੱਤਰ ਮੈਂ ਆਪਕਾ ਕਿਉਂ ਮਾਰਤਾ। ਵਿਸਿਸਟ ਜੀ ਨੇ ਕਹਾ ਤੁਮ ਆਗੇ ਪਾਂਚ ਹਥਿਆਰ ਪਹਿਰ ਕੇ ਆਤੇ ਥੇ ਇਸ ਲੀਏ ਆਪ ਕੋ ਰਾਜ ਰਿਖੀ ਕਹਾ ਜਾਤਾ ਥਾ। ਆਜ ਹਥਿਆਰ ਉਤਾਰ ਕੇ ਤੁਮ ਆਏ ਇਸ ਲੀਏ ਤੁਮ ਕੋ ਆਜ ਬ੍ਰਹਮ ਰਿਖੀ ਕਹਿ ਦੀਆ ਹੈ। ਜੈਸਾ ਹਮ ਦੇਖੇਂਗੇ ਤੈਸਾ ਹਮ ਕਹੇਂਗੇ। ਉਸੀ ਦਿਨ ਸੇ ਵਿਸ੍ਵਾਮਿੱਤਰ ਜੀ ਬ੍ਰਹਮ ਰਿਖੀ ਹੋ ਗਏ। ਐਸੇ ਤਪ ਰੂਪ ਬਰਤ ਕੀਆ ਰਾਜ ਰਿਖੀ ਸੇ ਬ੍ਰਹਮ ਰਿਖੀ ਬਨ ਗਏ ਪਰ ਵਿਸਿਸਟ ਕਾ ਸੌ ਪੁੱਤਰ ਮਾਰ ਦੀਆ ਜਿਸ ਤਪ ਰੂਪ ਬਰਤ ਕੇ ਪ੍ਰਤਾਪ ਕਰ ਬ੍ਰਹਮ ਹਤਿਆ ਭੀ ਨਾ ਲਗੀ ॥ਸੰਕਾ॥ਬਰਤ ਕੋਈ ਔਰ ਭੀ ਹੈ॥ਸਮਾਧਾਨ॥ਬਰਤ ਕਈ ਪ੍ਰਕਾਰ ਕੇ ਹੈਂ। ਵਿਧੀ ਸੇ ਬਿਨਾ ਐਸੇ ਬਰਤ ਰਖਨੇ ਸੇ ਕੀ ਫਲ ਹੋਨਾ ਹੈ। ਸੋ ਆਗੇ ਦਿਖਤੇ ਹੈਂ।

ਕ: ॥ ਖਾਰੀ ਖਰ ਬੂਜਨ ਕੀ ਤਰਾਂ ਕੋ ਨ ਰਹਿਓ ਮੂਲ ਚਾਰ ਮਟ ਸ਼ਰਬਤ ਕੇ ਨੀਕੇ ਗਹਿਠਾਨੀਏ। ਖਪੜੀ ਖਸਖਾਸ ਖੀਰਾ ਸ਼ਕਰ ਕੰਦੀ ਔਰ



ਜੀਰਾ ਸੀਲ ਔਰ ਸੰਗਾੜੇ ਦੜੋਊ ਖਾਏਨ ਗਿਲਾਈਏ। ਪੰਚ ਬਟੀ ਦੂਧ ਪੀਏ ਟੰਗ ਕੇ ਪਸਾਰ ਪਯੋ ਆਜ ਭਈਯਾ ਰੈਨ ਮੋਹਿ ਨਿਰ ਜਲਾ ਬਿਹਾਈਏ। ਕਹੇ ਕਵੀਰਾਇ ਯੋ ਰਾਇ ਨੇ ਬਿਚਾਰ ਕੀਨੋ ਰਖੀ ਹੈਂ ਇਕਾਦਸੀ ਕੇ ਦੁਆਦਸੀ ਕੀ ਨਾਨੀਏ॥ਮੂਲ॥ਜਲ ਸਨਾਨ ਗ੍ਰਹਿਤੀਨ ਕੋ ਪੂਜੈ ਉਭੇ ਨਿਰੰਤ੍ਰ। ਜਨ ਸਨਾਨ ਗਰਹਿਸਥੀ ਕੋ ਕਹਾ ਹੈ। ਅਰ ਫੇਰ ਇਨ ਦੋਨੋਂ ਕੀ ਪੂਜਾ ਕਰੇ ਇਸ ਕਾ ਭਾਵ ਯੇ ਹੈ। ਗ੍ਰਸਥੀ ਪੁਰਸ਼ ਪ੍ਰਾਤਾਕਾਲ ਉਠ ਕੇ ਪਵਿਤਰ ਜਲ ਸੇ ਸ਼ਨਾਨ ਕਰੇ ਫੇਰ ਧਰਮ ਪੂਰਬਕ ਧਨ ਕਮਾਇਕੇ ਜਪੀ ਪੁਰਸ਼ ਕੀ ਤਥਾ ਤਪੀ ਪੁਰਸ਼ ਕੀ ਇਨ ਦੋਨੋਂ ਕੋ ਨਿਰੰਤਰ ਪੂਜਨ ਕਰੇ ਭਾਵ ਸੇਵਾ ਕਰੇ ਤਬ ਗ੍ਰਹਸਥੀ ਪੁਰਸ਼ ਕੀ ਕਲਿਆਣ ਹੋਗੀ। ਜੋ ਨੇਮ ਸੇ ਸ਼ਨਾਨ ਕਰਤਾ ਹੈ ਅਰ ਸਤੋਂ ਕੀ ਸੇਵਾ ਕਰਤਾ ਹੈ ਸੋਈ ਗ੍ਰਹਸਥੀ ਉਤਮ ਹੈ॥ ਸੰਕਾ॥ ਐਸਾ ਗ੍ਰਹਿਸਥੀ ਕੌਨ ਹੂਆ ਹੈ॥ ਸਮਾਧਾਨ॥ਐਸਾ ਏਕ ਲਖੂ ਭਗਤ ਹੂਆ ਹੈ। ਏਕ ਲਖੂ ਭਗਤ ਦੂਸਰੀ ਇਸਤਰੀ ਏਕ ਕੰਨਿਆ ਯੇ ਤੀਨ ਸਰੀਰ ਥੇ ਅਗਲੇ ਪਾਸੇ ਦੁਕਾਨ ਪਿਛਲੇ ਪਾਸੇ ਘਰ ਉਤੇ ਸੰਤੋਂ ਲੀਏ ਚੁਬਾਰਾ ਬਨਾਇਆ ਹੂਆ ਥਾ। ਅਰ ਵਿਵਹਾਰ ਜਿਨ ਕਾ ਛਲ ਕਪਟ ਸੇ ਰਹਿਤ ਧਰਮ ਪੂਰਬਕ ਥਾ। ਪ੍ਰਾਤਾ ਕਾਲ ਉਠ ਕੇ ਨੇਮ ਪੂਰਬਕ ਸਨਾਨ ਕਰਨੇ ਪਹਿਲੇ ਜਾਨਾ। ਇਸ਼ਨਾਨ ਕਰਕੇ ਫੇਰ ਦੁਕਾਨ ਪਰ ਆਨਕੇ ਕੁਛ ਥੋੜਾ ਜੇਹਾ ਦੁਕਾਨਦਾਰੀ ਕਰਤੇ ਥੇ। ਅਰ ਮੁਖ ਸੇ ਸਦਾ ਭਜਨ ਕਰਤੇ ਰਹਿਤੇ ਥੇ। ਜੋ ਸੰਤ ਆਵੇ ਉਨ ਕੋ ਚੁਬਾਰੇ ਪਰ ਉਤਾਰ ਦੇਨਾ ਜੇਸਾ ਸਮਾਂ ਹੋ ਤੈਸੀ ਸੇਵਾ ਕਰਨੀ ਹਛੇ ਭੋਜਨ ਬਨਾਕੇ ਪ੍ਰਥਮੇਂ ਸੰਤਾਂ ਕੋ ਖੁਲਾ ਕੇ ਫੇਰ ਆਪ ਭੋਜਨ ਕਰਤੇ ਥੇ। ਦਿਨ ਕੋ ਵਿਹਾਰ ਕਰਨਾ ਰਾਤ ਕੋ ਤੀਨੋਂ ਨੇ ਜਾਕੇ ਸੰਤਾਂ ਕਾ ਸਤਸੰਗ ਕਰਨਾ ਸੇਵਾ ਕਰਨੀ ਬਚਨ ਸੁਨਨੇ ਫਿਰ ਸੋਇ ਜਾਨਾ। ਨੇਮ ਪੂਰਬਕ ਯਹਿ ਉਨ ਕਾ ਵਿਵਹਾਰ ਥਾ। ਸਭ ਦੇਸੋਂ ਮੈ ਭਗਤ ਕਾ ਜਸ ਫੈਲ ਗਯਾ ਇਸ ਭਗਤ ਕੀ ਧੰਨ ਕਮਾਈ ਹੈ। ਨਾ ਇਸ ਜੈਸਾ ਪਿਛੇ ਭਗਤ ਹੂਆ ਹੈ ਨਾ ਆਗੇ ਹੋਗਾ। ਇਸ ਮੈਂ ਗੁਰੂ ਪ੍ਰਮਾਨ॥



Scanned by CamScanner

### ਸਚੈ ਮਾਰਗ ਚਲਦਿਆ ਉਸਤਤਿ ਕਰੇ ਜਹਾਨ॥

ਇਕ ਮਹਾਤਮਾ ਸੰਤ ਵਡੀ ਦੂਰ ਨਿਵਾਸ ਕਰਤੇ ਥੇ। ਨੇਮ ਸੇ ਕੋਈ ਨਾ ਕੋਈ ਸੰਤਾਂ ਪਾਸ ਜਾ ਕੇ ਭਗਤ ਕੀ ਉਪਮਾ ਕੀਆ ਕਰਤਾ ਥਾ। ਭਗਤ ਕੀ ਐਸੀ ਉਪਮਾ ਸੁਨਕੇ ਉਨ ਸੰਤਾਂ ਕੇ ਚਿਤ ਮੇਂ ਯਹਿ ਇੱਛਾ ਫੁਰੀ ਹਮ ਭੀ ਐਸੇ ਭਗਤ ਕਾ ਚਲ ਕੇ ਦਰਸ਼ਨ ਕਰੇ। ਸੋ ਮਹਾਤਮਾ ਸੰਤ ਮੰਡਲੀ ਲੇਕਰ ਸਨੇ ਸਨੇ ਭਗਤ ਕੇ ਨਗਰ ਮੇਂ ਆਨ ਕੇ ਬਗੀਚੇ ਮੇਂ ਡੇਰਾ ਕਰ ਦੀਆ। ਅਗੇ ਲਖੂ ਭਗਤ ਕੇ ਸਤਿਸੰਗ ਸੇ ਊਹਾਂ ਕੇ ਸਭ ਲੋਕ ਸੁਧਰੇ ਹੂਏ ਥੇ। ਇਸ ਮੇਂ ਪ੍ਰਮਾਨ॥

**ਕਬੀਰ ਚੰਦਨ ਕਾ ਬਿਰਵਾ ਭਲਾ ਬੇੜ੍ਹਿਓ ਢਾਕ ਪਲਾਸ।**
**ਓਇ ਭੀ ਚੰਦਨ ਹੋ ਰਹੇ ਬਸੇ ਜੋ ਚੰਦਨ ਪਾਸ॥**

ਜਬ ਸਤਿ ਸੰਗੀਓਂ ਕੋ ਖਬਰ ਹੂਈ ਪ੍ਰਸ਼ਾਦ ਲੇਕਰ ਹਾਜਰ ਹੂਏ। ਪ੍ਰਸ਼ਾਦ ਅੱਗੇ ਰਖ ਕੇ ਪ੍ਰਣਾਮ ਕਰੀ ਅਰ ਕਹਾ ਹੇ ਭਗਵਾਨ! ਆਪ ਨੇ ਇਸ ਨਗਰ ਪਰ ਵਡੀ ਦਯਾ ਕਰੀ ਹੈ ਜੋ ਇਸ ਨਗਰ ਕੋ ਆਪਨੇ ਚਰਨ ਪਾਕੇ ਪਵਿਤਰ ਕੀਆ ਹੈ। ਕੋਈ ਕਹੇ ਮਹਾਰਾਜ ਆਜ ਮੇਰੇ ਘਰ ਪ੍ਰਸ਼ਾਦ ਛਕੋ ਐਸੇ ਸਭ ਨੇ ਕਹਾ। ਸੰਤ ਬੋਲੇ ਹੇ ਪ੍ਰੇਮੀ ਜਨੋਂ ਹਮ ਪ੍ਰਸ਼ਾਦ ਛਕਨ ਨਹੀ ਆਏ ਹਮ ਭਗਤ ਕਾ ਦਰਸ਼ਨ ਕਰਨ ਆਏ ਹੈ। ਸੋ ਆਏ ਹੈ ਵਾ ਨਹੀ। ਸਭ ਨੇ ਕਹਾ ਜੀ ਨਹੀ ਆਏ ਆਪਕੇ ਆਨੇ ਕੀ ਭਗਤ ਕੋ ਖਬਰ ਨਹੀ ਹੂਈ। ਸੰਤ ਬੋਲੇ ਤੁਮ ਜਾ ਕੇ ਖਬਰ ਕਰੋ। ਹਮ ਕੋ ਦਰਸ਼ਨ ਦੇਵੇਂ। ਇਕ ਸਰੀਰ ਜਾਕਰ ਕਹਿਨੇ ਲਗਾ ਭਗਤ ਜੀ ਆਮ ਕੇ ਬਾਗ ਮੇਂ ਸੰਤ ਆਏ ਹੈਂ ਆਪ ਕੋ ਯਾਦ ਕਰਤੇ ਹੈਂ ਸੁਨਕੇ ਭਗਤ ਜੀ ਪ੍ਰਸੰਨ ਹੋ ਗਏ। ਪ੍ਰਸ਼ਾਦ ਲੈ ਕੇ ਗਲ ਮੈ ਪਲਾ ਪਾ ਕੇ ਨੰਗੇ ਚਰਨਾਂ ਸੇ ਚਲ ਕੇ ਦਰਸ਼ਨ ਕਰਨ ਕੋ ਆਏ। ਸੰਤਾਂ ਅਗੇ ਪ੍ਰਸ਼ਾਦ ਧਰਕੇ ਸਾਸ਼੍ਟਾਂਗ ਪ੍ਰਣਾਮ ਕਰੀ ਅਰ ਹਾਥ ਜੋੜ ਕੇ ਕਹਾ ਜੀ ਹਮਾਰੇ ਆਜ ਵਡੇ ਧੰਨ ਭਾਗ ਹੈ ਜੋ ਆਪ ਕੇ ਚਰਨੋਂ ਕੇ ਦਰਸ਼ਨ ਪਾਏ ਹੈ। ਸੰਤਾਂ ਨੇ ਅਸ਼ੀਰਵਾਦ ਦੇ ਕਰ ਪੂਛਾ ਆਪ



ਕੇ ਸਰੀਰ ਕੋ ਅਨੰਦ ਕੁਸਲ ਹੈ। ਭਗਤ ਜੀ ਨੇ ਕਹਾ ਆਪ ਕੀ ਕਿਰਪਾ ਸੇ ਸਭ ਅਨੰਦ ਹੈ। ਹਾਥ ਜੋੜ ਕੇ ਕਹਾ ਆਜ ਮੇਰਾ ਗ੍ਰਿਹਿ ਪਵਿਤਰ ਕਰੋ। ਸੰਤਾਂ ਨੇ ਕਹਾ ਹਛਾ ਜੈਸੇ ਤੁਮਾਰੀ ਮਰਜੀ। ਭਗਤ ਜੀ ਆਗਿਆ ਲੈ ਕੇ ਘਰ ਜਾ ਕੇ ਪ੍ਰਸ਼ਾਦ ਤਿਆਰ ਕਰ ਦੀਆ। ਫੇਰ ਸੰਤਾਂ ਕੋ ਘਰ ਮੇਂ ਲਿਜਾ ਕੇ ਚਰਨ ਧੋਕੇ ਆਸਨ ਪਰ ਬਿਠਾਕੇ ਭੋਜਨ ਖੁਲਾਇਆ। ਜਬ ਭੋਜਨ ਖਾ ਚੁਕੇ ਤਬ ਵਡੇ ਸੰਤਾਂ ਨੇ ਹੋਰ ਸਭ ਸੰਤਾਂ ਕੋ ਕਹਾ ਅਬ ਤੁਮ ਸਭ ਆਪੋ ਆਪਨੇ ਆਸਨ ਪਰ ਜਾਹੁ। ਹਮ ਜਰਾ ਧੀਰੇ ਸੇ ਆਵੇਂਗੇ। ਐਸੇ ਸੁਨ ਕੇ ਔਰ ਸਭ ਸੰਤ ਚਲ ਗਏ। ਬ੍ਰਿਧ ਸੰਤ ਵਹਾਂ ਬੈਠ ਗਏ। ਤਬ ਸੰਤਾਂ ਪਾਸ ਲਖੂ ਭਗਤ ਤਥਾ ਉਨਕੀ ਇਸਤਰੀ ਤਥਾ ਕੰਨਿਆ ਯਹਿ ਤੀਨੋਂ ਆਨਕੇ ਬੈਠ ਗਏ। ਤਬ ਸੰਤਾਂ ਨੇ ਪ੍ਰਿਥਮ ਭਗਤ ਸੇ ਪੂਛਾ ਇਤਨਾ ਕਾਲ ਜੋ ਤੁਮ ਕੋ ਸਤਿਸੰਗ ਕਰਦਿਆਂ ਹੋਇਆ ਹੈ। ਕਹੁ ਭਗਤ ਜੀ ਤੁਮਨੇ ਕਿਆ ਨਿਸਚੈ ਕੀਆ ਹੈਂ। ਅਬ ਤੁਮ ਆਪਨੇ ਚਿਤ ਕੀ ਹਮ ਕੋ ਬਿਵਸਥਾ ਸੁਣਾਓ ਅਬ ਕੈਸੇ ਗੁਜਰ ਰਹੀ ਹੈ। ਤਬ ਲਖੂ ਭਗਤ ਜੀ ਬੋਲੇ ਹੇ ਭਗਵਾਨ ਆਪ ਕੀ ਦਯਾ ਸੇ ਯਹਿ ਮੈਨੇ ਨਿਸਚਾ ਕੀਆ ਹੈ॥

**ਸੋਰਠਾ॥ ਜਗ ਜੀਵਨ ਦਿਨ ਚਾਰ ਤਜਮ ਦਸੈ ਛਿਤ ਸੰਚਰੇ॥ ਸਭ ਜਨ ਹਰਿ ਅਵਤਾਰ ਕਰੋ ਮਿਤ੍ਰਤਾ ਸਰਬ ਸਹਿ॥**

ਹੇ ਭਗਵਾਨ ਆਪ ਕੀ ਦਯਾ ਸੇ ਮੈਨੇ ਯੇ ਨਿਸਚੇ ਕੀਆ ਹੈ। ਸੰਸਾਰ ਮੇਂ ਕੋਈ ਜੀਵਨਾ ਚਾਰ ਦਿਨ ਕਾ ਹੈ। ਆਪਕਾ ਸਤਿਸੰਗ ਔਰ ਹਰੀ ਕਾ ਭਜਨ ਯੇ ਸੰਸਾਰ ਮੇਂ ਸਾਰ ਰੂਪ ਹੈ। ਇਸ ਬੀਂ ਔਰ ਸਭ ਅਸਾਰ ਰੂਪ ਹੈ ਸੰਤ ਸੁਨਕੇ ਪ੍ਰਸੰਨ ਹੂਏ ਅਰ ਕਹਾ ਭਗਤ ਜੀ ਆਪ ਨੇ ਹਛਾ ਨਿਸਚੇ ਕਰਾ ਹੂਆ ਹੈ। ਫੇਰ ਭਗਤ ਕੀ ਇਸਤਰੀ ਸੇ ਪੂਛਨੇ ਲਗੇ ਹੇ ਮਾਈ ਤੁਮ ਭੀ ਸੰਤਾਂ ਕੀ ਸੇਵਾ ਕਰਤੇ ਹੋ। ਅਰ ਵਚਨ ਸੁਨਤੇ ਹੋ ਹਮ ਨੇ ਕੀ ਨਿਸਚੈ ਕੀਆ ਹੂਆ ਹੈ। ਮਾਈ ਨੇ ਕਹਾ ਹੇ ਭਗਵਾਨ ਸੰਸਾਰ ਮੇਂ ਜੀਨਾ ਕੋਈ ਦੋ ਦਿਨ ਕਾ ਹੈ। ਜੋ ਆਪ ਲੋਗੋਂ ਕਾ ਸਤਸੰਗ ਹਰੀ ਕਾ ਭਜਨ ਕੁਛ ਪਰ



Scanned by CamScanner

ਉਪਕਾਰ ਹੋ ਜਾਇ ਇਹੀ ਸੰਸਾਰ ਮੇਂ ਸਾਰ ਰੂਪ ਹੈ। ਔਰ ਸਭ ਅਸਾਰ ਰੂਪ ਹੈ ਯੇ ਮੇਰਾ ਨਿਸਚੇ ਹੈ। ਸੰਤ ਸੁਨਕੇ ਪ੍ਰਸੰਨ ਹੂਏ। ਅਰ ਕਹਾ ਹੇ ਮਾਈ ਤੈਨੇ ਹਛਾ ਨਿਸਚੇ ਕਰਾ ਹੂਆ ਹੈ। ਫੇਰ ਛੋਟੀ ਕੰਨਿਆ ਸੇ ਪੂਛਾ ਕਹੁ ਬੀਬੀ ਤੈਨੇ ਕੀ ਨਿਸਚੇ ਕੀਆ ਹੂਆ ਹੈ। ਸੁਨਕੇ ਕੰਨਿਆ ਕਹਿਨੇ ਲਗੀ ਸੁਨੋ ਮੈ ਆਪ ਕੋ ਨਿਸਚਾ ਬਤਾਤੀ ਹੂੰ॥

**ਦੋਹਿਰਾ॥ਲਖੂ ਭੁਲਾ ਲਖ ਕੋਹਿ ਅੰਮਾ ਭੁਲੀ ਸਹਿ ਕੋਇ। ਘਟ ਮੈ ਸ੍ਵਾਸ ਜੁ ਪ੍ਰਾਣ ਹੈ ਆਵਨ ਹੋਇ ਕਿ ਨ ਹੋਇ॥**

ਅਰਥ ਇਹ ਹੈ॥ ਹੇ ਭਗਵਾਨ ਲਖੂ ਜੋ ਮੇਰਾ ਪਿਤਾ ਹੈ। ਸੋ ਲਖਾਂ ਕੋਹਾਂ ਦਾ ਭੁਲਿਆ ਹੂਆ ਹੈ॥ਕਾਹਿਤੇ॥ਜਿਸ ਨੇ ਆਪਨਾ ਜੀਵਨਾ ਚਾਰ ਦਿਨ ਕਾ ਸਮਝ ਰਖਾ ਹੈ। ਔਰ ਜੋ ਮੇਰੀ ਮਾਤਾ ਹੈ ਸੋ ਸੈਂਕੜੇ ਕੋਹ ਭੁਲੀ ਹੂਈ ਹੈ। ਜਿਸਨੇ ਆਪਨਾ ਜੀਵਨਾ ਦੋ ਦਿਨ ਕਾ ਸਮਝ ਰਖਾ ਹੈ। ਅਰ ਮੇਰਾ ਨਿਸਚਾ ਯਹਿ ਹੈ। ਜੋ ਹਿਰਦੇ ਸੇ ਸੁਵਾਸ ਰੂਪੀ ਪ੍ਰਾਨ ਬਾਹਰ ਨਿਕਲੇ ਹੈ ਫੇਰ ਇਹ ਪਤਾ ਨਹੀਂ ਭੀਤਰ ਆਤੇ ਹੈ ਵਾ ਨਹੀਂ ਹੈ। ਤਾਂਤੇ ਇਨਾਂ ਸਵਾਸੋਂ ਕਾ ਕੁਛ ਪਤਾ ਨਹੀਂ ਹੈ ਜੋ ਕਰਨਾ ਹੋ ਸੋ ਕਰ ਲੇ ਇਸ ਪਰ ਭਰੋਸਾ ਨਾ ਰਖੇ ਕਿ ਫਿਰ ਮੈਂ ਕਰੂੰਗਾ॥

**ਦੋਹਿਰਾ॥ਸ੍ਵਾਸ ਸ੍ਵਾਸ ਹਰਿ ਨਾਮ ਜਪ ਬਿਰਥਾ ਸ੍ਵਾਸ ਮਤ ਖੋਇ। ਕਿਆ ਜਾਨੋ ਯਹਿ ਅੰਤ ਕਾ ਏਹੀ ਸ੍ਵਾਸ ਮਤ ਹੋਇ॥ ੧॥ਪਾਉ ਪਲਕ ਕੀ ਖਬਰ ਨਹਿ ਕਰੋ ਕੌਨ ਸਾ ਕਾਜ। ਮੌਤ ਅਚਾਨਕ ਮਾਰਸੀ ਜਿਉ ਤਿਤਰ ਕੋ ਬਾਜ। ਸਭੀ ਕਾਮ ਕੋ ਛੋੜ ਕੇ ਰਹੋ ਰਾਮ ਸੋਂ ਲਾਗ। ਮਛੀ ਨੀਰ ਵਤਿ ਪ੍ਰੇਮ ਕਰ ਉਦੇ ਹੋਨ ਜਬ ਭਾਗ।**

ਇਸ ਮੇਂ ਗੁਰੂ ਪ੍ਰਮਾਨ॥

**ਹਰਿ ਜਪਦਿਆ ਖਿਨੁ ਢਿਲ ਨ ਕੀਜਈ ਮੇਰੀ ਜਿੰਦੁੜੀਏ**



**ਮਤੁ ਕਿ ਜਾਪੈ ਸਾਹੁ ਆਵੈ ਕਿ ਨ ਆਵੈ ਰਾਮ॥**

ਸੰਤ ਸੁਨ ਕੇ ਪ੍ਰਸੰਨ ਹੂਏ। ਕਹਿਨੇ ਲਗੇ ਭਗਤ ਜੀ ਯੇ ਕੰਨਿਆ ਤੁਮਾਰੇ ਸੇ ਵਧ ਗਈ ਹੈ। ਇਸ ਕਾ ਨਿਸਚਾ ਸਭ ਸੇ ਅਧਿਕ ਹੈ। ਇਸਨੇ ਨਿਸਚਾ ਸੁੰਦਰ ਧਾਰਨ ਕਰਾ ਹੂਆ ਹੈ। ਧੰਨ ਤੁਮ ਹੋ ਅਰ ਧੰਨ ਤੁਮਾਰਾ ਪਰਵਾਰ ਹੈ। ਭਗਤ ਕੀ ਇਸਤ੍ਰੀ ਕਹਿਨੇ ਲਗੀ ਹੇ ਸੰਤ ਜੀ ਕੁਛ ਆਪ ਭੀ ਹਮ ਕੋ ਉਪਦੇਸ ਕਰੋ। ਸੰਤਾਂ ਨੇ ਕਹਾ ਸੁਨੋ।

**ਦੋਹਿਰਾ॥ ਮਾਈਏ ਮਰਣਾ ਸਚ ਹੈ ਜੀਵਨ ਜਗ ਮੈ ਕੂਰ। ਤਾਤੇ ਇਹ ਬਿਚਾਰ ਕੇ ਹੋ ਸੰਤਾਂ ਕੀ ਧੂਰ॥ਮਾਈਏ ਮੁਖ ਭਗਤੀ ਰਖੀ ਵਰਤਨ ਰਖ ਵੈਰਾਗ। ਨਿਸਚੇ ਕਰ ਬ੍ਰਹਮ ਗਿਆਨ ਕੋ ਇਸ ਬਿਧ ਪੂਰੇ ਭਾਗ॥**

ਐਸੇ ਕਹਿਕੇ ਸੰਤ ਚਲੇ ਗਏ। ਇਸ ਪ੍ਰਕਾਰ ਲਖੂ ਭਗਤ ਜੀ ਸਨਾਨ ਕਰਕੇ ਸੰਤਾਂ ਕੀ ਸੇਵਾ ਕੀਆ ਕਰਤੇ ਥੇ। ਐਸਾ ਹੀ ਸਭ ਕੋ ਨਿਸਚਾ ਕਰਨਾ ਯੋਗ ਹੈ। ਜਿਸ ਸੇ ਸਭ ਕੀ ਕਲਿਆਨ ਹੋ। ਤਾਤੇ ਗ੍ਰਹਿਸਥੀ ਪੁਰਸ਼ ਇਸਨਾਨ ਭੀ ਕਰੇ ਅਰ ਜਪੀ ਤਪੀ ਕੀ ਸੇਵਾ ਕਰੇ ਇਸ ਸੇ ਇਨਾਂ ਕੀ ਸ੍ਰੇ ਹੋਗੀ॥ ਸੰਕਾ॥ ਸਨਾਨ ਕਰਨਾ ਜਪੀ ਤਪੀ ਕੀ ਸੇਵਾ ਕਰਨੀ ਯੇ ਦੋ ਧਰਮ ਗ੍ਰਹਿਸਥ ਪੁਰਸ਼ੋਂ ਕੇ ਕਿਉਂ ਬਤਾਏ ਗਏ ਹੈਂ॥ ਸਮਾਧਾਨ॥ ਮੂਲ॥

**ਦੋਹਿਰਾ॥ਜਲ ਨਾਏ ਨਾਏ ਨਹੀ ਅੰਤਸ ਕਰਣ ਮਲੀਨ। ਸੁਰਾ ਪਾਤ੍ਰ ਕੋ ਵਾਰ ਸੌ ਧੋਏ ਸੁਧ ਕਬੀਨ॥੬॥**

ਟੀਕਾ॥ਕੇਵਲ ਜਲ ਸਨਾਨ ਕਰਨੇ ਸੇ ਗ੍ਰਹਿਸਥੀ ਪੁਰਸ਼ ਨਾਏ ਨਾਮ ਸੁਧ ਨਹੀਂ ਹੋਵੇ ਹੈ। ਕਾਹਿਤੇ। ਜਿਸ ਕਾ ਅੰਤਹਿਕਰਨ ਪਾਪੋਂ ਸੇ ਮਲੀਨ ਹੋ ਰਹਾ ਹੈ। ਭਾਵ। ਮਨ ਪਾਪੋਂ ਸੇ ਭਰਾ ਹੂਆ ਹੈ। ਬਾਹਿਰੋਂ ਮਲ ਮਲ ਕੇ ਸ਼ਨਾਨ ਕਰਤਾ ਹੈ ਤੋ ਕਿਆ ਵਹੁ ਸੁਧ ਹੋ ਜਾਇਗਾ। ਕਿੰਤੂ ਨਹੀਂ ਹੋਗਾ। ਇਸ ਮੇਂ ਗੁਰੂ ਪ੍ਰਮਾਨ।



Scanned by CamScanner

**ਕਾਜਾ ਮਾਜਸ ਕੌਣ ਗੁਨਾ। ਜਉ ਘਟ ਭੀਤਰ ਹੈ ਮਲਨਾ। ਲਉਕੀ ਅਠ ਸਠ ਤੀਰਥ ਨਾਈ। ਕਉਰਾ ਪਨ ਤਊ ਨ ਜਾਈ।**

ਦ੍ਰਿਸਟਾਂਤ॥ਜੈਸੇ ਕੋਈ ਪਾਤ੍ਰ ਮਦਰੇ ਸੇ ਭਰਾ ਹੂਆ ਹੋ। ਫੇਰ ਉਸ ਮਦਰੇ ਕੇ ਪਾਤਰ ਕੋ ਸੌ ਵਾਰੀ ਜਲ ਸੇ ਧੋਇਆ ਜਾਵੇ। ਕਬੀ ਸੁਧ ਹੋ ਜਾਇਗਾ। ਕਿੰਤੂ ਨਹੀਂ ਸੁਧ ਹੋਗਾ। ਦ੍ਰਾਸਟਾਂਤ। ਤੈਸੇ ਜਿਸ ਪੁਰਸ਼ ਕਾ ਅੰਤਹਿਕਰਨ ਪਾਪੋਂ ਸੇ ਮਲੀਨ ਹੋ ਰਹਾ ਹੈ। ਫੇਰ ਬਾਹਰ ਸੇ ਇਸ ਸਰੀਰ ਕੋ ਜਲ ਸੇ ਮਲ ਮਲ ਕੇ ਇਸ਼ਨਾਨ ਕਰਾਨੇ ਸੇ ਕਬੀ ਸੁਧ ਹੋ ਜਾਇਗਾ। ਕਿੰਤੂ ਨਹੀਂ ਹੋਗਾ। ਭਾਵ। ਸਰੀਰ ਕੀ ਸੁਧੀ ਜਲ ਕੇ ਸ਼ਨਾਨ ਕਰਨੇ ਸੇ ਹੋਵੈ ਹੈ। ਅਰ ਮਨ ਕੀ ਸੁਧੀ ਜਪੀ ਤਪੀ ਕੀ ਸੇਵਾ ਸੇ ਤਥਾ ਈਸ਼੍ਵਰ ਕੀ ਭਗਤੀ ਸੇ ਹੋਵੈ ਹੈ। ਇਸ ਵਾਸਤੇ ਗ੍ਰਹਿਸਥੀ ਕੋ ਦੋ ਧਰਮ ਬਤਾਏ ਗਏ ਹੈਂ॥ਸੰਕਾ॥ਦੇਹ ਕੀ ਸੁਧੀ ਕੇ ਲੀਏ ਬਾਹਰ ਤੀਰਥ ਬਹੁਤ ਹੈਂ। ਮਨ ਕੀ ਸੁਧੀ ਕੇ ਲੀਏ ਤੀਰਥ ਕੌਨ ਹੈ॥ਸਮਾਧਾਨ॥ਮੂਲ॥

**ਦੋਹਿਰਾ॥ਮਾਤ ਪਿਤਾ ਗੁਰ ਕੀ ਭਗਤਿ ਸਤ ਤਪ ਗੁਣ ਨਿਗ੍ਰਹਿ। ਕਿਰਪਾ ਸਰਬ ਪਰ ਸਪਤ ਹੈ ਅੰਤਰ ਤੀਰਥ ਏਹ॥੭॥**

ਟੀਕਾ॥ਆਪਨੇ ਉਤਪਤੀ ਕੇ ਜਨਕ ਜੋ ਮਾਤਾ ਪਿਤਾ ਹੈ। ਮਨ ਬਾਨੀ ਸਰੀਰ ਸੇ ਜੋ ਇਨ ਕੀ ਸੇਵਾ ਕਰਨੀ ਯੇ ਦੋ ਅੰਤਰ ਕੇ ਤੀਰਥ ਹੈਂ॥ ਸੰਕਾ॥ ਐਸੀ ਸੇਵਾ ਕਿਸਨੇ ਕਰੀ ਹੈ॥ ਸਮਾਧਾਨ॥ ਐਸੀ ਸੇਵਾ ਆਪਨੇ ਮਾਤਾ ਪਿਤਾ ਕੀ ਸਿਰੀ ਰਾਮਚੰਦਰ ਅਨੰਦ ਕੰਦ ਨੇ ਕਰੀ ਹੈ। ਜਿਸ ਸਮੇਂ ਰਾਜਾ ਦਸਰਥ ਜੀ ਰਾਮ ਚੰਦਰ ਕੋ ਰਾਜ ਦੇਨੇ ਕੇ ਲੀਏ ਰਾਜ ਤਿਲਕ ਦਾ ਸਭ ਬੰਦੋਬਸਤ ਕਰ ਜਬ ਰਾਜਾ ਰਣਵਾਸ ਮੇਂ ਗਯਾ ਹੈ। ਤਬ ਕੁਕੇਈ ਨੇ ਦੋ ਵਰ ਮਾਂਗੇ ਏਕ ਮੇਰੇ ਪੁੱਤਰ ਕੋ ਰਾਜ ਦੂਸਰਾ ਚੌਦਾਂ ਬਰਸ ਰਾਮ ਕੋ



ਬਨਬਾਸ। ਯੇ ਬਾਤ ਸੁਨ ਕਰ ਰਾਜਾ ਮੂਰਛਾ ਖਾ ਕੇ ਧਰਤੀ ਪਰ ਗਿਰ ਪੜਾ। ਤਬ ਕੁਕੇਈ ਨੇ ਸਿਰੀ ਰਾਮਚੰਦਰ ਜੀ ਕੋ ਬੁਲਾ ਭੇਜਾ। ਮਾਤਾ ਕੀ ਆਗਿਆ ਸੁਨਕੇ ਜੈਸੇ ਬੈਠੇ ਥੇ ਤੈਸੇ ਚਲ ਕਰ ਰਣਵਾਸ ਮੇਂ ਆਏ। ਦੇਖਾ ਰਾਜਾ ਜੀ ਮੂਰਛਾ ਹੋਇ ਪੜੇ ਹੈਂ। ਮਾਤਾ ਸੇ ਪੂਛਾ ਪਿਤਾ ਕੋ ਕਿਆ ਦੁਖ ਹੈ। ਮਾਤਾ ਨੇ ਕਹਾ ਤੁਮ ਪੁੱਤਰ ਹੋ ਜੋ ਦੁਖ ਹੈ ਸੋ ਤੁਮ ਦੂਰ ਕਰੋ। ਰਾਮ ਜੀ ਨੇ ਕਹਾ ਹੇ ਮਾਤਾ ਜੀ ਸ਼ਾਸਤ੍ਰ ਮੇਂ ਊਤਮ ਮਧਿਮ ਕਨਿਸ੍ਰ ਤੀਨ ਤਰੋਂ ਕੇ ਪੁੱਤਰ ਕਹੇ ਹੈਂ। ਜੋ ਮਾਤਾ ਪਿਤਾ ਕੇ ਹਿਰਦੇ ਕੀ ਸਮਝ ਕਰ ਕਹੇ ਤੇ ਬਿਨਾ ਸੇਵਾ ਕਰੇ ਸੋ ਊਤਮ ਪੁੱਤਰ ਹੈ। ਜੋ ਮਾਤਾ ਪਿਤਾ ਦੇ ਕਹੇ ਸੇ ਸੇਵਾ ਕਰੇ ਸੋ ਮਧਮ ਪੁੱਤਰ ਹੈ। ਜੋ ਮਾਤਾ ਪਿਤਾ ਦੇ ਕਹਿਨੇ ਸੇ ਭੀ ਨਾ ਕਰੇ ਸੋ ਕਨਿਸਟ ਪੁੱਤਰ ਹੈ। ਸੋ ਹੇ ਮਾਤਾ ਜੀ ਨਾ ਮੈਂ ਊਤਮ ਪੁੱਤਰ ਹੂੰ। ਅਰ ਨਾ ਮੈਂ ਕਨਿਸਟ ਪੁੱਤਰ ਹੂੰ। ਮੈ ਤੌ ਮਧਮ ਪੁੱਤਰ ਹੂੰ। ਜਬ ਤਕ ਪਿਤਾ ਮੁਖ ਸੇ ਨਾ ਕਹੇਂ ਤਬ ਤਕ ਮੇਰੇ ਕੋ ਕੀ ਮਾਲੂਮ ਹੈ। ਪਿਤਾ ਕੋ ਕਿਆ ਦੁਖ ਹੈ। ਯਦੀ ਮੇਰਾ ਸਿਰ ਮਾਂਗੇ ਤੋ ਮੈਂ ਸਿਰ ਦੇਨੇ ਕੋ ਤਿਆਰ ਹੂੰ। ਜਬ ਰਾਜਾ ਦਸਰਥ ਨੇ ਕਹਾ ਤਬ ਉਸੀ ਸਮੇਂ ਰਾਜ ਭਾਗ ਤਿਆਗ ਕੇ ਬਨ ਮੇਂ ਜਾ ਕੇ ਅਨੇਕ ਤਰੋਂ ਕੇ ਕਸ਼ਟ ਸਹਾਰੇ ਪਰ ਪਿਤਾ ਕੀ ਆਗਿਆ ਨਹੀਂ ਮੋੜੀ। ਲਿਖਾ ਹੈ।

**ਆਗਿਆ ਸਮ ਸਾਹਿਬ ਨਹੀ ਸੇਵਾ॥**

ਐਸੇ ਜੋ ਮਾਤਾ ਪਿਤਾ ਕੀ ਆਗਿਆ ਮਾਨਨੀ ਹੈ। ਇਸਕੇ ਸਮਾਨ ਔਰ ਸੇਵਾ ਨਹੀਂ। ਤੀਸਰਾ ਸਤਿ ਮਾਰਗ ਕੇ ਉਪਦੇਸ ਦੇਨੇ ਵਾਲੇ ਜੋ ਗੁਰੂ ਹੈਂ ਫੇਰ ਉਨ ਕੀ ਭਗਤੀ ਯਾਨੇ ਸੇਵਾ ਕਰੇ। ਫੇਰ ਚੌਥਾ ਸਤ ਕੋ ਧਾਰਨ ਕਰੇ ਭਾਵ ਸੱਚ ਬੋਲੇ। ਜੋ ਬਾਨੀ ਕਰੇ ਉਸ ਕੋ ਪੂਰੀ ਕਰੇ॥ ਸੰਕਾ॥ ਐਸੇ ਸਚ ਬੋਲਨੇ ਕਾ ਫਲ ਕੀ ਹੋਵੈ ਹੈ॥ ਸਮਾਧਾਨ॥ ਮਹਾ ਭਾਰਥ ਬਨ ਪਰਬ ੧੮੪ ਧਿਆਇ ਮੇਂ ਯੇ ਕਥਾ ਆਤੀ ਹੈ। ਵੈਸੰ ਪਾਇਨ ਜੀ ਬੋਲੇ ਹੇ ਰਾਜਾ ਜਨਮੇਜਯ ਇਸਕੇ ਪੀਛੇ ਪਾਂਡਵੋਂ ਨੇ ਮਾਰਕੰਡੇ ਜੀ ਸੇ ਕਹਾ ਕਿ ਮਹਾਰਾਜ

ਹਮ ਲੋਗ ਮੁਖ ਮੁਖ ਬ੍ਰਾਹਮਨੋਂ ਕਾ ਮਹਾਤਮ ਸੁਨਨਾ ਚਾਹਿਤੇ ਹੈਂ ਆਪ ਕਿਰਪਾ ਕਰਕੇ ਕਹੀਏ। ਯਹਿ ਸੁਨ ਕਰ ਮਹਾ ਤੇਜਸ੍ਵੀ ਤਪਸ੍ਵੀ ਔਰ ਸਾਸਤ੍ਰੀ ਮਾਰਕੰਡੇ ਜੀ ਬੋਲੇ ਕਿ ਹੈਹਿਯ ਬੰਸ ਮੇਂ ਏਕ ਵਡਾ ਸੂਰਬੀਰ ਔਰ ਸ੍ਵਰੂਪਵਾਨ ਰਾਜਕੁਮਾਰ ਥਾ ਏਕ ਦਿਨ ਵਹੁ ਅਹੇਰ ਕੇ ਖੇਲਨੇ ਕੋ ਬਨ ਮੇਂ ਗਯਾ ਵਹਾਂ ਉਸਨੇ ਏਕ ਮੁਨੀ ਕੋ ਜੋ ਕਾਲੇ ਹਰਨ ਕਾ ਚਰਮ ਓਢੇ ਹੂਏ ਦੇਖਾ ਔਰ ਵੋਹ ਉਨਕੋ ਘਾਸ ਮੇਂ ਛਿਪੇ ਹੋਨੇ ਕੇ ਕਾਰਨ ਸੇ ਹਰਨ ਸਮਝ ਕਰ ਮਾਰ ਕਰ ਗਿਰਾ ਦੀਆ। ਜਬ ਵੋਹ ਕਮਲ ਲੋਚਨ ਰਾਜਕੁਮਾਰ ਉਨਕੇ ਪਾਸ ਗਯਾ ਔਰ ਦੇਖਾ ਕਿ ਮ੍ਰਿਗ ਨਹੀਂ ਹੈ। ਕਿੰਤੂ ਮੁਨੀ ਮਾਰੇ ਗਏ ਹੈ। ਤਬ ਉਸਕੋ ਵਡਾ ਦੁਖ ਹੂਆ ਔਰ ਵੋਹ ਸੋਕ ਮੇਂ ਅਚੇਤ ਸਾ ਹੋਕਰ ਆਪਨੇ ਹੈਹਿਯ ਦੇਸ਼ ਕੋ ਲੌਟ ਕਰ ਚਲਾ ਆਯਾ ਔਰ ਉਸ ਦੇਸ਼ ਕੇ ਸਭ ਬੁਧੀਵਾਨ ਰਾਜਾਓਂ ਸੇ ਸਬ ਬ੍ਰਿਤਾਂਤ ਕਹਾ। ਵੇ ਰਾਜਾ ਲੋਗ ਭੀ ਉਸ ਫਲ ਔਰ ਮੂਲ ਭੋਜਨ ਕਰਨੇ ਵਾਲੇ ਮੁਨੀ ਕੇ ਮਾਰੇ ਜਾਨੇ ਕਾ ਹਾਲ ਸੁਨ ਕਰ ਮਹਾਂ ਦੂਖੀ ਹੂਏ ਔਰ ਇਸ ਬਾਤ ਕੋ ਜਾਨਨੇ ਕੇ ਲੀਏ ਕਿ ਵਹਿ ਮੁਨੀ ਕੌਨ ਔਰ ਕਿਸਕਾ ਪੁੱਤਰ ਥਾ ਵੇ ਸਭ ਬਨ ਕੋ ਚਲੇ ਆਏ। ਔਰ ਉਸ ਮਰੇ ਹੂਏ ਮੁਨੀ ਕੋ ਢੂੰਢਤੇ ੨ ਕਸਪ ਗੋਤਰੀ ਅਰਿਸਟ ਨੇਮ ਨਾਮ ਰਿਖੀ ਕੇ ਆਸਰਮ ਮੇਂ ਪਹੁੰਚੇ ਔਰ ਵਹਾਂ ਉਸ ਮੁਨੀ ਕੋ ਡੰਡਵਤ ਕਰਕੇ ਬੈਠ ਗਏ। ਉਸ ਰਿਖੀ ਨੇ ਉਨਕਾ ਆਦਰ ਸਤਕਾਰ ਕਰਕੇ ਉਨ ਕੀ ਪੂਜਾ ਕਰਨੀ ਚਾਹੀ। ਪਰੰਤੂ ਸਭ ਬੋਲੇ ਕਿ ਮਹਾਰਾਜ ਹਮ ਲੋਗ ਕਰਮ ਦੋਸ ਕੇ ਕਾਰਨ ਸੇ ਪੂਜਾ ਕੇ ਯੋਗ ਨਹੀਂ ਹੈਂ। ਹਮਾਰੇ ਹਾਥ ਸੇ ਬ੍ਰਾਹਮਨ ਮਾਰਾ ਗਯਾ ਹੈ। ਯਹਿ ਸੁਨ ਕਰ ਵਹਿ ਰਿਖੀ ਬੋਲਾ ਕਿ ਤੁਮਾਰੇ ਹਾਥ ਸੇ ਵਹਿ ਬ੍ਰਾਹਮਨ ਕੈਸੇ ਮਾਰਾ ਗਯਾ ਹੈ। ਔਰ ਅਬ ਵਹਿ ਮਰਾ ਹੂਆ ਕਹਾਂ ਹੈ। ਹਮ ਕੋ ਯਹਿ ਸਭ ਬਤਾਓ ਔਰ ਹਮਾਰੇ ਤਪ ਕੇ ਬਲ ਕੋ ਦੇਖੋ। ਯਹਿ ਸੁਨ ਕਰ ਉਨ ਰਾਜਾਓਂ ਨੇ ਸਭ ਬ੍ਰਿਤਾਂਤ ਕਹਿ ਸੁਣਾਯਾ। ਔਰ ਵੇ ਉਸ ਮੁਨੀ ਕੋ ਸਾਥ ਲੇਕਰ ਬਨ ਮੇਂ ਉਸ ਮਰੇ ਹੂਏ ਮੁਨੀ ਕੋ ਢੂੰਡਨੇ ਕੋ ਗਏ। ਪਰੰਤੂ ਵਹਿ ਨਿਰ ਜੀਵ ਮੁਨੀ ਉਨ ਕੋ ਕਹੀਂ ਨਾ ਮਿਲਾ। ਇਸ ਸੇ ਵੇ ਸਭ ਅਚੇਤ ਔਰ ਲਜਿਤ ਹੋ ਗਏ। ਤਬ



ਅਰਿਸਟ ਨੇਮ ਰਿਖੀ ਨੇ ਹਸ ਕਰ ਕਹਾ ਕਿ ਦੇਖੋ ਵਹਿ ਬ੍ਰਾਹਮਨ ਜੋ ਤੁਮਾਰੇ ਹਾਥ ਸੇ ਮਾਰਾ ਗਯਾ ਥਾ ਸੋ ਯਹਿ ਹੈ। ਯਹਿ ਮੇਰਾ ਪੁੱਤਰ ਹੈ। ਔਰ ਤਪ ਕਾ ਬਲ ਰਖਤਾ ਹੈ। ਉਸਕੋ ਦੇਖਤੇ ਹੀ ਵੇ ਸਭ ਰਾਜਾ ਚਕ੍ਰਿਤ ਸੇ ਹੋ ਗਏ ਔਰ ਅਸਚਰਯ ੨ ਕਹਿ ਕਰ ਬੋਲੇ ਕਿ ਮਹਾਰਾਜ ਯਹਿ ਆਪਕੇ ਬੋਲਾਨੇ ਸੇ ਕਜੋਂ ਕਰ ਜੀ ਉਠਾ। ਵਹਿ ਕੌਨ ਸਾ ਤਪ ਹੈ ਜਿਸ ਕੇ ਕਾਰਨ ਸੇ ਮਰਾ ਹੂਆ ਮਨੁਖਜ ਫਿਰ ਜੀ ਜਾਤਾ ਹੈ। ਹਮ ਉਨਕੋ ਸੁਨਨਾ ਚਾਹਿਤੇ ਹੈਂ। ਯਹਿ ਸੁਨ ਕਰ ਉਸ ਮੁਨੀ ਨੇ ਉਤਰ ਦੀਆ ਕਿ ਹਮ ਲੋਗੋਂ ਕੋ ਮਿਰਤੂ ਨਹੀਂ ਜੀਤ ਸਕਤੀ ਹੈ। ਕਾਰਨ ਜੀਤਨੇ ਕਾ ਯੇ ਹੈ ਕਿ ਹਮ ਲੋਗ ਸਦੈਵ ਸਤ ਬੋਲਤੇ ਹੈਂ। ਝੂਠ ਕੋ ਜਾਨਤੇ ਭੀ ਨਹੀਂ ਔਰ ਅਪਨੇ ਧਰਮ ਪਰ ਅਚਲ ਹੈਂ। ਔਰ ਜੋ ਬਾਤ ਬ੍ਰਾਹਮਣੋਂ ਕੀ ਕੁਸਲ ਕਰਨੇ ਵਾਲੀ ਹੋਤੀ ਹੈ ਉਸੇ ਬ੍ਰਾਹਮਣੋਂ ਸੇ ਕਹਿ ਦੇਤੇ ਹੈਂ। ਔਰ ਉਨਕੇ ਦੁਰਾਚਾਰੋਂ ਕਾ ਨਾਮ ਕਿਸੀ ਸੇ ਲੇਤੇ ਭੀ ਨਹੀਂ ਔਰ ਅਤਿਥੀਯੋਂ ਕੋ ਅੰਨ ਦਾਨ ਔਰ ਭ੍ਰਿਤਾਓਂ ਕੋ ਭੋਜਨ ਆਦਿ ਸੇ ਸਪੰਨ ਕਰਕੇ ਜੋ ਸੇਖ ਰਹਿ ਜਾਤਾ ਹੈ ਉਸੀ ਕੋ ਹਮ ਲੋਗ ਭੋਗ ਲਗਾਤੇ ਹੈਂ। ਔਰ ਖਿਮਾ ਸੀਲ ਔਰ ਸਾਂਤ ਸੁਭਾਵ ਰਖ ਕਰ ਇੰਦਰੀਓਂ ਕਾ ਦਮਨ ਕਰਤੇ ਹੈਂ। ਔਰ ਪੁੰਨ ਦੇਸ਼ੋਂ ਮੇਂ ਵਾਸ ਕਰਕੇ ਤੀਰਥੋਂ ਪਰ ਦਾਨ ਦੇਤੇ ਹੈਂ। ਹੇ ਰਾਜਾ ਔ ਮ੍ਰਿਤੂ ਕੇ ਜੀਤਨੇ ਕਾ ਪਹਿਲੇ ਸਮਸਤ ਕਾਰਨ ਹਮ ਨੇ ਤੁਮ ਲੋਗੋਂ ਸੇ ਕਹਾ ਹੈ। ਅਬ ਤੁਮ ਸਭ ਜਾਓ ਤੁਮ ਕੋ ਬ੍ਰਾਹਮਣ ਕੇ ਮਾਰਨੇ ਕਾ ਪਾਪ ਨਾ ਲਗੇਗਾ। ਯਹਿ ਸੁਨ ਡੰਡਵਤ ਕਰ ਸਭ ਚਲੇ ਗਏ। ਸਤ ਬੋਲਨੇ ਕਾ ਯੇ ਸਭ ਫਲ ਹੈ। ਪਾਂਚਵਾ ਮਨ ਕਾ ਸਮਨ ਰੂਪੀ ਤਪ ਕਰੇ। ਛੇਵਾਂ ਜੋ ਦੇਵੀ ਸੰਪਤੀ ਕੇ ਉਤਮ ਗੁਨ ਹੈਂ ਇਨਕੋ ਨਿਗ੍ਰਹ ਨਾਮ ਸੰਗ੍ਰਹਿ ਕਰੇ। ਵਾ ਗੁਣ ਨਾਮ ਇੰਦ੍ਰੀਆਂ ਕੇ ਨਿਗ੍ਰਹ ਨਾਮ ਦਮਨ ਕਰੇ। ਸਾਤਵਾਂ ਸਭ ਕੋ ਹਰੀ ਰੂਪੀ ਜਾਨ ਕਰ ਸਭ ਪਰ ਕਿਰਪਾ ਕਰੇ। ਮਾਤਾ ਕੀ ਭਗਤੀ ਪਿਤਾ ਕੀ ਭਗਤੀ ਗੁਰੂ ਕੀ ਭਗਤੀ ਸਤ ਬੋਲਨਾ ਤਪ ਕਰਨਾ ਗੁਨ ਕਾ ਸੰਗ੍ਰਹਿ ਵਾ ਦਮਨ ਅਰ ਸਭ ਪਰ ਦਯਾ ਕਰਨੀ ਯੇ ਸਤ ਅੰਤਰ ਕੇ ਤੀਰਥ ਹੈਂ। ਇਹ ਸਾਤੋਂ ਹੀ ਅੰਦਰੋਂ ਬਾਹਰੋਂ ਪਵਿਤ੍ਰ ਕਰਨੇ ਵਾਲੇ ਹੈਂ।



Scanned by CamScanner

ਭਾਵ ਇਨਾਂ ਕੇ ਧਾਰਨੇ ਸੇ ਮਨ ਸੁਧ ਹੋ ਜਾਵੇ ਹੈ। ਇਸ ਮੇਂ ਸੰਸਾ ਨਹੀਂ ਹੈ। ਅਧਿਕਾਰੀਓਂ ਕੇ ਭੇਦ ਸੇ ਮਹਾਤਮੋਂ ਨੇ ਸਾਸਤ੍ਰ ਮੇਂ ਅਨੇਕ ਤਰੋਂ ਕੇ ਔਰ ਭੀ ਤੀਰਥ ਕਹੇ ਹੈਂ ਸੋ ਅਬ ਦਿਖਾਤੇ ਹੈ॥

**ਸਲੋਕ॥ਵਿਦਿਆ ਤੀਰਥੇ ਜਗਤੀ ਵਿਬੁਧਾ। ਸਾਧ ਵਾ ਸਤਜ ਤੀਰਥੇ ਗੰਗਾ ਤੀਰਥੇ ਮਲਿਨ ਮਨਸੋ ਯੋਗੀ ਨਾ ਧਿਆਨ ਤੀਰਥੇ। ਧਾਰਾ ਤੀਰਥੇ ਧਰਨ ਪਤਿਓ ਦਾਨ ਤੀਰਥੇ ਧਨਾਢਿ ਯਾ। ਲੱਜਾ ਤੀਰਥੇ ਕੁਲ ਯੁਵਤਿਆ ਪਾਤਕੰ ਖਜਾਲ ਜੰਤੀ॥**

ਅਰਥ ਇਹ ਹੈ॥ ਵਿਦਿਆਰਥੀ ਬਾਲਕ ਵਿਦਿਆ ਰੂਪੀ ਤੀਰਥ ਮੇਂ ਮੂੰਰਖਤਾਦੀ ਪਾਪਾਂ ਕੋ ਪਰ ਖਜਾਲਨ ਕਰੇ। ਭਾਵ ਏਹ ਹੈ ਬਾਲਕੋਂ ਕਾ ਵਿਦਜਾ ਰੂਪੀ ਤੀਰਥ ਹੈ। ਸਾਧੂਆਂ ਕਾ ਸਤ ਰੂਪੀ ਤੀਰਥ ਹੈ। ਤਿਸ ਮੇਂ ਆਪਨੇ ਪਾਪੋਂ ਕਾ ਨਾਸ ਕਰੇ। ਅਤਯੰਤ ਜੋ ਮਲਿਨ ਮਨ ਪੁਰਸ਼ ਹੈ ਸੋ ਗੰਗਾਦੀ ਤੀਰਥੋਂ ਮੇਂ ਆਪਨੇ ਪਾਪਾਂ ਕੋ ਨਿਬ੍ਰਤੀ ਕਰੇ। ਯੋਗੀ ਜਨ ਪਰਮਾਤਮਾ ਕੇ ਧਿਆਨ ਰੂਪੀ ਤੀਰਥ ਸੇ ਆਪਨੇ ਪਾਪੋਂ ਕਾ ਨਾਸ ਕਰੇ। ਦੁਸਟੋਂ ਕੇ ਦਮਨ ਕਰਨੇ ਕੇ ਲੀਏ ਖੜਗ ਧਾਰਾ ਰੂਪੀ ਤੀਰਥ ਮੇਂ ਰਾਜਾ ਆਪਨੇ ਪਾਪਾਂ ਕਾ ਨਾਸ ਕਰੇ। ਧਨੀ ਪੁਰਸ਼ ਦਾਨ ਰੂਪੀ ਤੀਰਥ ਮੇਂ ਆਪਨੇ ਪਾਪੋਂ ਕਾ ਨਾਸ ਕਰੇ। ਸੁਭ ਕੁਲ ਕੀ ਇਸਤ੍ਰੀਆਂ ਲਜਾ ਰੂਪੀ ਤੀਰਥ ਮੇਂ ਆਪਨੇ ਪਾਪੋਂ ਕਾ ਨਾਸ ਕਰੇ। ਭਾਵ ਪਤਿਬ੍ਰਤ ਧਰਮ ਰਖੇ। ਇਤੀ। ਗ੍ਰਹਿਸਥੀ ਪੁਰਸ਼ ਕਾ ਮੁਖ ਧਰਮ ਅਤਿਥੂ ਕੀ ਸੇਵਾ ਕਰਨੀ। ਬ੍ਰਹਮਚਾਰੀ ਕਾ ਮੁਖ ਧਰਮ ਗੁਰੂ ਕੀ ਸੇਵਾ ਕਰਨੀ। ਬਾਨਪ੍ਰਸਤੀ ਕਾ ਮੁਖ ਧਰਮ ਤਪ ਕਰਨਾ। ਸੰਨਿਆਸੀ ਕਾ ਮੁਖ ਧਰਮ ਬ੍ਰਹਮ ਵਿਦਿਆ ਕਾ ਵਿਚਾਰ ਕਰਨਾ। ਇਨੋ ਵਤਿ ਜਗਿਯਾਸੂ ਕਾ ਮੁਖ ਧਰਮ ਮਲ ਵਿਖੇਪ ਸੇ ਰਹਿਤ ਚਤੁਸਟੇ ਸਾਧਨ ਸਪੰਨ ਹੋਣਾ। ਯੇ ਜਗਿਯਾਸੂ ਕਾ ਭੂਸ਼ਨ ਹੈ॥ ਸੰਕਾ॥ ਅਬ ਮੁਝਕੋ ਭੂਸ਼ਨ ਔਰ ਭੀ ਕਹੋ॥ਸਮਾਧਾਨ॥ਆਗੇ ਦਿਖਾਤੇ ਹੈਂ। ਤੁਮ ਸੁਨੋ॥ਮੂਲ॥

ਕਬਿਤ॥ ਸੀਤਲ ਸੁਗੰਧ ਮੰਦ ਭੂਖਨ ਪ੍ਰਭੰਜਨ ਕੋ ਧਰਮ ਸ੍ਰਜਸ



ਬਾਣੀ ਮੌਨ ਕੇ ਬਿਚਾਰੀ ਹੈ। ਖਿਮਾ ਤਪ ਧਾਰੀ ਵਿਦਿਆ ਵਿਪ੍ਰ ਕੋ ਉਚਾਰੀ ਨਿਜ ਪਤਿਬ੍ਰਤਿ ਨਾਰੀ ਧਨ ਦਾਨ ਪਾਤਰ ਭਾਰੀ ਹੈ। ਉਪਸਮ ਗਿਆਨੀ ਪੁਨਿ ਪੰਡਤ ਅਮਾਨੀ ਸੂਰ ਸੰਜਮ ਸ੍ਰਬਾਨੀ ਨਰਪਤਿ ਨੀਤ ਪਿਆਰੀ ਹੈ। ਦੇਹ ਕੋ ਪ੍ਰਧਾਨ ਦਰਿਗ ਮ੍ਰਿਦੁਤਾ ਮਹਾਨ ਜਗ ਭਗਵਾਨ ਪਾਦ ਬ੍ਰਿਗੁ ਬੰਦਨਾ ਹਮਾਰੀ ਹੈ॥ ੮॥

ਟੀਕਾ॥ਵਾਯੂ ਕਾ ਯੇ ਭੂਸ਼ਨ ਹੈ। ਸੀਤਲ ਕਹੀਏ ਠੰਡੀ ਔਰ ਸੁਗੰਧ ਵਾਲੀ ਅਰ ਮੰਦ ਨਾਮ ਧੀਰੇ ਧੀਰੇ ਚਲੇ। ਪ੍ਰਭੰਜਨ ਨਾਮ ਯੇ ਪਵਨ ਕਾ ਭੂਖਨ ਹੈ॥ਭਾਵ॥ਇਨਾਂ ਤੀਨ ਬਾਤੋਂ ਸੇ ਪਵਨ ਸੋਭਾ ਪਾਤੀ ਹੈ॥ਸੰਕਾ॥ ਧਰਮ ਕਾ ਅਰ ਸ੍ਰੇਸਟ ਜਸ ਕਾ ਭੂਸ਼ਨ ਕਿਆ ਹੈ॥ ਸਮਾਧਾਨ॥ ਮੂਲ॥

**ਧਰਮ ਸ੍ਰਜਸ ਬਾਣੀ ਮੌਨ ਕੋ ਬਿਚਾਰੀ ਹੈ।**

ਧਰਮ ਕਰਕੇ ਤਥਾ ਸ੍ਰੇਸਟ ਜਸ ਲੈ ਕੇ ਮਹਾਤਮੋਂ ਨੇ ਵਿਚਾਰ ਕੇ ਯੇ ਕਹਾ ਹੈ ਜੋ ਮੌਨ ਰਹਿਨਾ ਏ ਉਸਕਾ ਭੂਸ਼ਨ ਹੈ। ਇਸਕਾ ਭਾਵ ਯੇ ਹੈ। ਧਰਮ ਕਰਕੇ ਅਰ ਜਸ ਲੈਕੇ ਮੌਨ ਰਹੇ ਤਾਂ ਸੁਭ ਹੋਤਾ ਹੈ। ਨਹੀਂ ਫੇਰ ਧਰਮ ਅਰ ਜ਼ਸ ਚਲਾ ਜਾਤਾ ਹੈ ਅਰ ਆਪਨਾ ਧਰਮ ਕੀਆ ਹੂਆ ਆਪਨੀ ਬਾਨੀ ਸੇ ਜਬ ਹਰ ਏਕ ਕੋ ਕਹੇਗਾ ਤਬ ਜਜਾਤੀ ਵਤ ਧਰਮ ਨਸ਼ਟ ਹੋ ਜਾਇਗਾ। ਇਸੀ ਵਾਸਤੇ ਧਰਮ ਕਰਕੇ ਚੁਪ ਰਹੇ ਕਿਸੀ ਆਗੇ ਨਾਮ ਨਾ ਲਏ ਆਪਨਾ ਜਸ ਸੁਨਕੇ ਆਪਨੇ ਮੁਖ ਸੇ ਨਾਰਦ ਵਤ ਆਪਨੀ ਵਡਿਆਈ ਨਾ ਕਰਨੇ ਲਗ ਜਾਵੇ ਹਮ ਐਸੇ ਹੈਂ। ਇਸੀ ਵਾਸਤੇ ਇਨਾਂ ਦੋਨੋਂ ਬਾਤੋਂ ਮੇਂ ਮੌਨ ਹੀ ਭੂਸ਼ਨ ਹੈ॥੧॥ਸੰਕਾ॥ਤਪਸੀ ਕਾ ਕਿਆ ਭੂਸ਼ਨ ਹੈ॥ਸਮਾਧਾਨ॥ਮੂਲ॥ਖਿਮਾ ਤਪ ਧਾਰੀ। ਤਪ ਕਰਨੇ ਵਾਲੇ ਕਾ ਭੂਸ਼ਨ ਖਿਮਾ ਹੈ। ਕਾਹਿਤੇ। ਤਪ ਕਰਕੇ ਹਰ ਏਕ ਕੋ ਦੁਰਬਾਸਾ ਵਤਿ ਸ੍ਰਾਪ ਦੇਂਦਾ ਰਹੇਗਾ ਤਬ ਉਸਕਾ ਸਾਰਾ ਤਪ੍ ਨਸ਼ਟ ਹੋ ਜਾਇਗਾ। ਇਸ ਵਾਸਤੇ ਤਪਸੀ ਕਾ ਭੂਸ਼ਨ ਖਿਮਾ ਹੈ॥ ਸੰਕਾ॥ ਬ੍ਰਾਹਮਣੋਂ ਕਾ ਕਿਆ ਭੂਸ਼ਨ ਹੈ॥ ਸਮਾਧਾਨ॥ਮੂਲ॥ਵਿਦਿਆ ਵਿਪ੍ਰ ਕੋ ਉਚਾਰੀ। ਸਾਸਤ੍ਰ ਮੇਂ ਬ੍ਰਾਹਮਣੋਂ ਕਾ



Scanned by CamScanner

ਭੂਸ਼ਨ ਵਿਦਿਆ ਉਚਾਰਨ ਕਰੀ ਹੈ। ਬ੍ਰਾਹਮਣ ਵਿਦਿਆ ਬਿਨਾ ਸੋਭਾ ਨਹੀਂ ਪਾਤਾ। ਬ੍ਰਾਹਮਣ ਕਾ ਵਿਦਿਆ ਭੂਸ਼ਨ ਹੈ॥ ਸੰਕਾ॥ ਇਸਤ੍ਰੀਓਂ ਕਾ ਕਿਆ ਭੂਸ਼ਨ ਹੈ॥ ਸਮਾਧਾਨ॥ ਮੂਲ॥ ਨਿਜ ਪਤਿ ਬ੍ਰਤ ਨਾਰੀ। ਪਤਿਬ੍ਰਤਾ ਧਰਮ ਇਸਤ੍ਰੀਓਂ ਕਾ ਆਪਨਾ ਮੁਖ ਧਰਮ ਹੈ॥ ਸੰਕਾ॥ ਇਨਾਂ ਇਸਤ੍ਰੀਓਂ ਕੇ ਧਰਮ ਮੁਝਕੋ ਖੋਲ ਕੇ ਸੁਣਾਓ॥ਸਮਾਧਾਨ॥ਹਮ ਕਹਿਤੇ ਹੈਂ ਤੁਮ ਸੁਨੋ। ਅਰਿੰਨ ਕਾਡ ਮੇਂ ਅਨਸੂਆ ਇਸਤ੍ਰੀਓਂ ਕੇ ਧਰਮ ਸੀਤਾ ਕੋ ਸੁਣਾਤੀ ਹੈ। ਚੌਪਈ॥ ਕਹਿ ਰਿਖ ਬਧੂ ਸਰਲ ਮ੍ਰਿਦ ਥਾਨੀ। ਨਾਰਿ ਧਰਮ ਕਛੁ ਬਿਯਾਜ ਬਖਾਨੀ। ਮਾਤੁ ਪਿਤਾ ਭ੍ਰਾਤਾ ਹਿਤਕਾਰੀ। ਮਿਤ ਸੁਖ ਪ੍ਰਦ ਸੁਨ ਰਾਜ ਕੁਮਾਰੀ। ੧। ਅਮਿਤ ਦਾਨ ਭਰਤਾ ਵੈ ਦੇਹੀ। ਅਧਮ ਸੋ ਨਰ ਜੋ ਸੇਵਨ ਤੇਹੀ। ਧੀਰਜ ਧਰਮ ਮਿਤ੍ਰ ਅਰ ਨਾਰੀ। ਆਪਦ ਕਾਲ ਪਰਖਿ ਯੇ ਚਾਰੀ। ੨। ਬ੍ਰਿਧ ਰੋਗ ਵਸ ਜੜ ਧਨ ਹੀਨਾ। ਅੰਧ ਬਰਿਧ ਕ੍ਰੋਧੀ ਅਤਿ ਦੀਨਾ। ਐਸੇ ਹੁ ਪਤਿ ਕਰ ਕਿਯ ਅਪਮਾਨਾ। ਨਾਰ ਪਾਵ ਯਮ ਪੁਰ ਦੁਖ ਨਾਨਾ। ੩। ਏਕੈ ਧਰਮ ਏਕ ਬ੍ਰਤ ਨੇਮਾ। ਕਾਇ ਵਚਨ ਮਨ ਪਤਿ ਮਦ ਪ੍ਰੇਮਾ। ੪। ਜਗ ਪਤਿ ਬ੍ਰਤਾ ਚਾਰ ਵਿਧੰ ਅਹਿ ਹੀ। ਵੇਦ ਪੁਰਾਨ ਸੰਤ ਅਸਕਹਿਹੀ।

**ਦੋਹਿਰਾ॥ ਊਤਮ ਮਧਮ ਨੀਚ ਲਘੁ ਸਕਲ ਕਹੌ ਸਮਝਾਇ। ਆਗੇ ਸੁਨਹਿ ਤੇਭਵ ਤਰਹਿ ਸੁਨਹੁ ਸੀਯ ਚਿਤ ਲਾਇ।**

ਚੌਪਈ॥ ਊਤਮ ਕੇ ਅਸ ਵਸ ਮਨ ਮਾਹੀ। ਸੁਪਨਿਓ ਆਨ ਪੁਰਖ ਜਗ ਨਾਹੀ। ਮਧਿਮ ਪਰ ਪਤਿ ਦੇਖਹਿ ਕੈਸੇ। ਭਰਾਤਾ ਪਿਤਾ ਪੁਤਰ ਨਿਜ ਜੈਸੇ। ਧਰਮ ਵਿਕਾਰ ਸਮਝ ਕੁਲ ਰਹਹੀ। ਸੋ ਨਿਕ੍ਰਸਟ ਤਿਯ ਸਰੁਤ ਅਸਕਹਹੀ। ਬਿਨ ਅਵਸਰ ਭਯ ਤੇ ਰਹ ਜੋਈ। ਜਾਨਿਹੁ ਅਧਮ ਨਾਰ ਜਗ ਸੋਈ। ਪਤਿ ਵੰਚਨ ਪਰ ਪਤ ਰਤਿ ਕਰਈ। ਰੋਰਵ ਨਰਕ ਕਲਪ ਸਤ ਪਰਈ। ਖਿਣ ਸੁਖ ਲਾਗ ਜਨਮ ਸਤ ਕੋਟੀ। ਦੁਖ ਨ ਸਮਝ ਤੇਹਿਸਮ



ਕੋ ਖੋਟੀ। ਬਿਨੁ ਸਰਮ ਨਾਰ ਪਰਮ ਗਤ ਲਹਈ। ਪਤਿਬਰਤ ਧਰਮ ਛਡ ਛਲ ਗਹਈ। ਪਤਿ ਪਰਤਿਕੂਲ ਜਨਮ ਜਹਜਾਈ। ਵਿਧਵਾ ਹੋਇ ਪਾਇ ਤਰਣਾਈ।

**ਸੋਰਠਾ॥ ਸਹਜ ਅਪਾਵਨ ਨਾਰ ਪਤਿ ਸੇਵਤ ਸੁਭ ਗਤ ਲਹਹਿ। ਯਸ ਗਾਵਤ ਸਰੁਤ ਚਾਰ ਅਜ ਹੂੰ ਤੁਲਸੀ ਹਰਿਹਿ ਪ੍ਰਿਯ॥**

ਟੀਕਾ॥ ਪਤੀ ਸੇ ਬਿਨਾ ਦੂਜਾ ਪੁਰਸ਼ ਨਜ਼ਰ ਨਾ ਆਵੇ। ਯੇ ਇਸਤ੍ਰੀਓਂ ਕਾ ਭੂਸ਼ਨ ਹੈ॥ਸੰਕਾ॥ਧਨ ਕਾ ਕੀ ਭੂਸ਼ਨ ਹੈ॥ਸਮਾਧਾਨ॥ ਮੂਲ॥ਧਨ ਦਾਨ ਪਾਤਰ ਭਾਰੀ ਹੈ। ਅਧਿਕਾਰੀ ਕੋ ਜੋ ਧਨ ਕਾ ਦਾਨ ਦੇਨਾ ਯੇ ਧਨ ਕਾ ਵਡਾ ਭਾਰੀ ਭੂਸ਼ਨ ਹੈ॥ਸੰਕਾ॥ਪਾਤਰ ਕਿਸ ਕੋ ਕਹੇ ਹੈ॥ਸਮਾਧਾਨ॥ਜੋ ਪੁਰਸ਼ ਪਰਮੇਸ੍ਵਰ ਕਾ ਭਜਨ ਕਰਤਾ ਹੋ ਅਰ ਸਾਂਤ ਚਿਤ ਹੋ ਅਧਿਕ ਤ੍ਰਿਸਨਾਵਾਨ ਨਾ ਹੋ, ਜੋ ਲੇਕਰ ਭਲੇ ਪਾਸੇ ਲਗਾਵੇ ਵਿਸਿਆਂ ਮੇਂ ਖਰਚ ਨਾ ਕਰੇ ਤਿਸਕੋ ਅਧਿਕਾਰੀ ਵਾ ਪਾਤਰ ਕਹੇ ਹੈ। ਖੁਧਿਆਵਾਨ ਗਰੀਬ ਅਭਿਆਗਤ ਕੋ ਦਾਨ ਦੇਨਾ ਯੋਗ ਹੈ। ਯੇ ਧਨ ਕਾ ਭੂਸ਼ਨ ਹੈ॥ ੨॥ ਸੰਕਾ॥ ਗਿਆਨਵਾਨ ਕਾ ਕੀ ਭੂਸ਼ਨ ਹੈ॥ ਸਮਾਧਾਨ॥ ਮੂਲ॥ ਉਪਸਮ ਗਿਆਨੀ॥ਗਿਆਨਵਾਨ ਕਾ ਉਪਸਮ ਨਾਮ ਵੈਰਾਗ ਭੂਸ਼ਨ ਹੈ। ਗਿਆਨੀ ਧਨ ਕਾ ਲਾਲਚੀ ਹੋਵੇ ਤਬ ਸੋਭਾ ਨਹੀਂ ਪਾਵੇ ਹੈ। ਸਾਸਤਰ ਮੇਂ ਕਹਾ ਹੈ। ਨਿਸਚੈ ਮੇਂ ਗਿਆਨ ਮੁਖ ਸੇ ਭਗਤੀ ਵਰਤਨ ਮੇਂ ਵੈਰਾਗ ਹੋ ਤੋ ਗਿਆਨਵਾਨ ਸੋਭਾ ਪਾਵੇ ਹੈ॥ ਸੰਕਾ॥ ਗਿਆਨ ਕਿਸ ਕੋ ਕਹੇ ਹੈ॥ ਸਮਾਧਾਨ॥

**ਚੌਪਈ ॥ਜੀਵ ਬਰਹਮ ਏਕਤਾ ਜੋਈ। ਹਸਤ ਬਿਲ ਸਮ ਭਾਸੈ ਸੋਈ। ਸਰੁਤੀ ਯਾਹਿ ਕੋ ਗਿਆਨ ਬਖਾਨੈ। ਜਾਕੋ ਪਾਇ ਹੋਇ ਭਵ ਹਾਨੈ।**



Scanned by CamScanner

ਏ ਗਯਾਨ ਕਾ ਸਰੂਪ ਹੈ॥ ਸੰਕਾ॥ ਪੰਡਤ ਕਾ ਕੀ ਭੂਸ਼ਨ ਹੈ॥ ਸਮਾਧਾਨ॥ਮੂਲ॥ਪੁੰਨ ਪੰਡਤ ਅਮਾਨੀ। ਪੁਨਾ ਵਿਦ੍ਵਾਨ ਪੰਡਤ ਹੰਕਾਰ ਸੇ ਰਹਿਤ ਹੋਨਾ ਵਿਦਿਆ ਕਾ ਮਾਨ ਨਾ ਕਰਨਾ ਨਿਰਹੰਕਾਰ ਹੋਕਰ ਸੰਸਾਰ ਮੇਂ ਰਹਿਨਾ ਯੇ ਪੰਡਤ ਕਾ ਭੂਸ਼ਨ ਹੈ॥ ਦ੍ਰਿਸਟਾਂਤ॥ ਉੂਪਰ ਸੇ ਜੈਸੇ ਫਲ ਰਹਿਤ ਬ੍ਰਿਛ ਕੀ ਸਾਖਾ ਉਚੀਆਂ ਹੋ ਜਾਵੇ ਹੈ। ਜਬ ਫਲ ਪੜੇ ਹੈ ਤਬ ਸਾਖਾ ਨੀਵੀਆਂ ਹੋ ਜਾਵੇ ਹੈ॥ ਦ੍ਰਿਸਟਾਂਤ॥ ਤੈਸੇ ਜੋ ਉੂਤਮ ਪੁਰਸ਼ ਹੈ ਵਿਦਿਆ ਵਾ ਧਨ ਕੋ ਪਾਕਰ ਹੰਕਾਰ ਨਹੀਂ ਕਰੇ ਹੈ ਉਲਟਾ ਚਿਤ ਸੇ ਨੀਵੇ, ਹੋ ਜਾਵੇ ਹੈ। ਅਰ ਜੋ ਵਿਦਿਆ ਪੜ ਕੇ ਹੰਕਾਰ ਕਰਤੇ ਹੈ। ਸੋ ਤੁਮ ਜਾਨੋ ਵਿਦਿਆ ਨੇ ਉਨਕੋ ਉਲਟਾ ਫਲ ਦੀਆ ਹੈ॥ ਸੰਕਾ॥ ਸੂਰਮੇਂ ਕਾ ਕੀ ਭੂਸ਼ਨ ਹੈ॥ ਸਮਾਧਾਨ॥ ਮੂਲ॥ ਸੂਰ ਸੰਜਮਸ੍ਰ ਬਾਣੀ। ਬਾਣੀ ਕਾ ਸੰਜਮ ਕਰਨਾ ਯੇ ਸੂਰਬੀਰ ਕਾ ਭੂਸ਼ਨ ਹੈ। ਆਪਨੀ ਬਾਨੀ ਕਰ ਯੇ ਕਹਿੰਦਾ ਫਿਰੇ ਮੈਂ ਵਡਾ ਸੂਰਬੀਰ ਹਾਂ। ਮੈਂ ਆਪਨੇ ਆਗੇ ਕਿਸੀ ਕੋ ਠਹਿਰਨੇ ਦੇਤਾ ਨਹੀਂ ਹੂੰ। ਐਸੇ ਕਹਿਨੇ ਕਰ ਸੂਰਮਾ ਸੋਭਾ ਨਹੀਂ ਪਾਵੇ ਹੈ। ਜੋ ਕਹਿਤਾ ਹੈ ਸੋ ਸੂਰਮਾ ਨਹੀਂ ਜੋ ਕਹੇ ਨਹੀਂ ਅਰ ਕਰਕੇ ਦਿਖਾਵੇ ਦੇਵੇ ਸੋ ਸੂਰਮਾ ਹੈ। ਇਸ ਪਰ ਰਾਮ ਰਾਵਣ ਕੀ ਗਾਥਾ ਹੈ। ਜਿਸ ਸਮੇਂ ਕੁੰਭਕਰਨ ਮੇਘਨਾਦ ਸੇ ਆਦ ਲੇਕਰ ਰਾਵਨ ਕਾ ਸਭ ਪਰਵਾਰ ਮਾਰਾ ਗਯਾ ਤਬ ਰਾਵਨ ਕੋ ਅਤੀ ਸ਼ੋਕ ਹੂਆ। ਚਤੁਰੰਗਨੀ ਸੈਨਾ ਸਾਥ ਲੇਕਰ ਸੰਗ੍ਰਾਮ ਭੂਮੀ ਮੇਂ ਆਇ ਕਰ ਸ੍ਰੀ ਰਾਮ ਚੰਦਰ ਕੋ ਪੁਕਾਰ ਕੇ ਕਹਿਨੇ ਲਗਾ॥ ਚੌਪਈ॥ ਜੀਤਿਓ ਜੇ ਭਟ ਸੰਯੁਗ ਮਾਹੀ। ਸੁਨ ਤਾਪਸ ਮੇਂ ਤਿਨ ਸਮ ਨਾਹੀਂ। ਰਾਵਣ ਨਾਮ ਜਗਤ ਯਸ ਜਾਨਾ। ਲੋਕ ਪਾਲ ਜਹਿ ਬੰਦੀਖਾਨਾ। ਖਰ ਦੂਖਣ ਵਿਰਾਧ ਤੁਮ ਮਾਰਾ। ਹਤਿਉ ਬਿਆਧ ਇਵ ਬਾਲ ਵਿਚਾਰਾ। ਨਿਸਚਰ ਸੁਭਟ ਸਕਲ ਸੰਹਾਰੇ। ਕੁੰਭਕਰਨ ਘਨ ਨਾਦਹਿ ਮਾਰੇ। ਆਜ ਵੈਰ ਸਭ ਲੇਹੁ ਨਿਬਾਹੀ। ਜੋ ਰਣ ਭੂਮ ਭਾਗ ਨਹਿ ਜਾਹੀ। ਆਜ ਕਰੋ ਖਲੁ ਕਾਲ ਹਵਾਲੇ। ਪਰਿਉ ਕਠਨ ਰਾਵਣ ਕੇ ਪਾਲੇ॥ ਸ੍ਰੀ ਰਾਮੋ ਵਾਚ॥ ਐਸੇ ਸੁਨਕੇ ਸ੍ਰੀ ਰਾਮ ਚੰਦਰ ਜੀ ਕਹਿਨੇ ਲਗੇ॥



**ਚੌਪਈ॥ ਸੁਨ ਦੁਰਵਚਨ ਕਾਲ ਵਸ ਜਾਨਾ। ਬਿਹੱਸ ਵਚਨ ਕਹਿ ਕਿਰਪਾ ਨਿਧਾਨਾ। ਸਤਜ ਸਤਜ ਤਵ ਸਭ ਪ੍ਰਭ ਤਾਈ। ਜਨ ਜਲ ਪਸ ਦੇਖਵ ਮਨੁਸਾਈ॥**

ਛੰਦ॥ ਜਨ ਜਲ ਪਨਾ ਕਰ ਨਾਸਹਿ ਨੀਤ ਸੁਨ ਸਠ ਕਰ ਖਿਮਾ। ਸੰਸਾਰ ਮਹਿ ਪੁਰਖ ਤ੍ਰਿਵਿਧ ਪਾਟਲ ਰਸਾਲ ਪਨਸ ਸਮਾ। ਇਕ ਸੁ ਮਨ ਪ੍ਰਦ ਇਕ ਸੁ ਮਨ ਫਲ ਇਕ ਫਲੈ ਕੇਵਲ ਲਾਗਹੀ। ਇਕ ਕਹਹਿ ਕਰਹਿ ਕਹਿ ਕਰ ਇਕ ਕਰਹਿ ਨ ਬਾਗ ਹੀ। ਹੇ ਰਾਵਣ ਸੰਸਾਰ ਮੇਂ ਤੀਨ ਤਰੋਂ ਕੇ ਬ੍ਰਿਛ ਹੈਂ। ਏਕ ਗੁਲਾਬ ਕਾ ਦੂਜਾ ਆਂਬ ਕਾ ਤੀਜਾ ਕਟੈਹਲ ਕਾ। ਗੁਲਾਬ ਦੇ ਬੂਟੇ ਨੂੰ ਫੂਲ ਪੜਤੇ ਹੈ ਫਲ ਨਹੀਂ। ਆਂਬ ਕੇ ਬੂਟੇ ਨੂੰ ਪਹਿਲੇ ਫੂਲ ਫੇਰ ਫਲ ਪੜਤੇ ਹੈਂ। ਕਟੈਹਲ ਨੂੰ ਫਲ ਪੜਤਾ ਹੈ ਫੂਲ ਨਹੀਂ। ਐਸੇ ਹੀ ਸੰਸਾਰ ਮੇਂ ਤੀਨ ਪ੍ਰਕਾਰ ਕੇ ਪੁਰਸ਼ ਹੈਂ। ਕਹਿਨਾ ਬਹੁਤ ਕਰ ਨਾ ਕੁਛ ਨਾ ਸੋ ਗੁਲਾਬ ਦੇ ਬੂਟੇ ਵਤਿ ਹੈ। ਦੂਜਾ ਕਹਿਤੇ ਭੀ ਹੈਂ ਅਰ ਕੁਛ ਕਰਕੇ ਦਿਖਾ ਭੀ ਦੇਤੇ ਹੈਂ। ਸੋ ਆਂਬ ਕੇ ਬ੍ਰਿਛ ਵਤਿ ਹੈ। ਤੀਜਾ ਕਹਿਤੇ ਕੁਛ ਨਹੀਂ ਕਰਕੇ ਦਿਖਾਇ ਦੇਤੇ ਹੈਂ। ਸੋ ਕਟੈਹਲ ਕੇ ਬ੍ਰਿਛ ਵਤ ਹੈਂ। ਹੇ ਰਾਵਣ ਜੇਕਰ ਤੂੰ ਸੂਰਮਾ ਹੈ ਤੋ ਕਰਕੇ ਦਿਖਾ ਦੇ ਹਮ ਤੇਰੇ ਆਗੇ ਖੜੇ ਹੈਂ ਤੂੰ ਇਤਨਾ ਬੋਲਤਾ ਕਾਹੇ ਕੋ ਹੈ। ਜੋ ਬੋਲਤਾ ਹੈ ਸੋ ਸੂਰਮਾ ਨਹੀਂ ਹੈ ਯਾਤੇ ਨਾ ਬੋਲਨਾ ਹੀ ਸੂਰਮੇਂ ਕਾ ਭੂਸ਼ਨ ਹੈ॥ ਸੰਕਾ॥ ਰਾਜੇ ਕਾ ਕਿਆ ਭੂਸ਼ਨ ਹੈ॥ ਸਮਾਧਾਨ॥ ਮੂਲ॥ ਨਰ ਪਤਿ ਨੀਤ ਪਿਆਰੀ ਹੈ। ਨਰਪਤ ਨਾਮ ਰਾਜੇ ਕੋ ਨੀਤੀ ਸੇ ਬਿਨਾ ਔਰ ਕੋਈ ਚੀਜ਼ ਪਿਆਰੀ ਨਾ ਹੋਵੇ॥ ਭਾਵ॥ ਧਰਮ ਸਾਸਤ੍ਰ ਔਰ ਨੀਤੀ ਮੇਂ ਕੁਸਲ ਹੋਵੇ ਯੇ ਰਾਜੇ ਕਾ ਭੂਸ਼ਨ ਹੈ। ੩॥ ਸੰਕਾ॥ ਇਸ ਦੇਹ ਕਾ ਕੀ ਭੂਸ਼ਨ ਹੈ॥ ਸਮਾਧਾਨ॥ ਮੂਲ॥ ਦੇਹ ਕੋ ਪਰਧਾਨ ਦਿਰਗ। ਇਸ ਸਰੀਰ ਕਾ ਪਰਧਾਨ ਨਾਮ ਮੁਖ ਭੂਸ਼ਨ ਨੇਤ੍ਰ ਹੈ। ਕਾਹਿਤੇ। ਜੇਕਰ ਨੇਤਰ ਨਾ ਹੋਵੇ ਫੇਰ ਏ ਸਰੀਰ ਕੰਧ ਕੇ ਸਮਾਨ ਹੈ। ਨੇਤਰ ਗਏ ਜਹਾਨ ਗਯਾ। ਦੰਦ ਗਏ ਸ੍ਵਾਦ ਗਯਾ ਯੇ ਲੌਕਿਕ ਪਰਮਾਨ ਹੈ।



Scanned by CamScanner

ਯਾਤੇ ਨੇਤਰ ਦੇਹ ਕਾ ਭੂਸ਼ਨ ਹੈ॥ ਸੰਕਾ॥ ਨੇਤਰੋਂ ਕਾ ਭੂਸ਼ਨ ਕੀ ਹੈ॥ ਸਮਾਧਾਨ॥ਮੂਲ। ਮ੍ਰਿਦੁਤਾ ਮਹਾਨ। ਮਹਾਨ ਕੋਮਲਤਾ ਯੇ ਨੇਤਰੋਂ ਕਾ ਭੂਸ਼ਨ ਹੈ। ਕਾਹਿਤੇ। ਸਾਰੇ ਸਰੀਰ ਵਿਚੋਂ ਨੇਤਰ ਨਾਜਕ ਹੈ। ਯਾਤੇ ਕੋਮਲਤਾ ਨੇਤ੍ਰੋਂ ਕਾ ਭੂਸ਼ਨ ਹੈ॥ ਸੰਕਾ॥ ਇਸ ਮਾਨੁਖ ਸਰੀਰ ਕਾ ਭੂਸ਼ਨ ਕੀ ਹੈ॥ਸਮਾਧਾਨ॥ਅਥਵਾ। ਮੂਲ॥ ਦੇਹ ਕੋ ਪਰਧਾਨ ਦਿਰਗ। ਇਸ ਮਾਨੁਖ ਸਰੀਰ ਕਾ ਮੁਖ ਵਿਚਾਰ ਰੂਪੀ ਨੇਤਰ ਹੈ। ਕਾਹਿਤੇ। ਜੋ ਮਾਨੁਖ ਸਰੀਰ ਧਾਰਕੇ ਵਿਚਾਰ ਰੂਪੀ ਨੇਤਰ ਸੰਪਾਦਨ ਨਹੀਂ ਕਰਤਾ ਉਸਕੋ ਲਖ ਲਾਨਤ ਹੈ। ਯਾਤੇ ਵਿਚਾਰ ਰੂਪੀ ਨੇਤਰ ਮਾਨੁਖ ਸਰੀਰ ਕਾ ਭੂਸ਼ਨ ਹੈ। ਸੰਕਾ॥ ਕਿਸ ਕੇ ਵਿਚਾਰ ਰੂਪੀ ਨੇਤਰ ਹੈ ਉਸਕਾ ਭੂਸ਼ਨ ਕੀ ਹੈ॥ ਸਮਾਧਾਨ॥ਮੂਲ। ਮ੍ਰਿਦੁਤਾ ਮਹਾਨ। ਉਸਕਾ ਮਹਾਨ ਪੁਰਸ਼ ਕੋ ਮਿਰਦੁਤਾ ਨਾਮ ਕੋਮਲਤਾ ਰਖਨੀ ਹਛੀ ਹੈ। ਭਾਵ। ਵਿਚਾਰਵਾਨ ਕਾ ਕੋਮਲਤਾ ਭੂਸ਼ਨ ਹੈ॥ ਸੰਕਾ॥ ਇਸ ਜਗਤ ਮੇਂ ਭੂਸ਼ਨ ਰੂਪ ਕਿਆ ਹੈ॥ਸਮਾਧਾਨ॥ ਮੂਲ। ਜਗ ਭਗਵਾਨ। ਇਸ ਸੰਸਾਰ ਮੇਂ ਖਟ ਭਗਾ ਸੰਯੁਗਤ ਜੋ ਸ੍ਰੀ ਭਗਵਾਨ ਹੈ ਸੋ ਭੂਸ਼ਨ ਹੈ। ਕਾਹਿਤੇ। ਭਗਵਾਨ ਤੇ ਬਿਨਾ ਸਭ ਜਗਤ ਅਸਾਰ ਰੂਪ ਹੈ। ਭਗਵਾਨ ਕਾ ਨਾਮ ਹੀ ਸਾਰ ਰੂਪ ਹੈ॥ ਸੰਕਾ॥ ਇਸ ਭਗਵਾਨ ਕਾ ਭੂਸ਼ਨ ਕੀ ਹੈ॥ ਸਮਾਧਾਨ॥ ਮੂਲ॥ ਪਾਦ ਭ੍ਰਿਗੁ। ਸ੍ਰੀ ਭਗਵਾਨ ਜੀ ਕੇ ਤਨ ਮੇਂ ਜੋ ਭਿਰਗੂ ਕੇ ਚਰਨੋਂ ਕਾ ਚਿੰਨ੍ਹ ਹੈ। ਯੇ ਉਨ ਕਾ ਭੂਸ਼ਨ ਹੈ। ਕਾਹਿਤੇ। ਜਬ ਭਗਵਾਨ ਕੋ ਭਿਰਗੂ ਨੇ ਲਤ ਮਾਰੀ ਹੈ ਤਬ ਭਗਵਾਨ ਨੇ ਪਰਸੰਨ ਹੋ ਕੇ ਕਹਾ ਹੇ ਭਿਰਗੂ ਜੀ ਜੋ ਜੋ ਮੈ ਅਵਤਾਰ ਧਾਰਨ ਕਰੂੰਗਾ ਸਭ ਅਵਤਾਰੋਂ ਮੇਂ ਆਪ ਕੇ ਚਰਨੋਂ ਕਾ ਚਿੰਨ੍ਹ ਹੋਗਾ। ਯਾਤੇ ਭਗਵਾਨ ਕਾ ਭੂਸ਼ਨ ਭਿਰਗੂ ਪਾਦ ਹੈ॥ ਸੰਕਾ॥ ਹੇ ਕਵੀ ਤੁਮਾਰਾ ਕੀ ਭੂਸ਼ਨ ਹੈ॥ਸਮਾਧਾਨ॥ਮੂਲ॥ ਬੰਦਨਾ ਹਮਾਰੀ ਹੈ। ਭਿਰਗੂ ਪਾਦ ਕੇ ਚਿੰਨ੍ਹੋਂ ਵਾਲੇ ਭਗਵਾਨ ਕੋ ਮਨ ਕ੍ਰਮ ਵਚਨ ਸੇ ਮੇਰੀ ਨਿਮਸਕਾਰ ਹੋਵੈ। ਏਹੀ ਮੇਰਾ ਭੂਸ਼ਨ ਹੈ॥ ੪ ॥ ੮ ॥ ਆਗੇ ਫੇਰ ਇਸੀ ਬਾਤ ਕੋ ਕਹੇ ਹੈ॥ ਮੂਲ॥



**ਸ੍ਵੈਯਾ॥ਧਨਵਾਨ ਖਿਮਾ ਧ੍ਰਿਤ ਜ੍ਵਾਨਤਪੀ ਸਰੁਤ ਮੋਨ ਕੁਵਾਕ ਨਿਜੈ ਜਸ ਤੇ। ਪਰ ਕਾਮ ਮਰੇ ਸ੍ਰ ਧਰੇ ਧਰਮਾ ਕਰਹੈ ਕਰੁਣਾ ਬ੍ਰਿਧ ਤੇ ਪਸੁਤੇ। ਪਰ ਖੇਦ ਸਹੇ ਨ ਸਹੇ ਪਰ ਖੇਦ ਯਥਾ ਸੁਖ ਮੋਦ ਅਘੈ ਤ੍ਰਸਤੇ। ਕਬ ਹੂੰ ਕਰਤੇ ਨਸਤੇ ਦਸ ਤੇ ਹਸਤੇ ਹਸਤੇ ਸ੍ਵਰਗੇ ਬਸਤੇ॥੯॥**

ਟੀਕਾ॥ ਸੰਕਾ॥ ਧਨਵਾਨ ਪੁਰਸ਼ ਕਾ ਭੂਸ਼ਨ ਕੀ ਹੈ॥ ਸਮਾਧਾਨ॥ ਮੂਲ॥ ਧਨਵਾਨ ਖਿਮਾ॥ ਧਨੀ ਪੁਰਸ਼ ਕੋ ਖਿਮਾ ਕਰਨੀ ਸ੍ਰੇਸਟ ਹੈ॥ ਕਾਹਿਤੇ॥ਧਨ ਈਸ੍ਵਰਜ ਕੋ ਪਾਇ ਕਰ ਹਰ ਏਕ ਪੁਰਸ਼ ਕਾ ਮਨ ਹੰਕਾਰ ਕੋ ਪ੍ਰਾਪਤ ਹੋ ਜਾਵੇ ਹੈ।

**ਮਾਇਆਧਾਰੀ ਅਤਿ ਅੰਨਾ ਬੋਲਾ॥ ਸਬਦੁ ਨ ਸੁਣਈ ਬਹੁ ਰੋਲ ਘਚੋਲਾ।**

ਯੇ ਗੁਰੂ ਪ੍ਰਮਾਨ ਹੈ॥

**ਐਸਾ ਕੋ ਜਨਮਿਓ ਜਗ ਮਾਹੀ। ਪ੍ਰਭਤਾ ਪਾਇ ਜਾਸ ਮਦ ਨਾਹੀ॥**

ਯਾਤੇ ਧਨ ਵਾਨ ਪੁਰਸ਼ ਕਾ ਖਿਮਾ ਕਰਨਾ ਭੂਸ਼ਨ ਹੈ॥ਸੰਕਾ॥ਜਵਾਨ ਪੁਰਸ਼ ਕਾ ਭੂਸ਼ਨ ਕੀ ਹੈ॥ ਸਮਾਧਾਨ॥ ਮੂਲ॥ ਧਿਰਤ ਜਵਾਨ ਤਪੀ ਕਾਇਆ ਕਾ ਸੂਸਕ ਕਰਨਾ ਵਾ ਮਨ ਕਾ ਸਮਨ ਰੂਪੀ ਤਪ ਕਰਨਾ ਤੇ ਧੀਰਜ ਕਰਨਾ ਸਰਾਪ ਦੇਨੇ ਮੈਂ ਛੇਤੀ ਨ ਕਰੇ। ਯੇ ਜਵਾਨ ਪੁਰਸ਼ ਕਾ ਭੂਸ਼ਨ ਹੈ। ਵਾ ਜ੍ਵਾਨ ਪੁਰਸ਼ ਕੋ ਤਪ ਧਿਰਤ ਤਪ ਕਰਨਾ ਸ੍ਰੇਸਟ ਹੈ। ਕੁਵਾਕ ਖੋਟੇ ਵਾਕ ਕੇ ਕਹਿਨੇ ਤੇ ਨਿਜ ਨਾਮ ਆਪਨਾ ਜਸ ਸਰੁਤ ਨਾਮ ਕਾਨੋਂ ਸੇ ਸੁਨਨੇ ਤੇ ਮੋਨ ਰਹੇ ਹੰਕਾਰ ਨਾ ਕਰੇ ਖੋਟੇ ਵਚਨ ਕਹਿਨੇ ਵਾਲੇ ਕੋ ਭੀ ਕੋਮਲ ਵਾਕ ਕਹੇ। ਯੇ ਉਸਕਾ ਭੂਸ਼ਨ ਹੈ॥ਅਥਵਾ॥ਜਵਾਨ ਪੁਰਸ਼ ਕਾ ਧਿਰਤ ਨਾਮ ਧੀਰਜ ਕਰਨਾ ਭੂਸ਼ਨ ਹੈ। ਤਪੀ ਪੁਰਸ਼ ਕੋ ਕੋਮਲ ਸੁਭਾਵ ਰਖਨਾ



Scanned by CamScanner

ਯੇ ਇਸਕਾ ਭੂਸ਼ਨ ਹੈ। ਮ੍ਰਿਦੁ ਨਾਮ ਕੋਮਲਤਾ ਕਾ ਹੈ। ਮ੍ਰਿਦੁ ਪਾਠਕ ਹੀ ਪਾਠਾਂਤਰ ਪਾਠ ਹੈ। ਦੂਸਰੇ ਕੇ ਵਾਕ ਸੁਨ ਕਰ ਅਰ ਆਪਨਾ ਜਸ ਸੁਨ ਕਰ ਜੋ ਸਮ ਭਾਵ ਰਹਿਨਾ ਯੇ ਮੌਨੀ ਕਾ ਭੂਸ਼ਨ ਹੈ॥੧॥ਸੰਕਾ॥ਇਸ ਪੁਰਸ਼ ਕੋ ਕੀ ਕਰਨੇ ਯੋਗ ਹੈ॥ਸਮਾਧਾਨ॥ਮੂਲ॥ਪਰ ਕਾਮ ਮਰੇ। ਪਰ ਕਾਮ ਕਰੇ। ਭਾਵ ਪਰਾਏ ਕਾਮ ਕੇ ਲੀਏ ਯਾਨੇ ਪਰਸ੍ਵਾਰਥ ਵਾਸਤੇ ਮਰਨਾ ਹੋਵੇ ਤੋ ਭੀ ਮਨਜ਼ੂਰ ਕਰ ਲਏ ਦਧੀਚ ਕੇ ਮਨਿੰਦ ਜਹਾਂ ਤਕ ਹੋ ਦੂਸਰੇ ਕਾ ਕਾਰਜ ਕਰ ਦੇਵੇ ਆਲਸ ਨ ਕਰੇ॥ਮੂਲ॥ਸ੍ਵਧਰੇ ਧਰਮਾ। ਇਸ ਸ੍ਵੈ ਧਰਮ ਕੋ ਧਾਰਨ ਕਰੇ॥ਸੰਕਾ॥ਸ੍ਵੈ ਧਰਮ ਵਹੁ ਕੌਨ ਹੈ॥ਸਮਾਧਾਨ॥ਮੂਲ॥ ਕਰ ਹੈ ਕਰੁਣਾ ਬ੍ਰਿਧ ਤੇ ਪਸੁ ਤੇ। ਕ੍ਰਿਪਾ ਕਰੇ ਬ੍ਰਿਧ ਨਾਮ ਬੁਢੇ ਪੁਰਸ਼ ਪਰ ਤੇ ਬ੍ਰਿਧ ਕੋ ਮੁਠੀ ਚਾਪੀ ਪਾਨੀ ਪਖਾ ਕਰੇ। ਤੇ ਪਸੂ ਨਾਮ ਗਊਆਂ ਤੇ ਕਿਰਪਾ ਕਰੇ ਘਾਸ ਲੂਨ ਦੇਵੇ॥੨॥ਮੂਲ॥ਪਰ ਖੇਦ ਸਹੇ। ਪਰ ਕਹੀਏ ਭਲੀ ਪ੍ਰਕਾਰ ਜੇ ਕੋਈ ਖੇਦ ਨਾਮ ਕਸ਼ਟ ਦੇਵੇ ਗਾਲਾਂ ਦੇਵੇ ਵਾ ਕੋਈ ਮਾਰੇ ਤਾਂ ਆਪ ਸਹਾਰ ਲਏ ਧੀਰਜ ਕਰਕੇ॥ਮੂਲ॥ਨਾ ਸਹੇ ਪਰ ਖੇਦ। ਪਰ ਨਾਮ ਦੂਸਰੇ ਕੋ ਕੋਈ ਖੇਦ ਹੋ ਤਪ ਹੈ ਵਾ ਪੇਟ ਪੀੜਾ ਹੈ। ਜਹਾਂ ਤਕ ਬਨੇ ਤਿਸਕੋ ਰਾਜੀ ਕਰਨੇ ਕਾ ਉਪਾਵ ਕਰੇ। ਭਾਵ ਦੂਸਰੇ ਕਾ ਕਸ਼ਟ ਨਾ ਦੇਖ ਸਕੇ। ਕਿੰਤੂ ਪਰ ਖੇਦ ਸਹੇ। ਦੂਜਾ ਖੇਦ ਦੇਵੇ ਤਾਂ ਸਹਾਰ ਲਵੇ ਨਾ ਸਹੇ ਪਰ ਖੇਦ। ਪਰ ਕੋ ਖੇਦ ਹੋਣਾ ਨਾ ਸਹਾਰੇ॥ਸੰਕਾ॥ਆਪਨੇ ਸਰੀਰ ਪਰ ਕਸ਼ਟ ਆਵੇ ਫੇਰ ਕਿਆ ਕਰੇ॥ਸਮਾਧਾਨ॥ਮੂਲ॥ਯਥਾ ਸੁਖ ਮੋਦ। ਜੈਸੇ ਆਪਨੇ ਕਰਮਾਨੁਸਾਰ ਸੁਖ ਵਾ ਦੁਖ ਆਨ ਪ੍ਰਾਪਤ ਹੋਵੇ ਉਸੀ ਮੇਂ ਪ੍ਰਸੰਨ ਰਹੇ ਕਿਸੀ ਪਰ ਗਿਲਾ ਨਾ ਕਰੇ। ਇਸ ਮੇਂ ਗੁਰੂ ਪ੍ਰਮਾਨ॥

**ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ॥ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ॥**

ਭਾਵ॥ਪ੍ਰਸੰਨ ਹੋ ਕੇ ਭੋਗੇ॥ਸੰਕਾ॥ਪਾਪੋਂ ਮੇਂ ਕੈਸੇ ਕਰੇ॥ਸਮਾਧਾਨ॥ ਮੂਲ॥ਅਘੈ ਤ੍ਰਸਤੇ। ਫੇਰ ਹਰ ਸਮੇਂ ਪਾਪੋਂ ਸੇ ਡਰੇ ਪਾਪ ਨਾ ਕਰੇ॥ਇਸ



ਮੇਂ ਗੁਰੂ ਪ੍ਰਮਾਨ॥ਨਰ ਅਚੇਤ ਪਾਪ ਤੇ ਡਰ ਰੇ॥੩॥ਸੰਕਾ॥ਕਿਸੀ ਸਮੇਂ ਕਾ ਪੁੰਨ ਦਾਨ ਕਰਾ ਹੂਆ ਵਹੁ ਦਸਤੇ ਹੈਂ ਵਾ ਨਹੀਂ॥ਸਮਾਧਾਨ॥ਮੂਲ॥ ਕਬਹੂੰ ਕਰਤੇ ਨਸਤੇ ਦਸਤੇ। ਯੇ ਅਖਰ ਐਸੇ ਅਨ੍ਵੈ ਕਰਨੇ। ਕਬਹੂੰ ਕਰਤੇ ਦਸਤੇ ਨਸਤੇ। ਜੋ ਮਹਾਨ ਪੁਰਸ਼ੋਂ ਨੇ ਕਬੀ ਕਿਸੀ ਕਾਲ ਮੇਂ ਕੋਈ ਪੁੰਨ ਦਾਨ ਵਾ ਭਜਨ ਪਾਠ ਕਰਾ ਹੈ। ਜਬ ਉਨ ਸੇ ਕੋਈ ਪੂਛੇ ਕਿ ਤੁਮਨੇ ਆਪਨੇ ਹਾਥ ਸੇ ਕੌਨ ਕੌਨ ਪੁੰਨ ਕੀਆ ਹੈ। ਵਹੁ ਅਗੇ ਸੇ ਦਸਨੇ ਮੈ ਮਹਾਨ ਪੁਰਸ਼ ਨਸਤੇ ਹੈ। ਭਾਵ ਬਤਾਤੇ ਨਹੀਂ ਕਹੇਂਗੇ ਜੀ ਹਮ ਕਿਆ ਕਰਨਾ ਹੈ॥ਅਥਵਾ॥ਮੂਲ॥ਕਬਹੂੰ ਕਰਤੇ ਨਸਤੇ ਦਸਤੇ। ਈਹਾਂ ਸੇ ਅਰਥ ਲੈਨਾ ਸਤੇ ਨਾਮ ਚੋਰੀ ਕਾ ਹੈ ਦਸਤੇ ਨਾਮ ਹਾਥ ਕਾ ਹੈ। ਸੋ ਮਹਾਨ ਪੁਰਸ਼ ਆਪਨੇ ਹਾਥੋਂ ਸੇ ਚੋਰੀ ਕਬਹੂੰ ਨਾ ਕਰਤੇ। ਭਾਵ ਕਬੀ ਚੋਰੀ ਨਹੀਂ ਕਰਤੇ ਮੈ ਦੇਹੋਹੰ ਜੋ ਐਸੇ ਕਹਿਤੇ ਹੈਂ ਯਹਿ ਏਕ ਕਿਸਮ ਕੀ ਚੋਰੀ ਹੈ। ਆਪਨੇ ਆਤਮਾ ਕੋ ਛਪਾ ਰਖਨਾ ਅਰ ਦੇਹੋਹੰ ਕਹਿਨਾ ਇਸੀ ਕੇ ਪਰਤਾਪ ਕਰਕੇ ਅਨੇਕ ਜਨਮ ਪਾਤੇ ਹੈਂ। ਐਸੀ ਚੋਰੀ ਮਹਾਨ ਪੁਰਸ਼ ਨਹੀ ਕਰਤੇ। ਸਿਵੋਹੰ ਸੁਧੋਹੰ ਨਿਧੜਕ ਕਹਿਤੇ ਰਹਿਤੇ ਹੈਂ। ਵਾ ਦੂਸਰੀ ਧਨ ਆਦਿਕੋਂ ਕੀ ਚੋਰੀ ਨਹੀਂ ਕਰਤੇ। ਯੇ ਧਰਮ ਸਭ ਕੋ ਧਾਰਨੇ ਯੋਗ ਹੈ॥ਸੰਕਾ॥ਇਨਾਂ ਕੇ ਧਾਰਨੇ ਸੇ ਫਲ ਕੀ ਹੋਵੇ ਹੈ॥ਸਮਾਧਾਨ॥ਜੋ ਸ੍ਵੈਯੇ ਮੇਂ ਹਮ ਪਾਛੇ ਦਸ ਗੁਨ ਕਹਿ ਆਏ ਹੈਂ। ਜਿਨਾਂ ਮੇਂ ਇਹ ਗੁਨ ਘਟਤੇ ਹੈਂ॥ਮੂਲ॥ਹਸਤੇ ਹਸਤੇ ਸ੍ਵਰਗੇ ਬਸਤੇ। ਸੋ ਹਸਦੇ ਹਸਦੇ ਜਾ ਕੇ ਸ੍ਵਰਗ ਮੇਂ ਵਸਦੇ ਹੈਂ। ਭਾਵ ਸਰੀਰ ਤਿਆਗ ਕੇ ਫੇਰ ਸ੍ਵਰਗ ਮੇਂ ਨਿਵਾਸ ਕਰਤੇ ਹੈ। ਇਸ ਮੇਂ ਸੰਸਾ ਨਹੀਂ ਹੈ ਕਿੰਵਾ ਹੰਸਾ ਕੇ ਵਤ ਉਜਲ ਹੋ ਕੇ ਸ੍ਵਰਗ ਮੇਂ ਜਾ ਕੇ ਵਸਤੇ ਹੈ। ਵਾ ਦੇਹੰ ਕੋ ਤਿਆਗ ਕੇ ਮੋਖ ਕੋ ਪ੍ਰਾਪਤ ਹੋਵੇ ਹੈ। ਯੇ ਇਨ ਗੁਨਾਂ ਕੇ ਧਾਰਨੇ ਕਾ ਫਲ ਹੈ। ਜਗਯਾਸੂ ਕੋ ਭੀ ਏਹੀ ਗੁਨ ਧਾਰਨੇ ਯੋਗ ਹੈ। ਅਬ ਚਤੁਰਥ ਧਿਆਇ ਸਮਾਪਤ ਹੋ ਗਯਾ ਹੈ। ਅਬ ਕਵੀ ਛੰਦੋਂ ਕੀ ਗਿਨਤੀ ਕਹੇ ਹੈ॥

**ਦੋਹਿਰਾ॥ਦੋ ਸ੍ਵੈਯੇ ਦੋਹਰੇ ਪਾਂਚ ਕਬਿਤ ਸੁ ਏਕ। ਅਸ੍ਵ ਛੰਦ ਚਿਤ ਕਸ੍ਵ ਕੋ ਕਰੈ ਨਸਟ ਖਿਨ ਏਕ॥੧੦॥**



Scanned by CamScanner

ਟੀਕਾ॥ ਦੋ ਸ੍ਵੈਯੇ ਹੈ ੨ ਦੋਹੇ ਪਾਂਚ ਹੈ ੫ ਕਬਿਤ ਏਕ ਹੈ ੧। ਯੇ ਸਾਰੇ ਅਸਟ ਛੰਦ ਹੈ। ਜੋ ਇਨਕੇ ਭਾਵ ਕੋ ਧਾਰਨ ਕਰੇਗਾ ਤਿਸਕੇ ਚਿਤ ਕੇ ਦੁਖ ਖਿਨ ਮੇਂ ਕਟ ਦੇਵੇ ਹੈ॥

ਇਤਿ ਸ੍ਰੀ ਸਾਰੁਕੁਤਾਵਲੀ ਤਾਸ ਚਤੁਰਥੋ ਧਿਯਾਇ। ਗਯਾਨ ਨਿਰੂਪਯੋ ਤਾਸ ਮੈ ਕਵਿ ਹਰਦਿਆਲ ਸੁਭਾਇ। ਅਰਥ ਸਪਸਟ ਹੈ॥

**ਦੋਹਿਰਾ॥ ਸੁਭਾਸੁਭ ਕੇ ਗਯਾਨ ਹਿਤ ਸਾਧਨ ਕਹੇ ਅਨੇਕ। ਜੋ ਨਰ ਇਨ ਕੋ ਧਾਰ ਹੈ ਪਾਵੈ ਸੋਇ ਬਿਬੇਕ। ਕਿਰਪਾ ਕਰੀ ਜਬ ਈਸ ਨੇ ਧਿਆਇ ਸਮਾਪਤ ਕੀਨ। ਜੁਵਾਲਾ ਦਾਸ ਕੀ ਬੇਨਤੀ ਪਾਠ ਕਰੋ ਚਿਤ ਦੀਨ॥**

ਤੀਸਰਾ ਧਿਆਇ ਸਲੋਕ ੧੪

ਮਿਰਤ ਲੋਕ ਖਿਤ ਭਾਰ ਤੇ। ਇਹ ਗਾਥਾ ਤਹਾਂ ਲਗਾਇ ਲੈਨੀ ਏਕ ਸੌ ਪੰਝੀ ਸਫੇ ਪਰ॥

ਇਸ ਪਰ ਏਕ ਗਾਥਾ ਹੈ

ਏਕ ਸਮੇਂ ਧਰਤੀ ਪਰ ਅਧਰਮ ਫੈਲ ਗਯਾ। ਜਹਾਂ ਕਹਾਂ ਪਾਪ ਹੋਣੇ ਲਗ ਪੜੇ। ਤਬ ਧਰਤੀ ਗਊ ਕਾ ਰੂਪ ਧਾਰ ਕੇ ਖੀਰ ਸਮੁੰਦਰ ਮੇਂ ਵਿਸ਼ਨੂੰ ਕੇ ਆਗੇ ਜਾ ਪੁਕਾਰੀ ਹੇ ਭਗਵਾਨ ਮੈਂ ਬੋਝ ਸੇ ਵਿਆਕਲ ਹੁਈ ਇਸ ਲੀਏ ਆਪਕੀ ਸਰਨ ਆਈ ਹੂੰ। ਮੇਰੀ ਰਖਿਆ ਕਰੀਏ। ਐਸੇ ਸੁਨਕੇ ਵਿਸ਼ਨੂੰ ਭਗਵਾਨ ਜੀ ਅਸਚਰਜ ਹੂਏ। ਪੂਛਾ ਤੇਰੇ ਕੋ ਕਿਸਕਾ ਬੋਝ ਹੈ। ਤੇਰਾ ਤੋ ਨਾਮ ਅਚਲਾ ਹੈ। ਅਰ ਖਿਮਾ ਕੀ ਮੂਰਤੀ ਹੈ। ਤਬ ਪ੍ਰਿਥਵੀ ਹਾਥ ਜੋੜ ਰੁਦਨ ਕਰ ਕਹਿਨੇ ਲਗੀ ਹੇ ਤ੍ਰਿਲੋਕੀ ਨਾਥ ਔਰ ਕਿਸੀ ਕਾ ਮੁਝਕੋ ਬੋਝ ਨਹੀਂ ਹੈ। ਜੋ ਤੁਮਾਰੀ ਭਗਤ ਸੇ ਰਹਿਤ ਹੈ ਸੋ ਉਸਕਾ ਬੋਝ ਮੇਰੇ ਸੇ ਨਹੀਂ ਸਹਾਰਾ ਜਾਤਾ।



**ਸਲੋਕ॥ ਨਾ ਪਰਬਤੋ ਭਾਰਸਜ ਨਾ ਭਾਰ ਬਨਾਸਪਤੀ। ਵਿਸਨੂੰ ਭਗਤੀ ਵਿਹੀਨਸਜ ਤਸਜ ਭਾਰ ਸਦਾ ਮਮ॥**

ਐਸੇ ਖੁਦ ਆਪਨੇ ਮੁਖ ਸੇ ਪ੍ਰਿਥਵੀ ਨੇ ਕਹਾ ਹੈ। ਭਗਵਾਨ ਨੇ ਕਹਾ ਹਛਾ ਹਮ ਦੁਸਟਾਂ ਕਾ ਨਾਸ ਕਰੇਂਗੇ॥

**ਸ੍ਵੈਯਾ॥ ਸੇਸ਼ ਵਿਚਾਰ ਕੀਓ ਮਨ ਮੇਂ ਪ੍ਰਭੁ ਭੂਮੀ ਕੋ ਭਾਰ ਨਹੀ ਕੁਛ ਭਾਰੀ। ਅਠਾਰਾ ਭਾਰ ਬਨਾਸਪਤੀ ਕੋ ਅਰ ਸਾਤ ਸਮੁੰਦ੍ਰ ਲੀਓ ਸਿਰ ਧਾਰੀ। ਸੁਮੇਰ ਕਲਾਸ ਭਏ ਹਰਏ ਗਿਰ ਔਰ ਜੋ ਭਾਰ ਸੁ ਕੌਨ ਵਿਚਾਰੀ। ਸਤਿ ਸੰਗਤ ਹੈ ਹਰਿ ਨਾਮ ਬਿਨਾ ਨਰ ਸੋ ਪ੍ਰਭ ਮੋ ਪੈ ਨ ਜਾਤ ਸਹਾਰੀ॥**

ਅਰਥ ਸਪਸਟ ਹੈ॥ ਭਾਵ॥ ਸ਼ੇਸ਼ ਨਾਗ ਜੀ ਆਪਨੇ ਮੁਖ ਸੇ ਸ੍ਰੀ ਭਗਵਾਨ ਕੇ ਆਗੇ ਐਸੇ ਕਹਿ ਰਹੇ ਹੈ॥ ਇਤਿ ਸ੍ਰੀ ਸਾਰੁਕੁਤਾਵਲੀ ਤਤੁ ਬੋਧਨੀ ਟੀਕਾ ਕ੍ਰਿਤ ਪਰਮ ਹੰਸ ਸੰਤ ਜੁਵਾਲਾ ਦਾਸ ਉਦਾਸੀਨ ਉਤਮ ਗਿਆਨ ਵਰਨਨੰ ਚਤੁਰਥੋ ਧਿਆਇ॥ ੪॥

★★★



Scanned by CamScanner

ੴ ਸਤਿਗੁਰ ਪ੍ਰਸਾਦਿ॥

# ਅਥ ਪੰਚਮ ਧਿਆਇ ਪ੍ਰਾਰੰਭ

ਪੰਚਮ ਧਿਆਇ ਮੇਂ ਜੋ ਪ੍ਰਕਰਨ ਨਿਰੂਪਨ ਕਰਨਾ ਹੈ। ਅਰ ਜਿਤਨੇ ਇਸ ਧਿਆਇ ਕੇ ਛੰਦ ਹੈਂ। ਗ੍ਰੰਥ ਕਰਤਾ ਜੀ ਪੰਚਮ ਧਿਆਇ ਕੇ ਆਦ ਮੇਂ ਅਬ ਸੂਚਨ ਕਰਾਤੇ ਹੈਂ।

**ਦੋਹਿਰਾ॥ ਅਥ ਪੰਚਮ ਅਧਜਾਇ ਮੈ ਵਰਨਨ ਕਰੈ ਵਿਚਾਰ। ਖਸ੍ਰ ਛੰਦ ਚਿਤ ਚੰਦ ਜਨ ਸਰੁਤ ਧਰ ਸੁਣੋ ਉਦਾਰ॥ ੧ ॥**

ਟੀਕਾ॥ਅਥ ਕਹੀਏ ਇਸ ਚਤੁਰਥ ਧਿਆਇ ਸੇ ਉਪਰੰਤ ਪਾਂਚਵੇਂ ਅਧਜਾਇ ਮੇਂ ਜਗਿਯਾਸੂ ਕੋ ਹੇ ਉਪਾਦੇਇ ਕਿਆ ਹੈ। ਇਸ ਸ੍ਰੇਸ੍ਰ ਵਿਚਾਰ ਕਾ ਨਿਰੂਪਨ ਕਰੋਗੇ। ਭਾਵ ਏਹੁ ਹੈ। ਤਿਆਗਨੇ ਯੋਗ ਕੀ ਹੈ। ਅਰ ਗ੍ਰਹਿਨ ਕਰਨੇ ਯੋਗ ਕੀ ਹੈ। ਇਸ ਬਾਤ ਕਾ ਵਿਚਾਰ ਨਿਰੂਪਨ ਹੋਇਗਾ॥ ੧॥ਛੇ ਇਸ ਕੇ ਛੰਦ ਹੈਂ। ਯੇ ਛੇ ਛੰਦ ਕੈਸੇ ਹੈਂ ਸਭ ਪੁਰਸ਼ਾਂ ਕੇ ਚਿਤ ਰੂਪੀ ਕਵੀਆਂ ਕੋ ਚੰਦ੍ਰਮਾਂ ਵਤ ਖਿੜਾਨੇ ਵਾਲੇ ਹੈਂ। ਉਦਾਰ ਨਾਮ ਹੇ ਪੁਰਸ਼ੋ ਸੁਰਤ ਨਾਮ ਕਾਨ ਦੇਕਰ ਤੁਮ ਸੁਨੋ॥ ਸੰਕਾ॥ ਲੌਕਿਕ ਪ੍ਰਲੋਕਿਕ ਵਡਿਆਈ ਕੈਸੀ ਪ੍ਰਾਪਤ ਹੋਵੇ ਹੈ॥ਸਮਾਧਾਨ॥ਮੂਲ॥

**ਚੌਪਈ॥ਗੌਰਵ ਪ੍ਰਾਪਤ ਦਾਨ ਕਰੇ ਧਨ। ਧੰਨ ਸੰਗ੍ਰਹਿ ਕਰ ਗੌਰਵ ਨਹਿ ਜਨ। ਸਭ ਤੇ ਊਚੇ ਬਾਰਦ ਜੈਸੇ। ਬਾਰਧ ਅਧੇ ਭਏ ਪੁਨ ਤੈਸੇ॥੨॥**



ਟੀਕਾ॥ ਜੇਕਰ ਈਸ਼੍ਰਰ ਨੇ ਧਨ ਦੀਆ ਹੋਵੈ ਉਸ ਧਨ ਦੇ ਦਾਨ ਕਰਨੇ ਸੇ ਗੌਰਵ ਨਾਮ ਵਡਿਆਈ ਪ੍ਰਾਪਤ ਹੋਵੇ ਹੈ। ਭਾਵ। ਸਾਧ ਸੰਤ ਕੀ ਸੇਵਾ ਕਰਨੇ ਸੇ ਅਰ ਬ੍ਰਾਹਮਣੋਂ ਸੇ ਯਗ ਹੋਮ ਕਰਾਨੇ ਸੇ ਗਰੀਬ ਕੰਗਾਲਾਂ ਕੋ ਅੰਨ ਬਸਤ੍ਰ ਦੇਨੇ ਸੇ ਦੋਨੋਂ ਲੋਕੋਂ ਮੇਂ ਜਸ ਪਾਵੈ ਹੈ॥ ਸੰਕਾ॥ ਵਡਿਆਈ ਕੀ ਪ੍ਰਾਪਤੀ ਕੈਸੇ ਨਹੀਂ ਹੋਵੇ ਹੈ॥ਸਮਾਧਾਨ॥ਇਸ ਧਨ ਕੇ ਸੰਗ੍ਰਹਿ ਨਾਮ ਇਕਠੇ ਕਰਨੇ ਕਰ ਵਡਿਆਈ ਨਹੀਂ ਪ੍ਰਾਪਤ ਹੋਵੈ ਹੈ। ਜੋ ਧਨ ਆਇਆ ਸੋ ਅੰਦਰ ਜਮਾਂ ਕਰੀ ਜਾਵੇ। ਨਾ ਉਸ ਧਨ ਸੇ ਸਾਧ ਬ੍ਰਾਹਮਣ ਕੀ ਸੇਵਾ ਕਰੇ ਨਾ ਖੂਹਿਆ ਤਲਾਵ ਬਾਵਲੀ ਲਗਾਵੇ। ਨਾ ਧੀ ਭੈਣ ਵਰਸਾਵੇ। ਐਸਾ ਜੋ ਐਸਾ ਜੋ ਸੂਮ ਲੋਭੀ ਪੁਰਸ਼ ਹੈ ਉਸਕੀ ਉਲਟੀ ਨਿੰਦਾ ਹੋਤੀ ਹੈ। ਭਾਵ ਮੈਂ ਕੀ ਆਇਆ। ਜੋ ਧਨ ਕੋ ਪਾਇ ਕਰ ਦਾਨ ਪੁੰਨ ਕਰਤੇ ਹੈਂ। ਉਨਕੋ ਜਸ ਮਿਲੇ ਹੈ। ਜੋ ਧਨ ਪਾਇ ਕਰ ਦਾਨ ਪੁੰਨ ਨਹੀਂ ਕਰਤੇ। ਵੋ ਨਿੰਦਾ ਕੋ ਪਾਵੇ ਹੈ। ਇਸ ਪਰ ਦ੍ਰਿਸਟਾਂਤ। ਬਾਰਦ ਨਾਮ ਮੇਘੋਂ ਕਾ ਹੈ। ਦੇਖੋ ਜੈਸੇ ਬਾਦਰ ਜਲ ਕੀ ਬ੍ਰਸਟੀ ਸੇ ਜਲ ਕਾ ਤਿਆਗ ਕਰਤੇ ਹੈਂ। ਇਸੀ ਉਦਾਰਤਾ ਕੇ ਪ੍ਰਤਾਪ ਸੇ ਸਭ ਤੇ ਊਚੇ ਬਰਾਜਮਾਨ ਹੋ ਰਹੇ ਹੈਂ। ਪੁਨਾ ਨਾਮ ਔਰ ਦੇਖੋ ਬਾਰਧ ਨਾਮ ਸਮੁੰਦਰ ਕਾ ਹੈ। ਜੋ ਜਲ ਕੋ ਧਾਰੇ ਸੋ ਸਮੁੰਦਰ ਕਹੀਏ ਹੈ। ਸਭ ਨਦੀਆਂ ਕਾ ਜਲ ਸਮੁੰਦਰ ਮੇਂ ਜਾ ਕੇ ਇਕਠਾ ਹੋਵੇ ਹੈ। ਸਮੁੰਦਰ ਕਬੀ ਨਦੀਓਂ ਸੇ ਤ੍ਰਿਪਤ ਨਹੀ ਹੂਆ। ਇਸੀ ਸੂਮਤਾ ਕੇ ਪ੍ਰਤਾਪ ਕਰਕੇ ਤੈਸੇ ਸਮੁੰਦਰ ਸਭ ਸੇ ਨੀਵਾਂ ਹੋ ਰਹਾ ਹੈ। ਦ੍ਰਿਸਟਾਂਤ ਤੈਸੇ ਧਨ ਕੇ ਖਰਚ ਕਰਨੇ ਵਾਲੇ ਕਾ ਜਸ ਹੋਵੇ ਹੈ। ਨਹੀਂ ਕਰਨੇ ਵਾਲੇ ਕਾ ਅਪਜਸ ਹੋਵੇ ਹੈ। ਇਸ ਪਰ ਏਕ ਗਾਥਾ ਹੈ। ਇਕ ਸਮੇਂ ਸ੍ਰੀ ਅਨੰਦਪੁਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕਾ ਦਰਬਾਰ ਭਾਵ ਸਭਾ ਲਗ ਰਹੀ ਥੀ। ਅਰ ਆਪਨੇ ਮੁਖਾਰਬੰਦ ਸੇ ਮਾਇਆ ਕੀ ਨਿਸੇਧੀ ਕਾ ਪ੍ਰਕਰਨ ਚਲਾ ਰਹੇ ਥੇ। ਪ੍ਰਾਪਤੀ ਕਾਲ ਮੇਂ ਦੁਖ ਰੂਪ ਹੈ ਰਖਿਆ ਕਾਲ ਮੇਂ ਭੀ ਦੁਖ ਰੂਪ ਹੈ। ਜਬ ਚਲੀ ਜਾਇ ਤਬ ਪ੍ਰਾਨਾਂ ਕੋ ਭੀ ਸਾਥ ਲੇ ਜਾਤੀ ਹੈ। ਇਸ ਨਾਗਨੀ ਮਾਯਾ ਸੇ ਸਦਾ ਡਰਤੇ ਰਹੋ। ਜਬ ਐਸੇ ਉਚਾਰਨ ਕਰ ਰਹੇ ਥੇ ਉਸੀ ਸਮੇਂ ਅਤੀ ਮਲੀਨ ਕਪੜੇ ਪਹਿਰੇ ਹੂਏ ਏਕ ਪੁਰਸ਼ ਇ ਗਯਾ। ਉਸ



Scanned by CamScanner

ਕਾ ਨਾ ਤੋ ਗੁਰੂ ਜੀ ਨੇ ਨਾ ਔਰ ਕਿਸੀ ਨੇ ਆਦਰ ਕਰਾ। ਜਹਾਂ ਸੰਗਤ ਕੇ ਜੋੜੇ ਉਤਰੇ ਹੂਏ ਥੇ ਤਹਾਂ ਵੇ ਖੜਾ ਰਹਾ ਅਰ ਮਾਯਾ ਕੀ ਨਿਸੇਧੀ ਸੁਨਤਾ ਰਹਾ। ਜਬ ਸਭਾ ਉਠ ਗਈ ਤਬ ਵਹੁ ਭੀ ਘਰ ਚਲਾ ਗਯਾ। ਦੂਸਰੇ ਦਿਨ ਸੁੰਦਰ ਪੁਸ਼ਾਕੀ ਪਹਿਰ ਕਰ ਪਾਂਚ ਸੋ ਦੀ ਥੈਲੀ ਲੇਕਰ ਉਸੀ ਸਮੇਂ ਸਭਾ ਮੇਂ ਆਇ ਕਰ ਵਹੁ ਪਾਂਚ ਸੌ ਦੀ ਥੈਲੀ ਸ੍ਰੀ ਗੁਰੂ ਜੀ ਕੇ ਆਗੇ ਰਖਕੇ ਚਰਨੋਂ ਪਰ ਬੰਦਨਾ ਕਰੀ ਤਬ ਸ੍ਰੀ ਗੁਰੂ ਜੀ ਨੇ ਵਡੇ ਆਦਰ ਪੂਰਬਕ ਆਪਨੇ ਪਾਸ ਬਿਠਾਇ ਲੀਆ। ਪੂਛਾ ਸਿਖਾ ਰਾਜੀ ਬਾਜੀ ਤੋ ਹੈ। ਸਿਖ ਨੇ ਕਹਾ ਗੁਰੂ ਜੀ ਆਪ ਕੀ ਦਯਾ ਸੇ ਅਨੰਦ ਕੁਸਲ ਹੈ। ਕਥਾ ਸੁਨਤਾ ਰਹਾ ਜਬ ਕਥਾ ਕਾ ਭੋਗ ਪੜਾ ਸਿਖ ਹਾਥ ਜੋੜ ਕਰ ਪੂਛਨੇ ਲਗਾ ਹੈ ਗੁਰੂ ਜੀ ਕਲ ਇਸ ਮਾਯਾ ਕੀ ਵਡੀ ਨਿਸੇਧੀ ਕਰ ਰਹੇ ਥੇ। ਅਰ ਕਲ ਮੈ ਖਾਲੀ ਹਥ ਆਇਆ। ਆਪਨੇ ਮੇਰਾ ਕੁਛ ਭੀ ਆਦਰ ਨਾ ਕੀਆ। ਅਰ ਮੈਂ ਜੋੜਿਆਂ ਮੇਂ ਖੜਾ ਰਹਾ। ਆਜ ਹੀ ਮੈਂ ਪਾਂਚ ਸੌ ਦੀ ਥੈਲੀ ਆਪ ਕੇ ਆਗੇ ਆਨ ਰਖੀ ਹੈ। ਆਪ ਨੇ ਆਜ ਵਡਾ ਆਦਰ ਕੀਆ ਹੈ। ਕਲ ਇਸ ਮਾਇਆ ਕੇ ਤਿਆਗ ਕੀ ਮਹਿਮਾ ਕਹਿ ਰਹੇ ਥੇ ਯੇ ਕਿਆ ਕਾਰਨ ਹੈ। ਸ੍ਰੀ ਗੁਰੂ ਜੀ ਨੇ ਕਹਾ ਹੇ ਸਿਖਾ ਯਹਿ ਹਮਾਰਾ ਕਹਿਨਾ ਸਭ ਸਤ ਹੈ। ਕਾਹਿਤੇ। ਤੁਮ ਨੇ ਕਲ ਮਾਇਆ ਤਿਆਗੀ ਨਹੀਂ ਥੀ ਇਸ ਵਾਸਤੇ ਤੁਮਾਰਾ ਕਲ ਆਦਰ ਨਹੀਂ ਹੂਆ। ਆਜ ਤੁਮ ਨੇ ਇਸ ਮਾਯਾ ਕੋ ਤਿਆਗਾ ਹੈ। ਇਸ ਵਾਸਤੇ ਹਮ ਨੇ ਭੀ ਤੇਰਾ ਆਦਰ ਕਰ ਦੀਆ ਹੈ। ਹੇ ਸਿਖ ਮਾਇਆ ਕੇ ਤਿਆਗ ਮੇਂ ਹੀ ਸੁਖ ਹੈ। ਸੰਗ੍ਰਹਿ ਕਰਨੇ ਮੇਂ ਸੁਖ ਨਹੀਂ ਹੈ। ਸਿਖ ਸੁਨਕੇ ਚੁਪ ਕਰ ਗਿਆ। ਇਸ ਵਾਸਤੇ ਧਨ ਕੇ ਤਿਆਗ ਮੇਂ ਸੁਖ ਹੈ। ਸੰਗ੍ਰਹਿ ਕਰਨੇ ਮੇਂ ਦੁਖ ਹੈ ਯਹਿ ਸਿਧ ਹੂਆ। ਸਭ ਨਦੀਆਂ ਕਾ ਜਲ ਸਮੁੰਦਰ ਸੰਗ੍ਰਹਿ ਕਰਤਾ ਹੈ ਤਿਆਗੇ ਨਹੀਂ ਹੈ। ਦੇਖੋ ਮੇਘੋਂ ਸੇ ਨੀਵਾਂ ਹੋ ਰਹਾ ਹੈ। ਰਾਜਾ ਕਰਣ ਧਨ ਦਾ ਤਿਆਗ ਕਰਤਾ ਥਾ। ਦੇਖੋ ਸੰਸਾਰ ਮੇਂ ਅਬ ਤਕ ਜਸ ਹੋ ਰਹਾ ਹੈ॥੧॥ਸੰਕਾ॥ਧਨ ਕਾ ਦਾਨ ਕਿਸ ਪੁਰਸ਼ ਕੋ ਦੇਨਾ ਚਾਹੀਏ॥ਸਮਾਧਾਨ॥ਸੁਪਾਤਰ ਕੋ ਦਾਨ ਦੇਨੇ ਸੇ ਭਲੀ ਪ੍ਰਕਾਰ ਫਲੇ ਹੈ॥ਸੰਕਾ॥ ਕੁਪਾਤਰ ਕੋ ਦਾਨ ਦੇਨੇ ਸੇ ਕਿਆ ਹੋਵੇ ਹੈ॥



ਸਮਾਧਾਨ॥ਕੁਪਾਤਰ ਕੋ ਦਾਨ ਦੇਨੇ ਸੇ ਫਲੀਭੂਤ ਨਹੀਂ ਹੋਵੇ ਹੈ॥ਸੰਕਾ॥ ਸੁਪਾਤਰ ਕੋ ਦੇਨੇ ਸੇ ਫਲੀਭੂਤ ਹੋਵੇ ਹੈ। ਕੁਪਾਤਰ ਕੋ ਦੇਨੇ ਸੇ ਫਲੀਭੂਤ ਨਹੀਂ ਹੋਵੇਂ ਹੈ। ਇਸ ਮੇਂ ਦ੍ਰਿਸਟਾਂਤ ਕਿਆ ਹੈ॥ਸਮਾਧਾਨ॥ਮੂਲ॥

**ਸੋਰਠਾ॥ ਜਯੋ ਇਕ ਬਾਪੀ ਤੋਇ ਈਖ ਸੰਗ ਮਿਲੁ ਮਧੁਰ ਅਤਿ। ਕਟੁਤਾ ਨਿੰਮ ਸਮੋਇ ਭੋਜਨ ਪਾਤ੍ਰ ਕੁਪਾਤ੍ਰ ਤਿਉ॥੨॥**

ਟੀਕਾ॥ ਇਸ ਮੇਂ ਦ੍ਰਿਸਟਾਂਤ ਸੁਨੋ। ਜੈਸੇ ਏਕ ਹੀ ਬਾਪੀ ਕਹੀਏ ਬਾਵਲੀ ਕਾ ਤੋਇ ਨਾਮ ਜਲ ਈਖਨਾਮ ਕਮਾਦ ਕੇ ਸਾਥ ਮਿਲਨੇ ਸੇ ਅਤਿਅੰਤ ਹੀ ਮਿਠੇ ਪਣੇ ਕੋ ਪ੍ਰਾਪਤ ਹੋ ਜਾਵੇ ਹੈ। ਉਸੀ ਬਾਵਲੀ ਕਾ ਜਲ ਨਿੰਮਦੇ ਸਾਥ ਸਮੋਇ ਨਾਮ ਮਿਲਨੇ ਸੇ ਕਟੁਤਾ ਨਾਮ ਕੌੜਾ ਹੋ ਜਾਵੇ ਹੈ। ਭਾਵ ਏਹ ਹੈ। ਏਕ ਹੀ ਬਾਵਲੀ ਕਾ ਜਲ ਕਮਾਦ ਕੇ ਖੇਤ ਮੇਂ ਪਾਨੀ ਸੇ ਮਿਠਾ ਹੋ ਜਾਤਾ ਹੈ। ਅਰ ਉਸੀ ਬਾਵਲੀ ਕਾ ਜਲ ਨਿੰਮ ਦੇ ਬਿਰਛ ਕੋ ਪਾਨੇ ਸੇ ਕੌੜਾ ਹੋ ਜਾਤਾ ਹੈ। ਪਾਣੀ ਏਕ ਹੀ ਥਾ ਪਰ ਜਿਸ ੨ ਕੇ ਸਾਥ ਮਿਲਾ ਪਾਣੀ ਕਾ ਸਵਾਦ ਬਦਲ ਗਯਾ। ਦ੍ਰਿਸਟਾਂਤ ਏਹੁ ਹੈ। ਤੈਸੇ ਹੀ ਅੰਨ ਧਨ ਕਾ ਦਾਨ ਪਾਤਰ ਕੁਪਾਤਰ ਕੋ ਸਮਝ ਲੇਨਾ। ਉਤਮ ਪੁਰਸ਼ ਕੋ ਦਾਨ ਦੇਨੇ ਉਭੈ ਲੋਕ ਮੇਂ ਜਸ ਹੋਤਾ ਹੈ ਅਰ ਸੁਖ ਪ੍ਰਾਪਤ ਹੋਵੈ ਹੈ॥ ਸੰਕਾ॥ ਕਿਸ ਪਾਤਰ ਕੇ ਪ੍ਰਤੀ ਕਿਸਨੇ ਐਸਾ ਦਾਨ ਦੀਆ ਹੈ॥ਸਮਾਧਾਨ॥ਏਕ ਕੋਈ ਸੰਤ ਮਹਾਤਮਾ ਥੇ ਨਹਿਰ ਸੇ ਬਾਹਿਰ ਰਹਿਆ ਕਰਤੇ ਥੇ। ਦਿਨ ਮੇ ਏਕ ਵਾਰੀ ਨਗਰ ਸੇ ਭਿਛਿਆ ਮਾਂਗਨੇ ਆਤੇ ਥੇ। ਏਕ ਮਾਈ ਐਸੀ ਭਲੀ ਲੋਕ ਥੀ ਜਬ ਸੰਤ ਹਰੀ ਨਾਰਾਇਣ ਆਨ ਬੁਲਾਵੇ ਉਸ ਮਾਈ ਨੇ ਦੇਨਾ ਕੁਛ ਨਾ ਯਾ ਤੋ ਆਪਨੇ ਘਰ ਕੇ ਤਖਤੇ ਲਗਾ ਲਵੇ ਯਾ ਗਾਲੀ ਦੇਨੇ ਲਗ ਪੜੇ। ਸੰਤ ਭੀ ਨੇਮ ਸੇ ਜਾਵੇ। ਐਸੇ ਕਰਦਿਆਂ ਹੋਇਆਂ ਕਈ ਸਾਲ ਬੀਤ ਗਏ। ਏਕ ਦਿਨ ਐਸਾ ਹੂਆ ਜਿਸ ਸਮੇਂ ਮਾਈ ਪੋਚਾ ਦੇ ਰਹੀ ਥੀ ਉਸੀ ਸਮੇਂ ਵਹੁ ਸੰਤ ਆ ਗਏ। ਜਬ ਹਰੀ ਨਾਰਾਇਣ ਬੁਲਾਈ ਕ੍ਰੋਧ ਦੀ ਮਾਰੀ ਹੂਈ ਨੇ ਵੋਹੀ ਪੋਚਾ ਚਿਕੜ ਦਾ ਭਰਾ ਹੂਆ ਸੰਤਾਂ ਦੀ ਛਾਤੀ



Scanned by CamScanner

ਦੇ ਵਿਚ ਮਾਰਾ। ਅਰ ਕਹਾ ਰੋਜ ਅਕਾਤਾ ਰਹਿਤਾ ਹੈ। ਲੇ ਜਾਹੁ ਇਸਕੋ। ਸੰਤਾਂ ਨੇ ਵਹੁ ਪੋਚਾ ਪ੍ਰੇਮ ਸੇ ਲੇ ਲੀਆ। ਚਿਤ ਮੇਂ ਜਾਨਾ ਸੁਕਰ ਹੈ ਮਾਈ ਦੇਨੇ ਤੋ ਸਿਖੀ ਹੈ। ਅਜ ਪੋਚਾ ਦੀਆ ਹੈ ਕਲ ਕੁਛ ਔਰ ਦੇਵੇਗੀ। ਉਸ ਪੋਚੇ ਕੋ ਧੋ ਕੇ ਉਸ ਲੀਰ ਦੀਆਂ ਵਟੀਆਂ ਬਨਾ ਕੇ ਮੰਦਰ ਮੇਂ ਦੀਪਕ ਜਗਾਇਆ ਕਰੇ। ਜਬ ਮਾਈ ਨੇ ਪੋਚਾ ਮਾਰਾ ਥਾ ਉਸ ਸਮੇਂ ਔਰ ਸਭ ਮਾਈਆਂ ਦੇਖ ਰਹੀਆਂ ਥੀ। ਸਭੇ ਮਾਈਆਂ ਉਸ ਕੋ ਯੇ ਕਹਿਨੇ ਲਗੀ ਹੇ ਪਾਪਨੇ ਦੇਨੇ ਜੋਗੀ ਕੁਛ ਨਹੀਂ ਹੈ। ਪੋਚਾ ਤੈਂਨੇ ਕਿਉਂ ਮਾਰਾ ਹੈ। ਤੇਰੇ ਕੋ ਲਖ ਲਾਨਤ ਹੈ। ਦੇਖ ਸੰਤਾਂ ਦਾ ਸਹਾਰਾ ਕੈਸੇ ਖਿਮਾ ਵਾਲੇ ਹੈਂ। ਫੇਰ ਉਸ ਮਾਈ ਕੇ ਰਿਦੇ ਵਿਚਾਰ ਹੂਈ ਮੈਂਨੇ ਦੀਆ ਕੁਛ ਨਹੀਂ ਪੋਚਾ ਕਿਉਂ ਮਾਰਿਆ। ਸ੍ਰੀ ਠਾਕੁਰ ਜੀ ਕੇ ਮੰਦਰ ਮੇਂ ਉਸ ਲੀਰ ਕੀਆਂ ਵਟੀਆਂ ਜਗਾਈਆਂ। ਉਸੀ ਸੇ ਰਿਦਾ ਸੁਧ ਹੋ ਗਯਾ। ਸਬ ਸੰਤ ਆਵੇ ਫੇਰ ਪ੍ਰੇਮ ਸੇ ਰੋਜ ਪਰਸਾਦ ਛਕਾਇਆ ਕਰੇ। ਹਰੀ ਕਾ ਭਜਨ ਕਰ ਅੰਤ ਨੂੰ ਮੁਕਤ ਕੋ ਪਰਾਪਤ ਹੂਈ। ਭਾਵ। ਜੇ ਕੁਛ ਹਛਾ ਦਾਨ ਦੇਤੀ ਫੇਰ ਉਸਕੀ ਉਪਮਾ ਕਿਆ ਕਹਿਨੀ ਹੈ। ਇਤੀ। ਤੈਸੇ ਕੁਪਾਤਰ ਕੋ ਦਾਨ ਦੇਨੇ ਸੇ ਉਭੈ ਲੋਕ ਮੇਂ ਅਪਜਸ ਹੋਵੇ ਹੈ। ਅਰ ਕਲੇਸ ਮਿਲੇ ਹੈ। ਸੰਕਾ। ਕਿਸ ਕੁਪਾਤ੍ਰ ਕੋ ਕਿਸਨੇ ਦਾਨ ਦੀਆ ਹੈ। ਦੁਖ ਕਿਆ ਹੂਆ ਹੈ ॥ਸਮਾਧਾਨ॥ਏਕ ਝੀਵਰ ਅਤੀ ਗਰੀਬ ਕਾਂਸੀ ਮੇਂ ਰਹਿਤਾ ਥਾ। ਦਿਨ ਕੋ ਖਾਨੇ ਕੋ ਹੈ ਤੋ ਰਾਤ ਕੋ ਨਹੀਂ ਪਹਿਰਨੇ ਕੋ ਬਸਤਰ ਨਹੀ। ਐਸਾ ਕੰਗਾਲ ਥਾ। ਕਬੀਰ ਸੇ ਆਨਕੇ ਸੂਤ ਮਾਂਗਾ ਕਬੀਰ ਜੀ ਨੇ ਗਰੀਬ ਜਾਨਕੇ ਦੇ ਦੀਆ। ਵਹੁ ਉਸ ਸੂਤ੍ਰ ਦਾ ਜਾਲ ਬਨਾ ਕੇ ਮਛੀਆਂ ਅਰ ਪੰਛੀ ਫਸਾਨੇ ਲਗਾ। ਰੋਜ ਹਜਾਰਾਂ ਜੀਵ ਮਾਰਾ ਕਰੇ। ਏਕ ਦਿਨ ਪੰਛੀ ਮਰੇ ਹੂਏ ਕਬੀਰ ਜੀ ਕੇ ਪਾਸ ਲੇ ਆਇਆ। ਅਰ ਕਹਿਨੇ ਲਗਾ ਜੋ ਆਪ ਨੇ ਮੇਰੇ ਪਰ ਉਪਕਾਰ ਕਰਾ ਥਾ ਉਸ ਸੇ ਅਬ ਮੇਰੀ ਰੋਟੀ ਟੁਰ ਪਈ ਹੈ। ਕਬੀਰ ਜੀ ਨੇ ਪੂਛਾ ਕੈਸੇ। ਕਹੇ ਜੀ ਜੋ ਆਪ ਨੇ ਸੂਤ੍ਰ ਦੀਆ ਥਾ ਉਸ ਸੂਤ੍ਰ ਨੇ ਵਡੇ ਜੀਵ ਫੜਾਏ ਹੈਂ। ਐਸੇ ਸੁਨ ਕੇ ਤਿਸ ਪਰ ਕਬੀਰ ਜੀ ਨੇ ਏਕ ਦੋਹਾ ਕਹਾ।



**ਦੋਹਾ ॥ਕਬੀਰ ਪਾਪੀ ਕੋ ਦੋਜਕ ਨਹੀ ਧਰਮੀ ਦੋਜਕ ਜਾਇ ॥ ਐਸੇ ਰਿਦੈ ਵਿਚਾਰ ਕੈ ਮਤ ਕੋਈ ਧਰਮ ਕਮਾਇ ॥**

ਐਸੇ ਕੁਪਾਤ੍ਰ ਕੋ ਹਮ ਦਾਨ ਦੀਆ ਅਬ ਹਮ ਕੋ ਭੀ ਨਰਕ ਜਾਨਾ ਪੜੇਗਾ। ਯਾਂਤੇ ਐਸੇ ਕੁਪਾਤ੍ਰ ਕੋ ਦਾਨ ਦੇਨਾ ਯੋਗ ਨਹੀਂ ਹੈ। ੨। ਆਗੇ ਫੇਰ ਇਸੀ ਬਾਤ ਕੋ ਖੋਲ ਕੇ ਕਹੈ ਹੈਂ। ਮੂਲ।

**ਭੁਜੰਗ ਪ੍ਰਯਾਤ ਛੰਦ ॥ ਫਲੀ ਭੂਤ ਦਾਨੰ ਸੁਭੰ ਪਾਤ੍ਰ ਦਯੋ। ਜਥਾ ਬੀਜ ਬੋਯੋ ਸੁ ਖੇਤ੍ਰੈ ਅਖੈਯੋ। ਕੁਪਾਤ੍ਰ ਮਝਾਰੀ ਦਯੋ ਦਾਨ ਐਸੇ। ਕੁਖੇਤਰੇ ਮਝਾਰੀ ਬੁਯੋ ਬੀਜ ਜੈਸੇ। ੩।**

ਟੀਕਾ ॥ ਸੁਭ ਪਾਤਰ ਕੇ ਤਾਂਈ ਦਾਨ ਦੇਨੇ ਸੇ ਬਹੁਤ ਫਲੀਭੂਤ ਐਸੇ ਹੋਵੇ ਹੈ। ਜਥਾ ਕਹੀਏ ਜੈਸੇ ਸੁਖੇਤਰ ਕਹੀਏ ਸ੍ਰੇਸਟ ਖੇਤਰ ਮੇਂ ਬੀਜ ਬੋਇਆ ਹੂਆ ਅਖੈਯੋ ਨਾਮ ਅਤੁਟ ਅੰਨ ਪੈਦੇ ਹੋਵੇ ਹੈ ਭਾਵ ਏ ਹੈ। ਜੈਸੇ ਮਿਠੀ ਜਮੀਨ ਮੇਂ ਸਤ ਵਾਰੀ ਹਲ ਵਾਇਆ ਨਦੀਨ ਨਿਕਾਲਾ ਜਾਏ। ਸੁਹਾਗਾ ਫੇਰਾ ਜਾਏ ਫੇਰ ਉਸ ਮੇਂ ਬੀਜ ਬੀਜਾ ਜਾਏ। ਸੋ ਨਿਸਫਲ ਨਹੀਂ ਜਾਵੇ ਹੈ। ਕਿੰਤੁ ਅਤੁਟ ਭੰਡਾਰਾ ਹੋ ਜਾਵੇ ਹੈ। ਇਸ ਪਰ ਏਕ ਗਾਥਾ। ਏਕ ਸੰਤ ਮਹਾਤਮਾ ਥੇ। ਉਨ ਕੇ ਪਾਸ ਖੂਹੇ ਬਹੁਤ ਥੇ ਉਨਾ ਖੂਹਿਆਂ ਕੀ ਜਮੀਨ ਬਹੁਤ ਹਛੀ ਥੀ। ਦੋਨੋਂ ਸਮੇਂ ਲੰਗਰ ਭੀ ਚਲਤਾ ਥਾ ਜੋ ਆਵੇ ਸੋਈ ਖਾਵੇ। ਅਰ ਸਦਾ ਵਰਤ ਭੀ ਲਗਾਇਆ ਹੂਆ ਥਾ। ਏਕ ਰੋਜ ਇਕ ਪੁਰਸ਼ ਨੇ ਸੰਤੋਂ ਸੇ ਆਨਕੇ ਪੂਛਾ ਹੇ ਸੰਤ ਜੀ ਆਪਕੋ ਜਮੀਨ ਕੀ ਪੈਦਾ-ਵਾਰੀ ਕਿਤਨੀ ਆਤੀ ਹੈ। ਸੰਤਾਂ ਨੇ ਕਹਾ ਹਮ ਬਹੁਤਾ ਕਿਆ ਕਹੇ ਏਕ ਖੂਹੇ ਕੀ ਜਮੀਨ ਕੀ ਪੈਦਾਵਾਰੀ ਸੇ ਸਾਲ ਭਰ ਲੰਗਰ ਭੀ ਦੇਤੇ ਹੈਂ। ਅਰ ਸਾਲ ਭਰ ਸਦਾਵਰਤ ਭੀ ਲਾਈ ਰਖਤੇ ਹੈ। ਫੇਰ ਭੀ ਏਕ ਖੂਹੇ ਕੇ ਦਾਨੇ ਮੁਕਤੇ ਨਹੀਂ। ਇਤਨਾ ਅੰਨ ਪੈਦੇ ਹੋਤਾ ਹੈ। ਔਰ ਖੂਹਿਆਂ ਕੀ ਕਿਆ ਕਹੇਂ। ਵੇ ਸੁਨ ਕੇ ਚੁਪ ਹੋ ਗਯਾ। ਭਾਵ ਕੀ ਹੈ। ਜੈਸੇ ਸ੍ਰੇਸਟ ਭੂਮੀ ਕਾ ਬੀਜ ਬੋਇਆ ਹੂਆ ਮੁਕਤਾ ਨਹੀਂ ਹੈ। ਤੈਸੇ ਸੁਪਾਤਰ ਕੋ ਦਾਨ ਦੇਨੇ ਸੇ



Scanned by CamScanner

ਨਿਸਫਲ ਨਹੀਂ ਜਾਵੇ ਹੈ। ਕਿੰਤੂ ਸੁਖੇਤ ਵਤ ਬਹੁਤ ਫਲੀਭੂਤ ਹੋਵੇ ਹੈ। ਇਸ ਮੈ ਸੰਸਾ ਨਹੀ। ਇਸ ਮੇਂ ਗੁਰੂ ਪ੍ਰਮਾਨ।

**ਜੇ ਕੋ ਪਾਵੈ ਤਿਲ ਕਾ ਮਾਨੁ॥**

ਅਰਥ ਏ ਹੈ। ਜੇ ਕੋਈ ਉਸ ਪ੍ਰਮਾਤਮਾ ਕੇ ਨਾਮ ਪਰ ਤਿਲ ਪ੍ਰਮਾਨ ਭੀ ਦੇਤਾ ਹੈ। ਆਗੇ ਉਸਕਾ ਬਦਲਾ ਪ੍ਰਮਾਤਮਾ ਸੇ ਮਣ ਪ੍ਰਮਾਨ ਪਾਵੇ ਹੈ। ਔਰ ਯਵਨੋਂ ਕੇ ਮਤ ਮੇਂ ਭੀ ਏ ਆਤਾ ਹੈ। ਦਸ ਦੁਨੀਆ ਸਤਰ ਆਖਰ। ਸੰਕਾ। ਸੁਪਾਤਰ ਕੋ ਦੇਨੇ ਸੇ ਕੀ ਫਲ ਹੋਵੇ ਹੈ। ਸਮਾਧਾਨ। ਸ਼ਾਸਤਰ ਮੇਂ ਯੇ ਲਿਖਾ ਹੈ, ਜਿਸਨੇ ਪਿਛਲੇ ਜਨਮੋਂ ਮੇਂ ਸੁਪਾਤ੍ਰ ਕੋ ਦਾਨ ਦੀਆ ਹੈ ਵੋਹੀ ਈਹਾਂ ਧਨਾਢ ਬਨੇ ਹੈ ਫੇਰ ਈਹਾਂ ਸੁਪਾਤਰ ਕੋ ਧਨ ਕਾ ਦਾਨ ਕਰੇਗਾ ਉਸ ਦਾਨ ਕੇ ਪ੍ਰਭਾਵ ਸੇ ਸੁਰਗ ਕੋ ਜਾਇਗਾ। ਤਹਾਂ ਭੋਗ ਭੋਗ ਕਰ ਫੇਰ ਮਾਤ ਲੋਕ ਮੇਂ ਧਨੀ ਕੇ ਘਰ ਜਨਮ ਲੇਗਾ। ਪੁਨਾ ਭੋਗ ਭੋਗੇਗਾ ਐਸੇ ਸੁਪਾਤਰੋਂ ਕੋ ਦਾਨ ਦੇਨੇ ਸੇ ਕਬੀ ਧਨ ਕਾ ਨਾਸ ਨਹੀ ਹੋਵੇ ਹੈ। ਸਦਾ ਈਸ੍ਵਰਜ ਬਨਾ ਰਹੇ ਹੈ। ਸੁਪਾਤ੍ਰ ਕੋ ਦਾਨ ਦੇਨੇ ਸੇ ਯੇ ਫਲ ਹੈ॥ ॥੨॥ ਕੁਪਾਤ੍ਰ ਨਾਮ ਖੋਟੇ ਪੁਰਸ਼ ਵਿਸ਼ਈ ਕੋ ਦਾਨ ਦੇਨਾ ਐਸੇ ਨਿਸਫਲ ਹੈ। ਕੁਖੇਤ੍ਰ ਨਾਮ ਕਲਰ ਯਾਨੇ ਖਾਰੀ ਧਰਤੀ ਮੇਂ ਜੈਸੇ ਬੀਜ ਬੋਇਆ ਹੂਆ ਸਭ ਨਿਸਫਲ ਜਾਵੇ ਹੈ। ਭਾਵ ਮੇਂ ਇਹ ਹੈ ਖਾਰੀ ਧਰਤੀ ਮੇਂ ਭਾਵੇਂ ਕਿਤਨੀ ਮਿਹਨਤ ਕਰਕੇ ਬੀਜ ਬੀਜਿਆ ਜਾਵੇ ਮਿਹਨਤ ਤੇ ਬੀਜ ਅਰ ਮਾਮਲਾ ਚਟੀ ਪੜੇ ਹੈ ਕੁਛ ਫਾਇਦਾ ਨਹੀਂ ਹੋਵੇ ਹੈ। ਐਸੇ ਹੀ ਅਨ ਅਧਿਕਾਰੀ ਕੋ ਦਾਨ ਦੇਨਾ ਸਭ ਨਿਸਫਲ ਜਾਵੇ ਹੈ॥ਸੰਕਾ॥ਕੁਪਾਤ੍ਰ ਕੋ ਦਾਨ ਦੇਨੇ ਕਾ ਨੁਕਸਾਨ ਕੀ ਹੋਵੇ ਹੈ॥ ਸਮਾਧਾਨ॥ ਕੁਪਾਤ੍ਰ ਕੋ ਦਾਨ ਦੇਨੇ ਸੇ ਦਲਿਦ੍ਰੀ ਹੋਤਾ ਹੈ। ਦਲਿਦ੍ਰੀ ਰੂਪੀ ਦੋਸ ਸੇ ਫੇਰ ਪਾਪ ਕਰਤਾ ਹੈ ਉਸ ਪਾਪ ਕੇ ਪ੍ਰਭਾਵ ਸੇ ਨਰਕ ਕੋ ਜਾਤਾ ਹੈ। ਨਰਕ ਭੋਗ ਕੇ ਪੁਨਾ ਦਲਿਦ੍ਰੀ ਕੇ ਘਰ ਮੇਂ ਜਨਮਤਾ ਹੈ। ਫੇਰ ਪਾਪ ਕਰਮ ਕਰਤਾ ਹੈ। ਦੁਖੀ ਹੋਤਾ ਹੈ ਐਸੇ ਕੁਪਾਤ੍ਰ ਕਿ ਤਾਈਂ ਦਾਨ ਦੇਨੇ ਸੇ ਸਦਾ ਧਨ ਕਾ ਨਾਸ ਰਹੇ ਹੈ ਯਹਿ



ਸ਼ਾਸਤ੍ਰ ਕਾ ਸੰਕੇਤ ਹੈ॥ ੩॥ ਸੰਕਾ॥ ਪਵਿਤ੍ਰ ਭੋਜਨ ਕਵਨ ਹੈ॥ ਸਮਾਧਾਨ॥ਮੂਲ॥

**ਛੰਦ॥ਯਗਜ ਸੇਖ ਮੁਨਿ ਭੁਗਤ ਸੇਖ ਵਰੁ ਇਹ ਦੋਇ ਭੋਜਨ। ਪਾਪ ਤਜਾਗੇ ਜਵਨ ਵਹੀ ਹੈ ਬੁਧਿ ਮਾਨ ਜਨ। ਉਪਮਾ ਕਰਹਿ ਅਦ੍ਰਿਸਟ ਸ੍ਰਿਸਟ ਸੋ ਮਿਤ੍ਰ ਮਹਾ ਬਰ। ਦੰਭ ਬਿਨਾ ਜੋ ਧਰਮ ਵਹੀ ਹੈ ਕਹੈ ਮੁਨੀਸ੍ਵਰ। ਹਰਿ ਭਗਤ ਜਗਤ ਮੇਂ ਜਾਨ ਨਿਜ ਇਸਟ ਬਿਨਾ ਦ੍ਰਿਸੇ ਨ ਅਨ। ਪੁਨ ਸਾਧ ਵਹੀ ਜਗ ਜਾਨੀਐ ਜਾਕੇ ਨਹੀ ਉਪਾਧ ਮਨ॥੪॥**

ਟੀਕਾ॥ ਜਿਥੇ ਯਗ ਹਵਨ ਕੀਆ ਜਾਵੇ ਉਥੇ ਜੋ ਭੋਜਨ ਤਿਆਰ ਕਰਾ ਹੈ। ਸੰਤ ਬ੍ਰਾਹਮਣ ਪ੍ਰਸਾਦਿ ਪਾ ਕੇ ਚਲੇ ਜਾਵੇ ਤੇ ਪਿਛੇ ਰਸੋਈ ਮੇਂ ਜੋ ਬਚੇ ਤਿਸਕੋ ਸੇਸ ਕਹੇ ਹੈ। ਵਾ ਯਗ ਸੋ ਹੈ ਜਿਥੇ ਦਸਾਂ ਤੇ ਵਧ ਸੰਤ ਬ੍ਰਾਹਮਣੋਂ ਕਾ ਭੋਜਨ ਬਨਾ ਹੋ ਉਸ ਕੋ ਯਗ ਕਹਿਤੇ ਹੈਂ। ਜਬ ਵਹੁ ਖਾ ਕੇ ਚਲੇ ਜਾਵੇ ਪਿਛੇ ਜੋ ਰਸੋਈ ਮੇਂ ਬਚੇ ਤਿਸ ਕੋ ਸੇਸ ਕਹੀਏ ਹੈ। ਮੁਨਿ ਭੁਗਤ ਕਹੀਏ ਇਸੀ ਤਰ੍ਹਾਂ ਸੰਤੋਂ ਕੇ ਲੀਏ ਜੋ ਭੋਜਨ ਬਨਾ ਹੈ ਜਬ ਵਹੁ ਖਾ ਕੇ ਚਲੇ ਜਾਵੇ ਜੋ ਪਿਛੇ ਰਸੋਈ ਮੇਂ ਬਚ ਗਿਆ ਹੈ। ਇਹ ਦੋਇ ਭੋਜਨ ਵਰ ਨਾਮ ਸ੍ਰੇਸ਼ਟ ਹੈ। ਇਸ ਸੀਤ ਪ੍ਰਸ਼ਾਦਿ ਕੇ ਖਾਨੇ ਸੇ ਵਡਾ ਭਾਰੀ ਪੁੰਨ ਹੋਤਾ ਹੈ। ਅਰ ਚਿਤ ਕੀ ਸੁਧੀ ਹੋਵੇ ਹੈ। ਇਸ ਪਰ ਏਕ ਗਾਥਾ ਹੈ। ਪਾਂਡਵਾਂ ਨੇ ਜਬ ਯਗ ਕਰਾ ਹੈ ਉਸ ਯਗ ਮੇਂ ਜਬ ਸੰਤ ਬ੍ਰਾਹਮਣ ਭੋਜਨ ਖਾ ਕੇ ਉਠੇ ਹੈ ਸੁਚੇ ਜਲ ਸੇ ਜਬ ਵਹੁ ਚੁਲੀਆਂ ਕਰਨੇ ਲਗੇ ਉਸੀ ਸਮੇਂ ਇਕ ਨੇਉਲਾ ਫਿਰ ਰਹਾ ਥਾ। ਉਸ ਕੇ ਅਧੇ ਸਰੀਰ ਪਰ ਇਕ ਰਿਖੀ ਕੀ ਚੁਲੀ ਜਾਇ ਪੜੀ ਅਰਧ ਅੰਗ ਸੁਵਰਨ ਜੈਸਾ ਭਖਨੇ ਲਗ ਪੜਾ ਅਰਧ ਅੰਗ ਬਾਕੀ ਰਹਿ ਗਿਆ। ਸਭ ਸੰਤ ਚੁਲੀਆਂ ਕਰ ਚੁਕੇ ਉਸ ਅਰਧ ਅੰਗ ਕੇ ਲੀਏ ਅਨੇਕ ਅਸਥਾਨੋਂ ਮੇਂ ਫਿਰਾ ਪਰ ਅਰਧ ਅੰਗ ਵਹੁ ਸੋਨੇ ਕਾ ਨ ਹੂਆ। ਭਾਵ ਇਹ ਹੈ ਦੇਖੋ ਯਗ ਕਹ ਐਸਾ ਪਵਿਤਰ ਅੰਨ ਥਾ ਉਸ



Scanned by CamScanner

ਭੋਜਨ ਪਾ ਕੇ ਜਬ ਚੁਲੀ ਕਰੀ ਜੂਠੇ ਪਾਣੀ ਕੇ ਛੋਹਨੇ ਸੇ ਨਿਉਲਾ ਅਰਧ ਅੰਗ ਸੋਨੇ ਕਾ ਹੋ ਗਯਾ। ਐਸੇ ਹੀ ਜੋ ਯਗ ਕਾ ਸੇਸ ਖਾਤਾ ਹੈ ਫਿਰ ਉਸਕਾ ਚਿਤ ਸੁਧ ਕਿਉਂ ਨ ਹੋਗਾ। ਕਿੰਤੂ ਹੋ ਜਾਇਗਾ॥੧॥ਸੰਕਾ॥ਬੁਧੀਵਾਨ ਪੁਰਸ਼ ਕੌਨ ਹੈ॥ਸਮਾਧਾਨ॥ਮਨ ਬਾਨੀ ਸਰੀਰ ਸ਼ੇ ਜਵਨ ਨਾਮ ਜਿਸਨੇ ਪਾਪੋਂ ਕਾ ਤਿਆਗ ਕਰ ਦੀਆ ਹੈ। ਅਰ ਭਲੇ ਮਾਰਗ ਮੇਂ ਲਗ ਰਹਾ ਹੈ। ਉਹ ਪੁਰਸ਼ ਬੁਧੀਵਾਨ ਹੈ॥ ੨ ॥ ਸੰਕਾ॥ ਸ੍ਰੇਸ਼ਟ ਮਿਤ੍ਰ ਕਵਨ ਹੈ॥ ਸਮਾਧਾਨ॥ਉਪਮਾ ਨਾਮ ਉਸਤਤੀ ਅਦ੍ਰਿਸਟ ਨਾਮ ਪਿੱਠ ਪਿਛੇ ਜੋ ਕਰੇ ਸੋ ਮਹਾਂ ਬਰ ਸ੍ਰੇਸਟ ਮਿਤ੍ਰ ਹੈ। ਕਾਹਿਤੇ। ਮੁਖ ਪਰ ਸਭ ਕੋਈ ਉਪਮਾ ਕਰ ਦੇਵੇ ਹੈ ਮਿਤ੍ਰ ਵੋਹੀ ਹੈ ਜੋ ਪਿਛੇ ਉਪਮਾ ਕਰੇ। ਆਪਣੇ ਮੁਖਾਰਬਿੰਦ ਸੇ ਸ੍ਰੀ ਰਾਮ ਚੰਦਰ ਜੀ ਨੇ ਰਾਮਾਇਨ ਮੇਂ ਸੁਗ੍ਰੀਵ ਕੋ ਮਿਤ੍ਰ ਕੇ ਲਖਨ ਸੁਣਾਏ ਹੈ। ਸੋ ਯਹਿ ਹੈ ਜੋ ਮਿਤ੍ਰ ਕਾ ਦੁਖ ਰਾਈ ਸਮਾਨ ਹੋ ਸੋ ਪਹਾੜ ਸਮ ਜਾਨੇ ਅਰ ਆਪਣਾ ਦੁਖ ਪਹਾੜ ਸਮ ਹੋ ਸੋ ਰਾਈ ਸਮ ਜਾਨੇ ਮਿਤ੍ਰ ਕੇ ਦੁਖ ਸੇ ਦੁਖੀ ਮਿਤ੍ਰ ਕੇ ਸੁਖ ਸੇ ਸੁਖੀ ਹੈ। ਸੋ ਊਤਮ ਮਿਤ੍ਰ ਕਹਾ ਜਾਵੇ ਹੈ। ਜੋ ਇਸ ਸੇ ਵਿਪ੍ਰੀਤ ਹੋ ਸੋ ਮਿਤ੍ਰ ਕਾਹੇ ਕਾ ਹੈ॥ਸੰਕਾ॥ਯਹਿ ਮਿਤ੍ਰ ਕੈ ਪ੍ਰਕਾਰ ਕੇ ਹੈ॥ਸਮਾਧਾਨ॥ ਸੰਸਾਰ ਮੇਂ ਚਾਰ ਪਰਕਾਰ ਕੇ ਮਿਤ੍ਰ ਹੈ। ਜਾਨੀ ੧ ਜ਼ਬਾਨੀ ੨ ਸਵਾਨੀ ੩ ਸੈਤਾਨੀ ੪। ਜਿਗਰੀ ਮੁਹੱਬਤ ਵਾਲੇ ਕੋ ਜਾਨੀ ਕਹਿਤੇ ਹੈ। ਸਿਰਫ ਜ਼ਬਾਨ ਕੇ ਪ੍ਰੀਤੀ ਕਰਨੇ ਵਾਲੇ ਕਾ ਨਾਮ ਜ਼ਬਾਨੀ ਹੈ। ਜਬ ਤਕ ਦੇਤੇ ਰਹੋ ਤਬ ਤਕ ਪ੍ਰੇਮ ਕਰੇ ਇਸ ਕੋ ਸਵਾਨੀ ਕਹਿਤੇ ਹੈ। ਅਗੇ ਪਿਛੇ ਮਿਤ੍ਰ ਬਨਾ ਰਹਿਨਾ ਜਬ ਕਾਮ ਪੜੇ ਤਬ ਵਿਗੜ ਜਾਨਾ ਇਸਕੋ ਸੈਤਾਨੀ ਮਿਤ੍ਰ ਕਹਿਤੇ ਹੈ॥੩॥ਸੰਕਾ॥ਊਤਮ ਧਰਮ ਕੌਨ ਹੈ॥ ਸਮਾਧਾਨ॥ਦੰਭ ਤੇ ਰਹਿਤ ਭਾਵ ਸਚੇ ਮਨ ਸੇ ਜੋ ਧਰਮ ਕਰਨਾ ਹੈ। ਇਸੀ ਕੋ ਮੁਨੀਸ੍ਵਰ ਜਨੋਂ ਨੇ ਊਤਮ ਧਰਮ ਕਹਾ ਹੈ। ਬਾਹਰ ਸੇ ਦਿਖਾ ੨ ਕੇ ਧਰਮ ਕਰਨਾ ਅਰ ਅੰਦਰ ਸੇ ਕਈ ਪਖੰਡ ਰਚੇ ਹੋਣੇ ਇਸਕਾ ਨਾਮ ਧਰਮ ਨਹੀ ਹੈ। ੪। ਸੰਕਾ॥ ਹਰੀ ਕਾ ਭਗਤ ਊਤਮ ਕਵਨ ਹੈ॥ਸਮਾਧਾਨ॥ਹਰੀ ਕਾ ਭਗਤ ਸੰਸਾਰ ਮੇਂ ਉਸੀ ਕੋ ਜਾਨੋਂ। ਨਿਜ ਨਾਮ ਆਪਣੇ ਇਸਟ ਦੇਵ



ਸੇ ਬਿਨਾਂ ਅਨ ਨਾਮ ਹੋਰ ਦ੍ਰਿਸ੍ਰੇ ਨ ਕਹੀਏ ਦੇਖੇ ਨਾ ਭਾਵ ਆਪਣੇ ਇਸਟ ਸੇ ਬਿਨਾਂ ਔਰ ਕਿਸੀ ਪਰ ਸਰਧਾ ਹੀ ਨਾ ਹੋ। ਸ੍ਰੀ ਹਨੂੰਮਾਨ ਵਤ। ਉਸਕਾ ਨਾਮ ਹਰੀ ਭਗਤ ਹੈ॥ ਸੰਕਾ॥ ਸ੍ਰੀ ਹਨੂੰਮਾਨ ਜੀ ਕੀ ਗਾਥਾ ਕੈਸੇ ਹੈ॥ ਸਮਾਧਾਨ॥ਜੈਸੇ ਹੈ ਸੋ ਤੁਮ ਸੁਨੋ। ਜੈਮਨੀ ਅਸਮੇਧ ਮੇਂ ਯੇ ਕਥਾ ਆਤੀ ਹੈ। ਜਬ ਪਾਂਡਵੋਂ ਨੇ ਯਗ ਕਰਾ ਹੈ। ਤਬ ਧਰਤੀ ਪਰ ਘੋੜਾ ਛੋੜਾ ਥਾ ਸੈਨਾਪਤੀ ਅਰਜਨ ਥਾ ਸੋ ਫਿਰਤਾ ਫਿਰਤਾ ਘੋੜਾ ਰਾਖਸ਼ੋਂ ਕੇ ਰਾਜ ਮੈਂ ਚਲਾ ਗਿਆ ਉਨਾ ਨੇ ਘੋੜੇ ਕੋ ਬਾਂਧ ਲੀਆ ਅਰ ਲੜਨੇ ਕੋ ਤਿਆਰ ਹੋ ਗਏ ਸੈਨਾ ਦੇਖ ਕੇ ਅਰਜਨ ਚਿਤ ਸੇ ਭੈ ਭੀਤ ਹੋ ਗਯਾ, ਨੇਤ੍ਰ ਮੀਟ ਕੇ ਭਗਵਾਨ ਕਾ ਸਿਮਰਨ ਕੀਆ ਜਬ ਨੇਤਰ ਖੋਲ੍ਹੇ ਭਗਵਾਨ ਰਥ ਪਰ ਬੈਠੇ ਹੈਂ। ਅਰਜਨ ਦੇਖਕੇ ਪ੍ਰਸੰਨ ਹੋ ਗਯਾ, ਨਿਮਸਕਾਰ ਕਰੀ ਅਰ ਕਹਾ ਹੇ ਮੁਰਲੀਧਰ ਇਨ ਸੇ ਮੇਰੀ ਰਖਿਆ ਕਰੋ। ਹਰੀ ਜੀ ਨੇ ਕਹਾ ਸੁਮੇਰ ਪਰਬਤ ਪਰ ਹਨੂੰਮਾਨ ਜੀ ਤਪ ਕਰ ਰਹੇ ਹੈ। ਤੁਮ ਜਾਕਰ ਏ ਕਹੋ ਤੁਮ ਕੋ ਸਿਰੀ ਕ੍ਰਿਸ਼ਨ ਭਗਵਾਨ ਜੀ ਯਾਦ ਕਰਤੇ ਹੈਂ। ਵਹੁ ਜਬ ਆਵੇਂਗੇ ਤਬ ਏ ਤੁਮਾਰਾ ਕਾਰਜ ਹੋਗਾ। ਐਸੇ ਸੁਨਕੇ ਅਰਜਨ ਸੁਮੇਰ ਪਰ ਗਯਾ। ਮਹਾਂਬੀਰ ਕੋ ਜਾ ਕੇ ਨਿਮਸਕਾਰ ਕਰੀ। ਹਨੂੰਮਾਨ ਨੇ ਪੂਛਾ ਤੁਮ ਕੈਸੇ ਆਏ। ਅਰਜਨ ਨੇ ਕਹਾ ਹੇ ਭਗਵਾਨ ਧਰਮ ਪੁੱਤਰ ਨੇ ਯਗ ਕਰਾ ਹੈ। ਮੇਰਾ ਨਾਮ ਅਰਜਨ ਹੈ ਪਾਂਚ ਹਮ ਭਾਈ ਹੈਂ। ਆਪ ਕੋ ਕ੍ਰਿਸ਼ਨ ਜੀ ਯਾਦ ਕਰਤੇ ਹੈਂ। ਹਨੂੰਮਾਨ ਜੀ ਨੇ ਕਹਾ ਨਾ ਹਮ ਪਾਂਡਵੋਂ ਕੋ ਜਾਨਤੇ ਹੈਂ ਨਾ ਕ੍ਰਿਸ਼ਨ ਕੋ ਜਾਨਤੇ ਹੈਂ। ਤੁਮ ਈਹਾਂ ਸੇ ਚਲੇ ਜਾਹੁ ਅਰਜਨ ਸੁਨਕੇ ਅਸਚਰਜ ਹੋ ਗਯਾ ਹਰੀ ਕੇ ਪਾਸ ਜਾ ਕੇ ਸਭ ਬ੍ਰਿਤਾਂਤ ਕਹਾ ਭਗਵਾਨ ਜੀ ਨੇ ਕਹਾ ਅਬ ਤੁਮ ਫੇਰ ਜਾਹੁ ਜਾ ਕੇ ਏ ਕਹੁ ਤੁਮ ਕੋ ਸ੍ਰੀ ਰਘੁਨਾਥ ਜੀ ਯਾਦ ਕਰਤੇ ਹੈਂ ਤਬ ਵਹੁ ਆਵੇਗਾ। ਦੂਸਰੀ ਵਾਰੀ ਸੁਮੇਰ ਪਰ ਜਾ ਕੇ ਜਬ ਏ ਅਰਜਨ ਨੇ ਕਹਾ ਤਬ ਹੀ ਸੁਨਕੇ ਕਿਲਕਾਰੀ ਮਾਰਨੇ ਲਗ ਪੜੇ ਏਕ ਦਮ ਉਸ ਜਗਾ ਪਹੁੰਚੇ ਆਗੇ ਸਿਰੀ ਕ੍ਰਿਸ਼ਨ ਭਗਵਾਨ ਨੇ ਜਾਨਕੀ ਅਨੁਜ ਸਮੇਤ ਰਘੁਨਾਥ ਰੂਪ ਹੋ ਕੇ ਦਰਸ਼ਨ ਦੀਆ। ਤਬ



Scanned by CamScanner

ਮਹਾਂਬੀਰ ਨੇ ਚਰਨਾਂ ਪਰ ਡੰਡੌਤ ਕਰੀ ਅਰ ਪੂਛਾ ਆਗਿਆ ਕਰੀਏ ਹਰੀ ਨੇ ਕਹਾ ਇਨ੍ਹਾਂ ਰਾਖਸ਼ਾਂ ਕੋ ਮਾਰ ਡਾਲੋ ਉਸੀ ਖਿਨ ਹਨੂੰਮਾਨ ਨੇ ਸਭ ਕੋ ਮਾਲ ਡਾਲਾ।

**ਦੋਹਿਰਾ ॥ਕਹਾਂ ਕਹੋ ਛਬ ਆਜ ਕੀ ਭਲੇ ਬਿਰਾਜੇ ਨਾਥ। ਤੁਲਸੀ ਮਸਤਕ ਤੌ ਨਿਭੈ ਧਨਖਬਾਨ ਲੇਹੁ ਹਾਥ। ਅਪਨੇ ਅਪਨੇ ਇਸ੍ਰ ਕੋ ਸਭੀ ਨਿਵਾਵੈ ਮਾਥ। ਤੁਲਸੀ ਜਨਕੇ ਕਾਰਨੇ ਕ੍ਰਿਸਨ ਭਏ ਰਘੁਨਾਥ।**

ਯੇ ਤੁਲਸੀ ਦਾਸ ਕੀ ਕਥਾ ਪ੍ਰਸਿੱਧ ਹੈ। ਭਾਵ ਏ ਹੈ। ਆਪਣੇ ਇਸਟ ਮੇਂ ਹਨੂੰਮਾਨ ਜੀ ਪਕੇ ਥੇ। ਅਥਵਾ। ਸਚਾ ਹਰੀ ਕਾ ਭਗਤ ਸੰਸਾਰ ਮੈਂ ਵੋਹੀ ਹੈ ਜੋ ਆਪਣੇ ਇਸਟ ਤੇ ਬਿਨਾਂ ਔਰ ਕੁਛ ਦੇਖੇ ਨਾ ਭਾਵ ਸਭ ਸੰਸਾਰ ਕੋ ਆਪਣਾ ਇਸਟ ਰੂਪ ਕਰਕੇ ਜਾਨੇ ਜਿਸ ਕੀ ਉਪਾਸ਼ਨਾਂ ਕਰਤਾ ਹੋ ਸਭ ਕੋ ਉਸੀ ਕਾ ਰੂਪ ਦੇਖੇ ਸੋ ਸਚਾ ਭਗਤ ਹੈ। ਜੈਸੇ ਤੁਲਸੀ ਦਾਸ ਜੀ ਨੇ ਕਹਾ ਹੈ। ਸੀਯ ਰਾਮ ਮਯ ਸਭ ਜਗ ਜਾਨੀ। ਕਰੋ ਪ੍ਰਣਾਮ ਜੋਰ ਯੁਗ ਪਾਨੀ ॥੫। ਸੰਕਾ ॥ਸਾਧੂ ਉੱਤਮ ਕਵਨ ਹੈ ॥ਸਮਾਧਾਨ ॥ਪੁਨਾ ਸਾਧੂ ਭੀ ਵੋਹੀ ਉੱਤਮ ਜਾਨੀਏ। ਸੰਸਾਰ ਮੇਂ ਜਿਸ ਕੋ ਕੋਈ ਉਪਾਧੀ ਨਹੀਂ ਹੈ। ਸੰਸਾਰ ਮੇਂ ਯੇ ਤੀਨ ਵਡੀ ਉਪਾਧੀ ਹੈਂ।

**ਦੋਹਾ ॥ਤੀਨੋ ਮੂਲ ਉਪਾਧ ਕਾ ਜਰ ਜੋਰੂ ਜਮੀਨ। ਹੈ ਉਪਾਧ ਤਾਕੇ ਕਹਾਂ ਜਾਕੇ ਨਹੀ ਯੇ ਤੀਨ।**

ਇਸ ਮੈ ਦੂਸਰਾ ਪ੍ਰਮਾਨ।

**ਕਬੀਰ ਧਰਤੀ ਸਾਧ ਕੀ ਤਸਕਰ ਬੈਸੇ ਗਾਹਿ।**

ਕਬੀਰ ਸਾਹਿਬ ਜੀ ਕਹਿਤੇ ਹੈ। ਜਿਸ ਸਾਧੂ ਨੇ ਧਰ ਨਾਮ ਧਾਰਨ ਕਰ ਲਈ ਤੀ ਨਾਮ ਔਰਤ ਸੋ ਸਾਧੂ ਕਾਹੇ ਕਾ ਹੈ। ਅਰ ਜੋ ਧਨ ਪਦਾਰਥ ਗਾਹਿ ਨਾਮ ਮਲ ਕੇ ਬੈਠ ਗਏ ਹੈ। ਸੋ ਸਾਧੂ ਕਾਹੇ ਕ ਹੈ ਸੋ ਏਕ ਕਿਸਮ



ਕੇ ਵਹੁ ਚੋਰ ਹੈ। ਅਸਲੀ ਸਾਧੂਆਂ ਕੇ ਯੇ ਲਛਨ ਹੈ। ਕੁੰਡਲੀਆ। ਫਕੀਰੀ ਕਰਨੀ ਕਠਨ ਹੈ ਛਡਨੀ ਸਭ ਪ੍ਰਵਿਰਤ। ਇਹ ਜੀਵਤ ਮਰਨਾ ਜਗਤ ਮੈ ਬਹਿਯ ਅੰਤਰ ਹੋਨਾ ਨਿਬ੍ਰਤਿ। ਬਹਿਯ ਅੰਤਰ ਹੋਨਾ ਨਿਬ੍ਰਤਿ ਨਾ ਰਖਨੀ ਰੰਚ ਮੁਥਾਜੀ। ਜੋ ਜੈਸੀ ਬਨ ਆਇ ਤਿਸੀ ਮੈ ਰਹਿਨਾ ਰਾਜੀ। ਕਹੈ ਗਿਰਧਰ ਕਵਰਾਇ ਭ੍ਰਾਂਤ ਕੀ ਫਾਰੈਚੀਰੀ। ਏਕ ਆਤਮ ਮੋਮਗਨ ਰਹੈ ਇਸੀ ਕਾ ਨਾਮ ਫਕੀਰੀ। ਯੇ ਫਕੀਰਾਂ ਝੂਠਿਆਂ ਕੇ ਲਛਨ ਹੈਂ। ਅੰਦਰੋਂ ਦੁਨੀਆਂ ਨਾਲ ਮੁਹੱਬਤ ਉਪਰੋਂ ਜ਼ਿਕਰ ਸਾਂਈਂ ਦਾ ਕਰਦੇ। ਗਲੀ ਸੈਲ ਕਰਨ ਅਸਮਾਨੀ ਕੌਡੀ ਤੇ ਲੜ ਮਰਦੇ। ਪੈਰੀ ਸੰਗਲ ਤੇ ਹਥ ਹਥੌੜੀ ਡਿਠੇ ਨੀ ਕੋਈ ਤਰਦੇ। ਸੰਤ ਰੇਣ ਵਹੁ ਠਗ ਸਾਂਈਂ ਦੇ ਉਸਥੀ ਦੋਜਕ ਭੀ ਪਏ ਡਰਦੇ ॥ ੬ ॥ ਸੰਕਾ ॥ ਜੋ ਪ੍ਰਮੇਸਰ ਕੀ ਭਗਤੀ ਸੇ ਰਹਿਤ ਹੈ। ਬਾਹਿਰਲੇ ਚਿੰਨ ਸਾਧੂਆਂ ਵਾਲੇ ਧਾਰਨ ਕਰੇ ਹੂਏ ਹੈ ਸੋ ਮੋਖ ਕਰੇ ਹੈ ਵਾ ਨਹੀਂ ॥ ਸਮਾਧਾਨ ॥ ਮੂਲ ॥

**ਸ੍ਵੈਯਾ ॥ਜਬ ਧਾਰ ਤ੍ਰਿਦੰਡ ਫਿਰੇ ਨਗਨਾ ਮੁਖ ਊਪਰ ਸੀਸ ਜਟਾਨ ਧਰੇ। ਅਥਵਾ ਗਿਰ ਕੰਦਰ ਬੀਚ ਬਸੈ ਸਿਲਪੈ ਖਿਤ ਹ੍ਵੈ ਖਿਤ ਬ੍ਰਿਛ ਤਲੇ। ਤਤ ਬੇਦ ਪੁਰਾਨ ਸਿਧਾਂਤ ਪਵੈ ਉਪਵਾਸ ਧਰੇ ਤੀਰਥੋ ਵਿਚਰੇ। ਮਨ ਮੈ ਜਬ ਭੋਗਨ ਕੀ ਰਤਿ ਹੈ ਤਬ ਏ ਸਬ ਕਿੰਚਤ ਨਾਹਿ ਕਰੇ ॥੫ ॥**

ਟੀਕਾ ॥ ਜਬ ਨਾਮ ਜਦੋਂ ਤ੍ਰਿਦੰਡ ਕੋ ਧਾਰਨ ਕਰ ਲੀਆ ॥ ਸੰਕਾ ॥ ਤ੍ਰਿਦੰਡ ਕਿਸ ਕੋ ਕਹੇ ਹੈ ॥ ਸਮਾਧਾਨ ॥ ਕਾਇਕ ਵਾਚਕ ਮਾਨਸ ਇਨ੍ਹਾਂ ਤੀਨੋ ਪਰ ਜੋ ਦੰਡ ਰਖੇ ਸੋ ਤ੍ਰਿਦੰਡ। ਵਾ ਤਿੰਨਾਂ ਪੋਰੀਆਂ ਵਾਲਾ ਡੰਡੇ ਸਾਥ ਲੀਰ ਬੰਨ੍ਹ ਕੇ ਰਖੇ ਹੈ। ਫੇਰ ਉਸ ਡੰਡੇ ਕੋ ਪ੍ਰਿਥਵੀ ਪਰ ਨਹੀਂ ਰਖੇ ਹੈ ਸਦਾ ਉਠਾਈ ਰਖੇ ਹੈ। ਵਾ ਭੁਜਾ ਮੇਂ ਅਨੰਤ ਗਲ ਮੈਂ ਜਨੇਊ ਸਿਰ ਤੇ ਬੋਦੀ ਵਾ ਤੀਨ ਟਿਕੇ ਲਗਾਨੇ ਛਾਤੀ ਮੇਂ ਭੁਜਾ ਮੇਂ ਮਥੇ ਮੇਂ ਇਤਿਆਦੀ ਤ੍ਰਿਦੰਡਾਂ ਵਿਚੋਂ ਕੋਈ ਤ੍ਰਿਦੰਡ ਧਾਰਨ ਕਰ ਲੀਆ ਪਰ ਜੇ ਰਿਦਾ ਸੁਧ ਨਾ ਹੂਆ



Scanned by CamScanner

ਫੇਰ ਕਿਸ ਕੰਮ ਹੈ। ਔਰ ਨਗਨ ਹੋਕਰ ਭੀ ਸੰਸਾਰ ਮੇਂ ਫਿਰ ਰਹਾ ਹੈ। ਤੋ ਭੀ ਕੁਛ ਨਹੀਂ ਹੋਂਦਾ॥ ਗੁਰੂ ਪ੍ਰਮਾਨ॥

**ਨਗਨ ਫਿਰਤ ਜਉ ਪਾਈਏ ਜੋਗ। ਬਨ ਕਾ ਮ੍ਰਿਗ ਮੁਕਤ ਸਭ ਹੋਗ॥**

ਔਰ ਸਿਰ ਕੇ ਜੜਾਂ ਮੁਖ ਉਤੇ ਪੈ ਰਹੇ ਹੋਣ। ਕਿੰਬਾ। ਮੁਖ ਅਕਾਸ਼ ਕੀ ਊਪਰ ਕਰਾ ਹੂਆ ਹੈ। ਅਰ ਸਿਰ ਪਰ ਜਟਾਂ ਧਾਰਨ ਕਰੀ ਹੂਈਆਂ ਹੈ। ੧। ਅਥਵਾ ਨਾਮ ਬਹੁੜੋ ਗਿਰ ਨਾਮ ਪਰਬਤਾਂ ਕੀ ਕੰਦਰਾਂ ਵਿਚ ਵਸੇ ਕਿੰਬਾ ਸਿਲਾ ਪਰ ਇਸਥਿਤ ਹੋਵੇ। ਅਥਵਾ ਬਿਰਛ ਹੇਠ ਥਿਤ ਨਾਮ ਖੜਾ ਰਹੇ।੨। ਚਾਰ ਵੇਦ ਅਠਾਰਾਂ ਪੁਰਾਨੋਂ ਕਾ ਜੋ ਤਤ੍ਵ ਨਾਮ ਸਿਧਾਂਤ ਹੈ ਸੋ ਭੀ ਜਿਸਨੇ ਪੜਾ ਹੂਆ ਹੈ। ਉਪਵਾਸ ਨਾਮ ਬਰਤ ਭੀ ਧਰੇ ਨਾਮ ਰਖਤਾ ਹੈ। ਅਰ ਸਭ ਤੀਰਥੋਂ ਮੈਂ ਵਿਚਰਤਾ ਹੈ। ਭਾਵ-ਦਿਗੰਬਰ ਬਿਰਤੀ ਸੇ ਚਾਰੋਂ ਧਾਮ ਭੀ ਕਰੇ। ੩। ਇਤਿਆਦੀ ਸਭ ਕਰਮ ਕਰ ਲਵੇ। ਪਰੰਤੂ ਮਨ ਮੈ ਭੋਗਾਂ ਮੇਂ ਜਿਤਨਾ ਚਿਰ ਰਤੀ ਨਾਮ ਪਰੀਤੀ ਹੈ। ਤਬ ਨਾਮ ਉਤਨਾ ਚਿਰ ਯੇ ਸਭ ਕਰਨੇ ਤੁਛ ਹੈ। ਜੇਹੇ ਕਰੇ ਜੇਹੇ ਨਾ ਕਰੇ ਸਭ ਬਿਅਰਥ ਹੈ ਭਾਵ ਏ ਹੈ। ਇਤਿਆਦੀ ਸਭ ਸਾਧਨ ਜਿਸਨੇ ਕਰ ਲੀਏ ਹੈ ਅਰ ਮਨ ਮੇਂ ਭੋਗਾਂ ਮੇਂ ਪਰੀਤੀ ਹੈ। ਤਬ ਜਾਨੋ ਯੇ ਸਭ ਨਿਸਫਲ ਹੈ। ਏ ਕਿਸੀ ਕਾਮ ਨਹੀ ਕੇਵਲ ਪਰੀਸਰਮ ਰੂਪੀ ਫਲ ਹੋਵੇ ਹੈ। ਔਰ ਫਲ ਕੋਈ ਨਹੀ ਕੇਵਲ ਬਾਹਰਲੇ ਚਿੰਨਾਂ ਸੇ ਕੁਛ ਨਹੀਂ ਹੋਤਾ। ਸੰਕਾ। ਕਲਿਆਨ ਕੈਸੇ ਹੋਵੈ ਹੈ॥ ਸਮਾਧਾਨ॥ਮੂਲ॥

**ਤੋਟਕ ਛੰਦ॥ਨਿਜ ਮਾਤ ਜਿਵੇ ਪਰ ਨਾਰ ਭਜੇ। ਪਰ ਕੋ ਧਨ ਲੋਸਟ ਸਮਾਨ ਤਜੇ। ਸਭ ਜੀਵ ਸ੍ਵਯੰ ਸਮ ਦੇਖਤ ਜੋ। ਵਹਿ ਵੈਸਨਵ ਹੈ ਇਵ ਪੇਖਤ ਜੋ॥੬॥**

ਟੀਕਾ। ਜਿਵੇਂ ਨਾਮ ਜਿਸ ਪਰਕਾਰ ਆਪਣੀ ਮਾਤਾ ਕੋ ਜਾਨਤਾ ਹੈ। ਤਿਸੀ ਪਰਕਾਰ ਪਰਾਈ ਇਸਤਰੀ ਕੋ ਦੇਖੇ। ਕਿੰਵਾ ਪਰਇਸਤਰੀ ਕੋ



ਆਪਨੀ ਮਾਤਾ ਸਦਿਰਸ ਜਾਨ ਕੇ ਤਿਸ ਪਾਸੋਂ ਭਜ ਜਾਏ। ਭਾਵ ਜੈਸੇ ਆਪਣੀ ਮਾਤਾ ਕੇ ਪਾਸ ਉਠਨੇ ਬੈਠਨੇ ਸੇ ਆਪਣੇ ਚਿਤ ਮੇਂ ਬੁਰੀ ਭਾਵਨਾ ਪੈਦੇ ਨਹੀ ਹੋਵੈ ਹੈ। ਤੈਸੇ ਹੀ ਪਰ ਇਸਤਰੀ ਕੋ ਦੇਖ ਕਰ ਭੀ ਨਾ ਹੋਨੀ ਚਾਹੀਏ। ੧। ਫੇਰ ਪਰਾਏ ਧਨ ਕੋ ਲੋਹੇ ਮਿਟੀ ਕੇ ਸਮ ਜਾਨ ਕਰ ਤਿਆਗ ਕਰ ਦੇਵੇ। ਵਾ ਜੰਗਲ ਹੋ ਕੇ ਜਿਸ ਮਾਟੀ ਸੇ ਹਾਥ ਮਾਂਜਤੇ ਹੈ। ਸੋ ਲੋਸਟ ਹੈ। ਕਿੰਬਾ ਲੋਹੇ ਕੀ ਮੈਲ ਕੋ ਲੋਸਟ ਕਹੇ ਹੈ॥ ਸੰਕਾ॥ ਯੇ ਸਭ ਚੀਜ਼ਾਂ ਕਾਮ ਮੇਂ ਆਤੀਆਂ ਹੈ ਇਨ ਕੋ ਕੌਣ ਛੋੜਤਾ ਹੈ॥ਸਮਾਧਾਨ॥ ਜੋ ਪੋਚਾ ਪਾਵੀਤਾ ਹੈ ਜੋ ਪਿਛੇ ਰੋੜ ਰਹਿਤੇ ਹੈ ਤਿਸ ਕੋ ਲੋਸਟ ਕਹੇ ਹੈ। ਭਾਵ-ਗੁਦੜ ਕੂੜੇ ਸਮਾਨ ਜਾਨ ਕੇ ਪਰਾਇਆ ਧਨ ਕਾ ਤਿਆਗ ਕਰ ਦੇਵੇ॥ ਸੰਕਾ॥ ਇਨ ਦੋਨੋਂ ਕੇ ਤਿਆਗ ਕਾ ਫਲ ਕੀ ਹੈ॥ਸਮਾਧਾਨ॥ਯੇ ਫਲ ਹੋਵੇ ਹੈ। ਗੁਰੂ ਪ੍ਰਮਾਨ। ਪਰ ਧਨ ਪਰ ਦਾਰਾ ਪਰ ਹਰੀ॥ ਤਾਕੇ ਨਿਕਟ ਵਸੈ ਨਰ ਹਰੀ॥੨॥ ਸਭ ਜੀਵਾਂ ਕੋ ਜੋ ਆਪਣੇ ਸਮਾਨ ਦੇਖਤਾ ਹੈ। ਗੁਰੂ ਪ੍ਰਮਾਨ। ਜੇਹਾ ਵੇਖੇ ਤੇਹਾ ਵੇਖ॥ ਜੈਸੇ ਤੂੰ ਆਪਣੇ ਆਪ ਕੋ ਚੇਤੰਨ ਮਾਨਤਾ ਹੈ। ਹੇ ਪਿਆਰੇ ਸਜਣ ਇਹਾ ਜਿਹਾ ਹੋਰ ਨਾ ਕੋ ਦੇਖ। ਇਸ ਪ੍ਰਕਾਰ ਜੋ ਦੇਖਨੇ ਵਾਲਾ ਹੈ। ਵਹਿ ਵੈਸ਼ਨਵ ਹੈ ਓਹੀ ਵਿਸ਼ਨੂੰ ਕਾ ਭਗਤ ਹੈ। ਇਨ੍ਹਾਂ ਬਾਤਾਂ ਕੇ ਧਾਰਨੇ ਸੇ ਪੁਰਸ਼ ਕੀ ਕਲਿਆਨ ਹੋਵੇ। ਅਨ ਸੇ ਨਹੀ। ਅਬ ਪੰਚਮ ਧਿਆਇ ਸਮਾਪਤ ਹੋ ਗਯਾ ਹੈ। ਅਬ ਆਗੇ ਕਵੀ ਜੀ ਛੰਦੋਂ ਕੀ ਗਿਨਤੀ ਕਹੇ ਹੈ॥

**ਦੋਹਿਰਾ॥ ਇਕ ਚੌਪਈ ਇਕ ਸੋਰਠਾ ਇਕ ਭੁਜੰਗ ਪ੍ਰਯਾਤ। ਏਕ ਛਪਾ ਤੋਟਕ ਇਕੋ ਏਕ ਸ੍ਵੈਯਾ ਜਾਤ॥ਟੀਕਾ॥**

ਚੌਪਈ ਇਕ ਹੈ ਸਭ ਛੰਦ ਇਕ ਇਕ ਹੈ॥

ਇਤਿ ਸ੍ਰੀ ਸਾਰੁਕੁਤਾਵਲੀ ਤਾਸ ਪੰਚਮੋ ਧਜਾਇ। ਤਾਮਹ ਕਹਿਯੋ ਵਿਚਾਰ ਸਭ ਕਵਿ ਹਰਿ ਦਿਆਲ ਸੁਭਾਇ।



Scanned by CamScanner

ਦੋਹਿਰਾ॥ ਉਭੈ ਲੋਕ ਜਸ ਹੇਤੁ ਹਮ ਕਰਾ ਵਿਚਾਰ ਇਸ ਮਾਹਿ। ਜੁਵਾਲਾ ਦਾਸ ਕੀ ਬੇਨਤੀ ਧਰੋ ਸਦਾ ਚਿਤ ਯਾਹਿ॥

ਇਤਿ ਸ੍ਰੀ ਸਾਰੁਕੁਤਾਵਲੀ ਤਤ ਬੋਧਨੀ ਟੀਕਾ ਕ੍ਰਿਤ ਪਰਮ ਹੰਸ ਸੰਤ ਜੁਵਾਲਾ ਦਾਸ ਉਦਾਸੀਨ ਉਤਮ ਵਿਚਾਰ ਨਿਰੂਪਨੰ ਪੰਚਮੋ ਧਿਆਇ॥੫॥

-o-



ੴ ਸਤਿਗੁਰ ਪ੍ਰਸਾਦਿ॥

# ਅਥ ਖਸਟਮ ਧਿਆਇ ਪ੍ਰਾਰੰਭਾ

ਜੋ ਛੇਵੇਂ ਧਿਆਇ ਮੇਂ ਕਥਾ ਆਵੇਗੀ ਵਹੁ ਅਬ ਪਹਿਲੇ ਦਿਖਾਤੇ ਹੈਂ॥

ਦੋਹਿਰਾ॥ ਚਤੁਰਾਗਤਿ ਗਤਿ ਨਰਨ ਕੀ ਕਹੇ ਛਿਵੇਂ ਅਧਿਯਾਇ। ਪਾਂਚ ਸ੍ਵੈਯੇ ਤਾਸ ਕੇ ਚਤੁਰਨ ਚਿਤ ਬਿਗਸਾਇ॥੧॥

ਟੀਕਾ॥ ਚਤੁਰ ਕਹੀਏ ਚਾਰ ਨਰਨ ਕੀ ਕਹੀਏ ਪੁਰਸ਼ੋਂ ਕੀ ਗਤਿ ਕਹੀਏ ਜਾਨਾ। ਆਗਤਿ ਨਾਮ ਆਨਾ ਯੇ ਛੇਵੇਂ ਅਧਿਆਇ ਮੇਂ ਕਹੇਂਗੇ। ਭਾਵ ਇਹ ਹੈ ਇਸ ਲੋਕ ਮੇਂ ਆਨਾ ਪਰਲੋਕ ਮੇਂ ਜਾਨਾ ਚਾਰ ਪੁਰਸ਼ੋਂ ਕਾ ਕਹੇਂਗੇ॥ਸੰਕਾ॥ਇਸ ਧਿਆਇ ਮੇਂ ਪਾਂਚ ਪੁਰਸ਼ ਆਵੇਂਗੇ ਚਾਰ ਤੁਮ ਕਿਉਂ ਕਹਿਤੇ ਹੋ॥ਸਮਾਧਾਨ॥ਗਤੀ ਜਾਨਾ ਆਗਤੀ ਨਾਮ ਆਨਾ ਪੁੰਨੀ ਪਾਪੀ ਜੋ ਪੁਰਸ਼ ਹੈਂ ਤਿਨ ਕੀ ਕਹੀ ਹੈ ਚਤੁਰ ਪੁਰਸ਼ੋਂ ਨੇ। ਵ ਚਤੁਰ ਪੁਰਖੋਂ ਕੀ ਗਤੀ ਜਾਨਾ ਆਗਤੀ ਆਵਨਾ ਕਹੇਂਗੇ॥ਸੰਕਾ॥ਚਤੁਰ ਨਾਮ ਸ੍ਰੇਸ਼ਟ ਪੁਰਸ਼ੋਂ ਕਾ ਕਾਮ ਉਤਮ ਹੈ। ਫੇਰ ਉਨ ਕਾ ਜਨਮ ਮਰਨ ਕਿਉਂ ਭਯਾ ਨਾਲੇ ਆਗੇ ਕਹਿਨਾ ਹੈ ਟੇਡੀ ਜੂਨਾਂ ਵਿਚੋਂ ਆਵੇ ਹੈ। ਫੇਰ ਟੇਡੀਆਂ ਜੂਨਾਂ ਵਿਚ ਜਾਵੇਗਾ॥ ਸਮਾਧਾਨ॥ਇਸ ਵਾਸਤੇ ਏਹੀ ਅਰਥ ਮੁਖ ਹੈ। ਪੁੰਨੀ ਪਾਪੀ ਪੁਰਸ਼ੋਂ ਕਾ ਆਨਾ ਜਾਨਾ ਚਤੁਰ ਪੁਰਸ਼ਾਂ ਨੇ ਕਥਨ ਕਰਾ ਹੈ। ਇਸ ਛੇਵੇਂ ਧਿਆਇ ਕੇ ਪਾਂਚ ਸ੍ਵੈਯੇ ਹੈਂ। ਫੇਰ ਇਹ ਸ੍ਵੈਯੇ ਕੈਸੇ ਹੈ ਚਤੁਰ ਪੁਰਸ਼ਾਂ ਕੇ ਚਿਤ ਕੋ ਪ੍ਰਸੰਨ ਕਰਨੇ ਵਾਲੇ ਹੈਂ॥੧॥ਸੰਕਾ॥ਜੋ ਮਾਨੁਖ ਸ੍ਵਰਗ ਸੇ ਗਿਰ ਕਰ ਇਸ ਪ੍ਰਿਥਮੀ



Scanned by CamScanner

ਮੇਂ ਆਇਆ ਹੈ। ਉਸਕੇ ਲਖਨ ਕਿਆ ॥ ਸਮਾਧਾਨ ॥ ਮੂਲ ॥

**ਸ੍ਵੈਯਾ ॥ ਕਵਿਤਾ ਧਿਖਨਾ ਅਤਿਸੈ ਜਿਨ ਕੀ ਪਨ ਜਾਸ ਕਲੇਵਰ ਰੋਗ ਬਿਲਾਯੋ। ਅਬਲਾ ਅਨੁਰਾਗ ਕਰੇ ਜਿਨ ਸੋ ਪੁਨ ਹਾਟਕ ਲਾਭ ਜਿਸੇ ਅਧਿਕਾਇਯੋ। ਸੁਪਨੇ ਕੇ ਮਝਾਰ ਸੁਚੇਤ ਰਹੈ ਪੁਨ ਸਾਜਨ ਮੈ ਅਤਿਸੈ ਜਸ ਛਾਯੋ। ਜਿਸ ਮੈ ਸਤ ਲਖਣ ਏ ਲਖੀਐ ਵਹੁ ਮਾਨੁਖ ਨਾਕ ਗਿਰਿਓ ਛਿਤ ਆਯੋ ॥੧ ॥**

ਟੀਕਾ ॥ ਏਕ ਜਿਸ ਪੁਰਸ਼ ਕੋ ਅਤਿਸੈ ਕਰਕੇ ਸੁੰਦਰ ਕਵਿਤਾ ਕਰਨੀ ਆਤੀ ਹੋ। ਜੈਸੀ ਕਵਿਤਾ ਕਰਨੀ ਚਾਹੇ ਤੈਸੇ ਤੁਰਤ ਰਚ ਲੈ ॥੧ ॥ ਦੂਸਰਾ ਜਿਸ ਮੇਂ ਵਿਵਹਾਰ ਅਰ ਪਰਮਾਰਥ ਕੀ ਧਿਖਨਾ ਨਾਮ ਬੁਧੀ ਹੋ। ਭਾਵ ਦੋਨੋਂ ਬਾਤੋਂ ਮੇਂ ਚਤਰ ਹੋਵੇ। ਤੀਸਰਾ ਫੇਰ ਜਿਸ ਕਾ ਕਲੇਵਰ ਨਾਮ ਸਰੀਰ ਰੋਗ ਸੇ ਰਹਿਤ ਹੋਵੇ। ਜਾਗ੍ਰਤ ਕੀ ਬਾਤ ਕਿਆ ਕਹਿਨੀ ਹੈ ਸਾਰੀ ਅਵਸਥਾ ਮੇਂ ਸੁਪਨੇ ਮੇਂ ਰੋਗ ਨਾ ਹੂਆ ਹੋਵੇ ॥ ੧ ॥ ਚੌਥਾ ਅਬਲਾ ਨਾਮ ਇਸਤ੍ਰੀਆਂ ਜਿਸਕੇ ਸਾਥ ਅਨੁਰਾਗ ਨਾਮ ਪ੍ਰੇਮ ਕਰਤੀਆਂ ਹੋਵੇਂ। ਭਾਵ ਸੁੰਦਰ ਸਰੀਰ ਐਸਾ ਹੋ ਜੋ ਦੇਖੇ ਸੋ ਪ੍ਰੇਮ ਕਰੇ। ਫੇਰ ਪਾਂਚਵਾਂ ਜਿਸ ਕੋ ਹਾਟਕ ਨਾਮ ਸੋਨੇ ਕਾ ਲਾਭ ਹੋਵੇ। ਭਾਵ ਜਿਸ ਕੋ ਧਨ ਕਾ ਲਾਭ ਭੀ ਅਧਿਕ ਹੋਵੇ। ਛੇਵਾਂ ਜੋ ਸੁਪਨੇ ਮੇਂ ਸੁਚੇਤ ਨਾਮ ਸਾਵਧਾਨ ਰਹੇ ਬੀਰਜਾਦੀ ਨਾ ਜਾਨੇ ਦੇਵੇ ॥

**ਦੋਹਿਰਾ ॥ ਸੁਪਨ ਹੂੰਮੇਂ ਕਾਮ ਸੇ ਜੋ ਨਹਿ ਪੀੜਤ ਹੋਇ। ਸੂਰ ਵਹੀ ਸੰਸਾਰ ਮੇਂ ਮਾਨਤ ਸਜਨ ਸੋਇ ॥**

ਵਾ ਸੁਪਨੇ ਵਿਚ ਭੀ ਆਪਣੇ ਧਰਮ ਮੇਂ ਅਡੋਲ ਰਹੇ। ਭਾਵ ਨ ਡੋਲੇ ਫੇਰ ਜਿਸ ਕਾ ਸਭ ਆਪਣੇ ਮਿਤ੍ਰ ਗਣੋਂ ਮੇਂ ਜਸ ਹੋ ਰਹਾ ਹੈ। ਭਾਵ ਸਭ ਜਿਸ ਕਾ ਜਸ ਕਰਤੇ ਹੋਵੇ, ਹੇ ਪੁਰਸ਼ੋ ਜਿਸ ਮੇਂ ਏ ਸਤ ਲਖਣ ਪਾਏ ਜਾਵੇ ਵਹੁ ਸਮਝੋ ਮਾਨੁਖ ਪਿਛੋਂ ਸਵਰਗ ਸੇ ਗਿਰ ਕਰ ਇਸ ਪ੍ਰਿਥਵੀ ਪਰ



ਆਇਆ ਹੈ। ਨਾਕ ਸਵਰਗ ਕਾ ਨਾਮ ਹੈ। ਛਿਤ ਨਾਮ ਪ੍ਰਿਥਵੀ ਕਾ ਹੈ। ਸੰਕਾ ॥ ਏ ਸਾਤ ਲਖਣ ਏਕ ਪੁਰਸ਼ ਮੇਂ ਹੋਨੇ ਅਸੰਭਵ ਹੈਂ ॥ ਸਮਾਧਾਨ ॥ ਜਿਸ ਮੇਂ ਏ ਸਤ ਲਖਣ ਪਾਏ ਜਾਵੇ ਵਹੁ ਉਤਮ ਹੈ। ਅਰ ਜਿਸ ਮੇਂ ਏਕ ਵਾ ਦੋ ਤੀਨ ਏ ਲਖਣ ਘਟੇ ਵਹੁ ਮਧਮ ਵਾ ਕਨਿਸਟ ਹੈ। ਸਵਰਗ ਮੈਂ ਭੀ ਭੇਦ ਹੈ। ਕੋਈ ਦੇਵਤਾ ਉਤਮ ਹੈ ਕੋਈ ਮਧਮ ਕਨਿਸਟ ਹੈ ॥ ੧ ॥ ਸੰਕਾ। ਇਸ ਪ੍ਰਿਥਵੀ ਮੈਂ ਰਹਿ ਕਰ ਜੋ ਫੇਰ ਸਵਰਗ ਮੇਂ ਵਸ ਰਹੇ ਹੈਂ। ਉਨ ਪੁਰਸ਼ੋਂ ਕੇ ਲਖਣ ਕਿਆ ਹੈ ॥ ਸਮਾਧਾਨ ॥ ਮੂਲ ॥

**ਸ੍ਵੈਯਾ ॥ ਦਾਨ ਪ੍ਰਸੰਗ ਸਦੀਵ ਕਰੇ ਪਰ ਮਾਤਮ ਦੇਵ ਭਜੈ ਚਿਤ ਲਾਈ। ਜਾਸ ਗਿਰਾ ਮਧੁਰੀ ਅਤਿਸੈ ਨਿਤ ਸੇਵਤ ਜੋ ਧਰਮੀ ਨਰੁਤਾਈ। ਜਾ ਜਨਕੇ ਮਨ ਮੈ ਨਿਤ ਹੀ ਗੁਨ ਚਾਰ ਬਿਰਾਜਤਏ ਸੁਖਦਾਈ। ਤੇ ਨਰ ਭੂਮ ਬਿਰਾਜਤ ਹੀ ਸ੍ਵਰਗੇ ਬਸ ਹੈ ਸਹਿਸੋ ਨਹਿ ਰਾਈ ॥੨ ॥**

ਟੀਕਾ ॥ ਯਥਾ ਵਿਤਾਨੁਸਾਰ ਜੋ ਦਾਨ ਦੇਨੇ ਕਾ ਪ੍ਰਸੰਗ ਸਦੀਵ ਕਰਤਾ ਹੈ। ਫੇਰ ਪ੍ਰਮਾਤਮਾ ਦੇਵ ਅੰਤਰਜਾਮੀ ਕੋ ਚਿਤ ਲਗਾ ਕਰ ਸਿਮਰਨ ਕਰਤਾ ਹੈ। ਫੇਰ ਜਿਸਕੀ ਬਾਣੀ ਅਤਯੰਤ ਮਧੁਰੀ ਨਾਮ ਮਿਠੀ ਹੈ। ਐਸੀ ਪ੍ਰੇਮ ਮਿਠੀ ਬਾਣੀ ਬੋਲਤਾ ਹੈ। ਜਿਸਕੋ ਸੁਨ ਰਾ ਸਭ ਕਾ ਚਿਤ ਪ੍ਰਸੰਨ ਹੋ ਜਾਤਾ ਹੈ। ਅਰ ਧਰਮੀਂ ਪੁਰਸ਼ੋਂ ਕਾ ਜੋ ਨਿਤਾਪ੍ਰਤੀ ਸੇਵਨ ਕਰਤਾ ਹੈ। ਭਾਵ-ਹਮੇਸ਼ਾਂ ਧਰਮਾਤਮਾਂ ਪੁਰਸ਼ਾਂ ਕਾ ਸਤਿ ਸੰਗ ਕਰਤਾ ਹੈ। ਜਿਸ ਪੁਰਸ਼ ਕੇ ਮਨ ਮੇਂ ਨਿਤ ਹੀ ਏ ਚਾਰ ਗੁਣ ਦਾਨ ਕਾ ਕਰਨਾ ੧, ਪਰਮੇਸ੍ਰਰ ਕਾ ਭਜਨ ੨, ਮਿਠੀ ਬਾਣੀ ਹੋਨੀ ੩ ਧਰਮੀਂ ਪਰਸ਼ੋਂ ਕਾ ਸਤਿ ਸੰਗ ਕਰਨਾ ੪, ਏ ਸੁਖਦਾਈ ਬਿਰਾਜਮਾਨ ਹੋ ਰਹੇ ਹੈਂ। ਐਸੇ ਲਖਨੋਂ ਵਾਲਾ ਪੁਰਸ਼ ਪ੍ਰਿਥਵੀ ਪਰ ਬਿਰਾਜਿਆ ਹੂਆ ਭੀ ਜਾਨੋਂ ਸ੍ਵਰਗ ਮੇਂ ਹੀ ਵਸ ਰਹਾ ਹੈ। ਇਸ ਮੇਂ ਰਾਈ ਮਾਤ੍ਰ ਭੀ ਸੰਸਾ ਨਹੀ ਹੈ ॥ ੨ ॥ ਸੰਕਾ ॥ ਇਸ ਮਾਨੁਖ ਸਰੀਰ ਕੋ ਤਿਆਗ ਕੇ ਜਿਸ ਕਰ ਫੇਰ ਮਾਨੁਖ ਤਨ ਪਾਵੇ ਵਹੁ ਕੌਣ ਸੇ



Scanned by CamScanner

ਲਖਨ ਹੈ॥ ਸਮਾਧਾਨ॥ ਮੂਲ॥

**ਸ੍ਵੈਯਾ॥ ਲੋਭ ਕੀ ਅੰਸ ਨਹੀ ਜਿਸ ਕੋ ਨਿਤ ਦਾਨ ਦਯਾ ਮਧ ਪ੍ਰੀਤ ਲਗਾਵੈ। ਆਨਨ ਜਾਸ ਪ੍ਰਸੰਨ ਸਦਾ ਪੁਨ ਕੋਮਲ ਜਾਸ ਸੁਭਾਵ ਲਖਾਵੈ। ਸੰਤ ਗੁਰੂ ਜਨਨੀ ਸਵਿਤਾ ਪਗ ਸੀਸ ਨਿਰੰਤਰ ਜੋਇ ਨਿਵਾਵੈ। ਜਾਂ ਮਨ ਏ ਗੁਣ ਪਾਂਚ ਬਸੈ ਨਰ ਕਾ ਤਨ ਤਜਾਗ ਨਰੂ ਤਨ ਪਾਵੈ॥੩॥**

ਟੀਕਾ॥ ਜਿਸ ਪੁਰਸ਼ ਕੇ ਚਿਤ ਮੇਂ ਕਿੰਚਤ ਮਾਤ੍ਰ ਭੀ ਲੋਭ ਕੀ ਅੰਸ ਨਹੀ ਹੈ॥ ਭਾਵ॥ ਸੰਤੋਖੀ ਹੈ। ਅਰ ਦਾਨ ਦੇਨੇ ਮੇਂ ਜਿਸਕੀ ਪ੍ਰੀਤ ਲਗ ਰਹੀ ਹੈ। ਅਰ ਜਿਸਕਾ ਦਯਾ ਕਰਨੇ ਕਾ ਸਭ ਪਰ ਸੁਭਾਵ ਹੈ॥੧॥ ਔਰ ਫੇਰ ਆਨਨ ਨਾਮ ਮੁਖ ਸਦਾ ਪ੍ਰਸੰਨ ਰਹਿਤਾ ਹੈ॥ ਭਾਵ-ਕਵਲ ਵਤ ਮੁਖ ਖਿੜਿਆ ਰਹਿਤਾ ਹੈ। ਫੇਰ ਜਿਸਕਾ ਸੁਭਾਵ ਕੋਮਲ ਦੇਖਨੇ ਮੈਂ ਆਤਾ ਹੈ। ਐਸਾ ਨਾ ਹੋ ਬਜਰ ਵਤ ਹਿਰਦਾ ਸਖਤ ਹੋ, ਕੋਮਲ ਵਚਨ ਕਹਿਨੇ ਜਿਸ ਕੋ ਸੁਨ ਕਰ ਸਭ ਕਾ ਚਿਤ ਪ੍ਰਸੰਨ ਹੋ॥੨॥ ਸੰਤ ਅਰ ਗੁਰੁ ਮਾਤਾ ਸਵਿਤਾ ਨਾਮ ਪਿਤਾ ਇਨ੍ਹਾਂ ਚਾਰੋਂ ਕੇ ਚਰਨਾਰਬਿੰਦੋਂ ਪਰ ਜੋ ਜਾਕਰ ਏਕ ਰਸ ਆਪਣਾ ਸੀਸ ਨਿਵਾਵਤਾ ਹੈ॥ ਭਾਵ-ਪ੍ਰਾਤਾਕਾਲ ਉਠਕੇ ਜੋ ਰੋਜ ਮਥਾ ਟੇਕਤਾ ਹੈ॥੩॥ ਜਿਸ ਪੁਰਸ਼ ਕੇ ਮਨ ਮੇਂ ਲੋਭ ਨਹੀਂ, ੧ ਦਾਨ ਦਯਾ ਏਕ ਹੈ, ੨ ਮੁਖ ਪ੍ਰਸੰਨ ਹੈ, ੩ ਸੁਭਾਵ ਕੋਮਲ, ੪ ਸੰਤ ਗੁਰੂ ਮਾਤਾ ਪਿਤਾ ਏ ਚਾਰ ਨ ਸਮਝਨੇ ਗਿਨਨੇ ਮੈ ਏਕ ਹੈ। ੫ ਏ ਪਾਂਚ ਗੁਨ ਸਦਾ ਨਿਵਾਸ ਕਰੇ ਹੈ। ਹੇ ਸਜਨੋਂ ਸੋ ਪੁਰਸ਼ ਨਰ ਕਾ ਤਨ ਤਿਆਗ ਫੇਰ ਮਾਨੁਖ ਸਰੀਰ ਹੀ ਪਾਇਗਾ। ਵਾ ਜਿਸ ਮੇਂ ਏ ਪਾਂਚ ਗੁਨ ਹੈਂ ਨਰ ਕਾ ਤਨ ਤਿਆਗ ਕੇ ਨਰੂ ਤਨ ਕਹੀਏ ਨਰ ਤੇ ਊਤਮ ਦੇਵਤਾ ਕਾ ਤਨ ਪਾਵੇ ਹੈ। ਭਾਗ ਸੀਲ ਕੇ ਘਰ ਜਨਮ ਲੇਵੇ ਹੈ। ਇਸ ਮੇਂ ਸੰਸਾ ਨਹੀ॥੪॥੩॥ ਸੰਕਾ॥ ਟੇਡੀਆਂ ਜੂਨਾਂ ਤੇ ਜੋ ਆਤਾ ਹੈ। ਉਸਕੇ ਲਖਨ ਕਿਆ ਹੈਂ॥ ਸਮਾਧਾਨ॥ ਮੂਲ॥



**ਸ੍ਵੈਯਾ॥ ਚਾਹਿ ਘਨੀ ਜਿਨਕੇ ਮਨ ਮੈ ਪੁਨ ਜੋ ਨਰ ਨੀਤ ਸੰਤੋਖ ਤੇ ਭਾਗਤ। ਜੋ ਸੁਪਨੇ ਮਹਿ ਮੂੜ ਰਹੇ ਗੁਰ ਮਾਤ ਪਿਤਾ ਨਿਜ ਮਿਤ੍ਰਨ ਠਾਗਤ। ਜੋ ਨਰ ਆਲਸ ਵੰਤ ਰਹੇ ਪੁਨ ਜਾਸ ਸਦਾ ਖੁਧਿਆ ਅਤਿ ਲਾਗਤ। ਏ ਖਟ ਲਖਨ ਜਾਸ ਵਿਖੈ ਵਹਿ ਟੇਡਨ ਜੋਨਨਿ ਤੇ ਨਰ ਆਗਤ॥੪॥**

ਟੀਕਾ। ਜਿਸ ਪੁਰਸ਼ ਕੇ ਮਨ ਮੇਂ ਅਨੇਕ ਤਰੇ ਦੀਆਂ ਬਹੁਤ ਇੱਛਾ ਲਗ ਰਹੀਆਂ ਹੈਂ। ਜੈਸੇ ਕਿਸੀ ਮਹਾਤਮਾ ਨੇ ਕਹਾ ਹੈ-

**ਦੋਹਿਰਾ॥ ਸੂੰਨ ਉਦਰ ਅਕਾਸ ਕੋ ਭਰੇ ਪ੍ਰਕਾਸ ਤਮ ਦੋਇ। ਦੁਰਘਟ ਤ੍ਰਿਸਨਾ ਭਰਨ ਮੇਂ ਭਰੇ ਤੁ ਰੀਤੀ ਹੋਇ। ੧। ਅਰਬ ਖਰਬ ਲੌ ਧਨ ਮਿਲਿਓ ਉਦੇ ਅਸਤ ਲੌ ਦੇਸ। ਜੋ ਚਿਤ ਚਾਹਿ ਨ ਮਿਟੀ ਤੌ ਕੁਛ ਮਿਲਿਓ ਨ ਲੇਸ॥੨॥**

ਚਾਹੇ ਜਿਸ ਕੋ ਐਸੀ ਲਗ ਰਹੀ ਹੈ। ਜੋ ਪੁਰਸ਼ ਨਿਤਾਪ੍ਰਤੀ ਸੰਤੋਖ ਤੇ ਭਾਗਤਾ ਹੈ। ਭਾਵ-ਜਾਗਰਤ ਮੇਂ ਕੀ ਕਹਿਨਾ ਹੈ। ਸੰਤੋਖ ਕੋ ਸੁਪਨੇ ਮੇਂ ਭੀ ਸਮੀਪ ਆਨੇ ਨਹੀਂ ਦੇਤਾ। ਰਾਤ ਦਿਨ ਜੋ ਮਾਇਆ ਮੇਂ ਗਲਤਾਨ ਰਹਿਤਾ ਹੈ। ਸੰਕਾ॥ ਸੰਤੋਖ ਤੇ ਸੂੰਨ ਪੁਰਸ਼ ਕਾ ਕੀ ਹਾਲ ਹੋਵੇ॥ ਸਮਾਧਾਨ॥

ਕਬਿੱਤ। ਯੋਗ ਕਰੈ ਜਪ ਕਰੇ ਤੀਰਥ ਹੂੰ ਤਪ ਕਰੈ ਯਗ ਦਾਨ ਹੋਮ ਸੰਧਿਆ ਪੂਜਾ ਹੂੰ ਚਰਤ ਹੈ। ਗ੍ਰੰਥਨ ਕੂੰ ਪਢਕੇ ਵਿਚਾਰ ਕੇ ਪਢਾਵੇ ਆਪ ਰਿਧ ਸਿਧ ਲੀਯੇ ਕੋਈ ਸਾਧਨ ਧਰਤ ਹੈ। ਸੂਤ੍ਰ ਸਿਖਾ ਕੰਠੀ ਧਾਰੀ ਜਟਾਜੂਟ ਭਏ ਭਾਰੀ ਵੇਦ ਵਿਧ ਮਾਨ ਕੇ ਸੰਨਿਆਸ ਕੋ ਕਰਤ ਹੈ। ਔਰ ਮੰਤ੍ਰ ਤੰਤ੍ਰ ਜੰਤ੍ਰ ਸ੍ਵਰ ਕੂੰ ਵਿਚਾਰਤ ਹੈ ਬਿਨਾਂ ਯੇ ਸੰਤੋਖ ਪਚਿ ਪਚਿ ਕੇ ਮਰਤ ਹੈ।

**ਦੋਹਿਰਾ॥ ਦੀਨ ਸਦਾ ਸੰਤੋਖ ਬਿਨ ਪਸੁ ਆਦਿਕ ਸਭ ਜੀਵ। ਚਾਹਿ ਰਹਿਤ ਸੰਤੋਖ ਯੁਤ ਜੀਵਨ ਜਾਨੋ ਸੀਵ।**



Scanned by CamScanner

**ਤ੍ਰਿਸਨਾ ਵਡੋ ਹੀ ਬੰਧ ਹੈ ਮੁਕਤ ਪਰਮ ਸੰਤੋਖ। ਜਬ ਤ੍ਰਿਸਨਾ ਬੰਧਨ ਕਟਯੋ ਤਬੀ ਮਾਨੀਯੇ ਮੋਖ।**

ਏ ਸੰਤੋਖ ਕੇ ਤਿਆਗਨੇ ਸੇ ਸਭ ਦੁਖ ਹੈ।੧। ਅਰ ਸੁਪਨੇ ਮੈ ਜੋ ਹਮੇਸ਼ਾਂ ਮੂੜ ਰਹਿਤਾ ਹੈ। ਅਰ ਜੋ ਆਪਣੇ ਗੁਰੂ ਕੋ ਅਰ ਆਪਣੇ ਮਾਤਾ ਪਿਤਾ ਕੋ ਨਿਜ ਨਾਮ ਆਪਣੇ ਮਿਤ੍ਰਾਂ ਕੋ ਠਰਤਾ ਹੈ। ਭਾਵ-ਜੋ ਕਿਸੀ ਕਾ ਮਿਤ੍ਰ ਨਹੀ। ੨। ਅਰ ਜੋ ਪੁਰਸ਼ ਸਦਾ ਆਲਸੀ ਹੈ ਦਲਿਦ੍ਰੀ ਸਦਾ ਬਨਾ ਰਹਿਤਾ ਹੈ। ਫੇਰ ਜਿਸ ਕੋ ਸਦਾ ਭੂਖ ਪਿਆਸ ਅਤੀ ਬਹੁਤ ਲਗੇ ਹੈ। ਜੋ ਹਰ ਵਖਤ ਖਾਤਾ ਰਹਿਤਾ ਹੈ। ਭਾਵ-ਜਿਨ ਕੀ ਦੰਦੀ ਸਦਾ ਹਲਤੀ ਰਹਿਤੀ ਹੈ।੩। ਬਹੁਤ ਇਛਾ ਹੋਨੀ ੧, ਸੰਤੋਖ ਤੇ ਰਹਿਤ, ੨ ਸੁਪਨੇ ਮੇਂ ਮੂੜ ੩, ਗੁਰੂ ਮਾਤਾ ਪਿਤਾ ਆਪਣੇ ਮਿਤ੍ਰਾਂ ਕੋ ਠਗੇ ਹੈ॥ ੪ ॥ ਸਦਾ ਆਲਸੀ ਰਹਿਨਾ ੫ ਭੁਖ ਬਹੁਤ ਲਗਨੀ ੬ ਏ ਖਟ ਲਖਨ ਜਿਸ ਮੇਂ ਪਾਏ ਜਾਵੇ। ਹੇ ਸਜਨ ਪੁਰਸ਼ੋ ਤੁਮ ਜਾਨੋ ਵਹੁ ਟੇਡੀਆਂ ਜੂਨਾਂ ਤੇ ਪੁਰਸ਼ ਆਇਆ ਹੈ॥ਸੰਕਾ॥ਟੇਡੀ ਜੂਨਾਂ ਕਿਸ ਕੋ ਕਹੇ ਹੈ॥ਸਮਾਧਾਨ॥ਸਰਪ ਅਠੂੰਹੇਂ ਪਸ਼ੂ ਆਦਿਕਾਂ ਕੋ ਟੇਡੀਆਂ ਜੂਨਾਂ ਕਹੇ ਹੈ ਇਨ੍ਹਾਂ ਵਿਚੋਂ ਵਹੁ ਆਇਆ ਹੈ। ਇਸ ਮੇਂ ਸੰਸਾ ਨਹੀ॥੪॥ਸੰਕਾ॥ਨਰਕ ਨੂੰ ਤਿਆਗ ਕਰ ਜੋ ਈਹਾਂ ਆਨ ਕਰ ਮਾਨੁਖ ਬਨਾ ਹੈ। ਉਸ ਪੁਰਸ਼ ਕੇ ਲਖਨ ਕਿਆ ਹੈ॥ਸਮਾਧਾਨ॥ਮੂਲ॥

**ਸ੍ਵੈਯਾ॥ਬਾਧਵ ਮਾਹਿ ਬਿਰੋਧ ਸਦਾ ਅਤਿਸੈ ਕਰ ਦੇਹਿ ਸਰੋਗ ਰਹੈ। ਮੂਰਖ ਜੰਤ ਕੋ ਸੰਗਤ ਹ੍ਵੈ ਅਤਿ ਕ੍ਰੋਧ ਸੁਭਾਵ ਸਦੀਵ ਅਹੈ। ਜਾਸ ਸਦੀਵ ਗਿਰਾ ਕਟੁਕੀ ਇਹ ਪਾਂਚ ਕੁਲੱਖਣ ਜਾਸ ਗਹੈ। ਤੇ ਨਰ ਤਿਆਗ ਅਹੇ ਨਰ ਕਾ ਨਰ ਦੇਹ ਲਈ ਹਰਿ ਦਿਆਲ ਕਹੈ॥੫॥**

ਟੀਕਾ॥ਆਪਣੇ ਸਭ ਸਬੰਧੀਆਂ ਮੇਂ ਜਿਸਕਾ ਵਿਰੋਧ ਪੜਾ ਹੂਆ ਹੈ। ਭਾਵ ਸਭ ਸਬੰਧੀਆਂ ਸੇ ਲੜਤਾ ਰਹਿਤਾ ਹੈ। ਪਾਂਡਵ ਸਬੰਧੀਓਂ ਸੇ ਜੈਸੇ



ਦੁਰਜੋਧਨ ਕਾ ਵਿਰੋਧ ਪੜਾ ਹੂਆ ਥਾ। ਔਰ ਵਿਭੀਖਨ ਸੇ ਜੈਸੇ ਰਾਵਨ ਕਾ ਵਿਰੋਧ ਪੜਾ ਹੂਆ ਥਾ। ਦੇਖੋ ਦੁਰਜੋਧਨ ਰਾਵਨ ਕਾ ਫੇਰ ਹਾਲ ਕੈਸੇ ਹੂਆ ਹੈ। ਜਿਨ ਕਾ ਪਿਛੇ ਪਾਣੀ ਦੇਨੇ ਵਾਲਾ ਭੀ ਕੋਈ ਨਹੀ ਰਹਾ। ਇਸ ਮੇਂ ਗੁਰੂ ਪ੍ਰਮਾਨ॥

**ਮੇਰੀ ਮੇਰੀ ਕੈਰਉ ਕਰਤੇ ਦੁਰਜੋਧਨ ਸੇ ਭਾਈ॥ ਬਾਰਹ ਜੋਜਨ ਛਤ੍ਰ ਚਲੈ ਥਾ ਦੇਹੀ ਗਿਰਝਨ ਖਾਈ॥੨॥ ਸਰਬ ਸੁਇਨ ਕੀ ਲੰਕਾ ਹੋਤੀ ਰਾਵਨ ਸੇ ਅਧਿਕਾਈ। ਕਹਾ ਭਇਓ ਦਰਿ ਬਾਂਧੇ ਹਾਥੀ ਖਿਨ ਮਹਿ ਭਈ ਪਰਾਈ॥**

ਪੁਨਾ॥ਇਕ ਲਖ ਪੂਤ ਲਖ ਨਾਤੀ॥ ਤਿਹ ਰਾਵਨ ਘਰ ਦੀਆ ਨ ਬਾਤੀ॥ ਭਾਵ-ਸਬੰਧੀਓਂ ਮੇਂ ਵਿਰੋਧ ਕਰਨੇ ਸੇ ਐਸੇ ਵਡੇ ਰਾਜੇ ਮਾਰੇ ਗਏ। ਫੇਰ ਸਮਾਨ ਪੁਰਸ਼ ਕੀ ਬਾਤ ਕੀ ਕਹਿਨੀ ਹੈ। ਫੇਰ ਅਤਿਸੈ ਕਰਕੇ ਸਰੀਰ ਜਿਸਕਾ ਸਦਾ ਰੋਗੀ ਰਹਤਾ ਹੈ। ਇਕ ਰੋਗ ਜਰਾ ਹੋਇਆ ਦੂਜਾ ਫੇਰ ਚੰਮੜ ਗਿਆ। ਦੁਖ ਮਾਂਝ ਦੁਖ ਹੋਰ ਲਾਭ ਹੋਤ ਸਾਂਝ ਭੋਰ। ਇਹ ਭਰਥਰੀ ਪ੍ਰਮਾਨ ਹੈ। ਜਿਸਕਾ ਸਰੀਰ ਸਦਾ ਰੋਗ ਸਹਿਤ ਰਹਿਤਾ ਹੈ॥੧॥ ਮੂਰਖ ਪੁਰਸ਼ੋਂ ਕਾ ਜਿਸਕੋ ਸਦਾ ਸੰਗ ਰਹਾ ਹੈ। ਭਾਵ ਦੁਸ਼ਟ ਪੁਰਸ਼ੋਂ ਕੀ ਸੰਗਤ ਕਰਤਾ ਹੈ। ਅਰ ਅਤੀ ਕ੍ਰੋਧ ਵਾਲਾ ਜਿਸ ਕਾ ਸੁਭਾਵ ਸਦਾ ਬਨਾ ਰਹਿਤਾ ਹੈ। ਭਾਵ ਜਬ ਬੁਲਾਓ ਤਬੀ ਕ੍ਰੋਧ ਸਹਿਤ ਬੋਲਨਾ, ਪਰਸ ਰਾਮ ਵਤ ਜਿਸਕਾ ਐਸਾ ਕ੍ਰੋਧੀ ਸੁਭਾਵ ਹੈ॥੨॥ਔਰ ਜਿਸ ਕੀ ਸਦੀਵ ਕਾਲ ਗਿਰਾ ਨਾਮ ਬਾਣੀ ਕੌੜੀ ਹੈ। ਕਬੀ ਮਿਠੀ ਬਾਣੀ ਬੋਲਤਾ ਨਹੀ। ਵਿਰੋਧ ੧, ਰੋਗ ੨, ਕੁਸੰਗ ੩, ਕ੍ਰੋਧੀ ੪, ਬਾਣੀ ਕੌੜੀ ੫। ਏ ਪਾਂਚ ਕੁਲਖਨ ਜਿਸਨੇ ਸਦਾ ਹੀ ਗ੍ਰਹਨ ਕਰੇ ਹੂਏ ਹੈਂ॥ ੩ ॥ਹਰਿਦਿਆਲ ਕਵੀ ਕਹੇ ਹੈ। ਤੇ ਪੁਰਸ਼ ਪਿਛੋਂ ਨਰਕ ਕੋ ਤਿਆਗ ਕੇ ਈਹਾਂ ਆਨ ਕਰ ਉਸ ਨੇ ਨਰ ਦੇਹ ਲਈ ਹੈ। ਭਾਵ ਐਸੇ ਖੋਟੇ ਲਖਨ ਜਿਸ ਮੇਂ ਪਾਏ ਜਾਵੇ ਸੋ ਤੁਮ ਜਾਨੋ ਵਹੁ ਪੁਰਸ਼ ਨਰਕ ਸੇ ਆਇਆ ਹੈ। ਕਿਸੀ ਪੁੰਨ ਕੇ ਪ੍ਰਤਾਪ ਕਰ ਪ੍ਰਮਾਤਮਾ



Scanned by CamScanner

ਨੇ ਮਨੁਖਾ ਸਰੀਰ ਦੇ ਦੀਆ ਹੈ। ਫੇਰ ਮਰ ਕਰ ਜਾਕੇ ਨਰਕ ਮੇਂ ਹੀ ਨਿਵਾਸ ਕਰੇਗਾ ਇਸ ਮੇਂ ਕਿੰਚਤ ਮਾਤ੍ਰ ਭੀ ਸੰਸਾ ਨਹੀ ਹੈ। ਲਖਨ ਦੁਆਰਾ ਮਾਲੂਮ ਹੋਤਾ ਹੈ। ਕਾਰਜ ਦੁਆਰਾ ਕਾਰਨ ਕਾ ਬੋਧ ਹੋਵੇ ਹੈ॥ ੪॥੫॥

ਇਤਿ ਸ੍ਰੀ ਸਾਰੁਕੁਤਾਵਲੀ ਤਾਸ ਖਸਟਮੋ ਧਿਆਇ। ਚਤੁਰਾਗਤਿ ਲਖਨ ਕਹੇ ਕਵਿ ਹਰਿ ਦਿਆਲ ਸੁਨਾਇ॥

ਟੀਕਾ॥ ਸ੍ਰੀ ਸਾਰੁਕਤਾਵਲੀ ਸ੍ਰੇਸ਼ਟ ਉਕਤੀ ਜੁਗਤੀਓਂ ਕੀ ਪੰਗਤੀ ਪੁੰਨੀ ਪਾਪੀਓਂ ਕਾ ਆਨਾ ਜਾਨਾ ਚਤੁਰ ਪੁਰਸ਼ੋਂ ਨੇ ਲਖਨ ਕਹੇ ਹੈਂ। ਇਸ ਛੇਵੇਂ ਧਿਆਇ ਮੇਂ ਸੋ ਇਤੀ ਨਾਮ ਅਬ ਸਮਾਪਤ ਹੋ ਗਿਆ ਹੈ॥

**ਦੋਹਿਰਾ॥ਉਭੈ ਲੋਕ ਜੋ ਗਮਨ ਹੈ ਪੁੰਨ ਪਾਪੀ ਕਾ ਜੋਇ। ਜੁਵਾਲਾ ਦਾਸ ਸੋ ਸੰਤ ਨੇ ਕਰਾ ਵਾਰਤਿਮ ਸੋਇ॥**

ਇਤਿ ਸ੍ਰੀ ਸਾਰੁਕੁਤਾਵਲੀ ਤਤ੍ਰ ਬੋਧਨੀ ਟੀਕਾ ਕ੍ਰਿਤ ਪਰਮ ਹੰਸ ਸੰਤ ਜੁਵਾਲਾ ਦਾਸ ਉਦਾਸੀਨ ਪੁੰਨੀ ਪਾਪੀ ਪੁਰਸ਼ੋਂ ਕੇ ਲਖਨ ਵਰਨਨ ਖਸਟਮੋ ਧਿਆਇ॥੬॥

-o-



੧ੴ ਸਤਿਗੁਰ ਪ੍ਰਸਾਦਿ॥

# ਅਥ ਸਪਤਮ ਧਿਆਇ ਪ੍ਰਾਰੰਭ

**ਦੋਹਿਰਾ॥ਵਾਕ ਨਿਰੂਪਨ ਅਬ ਕਰੇ ਸਪਤਮ ਧਜਾਇ ਮਝਾਰ। ਛੰਦ ਰੁਦਰ ਮਤਿ ਛੁੱਦਰ ਕੋ ਕਰਤ ਸਮੁੰਦਰ ਪ੍ਰਕਾਰ॥੧॥**

ਟੀਕਾ॥ ਕਵੀ ਹਰਦਿਆਲ ਜੀ ਕਹੇ ਹੈ। ਅਬ ਇਸ ਸਤਵੇਂ ਧਿਆਇ ਕੇ ਬੀਚ ਜਥਾਰਥ ਸੁੰਦਰ ਵਾਕੋ ਕਾ ਹਮ ਨਿਰੂਪਨ ਕਰੇਂਗੇ। ਅਰ ਇਸ ਸਤਵੇਂ ਧਿਆਇ ਕੇ ਛੰਦ ਰੁਦਰ ਨਾਮ ਯਾਰਾਂ ਹੈਂ। ਫੇਰ ਯੇ ਛੰਦ ਕੈਸੇ ਹੈਂ। ਜਿਸ ਪੁਰਸ਼ ਕੀ ਮਤਿ ਛੁਦਰ ਕਹੀਏ ਬੁਧੀ ਤੁਛ ਹੈ। ਉਸ ਪੁਰਸ਼ ਕੀ ਬੁਧੀ ਕੋ ਸਮੁੰਦਰ ਦੀ ਤਰ੍ਹਾਂ ਗੰਭੀਰ ਕਰ ਦੇਵੇ ਹੈ॥ ਭਾਵ-ਜੈਸੇ ਸਮੁੰਦਰ ਕੇ ਜਲ ਕਾ ਅੰਤ ਨਹੀ ਆਵੇ ਹੈ। ਤੈਸੇ ਉਸ ਪੁਰਸ਼ ਕੀ ਬੁਧੀ ਕਾ ਅੰਤ ਨਹੀਂ ਆਵੇ ਹੈ। ਐਸੀ ਇਨ੍ਹਾਂ ਛੰਦੋ ਮੇਂ ਤਾਕਤ ਹੈ। ਪਰੰਚ ਜੋ ਇਨਕੇ ਭਾਵ ਕੋ ਧਾਰੇਗਾ। ਸਭ ਧਿਆਇ ਕੇ ਆਦ ਮੇਂ ਜੋ ਦੋਹਿਰਾ ਹੈ ਸੋ ਕਵੀ ਕਾ ਹੈ। ਸੰਕਾ॥ ਕਾਲ ਕੀ ਪੀੜਾ ਸੇ ਕੋਈ ਇਸਕੀ ਰਖਿਆ ਕਰ ਸਕਤਾ ਹੈ ਵਾ ਨਹੀ॥ ਸਮਾਧਾਨ॥ ਮੂਲ॥

**ਦੋਹਿਰਾ। ਮੰਤ੍ਰ ਮਿਤ੍ਰ ਤਪ ਦਾਨ ਜਪ ਬਾਂਧਵਾ ਦਿ ਜੇ ਆਹਿ। ਜੇ ਨਰ ਪੀੜਤ ਕਾਲ ਕਰ ਕੋ ਰਖਜਕ ਨਹਿ ਤਾਹਿ। ੧।**

ਟੀਕਾ। ਮੰਤ੍ਰ ਭੀ ਭਾਵੇਂ ਕਈ ਤਰੋਂ ਦੇ ਜਾਨਦਾ ਹੋਵੇ ਸ੍ਰਾਵਰ ਮੰਤ੍ਰ ਵਾ ਤੁਰਕੀ ਕਿਤਾਬਾਂ ਵਾਲੇ। ਮਿਤਰ ਭੀ ਜੋ ਇਸ ਕੇ ਬਹੁਤ ਪਿਆਰੇ ਹੈ ਜੋ



Scanned by CamScanner

ਇਸ ਬਿਨਾਂ ਰੋਟੀ ਭੀ ਨਹੀ ਖਾਤੇ ਤਪ ਭੀ ਭਾਵੇਂ ਬਹੁਤ ਇਸ ਨੇ ਕਰਾ ਹੂਆ ਹੈ। ਅਰ ਦਾਨ ਭੀ ਇਸਨੇ ਸਭ ਪ੍ਰਕਾਰ ਦੇ ਕਰੇ ਹੂਏ ਹੈਂ। ਗੀਤਾ ਪਾਠਾਂ ਦੀ ਜਪ ਭੀ ਬਹੁਤ ਕਰਿਆ ਹੂਆ ਹੋਵੇ ਹੋਰ ਸਬੰਧੀ ਪੁੱਤਰ ਭਰਾਤਾ ਅੰਗ ਸਾਕ ਭੀ ਜਿਸਕੇ ਬਹੁਤ ਹੈ। ਪਰ ਜਿਸ ਸਮੇਂ ਯੇ ਕਾਲ ਦੀ ਪੀੜਾ ਕਰ ਪੁਰਸ਼ ਪੀੜਤ ਹੋਤਾ ਹੈ। ਹੇ ਪਿਆਰੇ ਸਜਨੋਂ ਯੇ ਸਭ ਉਸ ਸਮੇਂ ਇਸਕੀ ਰਖਿਆ ਕਰਨੇ ਕੋ ਕੋਈ ਭੀ ਸਮਰੱਥ ਨਹੀਂ ਹੋ ਸਕੇ ਹੈ। ਉਸ ਸਮੇਂ ਏ ਸਭ ਚੀਜ਼ਾਂ ਜਬਾਬ ਦੇ ਜਾਤੀਆਂ ਹੈਂ ਏ ਸਭ ਵਸਤੂ ਪਾਸ ਪੜੀਆਂ ਰਹਿਤੀਆਂ ਹੈਂ। ਯੇ ਭੌਰ ਆਪ ਕਹੀਂ ਚਲਾ ਜਾਤਾ ਹੈ। ਇਸ ਪਰ ਪ੍ਰਮਾਨ।

ਕਬਿਤ। ਫੂਲ ਰਹੇ ਫੂਲਨ ਕੇ ਬਿਰਵਾ ਚਮਨ ਬੀਚ ਲੰਪ ਤੇ ਭ੍ਰਮਰ ਪਾਸ ਪੰਗਤੀ ਅਰੀ ਰਹੀ। ਲਗੇ ਰਹੇ ਬਾਗਨ ਮੇਂ ਪਾਦਪ ਅਨੇਕ ਜਾਤ ਫੈਲੀ ਫੂਲ ਭਾਰਨ ਸੋ ਡਾਰੀਏ ਢਰੀ ਰਹੀ। ਮੌਜ ਕੇ ਫੂਹਾਰਾ ਹੌਦ ਭਰੇ ਰਹੇ ਔ ਜਲ ਕੇ ਖੇਲਨ ਸੋ ਵੇਲਨ ਪੈ ਬੇਲਨਿ ਹਰੀ ਰਹੀ। ਦਿਲ ਕੀ ਦਲੀਲ ਕੀਲ ਕਰੀ ਰਹੀ ਹਾਇ ਜੀਲ ਖੇਲ ਗਯੋ ਖੇਲੀ ਖੇਤ ਖੋਪਰੀ ਪਰੀ ਰਹੀ॥੧॥

ਲਗੀ ਰਹੀ ਮੇਜ ਸਭਾ ਸਜੀ ਸੀ ਮੁਨੀਵ ਨੇ ਕੀ ਕਾਗਤ ਕੈਂਚੀ ਕਰਦ ਕਲਮ ਘੜੀ ਰਹੀ। ਡਠੀ ਰਹੀ ਕੁਰਸੀ ਔ ਬਰਸੀ ਕਤਾਬਨ ਕੀ ਪਾਨ ਦਾਨ ਪੀਕ ਦਾਨ ਚਿਲਮਚੀ ਧਰੀ ਰਹੀ। ਖੜੇ ਰਹੇ ਚੋਬਦਾਰ ਚੌਕਸੀ ਦੀਵਾਰ ਬੀਚ ਸੋਨੇ ਸੀ ਲਪੇਟੀ ਹਥ ਚੌਬਨ ਫੜੀ ਰਹੀ। ਪੇਸ਼ੀ ਮੈ ਪੇਸੀ ਰਹੀ ਮਿਸਲਾ ਹਜ਼ਾਰ ਯਾਰ ਖੇਲ ਗਯੋ ਖੇਲੀ ਖੇਤ ਖੋਪਰੀ ਪਰੀ ਰਹੀ॥੨॥ ਬਨੇ ਰਹੇ ਬੰਗਲਾ ਬਨਾਤ ਕੀ ਕਨਾਤ ਖੇਮ ਚਾਂਦਨੀ ਚੰਦੋਯਾ ਛੌਲ-ਦਾਰੀਆਂ ਖੇੜੀ ਰਹੀ। ਤਨੀ ਰਹੀ ਚਿਕਨ ਬਰੀਕ ਖਸਖਾਨੇ ਦਾਰ ਸਿਰਕੀ ਗੁਲਾਬ ਆਂਬ ਟਾਟੀ ਤਰ ਕਰੀ ਰਹੀ। ਭਰੇ ਰਹੇ ਨਸਾ ਸੋ ਜੁਮੁਰਦਮ ਪਿਆਲਾ ਕਰ ਸੋਨੇ ਕੀ ਸੁਰਾਹੀ ਜੁ ਸ਼ਰਾਬ ਸੇ ਭਰੀ ਰਹੀ। ਸੀਕੀ ਰਹੀ ਸੀਖਨ ਕਬਾਬ ਕੀ ਮਸਾਲੇਦਾਰ ਖੇਲ ਗਯੋ ਖੇਲੀ ਖੇਤ ਖੋਪਰੀ ਪਰੀ ਰਹੀ॥੩॥ ਬਨੇ ਰਹੇ ਸੀਸੀ ਘਰ ਛਾਤਾ ਹੋਮ ਪਾਜ ਦਾਰ ਹੀਰਾ ਪੁਖ਼ਰਾਜ ਚੂਨੀ ਭੀਤਰ ਜਰੀ ਰਹੀ। ਕਰੇ ਰਹੇ ਫਰਸਨ ਫਰਾਸਨ ਕੇ ਸਾਫ ਵੇਸ ਗਰਮ



ਗਲੀਚਾ ਗਦੀ ਦਰੀਏ ਵਿਛੀ ਰਹੀ। ਖੜੇ ਰਹੇ ਨੌਕਰ ਹਾਜਰ ਦਰਬਾਰ ਬੀਚ ਸੁੰਦਰ ਨਾਰੀ ਹਥ ਜੋੜ ਕਰ ਖੜੀ ਰਹੀ। ਸੁੰਦਰ ਦੀਵਾਰਗੀਰ ਲਗੀ ਰਹੀ ਪੀਛੇ ਪਰ ਖੇਲ ਗਯੋ ਖੇਲੀ ਖੇਤ ਖੋਪਰੀ ਪਰੀ ਰਹੀ॥੪॥ ਅਬ ਹੋਰ ਸੁਨੋ॥

**ਸਲੋਕ॥ ਮਾਤੁ ਲੋਯਸਜ ਗੋਵਿੰਦ : ਪਿਤਾ ਯਸਜ ਧਨੰਜਯਃ। ਸੋ ਅਪਿ ਕਾਲ ਵਸੰ ਪ੍ਰਾਪਤः ਕਾਲੋਹਿ ਦੁਰਤਿਕ੍ਰਮਃ।**

ਜਿਸ ਅਭਿਮਨੂੰ ਕਾ ਸ੍ਰੀ ਕ੍ਰਿਸ਼ਨ ਤੋ ਮਾਮਾ ਥਾ ਔਰ ਮਹਾਰਥੀ ਸੂਰਬੀਰ ਧਨੁਰਧਾਰੀ ਅਰਜਨ ਪਿਤਾ ਥਾ। ਸੋ ਵਹ ਰਾਜ ਕੁਮਾਰ ਅਭਿ ਮਨੂੰ ਭੀ ਕਾਲ ਕੇ ਵਸ ਮੇਂ ਹੋ ਗਯਾ। ਕਿਸੀ ਨੇ ਭੀ ਰਖਿਆ ਨ ਕਰੀ ਕਾਲ ਵਡਾ ਬਲਵਾਨ ਹੈ। ਹਰ ਏਕ ਪੁਰਸ਼ ਕੋ ਯੇ ਜਾਨਨੇ ਯੋਗ ਹੈ। ਆਜ ਸੂਰਜ ਜੋ ਉਦਯ ਹੂਆ ਹੈ। ਸੋ ਬਾਕੀ ਮੇਰੀ ਉਮਰ ਕਾ ਏਕ ਹਿਸਾ ਤੋੜ ਕਰ ਜਲਦੀ ਅਸਤਿ ਹੋ ਜਾਇਗਾ। ਹੇ ਪਿਆਰੇ ਸਜਨੋਂ ਸਭ ਕਾ ਮੋਹ ਛੋੜ ਕੇ ਏਕ ਪਰਮੇਸ੍ਰੂਰ ਪਰਾਇਨ ਹੋਵੋ॥੧॥ ਸੰਕਾ॥ ਜਬ ਇਸਕੀ ਕੋਈ ਰਖਿਆ ਨਹੀਂ ਕਰ ਸਕੇ ਹੈ। ਯੇ ਫੇਰ ਕਰਮੋਂ ਮੇਂ ਕਿਉਂ ਫਸ ਰਹਾ ਹੈ॥ ਸਮਾਧਾਨ॥ ਮੂਲ॥

**ਦੋਹਿਰਾ। ਸੁਖ ਕਰ ਬੰਧਤ ਕਰਮ ਮਹਿ ਤਿਹ ਦੁਸਤਰ ਫਲ ਹੋਇ। ਹਸਤੀ ਧਾਰੇ ਗਰਭ ਕੋ ਤਜਤ ਰੁਦੰਤੀ ਸੋਇ॥੨॥**

ਇਸ ਜੀਵ ਕੋ ਏ ਨਿਸਚੇ ਹੋ ਰਹਾ ਹੈ। ਇਨ੍ਹਾਂ ਕਰਮੋਂ ਸੇ ਮੇਰੇ ਕੋ ਨਿਤ ਸੁਖ ਕੀ ਪ੍ਰਾਪਤੀ ਹੋਇਗੀ। ਐਸੇ ਜਾਨ ਕਰ ਇਨ੍ਹਾਂ ਕਰਮੋਂ ਮੇਂ ਬੰਧਾਇਮਾਨ ਹੋ ਰਹਾ ਹੈ ਉਨ੍ਹਾਂ ਕਰਮਾਂ ਕਾ ਫਲ ਉਲਟਾ ਦੁਖ ਪਰਾਪਤ ਹੋਵੇ ਹੈ। ਭਾਵ-ਅਨਿਤ ਸੁਖ ਕੀ ਪ੍ਰਾਪਤੀ ਹੋਵੈ ਹੈ। ਕਾਹਿਤੇ। ਕਰਨ ਕਾਲ ਮੇਂ ਭੀ ਕਰਮ ਦੁਖ ਰੂਪ ਹੋਵੇ ਹੈ ਫੇਰ ਅਨਿਤ ਸੁਖ ਕੀ ਪਰਾਪਤੀ ਹੋਵੇ ਹੈ। ਫੇਰ ਯੇ ਜੀਵ ਪਸਚਾਤਾਪ ਕਰੇ ਹੈ। ਮੁਨੀਆਂ ਕੇ ਵਚਨਾਂ ਕੋ ਮੰਨ ਕਰ ਏ ਮੈਨੇ ਕਰਮ ਕਰੇ



Scanned by CamScanner

ਥੇ। ਮੁਨੀਆਂ ਨੇ ਮੇਰੇ ਕੋ ਯੇ ਕਹਾ ਤੂੰ ਕਰਮ ਕਰ ਇਨ ਸੇ ਤੇਰੇ ਕੋ ਨਿਤ ਸੁਖ ਮਿਲੇਗਾ। ਇਨਕੇ ਵਚਨ ਪਰ ਵਿਸਵਾਸ ਕਰ ਮੈਨੇ ਕਰਮ ਕੀਏ ਅਬ ਮੈਂ ਠਗਾ ਗਯਾ ਹੂੰ। ਨਿਤ ਸੁਖ ਸੇ ਮੁਝ ਕੋ ਬਿਮੁਖ ਰਖਾ ਹੈ। ਸੁਖ ਬੁਧੀ ਕਰ ਜੀਵ ਕਰਮ ਕਰ ਲੇਤਾ ਹੈ। ਅਰ ਫਲ ਭੋਗਨੇ ਮੇਂ ਦੁਖੀ ਹੋਵੇ ਹੈ।੧। ਦ੍ਰਿਸਟਾਂਤ। ਪੁੱਤਰ ਕੀ ਪ੍ਰਾਪਤੀ ਲੀਏ ਜੈਸੇ ਇਸਤ੍ਰੀ ਹਸਤੀ ਹਸਤੀ ਗਰਭ ਧਾਰਨ ਕਰ ਲੇਤੀ ਹੈ। ਅਰ ਜਬ ਪਰਸੂਤ ਸਮਾਂ ਆਤਾ ਹੈ ਉਸ ਸਮੇਂ ਅਤੀ ਪੀੜਾ ਹੋਵੇ ਹੈ। ਗਰਭ ਕੇ ਤਿਆਗਨ ਸਮੇਂ ਇਸਤ੍ਰੀ ਵਡਾ ਰੁਦਨ ਕਰੇ ਹੈ। ਅਰ ਏਹ ਕਹਿਤੀ ਹੈ ਮੈਂ ਜਬ ਤਕ ਜੀਤੀ ਰਹੂੰਗੀ ਤਬ ਤਕ ਮੈਂ ਇਸ ਬਾਤ ਕਾ ਨਾਮ ਭੀ ਕਬੀ ਨ ਲੇਹੂੰਗੀ। ਦ੍ਰਿਸ਼ਟਾਂਤ। ਤੈਸੇ ਸੁਖੋਂ ਕੀ ਪ੍ਰਾਪਤੀ ਲੀਏ ਏ ਜੀਵ ਕਰਮ ਕਰ ਲੇਤਾ ਹੈ। ਅਰ ਫਲ ਭੋਗਨੇ ਮੇਂ ਵਡਾ ਦੁਖੀ ਹੋਵੇ ਹੈ। ਕਹਿਤਾ ਹੈ ਯੇ ਕਰਮ ਫੇਰ ਕਬੀ ਨ ਕਰੂੰਗਾ। ੨। ਸੰਕਾ॥ ਜੀਵ ਸੁਤੰਤਰ ਕਰਮ ਕਰੇ ਹੈ। ਵਾ ਪਰਤੰਤਰ। ॥ਸਮਾਧਾਨ॥ਮੂਲ॥

**ਦੋਹਿਰਾ। ਜੀਵ ਕਰਮ ਆਪੇ ਕਰੇ ਆਪੇ ਤਿਹ ਫਲ ਭੁਗਤ। ਆਪ ਰਮਤ ਸੰਸਾਰ ਮੈ ਆਪੇ ਤਿਹ ਤੈ ਮੁਕਤ। ੩।**

ਟੀਕਾ। ਆਪ ਹੀ ਜੀਵ ਕਰਮ ਕਰਤਾ ਹੈ ਆਪੇ ਹੀ ਤਿਸ ਕਰਮਾਂ ਦਾ ਫਲ ਭੋਗਤਾ ਹੈ। ਯੇ ਨੇਮ ਹੈ ਜੋ ਕਰਮ ਕਰਤਾ ਹੈ। ਸੋਈ ਫਲ ਭੋਗਤਾ ਹੈ। ਭਾਵ-ਇਸ ਜੀਵ ਕੋ ਕਿਸੀ ਵੇਦ ਸ਼ਾਸਤਰ ਨੇ ਆਗਿਆ ਨਹੀਂ ਦਈ। ਔਰ ਗੁਰਾਂ ਸੰਤਾਂ ਨੇ ਭੀ ਨਹੀ ਕਹਿਆ ਕਿ ਤੂੰ ਮੰਦ ਕਰਮ ਕਰ। ਪਰੰਤੂ ਆਪਣੀ ਖ਼ੁਸ਼ੀ ਸੇ ਕਰਤਾ ਹੈ ਫੇਰ ਆਪ ਹੀ ਤਿਸ ਕਾ ਫਲ ਭੋਗਤਾ ਹੈ। ਨਰਕ ਮੇਂ ਪੜਕੇ ਦੁਖੀ ਹੋਤਾ ਹੈ। ੧। ਜੇਕਰ ਯੇ ਜੀਵ ਸਕਾਮ ਕਰਮ ਕਰਤਾ ਹੈ। ਫੇਰ ਆਪ ਹੀ ਇਸ ਸੰਸਾਰ ਮੇਂ ਰਮਤ ਨਾਮ ਜਨਮ ਮਰਨ ਕੋ ਧਾਰਨ ਕਰੇ ਹੈ। ਅਰ ਜੇਕਰ ਏਹੀ ਜੀਵ ਨਿਸਕਾਮ ਕਰਮ ਕਰਨੇ ਲਗ ਜਾਇ। ਅੰਤਹਿ ਕਰਨ ਕੀ ਸ਼ੁਧੀ ਦੁਆਰਾ ਗਿਆਨ ਪਾਇ ਕਰ ਫੇਰ ਆਪ ਹੀ ਇਸ ਸੰਸਾਰ ਤੇ ਮੁਕਤ ਹੋ ਜਾਵੇ ਹੈ। ਇਹ ਸਭ ਇਸ ਜੀਵ ਕੇ ਅਧੀਨ



ਹੈ॥੨॥੩॥ਸੰਕਾ॥ਅਗਿਯਾਨੀ ਸੰਸਾਰ ਕੋ ਕੈਸੇ ਜਾਨੇ ਹੈ॥ਸਮਾਧਾਨ॥ ਮੂਲ॥

**ਦੋਹਿਰਾ॥ ਦੁਖ ਮਹਿ ਮਿਥਿਆ ਭਾਵਨਾ ਸੁਖਦ ਭਾਵਨਾ ਸਤਿ। ਗਯਾਨ ਭਾਵਨਾ ਕਰਮ ਕਰ ਨਿਸਚੈ ਸਕਲ ਨ ਸੱਤ॥੪॥**

ਟੀਕਾ॥ਜਬ ਇਨ੍ਹਾਂ ਗ੍ਰਿਹਸਥੀਓਂ ਕਾ ਅਤੀ ਕੋਈ ਪਿਆਰਾ ਸਬੰਧੀ ਮਰ ਜਾਵੇ। ਤਬ ਐਸੇ ਦੁਖ ਮੇਂ ਇਸ ਸੰਸਾਰ ਮੇਂ ਮਿਥਯਾ ਭਾਵਨਾ ਹੋ ਜਾਵੇ ਹੈ। ਫੇਰ ਐਸੇ ਕਹੇ ਹੈ। ਯੇ ਸਭ ਸੰਸਾਰ ਝੂਠਾ ਹੈ। ਇਸ ਮੈ ਸਾਰ ਕੁਛ ਨਹੀ ਹੈ ਜਬ ਫੇਰ ਇਨਾਂ ਗ੍ਰਿਹਸਥੀਓਂ ਕੋ ਸੁਖ ਹੋਵੇ ਸਰੀਰ ਅਰੋਗ ਹੋਵੇ ਅਰ ਹਛੇ ਹਛੇ ਭੋਗ ਪਦਾਰਥ ਮਿਲੇ ਤਬ ਫੇਰ ਐਸੇ ਸੁਖੋਂ ਮੇਂ ਇਸ ਸੰਸਾਰ ਮੇਂ ਸਤ ਭਾਵਨਾ ਹੋ ਜਾਵੇ ਹੈ ਯੇ ਸਭ ਸੰਸਾਰ ਸਚਾ ਹੈ॥੧॥ਅਥਵਾ॥ਮਿਥਯਾ ਜੋ ਸੰਸਾਰ ਹੈ ਇਸ ਮੇਂ ਜੋ ਸਤਭਾਵਨਾ ਕਰੀ ਸੋ ਯਹਿ ਭਾਵਨਾ ਦੁਖ ਰੂਪ ਹੈ। ਸਤਿ ਰੂਪ ਪਰਮੇਸ੍ਵਰ ਮੇਂ ਭਾਵਨਾ ਨਾਮ ਜੋ ਸ਼ਰਧਾ ਹੈ ਸੋ ਏ ਭਾਵਨਾ ਸੁਖ ਦੇਨੇ ਵਾਲੀ ਹੈ॥ਕਿੰਬਾ॥ਮਿਥਿਆ ਜੋ ਸੰਸਾਰ ਹੈ ਏ ਸਤਿ ਰੂਪ ਹੈ। ਦੇਹ ਹੀ ਆਤਮਾ ਹੈ ਅਰ ਜੀਵ ਈਸ੍ਵਰ ਕਾ ਭੇਦ ਸਤ ਹੈ। ਐਸੀ ਭਾਵਨਾ ਨਾਮ ਨਿਸਚਾ ਜੋ ਹੈ ਸੋ ਦੁਖ ਰੂਪ ਹੈ। ਤੇ ਸੰਸਾਰ ਰਜੂ ਸਰਪ ਵਤ ਮਿਥਿਆ ਹੈ ਅਰ ਏ ਦੇਹ ਅਨਾਤਮ ਹੈ। ਜੀਵ ਬ੍ਰਹਮ ਕਾ ਸਦਾ ਹੀ ਅਭੇਦ ਹੈ ਘਟਾ ਕਾਸ ਮਹਾ ਕਾਸ ਵਤ ਐਸੀ ਭਾਵਨਾ ਸੁਖਦ ਨਾਮ ਸੁਖ ਦੇਨੇ ਵਾਲੀ ਹੈ॥ ਸੰਕਾ॥ ਗਿਆਨਵਾਨ ਸੰਸਾਰ ਕੋ ਕੈਸੇ ਜਾਨੇ ਹੈ॥ ਸਮਾਧਾਨ॥ ਮੂਲ॥ ਗਿਆਨ ਭਾਵਨਾ। ਪ੍ਰਿਥਮੇਂ ਈਹਾਂ ਸੇ ਪਾਠ ਲੇਨਾ। ਅਰਥ ਇਹ ਹੈ ਕਿ ਜਗਿਆਸੂ ਗਿਆਨ ਕੀ ਭਾਵਨਾ ਕਹੀਏ ਪ੍ਰਾਪਤੀ ਲੀਏ ਬ੍ਰਹਮਨੇਸਟੀ ਗੁਰੂ ਕੀ ਸ਼ਰਨ ਕੋ ਪ੍ਰਾਪਤ ਹੋਤਾ ਭਯਾ। ਨਿਮਸਕਾਰ ਕਰਕੇ ਹਾਥ ਜੋੜ ਕੇ ਕਹਿਨੇ ਲਗਾ ਹੇ ਭਗਵਾਨ ਮੁਝ ਕੋ ਗਿਆਨ ਕੀ ਪ੍ਰਾਪਤੀ ਕੈਸੇ ਹੋ। ਗੁਰੂ ਜੀ ਨੇ ਕਹਾ ਸਭ ਪੁਰਸ਼ਾਂ ਕੇ ਹਿਰਦੇ ਮੇਂ ਮਲ ਵਿਛੇਪ ਅਵਰਨ ਇਹ ਤੀਨ



Scanned by CamScanner

ਦੋਸ਼ ਹੋਵੇ ਹੈ। ਮਲ ਨਾਮ ਪਾਪੋਂ ਕਾ ਹੈ। ਵਿਛੇਪ ਨਾਮ ਚੰਚਲਤਾਈ ਕਾ ਹੈ। ਅਵਰਨ ਨਾਮ ਪੜਦੇ ਕਾ ਹੈ ਨਿਸਕਾਮ ਸੇ ਮਲ ਦੋਸ ਉਪਾਸ਼ਨਾ ਸੇ ਵਿਛੇਪ ਦੋਸ਼ ਸਰੂਪ ਗਿਆਨ ਸੇ ਅਵਰਨ ਦੋਸ਼ ਦੂਰ ਹੋਵੇ। ਨਿਸ਼ਕਾਮ ਕਰਮ ਅਰ ਉਪਾਸ਼ਨਾ ਯੇ ਤੂੰ ਪਹਿਲੇ ਕਰ ਆਗਿਆ ਮਾਨ ਕੇ ਯੇ ਦੋਨੋਂ ਕਰਮ ਉਸਨੇ ਕਰ ਲੀਏ। ਬਾਕੀ ਏਕ ਅਵਰਣ ਦੋਸ਼ ਰਹਿ ਗਿਆ ਚਤੁਸ੍ਰੈ ਸਾਧਨ ਸਪੰਨ ਹੋ ਕਰ ਤਥਾ ਮਲ ਵਿਛੇਪ ਦੋਸ਼ ਸੇ ਰਹਿਤ ਹੋਇ ਕਰ ਫੇਰ ਸ੍ਰੀ ਗੁਰੂ ਜੀ ਕੇ ਪਾਸ ਗਿਆ। ਅਧਿਕਾਰੀ ਦੇਖਦੇ ਗੁਰੂ ਜੀ ਨੇ ਤਤ੍ਵ-ਮਸੀ ਮਹਾਵਾਕ ਕਾ ਉਪਦੇਸ਼ ਕਰ ਦੀਆ। ਤਿਸ ਸੇ ਗਿਆਨ ਕੋ ਪਾਇ ਕਰ ਉਸ ਸੇ ਪਸਚਾਤ ਗਿਆਨਵਾਨ ਕਾ ਨਿਸਚਾ ਯੇ ਹੋਵੇ ਹੈ॥ਮੂਲ॥ ਦੁਖ ਮੇਂ ਮਿਥਿਆ ਭਾਵਨਾ। ਦੁਖ ਰੂਪ ਜੋ ਸੰਸਾਰ ਹੈ ਫੇਰ ਇਸ ਮੇਂ ਮਿਥਿਆ ਭਾਵਨਾ ਵਿਦ੍ਵਾਨ ਕੀ ਹੋਵੇ ਹੈ। ਭਾਵ ਸਸੇ ਸਿੰਗ ਵਤ ਸੰਸਾਰ ਕੋ ਮਿਥਿਆ ਜਾਨੇ ਹੈ॥ਕਾਹਿਤੇ॥ਅਗਿਆਨ ਕਾਲ ਮੇਂ ਸੰਸਾਰ ਮੇਂ ਸਤਭਾਵਨਾ ਥੀ। ਗਿਆਨ ਕਾਲ ਮੇਂ ਸੰਸਾਰ ਮੇਂ ਮਿਥਿਆ ਭਾਵਨਾ ਹੋ ਜਾਵੇ ਹੈ॥ਮੂਲ॥ ਸੁਖਦ ਭਾਵਨਾ ਸਤਿ। ਅਰ ਸੁਖ ਦੇਨੇ ਵਾਲਾ ਜੋ ਪ੍ਰਮਾਤਮਾ ਹੈ ਤਿਸ ਮੈ ਵਿਦਵਾਨ ਕੀ ਸਤ ਰੂਪ ਭਾਵਨਾ ਹੋ ਜਾਵੇ ਹੈ। ਕਿ ਪ੍ਰਮਾਤਮਾ ਸਤ ਰੂਪ ਹੈ॥ਮੂਲ॥ ਗਿਯਾਨ ਭਾਵਨਾ ਕਰਮ ਕਰ। ਅਬ ਇਸ ਕਾ ਯੇ ਅਰਥ ਕਰਨਾ ਗਿਆਨ ਪ੍ਰਾਪਤੀ ਕੇ ਪਸਚਾਤ ਜੋ ਕਰਮ ਕਰਤਾ ਹੈ॥ਮੂਲ॥ ਨਿਸਚੈ ਸਕਲ ਨ ਸੱਤਿ। ਵੇ ਸੰਪੂਰਨ ਕਰਮ ਨਿਸਚੈ ਕਰਕੇ ਨਾਸ ਕੋ ਪ੍ਰਾਪਤ ਹੋ ਜਾਵੇ ਹੈ। ਭਾਵ-ਫਲ ਨਹੀ ਦੇਵੈ ਹੈ॥ ਕਾਹਿਤੇ॥ ਗਿਆਨ ਰੂਪੀ ਅਗਨੀ ਸੇ ਸੰਚਤ ਕਰਮ ਦਗਧ ਹੋ ਜਾਵੇ ਹੈ। ਪ੍ਰਾਰਬਧ ਕਰਮ ਫਲ ਦੇ ਕਰ ਨਸਟ ਹੋ ਜਾਵੇ ਹੈ। ਕ੍ਰਿਆ ਮਾਨ ਕਰਮੋਂ ਕਾ ਫਲ ਨਹੀਂ ਹੋਵੈ ਹੈ॥ ੩॥ ਅਥਵਾ॥ ਸੰਸਾਰ ਮੇਂ ਚਾਰ ਪ੍ਰਕਾਰ ਕੇ ਪੁਰਸ਼ ਹੈਂ। ਪਾਮਰ ਵਿਸ਼ਈ ਜਗਿਯਾਸੂ ਮੁਕਤ। ਜੋ ਪਾਮਰ ਪੁਰਸ਼ ਹੈ ਸੋ॥ਮੂਲ॥ ਦੁਖ ਮੈ ਮਿਥਿਆ ਭਾਵਨਾ। ਜੋ ਵਿਹਤ ਕਰਮ ਹੈ ਤਿਨ ਕੋ ਦੁਖ ਰੂਪ ਜਾਨ ਕਰ ਮਿਥਿਆ ਭਾਵਨਾ ਕਰਤੇ ਹੈਂ॥ਕਾਹਿਤੇ॥ਜੋ ਕਰਮ ਕੇ ਅਨੁਸਟਾਨ ਕਾਲ ਮੇਂ ਕਲੇਸ਼



ਹੋਵੈ ਹੈ। ਇਸ ਹੇਤੂ ਸੇ ਕਰਮੋਂ ਕੋ ਦੁਖ ਰੂਪ ਜਾਨ ਕਰ ਮਿਥਿਜਾ ਭਾਵਨਾ ਕਰਤੇ ਹੈਂ॥ਭਾਵ-ਕਹਿਤੇ ਹੈਂ ਯੇ ਕਰਮ ਸਭ ਝੂਠੇ ਹੈਂ। ਜੋ ਵਸ਼ਈ ਹੈ ਸੋ॥ ਮੂਲ॥ ਸੁਖਦ ਭਾਵਨਾ ਸਤਿ। ਕਰਮੋਂ ਕੋ ਸੁਖ ਦਾਤਾ ਜਾਨ ਕਰ ਸਤ ਭਾਵਨਾ ਕਰੇ ਹੈ॥ਭਾਵ-ਪ੍ਰੇਮ ਸੇ ਕਰਮੋਂ ਦਾ ਅਨੁਸਟਾਨ ਕਰੇ ਹੈ ਔਰ ਜੋ ਜਗਯਾਸੂ ਹੈ ਸੋ॥ਮੂਲ॥ ਗਜਾਨ ਭਾਵਨਾ ਕਰਮ ਕਰ। ਗਿਯਾਨ ਕੀ ਭਾਵਨਾ ਕਹੀਏ ਇੱਛਾ ਧਾਰ ਕਰ ਨਿਸਕਾਮ ਹੋ ਕਰ ਵਿਹਤ ਕਰਮ ਕਰਤਾ ਹੈ॥ਕਾਹਿਤੇ॥ਕਿ ਇਸ ਸੇ ਅੰਤਹਿਕਰਣ ਕੀ ਸੁਧੀ ਦੁਵਾਰਾ ਗਯਾਨ ਕੀ ਪ੍ਰਾਪਤੀ ਹੋ ਜਾਵੇ ਹੈ। ਜੋ ਮੁਕਤ ਕਹੀਏ ਗਯਾਵਾਨ ਹੈ॥ਮੂਲ॥ਨਿਸਚੈ ਸਕਲ ਨ ਸੱਤਿ॥ਤਿਸ ਕੇ ਨਿਸਚੈ ਮੇਂ ਸਕਲ ਪਰਪੰਚ ਹੀ ਸਤ ਨਹੀ ਹੈ। ਤੌ ਕਰਮ ਅਰ ਕਰਮ ਕਾ ਫਲ ਕਹਾਂ ਹੋਵੈ ਹੈ। ਅਰਥਾਤ ਨਹੀਂ ਹੋਤਾ॥ ਸੰਕਾ॥ ਇਸ ਸੁਭ ਗੁਨ ਕੀ ਮਹਿਮਾ ਕੀ ਹੈ॥ਸਮਾਧਾਨ॥ਮੂਲ॥

**ਦੋਹਿਰਾ॥ਸੁਭ ਗੁਣ ਅਵਸਰ ਕੇ ਪੜੇ ਸੋਭਾ ਵੰਤ ਮਨਾਕ।**
**ਗਮਨ ਕਾਲ ਬਾਮਾਂਗ ਜਿਉ ਮੰਗਲ ਗਰਧਬ ਵਾਕ॥੫॥**

ਟੀਕਾ॥ ਯੇ ਸ੍ਰੇਸ਼੍ਰ ਗੁਣ ਮਨਾਕ ਨਾਮ ਥੋੜਾ ਜੇਹਾ ਕਿਸੀ ਸਮੇਂ ਦਾ ਪੜਿਆ ਹੂਆ ਸੋਭਾ ਦੇਨੇ ਵਾਲਾ ਹੋ ਜਾਵੈ ਹੈ॥੧॥ਇਸ ਮੇਂ ਦ੍ਰਿਸਟਾਂਤ। ਕੋਈ ਪੁਰਸ਼ ਕਿਸੀ ਕਾਰਜ ਨੂੰ ਜਾਨੇ ਲਗਾ ਹੈ। ਉਸ ਕੇ ਟੁਰਨ ਕਾਲ ਮੇਂ ਬਾਮਾਂਗ ਕਹੀਏ ਖਬੇ ਪਾਸੇ ਗਰਧਪ ਵਾਕ ਕਹੀਏ ਗਧਾ ਬੋਲ ਪੜੇ ਤਬ ਜਾਨੋ ਕਾਰਜ ਸਵਰ ਜਾਇਗਾ। ਮੰਗਲ ਨਾਮ ਅਨੰਦ ਹੋਵੇਗਾ॥

ਦ੍ਰਾਸਟਾਂਤ। ਤੈਸੇ ਸ੍ਰੇਸ਼ਟ ਗੁਨ ਥੋੜਾ ਜੇਹਾ ਭੀ ਮੰਗਲ ਕੇ ਦੇਨੇ ਵਾਲਾ ਹੋ ਜਾਵੇ ਹੈ॥ ਭਾਵ-ਜਿਸਨੇ ਸ੍ਰੇਸਟ ਗੁਨ ਬਹੁਤ ਸੀਖ ਲੀਏ ਹੈਂ। ਹਮ ਉਸਕੀ ਮਹਿਮਾ ਕਿਆ ਕਹੇਂ। ਇਸ ਵਾਸਤੇ ਹੇ ਪਿਆਰੇ ਸਜਨੋਂ ਪੁਰਸ਼ ਕੋ ਸੁਭ ਗੁਨ ਵਾਲੀ ਵਿਦਿਆ ਸੀਖਨੀ ਚਾਹੀਏ। ਇਸ ਪਰ ਏਕ ਗਾਥਾ ਹੈ। ਏਕ ਬ੍ਰਾਹਮਨ ਵਿਦਿਆ ਤੇ ਸੂੰਨ ਵਡਾ ਭਾਰੀ ਨਿਰਧਨ ਥਾ। ਅਰ ਜੋ ਕੁਛ ਘਰ ਮੇਂ ਥਾ ਸੋ ਧੀਰੇ ਧੀਰੇ ਸਭ ਖਾਇ ਲੀਆ। ਜਬ ਘਰ ਮੇਂ ਕੁਛ ਨਾ ਰਹਾ।



Scanned by CamScanner

ਤਬ ਬ੍ਰਾਹਮਣੀ ਬੋਲੀ ਹੇ ਪਤੀ ਬਾਹਰ ਜਾ ਕੇ ਤੁਮ ਕੁਛ ਕਮਾ ਲਿਆਓ ਤਬ ਘਰ ਕਾ ਵਿਵਹਾਰ ਚਲੇਗਾ। ਦਿਜ ਬੋਲਾ ਹੇ ਮਿਸਰਾਨੀ ਮੈਂ ਕਿਆ ਕਰੂੰ ਵਿਦਿਆ ਮੇਰੇ ਪਾਸ ਨਹੀ ਹੈ। ਹੋਰ ਕਿਸੀ ਕਿਸਮ ਕਾ ਮੇਰੇ ਪਾਸ ਇਲਮ ਨਹੀਂ। ਬਾਹਰ ਜਾ ਕੇ ਮੈਂ ਕੈਸੇ ਕਮਾ ਲਿਆਊਂ। ਬ੍ਰਾਹਮਣੀ ਬੋਲੀ ਪਤੀ ਮੇਰੇ ਪਾਸ ਏਕ ਸਾਰਦਾ ਕਾ ਮੰਤਰ ਹੈ। ਯੇ ਮੈਨੇ ਛੋਟੇ ਹੋਦਿਆਂ ਸੀਖਾ ਥਾ। ਤੁਮ ਇਸ ਕੋ ਕਮਾਓ ਫੇਰ ਤੁਮ ਕੋ ਵਿਦਿਆ ਆਵੇਗੀ। ਵਹੁ ਮੰਤਰ ਸਿਖ ਕਰ ਬ੍ਰਾਹਮਣ ਕਮਾਨੇ ਲਗਾ। ਥੋੜੀ ਦੇਰ ਬਾਦ ਸਾਰਦਾ ਪ੍ਰਸੰਨ ਹੋ ਗਈ ਕਹਾ ਵਰ ਮਾਂਗ ਦਿਜ ਬੋਲਾ ਹੇ ਮਾਤਾ ਮੁਝ ਕੋ ਵਿਦਿਆ ਪ੍ਰਾਪਤ ਹੋ। ਦੇਵੀ ਵਰ ਦੇ ਕਰ ਅੰਤਰ ਧਿਆਨ ਹੋ ਗਈ। ਉਸ ਦੇਸ਼ ਕਾ ਜੋ ਰਾਜਾ ਥਾ ਸੋ ਨਈ ਕਵਿਤਾ ਸੁਨਕੇ ਪ੍ਰਸੰਨ ਹੋਤਾ ਥਾ ਜੋ ਨਈ ਕਵਿਤਾ ਜਾ ਕੇ ਸੁਣਾਤਾ ਥਾ। ਰਾਜਾ ਏਕ ਮੋਹਰ ਦੇਤਾ ਥਾ ਦੂਰ ਦੂਰ ਕੇ ਕਵੀ ਰਾਜਾ ਪਾਸ ਪਹੁੰਚੇ ਥੇ ਇਧਰ ਇਸ ਬ੍ਰਾਹਮਣ ਨੇ ਭੀ ਸੁਨਾ ਬ੍ਰਾਹਮਣ ਨੇ ਕਹਾ ਚਲੋ ਹਮ ਭੀ ਰਾਜਾ ਕੋ ਨਈ ਕਵਿਤਾ ਸੁਣਾ ਕੇ ਰਾਜਾ ਸੇ ਧਨ ਲਿਆਵੇਂਗੇ। ਬ੍ਰਾਹਮਣ ਚਲ ਪੜਾ ਮਾਰਗ ਮੈਂ ਸੋਚਤਾ ਜਾਤਾ ਹੈ। ਕੈਸੀ ਕਵਿਤਾ ਰਚੂੰ ਇਤਨੇ ਚਿਰ ਰਾਜੇ ਕੇ ਸ਼ਹਿਰ ਦਾ ਦਰਵਾਜ਼ਾ ਆਇ ਗਿਆ। ਵਹਾਂ ਨਾਈ ਲੋਕ ਬੈਠੇ ਹੂਏ ਥੇ। ਅਰ ਵੇ ਉਸਤਰਿਆਂ ਕੋ ਪਾਣੀ ਲਗਾ ਕੇ ੨ ਘਸਵਟੀ ਪਰ ਤੇਜ ਕਰ ਰਹੇ ਥੇ ਬ੍ਰਾਹਮਣ ਨੇ ਉਸੀ ਪਰ ਏਕ ਦੋਹਿਰਾ ਬਨਾ ਲੀਆ। ਵਹੁ ਯਹਿ ਦੋਹਿਰਾ ਹੈ॥

**ਦੋਹਿਰਾ॥ ਘਸੇ ਘਸਾਵੇ ਬਹੁਰ ਬਹੁਰ ਬਹੁਰ ਲਗਾਵੈ ਪਾਨੀ। ਜਿਸ ਕਾਰਨ ਤੁਮ ਘਾਸ ਘਸਈਆ ਸੋ ਬਾਤ ਹਮ ਜਾਨੀ॥**

ਬ੍ਰਾਹਮਣ ਜਾ ਕੇ ਰਾਜਾ ਕੇ ਦਰਬਾਰ ਪਹੁੰਚਾ ਅਗੇ ਕਵੀ ਲੋਕ ਰਾਜਾ ਕੋ ਆਪੋ ਆਪਣੀ ਕਵਿਤਾ ਸੁਣਾ ਰਹੇ ਥੇ। ਜਬ ਸਭ ਸੁਣਾ ਚੁਕੇ ਤਬ ਰਾਜਾ ਨੇ ਕਹਾ ਪੰਡਤ ਜੀ ਤੁਮ ਭੀ ਸੁਣਾਓ। ਬ੍ਰਾਹਮਣ ਨੇ ਪੂਰਬਲਾ ਦੋਹਿਰਾ ਪੜ੍



ਕੇ ਸੁਣਾ ਦੀਆ। ਰਾਜਾ ਔਰ ਕਵੀ ਸਭ ਸੁਨਕੇ ਅਸਚਰਜ ਹੂਏ ਰਾਜਾ ਨੇ ਸੋਚਾ ਯੇ ਕਵਿਤਾ ਬਹੁਤ ਮਮੂਲੀ ਹੈ। ਪਰ ਹਛਾ ਦੀਆ ਹੂਆ ਨਿਸਫਲ ਨਹੀਂ ਜਾਤਾ। ਰਾਜਾ ਨੇ ਏਕ ਮੋਹਰ ਦੇ ਦਈ। ਅਰ ਰਾਜਾ ਨੇ ਵਹੁ ਦੋਹਿਰਾ ਕੰਠ ਕਰ ਲੀਆ ਦਿਨ ਮੇਂ ਕਈ ਵਾਰੀ ਪੜ੍ਹੇ। ਰਾਜਾ ਕੋ ਘਰ ਸੰਤਾਨ ਨਹੀ ਥੀ। ਵਜ਼ੀਰਾਂ ਕਾ ਚਿਤ ਬਦਨੀਤ ਹੋ ਗਿਆ। ਜਬ ਮਰੇਗਾ ਤਬ ਹੀ ਹਮ ਨੇ ਰਾਜ ਸਾਂਭਨਾ ਹੈ। ਇਸ ਕੋ ਮਾਰ ਕੇ ਹਮ ਰਾਜ ਅਬ ਕਿਉਂ ਨ ਲੈ ਲੇਵੇਂ। ਵਜ਼ੀਰਾਂ ਨੇ ਰਾਜਾ ਕੀ ਜੋ ਹਮੇਸਾਂ ਹਜਾਮਤ ਕਰਤਾ ਥਾ ਉਸ ਨਾਈ ਕੋ ਬੁਲਾ ਕੇ ਕਹਾ ਜਬ ਤੂੰ ਰਾਜਾ ਕੀ ਹਜਾਮਤ ਕਰਨੇ ਲਗੇ ਤਬ ਘੰਡੀ ਮੈਂ ਉਸਤਰਾ ਫੇਰ ਦੇਨਾ। ਜਬ ਰਾਜਾ ਮਰ ਜਾਇਗਾ ਫੇਰ ਹਮ ਤੁਮ ਕੋ ਇਕ ਲਾਖ ਰੁਪਇਆ ਦੇਵੇਂਗੇ। ਲਾਲਚ ਦੇ ਸਬਬ ਸੇ ਨਾਈ ਨੇ ਮੰਨ ਲੀਆ। ਸਮਾਂ ਪਾ ਕੇ ਨਾਈ ਜਬ ਰਾਜਾ ਕੀ ਹਜਾਮਤ ਕਰਨੇ ਗਿਆ। ਉਪਰ ਸੇ ਜਬ ਸਾਰੇ ਸਿਰ ਕੀ ਸਫਾਈ ਕਰ ਦਈ। ਬਾਕੀ ਦਾੜ੍ਹੀ ਰਹਿ ਗਈ ਜਬ ਦਾੜ੍ਹੀ ਭੀ ਊਪਰ ਸੇ ਮੂੰਨ ਦਈ ਘੰਡੀ ਦੇ ਵਾਲ ਲੈਨੇ ਰਹਿ ਗਏ ਤਬ ਨਾਈ ਕਾ ਹਠ ਨਾ ਪੜੇ। ਕਾਹਿਤੇ। ਰਾਜਾ ਕਾ ਵਡਾ ਤੇਜ ਹੈ ਉਸ ਰਾਜਾ ਤੇ ਤੇਜ ਕੇ ਡਰ ਕਰ ਘੰਡੀ ਮੇਂ ਉਸਤਰਾ ਫੇਰ ਨ ਸਕੇ। ਅਰ ਡਰ ਸੇ ਜਿਸਕਾ ਸਰੀਰ ਥਰ ਥਰ ਕਾਂਪ ਰਹਾ ਹੈ। ਦੋ ਵਾਲ ਲਾਏ ਫੇਰ ਪਾਣੀ ਲਗਾ ਕੇ ਉਸਤਰਾ ਤੇਜ ਕਰਨੇ ਲਗ ਪੜੇ ਹਠ ਜਿਸਕਾ ਪੜਤਾ ਨਹੀਂ ਪੁਨਾ ਪੁਨਾ ਪਾਣੀ ਲਗਾ ਕੇ ਜਬ ਉਸਤਰਾ ਤੇਜ ਕਰਨੇ ਲਗਾ ਤਬ ਰਾਜਾ ਨੇ ਵਹੁ ਸੁਭਾਵਕ ਹੀ ਦੋਹਿਰਾ ਪੜ੍ਹ ਦੀਆ॥

**ਦੋਹਿਰਾ॥ ਘਸੇ ਘਸਾਵੇ ਬਹੁਰ ਬਹੁਰ ਬਹੁਰ ਲਗਾਵੇ ਪਾਨੀ। ਜਿਸ ਕਾਰਨ ਤੁਮ ਘਾਸ ਘਸਈਆ ਸੋਇ ਬਾਤ ਹਮ ਜਾਨੀ॥**

ਇਹ ਬਾਤ ਸੁਨ ਕਰ ਨਾਈ ਬਹੁਤ ਭੈ ਭੀਤ ਹੋ ਗਿਆ। ਚਿਤ ਮੈਂ ਜਾਨ ਜਾਤਾ ਭਯਾ ਮੇਰਾ ਪਾਪ ਰਾਜਾ ਜੀ ਸਭ ਜਾਨ ਗਏ ਹੈਂ। ਉਸੀ ਸਮੇਂ



Scanned by CamScanner

ਉਸਤਰਾ ਛੋੜ ਕਰ ਗਲ ਮੈਂ ਪਲਾ ਪਾ ਕਰ ਹੱਥ ਜੋੜ ਸਨਮੁਖ ਰਾਜਾ ਕੇ ਖੜਾ ਹੋ ਗਿਆ। ਅਰ ਕਹਾ ਮੇਰਾ ਗੁਨਾਹ ਮਾਫ ਕਰੋ ਮੈਂ ਅਨਾਥ ਮਾਰਾ ਗਿਆ। ਰਾਜਾ ਨੇ ਪੂਛਾ ਕਹੁ ਬਾਤ ਹੈ। ਨਾਈ ਥਰ ਥਰ ਕਾਂਪਤਾ ਹੂਆ ਕਹਿਨੇ ਲਗਾ ਹੇ ਰਾਜਨ ਮੈਂ ਕਿਆ ਕਹੂੰ ਆਪ ਸਭ ਕੁਛ ਜਾਨ ਗਏ ਹੈਂ। ਫੇਰ ਮੇਰੇ ਸੇ ਕਿਆ ਪੂਛਤੇ ਹੋ। ਰਾਜਾ ਨੇ ਕਹਾ ਜੋ ਬਾਤ ਹੈ ਤੁਮ ਸਭ ਸਚ ਕਹਿ ਦੇਹੁ। ਫੇਰ ਤੁਮ ਕੋ ਹਮ ਛੋੜ ਦੇਵੇਂਗੇ ਨਹੀ ਤੇਰੇ ਸਹਿਤ ਤੇਰੇ ਬਾਲ ਬਚੇ ਕੋ ਭੀ ਨਹੀਂ ਛੋੜੇਗੇ। ਨਾਈ ਕਹਿਨੇ ਲਗਾ ਹੇ ਰਾਜਨ ਤੇਰੇ ਵਜ਼ੀਰਾਂ ਨੇ ਯਹਿ ਮੇਰੇ ਕੋ ਕਹਾ ਹੈ ਰਾਜਾ ਕੀ ਘੰਡੀ ਮੇਂ ਤੈਂ ਉਸਤਰਾ ਫੇਰ ਕੇ ਮਾਰ ਦੇਨਾ ਜਬ ਰਾਜਾ ਮਰ ਜਾਇਗਾ। ਫੇਰ ਹਮ ਤੇਰੇ ਕੋ ਏਕ ਲਖ ਰੁਪਇਆ ਦੇਵੇਂਗੇ। ਇਹ ਸੁਨ ਕਰ ਰਾਜਾ ਵਡਾ ਅਸਚਰਜ ਹੂਆ ਚਿਤ ਮੇਂ ਕਹਿਨੇ ਲਗਾ ਜੇਕਰ ਇਸ ਵੇਲੇ ਮੈ ਯਹਿ ਦੋਹਿਰਾ ਨਾ ਪੜਤਾ ਤਬ ਤੋ ਮੇਰੇ ਪ੍ਰਾਣ ਚਲੇ ਜਾਨੇ ਥੇ। ਦੇਖੋ ਇਸ ਦੋਹਿਰੇ ਨੇ ਮੇਰੇ ਪ੍ਰਾਣ ਬਚਾਇ ਲੀਏ ਹੈਂ। ਮੈਂ ਇਸ ਕਵਿਤਾ ਕੋ ਮਮੂਲੀ ਜਾਨਤਾ ਥਾ। ਇਸਕਾ ਬਦਲਾ ਏਕ ਮੋਹਰ ਭੀ ਬ੍ਰਾਹਮਣ ਕੋ ਦੇਨੇ ਮੇਂ ਰਾਜੀ ਨਹੀਂ ਥਾ। ਅਬ ਇਸ ਦੋਹਿਰੇ ਪਰ ਲਾਖੋਂ ਮੋਹਰਾਂ ਭੀ ਵਾਰਨੇ ਕਰ ਦਈਏ ਤੌ ਭੀ ਥੋੜੀਆਂ ਹੈਂ। ਕਿਉਂਕਿ ਇਸਨੇ ਮੇਰੇ ਪ੍ਰਾਣ ਬਚਾ ਦੀਏ ਹੈਂ। ਇਸ ਸਧਾਰਨ ਦੋਹਿ ਨੇ ਦੇਖੋ ਮੇਰੀ ਕੈਸੀ ਰਖਿਆ ਕਰੀ ਹੈ। ਰਾਜਾ ਨੇ ਨਾਈ ਕੋ ਛੋੜ ਦੀਆ ਵਜ਼ੀਰਾਂ ਕੋ ਮਰਵਾਇ ਦੀਆ। ਉਸ ਬ੍ਰਾਹਮਣ ਕੋ ਬੁਲਾ ਕੇ ਔਰ ਧਨ ਦੇਕਰ ਪ੍ਰਸੰਨ ਕਰਾ। ਭਾਵ ਮੈ ਕੀ ਆਇਆ ਸਧਾਰਨ ਦੋਹਿਰਾ ਥਾ। ਰਾਜਾ ਨੇ ਕੰਠ ਕਰ ਲੀਆ ਦੇਖੋ ਉਸ ਦੋਹਿਰੇ ਨੇ ਰਾਜਾ ਕੇ ਪ੍ਰਾਣ ਬਚਾ ਦੀਏ। ਐਸੇ ਹੀ ਕਿਸੀ ਕਿਸਮ ਕਾ ਗੁਨ ਸਿਖਾ ਹੂਆ ਗੁਨ ਬਹੁਤ ਕਰੇ ਹੈ॥ ੫ ॥ਸੰਕਾ॥ਐਸੇ ਕੌਨ ਕਹਿਤਾ ਹੈ॥ ਸਮਾਧਾਨ॥ਆਪਤ ਵਕਤਾ ਜੋ ਸੰਤ ਹੈ ਵਹੁ ਯਹਿ ਬਾਤ ਕਹੇ ਹੈਂ॥ਸੰਕਾ॥ ਸੰਤ ਕਬੀ ਅਨਯਥ ਕਹਿ ਦੇਤੇ ਹੋਇਗੇ॥ ਸਮਾਧਾਨ॥ ਮੂਲ॥

**ਸ੍ਵੈਯਾ॥ਜਬ ਭਾਨ ਉਦੇ ਦਿਸ ਪਸਚਮ ਹ੍ਵੈ ਪੁਨ ਮੇਰੁ ਚਲੈ ਅਤਿਸੈ ਜਬ ਹੀ। ਗਿਰ ਸਿੰਗ੍ਰ ਸਿਲਾ ਜਬ ਹ੍ਵੈ ਪਦਮਾਂ ਅਗਨੀ**



**ਅਤਿ ਸੀਤਲ ਹ੍ਵੈ ਕਬ ਹੀ। ਸਭ ਕੋ ਅਤਿ ਸਾਜਨ ਸੰਤ ਜਨਾ ਵਹਿ ਝੂਠ ਗਿਰਾ ਨ ਕਹੈ ਕਬਹੀ। ਤਜ ਭ੍ਰਾਂਤ ਰਿਦੈ ਧਰ ਸੰਤ ਗਿਰਾ ਸੁ ਸਮਾ ਅਬ ਹੀ ਅਬਹੀ ਅਬਹੀ॥੬॥**

ਟੀਕਾ॥ਸੰਤੋਂ ਕੇ ਵਾਕ ਅਟਲ ਹੋਤੇ ਹੈਂ। ਅਚਲ ਵਿਚਲ ਕਬੀ ਨਹੀਂ ਹੋਤੇ। ਅਬ ਇਸ ਪਰ ਦ੍ਰਿਸ਼ਟਾਂਤ ਦੇਕਰ ਇਸੀ ਬਾਤ ਕੋ ਸਿਧ ਕਰਤੇ ਹੈਂ। ਮੂਲ। ਜਬ ਭਾਨ ਉਦੈ ਦਿਸ਼ ਪਸਚਮ ਹ੍ਵੈ। ਭਾਨ ਕਹੀਏ ਸੂਰਜ ਹਮੇਸਾਂ ਪੂਰਬ ਦਿਸਾ ਤੇ ਉਦੇ ਹੋਤਾ ਹੈ। ਜਬ ਨਾਮ ਜੇਕਰ ਪਸਚਮ ਦਿਸ਼ਾ ਤੋਂ ਉਦੈ ਹੋਣੇ ਲਗ ਪੜੇ ਤਬ ਇਸ ਮਾਇਆ ਮੈ ਕੋਈ ਅਸਚਰਜ ਨਹੀਂ ਹੈ। ਪਰ ਏ ਬਾਤ ਹੋਨੇ ਵਾਲੀ ਤੌ ਨਹੀ ਹੈ। ਪਰ ਜੇ ਹੋ ਜਾਏ ਤੌ ਇਸ ਮੈ ਕੋਈ ਅਸਚਰਜ ਨਹੀਂ ਹੈ। ਪਰ ਸੰਤ ਝੂਠ ਕਬੀ ਨਹੀ ਬੋਲੇਂਗੇ। ਐਸੇ ਸਭ ਨੇ ਸਮਝ ਲੇਨਾ॥ ਮੂਲ॥ ਪੁੰਨ ਮੇਰ ਚਲੈ ਅਤਿ ਸੇ ਜਬ ਹੀ। ਅਬ ਔਰ ਦੇਖੋ ਸੁਮੇਰ ਪਰਬਤ ਕਬੀ ਚਲਾਇਮਾਨ ਹੋਨੇ ਵਾਲਾ ਨਹੀ ਹੈ। ਪਰ ਜੇਕਰ ਵਹੁ ਭੀ ਚਲਾਇਮਾਨ ਅਤੀ ਹੋ ਜਾਇ ਤੌ ਇਸ ਮੇਂ ਕੋਈ ਅਸਚਰਜ ਨਹੀਂ ਹੈ। ਮੂਲ॥ ਗਿਰਸ੍ਰਿੰਗ ਸਿਲਾ ਜਬ ਹ੍ਵੈ ਪਦਮਾ। ਪਹਾੜ ਕੇ ਸ੍ਰਿੰਗ ਨਾਮ ਟਿਲੇ ਪਰ ਜੋ ਸਿਲਾ ਪੜੀ ਹੈ ਉਸ ਪਰ ਕਮਲ ਕਾ ਹੋਣਾ ਅਸੰਭਵ ਹੈ। ਪਰ ਜੇਕਰ ਉਸ ਪਰ ਭੀ ਕਬੀ ਕਮਲ ਹੋ ਜਾਇ। ਤੌ ਇਸ ਮੈ ਕੋਈ ਅਸਚਰਜ ਨਹੀ ਹੈ॥ਮੂਲ॥ਅਗਨੀ ਅਤ ਸੀਤਲ ਹ੍ਵੈ ਕਬ ਹੀ। ਅਗਨੀ ਸਦਾ ਹੀ ਉਸ ਨ ਰੂਪ ਹੈ। ਪਰ ਕਬੀ ਬਰਫ ਵਤ ਅਤੀ ਸੀਤਲ ਅਗਨੀ ਹੋ ਜਾਇ ਤੌ ਇਸ ਮੈ ਕੋਈ ਅਸਚਰਜ ਨਹੀਂ ਹੈ॥ਮੂਲ॥ਸਭ ਕੌ ਅਤਿ ਸਾਜਨ ਸੰਤ ਜਨਾ। ਏ ਸਭ ਪੂਰਬਲੀਆਂ ਬਾਤਾਂ ਹੋਣੇ ਵਾਲੀਆਂ ਤੌ ਨਹੀਂ ਹੈ। ਪਰ ਜੇ ਉਲਟੀਆਂ ਹੋ ਜਾਇ ਤੌ ਇਸ ਮੈ ਕੋਈ ਅਸਚਰਜ ਨਹੀਂ ਹੈ। ਪਰ ਸਭ ਕੇ ਜੋ ਅਤੀ ਸਾਜਨ ਸੰਤ ਜਨ ਹੈ॥ਭਾਵ-ਸਭ ਕੇ ਹਿਤ ਮੈ ਜੋ ਵਰਤਨੇ ਵਾਲੇ ਸੰਤ ਹੈਂ॥ਮੂਲ॥ਵਹਿ ਝੂਠ ਗਿਰਾ ਨ ਕਹੇ ਕਬ ਹੀ। ਵਹੁ ਸੰਤ ਝੂਠੀ ਬਾਣੀ ਕਬੀ ਨਹੀ ਕਹੇਂਗੇ॥ਮੂਲ॥ਤਜ ਭਰਾਂਤ ਰਿਦੇ ਧਰ ਸੰਤ



Scanned by CamScanner

ਗਿਰਾ। ਹੇ ਪਿਆਰੇ ਸ਼ਰਧਾਲੂ ਪੁਰਸ਼ੋ ਜਬ ਸੰਤਾਂ ਨੇ ਝੂਠ ਕਹਿਨਾ ਨਹੀਂ ਹੈ। ਜੋ ਕਹੇਂਗੇ ਸੋ ਜਥਾਰਥ ਹੀ ਕਹੇਂਗੇ। ਤਬ ਭ੍ਰਾਤੀ ਕੋ ਤਿਆਗ ਕਰ ਸੰਤਾਂ ਕੀ ਬਾਣੀ ਕੋ ਭਾਵ ਉਨਕੇ ਮਨੋਹਰ ਉਪਦੇਸ਼ ਕੋ ਆਪਣੇ ਹਿਰਦੇ ਮੇਂ ਧਾਰਨ ਕਰੋ। ਜਿਸ ਸੇ ਸੰਸਾਰ ਸਮੁੰਦਰ ਸੇ ਤਰ ਜਾਓ॥ਸੰਕਾ॥ਵਹੁ ਕੌਨ ਸਾ ਉਪਦੇਸ਼ ਹੈ॥ਸਮਾਧਾਨ॥

**ਚੌਪਈ॥ ਨਰ ਤਨੁ ਸਮ ਨਹਿ ਕਵਨਿ ਓਦੇਹਿ। ਜੀਵ ਚਰਾ ਚਰ ਯਾਚਤ ਜੇਹੀ। ਨਰਕ ਸੁਰਗ ਅਪਵਰਗ ਨਿਸੈਨੀ। ਗਿਆਨ ਵੈਰਾਗ ਭਗਤ ਸਖ ਦੈਨੀ। ਸੋ ਤਨੁ ਧਰ ਹਰਿ ਭਜਹਿ ਨ ਜੇ ਨਰ। ਹੋਇ ਵਿਸਜਰਤ ਮੰਦ ਮੰਦਤਰ। ਕੰਚਨ ਕਾਂਚ ਬਦਲ ਸਠ ਲੇਹੀ। ਕਰਤੇ ਡਾਰ ਪਰਸ ਮਣਿ ਦੇਹੀ।**

ਇਤਿ ਆਦੀ ਯੇ ਉਪਦੇਸ਼ ਹੈ॥ਸੰਕਾ॥ਅਜੇ ਸਮਾਂ ਬਹੁਤ ਪੜਾ ਹੈ। ਆਪੇ ਧਾਰਨ ਕਰ ਲਏਂ ਗੇ॥ਸਮਾਧਾਨ॥ਮੂਲ॥ਸੁ ਸਮਾਂ ਅਬ ਹੀ ਅਬ ਹੀ ਅਬ ਹੀ। ਸੋ ਸਮਾਂ ਅਬ ਹੀ ਹੈ ਅਬ ਹੀ ਹੈ ਅਬ ਹੀ ਹੈ। ਯੇ ਤੀਨ ਵਾਰੀ ਹਮ ਪ੍ਰਤਿਗਜਾ ਸੇ ਕਹਿਤੇ ਹੈਂ। ਯੇ ਐਸਾ ਸਮਾਂ ਕਬੀ ਹਾਥ ਨਹੀਂ ਆਇਗਾ। ਇਸ ਮੇਂ ਪ੍ਰਮਾਨ॥

**ਕਬੀਰ ਮਾਨਸ ਜਨਮੁ ਦੁਲੰਭੁ ਹੈ ਹੋਇ ਨ ਬਾਰੈਬਾਰ॥**
**ਜਿਉ ਬਨ ਫਲ ਪਾਕੇ ਭੁਇ ਗਿਰਹਿ ਬਹੁਰਿ ਨ ਲਾਗਹਿ ਡਾਰ॥**

ਹੇ ਪਿਆਰੇ ਸਜਨੋ ਜਬ ਐਸੇ ਸਮੇਂ ਸੇ ਘੁਸ ਜਾਓਗੇ। ਫੇਰ ਤੁਮ ਪਏ ਪਸਚਾਤਾਪ ਕਰੋਗੇ॥੬॥ਸੰਕਾ॥ਬੁਧੀ ਕਾ ਸਾਰ ਫਲ ਕੀ ਹੈ॥ਸਮਾਧਾਨ॥ ਮੂਲ॥

**ਤੋਟਕ ਛੰਦ॥ ਬੁਧਿ ਕੋ ਫਲ ਸਾਰ ਬਿਚਾਰ ਰਹੈ। ਤਨ ਕੋ ਫਲ ਸਾਰ ਬ੍ਰਤਾਦਿ ਗਹੈ। ਧਨ ਕੋ ਫਲ ਸਾਰ ਸੁਪਾਤ੍ਰ ਦਿਜੈ। ਫਲ ਸਾਰ ਗਿਰਾ ਸਭ ਪ੍ਰੀਤ ਕਿਜੈ॥੭॥**



ਟੀਕਾ॥ਹੇ ਪਿਆਰੇ ਸਜਨੋਂ ਸਤਿ ਅਸਤਿ ਕਾ ਵਿਚਾਰ ਰਹਿਨਾ ਯੇ ਇਸ ਬੁਧੀ ਕਾ ਸਾਰ ਫਲ ਹੈ। ਇਕਾਂਤ ਬੈਠ ਸੋਧਨ ਲਗਿਓ ਕੋਹੰਕੋ ਸੰਸਾਰ। ਮੈ ਕੌਨ ਹੂੰ ਏ ਸੰਸਾਰ ਕਿਆ ਹੈ। ਐਸਾ ਸਦਾ ਵਿਚਾਰ ਕਰਤੇ ਰਹਿਨਾ ਏਹੀ ਇਸ ਬੁਧੀ ਕਾ ਸਾਰ ਫਲ ਹੈ॥ਸੰਕਾ॥ਇਸ ਸਰੀਰ ਕਾ ਸਾਰ ਫਲ ਕੀ ਹੈ॥ਸਮਾਧਾਨ॥ਇਕਾਦਸੀ ਕਾ ਫਲ ਪੂਰਨਮਾਸੀ ਕਾ ਮੰਗਲ ਕਾ ਕ੍ਰਿਛ ਚੰਦ੍ਰਾਇਣ ਕਾ ਬ੍ਰਤ ਰਖਨਾ॥ਭਾਵ-ਐਸਾ ਬ੍ਰਤ ਰੂਪੀ ਤਪ ਕਰਕੇ ਸਰੀਰ ਨੂੰ ਸੁਸਕ ਰਖਨਾ ਪੁਸਟ ਨਾ ਹੋਨੇ ਦੇਨਾ ਯੇ ਇਸ ਤਨ ਕਾ ਸਾਰ ਫਲ ਹੈ॥ਸੰਕਾ॥ਇਸ ਧਨ ਕਾ ਸਾਰ ਫਲ ਕੀ ਹੈ॥ਸਮਾਧਾਨ॥ਜੋ ਸੁਪਾਤ੍ਰ ਪੁਰਸ਼ ਕੋ ਧਨ ਕਾ ਦਾਨ ਕਰ ਦੇਨਾ ਯਹਿ ਇਸ ਧਨ ਕਾ ਸਾਰ ਫਲ ਹੈ॥ ਸੰਕਾ॥ਬਾਣੀ ਕਾ ਫਲ ਕੀ ਹੈ॥ਸਮਾਧਾਨ॥ਹਰੀ ਰੂਪ ਜਾਨ ਕਰ। ਸਭ ਨਾਲ ਪ੍ਰੀਤ ਕਰਨੀ ਯਹਿ ਇਸ ਗਿਰਾ ਕਾ ਸਾਰ ਫਲ ਹੈ। ਭਾਵ ਇਹ ਹੈ ਆਤਮਾ ਕੋ ਛੋੜ ਕੇ ਅਨਾਤਮਾ ਕੀ ਤਰਫ ਜਿਸ ਪੁਰਸ਼ ਕੀ ਬੁਧੀ ਲਗ ਰਹੀ ਹੈ। ਔਰ ਸਰੀਰ ਕਰਕੇ ਬ੍ਰਤਿਆਦੀ ਕੋਈ ਨਹੀ ਕਰਤਾ। ਅਰ ਕੇਵਲ ਭੋਗਾਂ ਕੋ ਹੀ ਭੋਗ ਰਹਾ ਹੈ ਅਰ ਧਨ ਜਿਸਕਾ ਅਛੇ ਪਾਸੇ ਖਰਚ ਨਹੀ ਹੋਤਾ ਅਰ ਬਾਣੀ ਸੇ ਕਿਸੀ ਸਾਥ ਪ੍ਰੇਮ ਨਹੀ ਕਰਤਾ ਐਸੇ ਪੁਰਸ਼ ਕੋ ਲਖ ਵਾਰੀ ਧਿਕਾਰ ਹੈ। ਉਸਕਾ ਜਨਮ ਹੀ ਬਿਅਰਥ ਹੈ। ਇਸ ਸੇ ਜੋ ਪੁਰਸ਼ ਵਿਪ੍ਰਤੀ ਹੈ ਸੋ ਧੰਨ ਹੈ॥੭॥ਆਗੇ ਫੇਰ ਇਸੀ ਬਾਤ ਕੋ ਕਹੇ ਹੈ॥ਮੂਲ॥

**ਦੋਹਿਰਾ॥ ਜੋ ਆਨਨ ਹੈ ਸਾਸਤ੍ਰ ਬਿਨੁ ਬਿਨੁ ਤੰਬੂਲ ਜੋ ਆਸ। ਸੁਭ ਬਾਨੀ ਬਿਨ ਬਦਨ ਜੋ ਮੁਖ ਨਰੰਧਰ ਲਖ ਤਾਸ॥੮॥**

ਟੀਕਾ॥ਜਿਸ ਪੁਰਸ਼ ਕਾ ਆਨਨ ਨਾਮ ਮੁਖ ਸ਼ਾਸਤ੍ਰ ਵਿਚਾਰ ਸੇ ਜੋ ਰਹਿਤ ਹੈ। ਔਰ ਜਿਸ ਕਾ ਤੰਬੂਲ ਨਾਮ ਪਾਨ ਤੇ ਬਿਨਾਂ ਜੋ ਆਸ ਨਾਮ ਮੁਖ ਹੈ। ਅਰ ਸ੍ਰੇਸ਼ਟ ਬਾਣੀ ਤੇ ਬਿਨਾਂ ਜੋ ਬਦਨ ਨਾਮ ਮੁਖ ਹੈ ਇਨ੍ਹਾਂ ਤੀਨੋਂ ਸੇ ਬਿਨਾਂ ਜੋ ਤੀਨ ਮੁਖ ਹੈਂ ਸੋ ਯਹਿ ਮੁਖ ਨਹੀਂ ਹੈ। ਨਰੰਧਰ ਨਾਮ ਸਰਪ



Scanned by CamScanner

ਕੀ ਖੁੱਡ ਹੈ। ਤਾਸ ਨਾਮ ਧਰਤੀ ਮੇਂ ਲਖੋ ਜੈਸੇ ਧਰਤੀ ਮੇਂ ਸਰਪ ਕੀ ਖੁੱਡ ਭੈਦਾਇਕ ਹੋਤੀ ਹੈ। ਤੈਸੇ ਸਰੀਰ ਮੈ ਵਹੁ ਮੁਖ ਹੈ। ਸੋ ਕਿਸੀ ਅਰਥ ਨਹੀਂ ਕੇਵਲ ਦੁਖ ਦਾਤਾ ਹੈ। ੮। ਸੰਕਾ ॥ਇਹ ਪੂਰਬਲੀਆਂ ਤੀਨੋਂ ਬਾਤਾਂ ਪੁਰਸ਼ ਕੋ ਕਰਨੀਆਂ ਕਠਨ ਹੈ ਵਾ ਨਹੀਂ ॥ ਸਮਾਧਾਨ ॥ ਮੂਲ ॥

**ਸ੍ਵੈਯਾ ॥ ਜੋ ਨਰ ਹੈ ਸਮਰੱਥ ਤਿਸੇ ਪ੍ਰਥ ਕਾਮ ਨਹੀ ਕੋਊ ਯਾ ਜਗ ਮਾਹੀ। ਮਾਨੁਖ ਉਦਮ ਵੰਤ ਜੁ ਹੈ ਤਿਨਕੋ ਕਛੁ ਦੂਰ ਅਹੇ ਜਗ ਨਾਹੀ। ਜੋ ਗੁਣ ਮਾਨਪ੍ਰਮਾਨ ਅਹੇ ਪਰਦੇਸ ਤਿਸੇ ਕੁਛ ਨਾ ਦਰਸਾਹੀ। ਜੋ ਮਧਰੋ ਸੁਭ ਵਾਕ ਭਨੇ ਸਭ ਮੀਤ ਤਿਸੇ ਜਨ ਕੋ ਨ ਦੁਖਾਹੀ ॥੯ ॥**

ਟੀਕਾ ॥ ਜੋ ਪੁਰਸ਼ ਸਮਰਥਾ ਵਾਲਾ ਹੈ। ਭਾਵ ਸਭ ਬਾਤੋਂ ਕਰ ਜੋ ਲਾਇਕ ਹੈ ਧਨ ਕਰ ਹੁਕਮ ਕਰ ਸ਼ਕਤੀ ਕਰ ਫੇਰ ਉਸ ਪੁਰਸ਼ ਕੋ ਪ੍ਰਥ ਕਾਮ ਕਹੀਏ ਐਸਾ ਕੋਈ ਔਖਾ ਕਾਮ ਨਹੀਂ ਇਸ ਸੰਸਾਰ ਮੇਂ ਜੋ ਵਹੁ ਨ ਕਰ ਸਕੇ। ਕਿੰਤੂ ਜੋ ਚਾਹੇ ਸੋ ਕਰ ਸਕੇ ਹੈ। ਸ਼ਾਸਤ੍ਰ ਅਧੈਨ ਕਰੇ ਤੌ ਕਰ ਸਕੇ ਹੈ। ਤੰਬੂਲ ਚਬਨੇਂ ਆਦੀ ਜਿਤਨਾ ਜਿਤਨਾ ਰਜੋ ਗੁਨ ਠਾਟ ਬਨਾਨਾ ਚਾਹੇ ਸੋ ਬਨਾ ਸਕੇ ਹੈ। ਸ਼ੁਭ ਬਾਣੀ ਸਿਖੇ ਤੌ ਸਿਖ ਸਕੇ ਹੈ। ਸਮਰਥ ਪੁਰਸ਼ ਕੋ ਕੋਈ ਮੁਸ਼ਕਲ ਕਾਮ ਨਹੀ ਹੈ ਜੋ ਨਾ ਕਰ ਸਕੇ। ੧। ਜੋ ਪੁਰਸ਼ ਉਦਮ ਵਾਲਾ ਹੈ। ਤਿਸਕੋ ਸੰਸਾਰ ਮੇਂ ਕੋਈ ਵਸਤੂ ਦੂਰ ਨਹੀ ਹੈ ਭਾਵੇਂ ਕਿਤਨੀ ਵਸਤੂ ਦੂਰ ਹੋਵੇ ਉਦਮੀਂ ਪੁਰਸ਼ ਕੋ ਸਮੀਪ ਹੀ ਭਾਸੇ ਹੈ। ਆਲਸੀ ਪੁਰਸ਼ ਕੋ ਸਮੀਪ ਵਸਤੂ ਪੜੀ ਹੂਈ ਦੂਰ ਭਾਸੇ ਹੈ। ੨। ਜੋ ਗੁਣਵਾਨ ਪ੍ਰਮਾਨ ਕਹੀਏ ਪੁਰਸ਼ ਹੈ। ਤਿਸ ਪੁਰਸ਼ ਕੋ ਪਰਦੇਸ ਕੋਈ ਨਜ਼ਰ ਆਤਾ ਨਹੀਂ ਹੈ। ਸਭ ਉਸ ਕੋ ਮਿਤ੍ਰ ਪਿਆਰੇ ਸਬੰਧੀਓਂ ਕੀ ਤਰ੍ਹਾਂ ਨਜ਼ਰ ਆਤੇ ਹੈਂ। ਜਹਾ ਜਾਏ ਸਭ ਮਿਤ੍ਰ ਬਨ ਜਾਵੇ ਹੈ। ਜੈਸੇ ਰਾਗੀ ਗਯਾਨੀ ਹਕੀਮੀ ਰਸੈਨੀ ਕੋ ਸਭ ਕੋ ਦੇਸ ਚਾਹੇ ਹੈ ਉਸ ਕੋ ਫੇਰ ਪਰਦੇਸ ਕਿਆ ਭਾਸੇ ਹੈ। ਕਿੰਤੂ ਸਭ ਆਪਣਾ ਦੇਸ਼ ਭਾਸੇ ਹੈ। ਭਾਵ-ਗੁਣੀ ਪੁਰਸ਼ ਕੋ ਪਰਦੇਸ ਕੋਈ ਨਹੀਂ ਹੈ।



੩। ਜੋ ਪੁਰਸ਼ ਸਭ ਕੋ ਮਿਠੇ ਅਰ ਸ੍ਰੇਸ਼ਟ ਵਚਨ ਕਹਿਨੇ ਵਾਲਾ ਹੈ। ਤਿਸ ਪੁਰਸ਼ ਕੇ ਸਭੀ ਜਨ ਮਿਤ੍ਰ ਹੈਂ ਉਸ ਪੁਰਸ਼ ਕੋ ਕੋਈ ਪੁਰਸ਼ ਭੀ ਦੁਖ ਨਹੀ ਦੇਤਾ। ਸਭ ਜਨ ਉਸਕੋ ਸੁਖ ਦੇਵਨੇ ਵਾਲੇ ਹੋ ਜਾਵੇ ਹੈ। ਭਾਵ-ਜੋ ਮਿਠੇ ਵਚਨ ਬੋਲਨੇ ਵਾਲਾ ਹੈ। ਸਭੀ ਪੁਰਸ਼ ਉਸਕੇ ਮਿਤ੍ਰ ਹੈਂ। ਜੋ ਕਟੂ ਵਚਨ ਬੋਲਨੇ ਵਾਲਾ ਹੈ ਫੇਰ ਸਭੀ ਪੁਰਸ਼ ਉਸਕੇ ਦੁਸ਼ਮਣ ਹੈਂ। ਜ਼ਬਾਨ ਸ਼ੀਰੀ ਮੁਲਖ ਜਗੀਰੀ ਜਹਾਂ ਜਾਵੇ ਤਹਾਂ ਯਾਰ ਯਾਰ। ਜ਼ਬਾਨ ਟੇਡੀ ਮੁਲਕ ਬਾਕਾਂ ਜਹਾਂ ਜਾਵੇ ਤਹਾਂ ਮਾਰਮਾਰ। ਯੇ ਲੌਕਿਕ ਪ੍ਰਮਾਨ। ੯। ਸੰਕਾ। ਮਧੁਰ ਵਚਨ ਬੋਲਨੇ ਸੇ ਕਿਆ ਹੋਵੇ ਹੈ ॥ ਸਮਾਧਾਨ ॥ ਮੂਲ ॥

**ਦੋਹਿਰਾ ॥ ਪ੍ਰਿਅ ਬਚਨਨ ਕੇ ਦਾਨਤੇ ਹੋਤ ਪਰਮੋਦ ਤ੍ਰਿਭੌਨ। ਤਾਂਤੇ ਪ੍ਰਿਯ ਬਾਨੀ ਭਨੌ ਯਾਮੈ ਕ੍ਰਿਪਣਤਾ ਕੌਨ ॥ ੧੦ ॥**

ਟੀਕਾ ॥ ਪਿਆਰੇ ਅਰ ਮਿਠੇ ਵਚਨਾਂ ਕੇ ਬੋਲਨੇ ਤੇ ਤੀਨੋਂ ਲੋਕਾਂ ਕੋ ਪ੍ਰਮੋਦ ਨਾਮ ਅਨੰਦ ਕੀ ਪ੍ਰਾਪਤੀ ਹੋਵੇ ਹੈ। ਮਿਠੇ ਵਚਨਾਂ ਕੋ ਸੁਨਕੇ ਸਭ ਲੋਕ ਪ੍ਰਸੰਨ ਹੋਵੇ ਹੈ। ਨਰਾਜ਼ ਕੋਈ ਨਹੀਂ ਹੋਵੇ ਹੈ। ਇਸ ਵਾਸਤੇ ਹੇ ਪੁਰਸ਼ੋ ਤੁਮ ਸਭੀ ਪੁਰਸ਼ਾਂ ਕੋ ਪਿਆਰੀ ਬਾਣੀ ਕਥਨ ਕਰੋ। ਜਿਸਕੋ ਸੁਨ ਕਰ ਸਭ ਕਾ ਚਿਤ ਪ੍ਰਸੰਨ ਹੋ। ਇਸ ਪਿਆਰੀ ਬਾਣੀ ਕਹਿਨੇ ਮੈ ਆਪ ਕਾ ਸੂਮਪਣਾ ਕਿਉਂ ਹੈ। ਜੀ ਕਹਿਨੇ ਮੈ ਆਪ ਕਾ ਕੁਛ ਧਨ ਖਰਚ ਨਹੀਂ ਹੋਤਾ ਅਰ ਕੋਈ ਦੇਹ ਕਾ ਜ਼ੋਰ ਨਹੀ ਲਗੇ ਹੈ। ਹਾਂ ਕਹਿਨੇ ਮੈ ਤੁਮਾਰੇ ਰਿਦੇ ਕਾ ਜ਼ੋਰ ਭੀ ਲਗੇਗਾ। ਸਿਰ ਹਲਾ ਕੇ ਜੇ ਕਹੋ ਤੋ ਭੀ ਜ਼ੋਰ ਲਗਤਾ ਹੈ। ਤਾਂਤੇ ਹੇ ਪੁਰਸ਼ੋ ਸਭ ਕੋ ਮਿਠੇ ਬਚਨ ਬੋਲੋ। ਕਟੂ ਵਾਕ ਕਹਿ ਕਰ ਮਤ ਕਿਸੀ ਕਾ ਹਿਰਦਾ ਦੁਖਾਓ ॥

**ਦੋਹਿਰਾ ॥ ਭਲੇ ਬੁਰੇ ਕੋ ਦੇਖਕੇ ਮਗਨ ਰਹੋ ਮਨ ਮਾਹਿ। ਰੱਜਬ ਕੰਡਾ ਜੀਭ ਕਾ ਕਹੂ ਚੁਭਾਵੋ ਨਾਹਿ ॥੧੦ ॥**



Scanned by CamScanner

ਸ਼ੰਕਾ॥ ਇਸ ਬਾਤ ਕਾ ਨਿਰਨੇ ਹਛੀ ਤਰ੍ਹਾਂ ਸੇ ਕਹੁ॥ ਸਮਾਧਾਨ॥ ਮੂਲ॥

**ਚੌਪਈ॥ ਸਤਿ ਵਚਨ ਅਰ ਪਿਆਰੋ ਜੋਈ। ਬੁਧਮਾਨ ਜਨ ਭਾਖੇ ਸੋਈ। ਪ੍ਰਿਯਨ ਹ੍ਵੈ ਪੁਨ ਵਾਕ ਸਤਿ ਹੈ। ਕਹੈ ਨਾਹਿ ਸੋ ਸਬਦ ਮਤਿ ਹ੍ਵੈ॥੧੧॥**

ਟੀਕਾ॥ ਜੋ ਵਚਨ ਸਚਾ ਭੀ ਹੋਵੇ ਅਰ ਪਿਆਰਾ ਭੀ ਹੋਵੇ ਸੋ ਬੁਧੀਵਾਨ ਕਹੇ। ਅਰ ਜੋ ਵਚਨ ਦੂਸਰੇ ਕੋ ਪਿਆਰਾ ਲਗਨੇ ਵਾਲਾ ਨਹੀਂ ਹੈ। ਅਰ ਹੈ ਵਾਕ ਸਚਾ ਐਸਾ ਸ਼ਬਦ ਭੀ ਬੁਧੀਮਾਨ ਮਤ ਕਹੇ। ਭਾਵ ਇਹ ਹੈ ਨਾ ਕਹੇ ਜੈਸੇ ਕੋਈ ਕਾਣਾ ਹੈ ਵਾ ਅੰਨਾ ਹੈ ਉਸ ਕੋ ਏ ਕਹੀਏ ਅਰੇ ਕਾਣੇ ਵਾ ਅਰੇ ਅੰਧੇ ਇਹ ਵਚਨ ਤੌ ਸਚਾ ਹੈ ਪਰ ਉਨ ਕੋ ਪਿਆਰਾ ਨਹੀਂ ਹੈ। ਯਾਂਤੇ ਐਸਾ ਸ਼ਬਦ ਮਤ ਕਹੇ ਅਰ ਸਚਾ ਭੀ ਹੋਵੇ ਅਰ ਪਿਆਰਾ ਭੀ ਹੋਵੇ ਸੋ ਕਹੇ। ਕੋਈ ਸੰਤ ਵਾ ਬ੍ਰਾਹਮਣ ਹੈ ਇਨਕੋ ਯਹਿ ਕਹੇ ਹੇ ਸੰਤ ਜੀ ਹੇ ਸਵਾਮੀ ਜੀ ਹੇ ਪੰਡਤ ਜੀ ਹੇ ਗੁਸਾਈਂ ਜੀ ਇਹ ਵਾਕ ਸਚਾ ਭੀ ਹੈ ਅਰ ਪਿਆਰਾ ਭੀ ਹੈ ਰਾਜਨੀਤੀ ਮੇਂ ਕਹਾ ਹੈ।

**ਦੋਹਿਰਾ॥ਅਪਨੀ ਅਪਨੀ ਠੌਰ ਪਰ ਸਭ ਕੋ ਲਾਗੈ ਦਾਵ। ਜਲ ਪਰ ਗਾਡੀ ਨਾਵ ਪਰ ਥਲ ਪਰ ਗਾਡੀ ਨਾਵ॥**

ਅਪਨੇ ੨ ਅਸਥਾਨ ਪਰ ਵਚਨ ਫਲਤਾ ਹੈ ਕਿਸੀ ਪੁਰਸ਼ ਨੇ ਦੂਸਰੇ ਕੋ ਕਹਾ ਮੈਂ ਤੈਨੂੰ ਸਚ ਕਹਿਵਾਂ ਪਰ ਤੈਨੂੰ ਮਿਰਚਾਂ ਲਗ ਜਾਨਗੀਆਂ। ਉਸਨੇ ਕਹਾ ਐਸਾ ਸਚ ਮਤ ਕਹੁ ਤੂੰ ਕਹੁ ਹੀ ਨਹੀਂ। ਤੂੰ ਕਾਹੇ ਕੋ ਕਹਿਤਾ ਹੈਂ ਪਿਆਰਾ ਲਗਨੇ ਵਾਲਾ ਨਾ ਹੋਵੇ ਅਰ ਹੋਵੇ ਸਚ ਸੋ ਐਸਾ ਸਚ ਭੀ ਨਾ ਕਹੇ॥੧੧ ਮੂਲ॥

**ਚੌਪਈ॥ਲਾਗੈ ਮਧੁਰ ਝੂਠ ਹੈ ਵਾਕੋ। ਨਾਹਿ ਕਹੂੰ ਪ੍ਰਤਿ ਭਾਖੈ ਤਾਕੋ। ਏਹ ਸਨਾਤਨ ਧਰਮ ਸੰਤਨ ਕੋ। ਇਨ ਅਨੁ**



**ਗਾਮੀ ਯੋਗ ਜਨਿਨ ਕੋ॥੧੨॥**

ਟੀਕਾ॥ ਅਗਲੇ ਕੋ ਮਿਠਾ ਲਗੇ ਅਰ ਹੋਵੈ ਝੂਠ ਐਸਾ ਵਚਨ ਭੀ ਕਿਸੀ ਪ੍ਰਤੀ ਨਾ ਕਹੇ। ਜੈਸੇ ਦੋ ਪੁਰਸ਼ਾਂ ਕੇ ਪੁੱਤਰ ਧਨ ਕਮਾਨੇ ਕੇ ਲੀਏ ਵਿਦੇਸ਼ ਮੇਂ ਗਏ। ਏਕ ਕਾ ਪੁੱਤਰ ਜਾਤੇ ਮਿਰਤੂ ਹੋ ਗਯਾ। ਦੂਸਰੇ ਨੇ ਖੂਬ ਧਨ ਕਮਾਇਆ। ਵਹਾਂ ਸੇ ਏਕ ਪੁਰਸ਼ ਉਸ ਦੇਸ਼ ਕੋ ਆਨੇ ਲਗਾ ਉਸਨੇ ਕਹਾ ਹਮਾਰੇ ਘਰ ਏ ਸਨੇਹਾ ਦੇਨਾ ਤੁਮਾਰਾ ਪੁੱਤਰ ਰਾਜ਼ੀ ਖੁਸ਼ੀ ਹੈ। ਰੁਜਗਾਰ ਮੇਰਾ ਹਛਾ ਚਲਾ ਹੂਆ ਹੈ। ਥੋੜੇ ਦਿਨਾਂ ਬਾਦ ਤੁਮਾਰੇ ਪਾਸ ਆਵੇਗਾ। ਅਰ ਦੂਸਰੇ ਘਰ ਜਾਕੇ ਏ ਸਨੇਹਾ ਦੇਨਾ ਕਿ ਤੁਮਾਰਾ ਪੁੱਤਰ ਮਰ ਗਯਾ ਹੈ। ਸਨੇਹਾ ਦੇਨੇ ਵਾਲਾ ਪੁਰਸ਼ ਬੰਚਕ ਥਾ। ਵਿਪਰੀਤ ਉਸਨੇ ਸਨੇਹਾ ਦੇ ਦੀਆ ਜਿਸ ਕਾ ਪੁੱਤਰ ਜੀਤਾ ਥਾ ਉਸਕੋ ਏ ਕਹਿ ਦੀਆ ਤੇਰਾ ਪੁੱਤਰ ਮਰ ਗਯਾ ਹੈ। ਅਰ ਜਿਸਕਾ ਪੁੱਤਰ ਮਰ ਗਯਾ ਥਾ ਉਸਕੋ ਕਹਿ ਦੀਆ ਤੇਰਾ ਪੁੱਤਰ ਰਾਜ ਮਾਲ ਧਨ ਸਹਿਤ ਕੋਈ ਦਿਨ ਨੂੰ ਆਵੇਗਾ। ਉਸਕਾ ਪੁੱਤਰ ਮਰਾ ਹੂਆ ਥਾ ਯੇ ਉਸਕੋ ਮਧਰ ਤੌ ਲਗਾ ਪਰ ਝੂਠਾ ਹੈ। ਹੋਵੈ ਝੂਠ ਅਰ ਲਗੇ ਪਿਆਰਾ ਐਸਾ ਵਚਨ ਭੀ ਨਹੀਂ ਕਹਿਨਾ ਚਾਹੀਏ। ਏ ਸੰਤਾਂ ਕਾ ਸਨਾਤਨ ਧਰਮ ਹੈ। ਪੂਰਬ ਕਥਨ ਅਨੁਸਾਰ ਸੰਤ ਸਦਾ ਚਲਤੇ ਹੈਂ। ਇਸ ਧਰਮ ਸੇ ਵਿਪਰੀਤ ਸੰਤ ਕਬੀ ਨਹੀਂ ਚਲੇਂਗੇ ਇਸੀ ਧਰਮ ਅਨੁਸਾਰ ਸਰਬ ਪੁਰਸ਼ਾਂ ਕੋ ਚਲਨਾ ਯੋਗ ਹੈ। ਇਸ ਧਰਮ ਸੇ ਵਿਰੁੱਧ ਕਿਸੀ ਕੋ ਚਲਨਾ ਯੋਗ ਨਹੀਂ ਹੈ॥੧੨॥ਅਬ ਸਪਤਮ ਧਿਆਇ ਸਮਾਪਤ ਹੂਆ ਹੈ। ਅਬ ਆਗੇ ਛੰਦੋਂ ਕੀ ਗਿਨਤੀ ਕਹੇ ਹੈ।

**ਦੋਹਿਰਾ॥ਦੋ ਸਤਿ ਚੌ ਇਕ ਤੋਟਕ ਉਭੈ ਸਵੈਯੇ ਜਾਨ। ਬ੍ਰਿਤਿ ਇਕਾਦਸ ਬ੍ਰਿਤ ਕੀ ਮੈਲ ਨਿਬ੍ਰਤਿ ਨਿਦਾਨ॥੧੩॥**

ਟੀਕਾ॥ਸਤ ਦੋਹਿਰੇ ਹੈ ਇਕ ਚੌਪਈ ਹੈ ਏਕ ਤੋਟਕ ਹੈ ਦੋ ਸਵੈਯੇ ਹੈ॥੧॥ਬਿਰਤ ਨਾਮ ਛੰਦ ਇਕਾਦਸ ਨਾਮ ਯਾਰਾਂ ੧੧ ਹੈ। ਬਿਰਤ ਕੀ ਨਾਮ ਬੁਧੀ ਕੀ ਮੈਲ ਕੋ ਨਿਬਰਤ ਨਾਮ ਹਟਾਵਨ ਕਾ ਨਿਦਾਨ ਨਾਮ



Scanned by CamScanner

ਕਾਰਨ ਹੈ। ਭਾਵ-ਇਨ੍ਹਾਂ ਛੰਦਾਂ ਕੇ ਰਹਿਜਸ ਕੋ ਜੋ ਧਾਰਨ ਕਰੇ ਉਸ ਪੁਰਸ਼ ਕੇ ਬੁਧੀ ਕੇ ਪਾਪ ਸਭ ਨਸਟ ਹੋ ਜਾਇੰਗੇ॥ਸੰਕਾ॥ਚੌਪਈਆਂ ਇਸ ਮੇ ਦੋ ਹੈਂ। ਏਕ ਹੈ ਐਸੇ ਤੁਮ ਕਿਉਂ ਕਹਿਤੇ ਹੋ॥ਸਮਾਧਾਨ॥ਇਨਕਾ ਆਸਾ ਏਕ ਹੋਨੇ ਸੇ ਇਕ ਕਹਿ ਦੀਆ ਹੈ। ਦੋ ਨਹੀਂ ਹੈ।

**ਇਤਿ ਸ੍ਰੀ ਸਾਰੁਕਤਾਵਲੀ ਤਾਸ ਸਪਤਮੋ ਧਿਆਇ। ਤਾ ਮੈ ਵਾਕ ਨਿਰੂਪਿਯੋ ਕਵਿ ਹਰਿ ਦਿਆਲ ਸੁਭਾਇ॥**

ਟੀਕਾ॥ਅਰਥ ਸਪੱਸ਼ਟ ਹੈ।

**ਦੋਹਿਰਾ। ਵਾਕ ਨਿਰੂਪਨ ਹਮ ਕਰੇ ਸਪਤਮ ਧਿਆਇ ਮਝਾਰ। ਇਨਕੋ ਧਾਰੋ ਹੇ ਨਰੋ ਜੁਵਾਲਾ ਦਾਸ ਪੁਕਾਰ।**

ਇਤ ਸ੍ਰੀ ਸਾਰੁਕੁਤਾਵਲੀ ਤਤ੍ਵ ਬੋਧਨੀ ਟੀਕਾ ਕ੍ਰਿਤ ਪਰਮ ਹੰਸ ਸੰਤ -ਜੁਵਾਲਾ ਦਾਸ਼ ਉਦਾਸੀਨ ਵਾਕ ਨਿਰੂਪਣੋ ਸਪਤਮੋ ਧਿਆਇ॥੭॥

-o-



ੴ ਸਤਿਗੁਰ ਪ੍ਰਸਾਦਿ॥

# ਅਥ ਅਸਟਮ ਧਿਆਇ ਪ੍ਰਾਰੰਭ

ਸੰਕਾ॥ਪ੍ਰਾਰਬਧ ਮੁਖ ਹੈ। ਵਾ ਉੱਦਮ ਮੁਖ ਹੈ।

ਸਮਾਧਾਨ॥ਵਿਵਹਾਰ ਮੇਂ ਉੱਦਮ ਮੁਖ ਹੈ।

**ਦੋਹਿਰਾ॥ਉਦਮ ਵਰਨੇ ਅਸਟਮੇਂ ਦ੍ਵਾਦਸ ਛੰਦ ਸਰੋਜ। ਜਾਕੈ ਮਨ ਅਲਿਲੇਤ ਰਸ ਤਾਂਕੇ ਸਿਧ ਮਨੋਜ॥੧॥**

ਟੀਕਾ॥ ਅਸਟਮੇਂ ਧਿਆਇ ਮੇਂ ਕਵਿ ਹਰਿ ਦਿਆਲ ਜੀ ਅਬ ਉਦਮ ਕੀ ਮਹਿਮਾ ਵਰਨਨ ਕਰੇਂਗੇ। ਬਾਰਾਂ ੧੨ ਇਸ ਕੇ ਛੰਦ ਕੈਸੇ ਹੈਂ। ਸਰੋਜ ਨਾਮ ਕਮਲ ਸਮਾਨ ਯੇ ਖਿੜੇ ਹੂਏ ਹੈਂ। ਅਰ ਜਿਸ ਪੁਰਸ਼ ਕਾ ਮਨ ਰੂਪੀ ਅਲਿ ਨਾਮ ਭੌਰਾ ਇਨ੍ਹਾਂ ਛੰਦਾਂ ਰੂਪੀ ਕਮਲੋਂ ਕਾ ਅਰਥ ਰੂਪੀ ਰਸ ਜੋ ਲੇਤਾ ਹੈ ਤਿਸ ਪੁਰਸ਼ ਕੇ ਮਨ ਮਨੋਰਥ ਸਭ ਸਿਧ ਹੋ ਜਾਵੇ ਹੈ। ਇਸ ਮੇਂ ਸੰਸਾ ਨਹੀਂ ਹੈ॥ਮੂਲ॥

**ਦੋਹਿਰਾ॥ਉਦਮ ਕਰਕੈ ਸ੍ਰੀ ਮਿਲੈ ਕੀਰਤਿ ਤਿਆਗੈ ਹੋਤ। ਬੁਧ ਕਰਮ ਅਨੁਸਾਰ ਹੈ ਵਿਦਿਯਾਭਿਆਸ ਉਦੋਤ॥੧॥**

ਟੀਕਾ। ਉੱਦਮ ਨਾਮ ਸੰਸਾਰ ਮੇਂ ਪੁਰਸ਼ਾਰਥ ਕਰਨੇ ਸੇ ਸ੍ਰੀ ਨਾਮ ਲਖਮੀ ਪ੍ਰਾਪਤ ਹੋਵੇ ਹੈ। ਭਾਵ-ਜਬ ਤਕ ਕਿਸੀ ਕੀ ਨੌਕਰੀ ਨਾ ਕਰੇ ਤਬ ਤਕ ਕੌਨ ਕਿਸੀ ਕੋ ਧਨ ਦੇਤਾ ਹੈਂ। ਉਦਮ ਕਰਨੇ ਸੇ ਧਨ ਮਿਲਤਾ ਹੈ। ਇਸ ਮੇਂ ਪ੍ਰਮਾਨ-

**ਦੋਹਿਰਾ॥ਵਿਦਿਆ ਧਨ ਉਦਮ ਬਿਨਾ ਕਹੋ ਜੋ ਪਾਵੈ**



Scanned by CamScanner

**ਕੌਨ। ਬਿਨਾ ਡੁਲਾਏ ਨਾ ਮਿਲੇ ਜਿਉ ਪਖੇ ਮੈ ਪਉਨ।੧। ਹਲਨ ਚਲਨ ਕੀ ਸਕਤ ਹੈ ਤੌ ਲੌ ਉਦਮ ਠਾਨ। ਅਜਗਰ ਜਿਉ ਮ੍ਰਿਗ ਪਤਿ ਬਦਨ ਮ੍ਰਿਗ ਨਾ ਪਰਤ ਹੈ ਆਨ।੨। ਜੋ ਉਦਮ ਸੋ ਰਹਿਤ ਹੈ ਜੀਵਤ ਮ੍ਰਿਤਕ ਸਮਾਨ। ਸੁਖ ਕੀ ਬਾਛਾ ਜੋ ਤਜੈ ਕਰੇ ਵੋ ਅੰਮ੍ਰਿਤ ਪਾਨ।੩।**

ਸੰਕਾ। ਜਿਸ ਕੈਸੇ ਮਿਲੇ ਹੈ॥ ਸਮਾਧਾਨ॥ ਇਸ ਲਖਮੀ ਕੇ ਤਿਆਗਨੇ ਸੇ ਸੰਸਾਰ ਮੇਂ ਜ ਮਿਲੇ ਹੈ। ਸੰਗ੍ਰਹਿ ਕਰਨੇ ਤੇ ਜੋ ਨਹੀਂ ਮਿਲਤਾ।੧। ਬੁਧੀ ਕਰਮੋਂ ਕੇ ਅਨੁਸਾਰ ਪ੍ਰਾਪਤ ਹੋਵੇ ਹੈ। ਜੈਸੇ ਜੈਸੇ ਕਰਮ ਕਰੇ ਵੈਸੇ ਬੁਧੀ ਪ੍ਰਾਪਤ ਹੋਵੇ ਹੈ। ਮਲਿਨ ਅੰਨ ਕਰ ਮਲਨ ਮਨ ਸੁਧ ਅੰਨ ਕਰ ਸੁਧ ਏ ਭਰਥਰੀ ਪ੍ਰਮਾਨ ਹੈ। ਵਿਦਿਆ ਪੁਨਾ ਪੁਨਾ ਅਭਿਆਸ ਕਰਨੇ ਸੇ ਵਿਦਿਆ ਪ੍ਰਾਪਤ ਹੋਵੇ ਹੈ। ਜਿਤਨਾ ਸਿਰ ਖਪਾਵੇ ਉਤਨੀ ਵਿਦਿਆ ਆਤੀ ਹੈ। ਲਵੰਤ ਵਿਦਿਆ ਭਵੰਤ ਭਿਖਿਆ॥ ਭਾਵ-ਜਿਤਨਾ ਜਿਤਨਾ ਉਦਮ ਕਰੇ ਉਤਨਾ ਉਤਨਾ ਵਹੁ ਵਸਤੂ ਪ੍ਰਾਪਤ ਹੋਵੇਗੀ।੧। ਸੰਕਾ। ਸੇਵਨ ਕਰਨੇ ਤੇ ਕੌਨ ਚੀਜ਼ ਵਧੇ ਹੈ॥ ਸਮਾਧਾਨ॥ ਮੂਲ॥

**ਦੋਹਿਰਾ॥ ਉਦਮ ਕੰਡੂ ਕਲੈ ਮਦ ਜੂਆ ਪ੍ਰੀਤ ਅਹਾਰ। ਭੋਗ ਨੀਦ ਨਵ ਸੇਵਤੇ ਵਧੈ ਪਰਲੈ ਜਿਉ ਵਾਰ॥੨॥**

ਟੀਕਾ॥ ਉਦਮ ਜਿਤਨਾ ਵਧਾਓ ਉਤਨਾ ਹੀ ਵਧ ਜਾਇਗਾ।੧। ਕੰਡੂ ਕਹੀਏ ਜੋ ਖੁਰਕ ਹੈ ਸਰੀਰ ਮੇਂ ਖੁਜਲੀ ਪੜ ਜਾਤੀ ਹੈ। ਜਿਉਂ ਜਿਉਂ ਖੁਰਕੋ ਤਿਉਂ ਤਿਉਂ ਉਸਕਾ ਵਡਾ ਸ੍ਵਾਦ ਆਤਾ ਹੈ। ਫੇਰ ਖੁਰਕ ਵਧਦੀ ਜਾਤੀ ਹੈ। ਜੈਸੇ ਸਰੀਰ ਕੇ ਏਕ ਜਗ੍ਹਾ ਧਧਰੀ ਉਪਜੇ ਹੈ। ਖੁਰਕ ਮਿਠੀ ਲਗ ਕੇ ਜਦੋਂ ਖੁਰਕਦਾ ਹੈ ਫੇਰ ਸਾਰੇ ਸਰੀਰ ਕੋ ਰੋਕ ਲੇਤੀ ਹੈ। ਅਰ ਔਰ ਸੁਨੋਂ। ਬੇੜੀ ਕੇ ਚੜ੍ਹਨ ਸਮੇਂ ਕਿਸੇ ਗੰਜੇ ਪੁਰਸ਼ ਕੋ ਕਹਾ ਜੇ ਤੂੰ ਪਾਰ ਜਾਤੇ ਤਕ ਨਾ ਖੁਰਕੇਂ ਤਾਂ ਮੈ ਤੈਨੂੰ ਪਚਾਸ ਰੁਪਏ ਦੀ ਭੈਂਸ ਦੇਵਾਂਗਾ। ਗੰਜੇ ਨੇ



ਕਹਾ ਹਛਾ। ਜਦ ਅਧ ਵਿਚ ਬੇੜੀ ਗਈ। ਜਲ ਵਿਚ ਧੁਪ ਲਗੀ ਤਬ ਗੰਜੇ ਸੇ ਰਹਾ ਨਾ ਗਯਾ ਦੋਨੋਂ ਹਾਥ ਸੇ ਗੰਜਾ ਲਗਾ ਖੁਰਕਨੇ, ਵਹੁ ਕਹਨੇ ਲਗਾ ਯੇ ਕਿਆ ਕਰਨੇ ਲਗ ਪੜਾ ਹੈਂ। ਅਬ ਮੈਂ ਤੈਨੂੰ ਭੈਂਸ ਨਹੀ ਦੇਵਾਂਗਾ। ਗੰਜਾ ਕਹਣੇ ਲਗਾ ਇਸ ਇਕ ਇਕ ਘਸੇ ਤੋਂ ਭੈਂਸ ਕੁਰਬਾਨ ਕੀਤੀ। ਤੂੰ ਕਿਆ ਜਾਨਤਾ ਹੈਂ।੨।

ਅਰ ਕਲੇ ਜੋ ਲੜਾਈ ਹੈ। ਇਸ ਕੋ ਜਿਤਨਾ ਵਧਾਓ ਉਤਨੀ ਵਧਦੀ ਜਾਂਦੀ ਹੈ। ਲਸੀ ਵਧਦਿਆਂ ਤੇ ਲੜਾਈ ਵਧਦਿਆਂ ਡੇਰ ਕੁਛ ਨਹੀ ਲਗਦੀ। ਇਸ ਮੇਂ ਪ੍ਰਮਾਨ। ਏਕ ਨਾਰ ਕਰਤਾਰ ਉਪਾਈ ਮੂਰਖ ਕੇ ਘਰ ਜੰਮੀ। ਇਕੈਰੀ ਕਰੀਏ ਤਾਂ ਛੋਟੀ ਹੋਵੇ ਦੋਹਰੀ ਕਰੀਏ ਤਾਂ ਲੰਮੀ।੩। ਮਦ ਨਾਮ ਜੋ ਸ਼ਰਾਬ ਕਾ ਪੀਨਾ ਜਿਤਨਾ ਵਧਾਓ ਉਤਨਾ ਵਧਦਾ ਜਾਂਦਾ ਹੈ। ਇਸ ਸ਼ਰਾਬ ਕੋ ਪੀ ਕਰ ਲੋਕ ਵਡੇ ਦੁਖ ਭੀ ਪਾਤੇ ਹੈਂ। ਕਲਾਲਖਾਨੇ ਜਾਕਰ ਫੇਰ ਦੂਸਰੇ ਦਿਨ ਯੇ ਕਹਿਤੇ ਹੈਂ-ਆਜ ਹਮ ਕੋ ਕਲ ਸੇ ਭੀ ਤੇਜ ਦਿਓ ਇਸ ਮਦ ਕੇ ਪੀਨੇ ਕਰ ਜਾਦਵ ਪ੍ਰਭਾਸ ਮੇਂ ਜਾ ਕੇ ਲੜ ਕੇ ਮਰ ਗਏ। ਜਿਨਕੇ ਪਾਧੇ ਪੜ੍ਹਾਨੇ ਵਾਲੇ ਤੀਨ ਕ੍ਰੋੜ ਥੇ।੪। ਜੂਆ ਜਿਉਂ ਜਿਉਂ ਖੇਲੋ ਤਿਉਂ ਤਿਉਂ ਵਧਦਾ ਹੈ। ਇਸ ਮੇਂ ਦ੍ਰਿਸਟਾਂਤ। ਕੋਈ ਜੂਆਰੀਆ ਜੂਆ ਖੇਲ ਰਹਾ ਥਾ। ਅਰ ਉਸਕੇ ਘਰ ਮੇਂ ਮਾਈ ਬਿਮਾਰ ਹੋ ਗਈ ਹੈ। ਕਿਸੀ ਨੇ ਆਨ ਕੇ ਕਹਾ ਤੁਮਾਰੀ ਮਾਈ ਬਹੁਤ ਲਾਚਾਰ ਹੋ ਗਈ ਹੈਂ ਤੂੰ ਸ਼ੀਘਰ ਪਹੁੰਚ। ਉਸਨੇ ਕਹਾ ਹਛਾ ਮੈ ਜਾਤਾ ਹੂੰ। ਉਸ ਜੂਏ ਕੇ ਚਸਕੇ ਮੇਂ ਨਾ ਉਠ ਸਕਿਆ। ਖੇਲਤਾ ਰਹਾ ਥੋੜੀ ਦੇਰ ਬਾਦ ਕਿਸੀ ਨੇ ਆਨ ਕੇ ਕਹਾ ਅਬ ਤੁਮਾਰੀ ਮਾਈ ਮਰ ਗਈ ਹੈ। ਅਬ ਤੌ ਪਹੁੰਚ, ਜੂਆਰੀਆ ਕਹਿਨੇ ਲਗਾ ਹਛਾ ਇਸੀ ਰਸਤੇ ਚੁਕ ਕੇ ਜਦੋਂ ਲਿਆਵੋਗੇ ਮੈਂ ਈਹਾਂ ਸੇ ਹੀ ਰਲ ਜਾਊਂਗਾ। ਜੂਏ ਕਾ ਐਸਾ ਚਸਕਾ ਪੜਾ ਹੂਆ ਥਾ। ਦੇਖੋ ਮਾਈ ਕੀ ਕੁਛ ਪਰਵਾਹ ਨ ਕਰੀ। ਦੇਖੋ ਇਸ ਜੂਏ ਕੇ ਖੇਲਨੇ ਸੇ ਪਾਂਡਵੋਂ ਕੀ ਤਥਾ ਨਲ ਰਾਜਾ ਕੀ ਕਿਆ ਦਸਾ ਹੂਈ ਹੈ।੫। ਅਰ ਪਰੀਤੀ ਭੀ ਜਿਤਨੀ ਵਧਾਈ ਜਾਓ ਉਤਨੀ ਵਧਦੀ ਜਾਤੀ ਹੈ। ਲੇਲਾ ਮਜਨੂੰ ਹੀਰ ਰਾਂਝਾ ਕੀ



Scanned by CamScanner

ਦੇਖੋ ਕੈਸੀ ਪਰੀਤੀ ਵਧਦੀ ਗਈ ਹੈ।੬। ਅਹਾਰ ਨਾਮ ਭੋਜਨ ਭੀ ਜਿਤਨਾ ਵਧਾਓ ਦਿਨ ਬਦਿਨ ਭੁਖ ਵਧਦੀ ਜਾਂਦੀ ਹੈ। ਜੈਸੇ ਭੀਮਸੈਨ ਕੀ ਭੂਖ ਥੀ ਇਸ ਕਰਕੇ ਬ੍ਰਿਕੋਦਰ ਨਾਮ ਪੜਾ ਹੂਆ ਥਾ। ੭। ਭੋਗ ਨਾਮ ਮੈਥਨ ਭੀ ਸੇਵਨ ਕਰਨੇ ਤੇ ਬਹੁਤ ਵਧੇ ਹੈਂ। ਨਾ ਕਰੋ ਤੌ ਨਾ ਕਰੋ ਜਬ ਕਰਨੇ ਲਗ ਜਾਓ ਤਬ ਫੇਰ ਬਸ ਕਰਨੇ ਕੋ ਚਿਤ ਚਾਹੇ ਨਹੀਂ। ਜੈਸੇ ਭੋਗ ਸੇ ਰਾਵਨ ਤ੍ਰਿਪਤ ਨਹੀਂ ਹੋਤਾ ਥਾ। ਦੇਖੋ ਨੀਚ ਨੇ ਕਿਆ ਕੁਕਰਮ ਕਰਾ ਸੀਤਾ ਚੁਰਾਇ ਲੇ ਆਇਆ।੮। ਨਿੰਦ੍ਰਾ ਭੀ ਜਿਤਨੀ ਵਧਾਓ ਉਤਨੀ ਵਧਦੀ ਜਾਂਦੀ ਹੈ। ਨਿੰਦ੍ਰਾ ਜੈਸੇ ਕੁੰਭਕਰਨ ਕੀ ਹੂਈ ਹੈ।੯। ਇਨਾਂ ਨਵਾਂ ਕੇ ਸੇਵਨੇਂ ਕਰ ਯੇ ਨੌਂ ਐਸੇ ਵਧਦੇ ਹੈਂ। ਜੈਸੇ ਪਰਲੇ ਕਾਲ ਮੇਂ ਸ਼ੀਘਰ ਹੀ ਵਰਲਾਮ ਜਾਵੇ ਵਧ ਜਾਵੇ ਹੈ ਜੈਸੇ ਪ੍ਰਲੈ ਕਾਲ ਮੇਂ ਮੇਘ ਮੋਹਲੇਧਾਰ ਵਰਖਾ ਕਰਕੇ ਧਰਤੀ ਕਾ ਲੈ ਕਰ ਦੇਵੇ ਹੈ। ਤੈਸੇ ਹੀ ਨੌਂ ਕਾ ਸੇਵਨ ਕਰਨ ਵਾਲੇ ਕਾ ਨਾਸ ਕਰ ਬੁਧੀ ਰੂਪੀ ਜ਼ਮੀਨ ਨਾਸ ਕੋ ਪ੍ਰਾਪਤ ਹੋ ਜਾਤੀ ਹੈ। ਭਾਵ-ਜਹਾਂ ਤਕ ਹੋ ਇਨ੍ਹਾਂ ਨਵਾਂ ਕੋ ਕਮਤੀ ਕਰੋ ਇਤਨਾਂ ਵਧਾਵਨਾ ਹਛਾ ਨਹੀਂ। ਭਲੇ ਪਾਸੇ ਕਾ ਉੱਦਮ ਕਮ ਨਹੀਂ ਕਰਨਾ ਬੁਰੇ ਪਾਸੇ ਕਾ ਉਦਮ ਕਮ ਕਰਨਾ ਯੋਗ ਹੈ।੯। ਸੰਕਾ ॥ ਇਸ ਜੀਵ ਕਾ ਉੱਦਮ ਤੌ ਮਿਤ੍ਰ ਹੋਗਾ ਅਰ ਆਲਸ ਸ਼ਤਰੂ ਹੋਗਾ ॥ ਸਮਾਧਾਨ ॥ ਮੂਲ ॥

**ਦੋਹਿਰਾ ॥ ਉਦਮ ਉਤਮ ਮਿਤ੍ਰ ਵਤਿ ਭਯੋ ਸੁ ਸਤ੍ਰੂ ਸਮਾਨ ॥ ਆਲਸ ਸਤਰੂ ਮਿਤਰ ਜਿਉਂ ਉਭੈ ਵਿਪਰਜੈ ਗਿਯਾਨ ॥੩ ॥**

ਟੀਕਾ ॥ ਇਸ ਬਾਤ ਕਾ ਯੇ ਨੇਮ ਨਹੀਂ ਹੈ। ਕਾਹਿਤੇ ਦੇਖੋ ਯੇ ਉੱਦਮ ਇਸ ਜੀਵ ਕਾ ਉਤਮ ਮਿਤ੍ਰ ਕੇ ਸਮਾਨ ਹੈ। ਪਰ ਕਿਸੀ ਜਗ੍ਹਾ ਏਹੀ ਉੱਦਮ ਇਸ ਜੀਵ ਕਾ ਸ਼ਤਰੂ ਕੇ ਸਮਾਨ ਹੋ ਜਾਵੇ ਹੈ। ਯੇ ਆਲਸ ਇਸ ਜੀਵ ਕਾ ਸ਼ਤਰੂ ਸਮਾਨ ਹੈ। ਪਰ ਕਿਸੀ ਜਗ੍ਹਾ ਏਹੀ ਆਲਸ ਇਸ ਜੀਵ ਕਾ ਜਿਵੇਂ ਮਿਤ੍ਰ ਸਮਾਨ ਹੋ ਜਾਵੇ ਹੈ ਜੋ ਆਲਸ ਹੈ ਸੋ ਇਸ ਜੀਵ ਕਾ



ਸ਼ਤਰੂ ਹੈ। ਸੋ ਕਿਸੀ ਜਗ੍ਹਾ ਏ ਆਲਸ ਇਸ ਜੀਵ ਕਾ ਮਿਤਰ ਵਤ ਹੋ ਜਾਵੇ ਹੈ। ਸੋ ਇਨ ਦੋਨੋਂ ਕਾ ਉਲਟਾ ਗਿਆਨ ਹੈ। ਕਾਹਿਤੇ। ਜੋ ਮਿਤ੍ਰ ਹੈ ਸੋ ਸ਼ਤ੍ਰੂ ਹੋ ਜਾਤਾ ਹੈ। ਜੋ ਸ਼ਤ੍ਰੂ ਹੈ ਸੋ ਮਿਤਰ ਹੋ ਜਾਤਾ ਹੈ। ਸੋ ਅਬ ਯੇ ਘਟਾਇ ਕਰ ਦਿਖਾਤੇ ਹੈਂ। ਕਿਸੀ ਪੁਰਸ਼ ਨੇ ਕਿਸੀ ਪੁਰਸ਼ ਕੋ ਆਨਕੇ ਕਹਾ ਚਲੋ ਚੋਰੀ ਕਰਨੇ, ਉਸਕਾ ਕਹਿਨਾ ਮਾਨ ਕੇ ਸੋ ਉੱਦਮ ਕਰ ਚੋਰੀ ਕਰਨੇ ਚਲਾ ਗਯਾ। ਜਾਕੇ ਜਬ ਸੰਨ ਲਗਾਈ ਤਬ ਘਰ ਵਾਲਿਆਂ ਨੇ ਪਕੜ ਲੀਆ। ਰਾਜਾ ਕੇ ਪਾਸ ਲੇ ਗਏ ਹਥਾਂ ਕੋ ਹਥੌੜੀਆਂ ਪੈਰਾਂ ਮੇਂ ਬੇੜੀਆਂ ਪਾ ਕੇ ਕੈਦ ਕਰ ਦੀਆ। ਕੈਦ ਮੇਂ ਵਡਾ ਦੁਖੀ ਹੂਆ। ਦੇਖੋ ਉਦਮ ਇਸਕਾ ਮਿਤਰ ਥਾ ਪਰ ਇਸ ਜਗ੍ਹਾ ਉੱਦਮ ਇਸਕੋ ਸ਼ਤ੍ਰੂ ਸਮਾਨ ਹੋ ਗਯਾ। ਜੇ ਉਸ ਸਮੇਂ ਉੱਦਮ ਚੋਰੀ ਕਾ ਨਾ ਕਰਤਾ ਤੇ ਫੇਰ ਕੈਦ ਮੇਂ ਦੁਖ ਨ ਪਾਤਾ। ਜਬ ਵਹੁ ਕੈਦ ਸੇ ਛੂਟ ਆਇਆ। ਏਕ ਦਿਨ ਚੋਰ ਫੇਰ ਆਇ ਕਰ ਕਹਿਨੇ ਲਗੇ ਚਲੋ ਚੋਰੀ ਕਰਨੇ। ਉਸ ਦਿਨ ਉਸਨੇ ਕਹਾ ਅਬ ਮੈਂ ਚੋਰੀ ਕਰਨੇ ਨ ਜਾਊਂਗਾ। ਨਾ ਜਾਨਾ ਉਸਕਾ ਆਲਸ ਸਿਧ ਹੂਆ। ਦੇਖੋ ਆਲਸ ਇਸਕਾ ਸ਼ਤ੍ਰੂ ਥਾ। ਪਰ ਇਸ ਜਗ੍ਹਾ ਆਲਸ ਇਸਕਾ ਮਿਤਰ ਬਨ ਗਯਾ ਨ ਗਯਾ ਨਾ ਕੈਦ ਹੂਆ। ਭਾਵ ਮੈ ਇਹ ਹੈ। ਭਲੇ ਪਾਸੇ ਕਾ ਉਦਮ ਊਤਮ ਮਿਤਰ ਸਮਾਨ ਹੈ। ਪਰ ਵੋਹੀ ਉੱਦਮ ਬੁਰੇ ਪਾਸੇ ਦਾ ਕਰੇਗਾ। ਫੇਰ ਏਹੀ ਸ਼ਤ੍ਰੂ ਸਮਾਨ ਹੋ ਜਾਇਗਾ। ਜੋ ਭਲੇ ਕਰਮ ਕੀ ਤਰਫੋਂ ਆਲਸ ਕਰੇਗਾ ਸੋ ਆਲਸ ਇਸਕਾ ਸਤ੍ਰੂ ਸਮਾਨ ਹੈ। ਜੋ ਬੁਰੇ ਕਰਮੋਂ ਦਾ ਆਲਸ ਕਰੇਗਾ। ਸੋ ਆਲਸ ਇਸਕਾ ਮਿਤਰ ਹੈ। ਸੋ ਇਸ ਪਰ ਏਕ ਗਾਥਾ ਹੈ। ਸ੍ਰੀ ਗੁਰੂ ਕਲਗੀਧਰ ਜੀ ਕੇ ਪਹਿਰੇਦਾਰ ਦਸ ਸਿਖ ਥੇ, ਮਾਲਵੇ ਮੇਂ ਡਲੇ ਸਿਖ ਨੇ ਸ਼ਰਧਾ ਸੇ ਟਿਕਾਏ ਥੇ। ਰਾਤ ਕੋ ਪਹਿਰਾ ਦੀਆ ਕਰਤੇ ਥੇ। ਰਾਤ ਕੋ ਜਬ ਸਿਰੀ ਗੁਰੂ ਜੀ ਟਿਕ ਗਏ ਸ਼ਹਿਰ ਮੇਂ ਤਮਾਸ਼ਾ ਹੋ ਰਹਾ ਥਾ। ਉਨ੍ਹਾਂ ਦਸਾਂ ਸਿਖਾਂ ਵਿਚੋਂ ਪਾਂਚ ਸਿਖ ਤਮਾਸ਼ਾ ਦੇਖਨ ਚਲੇ ਗਏ। ਪਾਂਚ ਨ ਗਏ। ਪਰ ਚਿਤ ਇਨਕਾ ਅਫਸੋਸ ਮੇਂ ਰਹਾ ਅਸੀਂ ਕਿਉਂ ਨ ਗਏ ਚਿਤ ਸੇ ਉਦਾਸ ਰਹੇ। ਜੋ ਗਏ ਸਨ ਉਨਕੋ ਖੌਫ ਰਹਾ। ਜਬ ਗੁਰੂ ਜੀ ਸੁਨੇਂਗੇ



Scanned by CamScanner

ਤਬ ਹਮ ਕੋ ਸਰਾਪ ਦੇਵੇਂਗੇ ਉਨਕਾ ਚਿਤ ਤਮਾਸ਼ੇ ਸੇ ਉਦਾਸੀਨ ਰਹਾ। ਤੁਰਤ ਹੀ ਚਲੇ ਆਏ। ਸਵੇਰ ਕੋ ਗੁਰੂ ਜੀ ਨੇ ਪੂਛਾ ਸਭ ਹਾਲ ਮਾਲੂਮ ਕਰ ਜੋ ਗਏ ਥੇ ਉਨ ਕੋ ਸਰਾਪ ਜੋ ਨਹੀਂ ਗਏ ਥੇ ਉਨ ਕੋ ਵਰ ਦੀਆ। ਦੇਖੋ ਜੋ ਉਦਮ ਥਾ ਸੋ ਉਨਕਾ ਸ਼ਤ੍ਰੂ ਭਯਾ ਜੋ ਨਹੀ ਗਏ ਸਨ ਜੋ ਉਨਕਾ ਆਲਸ ਥਾ ਸੋ ਮਿਤਰ ਭਯਾ। ਐਸੇ ਹੀ ਇਨਕਾ ਵਿਪਰਜੈ ਗਿਆਨ ਹੈ॥ ਸੰਕਾ॥ ਉਦਮ ਕੈਸੇ ਕਰੇ॥ ਸਮਾਧਾਨ॥ ਮੂਲ॥

**ਦੋਹਿਰਾ॥ਵਿਦਿਆ ਸੇਵ ਵਪਾਰ ਕ੍ਰਿਖ ਇਨ ਕਰ ਜਿਹ ਬ੍ਰਿਤ ਹੋਇ। ਕ੍ਰਿਸਨ ਸਰਪ ਕੇ ਡੰਗ ਜਜੋਂ ਕਰਨ ਯੋਗ ਦ੍ਰਿੜ ਸੋਇ॥੪॥**

ਟੀਕਾ॥ਜਿਸ ਪੁਰਸ਼ ਕੀ ਉਪਜੀਵਕਾ ਵਿਦਿਆ ਚਲਤੀ ਹੋਵੇ। ਅਰ ਦੂਸਰੇ ਕੀ ਸੇਵਾ ਕਰਨੇ ਸੇ ਜਿਸ ਕੀ ਉਪਜੀਵਕਾ ਚਲਤੀ ਹੋਵੇ। ਵਣਜ ਵਿਹਾਰ ਸੇ ਜਿਸਕੀ ਉਪਜੀਵਕਾ ਚਲਤੀ ਹੋਵੇ। ਕ੍ਰਿਖ ਨਾਮ ਖੇਤੀ ਸੇ ਜਿਸਕੀ ਉਪਜੀਵਕਾ ਚਲਤੀ ਹੋਵੇ। ਇਨਾਂ ਚਾਰੋਂ ਸੇ ਜਿਸ ਜਿਸ ਕੀ ਬਰਿਤ ਨਾਮ ਉਪਜੀਵਕਾ ਹੋਵੇ। ਸੋ ਇਨ੍ਹਾਂ ਚਾਰੋਂ ਕੋ ਬੈਠਨਾ ਯੋਗ ਨਹੀਂ ਸੋ ਏ ਤਤ ਪਰ ਹੋਕਰ ਲਗੇ ਰਹੇਂ। ਤਬ ਇਨਕੇ ਕਾਰਜ ਸਿਧ ਹੋਇੰਗੇ। ਯੇ ਕਹੇਂ ਜੇ ਫੇਰ ਕਰਾਂਗੇ ਤਬ ਇਨਕਾ ਕਾਰਜ ਵਿਗੜ ਜਾਇਗਾ। ਯੇ ਸ਼ੀਘਰਤਾ ਐਸੀ ਕਰੇ। ਇਸ ਮੇਂ ਦ੍ਰਿਸ਼ਟਾਂਤ। ਜੈਸੇ ਕਾਲਾ ਨਾਗ ਜਿਸ ਪੁਰਸ਼ ਕੋ ਡੰਗ ਮਾਰ ਜਾਏ। ਜੇ ਵਹੁ ਕਹੇ ਭਲਕੇ ਇਸਕਾ ਉਪਾਵ ਕਰੇਂਗੇ ਤਬ ਵਹੁ ਮਰ ਜਾਇਗਾ। ਪਿਛੇ ਫੇਰ ਕਿਆ ਕਰੇਗਾ। ਇਸੀ ਵਾਸਤੇ ਉਸ ਪੁਰਸ਼ ਕੋ ਉਸੀ ਸਮੇਂ ਦ੍ਰਿੜ੍ਹ ਹੋ ਕਰ ਉਪਾਇ ਕਰਨੇ ਯੋਗ ਹੈ॥ਸੰਕਾ॥ ਵਹੁ ਕੌਨ ਉਪਾਇ ਹੈ॥ ਸਮਾਧਾਨ॥

**ਦੋਹਿਰਾ॥ ਮਨਸਿਲ ਕੁਚਲੇ ਹਿੰਗ ਬਚ ਅਜੈ ਪਾਲ ਹਰਤਾਲ। ਡੰਕ ਵਿਖੈ ਘਸ ਲਾਈਯੇ ਵਿਖ ਉਤਰਤ ਤਤਕਾਲ।**



ਇਨ ਕੋ ਜਲ ਸੇ ਪੀਸ ਕਰ ਜਹਾਂ ਲੜਾ ਹੋ ਤਹਾਂ ਲਗਾਵੇ ਵਿਖ ਸ਼ੀਘਰ ਉਤਰ ਜਾਇਗੀ। ਯੇ ਨੁਕਸਾ ਮਹਾਤਮੋਂ ਕਾ ਅਜ਼ਮਾਇਆ ਹੂਆ ਹੈ। ਭਾਵ-ਕਾਲਾ ਸਰਪ ਜਿਸ ਪੁਰਸ਼ ਕੋ ਲੜ ਜਾਇ। ਜੈਸੇ ਵਹੁ ਸੀਘਰ ਉਪਾਉ ਕਰਤਾ ਹੈ। ਤੈਸੇ ਇਨ ਚਾਰੋਂ ਕੋ ਉੱਦਮ ਕਰਨੇ ਯੋਗ ਹੈ। ਕਾਹਿਤੇ। ਬਾਲ ਅਵਸਥਾ ਮੇਂ ਵਿਦਿਆ ਪੜ੍ਹੀ ਜਾਤੀ ਹੈ। ਉਸ ਸਮੇਂ ਨ ਪੜਿਆ ਫੇਰ ਕਬ ਪੜ੍ਹੇਗਾ। ਕਈ ਉਸ ਅਵਸਥਾ ਕੇ ਘੁਸੇ ਹੂਏ ਫੇਰ ਸਾਰੀ ਉਮਰ ਪੜਤੇ ਰਹਿਤੇ ਹੈਂ ਪਰ ਵਿਦਜਾ ਆਤੀ ਨਹੀਂ। ਜੋ ਦੂਸਰੇ ਕੀ ਨੌਕਰੀ ਕਰਤਾ ਹੈ ਜਦੋਂ ਸ੍ਵਾਮੀ ਨੇ ਕੁਛ ਕਾਰਜ ਕਹਾ ਅਗੇ ਸੇ ਵਹੁ ਨਾਂਹ ਕਰ ਦੇਵੇ। ਫੇਰ ਵਹੁ ਨਰਾਜ਼ ਹੋ ਕੇ ਨੌਕਰੀ ਸੇ ਬੇਖਾਸ ਕਰ ਦੇਗਾ ਫੇਰ ਵਹੁ ਕਿਆ ਕਰੇਗਾ। ਐਸੇ ਹੀ ਵਪਾਰ ਮੇਂ ਆਲਸ ਕਰੇਗਾ ਤੌ ਘਾਟਾ ਪੜ ਜਾਇਗਾ। ਖੇਤੀ ਕੋ ਸਮੇਂ ਸਿਰ ਪਾਣੀ ਨਾ ਦੀਆ ਜਾਏ ਤੌ ਖੇਤੀ ਸੁਕ ਜਾਇਗੀ ਫੇਰ ਕਿਆ ਕਰੇਗਾ ਇਸ ਵਾਸਤੇ ਇਨ ਚਾਰੋਂ ਕੋ ਸਮੇਂ ਸਿਰ ਉੱਦਮ ਕਰਨਾ ਯੋਗ ਹੈ। ਡੇਰੀ ਨ ਕਰੇ॥ ੪॥ਸੰਕਾ॥ ਅਭਿਆਗਤ ਕੈਸੇ ਪ੍ਰਸੰਨ ਹੋਵੇ ਹੈ॥ ਸਮਾਧਾਨ॥ ਮੂਲ॥

**ਸੋਰਠਾ॥ਅਭਿਯਾਗਤ ਖੀਰਾਦਿ ਖੇਤੀ ਕਰ ਦਾਰਿਦ੍ਰ ਕੋ। ਅਬਲਾ ਕੋ ਦਰਬਾਦਿ ਤਥਾ ਸਾਸਤ੍ਰ ਕਰ ਸਭਾ ਜਿਤ॥੫॥**

ਟੀਕਾ॥ਅਭਿਆਗਤ ਜੋ ਸਾਧੂ ਬ੍ਰਾਹਮਣ ਹੈ। ਖੀਰ ਤੇ ਆਦ ਲੈਕਰ ਲਡੂ ਪੇੜਾ ਪੂੜੇ ਰਬੜੀ ਛਕਾਨੇ ਕਰ ਪ੍ਰਸੰਨ ਹੋਤੇ ਹੈਂ। ਸੰਕਾ॥ਦਰਿਦ੍ਰ ਕੈਸੇ ਦੂਰ ਹੋਵੈ॥ਸਮਾਧਾਨ॥ਸਮੇਂ ਸਿਰ ਖੇਤੀ ਹਛੀ ਲਗ ਜਾਇ ਤੌ ਦਰਿਦਰ ਦੂਰ ਹੋ ਜਾਵੇ ਹੈ। ਸੰਕਾ॥ ਇਸਤ੍ਰੀਆਂ ਕੈਸੇ ਪ੍ਰਸੰਨ ਹੋਵੇ ਹੈ॥ਸਮਾਧਾਨ॥ ਅਬਲਾ ਨਾਮ ਇਸਤ੍ਰੀਆਂ ਦਰਬ ਨਾਮ ਧਨ ਸੇ ਪ੍ਰਸੰਨ ਹੋਵੇ। ਇਨ ਕੋ ਭੂਖਨ ਬਸਤਰ ਜਿਤਨੇ ਹੋਣੇ ਉਤਨੇ ਹੀ ਥੋੜੇ ਹੈਂ। ਯੇ ਧਨ ਸੇ ਪ੍ਰਸੰਨ ਹੋਵੇ ਹੈ। ਸੰਕਾ॥ਸਭਾ ਕੈਸੇ ਜਿਤੀ ਜਾਇ॥ਸਮਾਧਾਨ॥ਜੈਸੇ ਇਸਤ੍ਰੀਆਂ ਧਨ ਸੇ ਪ੍ਰਸੰਨ ਹੋਤੀ ਹੈਂ। ਤੈਸੇ ਸ਼ਸਾਤ੍ਰੋਂ ਕੇ ਪੜ੍ਹਨੇ ਕਰ ਸਭ ਜਿਤੀ ਜਾਂਦੀ ਹੈ।



Scanned by CamScanner

ਜਬ ਤਕ ਸਭ ਸ਼ਾਸਤਰ ਮੇਂ ਕੁਸਲ ਨਾ ਹੋ। ਤਬ ਤਕ ਸਭਾ ਨਹੀਂ ਜਿਤੀ ਜਾਂਦੀ ।੫। ਸੰਕਾ॥ ਸੁਪਨੇ ਕਾ ਭੈ ਕੈਸੇ ਦੂਰ ਹੋਵੇ॥ਸਮਾਧਾਨ॥ਮੂਲ॥

**ਸੋਰਠਾ॥ਜਾਗ੍ਰਤ ਹਤ ਹ੍ਵੈ ਤ੍ਰਾਸ ਦੂਰ ਭਿਖ ਨਾਸੈ ਸਸੀ ਕਰ। ਕਲੈ ਮੌਨ ਕਰ ਨਾਸ ਤਥਾ ਜਾਪ ਕਰ ਪਾਪ ਹਤਿ॥੬॥**

ਟੀਕਾ॥ਸੁਪਨੇ ਕਾ ਤਰਾਸ ਜਾਗਨੇ ਤੇ ਦੂਰ ਹੋਵੇ ਹੈ। ਜਬ ਤਕ ਜਾਗੇ ਨਹੀਂ। ਤਬ ਤਕ ਭੈ ਦੂਰ ਨਹੀਂ ਹੋਤਾ। ਇਸ ਮੇਂ ਪ੍ਰਮਾਨ। ਜਿਉਂ ਸੁਪਨੇ ਸਿਰ ਕਾਟੇ ਕੋਈ। ਬਿਨ ਜਾਗੇ ਦੁਖ ਦੂਰ ਨਾ ਹੋਈ। ਸੰਕਾ। ਦੁਰਭਿਖ ਦੂਰ ਕੈਸੇ ਹੋਵੇ ਹੈ॥ਸਮਾਧਾਨ॥ਦੁਰਭਿਖ ਨਾਮ ਜੋ ਅੰਨ ਕਾ ਕਾਲ ਪੜਾ ਹੂਆ ਹੈ। ਸੋ ਸੋਸੀ ਨਾਮ ਖੇਤੀ ਕੇ ਹੋਣੇ ਸੇ ਸੋ ਨਸਟ ਹੋ ਜਾਵੇ ਹੈ। ਭਾਵ-ਫਸਲ ਜਹਾਂ ਤਹਾਂ ਹਛੇ ਲਗ ਜਾਵੇ। ਤਬ ਸੰਸਾਰ ਕਾ ਦੁਰਭਿਖ ਦੂਰ ਹੋ ਜਾਵੇਗਾ। ਸੰਕਾ॥ਲੜਾਈ ਕੈਸੇ ਦੂਰ ਹੋਵੇ ਹੈ॥ਸਮਾਧਾਨ॥ਮੌਨ ਕਰਨੇ ਕਰਕੇ ਕਲੈ ਨਾਮ ਲੜਾਈ ਦੂਰ ਹੋਵੇ ਜਾਵੇ ਹੈ। ਦੋ ਪੁਰਸ਼ ਆਪਸ ਮੇਂ ਲੜ ਰਹੇ ਹੈਂ। ਜਬ ਦੋਨੋਂ ਬੋਲਦੇ ਜਾਇੰਗੇ ਤਬ ਤੌ ਲੜਾਈ ਵਧਦੀ ਜਾਇਗੀ। ਜਬ ਏਕ ਚੁਪ ਕਰ ਜਾਇ ਤਬ ਲੜਾਈ ਆਪੇ ਹਟ ਜਾਤੀ ਹੈ। ਸੰਕਾ॥ਪਾਪ ਕੈਸੇ ਨਸ਼ਟ ਹੋਵੇ ਹੈ॥ਸਮਾਧਾਨ॥ਜਥਾ ਚੁਪ ਕਰਨੇ ਤੇ ਕਲੈ ਦੂਰ ਹੋ ਜਾਵੇ ਹੈ। ਤਥਾ ਪ੍ਰਮਾਤਮਾ ਕਾ ਜਾਪ ਕਰਨੇ ਸੇ ਸਭ ਪਾਪ ਨਸਟ ਹੋ ਜਾਤੇ ਹੈਂ। ਇਸ ਮੈ ਗੁਰੂ ਪ੍ਰਮਾਨ। ਨਾਰਾਇਣ ਕਹਿਤ ਜਮ ਭਾਗ ਪਲਾਇਣ॥ਸੰਕਾ॥ਹੋਇ ਹੈ ਸੋਇ ਜੋ ਰਾਮ ਰਚ ਰਾਖਾ। ਜੋ ਪਰਮੇਸ਼ਵਰ ਨੇ ਕਰਨਾ ਹੈ। ਸੋਈ ਹੋਣਾਂ ਹੈ। ਯਾਂਤੇ ਉਦਮ ਕਰਨਾ ਸਭ ਨਿਸਫਲ ਹੈ॥ਸਮਾਧਾਨ॥ਮੂਲ॥

**ਦੋਹਿਰਾ॥ਦੈਵ ਚਿਤਵਨੀ ਧਾਰ ਕਰ ਉਦਮ ਤਿਆਗੈ ਨਾਹਿ। ਬਿਨ ਉਦਮ ਕਹੁ ਕੌਨ ਕੋ ਮਿਲੈ ਤੇਲ ਤਿਲ ਮਾਹਿ॥੭॥**

ਟੀਕਾ॥ਪਰਮੇਸ਼ਵਰ ਕੀ ਇੱਛਾ ਮੁਖ ਰਖ ਕੇ ਯੇ ਹਿਰਦੈ ਮੈ ਧਾਰ ਕੇ



ਉੱਦਮ ਕਾ ਤਿਆਗ ਨਾ ਕਰੇ ਜੀਵ ਉੱਦਮ ਜ਼ਰੂਰ ਕਰੇ। ਜੋ ਪਰਮੇਸ਼ਵਰ ਕਰੇਗਾ ਸੋ ਹੋਇਗਾ ਇਸ ਭਰੋਸੇ ਪਰ ਮਤ ਬੈਠਾ ਰਹੇ। ਇਸ ਮੇਂ ਪ੍ਰਮਾਨ। ਕਿਸਕੰਧਾ ਸੇ ਸੈਨਾ ਕੋ ਸਾਥ ਲੇਕਰ ਜਬ ਸਮੁੰਦਰ ਦੇ ਕਿਨਾਰੇ ਪਰ ਸਿਰੀ ਰਾਮ ਜੀ ਗਏ। ਤੀਨ ਦਿਨ ਬੈਠੇ ਰਹੇ ਪਰ ਸਮੁੰਦਰ ਨੇ ਰਸਤਾ ਨਾ ਦੀਆ। ਫੇਰ ਵਜ਼ੀਰੋਂ ਸੇ ਸਲਾਹਿ ਪੂਛੀ ਅਬ ਹਮ ਕੋ ਕਿਆ ਕਰਨੇ ਜੋਗ ਹੈ ਆਪੋ ਆਪਣੀ ਰਾਇ ਸਭ ਵਜ਼ੀਰਾਂ ਨੇ ਦਈ। ਐਸੇ ਸੁਨਕੇ ਤਬ ਸ੍ਰੀ ਰਾਮ ਚੰਦਰ ਜੀ ਨੇ ਮੁਖ ਸੇ ਕਹਾ ਹਛਾ ਜੋ ਦੇਵ ਕਰੇਗਾ ਸੋ ਹੋਇਗਾ। ਐਸੀ ਬਾਤ ਸੁਨ ਕਰ ਲਛਮਣ ਜੀ ਕੋ ਵੱਡਾ ਭਾਰੀ ਕ੍ਰੋਧ ਹੂਆ ਅਰ ਕਹਿਨੇ ਲਗਾ ਦੇਵ ਨੇ ਕਿਆ ਕਰਨਾ ਹੈ ਆਪਣੇ ਉੱਦਮ ਸੇ ਹਮ ਅਬੀ ਇਸ ਸੇ ਰਸਤਾ ਲੇਤੇ ਹੈਂ-ਜੋ ਦੇਵ ਕਰੇਗਾ ਸੋ ਹੋਇਗਾ ਯਹਿ ਸ਼ਬਦ ਮੂਰਖ ਆਲਸੀ ਪੁਰਸ਼ੋਂ ਕਾ ਹੈ। ਬੁਧੀਵਾਨ ਉੱਦਮੀ ਪੁਰਸ਼ ਦੇਵ ਕਿ ਭਰੋਸੇ ਪਰ ਨਹੀਂ ਰਹਿਤੇ ਹੈਂ। ਯਹਿ ਸੁਨ ਕਰ ਸ੍ਰੀ ਰਾਮ ਚੰਦਰ ਜੀ ਵਡੇ ਪ੍ਰਸੰਨ ਹੂਏ ਅਰ ਕਹਾ ਹੇ ਭਰਾਤਾ ਜੋ ਤੂੰ ਕਹਿਤਾ ਹੈਂ ਸੋ ਯਹਿ ਸਭ ਸਚ ਹੈ। ਖੁਦ ਵਸਿਸਟ ਜੀ ਨੇ ਸ੍ਰੀ ਰਾਮ ਚੰਦਰ ਜੀ ਕੋ ਯਹਿ ਉਪਦੇਸ ਕਰਾ ਹੈ। ਹੇ ਰਾਮ ਜੀ ਤੇਰਾ ਪੁਰਸ਼ਾਰਥ ਹੀ ਦੇਵ ਹੈ। ਔਰ ਦੇਵ ਕੋਈ ਨਹੀਂ ਹੈ। ਦੇਵ ਦੇਵ ਸ਼ਬਦ ਮੂਰਖ ਆਲਸੀਓਂ ਕਾ ਹੈ ਯਾਂਤੇ ਦੇਵ ਕੇ ਭਰੋਸੇ ਜੀਵ ਕੋ ਰਹਿਨਾ ਯੋਗ ਨਹੀਂ ਹੈ। ਜਿਸ ਜਿਸ ਪਦਵੀ ਕੋ ਜੋ ਪ੍ਰਾਪਤ ਹੂਆ ਹੈ ਸੋ ਆਪਣੇ ਪੁਰਸ਼ਾਰਥ ਸੇ ਹੂਆ ਹੈ। ਯਾਂਤੇ ਉਦਮ ਕਰਨਾ ਮੁਖ ਹੈ ਇਸ ਮੈ ਦ੍ਰਿਸ਼ਟਾਂਤ। ਬਿਨਾਂ ਉੱਦਮ ਸੇ ਕਹੁ ਕਿਸ ਕੋ ਤਿਲਾਂ ਮੈ ਜੋ ਤੇਲ ਹੈ ਸੋ ਮਿਲ ਸਕਤਾ ਹੈ। ਭਾਵ-ਉੱਦਮ ਸੇ ਬਿਨਾਂ ਨਹੀਂ ਮਿਲ ਸਕਤਾ ਤਿਲ ਘਰ ਮੈ ਪੜੇ ਹੂਏ ਹੈਂ। ਅਰ ਤੇਲ ਕੀ ਜ਼ਰੂਰਤ ਪੜ ਗਈ ਹੈ ਉੱਦਮ ਕਰੇ ਤੇ ਬਿਨਾਂ ਤੇਲ ਤਿਲੋਂ ਸੇ ਕਬੀ ਨਹੀਂ ਮਿਲ ਸਕੇਗਾ। ਕਿੰਤੂ ਜਬ ਕੋਹਲੂ ਮੇਂ ਪੀੜੇਗਾ ਤਬ ਤੇਲ ਮਿਲੇਗਾ। ਯਾਂਤੇ ਉਦਮ ਮੁਖ ਹੈ॥ ਇਸ ਮੇਂ ਪ੍ਰਮਾਨ।

**ਦੋਹਿਰਾ॥ਬਨਤੀ ਦੇਖ ਬਨਾਈਏ ਪਰ ਨ ਨ ਦੀਜੈ ਖੋਟ।**



Scanned by CamScanner

ਜੈਸੇ ਬਾਗੈ ਵਾਇਰੋ ਤੈਸੀ ਲੀਜੈ ਓਟ॥

ਪਵਨ ਕੇ ਅਨੁਸਾਰ ਓਟ ਨਾਮ ਆਸਰਾ ਕਰ ਲਏ॥ ੭॥ ਸੰਕਾ॥ ਕਰਮ ਦੇ ਕਰਨ ਕਾਲ ਮੇਂ ਕਿਸ ਸਮੇਂ ਸੋਚ ਕਰਨਾ ਯੋਗ ਹੈ॥ਸਮਾਧਾਨ॥ ਮੂਲ॥

ਦੋਹਿਰਾ॥ਪ੍ਰਿਥਮੇ ਕਰਮ ਵਿਪਾਕ ਕੋ ਸਿਮਰੈ ਹੋਤ ਪ੍ਰਮੋਦ। ਜਰਤ ਧਾਮ ਕੇ ਸਾਂਤ ਹਿਤ ਆਦ ਕੂਪ ਸੁਭ ਖੋਦ॥੮॥

ਟੀਕਾ॥ਮਾਨੁਖ ਕੋ ਯਹਿ ਕਰਨਾ ਯੋਗ ਹੈ ਜਬ ਉੱਦਮ ਕਰਕੇ ਕਰਮ ਕਰਨੇ ਲਗੇ ਤਬ ਉਸ ਸੇ ਪਹਿਲੇ ਕਰਮ ਕਾ ਵਿਪਾਕ ਨਾਮ ਫਲ ਸਿਮਰ ਲਏ। ਜਿਸ ਕਰਮ ਕਾ ਫਲ ਹੱਛਾ ਜਾਨੇ ਸੋ ਕਰੇ। ਅਰ ਜਿਸ ਫਲ ਕਰਮ ਕਾ ਫਲ ਹੱਛਾ ਨਾ ਜਾਨੇ ਸੋ ਨਾ ਕਰੇ। ਜਬ ਐਸਾ ਕਰੇਗਾ ਤਬ ਇਸਕੋ ਪ੍ਰਮੋਦ ਨਾਮ ਅਨੰਦ ਪ੍ਰਾਪਤ ਹੋਗਾ। ਕਰਮ ਕਰਨ ਦੇ ਆਦ ਮੈ ਜੋ ਸੋਚਨਾ ਹੈ। ਵੋਹੁ ਸੋਚਨਾ ਹੱਛਾ ਹੈ। ਕਰਮ ਕਰਕੇ ਜੋ ਸੋਚਨਾ ਹੈ ਵਹੁ ਸੋਚਨਾ ਹੱਛਾ ਨਹੀ। ਇਸ਼ ਪਰ ਦ੍ਰਿਸਟਾਂਤ। ਜਲ ਦੇ ਘਰ ਕੋ ਸਾਂਤ ਕਰਨੇ ਲੀਏ ਜੋ ਆਦਿ ਕਾ ਕੂਪ ਖੋਦਿਆ ਹੂਆ ਹੈ ਸੋਈ ਸ੍ਰੇਸਟ ਹੈ। ਭਾਵ ਇਹ ਹੈ ਉਸ ਵਕਤ ਵੋਹੀ ਕਾਮ ਆਇਗਾ। ਇਧਰ ਘਰ ਕੋ ਅਗਨੀ ਲਗ ਪੜੀ ਹੈ ਉਧਰ ਕੂਪ ਖੋਦਨਾ ਸ਼ੁਰੂ ਕਰ ਦੀਆ ਹੈ। ਦਸੋ ਫੇਰ ਵਹੁ ਕੂਪ ਕਾ ਪਾਣੀ ਉਸ ਕਾਮ ਮੇਂ ਆਵੇਗਾ ਕਿੰਤੂ ਨਹੀਂ ਆਵੇਗਾ। ਕਾਹਿਤੇ। ਕੂਪ ਖੋਦਤੇ ਖੋਦਤੇ ਸਾਰਾ ਘਰ ਜਲ ਜਾਇਗਾ। ਫੇਰ ਉਸਕਾ ਪਾਣੀ ਕਿਸ ਕਾਮ ਮੈ ਆਵੇਗਾ। ਯਾਂਤੇ ਕਰਮ ਕੇ ਆਦ ਮੈ ਸੋਚਨਾ ਹੱਛਾ ਹੈ। ਅੰਤ ਕੋ ਨਹੀਂ ਸਿਰ ਮੁਨਾ ਕੇ ਐਤਵਾਰ ਪੁਛਨਾ ਯਹਿ ਕੋਈ ਅਕਲ ਕਾ ਕਾਮ ਨਹੀਂ ਹੈ॥੮॥ ਇਸੀ ਬਾਤ ਕੋ ਆਗੇ ਵਿਸਤਾਰ ਸੇ ਕਹੇ ਹੈਂ॥ ਮੂਲ॥

ਸਵੈਯਾ॥ਸਭਹੀ ਕਰਮਾ ਕੇ ਅਰੰਭ ਵਿਖੇ ਬੁਧਿਮਾਨ ਸਦਾ ਫਲ ਕੋ ਸਿਮਰੇ। ਅਤਿ ਪ੍ਰਾਰਬਧਾਂਤ ਕਰੇ ਗਮਨੰ ਜਿਨ ਕੋ ਫਲ



ਕਰੂਰ ਸੁ ਦੂਰ ਹਰੇ। ਜਿਹ ਕਾਰਜ ਕੋ ਫਲ ਚਾਰੁ ਲਖੇ ਵਹਿ ਧਾਰ ਰਿਦੇ ਤਿਨ ਮੋ ਵਿਚਰੇ। ਸਭ ਕਾਜ ਕੇ ਆਦਿ ਵਿਚਾਰ ਭਲੋ ਪੁਰਖੋਤਮ ਲਖਣ ਏ ਉਚਰੇ॥੯॥

ਟੀਕਾ॥ ਰਾਜਨੀਤ ਕੇ ਅਨੁਸਾਰ ਪੁਰਸ਼ ਕੋ ਚਲਨਾ ਯੋਗ ਹੈ। ਜੋ ਜੋ ਕੁਲ ਕਰਮ ਹੈ ਉਨ ਕੇ ਅਰੰਭ ਕਾਲ ਮੈ ਪਹਿਲੇ ਬੁਧੀਮਾਨ ਸੋ ਹੈ ਕਰਮੋਂ ਦਾ ਫਲ ਸਿਮਰੇ ਮੈਨੂੰ ਇਸ ਮੇਂ ਨਫਾ ਹੋਵੇਗਾ ਕਿ ਨੁਕਸਾਨ ਹੈ। ਭਾਵ ਬੁਧੀਵਾਨ ਕੋ ਯਹਿ ਚਾਹੀਏ ਸਭ ਕਰਮ ਕੇ ਅਰੰਭ ਮੈ ਪਹਿਲੇ ਫਲ ਕੋ ਸਿਮਰ ਲਏ। ਇਸ ਕਰਮ ਕੇ ਅੰਤ ਨੂੰ ਮੇਰੇ ਕੋ ਫਲ ਕੀ ਮਿਲੇਗਾ॥੧॥ ਅਤਿਸੈ ਕਰਕੇ ਜੋ ਪ੍ਰਾਰੰਭ ਕਾਰਜ ਕਰਿਆ ਹੈ ਉਸ ਕੇ ਅੰਤ ਕੋ ਸਿਮਰੇ। ਅੰਤ ਇਸਕਾ ਸੁਭ ਹੈ ਵਾ ਅਸੁਭ ਹੈ। ਐਸੇ ਸੋਚ ਕਰ ਫੇਰ ਉਸ ਮੇਂ ਗਮਨ ਕਰੇ ਭਾਵ ਫੇਰ ਵਹੁ ਕਰਮ ਕਰੇ ਜਿਸੇ ਕਰਮ ਕਾ ਫਲ ਕੂਰ ਦੇਖੇ ਸੋ ਉਸ ਕਰਮ ਕੋ ਦੂਰ ਤਿਆਗ ਕਰ ਦੇਵੇ। ਭਾਵ ਵਹੁ ਨਾ ਕਰੇ॥ ੨॥ ਜਿਸ ਕਾਰਜ ਕਾ ਫਲ ਚਾਰੂ ਨਾਮ ਸੁੰਦਰ ਲਖੇ ਵਹਿ ਨਾਮ ਉਸ ਕੋ ਧਰ ਕੇ ਰਿਦੈ ਮੈ ਵਿਚਰੈ ਨਾਮ ਤਿਸ ਮੈ॥ ਭਾਵ॥ ਸੋ ਕਰਮ ਨਿਸੰਗ ਕਰ ਲਏ ਡੇਰੀ ਨ ਕਰੇ॥੩॥ਐਸੇ ਹੀ ਸਭ ਕਾਰਜ ਕੇ ਆਦ ਮੈ ਵਿਚਾਰ ਕਰ ਲੇਨਾ ਸੋ ਏਹੀ ਭਲਾ ਹੈ। ਇਹ ਉਤਮ ਪੁਰਸ਼ਾਂ ਕੇ ਲਖਨ ਉਚਾਰਨ ਕਰੇ ਹੈ। ਵਾ ਉਤਮ ਪੁਰਸ਼ੋਂ ਨੇ ਇਹੀ ਲਖਨ ਬੁਧੀਮਾਨੋਂ ਕੇ ਉਚਾਰਨ ਕਰੇ ਹੈ। ਸਭ ਪੁਰਸ਼ਾਂ ਕੋ ਯੇ ਲਖਨ ਧਾਰਨੇ ਯੋਗ ਹੈਂ॥ ੪॥ ੯॥ ਮੂਲ॥

ਸਵੈਯਾ॥ ਧਨ ਆਪ ਇਕੱਤ੍ਰ ਕਰੇ ਜਨ ਜੋ ਨਿਜ ਬ੍ਰਿਤ ਨਮਤਹਿ ਉਤਮ ਤੇਈ। ਸਵਿਤਾ ਬਿਤ ਸੋ ਜੁ ਕਰੇ ਬ੍ਰਿਤ ਆਪਨ ਮਧਮ ਮਾਨੁਖ ਯਾ ਜਗ ਸੇਈ। ਪੁਨ ਆਪਨ ਜੀਵ ਕਾ ਜੋ ਕਰ ਹੈ ਜਨਨੀ ਧਨ ਕ ਅਧਮੋ ਲਖ ਵੇਈ। ਭਵ ਮੈ ਅਧ ਮਾਧਮ ਤੇ ਨਰ ਹੈ ਧਨ ਯੋਖਤ ਸੋ ਤਨ ਪੋਖਤ ਜੇਈ॥੧੦॥



Scanned by CamScanner

ਟੀਕਾ॥ ਉਤਮ ਮਧਮ ਅਧਮ ਅਧਮਾਧਮ ਯੇ ਚਾਰ ਪਰਕਾਰ ਕੇ ਸੰਸਾਰ ਮੇਂ ਪੁਰਸ਼ ਹੈਂ॥ਸੰਕਾ॥ਊਤਮ ਪੁਰਸ਼ ਕੋਣ ਹੈ॥ਸਮਾਧਾਨ॥ਜੋ ਪੁਰਸ਼ ਨਿਜ ਨਾਮ ਆਪਣੀ ਬ੍ਰਿਤਿ ਕਹੀਏ ਜੀਵਕਾ ਕੇ ਵਾਸਤੇ ਧਨ ਕਮਾਇ ਕਰ ਇਕੱਠਾ ਕਰਤੇ ਹੈਂ। ਉਸੀ ਧਨ ਸੇ ਆਪਣੇ ਸਰੀਰ ਕੀ ਯਾਤਰਾ ਚਲਾਤੇ ਹੈਂ ਅਰ ਦੂਸਰੇ ਕੀ ਪ੍ਰਵਾਹ ਰਖਤੇ ਨਹੀਂ ਤੇ ਪੁਰਸ਼ ਸੰਸਾਰ ਮੇਂ ਉਤਮ ਹੈ॥ ਸੰਕਾ॥ਮਧਮ ਪੁਰਸ਼ ਕੌਣ ਹੈ॥ਸਮਾਧਾਨ॥ਸਵਿਤਾ ਨਾਮ ਪਿਤਾ ਕੇ ਬਿਤ ਨਾਮ ਧਨ ਕਮਾਏ ਵਿਚੋਂ ਜੋ ਆਪਣੀ ਜੀਵਕਾ ਚਲਾਤਾ ਹੈ ਤੇ ਪੁਰਸ਼ ਸੰਸਾਰ ਮੇਂ ਮਧਮ ਹੈ ਨਾ ਉਤਮ ਨਾ ਨੀਚ॥ਸੰਕਾ॥ਅਧਮ ਪੁਰਸ਼ ਸੰਸਾਰ ਮੇਂ ਕੌਣ ਹੈ॥ਸਮਾਧਾਨ॥ਫੇਰ ਆਪਣੀ ਜੀਵਕਾ ਮਾਤਾ ਕੇ ਧਨ ਸੇ ਕਰਤਾ ਹੈ ਵਹੁ ਪੁਰਸ਼ ਤੁਮ ਲਖੋ ਅਧਮ ਹੈ। ਮਾਤਾ ਪੀਣਾ ਕਤਨਾ ਕਰਤੀ ਹੈ ਪੁੱਤਰ ਖਾਤਾ ਹੈ ਆਪ ਕੁਛ ਕਮਾਤਾ ਨਹੀਂ ਸੋ ਪੁਰਸ਼ ਅਧਮ ਹੈ॥ ਸੰਕਾ॥ ਅਧਮਾਧਮ ਪੁਰਸ਼ ਕੌਣ ਹੈ॥ਸਮਾਧਾਨ॥ ਜੋ ਪੁਰਸ਼ ਇਸਤਰੀ ਕੇ ਧਨ ਸੇ ਆਪਨੇ ਸਰੀਰ ਕੀ ਪਾਲਨਾ ਕਰਤਾ ਹੈ। ਸੋ ਪੁਰਸ਼ ਸੰਸਾਰ ਮੇਂ ਅਧਮ ਸੇ ਅਧਮ ਹੈ॥ਭਾਵ-ਨੀਚ ਸੇ ਨੀਚ ਹੈ। ਇਸਤਰੀ ਮਿਹਨਤ ਮਜੂਰੀ ਕਰਕੇ ਧਨ ਕਮਾਇਕੇ ਲਿਆਤੀ ਹੈ। ਪਤੀ ਬੈਠ ਕੇ ਖਾਤਾ ਹੈ। ਐਸਾ ਪੁਰਸ਼ ਨੀਚ ਤੇ ਨੀਚ ਹੈ॥੧੦॥ਧਨ ਤੀਨੋਂ ਕਾਲੋਂ ਮੇਂ ਦੁਖ ਰੂਪ ਹੈ। ਅਬ ਆਗੇ ਇਸ ਬਾਤ ਕਾ ਵਿਚਾਰ ਕਰੇ ਹੈਂ॥

**ਨਰਾਜ ਛੰਦ॥ਤ੍ਰਿਕਾਲ ਦੂਬਜ ਦੁਖ ਮਯ ਉਪਾਇ ਰਖ ਅੰਤ ਮੈ। ਨਿਦਾਨ ਹੈ ਵਿਰੋਧ ਕੋ ਸੁ ਮਾਤ ਤਾਤ ਜੰਤ ਮੈ। ਕ੍ਰਿਤਾਂਤ ਧਾਮ ਕਾਮ ਕੋ ਅਲੰਕ੍ਰਿਤੀ ਸਮਸਟ ਹੈ। ਸੁਭਾਸੁਭੰ ਨਿਕੇਤ ਭੀ ਤਥਾਪਿ ਤਿਆਗ ਸ੍ਰੇਸਟ ਹੈ॥੧੧॥**

ਟੀਕਾ॥ਹੇ ਪਿਆਰੇ ਸਜਨੋ ਭੂਤ ਭਵਿਖਤ ਵਰਤਮਾਨ ਯਹਿ ਤੀਨਾਂ ਕਾਲੋਂ ਮੇਂ ਧਨ ਸਦਾ ਦੁਖ ਰੂਪ ਹੈ। ਵਾ ਤਿੰਨ ਕਾਲ ਵਿਚ ਹੀ ਕਹੇ ਹੂਏ ਹੈਂ। ਪ੍ਰਾਪਤੀ ਕਾਲ ਮੇਂ ਰਖਿਆ ਕਾਲ ਮੇਂ ਬਿਨਾਸ ਕਾਲ ਮੇਂ ਇਨ੍ਹਾਂ ਤੀਨ



ਕਾਲੋਂ ਮੇਂ ਧਨ ਸਦਾ ਦੁਖ ਰੂਪ ਹੈ। ਜੈਸੇ ਦੁਖ ਰੂਪ ਹੈ ਸੋ ਆਗੇ ਖੋਲ੍ਹ ਕੇ ਕਹੇ ਹੈ। ਧਨ ਕੀ ਪ੍ਰਾਪਤੀ ਲੀਏ ਪਹਿਲੇ ਅਨੇਕਾਂ ਉਪਾਓ ਕਰੇ ਜਾਵੇ ਭਾਵ ਚੌਦਾਂ ਅਨਰਥ ਕਰੇ ਜਾਨ ਤਬ ਧਨ ਮਿਲਤਾ ਹੈ ਚੋਰੀ ਝੂਠ ਛਲ ਉਪਦ੍ਰਵ ਵਿਰੋਧ ਕਲੰਕ ਮਿਤ੍ਰ ਦ੍ਰੋਹ ਜੀਵ ਘਾਤ ਇਤਿਆਦਕ ਅਨਰਥ ਹੋਣ। ਤਬ ਧਨ ਮਿਲੇ ਹੈ ਦੇਖੋ ਪ੍ਰਾਪਤੀ ਕਾਲ ਮੇਂ ਭੀ ਧਨ ਦੁਖ ਰੂਪ ਹੁਆ। ਫੇਰ ਰਖਿਆ ਕਰਨੇ ਮੇਂ ਭੀ ਧਨ ਦੁਖ ਰੂਪ ਹੈ। ਸਭ ਸੇ ਛਪਾ ਛਪਾ ਕੇ ਧਨ ਰਖੇ ਹੈ ਕੋਈ ਦੇਖ ਨ ਲਏ। ਜਹਾਂ ਜਾ ਕੇ ਦਬੇ ਹੈ ਤਹਾਂ ਦੀਪਕ ਭੀ ਨਹੀਂ ਜਲਾਵੇ ਹੈ। ਹਨੇਰੇ ਮੈ ਜਾਤਿਆਂ ਹੋਇਆਂ ਕੰਧ ਸੇ ਲਗਕੇ ਮੱਥਾ ਫੁਟ ਜਾਇ ਤਬ ਮੌਨ ਕਰੀ ਰਖੇ ਹੈ। ਰਾਤ ਕੋ ਔਰ ਸਭ ਸੁਤੇ ਪੜੇ ਹੋਤੇ ਹੈ। ਅਰ ਯਹਿ ਪਹਿਰਾ ਦੇਤਾ ਹੈ ਆਪਣਾ ਮੰਜਾ ਦਰਵਾਜ਼ੇ ਮੇਂ ਵਿਛਾਵੇ ਹੈ। ਮਤ ਕੋਈ ਭੀਤਰ ਨ ਚਲਾ ਜਾਏ ਇਤਿਆਦੀ ਰਖਿਆ ਕਾਲ ਮੇਂ ਦੇਖੋ ਧਨ ਦੁਖ ਰੂਪ ਹੈ। ਅਰ ਅੰਤ ਨੂੰ ਕੋਈ ਧਨ ਲੈ ਜਾਇ। ਜਾਇ ਤ ਪ੍ਰਾਨ ਸਮੇਤ। ਇਸ ਧਨ ਕੇ ਵਿਯੋਗ ਕਰ ਕਈ ਮਰ ਜਾਤੇ ਹੈਂ ਕਈ ਕਮਲੇ ਹੋ ਜਾਤੇ ਹੈਂ। ਕਈ ਚੁਰ ਚੁਰ ਕੇ ਮਰਤੇ ਹੈਂ ਅੰਤ ਨੂੰ ਭੀ ਧਨ ਦੁਖ ਰੂਪ ਹੂਆ॥੧॥ਆਪਣੇ ਮਾਤਾ ਪਿਤਾ ਮੇਂ ਆਪਣੇ ਇਸਤ੍ਰੀ ਪੁੱਤਰ ਮੇਂ ਆਪਣੇ ਮਿਤ੍ਰ ਭ੍ਰਾਤਾ ਮੇਂ ਔਰ ਸਭ ਜੀਵਾਂ ਮੈ ਯੇ ਧਨ ਕੇ ਵਲ ਵਿਰੋਧ ਕਾ ਹੀ ਨਿਦਾਨ ਨਾਮ ਕਾਰਨ ਹੈ। ਸਭ ਸੇ ਵਿਰੋਧ ਕਰਨੇ ਲਗ ਜਾਤਾ ਹੈ॥੨॥ ਫੇਰ ਧਨ ਕੈਸਾ ਹੈ ਕ੍ਰਿਤਾਂਤ ਕਹੀਏ ਜਮ ਰਾਜਾ ਕੇ ਧਾਮ ਕੋ। ਕਾਮ ਕਹੀਏ ਸ੍ਵਰਗ ਕੇ ਧਾਮ ਕੋ ਸਮਸਟ ਨਾਮ ਅਲੰਕਾਰ ਕੇ ਯੁਤ ਯੇ ਮਾਯਾ ਵੀ ਕੋ ਪਹੁੰਚਾ ਦੇਵੇ ਹੈ। ਭਾਵ ਇਹ ਹੈ ਇਹ ਧਨ ਪੁੰਨ ਆਦੀ ਕਰਮੋਂ ਮੈ ਜਬ ਲਗਾਇਆ ਜਾਵੇ। ਜਸ ਰੂਪੀ ਸਮਸਟ ਅਲੰਕਾਰ ਸੇ ਜੀਵ ਕੋ ਤਬ ਸ੍ਵਰਗ ਮੈ ਪਹੁੰਚਾ ਦੇਵੇ ਹੈ ਜੇਕਰ ਏਹੀ ਧਨ ਖੋਟੇ ਕਰਮੋਂ ਮੈ ਜਬ ਲਗਾਇਆ ਜਾਵੇ। ਫੇਰ ਰੂਪੀ ਸਮਸ੍ਰ ਅਲੰਕਾਰ ਸੇ ਜੀਵ ਕੋ ਨਰਕ ਮੇਂ ਪਹੁੰਚਾ ਦੇਵੇ ਹੈ॥ਸੰਕਾ॥ਕ੍ਰਿਤਾਂਤ ਪਦ ਕਾ ਕੀ ਅਰਥ ਹੈ। ॥ਸਮਾਧਾਨ॥ਕ੍ਰਿਤ ਜੋ ਪ੍ਰਪੰਚ ਹੈ ਇਸ ਕੇ ਅੰਤ ਕਰਨੇ ਵਾਲੇ ਕਾ ਨਾਮ ਕ੍ਰਿਤਾਂਤ ਹੈ। ਭਾਵ-ਧਰਮ ਰਾਜਾ ਕਾ ਨਾਮ ਹੈ॥ਸੰਕਾ॥



Scanned by CamScanner

ਧਨ ਕੋ ਫੇਰ ਸੰਗ੍ਰਹਿ ਕਰਨਾ ਯੋਗ ਹੈ। ਯੇ ਦੋਨੋਂ ਲੋਕਾਂ ਦੀ ਹੇਤੂ ਜੋ ਹੋਈ॥ ਸਮਾਧਾਨ॥ਸੁਭਾ ਸੁਭ ਮੰਦਰ ਕੋ ਯਦਪੀ ਪਹੁੰਚਾਨੇ ਕੋ ਧਨ ਸਮਰਥ ਹੈ। ਤੌ ਭੀ ਇਸਕਾ ਤਿਆਗ ਕਰਨਾ ਹੀ ਸ੍ਰੇਸ੍ਰ ਹੈ। ਇਸ ਮੇਂ ਅਧਿਕ ਪ੍ਰੇਮ ਕਰਨਾ ਯੋਗ ਨਹੀਂ॥੧੧॥ਸੰਕਾ॥ਧਨ ਕਾ ਤਿਆਗ ਕਿਉਂ ਕਹਾ ਹੈ॥ ਸਮਾਧਾਨ॥ਮੂਲ॥

**ਸੋਰਠਾ॥ਜੋਬਨ ਧਨ ਅਵਿਵੇਕ ਪ੍ਰਭਤਾ ਚਾਰੋਂ ਪਰਮ ਰਿਪੁ। ਦੇਤ ਅਨਰਥ ਇਕੇਕ ਜਹਾਂ ਚਾਰ ਤਹਿ ਕਯਾ ਕਥਾ॥੨॥**

ਟੀਕਾ॥ਯੁਵਾਵਸਥਾ ਹੋਣੀ ੧ ਧਨ ਹੋਣਾ ੨ ਅਵਿਚਾਰ ਹੋਨਾ ੩ ਪ੍ਰਭਤਾ ਨਾਮ ਵਡਿਆਈ ਹੋਣੀ। ਭਾਵ-ਚਾਰ ਆਦਮੀ ਮਗਰ ਹੋਣੇ ਏ ਚਾਰੋਂ ਇਸ ਕੇ ਪਰਮ ਨਾਮ ਵਡੇ ਭਾਰੀ ਸ਼ਤ੍ਰੂ ਹੈਂ। ਇਸ ਮੇਂ ਗੁਰੂ ਪ੍ਰਮਾਨ। ਰਾਜ ਮਾਲ ਰੂਪ ਜਾਤ ਜੋਬਨ ਪੰਜੇ ਠਗ। ਇਨੀ ਠਗੀਂ ਜਗ ਠਗਿਆ ਕਿਸੇ ਨ ਰਖੀ ਲਜ। ਜਿਹ ਪੌਨ ਗਿਰ ਮੇਰ ਉਡਾਹੀ। ਕਹੁ ਤੂਲ ਕਿਹ ਲੇਖੇ ਮਾਹੀ। ਇਸ ਕਈ ਮੁਤਕ ਨਿਆਇ ਸੇ ਅਬ ਕਹੇ ਹੈ। ਯੇ ਏਕ ਏਕ ਭੀ ਪੁਰਸ਼ ਕੋ ਅੰਧਾ ਕਰ ਦੇਵੇ ਹੈ। ਭਾਵ-ਏਕ ਏਕ ਭੀ ਅਨਰਥ ਕੇ ਦੇਨੇਹਾਰਾ ਹੈਂ। ਜਹਾਂ ਚਾਰ ਹੈ ਫੇਰ ਉਸਕੀ ਕਥਾ ਕਿਆ ਕਹਨੀ ਹੈ। ਜੈਸੇ ਏਕ ਕੇਲੇ ਕੇ ਥੰਭੇ ਸਾਥ ਚਾਰ ਹਾਥੀ ਬੰਨ੍ਹ ਦੇਈਏ। ਵਹੁ ਕੇਲਾ ਫੇਰ ਟੋਟੇ ਟੋਟੇ ਹੋ ਜਾਇਗਾ। ਹਾਥੀ ਏਕ ਹੀ ਬਲੀ ਹੈ। ਚਾਰੋਂ ਕਾ ਕੀ ਕਹਿਨਾ ਹੈ। ਇਸ ਵਿਚਾਰ ਕੋ ਪੜ ਕੇ ਜੋ ਨਾ ਧਾਰਨ ਕਰੇਗਾ। ਫੇਰ ਉਸ ਕੋ ਕੀ ਕਹੇਂ। ਅਬ ਅਸ਼ਟਮ ਧਿਆਇ ਸਮਾਪਤ ਹੋ ਗਿਆ ਹੈ ਆਗੇ ਅਬ ਛੰਦੋਂ ਕੀ ਗਿਣਤੀ ਕਹੇ ਹੈਂ।

**ਦੋਹਿਰਾ। ਖਟ ਦੋਹੇ ਤ੍ਰੈ ਸੋਰਠੇ ਉਭੈ ਸਵੈਯੇ ਜਾਨ। ਇਕ ਨਰਾਜ ਦ੍ਵਾਦਸ ਸਬੈ ਛੰਦਾ ਨੰਦ ਨਿਦਾਨ॥੧੩॥**

ਟੀਕਾ॥ਛੇ ਦੋਹਿਰੇ ਹੈ। ਤੀਨ ਸੋਰਠੇ ਹੈ ਦੋ ਸਵੈਯੇ ਤੁਮ ਜਾਨੋ ਇਕ ਨਰਾਜ ਛੰਦ ਹੈ ਬਾਰਾਂ ਛੰਦ ਹੈਂ। ਯੇ ਸਭ ਛੰਦ ਚਿਤ ਕੋ ਅਨੰਦ ਕਾ ਕਾਰਨ



ਦੇਨੇ ਵਾਲੇ ਹੈਂ॥

**ਇਤਿ ਸ੍ਰੀ ਸਾਰੁਕੁਤਾਵਲੀ ਤਿਹ ਅਸ੍ਰਮ ਅਧਿਆਇ। ਤਾਂ ਮਹਿ ਉਦਮ ਵਰਨਯੋ ਕਵਿ ਹਰਿ ਦਿਆਲ ਬਨਾਇ॥**

ਟੀਕਾ॥ਅਰਥ ਸਪੱਸ਼ਟ ਹੈ॥

**ਦੋਹਿਰਾ॥ ਛਲ ਕਪਟ ਕੋ ਤਿਆਗ ਕੇ ਧਨ ਹਿਤ ਉਦਮ ਠਾਨ। ਈਸ ਅਰਥ ਜੋ ਲਾਇ ਹੈ ਪਾਵੈ ਮੋਖ ਮਹਾਨ॥੧॥ ਧਨ ਕਮਾਵੈ ਪਾਪ ਸੇ ਲਾਵੈ ਬੁਰੇ ਸੁਕਾਮ। ਜਮ ਸਾਸਨ ਸੋ ਪਾਇ ਹੈ ਜੁਵਾਲਾ ਦਾਸ ਮਮ ਨਾਮ॥੨॥੮॥**

ਇਤਿ ਸ੍ਰੀ ਸਾਰੁਕੁਤਾਵਲੀ ਤਤ੍ਵ ਬੋਧਨੀ ਟੀਕਾ ਕ੍ਰਿਤ ਪ੍ਰਮ ਹੰਸ ਸੰਤ ਜੁਵਾਲਾ ਦਾਸ ਉਦਾਸੀਨ ਉੱਦਮ ਵਰਨਨੰ ਅਸਟਮ ਧਿਆਇ॥੮॥

-o-



Scanned by CamScanner

੧ੴ ਸਤਿਗੁਰ ਪ੍ਰਸਾਦਿ ॥

# ਅਥ ਨੌਮਾ ਧਿਆਇ ਪ੍ਰਾਰੰਭ

ਸੰਕਾ॥ ਇਸ ਨਾਵੇਂ ਧਿਆਇ ਮੈ ਕਿਆ ਨਿਰੂਪਨ ਕਰੋਗੇ॥ ਸਮਾਧਾਨ॥

**ਦੋਹਿਰਾ ॥ਨੌਮੇਂ ਕਹੀ ਉਦਾਰਤਾ ਜਾਂਤੇ ਰਿਦੈ ਉਦਾਰ ॥**
**ਧਨ ਨਿੰਦੇ ਬਿਨ ਦਾਨ ਜੋ ਸਾਤ ਸਲੋਕ ਉਚਾਰ ॥੧ ॥**

ਟੀਕਾ ॥ਕਵੀ ਹਰਿ ਦਿਆਲ ਜੀ ਕਹੇ ਹੈ। ਅਬ ਨਾਵੇਂ ਧਿਆਇ ਮੈ ਉਦਾਰਤਾ ਕੀ ਮਹਿਮਾ ਨਿਰੂਪਨ ਕਰੇਂਗੇ॥ ਸੰਕਾ॥ ਕਿਉਂ ਨਿਰੂਪਨ ਕਰੋਗੇ ॥ਸਮਾਧਾਨ ॥ਜਿਸ ਉਦਾਰਤਾ ਕੀ ਮਹਿਮਾ ਕੋ ਪੜ੍ਹ ਸੁਨ ਕਰ ਯੇ ਪੁਰਸ਼ ਉਦਾਰ ਹੋ ਜਾਵੇ। ਅਸਟਮ ਧਿਆਇ ਮੈ ਜੋ ਉਦਮ ਕਹਾ ਹੈ। ਉਸਕਾ ਭਾਵ ਏ ਹੈ। ਨਿਸ ਕਪਟ ਵਿਵਹਾਰ ਸੇ ਧਨ ਕਮਾ ਕੇ ਸ਼ੁਭ ਅਰਥ ਲਗਾਵੇ। ਜਮਾ ਨ ਕਰੀ ਜਾਵੇ। ਚਿਤ ਕੋ ਉਦਾਰ ਰਖੇ। ੧ ॥ਸੰਕਾ ॥ ਜੋ ਧਨ ਦਾਨ ਸੇ ਬਿਨਾਂ ਹੈ। ਉਸ ਧਨ ਕੋ ਆਪ ਕਿਆ ਕਹੋਗੇ ॥ਸਮਾਧਾਨ ॥ ਜੋ ਬਿਨਾਂ ਦਾਨ ਸੇ ਧਨ ਹੈ ਉਸ ਧਨ ਕੀ ਹਮ ਨਿੰਦਿਆ ਕਥਨ ਕਰੇਂਗੇ। ਸਤ ਸਲੋਕ ਉਚਾਰਨ ਕਰਕੇ ॥ ਮੂਲ ॥

**ਤੋਟਕ ਛੰਦ ॥ ਸਰਤਾ ਨ ਅਚੇ ਆਪਨੇ ਜਲ ਕੋ। ਨ ਕਦਾਪਿ ਭਖੇ ਬ੍ਰਿਖ ਸ੍ਵੈ ਫਲ ਕੋ। ਸਸਿ ਕੋ ਨਹਿ ਅਭ੍ਰ ਕਬੀ ਭਖ ਹੈ। ਧਨ ਤਿਉ ਪਰ ਹੇਤ ਬਡੇ ਰਖ ਹੈ ॥੧ ॥**

ਟੀਕਾ ॥ ਸਰਤਾ ਜੋ ਨਦੀ ਹੈ ਸੋ ਕਦੀ ਭੀ ਆਪਣੇ ਜਲ ਕੋ ਪਾਨ ਨਹੀ ਕਰੇ ਹੈ। ਕੇਵਲ ਉਸਕਾ ਜਲ ਪਰ ਉਪਕਾਰ ਕੇ ਲੀਏ ਹੈ। ਕੋਈ



ਨਾਵੇ ਕੋਈ ਪੀਵੇ ਕੋਈ ਵਸਤ੍ਰ ਧੋਏ ਇਸ ਤਰਾਂ ਲੋਕਾਂ ਦੇ ਲੀਏ ਸਰਤਾ ਜਲ ਰਖੇ ਹੈ। ਇਸੀ ਪ੍ਰਕਾਰ ਵਡੇ ਲੋਕ ਪਰ ਉਪਕਾਰ ਦੇ ਲੀਏ ਕੇਵਲ ਧਨ ਰਖੇ ਹੈ। ਉਨਕਾ ਔਰ ਕੋਈ ਪਰਜੋਜਨ ਨਹੀ ਹੈ। ਬਿਰਛ ਜੋ ਹੈ ਸੋ ਆਪਨੇ ਫਲ ਕੋ ਦੇਖੋ ਕਦੀ ਭੀ ਨਹੀਂ ਖਾਂਦੇ। ਉਨਕਾ ਫਲ ਭੀ ਕੇਵਲ ਪਰ ਉਪਕਾਰ ਕੇ ਲੀਏ ਹੈ। ਸਰਦੀ ਗਰਮੀ ਈਟਾਂ ਸਹਾਰ ਕੇ ਭੀ ਦੂਸਰੇ ਕੋ ਫਲ ਫੂਲ ਦੇਵੇ ਹੈ। ਅਭਰ ਜੋ ਬਦਲ ਹੈ। ਸਸਿ ਨਾਮ ਖੇਤੀ ਕੋ ਵਹੁ ਕਦੀ ਭੀ ਨਹੀਂ ਖਾਂਦੇ। ਕੇਵਲ ਪਰਉਪਕਾਰ ਕੇ ਲੀਏ ਬ੍ਰਿਸਟੀ ਸੇ ਸਭ ਖੇਤੀਓਂ ਕਪ ਮੇਘ ਪਾਲਨਾ ਕਰ ਦੇਵੇ ਹੈਂ। ਦੇਖੋ ਆਪ ਕੁਛ ਅੰਗੀਕਾਰ ਨਹੀਂ ਕਰਤੇ। ਜੈਸੇ ਨਦੀ ਤਥਾ ਬਿਰਛ ਤਥਾ ਮੇਘ ਆਪਨੇ ਜਲ ਫਲ ਸਸੀ ਕੋ ਅੰਗੀਕਾਰ ਨਹੀਂ ਕਰੇ ਹੈ। ਤਿਸੀ ਪ੍ਰਕਾਰ ਪਰਉਪਕਾਰ ਕੇ ਵਾਸਤੇ ਵਡੇ ਪੁਰਸ਼ ਆਪਨੇ ਪਾਸ ਧਨ ਕੋ ਰਖਤੇ ਹੈਂ। ਉਤਮ ਪੁਰਸ਼ੋਂ ਕੀ ਜਿਤਨੀ ਪਰਵਿਰਤੀ ਹੈ ਸੋ ਉਤਨੀ ਪਰਉਪਕਾਰ ਕੇ ਲੀਏ ਹੈ ਐਸੇ ਹੀ ਸਭ ਕੋ ਹੋਣਾ ਯੋਗ ਹੈ। ਏ ਇਸ ਕਾ ਭਾਵ ਹੈ ॥ਸੰਕਾ ॥ਯੇ ਧਨ ਧਰਮ ਅਰਥ ਨਾ ਲਾਇ ਫੇਰ ਕਿਆ ਹੋਵੈ ਹੈ ॥ ਸਮਾਧਾਨ ॥ ਮੂਲ ॥

**ਦੋਹਿਰਾ ॥ਧਨ ਕੇ ਭਾਗੀ ਚਾਰ ਹੈਂ ਧਰਮ ਚੋਰ ਨ੍ਰਿਪ ਆਗ।**
**ਕੋਪੈ ਤਾਪੈ ਭ੍ਰਾਤ ਤ੍ਰੈ ਕਰੈ ਜ ਜੇਸਟੇ ਤਿਆਗ ॥੨ ॥**

ਟੀਕਾ ॥ ਹੇ ਪੁਰਸ਼ੋ ਇਸ ਧਨ ਕੇ ਹਿਸੇ ਲੇਨੇ ਵਾਲੇ ਚਾਰ ਪੁਰਸ਼ ਹੈਂ। ਧਰਮ ੧ ਚੋਰ ੨ ਰਾਜਾ ੩ ਅਗਨੀ ੪ ਜੋ ਧਰਮ ਅਰਥ ਧਨ ਲਗਾਤਾ ਹੈ। ਤਬ ਧਨ ਧਾਮ ਸਭ ਕੁਛ ਬਨਾ ਰਹਿਤਾ ਹੈ। ਅਰ ਜਿਸਕਾ ਧਨ ਧਰਮ ਅਰਥ ਨਹੀ ਲਗਤਾ। ਤਾ ਪੈ ਕਹੀਏ ਉਸ ਪੁਰਸ਼ ਉਪਰ ਚੋਰ ਰਾਜਾ ਅਗਨੀ ਯੇ ਤੀਨੋਂ ਭਾਈ ਕੋਪ ਕਰਤੇ ਹੈ। ਜੋ ਇਨਕੇ ਜੇਸਟੇ ਨਾਮ ਵਡੇ ਭਾਈ ਧਰਮ ਕਾ ਤਿਆਗ ਕਰੇ ਹੈ। ਉਸ ਪਰ ਏ ਤੀਨੋਂ ਖੁਸ਼ ਨਹੀ ਹੋਤੇ। ਭਾਵ ਯੇ ਹੈ। ਧਰਮ ਅਰਥ ਮਾਯਾ ਨਾ ਲਗਾਨੀ ਧਰਮ ਸੇ ਕਟ ਕਰ ਵਿਵਹਾਰ ਮੇਂ ਲਾਵਨੀ ਧਰਮ ਕੇ ਤਿਆਗਨੇ ਵਾਲੇ ਪਰ ਏ ਤੀਨੋਂ ਭਾਈ



Scanned by CamScanner

ਕ੍ਰੋਧ ਕਰੇ ਹੈਂ। ਚੋਰ ਲੁਟ ਲੈ ਜਾਨਗੇ। ਯਾ ਅਗਨੀ ਸਾੜ ਦੇਵੇਗੀ। ਯਾ ਰਾਜਾ ਕੋਪ ਕਰ ਲੁਟ ਲਏਗਾ। ਭਾਵ-ਟੈਕਸ ਲਗਾਇ ਦੇਗਾ ਯਾ ਕੋਈ ਐਸਾ ਮੁਕਦਮਾ ਬਨ ਜਾਇਗਾ ਸਭ ਧਨ ਉਸਮੇਂ ਖਰਚ ਹੋ ਜਾਇਗਾ। ਊਪਰ ਸੇ ਦ੍ਰਿਸਟਾਂਤ। ਜੈਸੇ ਏਕ ਆਦਮੀ ਨੇ ਲਾਖੋਂ ਹਜਾਰਾਂ ਰੁਪਏ ਲਗਾ ਕੇ ਵਡਾ ਸੁੰਦਰ ਵਿਚਿਤਰ ਏਕ ਮੰਦਰ ਬਨਵਾਇਆ। ਪਰ ਏਕ ਦੋ ਆਨੇਂ ਕਾ ਪਰਨਾਲਾ ਨਹੀਂ ਲਗਾਇਆ ਵਹੁ ਮੰਦਰ ਅੱਜ ਭੀ ਨਹੀਂ ਕਲ ਭੀ ਨਹੀਂ। ਜਬ ਬਰਖਾ ਪੜੇਗੀ ਤਬ ਵਹੁ ਗਿਰ ਜਾਇਗਾ। ਦ੍ਰਿਸ੍ਰਾਂਤ। ਤੈਸੇ ਯੇ ਗ੍ਰਿਹਿਸਥ ਆਸਰਮ ਰੂਪੀ ਏਕ ਮੰਦਰ ਹੈ। ਧਰਮ ਰੂਪੀ ਏਕ ਪਰਨਾਲਾ ਹੈ। ਜਿਸ ਘਰ ਸੇ ਸਦਾ ਕੁਛ ਧਰਮ ਹੋ ਰਹਾ ਹੈ ਫੇਰ ਉਸ ਕਾ ਕੁਛ ਵਿਗੜਤਾ ਨਹੀਂ ਹੈ ਜਿਸ ਘਰ ਸੇ ਕੁਛ ਧਰਮ ਨਹੀਂ ਹੋਤਾ। ਉਸਕਾ ਧਰਤੀ ਪਰ ਨਿਸ਼ਾਨ ਭੀ ਨਹੀਂ ਰਹਿਤਾ। ਭਾਵ॥ ਜਬ ਧਨ ਧਰਮ ਅਰਥ ਨਾ ਲਗਾਇਆ ਜਾਵੇ ਫੇਰ ਧਨ ਨੇ ਰਹਿਨਾ ਨਹੀਂ ਇਸ ਵਾਸਤੇ ਧਨ ਧਰਮ ਅਰਥ ਲਗਾਨਾ ਯੋਗ ਹੈ॥ ਸੰਕਾ॥ ਧਨ ਕੀ ਊਤਮ ਰਖਿਆ ਕਵਨ ਹੈ॥ ਸਮਾਧਾਨ॥ਮੂਲ॥

**ਦ੍ਵੈਯਾਛੰਦ॥ਸਭਜਨ ਕਰਤ ਪਦਾਰਥ ਸੰਗ੍ਰ ਹਿ ਪੁਨ ਤਿਹ ਰਖਿਆ ਕਰਤ ਉਪਾਇ। ਉਤਮ ਰਖਿਆ ਤਜਾਗ ਪਦਾਰਥ ਅਬ ਇਨ ਪਰ ਦ੍ਰਿਸਟਾਂਤ ਬਤਾਇ। ਜਜੋਂ ਜਲ ਸਰ ਕੋ ਸੂਕੇ ਸੜ ਮੈ ਵਾ ਕ੍ਰਿਮ ਹ੍ਵੈ ਵਾ ਸ੍ਵਾਦ ਬਿਲਾਇ। ਨ ਕ੍ਰਿਮ ਸੂਕੇ ਨਾ ਜਲ ਪਰ ਵਾਹਿਕ ਸੁਭਗ ਸ੍ਵਾਦ ਤਜੋਂ ਅਰਥ ਸੁਭਾਇ॥੩॥**

ਟੀਕਾ॥ ਰੂਪਕ ਅਲੰਕਾਰ ਕਰਕੇ ਅਬ ਨਿਰੂਪਨ ਕਰੇ ਹੈ। ਅਨੇਕਾਂ ਉਪਾਓ ਕਰਕੇ ਸਭ ਪੁਰਸ਼ ਪਦਾਰਥ ਦਾ ਸੰਗ੍ਰਿਹ ਕਰਤੇ ਹੈਂ। ਅਰ ਫੇਰ ਤਿਸਕੀ ਰਖਿਆ ਕਾ ਉਪਾਓ ਕਰਤੇ ਹੈਂ। ਪਰ ਉਸ ਰਖਿਆ ਕਰ ਧਨ ਕੀ ਰਖਿਆ ਨਹੀਂ ਹੋਵੇ ਹੈ। ਜੋ ਧਰਮ ਅਰਥ ਧਨ ਕਾ ਤਿਆਗ ਕਰ ਦੇਨਾ। ਸੋ ਯੇ ਊਤਮ ਰਖਿਆ ਹੈ। ਇਸ ਥੀਂ ਭਿੰਨ ਔਰ ਕੋਈ ਰਖਿਆ ਨਹੀਂ ਹੈ।



ਅਬ ਇਸ ਪਰ ਆਮ ਦ੍ਰਿਸਟਾਂਤ ਬਤਾਤੇ ਹੈਂ। ਜੈਸੇ ਕੋਈ ਜਲ ਵਾਲਾ ਸਰ ਨਾਮ ਤਲਾਓ ਹੈ। ਉਸ ਸੇ ਬਾਹਿਰ ਪ੍ਰਵਾਹ ਕੋਈ ਨਿਕਲਤਾ ਨਹੀਂ ਹੈ। ਭਾਵ। ਉਸ ਜਲ ਕੋ ਕੋਈ ਵਰਤਤਾ ਨਹੀਂ ਹੈ। ਤਬ ਉਸੀ ਤਲਾਓ ਮੇਂ ਯਾ ਤੌ ਜਲ ਸੁਕ ਜਾਇਗਾ। ਯਾਂ ਕੀੜੇ ਪੜ ਜਾਂਇਗੇ ਵਾ ਸੁਵਾਦ ਨਸ਼ਟ ਹੋ ਜਾਇਗਾ। ਅਰ ਜਿਸ ਤਲਾਓ ਸੇ ਜਲ ਕਾ ਪ੍ਰਵਾਹ ਨਿਕਲ ਰਹਾ ਹੈ ਭਾਵ। ਲੋਕਾਂ ਦੇ ਵਰਤਨ ਮੇਂ ਆਤਾ ਹੈ। ਫੇਰਨਾ ਉਸ ਮੇਂ ਕੀੜੇ ਪੜੇਗੇਂ ਨਾ ਵਹੁ ਸੁਕੇਗਾ ਨਾ ਜਲ ਕਾ ਪ੍ਰਵਾਹ ਮੁਕੇਗਾ ਨਾ ਉਸਕਾ ਸੁਵਾਦ ਵਿਗੜੇਗਾ ਬਲਕਿ ਅਗੇ ਨਾਲੋਂ ਭੀ ਜਲ ਕਾ ਸੁਵਾਦ ਸੁੰਦਰ ਹੋ ਜਾਇਗਾ। ਤੈਸੇ ਅਰਥ ਨਾਮ ਧਨ ਕਾ ਸੁਭਾਵ ਹੈ। ਜੋ ਧਨ ਧਰਮ ਮੇਂ ਨਹੀਂ ਲਾਤੇ ਧਨ ਕਾ ਸੁਕਨਾ ਕਿਆ ਹੈ। ਜੋ ਧਰਤੀ ਮੇਂ ਦਬ ਰਖਨਾ। ਧਨ ਮੇਂ ਕੀੜੇ ਕਿਆ ਜੋ ਝਗੜੇ ਪੜ ਜਾਨੇ। ਧਨ ਕਾ ਸ੍ਵਾਦ ਵਿਗੜਨਾ ਕਿਆ। ਜੋ ਚੋਰਾਂ ਨੇ ਲੁਟ ਲੇ ਜਾਨਾ। ਜਿਨ ਕਾ ਧਨ ਧਰਮ ਮੇਂ ਲਗ ਰਹਾ ਹੈ ਧਨ ਦਬਨਾ ਰੂਪੀ ਸੁਕਨਾ ਭੀ ਨਹੀਂ ਹੋਵੈ ਹੈ। ਧਨ ਮੈ ਝਗੜੇ ਰੂਪੀ ਕੀੜੇ ਭੀ ਨਹੀਂ ਪੜਤੇ। ਸੁਵਾਦ ਕਿਆ ਕਿ ਚੋਰ ਨਹੀ ਲੇਤੇ। ਧਰਮ ਮੇਂ ਧਨ ਖਰਚ ਕਰਨੇ ਸੇ ਮੁਕਤਾ ਭੀ ਨਹੀ। ਉਲਟਾ ਬਿਰਧੀ ਭਾਵ ਕੋ ਪਰਾਪਤ ਹੋਵੈ। ਇਸ ਵਾਸਤੇ ਹੇ ਪਿਆਰੇ ਸਜਨੋਂ ਧਨ ਧਰਮ ਮੇਂ ਲਾਵਨਾ ਯੋਗ ਹੈ॥ਮੂਲ॥

**ਦੋਹਿਰਾ॥ ਧਨ ਸੰਗ੍ਰਿਹ ਤੇ ਦਾਨ ਧਨ ਸੌ ਗੁਣ ਅਧਿਕ ਪਛਾਨ। ਬਿਨਾ ਦਾਨ ਜੋ ਦਰਬ ਹੈ ਸੋ ਬਨ ਸੁਮਨ ਸਮਾਨ॥੪॥**

ਟੀਕਾ॥ ਧਨ ਕਾ ਜੋ ਇਕੱਠਾ ਕਰਨਾ ਹੈ ਤਿਸ ਨਾਲੋਂ ਦਾਨ ਜੋ ਹੈ ਸੋ ਧਨ ਹੈ। ਦਾਨ ਦੇਣਾ ਸ੍ਰੇਸ਼ਟ ਹੈ। ਸੌ ਗੁਣ ਕਹੀਏ ਸੈਂਕੜੇ ਗੁਨਾਂ ਵਿਸ਼ੇਸ਼ ਹੈ। ਐਸੇ ਪਛਾਨ। ਕਿੰਬਾ। ਜੋ ਧਨ ਕਾ ਇਕੱਤਰ ਕਰਕੇ ਧਨ ਕਾ ਜੋ ਦਾਨ ਕਰ ਦੇਣਾ ਇਸ ਸੇ ਸੌ ਗੁਨਾਂ ਅਧਿਕ ਹੋ ਜਾਵੇ ਹੈ। ਐਸੇ ਤੁਮ ਜਾਨੋ। ਭਾਵ- ਧਨ ਜਮਾਂ ਕਰਨੇ ਸੇ ਧਨ ਬਿਰਧੀ ਭਾਵ ਕੌਣ ਹੀ ਹੋਵੇ ਹੈ। ਧਨ



Scanned by CamScanner

ਕੇ ਦਾਨ ਕਰਨੇ ਸੇ ਧਨ ਬਿਰਧੀ ਕੋ ਪਰਾਪਤ ਹੋਵੇ ਹੈ ॥੧ ॥ਅਰ ਜੋ ਬਿਨਾਂ ਦਾਨ ਸੇ ਧਨ ਹੈ ਵਹੁ ਐਸੇ ਨਿਸਫਲ ਹੈ, ਜੈਸੇ ਉਜਾੜ ਮੇਂ ਜੋ ਬਨ ਹੈ। ਉਸ ਮੇਂ ਜੋ ਲਗੇ ਹੂਏ ਸੁਮਨ ਨਾਮ ਫੂਲ ਹੈ। ਸੋ ਕਿਸੀ ਕਾਮ ਨਹੀਂ॥ ਕਾਹਿਤੇ॥ ਜੋ ਉਜਾੜ ਮੇਂ ਫੂਲ ਹੈਂ। ਸੋ ਕਿਸੀ ਕਾਮ ਆਤੇ ਨਹੀਂ। ਆਪੇ ਲਗ ਕੇ ਸੁਕ ਜਾਤੇ ਹੈਂ। ਇਸ ਮੇਂ ਗੁਰੂ ਪ੍ਰਮਾਨ। ਜਿਉ ਉਦਿਆਨ ਕੁਸਮ ਪਰ ਫੁਲਤ ਕਿਨਹਿ ਨ ਘ੍ਰਾਉ ਲਇਓ। ਤੈਸੇ ਬਿਨਾਂ ਦਾਨ ਸੇ ਜੋ ਦਰਬ ਹੈ ਸੋ ਬਨ ਕੁਸਮ ਵਤਿ ਨਿਸਫਲ ਹੈ। ਭਾਵ-ਇਸ ਸੰਸਾਰ ਸੇ ਕੋਈ ਔਰ ਵਸਤੂ ਤੌ ਸਾਥ ਜਾਤੀ ਨਹੀਂ। ਕੇਵਲ ਜੋ ਦਾਨ ਪੁੰਨ ਹੂਆ ਹੈ ਸੋ ਇਸਕੇ ਸਾਥ ਜਾਤਾ ਹੈ। ਜੋ ਧਨ ਦਾਨ ਤੇ ਬਿਨਾਂ ਹੈ ਸੋ ਈਹਾਂ ਪੜਾ ਰਹੇਗਾ। ਇਸ ਵਾਸਤੇ ਸੋ ਧਨ ਬਿਅਰਥ ਹੈ ॥ਸੰਕਾ ॥ਯੇ ਮਾਨੁਖ ਜਨਮ ਕੈਸੇ ਸਫਲ ਹੋਵੇ ਹੈ ॥ਸਮਾਧਾਨ ॥ਮੂਲ ॥

**ਦੋਹਿਰਾ ॥ਜ੍ਵਾਨ ਜਿਤੇਂ ਦ੍ਵਿਜ ਜਪ ਤਪੀ ਮ੍ਰਿਦੁ ਵਿਦ੍ਵਾਨ ਉਦਾਰ॥ ਦੀਨ ਮਾਨ ਨਹਿ ਨਵ ਗੁਣੀ ਹਰਿ ਬਪੁ ਤਾਸ ਜੁਹਾਰ ॥੫ ॥**

ਟੀਕਾ॥ ਜਿਸ ਪੁਰਸ਼ ਕੀ ਤੌ ਜੋਬਨ ਅਵਸਥਾ ਹੋਵੇ। ਫੇਰ ਦਸੇ ਇੰਦਰੀਆਂ ਆਪੋ ਆਪਣੇ ਵਿਸ਼ਜਾਂ ਸੇ ਜਿਸਨੇ ਜਿਤੀਆਂ ਕਿਆ ਰੋਕੀਆਂ ਹੋਈਆਂ ਹੋਵੇ॥ ਸੰਕਾ॥ ਉਨ੍ਹਾਂ ਦਸਾਂ ਇੰਦ੍ਰੀਆਂ ਕਾ ਨਾਮ ਕਿਆ ਹੈ॥ ਸਮਾਧਾਨ॥ਸ੍ਰੋਤ੍ਰ ਚਖੂ ਤ੍ਵਕ ਰਸਨਾ ਘ੍ਰਾਨ ਏ ਪਾਂਚ ਗਿਆਨ ਇੰਦ੍ਰੀਆਂ ਹੈਂ। ਵਾਕ ਪਾਨ ਪਾਦ ਉਪਸਥ ਗੁਦਾ ਇਹ ਪਾਂਚ ਕਰਮੇਦ੍ਰਿਯ ਹੈ ਇਨਕੋ ਜਿਸਨੇ ਵਿਸ਼ਿਆਂ ਸੇ ਰੋਕਿਆ ਹੂਆ ਹੈ। ਇਕਗਾਰ ਚਿਤ ਕਾ ਈਸ਼੍ਵਰ ਕਾ ਜਪ ਕਰਤਾ ਹੋਵੇ ਫੇਰ ਤਪੀਸ੍ਵਰ ਹੋਵੇ। ਬ੍ਰਤਿਆਦੀ ਰਖਤਾ ਹੋਵੇ ਔਰ ਮ੍ਰਿਦ ਨਾਮ ਕੋਮਲ ਸੁਭਾਵ ਹੈ। ਫੇਰ ਵਿਦਵਾਨ ਹੈ। ਭਾਵ ਵੇਦ ਸ਼ਾਸਤ੍ਰ ਕੇ ਭਾਵ ਨੂੰ ਸਮਝਤਾ ਹੋਵੇ ਧਨ ਦਾ ਦਾਨ ਦੇਤਾ ਹੈ। ਭਾਵ ਧਨ ਤਿਆਗ ਕਰਨੇ ਮੇਂ ਵਡਾ ਉਦਾਰ ਹੈ। ਦੀਨ ਕਿਆ ਚਿਤ ਸੇ ਵਡਾ ਗਰੀਬ ਹੈ। ਭਾਵ



ਨਿਮਰਤਾ ਵਾਲਾ ਹੈ। ਮਾਨ ਨਾਮ ਫੇਰ ਜਿਸਕੋ ਹੰਕਾਰ ਨਹੀਂ ਹੈ। ਨਿਰ ਹੰਕਾਰ ਹੈ ਜਿਸ ਮੇਂ ਇਹ ਨੌਂ ਗੁਣ ਹੈਂ। ਵਹੁ ਮਾਨੁਖ ਨਹੀਂ ਸੋ ਸਾਖਜਾਤ ਪਰਮੇਸ਼ਵਰ ਕਾ ਸਰੂਪ ਹੈ। ਉਸ ਮੇਂ ਅਰ ਪਰਮੇਸ਼੍ਵਰ ਮੇਂ ਕੁਛ ਭੇਦ ਨਹੀ ਜੋ ਮਾਨੁਖ ਜਨਮ ਪਾ ਕੇ ਇਨ੍ਹਾਂ ਗੁਣਾਂ ਕੋ ਧਾਰਨ ਕਰਤਾ ਹੈ। ਜਨਮ ਉਸੀ ਕਾ ਸਫਲਾ ਹੈ। ਕਵੀ ਜੀ ਕਹਿਤੇ ਹੈਂ ਐਸੇ ਪੁਰਸ਼ ਕੋ ਹਮਾਰੀ ਨਿਮਸਕਾਰ ਹੋ। ਜੁਹਾਰ ਨਾਮ ਨਿਮਸਕਾਰ ਕਾ ਹੈ ॥੫ ॥ਸੰਕਾ ॥ਵਡਾ ਧਨੀ ਹਛਾ ਹੈ ਵਾ ਛੋਟਾ ॥ਸਮਾਧਾਨ ॥ਮੂਲ ॥

**ਸਵੈਯਾ ॥ਸਿੰਧੁ ਅਗਾਧ ਅਹੇਲਵਣੋਦਿਕ ਤਦਪਿ ਕਜਾ ਕਹੂੰ ਪਜਾਸ ਨ ਟਾਰੇ। ਜਾਨੁ ਪ੍ਰਮਾਨ ਜੁ ਵਾਰ ਸੁ ਚਾਰ ਤ੍ਰਿਖਾ ਨਰ ਨਾਰ ਮ੍ਰਿਗਾਦਿ ਕੀ ਹਾਰੇ। ਨੈਕ ਧਨਾਢਿ ਤਥਾਪਿ ਬਡੋ ਅਰਥੀ ਵਿਯਰਥੇ ਜਹਿ ਜਾਤ ਨ ਦ੍ਵਾਰੇ। ਜਾਂ ਧਨ ਰਾਸ ਨਿਰਾਸਕ ਭਿੱਛਕ ਸੋ ਧਨ ਕਜਾ ਚੁਵਤੀ ਛਤ ਧਾਰੇ ॥੬ ॥**

ਟੀਕਾ ॥ਦ੍ਰਿਸਟਾਂਤ ਅਲੰਕਾਰ ਸੇ ਕਹੇ ਹੈਂ। ਜੈਸੇ ਸਮੁੰਦਰ ਵਡਾ ਭਾਰੀ ਅਗਾਧ ਜਲ ਵਾਲਾ ਤੌ ਹੈ। ਪਰ ਪਾਣੀ ਉਸ ਕਾ ਲਵਨ ਨਾਮ ਖਾਰੀ ਹੈ। ਯਦਪਿ ਡੂੰਗਾ ਹੂਆ ਤੌ ਕੀ ਹੂਆ। ਤਦਪਿ ਨਾਮ ਤੌ ਭੀ ਕਿਆ ਨਾਮ ਕਿਸੀ ਕੀ ਪਿਆਸ ਤੌ ਦੂਰ ਨਹੀ ਕਰ ਸਕੇ ਹੈ ॥੧ ॥ਜੋ ਜਲ ਜਾਨ ਨਾਮ ਗੋਡੇ ਪ੍ਰਜੰਤ ਡੂੰਗਾ ਹੈ ਸੋਈ ਸ੍ਰੇਸ਼ਟ ਹੈ। ਕਾਹਿਤੇ। ਤ੍ਰਿਖਾ ਜੋ ਪਿਆਸ ਹੈ ਨਰ ਨਾਮ ਪੁਰਸ਼ੋਂ ਕੀ ਨਾਰੀ ਨਾਮ ਇਸਤਰੀਓਂ ਕੀ ਮਿਰਗਾਦਿ ਕੀ ਕਹੀਏ ਹਰਨ ਆਦੀ ਸਭ ਪਸੂਓਂ ਕੀ ਹਰੇ ਨਾਮ ਦੂਰ ਕਰੇ ਹੈ। ਭਾਵ ਇਹ ਹੈ ਸਮੁੰਦਰ ਮੇਂ ਜਲ ਯਦਪੀ ਬਹੁਤ ਹੈ ਪਰ ਖਾਰੀ ਹੈ। ਪਰੰਚੇ ਪਿਆਸ ਕਿਸੇ ਕੀ ਦੂਰ ਨਹੀਂ ਕਰ ਸਕੇ ਹੈ। ਯਦਪੀ ਗੋਡੇ ਪਰਮਾਨ ਜਲ ਤੌ ਥੋੜਾ ਹੈ ਪਰੰਚੇ ਪਿਆਸ ਸਭ ਕੀ ਦੂਰ ਕਰ ਦੇਵੇ ਹੈ ਛੋਟਾ ਹੂਆ ਤੌ ਕਿਆ ਹੂਆ॥ ੨ ॥ਅਬ ਦ੍ਰਿਸਟਾਂਤ ਕਹੇ ਹੈ ਤੈਸੇ ਅਲਪ ਧਨ ਵਾਲਾ ਯਦਪੀ ਛੋਟਾ ਹੈ। ਪਰ ਤੌ ਭੀ ਸਭ ਤੇ ਵੱਡਾ ਹੈ। ਕਾਹਿਤੇ। ਜਿਸਕੇ ਦਰਵਾਜ਼ੇ ਸੇ ਅਰਥੀ ਜੋ



Scanned by CamScanner

ਮੰਗਤੇ ਖਾਲੀ ਨਹੀਂ ਜਾਤੇ ਕਿੰਤੂ ਉਨਕਾ ਅਰਥ ਪੂਰਾ ਹੋ ਜਾਤਾ ਹੈ ਸੋ ਸਭ ਤੇ ਵੱਡਾ ਹੈ॥ ੩ ॥ਅਰ ਜਿਸਕੇ ਪਾਸ ਸਮੁੰਦਰ ਵਤਿ ਧਨ ਕੀ ਖਾਨ ਹੈ। ਭਿਛਕ ਦਰਵਾਜ਼ੇ ਸੇ ਖਾਲੀ ਜਾ ਰਹੇ ਹੈਂ ਦਰਵਾਜ਼ੇ ਪਰ ਜੋ ਅਰਥੀ ਆਤਾ ਹੈ ਸੋਈ ਖਾਲੀ ਚਲਾ ਜਾਤਾ ਹੈ। ਉਸਕਾ ਧਨ ਕਿਸੀ ਅਰਥ ਨਹੀਂ ਆਤਾ। ਦਸੋ ਫੇਰ ਵਹੁ ਧਨ ਕਿਆ ਕਰੇਗਾ ਚੋਂਦੀ ਛਤ ਪਰ ਪਾਇਗਾ। ਵਾ ਚੋਂਦੀ ਛਤ ਹੇਠ ਉਸ ਧਨ ਕੋ ਦਬੇਗਾ। ਭਾਵ ਜਬ ਕਿਸੀ ਕਾਮ ਮੇਂ ਨਹੀਂ ਆਤਾ ਜਾਨੋ ਫੇਰ ਵਹੁ ਧਨ ਨਿਸਫਲ ਹੈ॥ ੪ ॥ਆਗੇ ਫੇਰ ਏਹੀ ਬਾਤ ਕਹੇ ਹੈਂ॥ ਮੂਲ॥

**ਸ੍ਵੈਯਾ॥ਹੈ ਸਰ ਸੋ ਸਿੰਧੁ ਤੇ ਸਰਸੋ, ਰਤਨੋਦਿਕ ਖਾਨਨ ਭੀ ਸਭ ਭਾਵੈ। ਪਜਾਸ ਸ੍ਰਮੀ ਪਥ ਕੀ ਜਨ ਕੇ ਸਰਮ ਨਾਸਕ ਮੋ ਸਮਰੱਥ ਦ੍ਰਸਾਵੈ। ਸੋ ਸਰ ਜਜੋਂ ਧਨ ਨੈਕ ਧਨੀ ਜਿਹ ਦ੍ਵਾਰਹਿ ਤੇ ਸਭ ਕੋ ਵਰਸਾਵੈ। ਸਿੰਧ ਧਨੀ ਕਹੂੰ ਦੇ ਨ ਕਨੀ ਕਿਨੋ ਪਕ ਬ੍ਰਨੀ ਪਰ ਪੀਸ ਕਿ ਲਾਵੈ॥੭॥**

ਟੀਕਾ॥ ਸੋ ਤਲਾਓਂ ਜੋ ਹੈ ਸੋ ਸਮੁੰਦਰ ਤੇ ਸ੍ਰੇਸ਼ਟ ਹੈ ਰਤਨੋਦਿਕ ਕਹੀਏ ਪਰ ਉਸ ਮੇਂ ਰਤਨੋ ਕੀ ਖਾਨ ਕੋਈ ਨਹੀ ਹੈ। ਪਰ ਸਭ ਕੇ ਮਨ ਕੋ ਪਿਆਰਾ ਲਗੇ ਹੈ। ਕਾਹਿਤੇ। ਪਿਆਸ ਜੋ ਤ੍ਰਿਖਾ ਹੈ ਥਕਿਆ ਹੂਆ ਪੁਰਸ਼ ਜੋ ਮਾਰਗ ਕਾ ਹੈ। ਉਸਕੇ ਥਕੇਵੇਂ ਕੋ ਅਰ ਪਿਆਸ ਕੇ ਨਾਸ ਕਰਨੇ ਮੇਂ ਜੋ ਜਲ ਸਮਰਥ ਦੇਖਨੇ ਮੇਂ ਆਤਾ ਹੈ॥ ਸੰਕਾ॥ ਸਮੁੰਦਰ ਸੇ ਤਲਾਓ ਸ੍ਰੇਸਟ ਕਹਾ ਹੈ। ਸਮੁੰਦਰ ਮੇਂ ਰਤਨੋਂ ਕੀ ਖਾਨ ਹੋਵੇ ਹੈ। ਤਲਾਓ ਮੇਂ ਰਤਨੋਂ ਕੀ ਖਾਨ ਕੋਈ ਨਹੀਂ ਹੈ। ਫੇਰ ਸਮੁੰਦਰ ਸੇ ਤਲਾਵ ਸ੍ਰੇਸ਼ਟ ਕੈਸੇ ਹੂਆ॥ ਸਮਾਧਾਨ॥ ਹੱਛਾ ਪਹਿਲੀ ਤੁਕ ਦਾ ਅਬ ਔਰ ਅਰਥ ਕਰਤੇ ਹੈਂ। ਸੋ ਤਲਾਵ ਜੋ ਹੈ ਸਮੁੰਦਰ ਸੇ ਸ੍ਰੇਸ਼ਟ ਹੈ॥ ਕਾਹਿਤੇ॥ ਸਮੁੰਦਰ ਮੇਂ ਰਤਨੋਂ ਕੀ ਤੌ ਖਾਨ ਹੈ ਪਰ ਮਧੁਰ ਜਲ ਤੌ ਨਹੀ ਹੈਂ। ਈਹਾਂ ਤਲਾਓ ਮੇਂ ਮਧੁਰ ਜਲ ਕੀ ਖਾਨ ਹੈ। ਜੋ ਰਲ ਮੇਂ ਮਧੁਰ ਪਨਾ ਹੈ ਏਹੀ ਰਤਨਾਂ ਕੀ ਖਾਨ ਹੈ॥੨॥



ਸੋ ਤਲਾਓ ਕੀ ਨਿਆਈਂ ਅਲਪ ਧਨ ਵਾਲਾ ਜੋ ਧਨੀ ਪੁਰਸ਼ ਹੈ। ਸੋਈ ਸ੍ਰੇਸ਼ਟ ਹੈ॥ ਕਾਹਿਤੇ॥ ਜਿਸ ਅਲਪ ਧਨੀ ਕੇ ਦੁਆਰੇ ਤੇ ਸਭ ਕੋਈ ਵਰਸਾਵਤਾ ਹੈ॥ਭਾਵ-ਸਾਧ ਫਕੀਰ ਬ੍ਰਾਹਮਣ ਮੰਗਤਾ ਜੋ ਦਰਵਾਜ਼ੇ ਪਰ ਆਤਾ ਹੈ ਸੋ ਖਾਲੀ ਨਹੀਂ ਜਾਤਾ॥ ੩ ॥ਸਮੁੰਦਰ ਕੀ ਨਿਆਈਂ ਜੋ ਬਹੁਤ ਧਨਵਾਨ ਪੁਰਸ਼ ਹੈ। ਅਰ ਕਿਸੀ ਕੋ ਏਕ ਕਿਨਕਾ ਮਾਤਰ ਭੀ ਯਾਨੇ ਏਕ ਦਮੜੀ ਮਾਤਰ ਭੀ ਨਹੀਂ ਦੇ ਸਕਤਾ। ਅਰ ਜੋ ਦਰਵਾਜ਼ੇ ਪਰ ਆਤਾ ਹੈ। ਸੋ ਖਾਲੀ ਚਲਾ ਜਾਤਾ ਹੈ। ਧਨ ਉਸਕਾ ਕਿਸੀ ਕਾਮ ਮੇਂ ਨਹੀਂ ਆਤਾ। ਦਸੋ ਉਸ ਧਨ ਕੋ ਕਿਆ ਕਰੇਗਾ। ਕਿਧੋ ਕਹੀਏ ਅਥਵਾ ਪਕੇ ਫੋੜੇ ਪਰ ਵਹੁ ਪੀਸ ਕੇ ਲਾਵੇਗਾ॥ ਭਾਵ-ਜੈਸੇ ਸਮੁੰਦਰ ਅਗਾਧ ਤੌ ਹੈ। ਪਰ ਜਲ ਖਾਰੀ ਹੈ। ਕਿਸੀ ਕਾਮ ਮੇਂ ਆਤਾ ਨਹੀਂ। ਦਸੋ ਵਡਾ ਹੂਆ ਤੌ ਕਿਆ ਹੂਆ। ਤੈਸੇ ਵਡਾ ਧਨੀ ਹੂਆ ਤੋ ਕਿਆ ਹੂਆ। ਜਿਸਕਾ ਧਨ ਕਿਸੀ ਅਰਥ ਆਤਾ ਨਹੀਂ। ਉਪਮੇਂ ਤੇ ਉਪਮਾਨ ਨੇ ਨਿਰਾਦਰ ਪਾਇਆ। ਇਹ ਪ੍ਰਤਿਮਾ ਲੰਕਾਰ ਹੈ। ਅਬ ਨਾਵਾਂ ਧਿਆਇ ਸਮਾਪਤ ਹੂਆ ਹੈ। ਆਗੇ ਛੰਦਾਂ ਕੀ ਗਿਨਤੀ ਕਹੇ ਹੈ।

**ਦੋਹਿਰਾ॥ਇਕ ਤੋਟਕ ਤ੍ਰੈ ਦੋਹਿਰੇ ਏਕ ਦੁਵੈਯਾ ਛੰਦ। ਉਭੈ ਸਵੈਯੇ ਧੀਰ ਜਨ ਸਤ ਸਲੋਕ ਚਿਤ ਚੰਦ।**

ਟੀਕਾ॥ ਏਕ ਤੋਟਕ ਹੈ ਤ੍ਰੈ ਦੋਹਿਰੇ ਹੈਂ। ਏਕ ਦੁਵੈਯਾ ਛੰਦ ਹੈ ਦੋ ਸ੍ਵੈਯੇ ਹੈਂ। ਸਾਰੇ ਸਤ ਸਲੋਕ ਹੈਂ। ਏ ਛੰਦ ਕੈਸੇ ਹੈ। ਧੀਰਜਵਾਨ ਪੁਰਸ਼ਾਂ ਕੇ ਚਿਤ ਰੂਪੀ ਕਵੀਆਂ ਕੇ ਬਿਗਸਾਨੇ ਕੋ ਚੰਦਰਮਾ ਸਮਾਨ ਹੈ॥

**ਇਤਿ ਸ੍ਰੀ ਸਾਰੁ ਕਤਾਵਲੀ ਤਿਹ ਨੌਮੋ ਅਧਿਆਇ। ਉਤਮ ਕਹੀ ਉਦਾਰਤਾ ਕਵਿ ਹਰਿਦਯਾਲ ਸੁਭਾਇ॥**

ਟੀਕਾ॥ ਅਰਥ ਸਪੱਸ਼ਟ ਹੈ॥

**ਦੋਹਿਰਾ॥ਧਨ ਈਸ੍ਵਰਜ ਕੋ ਪਾਇਕੇ ਕਰੋ ਚਿਤ ਉਦਾਰ।**



Scanned by CamScanner

ਜਨਮ ਸਫਲ ਤਬ ਹੋਇਗੋ ਜੁਵਾਲਾ ਦਾਸ ਪੁਕਾਰ ॥੧॥

ਇਤਿ ਸ੍ਰੀ ਸਾਰੁਕੁਤਾਵਲੀ ਤਤ੍ਵ ਬੋਧਨੀ ਟੀਕਾ ਕ੍ਰਿਤ ਪ੍ਰਮ ਹੰਸ ਸੰਤ ਜੁਵਾਲਾ ਦਾਸ ਉਦਾਸੀਨ ਉਦਾਰਤਾ ਨਿਰੂਪਨੰ ਨੌਮੋ ਧਿਆਇ ॥੯॥

-o-



ੴ ਸਤਿਗੁਰ ਪ੍ਰਸਾਦਿ ॥

# ਅਥ ਦਸਮੋ ਧਿਆਇ ਪ੍ਰਾਰੰਭ

ਸੰਕਾ ॥ ਇਸ ਦਸਵੇਂ ਧਿਆਇ ਮੇਂ ਕਿਆ ਨਿਰੂਪਨ ਕਰੋਗੇ ॥ ਸਮਾਧਾਨ ॥

**ਦੋਹਿਰਾ ॥ ਦਸਮੇਂ ਦ੍ਵਾਦਸ ਛੰਦ ਕਰ ਕ੍ਰੋਧਾਦਿਕ ਵਖਿਆਨ। ਹਾਨ ਕਰੈ ਅਰਿ ਜਾਨ ਕੈ ਮਾਨ ਕਰੈ ਦੁਖ ਖਾਨ ॥੧॥**

ਟੀਕਾ ॥ ਦਸਵੇਂ ਧਿਆ ਮੇਂ ਬਾਰਾਂ ਛੰਦੋਂ ਕਰ ਕਾਮ ਕ੍ਰੋਧ ਲੋਭ ਮੋਹ ਅਹੰਕਾਰ ਆਦੀ ਸੁਰੀ ਸੰਪਤੀ ਕੇ ਗੁਣ ਦੁਖਦਾਈ ਹੈਂ। ਅਬ ਇਸ ਬਾਤ ਕੋ ਹਰਿ ਦਿਆਲ ਕਵੀ ਜੀ ਨਿਰੂਪਨ ਕਰੇਂਗੇ ॥੧॥ ਸੰਕਾ ॥ ਜੀਵ ਕੋ ਕਿਆ ਕਰਤ੍ਵ ਹੈ ॥ ਸਮਾਧਾਨ ॥ ਜੀਵ ਕੋ ਯੇਹ ਚਾਹੀਏ ਇਨਕੋ ਜਨਮ ਜਨਮਾਂਤਰ ਕਾ ਵੈਰੀ ਸਮਝ ਕਰ ਜਹਾਂ ਤਕ ਬਨੇ ਇਨਕਾ ਨਾਸ ਕਰੇ। ਭਾਵ-ਇਨ ਮੇਂ ਪ੍ਰੇਮ ਨ ਕਰੇ ਤਬ ਇਸਕੋ ਸੁਖ ਹੋਗਾ। ਨਹੀਂ ਜੇ ਇਨ੍ਹੋਂ ਕਾ ਆਦਰ ਕਰੇਗਾ। ਭਾਵ-ਇਨਕੋ ਚਿਤ ਮੇਂ ਧਾਰਨ ਕਰੇਗਾ। ਫੇਰ ਤਿਸ ਕੋ ਜਨਮ ਮਰਨ ਰੂਪੀ ਦੁਖਾਂ ਕੀ ਖਾਨੀ ਪ੍ਰਾਪਤ ਹੋਵੇ ਹੈ।੨। ਸੰਕਾ। ਕਿਸ ਪੁਰਸ਼ ਕੋ ਲਛਮੀ ਤਿਆਗ ਕੇ ਚਲੀ ਜਾਵੇ ਹੈ ॥ ਸਮਾਧਾਨ ॥ ਮੂਲ ॥

**ਮਧਭਾਰ ਛੰਦ ॥ ਪਹਿਰੈ ਕੁਚੈਲ। ਧ੍ਰਿਤ ਦੰਤ ਮੈਲ। ਤਪ ਤਾਨ ਪ੍ਰੀਤ। ਮਧੁਰੋ ਨ ਗੀਤ ॥ ੨ ॥ ਰਵਿ ਅੰਤ ਭੋਰ। ਜਿਹਨੀਦ ਘੋਰ। ਜਬ ਲਛ ਕੰਤ। ਤਿਹ ਸ੍ਰੀ ਤਜੰਤ ॥੩॥**



Scanned by CamScanner

ਟੀਕਾ॥ ਜੋ ਪੁਰਸ਼ ਸਦੀਵ ਕਾਲ ਕੁਚੈਲ ਕਹੀਏ ਮਲੀਨ ਵਸਤ੍ਰ ਪਹਿਰਤਾ ਹੈ। ਅਰ ਦੰਦੋਂ ਮੇਂ ਸਦੀਵ ਕਾਲ ਮੈਲ ਕੋ ਧਾਰਨ ਕਰਤਾ ਹੈ। ਭਾਵ-ਦੰਤ ਧਾਵਨ ਹੀ ਨਹੀ ਕਰਤਾ। ਅਰ ਫੇਰ ਗਰਮ ਅੰਨ ਸੇ ਜਿਸ ਕੀ ਪ੍ਰੀਤੀ ਹੈ। ਜੈਸੇ ਕੋਈ ਨਵੀਨ ਪੁਰਸ਼ ਸਹੁਰੇ ਘਰ ਮੇਂ ਜਬ ਗਯਾ। ਉਸ ਕੀ ਖਾਤ੍ਰ ਸਸ ਨੇ ਖੀਰ ਤਿਆਰ ਕਰੀ ਗਰਮੋ ਗਰਮ ਥਾਲੀ ਮੇਂ ਪਰੋਸ ਕੇ ਸਸ ਨੇ ਆਗੇ ਧਰ ਦਈ। ਉਸ ਸੇ ਅਗੇ ਸਹਾਰਾ ਨਾ ਕੀਆ ਗਯਾ। ਸ਼ੀਘਰ ਹੀ ਗ੍ਰਾਸ ਮੁਖ ਮੇਂ ਪਾਇ ਲੀਆ,ਮੁਖ ਲਗਾ ਸੜਨੇ ਸ਼ਰਮਿੰਦਗੀ ਦਾ ਮਾਰਾ ਹੂਆ ਛਤ ਦੀ ਤਰਫੋਂ ਦੇਖਕੇ ਕਹਿਨੇ ਲਗਾ ਇਸ ਛਤ ਦੇ ਬਾਲੇ ਠੀਕ ਨਹੀਂ ਪਾਏ ਹੂਏ। ਅਗੇ ਸਸ ਭੀ ਸਮਝ ਗਈ ਕਹਿਨੇ ਲਗੀ ਏ ਸਭ ਕਾਹਿਲ ਨੇ ਕੰਮ ਵਿਗਾੜੇ ਹੂਏ ਹੈਂ। ਭਾਵ-ਤੂੰ ਕਾਹਿਲ ਨ ਕਰਤਾ ਤੇਰਾ ਮੁਖ ਨ ਸੜਤਾ। ਸੋ ਐਸੇ ਸੁਣ ਕਰ ਸ਼ਰਮਿੰਦਾ ਹੂਆ। ਐਸੇ ਹੀ ਜੋ ਗਰਮ ਅੰਨ ਸੇ ਪ੍ਰੀਤ ਕਰਤਾ ਹੈ। ਭਾਵ-ਬਾਸੀ ਅੰਨ ਖਾਤਾ ਹੈ। ਅਰ ਮਿਠੀ ਬਾਨੀ ਬੋਲਤਾ ਨਹੀਂ। ਰਵਿ ਨਾਮ ਸੂਰਜ ਕੇ ਅੰਤ ਨਾਮ ਅਸਤਿ ਕਾਲ ਮੈ ਸੋ ਜਾਨਾ ਭੋਰ ਨਾਮ ਸੂਰਜ ਕੇ ਉਦੇ ਕਾਲ ਤਕ ਸੁਤੇ ਰਹਿਨਾ ਭਾਵ ਸੰਧਿਆ ਸਮੇਂ ਸੌਣਾ ਦਿਨ ਚੜ੍ਹੇ ਤਕ ਸੁਤੇ ਰਹਿਨਾ ਐਸੀ ਜਿਸਕੀ ਨਿੰਦ੍ਰਾ ਘੋਰ ਨਾਮ ਭਿਆਨਕ ਹੈ। ਜੇਕਰ ਵਹੁ ਲਛਮੀ ਕਾ ਪਤੀ ਭਾਵੇਂ ਵਿਸ਼ਨੂੰ ਭੀ ਹੋਵੇ ਤਿਸ ਕੋ ਭੀ ਸ੍ਰੀ ਨਾਮ ਲਛਮੀ ਤਿਆਗ ਕੇ ਚਲੀ ਜਾਇਗੀ। ਭਾਵ ਜਿਸ ਮੇਂ ਐਸੇ ਅਸੁਭ ਗੁਨ ਪਾਇ ਜਾਇੰਗੇ ਤਿਸ ਪਾਸ ਲਛਮੀ ਕਬੀ ਨਿਵਾਸ ਨਹੀਂ ਕਰੇਗੀ। ਵਾ ਉਸ ਪੁਰਸ਼ ਕੀ ਸ੍ਰੀ ਨਾਮ ਸੋਭਾ ਚਲੀ ਜਾਇਗੀ। ਹੇ ਪਿਆਰੇ ਸਜਨੋ ਜਹਾਂ ਤਕ ਬਨੇ ਐਸੇ ਅਸ਼ੁਭ ਗੁਣੋਂ ਕਾ ਤਿਆਗ ਕਰਨਾ ਯੋਗ ਹੈ॥ ਮੂਲ॥

**ਤਿਲਕਾ ਛੰਦ॥ਦੋ ਸਗਨ ਗਨ ਦਾ ਹੋਤਾ ਹੈ॥ ਪਰ ਅੰਨ ਹਰੇ। ਪਰ ਧੰਨ ਚੁਰੇ। ਪਰ ਸੇਜ ਰਮੇ। ਗੁਰ ਨਾਰ ਗਮੇ॥੪॥ ਪਰ ਧਾਮ ਬਸੇ। ਪੁੰਨ ਦਾਨ ਨਸੇ। ਯਦਿ ਇੰਦ੍ਰ ਅਹੇ। ਤਿਹ ਸ੍ਰੀ**



**ਨ ਰਹੇ॥੫॥**

ਟੀਕਾ॥ਜੋ ਪੁਰਸ਼ ਪਰਾਏ ਅੰਨ ਹਰਨੇ ਵਾਲਾ ਹੈ ਅਰ ਪਰਾਇਆ ਧਨ ਚੁਰਾਨੇ ਵਾਲਾ ਹੈ। ਅਰ ਜੋ ਪਰਾਈ ਨਾਰੀ ਸੇ ਗਮਨ ਕਰਨੇ ਵਾਲਾ ਹੈ। ਔਰ ਗੁਰੂ ਕੀ ਨਾਰੀ ਸੇ ਰਮਨ ਕਰਨੇ ਵਾਲਾ ਹੈ। ਜੈਸੇ ਚੰਦਰਮਾ ਨੇ ਬ੍ਰਿਹਸਪਤ ਗੁਰੂ ਕੀ ਇਸਤ੍ਰੀ ਸਾਥ ਗਮਨ ਕਰਾ ਥਾ। ਐਸੇ ਜੋ ਗੁਰੂ ਕੀ ਨਾਰੀ ਸਾਥ ਗਮਨ ਕਰਨੇ ਵਾਲਾ ਹੈ॥੪॥ਅਰ ਜੋ ਪਰਾਏ ਘਰ ਹਮੇਸਾਂ ਨਿਵਾਸ ਕਰਤਾ ਹੈ। ਔਰ ਜੋ ਪੁੰਨ ਦਾਨ ਕਰਨੇ ਸੇ ਭਾਗਤਾ ਹੈ। ਹਮੇਸ਼ਾਂ ਜੋ ਪਰਮੇਸਰ ਕੇ ਨਾਮ ਪਰ ਦੇਤਾ ਹੈ ਇਸ ਕੋ ਪੁੰਨ ਕਹੇ ਹੈ। ਆਪਣੇ ਸ੍ਵਤ ਕੋ ਤਿਆਗ ਕੇ ਪਰ ਸ੍ਵਤ ਕੋ ਗ੍ਰਹਿਨ ਕਰਾਵੇ ਇਸ ਕਾ ਨਾਮ ਦਾਨ ਹੈ। ਭਾਵ-ਨਿਮਤਕ ਕਰਮ ਸੇ ਦਾਨ ਕਰਿਆ ਜਾਇ ਇਸ ਕਾ ਨਾਮ ਦਾਨ ਹੈ ਨਾ ਪੁੰਨ ਕਰਤਾ ਹੈ। ਨਾ ਦਾਨ ਕਰਤਾ ਹੈ। ਐਸਾ ਪੁਰਸ਼ ਯਦੀ ਵਹੁ ਭਾਵੇਂ ਇੰਦਰ ਭੀ ਹੋਵੇ ਪਰ ਤਿਸ ਕੇ ਪਾਸ ਲਛਮੀ ਕਬੀ ਨਹੀ ਰਹੇਗੀ। ਕਾਹਿਤੇ। ਅਸ਼ੁਭ ਗੁਣ ਵਾਲੇ ਪੁਰਸ਼ ਕੋ ਲਛਮੀ ਤਿਆਗ ਕੇ ਚਲੀ ਜਾਤੀ ਹੈ ਉਤਮ ਗੁਣ ਵਾਲੇ ਪਾਸ ਲਛਮੀ ਨਿਵਾਸ ਕਰਤੀ ਹੈ। ਯਾਤੇ ਉਤਮ ਗੁਨ ਧਾਰਨੇ ਯੋਗ ਹੈ॥ ਸੰਕਾ॥ ਇਸ ਸਰੀਰ ਮੇਂ ਖੇਦ ਕਵਨ ਹੈ॥ਸਮਾਧਾਨ॥ਮੂਲ॥

**ਤੋਟਕ ਛੰਦ॥ਖੁਧਿਆ ਸਮ ਨਾ ਤਨ ਖੇਦ ਅਹੈ॥ਨਹਿ ਚਿੰਤ ਸਮਾ ਹਨ ਸੋਖ ਕਹੈ। ਜਨ ਭੂਖਨਨਾ ਵਿਦਿਆ ਕੇ ਸਮਾ। ਨਹਿ ਰਖਜਕ ਕਾਇ ਸਮਾਨ ਖਿਮਾ॥੬॥**

ਟੀਕਾ॥ਖੁਧਿਆ ਕੇ ਸਮਾਨ ਇਸ ਸਰੀਰ ਮੇਂ ਔਰ ਕੋਈ ਖੇਦ ਨਹੀਂ ਹੈ॥ਭਾਵ-ਭੁਖ ਜੈਸਾ ਇਸ ਸੰਸਾਰ ਮੇਂ ਔਰ ਦੁਖ ਕੋਈ ਨਹੀ ਹੈ। ਕਾਹਿਤੇ। ਇਨ੍ਹਾਂ ਪ੍ਰਾਣੋਂ ਕੀ ਰਖਿਆ ਕਰਨੇ ਲੀਏ ਜੋ ਜੋ ਕਰਮ ਨਹੀਂ ਕਰਨੇ ਯੋਗ ਸੋ ਸੋ ਕਰਤਾ ਹੈ। ਯਾਂਤੇ ਭੁਖ ਜੈਸਾ ਸੰਸਾਰ ਮੇਂ ਔਰ ਖੇਦ ਨਹੀਂ ਹੈ। ਇਸ ਮੇਂ ਪ੍ਰਮਾਨ॥



Scanned by CamScanner

ਕਬਿਤ॥ਕੁਲ ਕੋ ਜੋ ਮਾਨ ਸੋ ਮਹਾਨ ਦ੍ਰਿਢ ਗੂੰਥ ਆਹਿ ਤਾਹਿ ਕੇ ਪ੍ਰਭੇਦਨ ਕੇ ਮਾਹਿ ਸਿਆਨੀ ਭਾਰੀ ਹੈ। ਗੁਣ ਗਨ ਕਵੀ ਵਾਰੀ ਕੋ ਖਿਰਾਨ ਵਾਰੀ ਸੁਬ੍ਰ ਸੋਮ ਉਜਿਆਰੀ ਲਾਜ ਲਤਾ ਕੋ ਕੁਹਾਰੀ ਹੈ। ਮੋਖ ਭੋਗ ਸੁਖਿਆਰੀ ਦੀਨਤਾ ਕਲੇਸ ਕਯਾਰੀ ਧੀਰਜ ਕੇ ਦੀਪਕੋ ਸਮਾਨ ਵਿਯਾਰੀ ਹਾਰੀ ਹੈ। ਐਸੀ ਪੇਟ ਕੀ ਪਿਟਾਰੀ ਲਾਈ ਕੂਰ ਮੁਖਚਾਰੀ ਪੂਰ ਪੂਰ ਸਭ ਹਾਰੀ ਠਾਗੀ ਵਿਸ੍ਰ ਸਾਰੀ ਹੈ।

ਐਸਾ ਪੇਟ ਪਾਪੀ ਹੈ। ਸੰਕਾ। ਇਸ ਸਰੀਰ ਕੇ ਸੁਕਾਨੇ ਵਾਲਾ ਕਵਨ ਹੈ॥ਸਮਾਧਾਨ। ਚਿੰਤਾ ਕੇ ਸਮਾਨ ਇਸ ਸਰੀਰ ਕੋ ਔਰ ਸੁਕਾਨੇ ਵਾਲਾ ਨਹੀਂ ਹੈ। ਚਿੰਤਾ ਚਿਖਾ ਬਰਾਬਰੀ। ਏ ਲੌਕਿਕ ਪ੍ਰਮਾਨ ਹੈ। ਸਰੀਰ ਕੈਸਾ ਮੋਟਾ ਹੋ ਕਿਸੀ ਕਿਸਮ ਕੀ ਚਿੰਤਾ ਲਗ ਰਹੀ ਹੈ। ਫੇਰ ਉਸਕਾ ਤਨ ਦਿਨ ਬਦਿਨ ਸੁਕਤਾ ਚਲਾ ਜਾਇਗਾ॥

**ਦੋਹਿਰਾ॥ ਚਿਤਾ ਜੁਵਾਲ ਸਰੀਰ ਮੇਂ ਸਭ ਜੂਰ ਮੇਂ ਸਿਰਦਾਰ। ਜੋ ਬਿਬੇਕ ਨਰ ਹੀਨ ਹੈ ਮੂਰਖ ਵੋਹੀ ਸੰਸਾਰ॥**

ਚਿੰਤਾ ਸਮਾਨ ਔਰ ਸੁਕਾਨੇ ਵਾਲਾ ਨਹੀਂ ਹੈ। ਸੰਕਾ॥ ਇਸ ਪੁਰਸ਼ ਕਾ ਅਸਲੀ ਭੂਖਣ ਕਵਨ ਹੈ॥ਸਮਾਧਾਨ॥ ਵਿਦਿਆ ਕੇ ਸਮਾਨ ਇਸ ਪੁਰਸ਼ ਕਾ ਔਰ ਭੂਖਨ ਕੋਈ ਨਹੀਂ ਹੈ। ਰਤਨ ਜੜਤ ਸੁਵਰਨ ਕੇ ਭੂਖਨ ਪਾਨੇ ਸੇ ਐਸੇ ਸੋਭਾ ਨਹੀਂ ਪਾਤਾ ਜੈਸੇ ਵਿਦਿਆ ਸੇ ਸੋਭਾ ਪਾਵੇ ਹੈ। ਸੰਕਾ॥ ਇਸ ਕਾਇਆਂ ਕੀ ਰਖਿਆ ਕਰਨੇ ਵਾਲਾ ਕਵਨ ਹੈ॥ਸਮਾਧਾਨ॥ ਖਿਮਾ ਕੇ ਸਮਾਨ ਇਸ ਕਾਇਆ ਕੀ ਰਖਿਆ ਕਰਨੇ ਵਾਲਾ ਔਰ ਕੋਈ ਨਹੀਂ ਹੈ। ਕਾਹਿਤੇ। ਖਿਮਾ ਕਰਨੇ ਵਾਲੇ ਕਾ ਚਿਤ ਸਦਾ ਸਾਂਤ ਰਹੇ ਹੈ। ਸਭ ਲੋਕ ਉਸ ਪਰ ਪ੍ਰਸੰਨ ਰਹਿਤੇ ਹੈਂ ਕਲੇਸ ਕੋਈ ਨਹੀਂ ਦੇਵੇ ਹੈ। ਯਾਂਤੇ ਸਭ ਪੁਰਸ਼ਾਂ ਕੋ ਖਿਮਾ ਧਾਰਨੀ ਯੋਗ ਹੈ। ੬। ਸੰਕਾ। ਖੁਧਿਆ ਕਿਸਕਾ ਨਾਸ ਕਰੇ ਹੈ॥ਸਮਾਧਾਨ॥ਮੂਲ॥

**ਤੋਟਕ ਛੰਦ। ਖੁਧਿਆ ਕਰ ਆਤਰ ਜੋ ਨਰ ਹੈ। ਬੁਧ**



**ਕ੍ਰਾਂਤਿ ਉਭੈ ਤਿਨਕੀ ਨ ਰਹੈ। ਅਤਿ ਆਤੁਰਿ ਚਿੰਤਹਿ ਤੇ ਜੁ ਨਰਾ। ਸੁਖ ਨੀਦ ਉਭੈ ਤਿਨਕੋ ਨ ਜਰਾ॥**

ਟੀਕਾ॥ਜੋ ਪੁਰਸ਼ ਖੁਧਿਆ ਸੇ ਆਤੁਰ ਨਾਮ ਦੁਖੀ ਹੋ ਰਹਾ ਹੈ ਉਸ ਪੁਰਸ਼ ਕੀ ਜੋ ਵਿਵਹਾਰ ਪਰਮਾਰਥ ਕੀ ਬੁਧੀ ਹੈ। ਔਰ ਮੁਖ ਕੀ ਜੋ ਕ੍ਰਾਂਤੀ ਹੈ। ਯਾਨੇ ਸੋਭਾ ਹੈ। ਯੇ ਦੋਨੋਂ ਉਸ ਪੁਰਸ਼ ਕੀਆਂ ਨਹੀ ਰਹਿਤੀਆਂ॥ ਭਾਵ-ਭੂਖ ਸੇ ਯੇ ਦੋਨੋਂ ਨਾਸ ਹੋ ਜਾਵੇ ਹੈ॥ਸੰਕਾ॥ ਚਿੰਤਾ ਸੇ ਕੀ ਨਾਸ ਹੋਵੈ ਹੈ॥ਸਮਾਧਾਨ॥ ਚਿੰਤਾ ਕਰਕੇ ਜੋ ਪੁਰਸ਼ ਅਤੀ ਦੁਖੀ ਹੋ ਰਹਾ ਹੈ। ਸੁਖ ਅਰ ਨਿੰਦਰਾ ਯੇ ਦੋਨੋਂ ਨਾਸ ਹੋ ਜਾਵੈ ਹੈ॥ਭਾਵ-ਚਿੰਤਾ ਵਾਲੇ ਪੁਰਸ਼ ਕੋ ਨਾ ਜ਼ਰਾ ਮਾਤਰ ਸੁਖ ਹੋਤਾ ਹੈ, ਨਾ ਨਿੰਦਰਾ ਆਤੀ ਹੈ। ਹਰ ਵਖਤ ਦੁਖੀ ਰਹੇ ਹੈ। ਐਸੇ ਪੁਰਸ਼ ਕਾ ਭੀ ਜੀਵਨਾ ਨਿਸਫਲ ਹੈ। ਤਾਂਤੇ ਹੇ ਪੁਰਸ਼ੋ ਜਹਾਂ ਤਕ ਬਨੇ ਇਨਕਾ ਨਿਰੋਧ ਕਰੋ॥ਸੰਕਾ॥ ਕਾਮ ਸੇ ਕੀ ਨਾਸ ਹੋਵੇ ਹੈ॥ਸਮਾਧਾਨ॥ਮੂਲ॥

**ਮਨੁਜਾਤੁਰ ਜੋ ਜਨ ਆਹਿ ਸਹੀ। ਤਿਨ ਕੋ ਨਹਿ ਤ੍ਰਾਸ ਨ ਲਾਜ ਕਹੀ। ਦਰਬਾਤੁਰ ਜੋ ਜਨ ਆਹਿ ਘਨਾ। ਤਿਨ ਕੋ ਗੁਰ ਸਾਕ ਨ ਬੰਧੁ ਜਨਾ॥੮॥**

ਟੀਕਾ॥ ਜੋ ਪੁਰਸ਼ ਨਿਸਚੇ ਕਰਕੇ ਕਾਮ ਸੇ ਦੁਖੀ ਹੋ ਰਹਾ ਹੈ। ਨਾ ਉਨਕੋ ਕਿਸੀ ਕਾ ਭੈ ਅਰ ਨਾ ਲਜਾ ਰਹਿਤੀ ਹੈ। ਇਨ ਦੋਨੋਂ ਕਾ ਕਾਮ ਨਾਸ ਕਰ ਦੇਵੇ ਹੈ। ਏਕ ਜੋਬਨ ਅਵਸਥਾ ਕਾ ਪੁਰਸ਼ ਬਜ਼ਾਰ ਮੇਂ ਜਾਇ ਰਹਾ ਥਾ ਅਰ ਉਧਰ ਸੇ ਏਕ ਸੁੰਦਰ ਇਸਤ੍ਰੀ ਆ ਰਹੀ ਥੀ। ਦੇਖ ਕਰ ਉਸ ਪੁਰਸ਼ ਕਾ ਚਿਤ ਲੁਭਾਇਮਾਨ ਹੋ ਗਯਾ। ਕਾਮ ਸੇ ਵਫਾ ਦੁਖੀ ਹੂਆ ਉਸ ਸੇ ਰਹਾ ਨ ਗਯਾ। ਜਾਤੇ ਹੀ ਉਸ ਨਾਰੀ ਕੋ ਪਕੜ ਲੀਆ ਬਜ਼ਾਰ ਮੈ ਢਾਹਿ ਲਈ ਪਸ਼ੂ ਕਾਮ ਲਗਾ ਕਰਨੇ। ਇਸਤ੍ਰੀ ਨੇ ਪੁਕਾਰ ਕਰੀ ਸ਼ੀਘਰ ਲੋਕ ਪਹੁੰਚ ਗਏ ਉਸ ਪੁਰਸ਼ ਕੋ ਮਾਰ ਮਾਰ ਕੇ ਉਤਾਰਨੇ ਲਗੇ ਪਰ ਵਹੁ ਉਤਰਾ ਨਹੀਂ ਆਪਣਾ ਮਤਲਬ ਪੂਰਾ ਕਰਕੇ ਉਠਾ, ਦੇਖੋ ਇਸ ਕਾਮ ਕਾ



Scanned by CamScanner

ਕੈਸਾ ਪਰਭਾਵ ਹੈ। ਉਸ ਸਮੇਂ ਨਾ ਕਿਸੀ ਕਾ ਉਸਨੇ ਭੈ ਕਰਾ ਨਾ ਲਜਾ ਆਈ। ਭਾਵ-ਕਾਮ ਐਸਾ ਦੁਸੁਟ ਹੈ॥ਸੰਕਾ॥ਮਨੁਜ ਕਾ ਕਿਆ ਅਰਥ ਹੈ॥ਸਮਾਧਾਨ॥ਮਨ ਸੇ ਜਿਸਕੀ ਉਤਪਤੀ ਹੋਵੈ ਸੋ ਕਹੀਏ ਮਨੁਜ। ਕਾਮ ਮਨ ਸੇ ਉਤਪਨ ਹੋਵੈ ਹੈ। ਇਸ ਵਾਸਤੇ ਇਸਕਾ ਨਾਮ ਮਨੁਜ ਹੈ। ਜੋ ਇਸ ਸੇ ਬਚੇ ਸੋ ਸੂਰਾ ਹੈ। ਇਸ ਮੇਂ ਪ੍ਰਮਾਨ।

**ਦੋਹਿਰਾ॥ਸੁਪਨੇ ਹੂੰ ਮੇਂ ਕਾਮ ਸੇ ਜੋ ਨਹਿ ਪੀੜਤ ਹੋਇ। ਸੂਰ ਵਹੀ ਸੰਸਾਰ ਮੇਂ ਮਾਨਤ ਸਜਨ ਸੋਇ।**

ਸੰਕਾ॥ਧਨ ਸੇ ਕਿਆ ਹੋਵੇ ਹੈ॥ਸਮਾਧਾਨ॥ਜੋ ਪੁਰਸ਼ ਧਨ ਕਰਕੇ ਵਡੇ ਦੁਖੀ ਹੋ ਰਹੇ ਹੈਂ। ਭਾਵ-ਧਨ ਕੇ ਜੋ ਵਡੇ ਲਾਲਚੀ ਹੈਂ ਉਨਾ ਕਾ ਨਾ ਕੋਈ ਗੁਰੂ ਹੈ ਨਾ ਕੋਈ ਸਾਕ ਹੈ। ਨਾ ਉਨਕਾ ਕੋਈ ਬੰਧੂ ਜਨ ਹੈ। ਕਿਸੀ ਕਾ ਵਹੁ ਲਿਹਾਜ ਨਹੀਂ ਕਰਤੇ। ਸਭ ਸੇ ਲੇ ਲੇਤੇ ਹੈਂ ਕੇਵਲ ਧਨ ਪਿਆਰਾ ਹੈ ਹੋਰ ਕੋਈ ਪਿਆਰਾ ਨਹੀਂ ਹੈ। ਇਸ ਮੈ ਗੁਰੂ ਪ੍ਰਮਾਨ।

**ਦੋਹਿਰਾ॥ਪਵਨ ਤੂਲ ਅਰ ਤੂਲ ਤੇ ਜਾਚਕ ਹਲਕੋ ਜਾਨ। ਪਵਨ ਨਾ ਤਾਂ ਢਿਗ ਜਾਤ ਹੈ ਮਾਗਨ ਸੰਕਾ ਮਾਨ।**

ਸੰਕਾ॥ਕ੍ਰੋਧ ਸੇ ਕੀ ਹੋਵੇ ਹੈ॥ਸਮਾਧਾਨ॥ਮੂਲ॥

**ਸੋਰਠਾ॥ਕਰੋਧ ਅਨਰਥਨ ਮੂਲ ਕਰੋਧ ਜਨਮ ਅਰ ਮਰਨ ਦੇ। ਕਰੋਧ ਧਰਮ ਨਿਰਮੂਲ ਤਾਂਤੇ ਕਰੋਧ ਤਿਆਗ ਸੁਭ॥੯॥**

ਟੀਕਾ॥ਹੇ ਪੁਰਸ਼ੋ ਕ੍ਰੋਧ ਸਭ ਪਾਪੋਂ ਕਾ ਮੂਲ ਕਾਰਨ ਹੈ। ਜੈਸੇ ਬੀਜ ਸੇ ਬਿਰਛ ਹੋਤਾ ਹੈ। ਤੈਸੇ ਕਰੋਧ ਸੇ ਸਭ ਪਾਪ ਹੋਵੇ ਹੈਂ। ਜੋ ਪੁਰਸ਼ ਕਰੋਧ ਕਰਤਾ ਹੈ, ਸਮਝੋ ਉਸਨੇ ਸਭ ਪਾਪ ਕਰ ਲੀਏ ਹੈਂ। ਅਰ ਕਰੋਧ ਹੀ ਜਨਮ ਮਰਨ ਕੋ ਦੇਨੇ ਹਾਰਾ ਹੈ। ਜ਼ਪ ਤਪ ਭਜਨ ਪਾਠ ਯਗ ਹੋਮ ਤੀਰਥ ਬਰਤ ਇਤਿਆਦੀ ਸਭ ਧਰਮੋਂ ਕਾ ਯੇ ਕਰੋਧ ਨਿਰਮੂਲ ਕਰਨੇ ਵਾਲਾ ਹੈ। ਭਾਵ-ਨਸ਼ਟ ਕਰਨੇ ਵਾਲਾ ਹੈ। ਤਾਂਤੇ ਨਾਮ ਇਸੀ ਵਾਸਤੇ ਹੇ ਪੁਰਸ਼ੋ ਇਸ ਕਰੋਧ



ਕਾ ਤਿਆਗਨਾ ਹੀ ਸ਼ੁਭ ਹੈ। ਇਸ ਕੇ ਤਿਆਗ ਮੇਂ ਸੁਖ ਹੈ। ਕਾਹਿਤੇ। ਕਰੋਧੀ ਪੁਰਸ਼ ਚੰਡਾਲ ਵਤ ਕਹਾ ਹੈ। ਸੰਕਾ। ਵਿਖ ਅਰ ਕਰੋਧ ਸਮਾਨ ਹੋਇੰਗੇਂ॥ਸਮਾਧਾਨ॥ਮੂਲ॥

**ਦੋਹਿਰਾ॥ਕਾਲ ਕੂਟ ਅਰ ਕਰੋਧ ਮੇਂ ਵਡੋ ਅੰਤਰੋ ਆਹਿ। ਕਰੋਧ ਨਿਜਾਸ੍ਰੈ ਕੋ ਦਹੇ ਵਿਖ ਨਹਿ ਸ੍ਵਾਸ੍ਰੈ ਦਾਹਿ॥੧੦॥**

ਟੀਕਾ॥ਕਾਲ ਕੂਟ ਜੋ ਸਿੰਮਲਖਾਰ ਹੈ। ਤਿਸ ਮੇਂ ਅਰ ਕਰੋਧ ਮੇਂ ਵਡਾ ਭਾਰੀ ਭੇਦ ਹੈ।੧। ਕਾਹਿਤੇ। ਏ ਕਰੋਧ ਨਿਜ ਨਾਮ ਆਪਣੇ ਆਸਰੇ ਕੋ ਦਗਧ ਕਰ ਦੇਵੇ ਹੈ ਅਰ ਵਿਖ ਸ੍ਵੈ ਆਪਣੇ ਆਸਰੇ ਕੋ ਦਗਧ ਨਹੀਂ ਕਰੇ ਹੈ। ਦੇਖੋ ਜਿਸ ਪੁਰਸ਼ ਕੇ ਹਿਰਦੇ ਮੇਂ ਕਰੋਧ ਹੋਤਾ ਹੈ। ਤਿਸ ਪੁਰਸ਼ ਕੇ ਹਿਰਦੇ ਕੋ ਜ਼ਰੂਰ ਸਾੜ ਦੇਤਾ ਹੈ। ਸੰਖੀਆ ਭਾਵੇਂ ਆਪਣੇ ਹਾਥ ਮੇਂ ਪਕੜੀ ਰਖੋ ਪਰ ਖਾਇ ਬਿਨਾਂ ਕਲੇਸ ਨਹੀ ਦੇਤਾ। ਇਸ ਮੇਂ ਪ੍ਰਮਾਨ। ਮੌਹਿਰਾ ਹੋਵੇ ਹਥ ਮਰੀਐ ਚਖੀਐ। ਇਸ ਵਾਸਤੇ ਵਿਖ ਸੇ ਕ੍ਰੋਧ ਅਧਿਕ ਹੈ। ਯਾਂਤੇ ਹੇ ਪੁਰਸ਼ੋ ਕ੍ਰੋਧ ਕਾ ਤਿਆਗ ਕਰੋ॥ਸੰਕਾ॥ਇਸ ਕ੍ਰੋਧ ਸੇ ਕੀ ਕੀ ਗੁਣ ਨਸ਼ਟ ਹੋਵੇ ਹੈ॥ਸਮਾਧਾਨ॥ਮੂਲ॥

**ਦੋਹਿਰਾ॥ਮਾਨ ਨਿਮਰਤਾ ਪ੍ਰੀਤ ਤ੍ਰੈ ਸੀਘਰ ਕ੍ਰੋਧ ਤੇ ਨਾਸ। ਹੈ੍ ਪਰਤੀਤ ਹਤ ਕਪਟ ਕਰ ਸੁਭ ਗੁਣ ਲੋਭ ਪ੍ਰਨਾਸ॥੧੧॥**

ਟੀਕਾ॥ਜੋ ਆਦਰ ਹੈ ਵਾ ਜਾਤੀ ਆਦਿਕੋਂ ਕਾ ਜੋ ਮਾਨ ਹੈ ਅਰ ਦੂਸਰੀ ਜੋ ਨਿਮ੍ਰਤਾ ਹੈ। ਭਾਵ ਜੋ ਗਰੀਬੀ ਹੈ। ਔਰ ਤੀਸਰੀ ਜੋ ਪ੍ਰੀਤੀ ਹੈ। ਭਾਵ ਜੋ ਮੁਹੱਬਤ ਹੈ ਯਹਿ ਤੀਨੋਂ ਕ੍ਰੋਧ ਕਰਨੇ ਸੇ ਸ਼ੀਘਰ ਨਾਸ ਹੋ ਜਾਵੇ ਹੈ। ਇਸ ਕਾ ਭਾਵ ਇਹ ਹੈ ਕ੍ਰੋਧੀ ਪੁਰਸ਼ ਕਾ ਨਾ ਕੋਈ ਮਾਨ ਕਰਤਾ ਹੈ। ਨਾ ਉਸਕੇ ਸਾਥ ਕੋਈ ਨਿਮ੍ਰਤਾ ਕਰਤਾ ਹੈ। ਅਰ ਨਾ ਉਸਕੇ ਸਾਥ ਕੋਈ ਪ੍ਰੀਤੀ ਕਰਤਾ ਹੈ। ਵਾ ਅਕਾਰਨ ਕ੍ਰੋਧੀ ਪੁਰਸ਼ ਨਾ ਆਪ ਨੇ ਜਾਤੀ ਆਦਿਕੋਂ ਕਾ ਮਾਨ ਕਰਤਾ ਹੈ ਨਾ ਨਿਮਰਤਾ ਕਰਤਾ ਹੈ। ਨਾ ਕਿਸੇ ਸਾਥ ਪਰੀਤ ਕਰਤਾ ਹੈ। ਏਕ ਕ੍ਰੋਧ ਕਰਨੇ ਸੇ ਮਾਨ ਨਿਮਰਤਾ ਪਰੀਤੀ ਯੇ ਤੀਨੋਂ



Scanned by CamScanner

ਹੀ ਨਸ਼ਟ ਹੋ ਜਾਵੇ ਹੈ ਯਹਿ ਇਸ ਕਾ ਫਲ ਹੈ॥ਸੰਕਾ॥ਕਪਟ ਸੇ ਕਿਆ ਹੋਵੇ॥ਸਮਾਧਾਨ॥ਕਪਟ ਕਰਨੇ ਕਰ ਪਰਤੀਤ ਨਾਮ ਜੋ ਦੂਸਰਿਓਂ ਕਾ ਨਿਸਚਾ ਵਿਸ੍ਵਾਸ ਹੈ। ਹਤ ਨਾਮ ਸੋ ਨਾਸ ਕੋ ਪ੍ਰਾਪਤ ਹੋ ਜਾਵੇ ਹੈ। ਭਾਵ ਜਿਸ ਪੁਰਸ਼ ਕੀ ਸੰਸਾਰ ਭਰ ਮੇਂ ਪਰਤੀਤੀ ਹੋ ਰਹੀ ਹੈ। ਯਾਨੇ ਇਹ ਪੁਰਸ਼ ਭਲਾ ਲੋਕ ਹੈ। ਉਨ੍ਹਾਂ ਸਾਥ ਫੇਰ ਵਹੁ ਚਾ ਕਪਟ ਕਰੇ ਜੋ ਸਭ ਕੀ ਪਰਤੀਤ ਥੀ ਸੋ ਦੂਰ ਹੋ ਜਾਇਗੀ। ਵਿਸ੍ਵਾਸ ਉਡ ਜਾਣਾ ਯੇ ਕਪਟ ਕਰਨੇ ਕਾ ਫਲ ਹੈ। ਸੰਕਾ॥ ਲੋਭ ਸੇ ਕਿਆ ਹੋਵੇ ਹੈ॥ਸਮਾਧਾਨ॥ਲੋਭ ਦੇ ਕਰਨੇ ਤੇ ਸ੍ਰੇਸ਼ਟ ਗੁਣ ਸਭੀ ਨਾਸ ਕੋ ਪ੍ਰਾਪਤ ਹੋ ਜਾਵੇ ਹੈ॥ਭਾਵ-ਪੁਰਸ਼ ਮੇਂ ਭਾਵੇਂ ਕਿਤਨੇ ਗੁਣ ਹੋਵੇ ਲੋਭੀ ਪੁਰਸ਼ ਕੇ ਵੋਹ ਸੋਭਾ ਨਹੀਂ ਪਾਤੇ ਫਿਕੇ ਜੈਸੇ ਮਲੂਮ ਹੋਤੇ ਹੈਂ। ਲੋਭੀ ਪੁਰਸ਼ ਭਾਵੇਂ ਕਿਤਨੀਆਂ ਵਿਦਿਆ ਪੜਾ ਹੋਵੇ ਫੇਰ ਮੂਰਖ ਦਾ ਮੂਰਖ ਹੈ। ਇਸ ਮੈ ਗੁਰੂ ਪ੍ਰਮਾਨ॥

**ਪੜਿਆ ਮੂਰਖ ਆਖੀਐ ਜਿਸ ਲਬ ਲੋਭ ਹੰਕਾਰ॥**

ਹਨੂੰਮਾਨ ਨਾਟਕ ਮੇਂ ਜੈਸੇ ਕਹਾ ਹੈ॥

**ਏਕ ਲੋਭ ਤੇ ਅਨੇਕ ਗੁਨ ਭਾਜੈ ਰਾਮ॥**

ਭਾਵ ਏਕ ਲੋਭ ਸੇ ਸਭ ਸ੍ਰੇਸ਼ਟ ਗੁਣ ਦੂਰ ਹੋ ਜਾਵੇ ਹੈ॥੧੧॥ਮ੍ਰਿਤੂ ਕੇ ਦਰ ਮੇਂ ਕੌਣ ਕੌਣ ਬੈਠਾ ਹੂਆ ਹੈ॥ਸਮਾਧਾਨ॥ਮੂਲ॥

**ਦੋਹਿਰਾ॥ ਕਰੇ ਬਖੀਲੀ ਬਲੀ ਸੋ ਪਾਪ ਕਰਮ ਮੇਂ ਪਿਆਰ। ਤ੍ਰਿਯ ਪਰਤੀਤ ਸਾਜਨ ਕਲੈ ਮਿਰਤ ਦਵਾਰ ਇਹ ਚਾਰ॥੧੨॥**

ਟੀਕਾ॥ਸਮੇਂ ਕਾ ਅਪਸਰ ਹੈ ਵਾ ਧਨ ਕਰਕੇ ਵਾ ਦਸ ਜਿਸ ਕੀਆਂ ਭੁਜਾ ਹੈਂ ਵਾ ਕਰਾਮਾਤੀ ਹੈ। ਐਸੇ ਬਲੀ ਪੁਰਸ਼ ਕੀ ਸਦਾ ਨਿੰਦਿਆ ਕਰਤੇ ਰਹਿਨਾ ਭਾਵ ਉਸਕੀ ਜੋ ਬਖੀਲੀ ਕਰਤਾ ਹੈ। ਦਸੋ ਵਹੁ ਪੁਰਸ਼ ਅਜ ਭੀ ਮਰਾ ਹੂਆ ਹੈ ਕਲ ਭੀ ਮਰਾ ਹੂਆ ਹੈ। ਫੇਰ ਜਿਸ ਪੁਰਸ਼ ਕਾ ਸਦਾ ਪਾਪ



ਕਰਮੋਂ ਮੇਂ ਪਿਆਰ ਹੈ। ਭਾਵ ਹਮੇਸ਼ਾਂ ਪਾਪ ਕਰਨੇ ਮੇਂ ਜਿਸ ਨੇ ਲਕ ਬਧਾ ਹੂਆ ਹੈ। ਜੋ ਪੁਰਸ਼ ਆਪਨੀ ਇਸਤਰੀ ਕੇ ਵਚਨੋਂ ਮੇਂ ਪ੍ਰਤੀਤ ਕਰਤਾ ਹੈ। ਭਾਵ ਜੋ ਇਸਤ੍ਰੀ ਕਹੇ ਸੋ ਸਤਿ ਸਤਿ ਕਰਕੇ ਮਾਨੀ ਜਾਨਾ। ਅਰ ਮ੍ਰਿਤੋ ਮੇਂ ਜਿਸ ਕੀ ਲੜਾਈ ਪੜੀ ਰਹਿਤੀ ਹੈ। ਇਹ ਚਾਰੇ ਧਰਮ ਰਾਜਾ ਕੇ ਦਰਵਾਜ਼ੇ ਪਰ ਬੈਠੇ ਹੂਏ ਹੈ। ਵਾ ਇਹ ਚਾਰੇ ਮ੍ਰਿਤੂ ਕੇ ਦਰਵਾਜ਼ੇ ਹੈ॥ਭਾਵ-ਯਹਿ ਚਾਰੋਂ ਮ੍ਰਿਤੂ ਕੇ ਮੁਖ ਮੇਂ ਪੜੇ ਹੂਏ ਹੈ॥ਸੰਕਾ॥ਇਸ ਜੀਵ ਕਾ ਸਤਰੂ ਅਰ ਮ੍ਰਿਤ ਕਵਨ ਹੈ॥ਸਮਾਧਾਨ॥ਮੂਲ॥

**ਦੋਹਿਰਾ॥ਕੋਇਕ ਮਿਤ੍ਰ ਨ ਕਹੂ ਕੇ ਕੋ ਇਕ ਰਿਪ ਕਹੂੰ ਨਾਹਿ। ਜੀਵਨ ਕੇ ਗੁਣ ਦੋਖ ਜੇ ਸਤ੍ਰ ਮਿਤ੍ਰ ਤੇ ਆਹਿ॥੧੩॥**

ਟੀਕਾ॥ਨਾ ਕੋਈ ਕਿਸੀ ਕਾ ਮਿਤ੍ਰ ਹੈ ਨਾ ਕੋਈ ਕਿਸੀ ਕਾ ਸਤ੍ਰੂ ਹੈ। ਜੀਵਾਂ ਕੇ ਜੋ ਆਪਨੇ ਗੁਣ ਦੋਸ਼ ਹੈ ਸੋਈ ਇਸ ਕੇ ਸਤ੍ਰੂ ਮਿਤ੍ਰ ਹੈ। ਜੀਵਾਂ ਮੈ ਜੋ ਗੁਣ ਹੈ ਸੋ ਮਿਤ੍ਰ ਹੈ ਜੋ ਦੋਸ਼ ਹੈ ਸੋ ਸਤ੍ਰੂ ਹੈ। ਇਨਾਂ ਸੇ ਬਿਨਾਂ ਇਸਕਾ ਸਤ੍ਰੂ ਅਰ ਮਿਤ੍ਰ ਕੋਈ ਨਹੀ ਹੈ। ਭਾਵ-ਜਬ ਚੋਰੀ ਕਰੇ ਤਬ ਸਰਕਾਰ ਕੈਦ ਕਰ ਦੇਵੇਗੀ। ਜਬ ਸ਼ੁਭ ਕਰਮ ਕਰੇ ਤਬ ਲੋਕ ਸੇਵਾ ਕਰਤੇ ਹੈਂ। ਭਾਵ ਇਹ ਹੈ ਔਗਨਾ ਕੋ ਤਿਆਗ ਕਰ ਸੁਭ ਗੁਨ ਧਾਰਨੇ ਯੋਗ ਹੈ। ਜਿਸ ਤਰਾਂ ਸਭ ਸੇ ਅਨੰਦ ਰਹੇ। ਅਬ ਦਸਵਾਂ ਧਿਆਇ ਸਮਾਪਤ ਹੂਆ ਹੈ। ਆਗੇ ਛੰਦਾਂ ਕੀ ਗਿਨਤੀ ਕਹੇ ਹੈ॥ਮੂਲ॥

**ਦੋਹਿਰਾ॥ਦੋ ਤਿਲਕੇ ਮਧੁ ਭਾਰ ਦੋ ਤ੍ਰੈ ਤੋਟਕ ਪਹਿਚਾਨ। ਚਾਰ ਦੋਹਰੇ ਸੋਰਠਿਕ ਦ੍ਵਾਦਸ ਛੰਦ ਪਹਿਚਾਨ॥**

ਟੀਕਾ॥ਦੋ ਤਿਲਕ ਛੰਦ ਹੈ। ਦੋ ਮਧੁ ਭਾਰ ਛੰਦ ਹੈ। ਤੀਨ ਤੋਟਕ ਛੰਦ ਹੈ। ਚਾਰ ਦੋਹਿਰੇ ਹੈਂ। ਇਕ ਸੋਰਠਾ ਹੈ। ਸਾਰੇ ਬਾਰਾਂ ਛੰਦ ਹੈਂ ਐਸੇ ਤੁਮ ਜਾਨੋਂ।

**ਇਤਿ ਸ੍ਰੀ ਸਾਰੁ ਕਤਾਵਲੀ ਤਾਸ ਦਸਮ ਅਧਿਯਾਇ।**



Scanned by CamScanner

ਕ੍ਰੋਧਾ ਦਿਕ ਤਾਮੈ ਕਹੇ ਮੋਖ ਨਮਿਤ ਵਿਹਾਇ॥

ਅਰਥ ਸਪਸ਼੍ਰ ਹੈ॥

ਦੋਹਿਰਾ॥ ਪਾਚੋ ਜਗ ਮੈ ਬਲੀ ਜੋ ਇਨ ਕਾ ਨਿੰਦਨ ਕੀਨ। ਅਰੀ ਜਾਨੀਏ ਚਿਤ ਮੈ ਸੁਨੋ ਸੰਤ ਪਰਬੀਨ॥

ਇਤਿ ਸ੍ਰੀ ਸਾਰੁ ਕੁਤਾਵਲੀ ਤਤ੍ਵ ਬੋਧਨੀ ਟੀਕਾ ਕ੍ਰਿਤ ਸੰਤ ਜੁਵਾਲਾ ਦਾਸ ਉਦਾਸੀਨ ਕ੍ਰੋਧਾਦਿਕ ਨਿਰੂਪਨ ਦਸਮੋਂ ਧਿਆਇ॥੧੦॥

-o-



ੴ ਸਤਿਗੁਰ ਪ੍ਰਸਾਦਿ॥

# ਅਥ ਇਕਾਦਸ ਧਿਆਇ ਪ੍ਰਾਰੰਭ

ਸੰਕਾ॥ ਇਸ ਇਕਾਦਸ ਧਿਆਇ ਮੇਂ ਕਿਆ ਨਿਰੂਪਨ ਕਰੋਗੇ॥ ਸਮਾਧਾਨ॥ ਮੂਲ॥

ਦੋਹਿਰਾ॥ ਏਕਾਦਸ ਅਧਿਆਇ ਮੈ ਸੰਤਨ ਕੀ ਪਰਸੰਸ। ਦੁਰਜਨ ਕੀ ਨਿੰਦਾ ਕਰਹਿ ਕਹਿ ਸਲੋਕ ਖਟ ਬਿੰਸ।੧।

ਟੀਕਾ। ਅਬ ਯਾਰਵੇਂ ਧਿਆਇ ਮੇਂ ਕਵੀ ਜੀ ਸੰਤਾਂ ਕੀ ਉਪਮਾਂ ਨਿਰੂਪਨ ਕਰੇਂਗੇ। ਔਰ ਖੋਟਿਆਂ ਪੁਰਸ਼ਾਂ ਕੀ ਨਿੰਦਾ ਕਥਨ ਕਰੇਂਗੇ। ਛਬੀ ਸਲੋਕ ਕਹਿ ਕਰਕੇ। ਸੰਕਾ॥ ਉਨ ਸੰਤੋਂ ਦੇ ਲਖਣ ਕੀ ਹੈ॥ ਸਮਾਧਾਨ॥ ਮੂਲ॥

ਚੌਪਈ॥ ਪਰ ਉਪਕਾਰ ਵਚਨ ਮਨ ਕਾਯਾ। ਸੰਤ ਸਹਿਜ ਸੁਭਾਵ ਖਗ ਰਾਯਾ। ਸੰਤ ਸਹਹਿ ਦੁਖ ਪਰ ਹਿਤ ਲਾਗੀ। ਪਰ ਦੁਖ ਹੇਤੁ ਅਸੰਤ ਅਭਾਗੀ। ਭੂਰਜ ਤਰੂ ਸਮ ਸੰਤ ਕ੍ਰਿਪਾਲਾ। ਪਰ ਹਿਤ ਸਹ ਨਿਤ ਬਿਪਤ ਬਿਸਾਲਾ॥ ਦੋਹਿਰਾ॥ ਅਤਿ ਕ੍ਰਿਪਾਲ ਨਹਿ ਦ੍ਰੋਹ ਚਿਤ ਸਹਿਨ ਸੀਲਤਾ ਸਾਰ। ਸਮ ਦਮ ਆਦ ਅਕਾਮ ਮਤ ਮ੍ਰਿਦੁਲ ਪਰ ਉਪਕਾਰ॥

ਐਸੇ ਸੰਤੋਂ ਕੀ ਉਪਮਾ ਕਥਨ ਕਰੇਂਗੇ॥ ਸੰਕਾ॥ ਉਨ ਦੁਰਜਨੋਂ ਕੇ ਲਖਣ ਕੀ ਹੈ॥ ਸਮਾਧਾਨ॥

ਚੌਪਈ॥ ਸਨ ਇਵ ਖਲ ਪਰ ਬੰਧਨ ਕਰਈ। ਖਾਲ



Scanned by CamScanner

ਕਢਾਇ ਵਿਪਤਿ ਸਹਿ ਭਰਈ। ਖਲ ਬਿਨੁ ਸ੍ਵਾਰਥ ਪਰ ਅਪ ਕਾਰੀ। ਅਹਿ ਮੂਖਕ ਇਵ ਸੁਨ ਉਰ ਗਾਰੀ। ਪਰ ਸੰਪਦਾ ਵਿਨਾਸਨਿਸਾਹੀ। ਜਿਮ ਕ੍ਰਿਖੀ ਹਤਿ ਹਿਮ ਉਪਲਬਿਨਾਹੀ। ਦੁਸਟ ਉਦਯ ਜਗ ਆਰਤ ਹੇਤੂ। ਯਥਾ ਪ੍ਰਸਿਧ ਅਧਮ ਗ੍ਰਹਿ ਕੇਤੂ। ਦੋਹਿਰਾ। ਉਦਾਸੀਨ ਅਰ ਮੀਤ ਹਿਤ ਸੁਨਤ ਜਰਹਿ ਖਲ ਰੀਤ। ਜਾਨੁ ਪਾਣ ਯੁਗ ਜੋਰ ਕਰ ਬਿਨਯ ਕਰੋ ਸਪਰੀਤ।

ਐਸੇ ਦੁਰਜਨੋਂ ਕੀ ਨਿੰਦਾ ਕਰੇਂਗੇ॥

ਅਥ ਸੰਤਨ ਕੀ ਮਹਿਮਾ ਨਿਰੂਪਨੰ॥ਮੂਲ॥

ਸ੍ਵੈਯਾ॥ਪਰ ਕਾਵ ਸਦੋਸ ਅਦੋਖ ਭਨੇ ਕਟੁ ਵਾਕ ਕਹੇ ਨ ਪਰੰਤੁ ਸਹੇ। ਅਪਨੇ ਗੁਣ ਔਗਣ ਤਜੋ ਪਰਕੇ ਚਹੁ ਮੋ ਦੁ ਕਹੇ ਦੁ ਕਬੀ ਨ ਕਹੇ। ਚਿਤ ਕੋ ਚਿੱਤ ਚੇਤਤਿ ਚਿਤ ਭਯੋ ਵਿਸਯੋ ਤੇ ਪਰੰਤੁ ਡਰੰਤ ਰਹੇ। ਸਰਵਣਾਦਿ ਜਨੈ ਸਭ ਬੰਧ ਹਨੈ ਸਮਧਾਮ ਬਨੈ ਪਰਕਾਂਤ ਚਹੇ॥੧॥

ਟੀਕਾ॥ਤਤਵੇਤਾ ਸੰਤ ਮਹਾਤਮੋ ਕਾ ਯੇ ਸੁਭਾਵ ਹੋਵੇ ਹੈ। ਮੂਲ। ਪਰ ਕਾਵ ਸਦੋਖ ਅਦੋਖ ਭਨੇ। ਪਰਾਈ ਕਵਿਤਾ ਭਾਵੇਂ ਸਹਿਤ ਦੂਸ਼ਨ ਵਾਲੀ ਭੀ ਹੋਵੇ ਪਰ ਸੰਤ ਉਸਕੋ ਅਦੋਸ਼ ਹੀ ਕਥਨ ਕਰੇਂਗੇ। ਕਾਹਿਤੇ। ਕਵੀ ਕਾ ਚਿਤ ਦੁਖੀ ਨਾ ਹੋ ਜਾਵੇ। ਯਾਂਤੇ ਉਸਕੀ ਕਵਿਤਾ ਕੋ ਨਿਰਦੋਸ਼ ਕਥਨ ਕਰੇਂਗੇ। ਕੋਈ ਪੁਰਸ਼ ਹੈ। ਪਿੰਗਲ ਕਾ ਬੋਧ ਨਹੀਂ ਆਪਣੇ ਮਨ ਘੜਤ ਕੋਈ ਕਵਿਤਾ ਬਨਾ ਲਈ ਹੈ। ਫੇਰ ਸੰਤਾਂ ਕੋ ਜਾ ਕੇ ਕਹਿਨੇ ਲਗਾ ਦੇਖੋ ਜੀ ਮੇਰੀ ਕਵਿਤਾ ਹੱਛੀ ਬਨੀ ਹੈ। ਵਾ ਨਹੀਂ। ਛੰਦ ਭੰਗ ਦੇਖ ਕਰਕੇ ਭੀ ਸੰਤਾਂ ਕਹਾ ਹੱਛੀ ਬਨੀ ਹੈ। ਜਿਸਨੇ ਕਵਿਤਾ ਬਨਾਈ ਹੈ। ਯਦੀ ਉਸਕੋ ਯੇ ਕਹਾ ਜਾਵੇ ਤੇਰੀ ਕਵਿਤਾ ਹਛੀ ਨਹੀਂ ਐਸੇ ਸੁਣਕੇ ਉਸਕਾ ਚਿਤ ਵਡਾ ਦੁਖੀ ਹੋਵੇ ਹੈ। ਭਾਵ-ਇਸ ਵਾਸਤੇ ਪਰਾਈ ਕਵਿਤਾ ਸਦੋਸਕੋ ਭੀ



ਅਦੋਸਹੀ ਕਥਨ ਕਰੇਂਗੇ। ਕਹੀ ਐਸੇ ਭੀ ਪਾਠ ਹੋਤਾ ਹੈ॥ਮੂਲ॥ਪਰ ਵਾਕ ਸਦੋਖ ਅਦੋਖ ਭਨੇ। ਦੂਸਰੇ ਕੇ ਵਚਨ ਸਹਿਤ ਦੋਸ਼ ਵਾਲੇ ਭੀ ਹੋਵੇਂ ਉਨਕੋ ਭੀ ਸੰਤ ਨਿਰਦੋਸ਼ ਹੀ ਕਥਨ ਕਰੇਂਗੇ॥ਮੂਲ॥ਕਟੁ ਵਾਕ ਕਹੇ ਨਾ॥ ਸਾਰੀ ਅਵਸਥਾ ਮੈ ਸੰਤ ਕਿਸੀ ਕੋ ਕੌੜਾ ਵਚਨ ਨਹੀ ਕਹੇਂਗੇ। ਜਿਸ ਕੋ ਬੋਲੇਂਗੇ ਤੌ ਵਡੀ ਮਿਠੀ ਜ਼ਬਾਨ ਸੇ ਬੋਲੋਂਗੇ। ਜਿਨ ਕੋ ਸੁਣ ਕਰ ਸਬ ਕਾ ਚਿਤ ਪ੍ਰਸੰਨ ਹੋ।

ਦੋਹਿਰਾ॥ਤੁਲਸੀ ਮਿਠੇ ਬੋਲਤੇ ਸੁਖ ਉਪਜੈ ਚਹੁਓਰ। ਵਸੀ ਕਰਨ ਏ ਮੰਤ੍ਰ ਹੈ ਤਜੀਏ ਵਚਨ ਕਠੋਰ॥

ਮੂਲ॥ਪਰੰਤੂ ਸਹੇ॥ ਯਦਪੀ ਆਪ ਤੌ ਕਿਸੀ ਕੋ ਕੌੜਾ ਵਾਕ ਕਹਿਤੇ ਨਹੀਂ। ਪਰੰਤੂ ਦੂਸਰੇ ਕਾ ਕਹਿਆ ਹੂਆ ਵਾਕ ਆਪ ਸਹਾਰ ਲਏਂਗੇ॥੧॥ ਮੂਲ॥ਆਪਣੇ ਗੁਣ ਔਗਣ ਤਿਯੋਪਰਕੇ ਚਹੁ ਮੋ ਦੂ ਕਹੇ ਦੂ ਕਬੀ ਨ ਕਹੇ। ਫੇਰ ਸੰਤ ਕੈਸੇ ਹੈਂ। ਆਪਣੇ ਗੁਣ ਪਰਾਏ ਔਗਣ ਤੈਸੇ ਹੀ ਆਪਣੇ ਔਗੁਣ ਪਰਾਏ ਗੁਣ ਯੇ ਚਾਰੋਂ ਮੈ ਦੂ ਕਹੇਂਗੇ ਦੋ ਕਬੀ ਨਾ ਕਹੇਂਗੇ। ਇਸ ਕਾ ਭਾਵ ਏ ਹੈ। ਆਪਣੇ ਗੁਣ ਆਪਣੇ ਮੁਖ ਸੇ ਸੰਤ ਕਬੀ ਨਾ ਕਹੇਂਗੇ। ਪਰਾਏ ਔਗੁਣ ਆਪਣੇ ਮੁਖ ਸੇ ਸੰਤ ਕਬੀ ਨਾ ਕਹੇਗੇ। ਅਰ ਆਪਣੇ ਵਿਚ ਜੋ ਔਗੁਣ ਹੈ ਇਨਕੋ ਪ੍ਰਗਟ ਕਹੇਂਗੇ। ਅਰ ਦੂਸਰਿਆਂ ਕੇ ਗੁਣ ਕਹੇਂਗੇ। ਆਪਣੇ ਔਗੁਣ ਤੇ ਪਰਾਏ ਗੁਣ ਯੇ ਦੋ ਕਹੇਂਗੇ। ਆਪਣੇ ਗੁਣ ਤੇ ਪਰਾਏ ਔਗੁਣ ਯੇ ਦੋ ਕਦੀ ਨ ਕਹੇਂਗੇ। ੨। ਮੂਲ॥ਚਿਤ ਕੋ ਚਿਤਚੇਤਤ ਚਿੱਤ ਭਯੋ ਵਿਸਯੋਤੇ ਪਰੰਤ ਡਰੰਤ ਰਹੇ। ਫੇਰ ਮਹਾਤਮਾ ਕੈਸੇ ਹੈ। ਚੇਤਨ ਪ੍ਰਮਾਤਮਾ ਕੋ ਚਿਤ ਜਿਨ ਕਾ ਸਿਮਰਨ ਕਰਤਾ ਹੂਆ ਯਦਪੀ ਆਪ ਚੇਤੰਨ ਸਰੂਪ ਹੋ ਗਏ ਹੈ। ਉਨ ਮੇਂ ਅਰ ਬ੍ਰਹਮ ਮੇਂ ਭੇਦ ਕੁਛ ਨਹੀਂ ਰਹਾ। ਪਰੰਚੇ ਫੇਰ ਭੀ ਸ਼ਬਦ ਸਪੱਰਸ਼ ਰੂਪ ਰਸ ਗੰਧ ਇਨ੍ਹਾਂ ਪਾਂਚ ਵਿਸ਼ਯੋਂ ਸੇ ਸੰਤ ਡਰਤੇ ਰਹੇਂਗੇ। ਸਰੇਸ਼ਟਾਚਾਰ ਕੇ ਲੀਏ। ਵਾ ਇਨ੍ਹਾਂ ਵਿਸ਼ਯੋ ਮੇਂ ਹਮ ਯਦੀ ਅਸਕਤ ਰਹੇਂਗੇ। ਤਬ ਬੋਧ ਹਮਾਰਾ ਫੇਰ ਸਿਥਲ ਹੋ ਜਾਇਗਾ। ਇਸ



Scanned by CamScanner

ਵਾਸਤੇ ਵਿਸ਼ਯੋਂ ਸੇ ਭੈ ਕਰਤੇ ਹੈਂ। ੩। ਮੂਲ॥ ਸ੍ਰਵਣਾਦਿ ਜਨੈ ਸਭ ਬੰਧ ਹਨੇ। ਜਿਨ੍ਹਾਂ ਸੰਤਾਂ ਕਾ ਨਿਸ਼ਕਾਮ ਕਰਮ ਦੁਵਾਰਾ ਅੰਤਹਿਕਰਨ ਸ਼ੁਧ ਹੋ ਗਯਾ ਹੈ। ਅਰ ਸੁਧ ਅੰਤਹਿਕਰਨ ਮੈ ਚਤੁਸਟੇ ਸਾਧਨ ਉਤਪੰਨ ਹੋ ਗਏ ਹੈਂ। ਚਾਰ ਸਾਧਨ ਦੁਵਾਰਾ ਸਰਵਨ ਮਨਨਿ ਨਿਧਿਆਸਨ ਹੂਏ ਹੈ। ਸਰਵਨ ਮਨਨਿ ਨਿਧਿ-ਆਸਨ ਇਨ੍ਹਾਂ ਤੀਨ ਸਾਧਨੋਂ ਨੇ ਆਪਣੇ ਜਥਾਰਥ ਸਰੂਪਾਂ ਕਾ ਬੋਧ ਜੋ ਉਤਪੰਨ ਕਰਾ ਹੈ। ਤਿਸ ਬੋਧ ਨੇ ਅਗਿਯਾਨ ਕੇ ਸਹਿਤ ਜਨਮ ਮਰਨ ਰੂਪੀ ਜੋ ਸਭ ਬੰਧਨ ਥੇ ਸੋ ਨਸ਼ਟ ਕਰ ਦੀਏ। ਅਰ ਪਰਮਾਨੰਦ ਕੀ ਪ੍ਰਾਪਤੀ ਹੋ ਗਈ ਹੈ। ਇਨ ਸੇ ਪਰੇ ਔਰ ਕੋਈ ਕਰਤ੍ਵ ਰਹਾ ਨਹੀ ਹੈ॥ ਮੂਲ॥ਸਮ ਧਾਮ ਬਨੇ ਪਰ ਕਾਂਤ ਚਹੇ। ਬਨ ਕੇ ਸਮਾਨ ਯਦਪੀ ਜਿਨ ਕਾ ਘਰ ਹੈ। ਪਰੰਚ ਫੇਰ ਭੀ ਜਿਨ ਕਾ ਚਿਤ ਇਸ ਸੇ ਭੀ ਅਧਿਕ ਇਕਾਂਤ ਚਾਹਿਤਾ ਹੈ। ਜੈਸੇ ਬਨ ਮੇਂ ਇਕਾਂਤ ਹੈ ਤੈਸੇ ਘਰ ਮੇਂ ਉਨਕੋ ਇਕਾਂਤ ਮਿਲਤੀ ਹੈ। ਪਰੰਤੂ ਇਸ ਸੇ ਭੀ ਅਧਿਕ ਇਕਾਂਤ ਚਾਹਿਤੇ ਹੈਂ। ਜਹਾਂ ਪਰ ਜਨ ਸਮਦਾਇ ਹੈ ਤਹਾਂ ਏਕ ਪਲ ਭੀ ਨਹੀਂ ਰਹਿਤੇ ਹੈਂ। ਅਥਵਾ॥ਬਨ ਅਰ ਧਾਮ ਜਿਸ ਕੋ ਸਮ ਹੈ। ਭਾਵ ਏਕ ਸਮਾਨ ਭਾਸੇ ਹੈ ਪਰ ਤੌ ਭੀ ਇਕਾਂਤ ਕੋ ਹੀ ਚਾਹੇ ਹੈ॥ਮੂਲ॥ਸ੍ਰਵਣਾਂਦਿ ਜਨੈ ਸਭ ਬੰਧ ਹਨੈ। ਕਿਸੀ ਟੀਕਾ ਵਾਲੇ ਨੇ ਇਸਕਾ ਯਹਿ ਅਰਥ ਕੀਆ ਹੈ। ਸ੍ਰਵਣਾਂਦਿਕ ਕਹੀਏ ਸਰਵਨ ਖਟ ਪਰਕਾਰ ਕਾ ਹੈ ਖਟ ਲਿੰਗ ਯਹਿ ਹੈ। ਉਪ ਕ੍ਰਮ ਉਪ ਸੰਘਾਰ ੧, ਅਭਿਆਸ ੨, ਅਪੂਰਬਤਾ ੩, ਫਲ ੪, ਅਰਥਵਾਦ ੫, ਉਤਪਤੀ ੬, ਯਹਿ ਅਰਥ ਠੀਕ ਨਹੀ ਹੈ। ਕਾਹਿਤੇ। ਯੇ ਖਟ ਯੁਕਤੀਆਂ ਵੇਦਾਂਤ ਵਾਕ ਕੇ ਸਰਵਨ ਮੈ ਹਿਤਕਾਰੀ ਹੈ। ਸ੍ਰਵਨ ਕੋਈ ਖਟ ਪਰਕਾਰ ਕਾ ਨਹੀ ਹੈ। ਪਰੋਖ ਅਪਰੋਖ ਭੇਦ ਸੇ ਸਰਵਨ ਦੋ ਪਰਕਾਰ ਕਾ ਹੈ॥੧॥ਸੰਕਾ॥ਐਸੇ ਮਹਾਤਮੋਂ ਕੀ ਸੇਵਾ ਕਰਨੇ ਸੇ ਕੀ ਫਲ ਹੋਵੇ ਹੈ॥ਸਮਾਧਾਨ॥ਮੂਲ॥

**ਦੋਹਿਰਾ॥ਵਰਤਮਾਨ ਭਾਵੀ ਵਿਪਤਿ ਸੰਤ ਸੇਵ ਤੇ ਨਾਸ। ਜਯੋ ਗੰਗੋਦਿਕ ਅਚਨ ਤੇ ਦੁਰਗਤਿ ਪਿਆਸ ਵਿਨਾਸ॥੨॥**



ਟੀਕਾ॥ਜੋ ਪੁਰਸ਼ ਸ਼ੁਧ ਚਿਤ ਸੇ ਸੰਤੋਂ ਕੀ ਅੰਨ ਵਸਤਰ ਅਸਥਾਨ ਕੀ ਸੇਵਾ ਕਰਤਾ ਹੈ। ਉਸ ਪੁਰਸ਼ ਕੀ ਵਰਤਮਾਨ ਕਹੀਏ ਪਰਤਖ ਜੋ ਵਿਪਤਾ ਕਾ ਦੁਖ ਹੈ। ਅਰ ਆਗੇ ਜੋ ਭਾਵੀ ਵਿਪਤਾ ਕਾ ਦੁਖ ਹੋਣੇ ਵਾਲਾ ਹੈ। ਯਹਿ ਦੋਨੋਂ ਦੁਖ ਸੰਤੋਂ ਕੀ ਸੇਵਾ ਕਰਨੇ ਤੇ ਨਸ਼ਟ ਹੋ ਜਾਵੇ ਹੈ। ਭਾਵ ਇਹ ਹੈ ਆਧੀ ਵਿਆਧੀ ਉਪਾਧੀ ਦੁਖੋਂ ਕਰ ਜੈਸੇ ਅਗਿਆਨੀ ਪੁਰਸ਼ ਦੁਖੀ ਹੋ ਰਹੇ ਹੈ। ਤੈਸੇ ਸੰਤਾਂ ਕੀ ਸੇਵਾ ਕਰਨੇ ਵਾਲਾ ਦੁਖੀ ਨਹੀ ਹੋਵੇ ਹੈ। ਕਾਹਿਤੇ। ਅਗਿਆਨੀ ਰੋਇਕੇ ਭੋਗਤਾ ਹੈ ਅਰ ਯਹਿ ਹੱਸ ਕਰ ਭੋਗੇ ਹੈ। ਯਹਿ ਨਾ ਹੋਇਆ ਜੈਸੇ ਸਮਝੋ ਅਰ ਆਗੇ ਜੋ ਜਨਮ ਮਰਨ ਕਾ ਦੁਖ ਹੋਣਾ ਥਾ। ਸੋ ਸੰਤੋਂ ਕੀ ਸੇਵਾ ਸੇ ਅੰਤਹਿਕਰਨ ਕੀ ਸੁਧੀ ਦੁਆਰਾ ਗਿਆਨ ਕੋ ਪਾਇਕੇ ਜਨਮ ਮਰਨ ਦੁਖ ਸੇ ਰਹਿਤ ਹੋ ਜਾਵੇ ਹੈ। ਇਸ ਵਾਸਤੇ ਵਰਤਮਾਨ ਕਾ ਦੁਖ ਅਰ ਭਾਵੀ ਕਾ ਦੁਖ ਸੰਤ ਸੇਵਾ ਸੇ ਦੂਰ ਹੋ ਜਾਵੇ ਹੈ ਇਸ ਮੇਂ ਦ੍ਰਿਸਟਾਂਤ। ਜੈਸੇ ਸ੍ਰੀ ਗੰਗਾ ਜੀ ਕੇ ਜਲ ਪਾਨ ਕਰਨੇ ਸੇ ਏਕ ਦੁਰਗਤੀ ਦੂਸਰੀ ਪਿਆਸ ਨਸ਼ਟ ਹੋ ਜਾਵੇ ਹੈ। ਭਾਵ ਜਿਨ੍ਹਾਂ ਪਾਪੋਂ ਸੇ ਨਰਕ ਜਾਨਾ ਥਾ ਸੋ ਪਾਪ ਸ੍ਰੀ ਗੰਗਾ ਜੀ ਕੇ ਪਾਨ ਕਰਨੇ ਸੇ ਨਸ਼ਟ ਹੋ ਗਏ ਫੇਰ ਵਹੁ ਕੈਸੇ ਨਰਕ ਕੋ ਜਾਇਗਾ। ਕਿੰਤੂ ਨਹੀਂ ਜਾਇਗਾ। ਇਸ ਮੇਂ ਪ੍ਰਮਾਨ॥

**ਸਲੋਕ॥ਦ੍ਰਿਸਟੰ ਜਨਮੰ ਸਤੰ ਪਾਪੰ ਸਨਾ ਤਵਾ ਜਨਮ ਸਹ ਸ੍ਰਾਣੀ। ਪੀਤਵਾ ਜਨਮ ਕੋਟਾਣੀ ਪੁਨਰਪਿ ਜਨਮ ਨਾ ਵਿਦਯਤੇ॥**

ਅਰਥ ਇਹ ਹੈ ਸ੍ਰੀ ਗੰਗਾ ਜੀ ਕੇ ਦਰਸ਼ਨ ਸੇ ਹੀ ਸੌ ਜਨਮ ਕੇ ਪਾਪ ਨਾਸ ਕੋ ਪਰਾਪਤ ਹੋ ਜਾਤੇ ਹੈ। ਸ਼ਨਾਨ ਕਰਨੇ ਸੇ ਹਜ਼ਾਰ ਜਨਮੋਂ ਕੇ ਪਾਪ ਦੂਰ ਹੋ ਜਾਵੇ ਹੈ। ਪੀਨੇ ਤੇ ਜਨਮ ਹੀ ਨਹੀ ਹੋਵੇ ਹੈ। ਤੈਸੇ ਸੰਤੋਂ ਕੀ ਸੇਵਾ ਕਰਨੇ ਸੇ ਦੋਨੋਂ ਦੁਖ ਦੂਰ ਹੋ ਜਾਵੇ ਹੈ॥੨॥

**ਸਵੈਯਾ॥ ਸੰਤ ਕਰੈ ਨਹਿ ਵੈਰ ਕਹੂੰ ਸਭ ਕੇ ਹਿਤ ਮੈ**



Scanned by CamScanner

**ਵਰਤੈ ਅਤਿ ਹੀ। ਤਾਂ ਤਨ ਕੋ ਜਬ ਦਾਹਿਤ ਕੋ ਵਹਿ ਤਦਪਿ ਦੇਤ ਸੁਖਾ ਮਿਤਹੀ। ਜੈਸੇ ਕੁਠਾਰ ਕਟੈ ਤਰੁ ਚੰਦਨ ਗੰਧ ਤਿਸੇ ਮੁਖ ਦੇਵਤਹੀ। ਹੇਤ ਇਹੀ ਸਰਬਾਤਮ ਹੇਰਤ ਤਾਂ ਪਦ ਕੰਜ ਨਮੋ ਨਿਤਹੀ ॥੩ ॥**

ਟੀਕਾ ॥ ਫੇਰ ਸੰਤ ਕੈਸੇ ਹੈ ਕਿਸੀ ਜੀਵ ਸਾਥ ਸੰਤ ਵੈਰ ਨਹੀਂ ਕਰਤੇ। ਅਰ ਸਭ ਕੇ ਹਿਤ ਮੇਂ ਅਤਿਯੰਤ ਵਰਤਤੇ ਹੈਂ ਕਿਸੀ ਕਾ ਪੱਖ-ਪਾਤ ਨਹੀਂ ਕਰਤੇ ਸਭ ਕੋ ਆਪਣਾ ਮਿਤ੍ਰ ਜਾਨੇ ਹੈ। ਅਰ ਸਭ ਕਾ ਭਲਾ ਚਾਹਿਤੇ ਹੈ ॥੧ ॥ ਸੰਕਾ ॥ ਜੋ ਉਨਕੋ ਦੁਖ ਦੇਤੇ ਹੋਇੰਗੇ ਉਨਕੋ ਸੰਤ ਸੁਖ ਨਹੀ ਦੇਤੇ ਹੋਇੰਗੇ ॥ ਸਮਾਧਾਨ ॥ ਅਬ ਔਰ ਕਿਆ ਕਹੇਂ ਜਬ ਸੰਤਾਂ ਕੇ ਸਰੀਰ ਕੋ ਕੋਈ ਦੁਖ ਦੇਨੇ ਲਗੇ। ਭਾਵ ਦੁਖ ਦੇਤਾ ਹੈ ਕਟੂ ਵਚਨ ਬੋਲ ਕਰ ਉਨਕੇ ਸਰੀਰ ਕੋ ਦਗਧ ਭੀ ਕਰਤਾ ਹੈ। ਵਹੁ ਸੰਤ ਤੌ ਭੀ ਉਸਕੋ ਅਮਿਤ ਹੀ ਸੁਖ ਦੇਵੇ ਹੈ। ਫੇਰ ਭੀ ਉਸ ਕਾ ਬੁਰਾ ਨਹੀ ਚਾਹਿਤੇ। ਉਲਟਾ ਉਸ ਕੋ ਸੁਖ ਦੇਵੇ ਹੈ ॥੨ ॥ ਇਸ ਪਰ ਦ੍ਰਿਸਟਾਂਤ। ਜੈਸੇ ਕੁਹਾੜਾ ਤੌ ਚੰਦਨ ਕੇ ਬ੍ਰਿਛ ਕੋ ਕਟੇ ਹੈ। ਚੰਦਨ ਜੋ ਹੈ ਉਲਟਾ ਤਿਸ ਕੁਹਾੜੇ ਕੇ ਮੁਖ ਮੇਂ ਸੁਗੰਧੀ ਦੇਵੇ ਹੈ। ਭਾਵ ਕੁਹਾੜੇ ਕਾ ਧਰਮ ਹੈ ਕਟਨਾ ਚੰਦਨ ਕਾ ਧਰਮ ਹੈ ਸੁਗੰਧੀ ਦੇਨੀ ਜਿਸ ਪਾਸ ਜੋ ਹੋਵੇ ਸੋ ਦੇਵੇ ਹੈ। ਤੈਸੇ ਦੁਖ ਦਾਤਾ ਪੁਰਸ਼ ਕੋ ਭੀ ਸੰਤ ਸੁਖ ਦੇਵੇ ਹੈ। ਇਸ ਮੇਂ ਪ੍ਰਮਾਨ ॥

**ਦੋਹਿਰਾ ॥ ਬੰਦੋ ਸੰਤ ਸਮਾਨ ਚਿਤ ਹਿਤ ਅਨ ਹਿਤ ਨਹਿ ਕੋਇ। ਅੰਜਲ ਗਤ ਸੁਭ ਸੁਮਨ ਜਿਮ ਸਮ ਸੁਗੰਧ ਕਰ ਦੋਇ।**

ਇਸ ਪਰ ਏਕ ਗਾਥਾ। ਏਕ ਅਠੂੰਆਂ ਨਦੀ ਮੈ ਰੁੜਾ ਜਾਤਾ ਥਾ। ਸੰਤਾਂ ਕੇ ਚਿਤ ਮੇਂ ਦਯਾ ਆਈ ਉਸ ਕੋ ਹਾਥ ਸੇ ਸੰਤੋਂ ਨੇ ਜਬ ਨਿਕਾਲਾ ਉਸ ਸਮੇਂ ਅਠੂੰਹੇਂ ਡੰਗ ਮਾਰਾ। ਵਡਾ ਦੁਖ ਹੂਆ। ਫੇਰ ਨਦੀ ਕੇ ਛਲ ਸੇ ਅਠੂੰਹਾਂ ਨਦੀ ਮੇਂ ਜਾ ਪੜਾ, ਦਯਾ ਕਰ ਸੰਤੋਂ ਨੇ ਫੇਰ ਨਿਕਾਲਾ ਫੇਰ ਉਸਨੇ



ਡੰਗ ਮਾਰਾ। ਤੀਸਰੀ ਵੇਰ ਫਿਰ ਨਦੀ ਮੇਂ ਜਾਇ ਪੜਾ, ਸੰਤੋਂ ਨੇ ਫੇਰ ਨਿਕਾਲਾ ਫੇਰ ਉਸਨੇ ਡੰਗ ਮਾਰਾ। ਕਿਸੀ ਪੁਰਸ਼ ਨੇ ਕਹਾ ਇਸ ਦੁਸ਼ਟ ਨੇ ਕਈ ਦਫਾ ਤੁਮ ਕੋ ਡੰਗ ਮਾਰਾ ਹੈ। ਤੁਮ ਵਾਰ ਵਾਰ ਇਸ ਕੋ ਕਿਉਂ ਨਿਕਾਲਤੇ ਹੋ ਇਸ ਦੁਸ਼ਟ ਕੋ ਪਾਣੀ ਮੇਂ ਜਾਨੇ ਦੋ ਤਾਂ ਸੰਤੋਂ ਨੇ ਕਹਾ ਯੇ ਦੁਸ਼ਟ ਆਪਣਾ ਸੁਭਾਵ ਦੇਖੋ ਨਹੀ ਛੋੜਤਾ। ਅਰ ਹਮ ਕਿਉਂ ਆਪਣਾ ਸੁਭਾਵ ਛੋੜੇਂ ॥

**ਦੋਹਿਰਾ ॥ ਭਲਿਅਨ ਸੇ ਭਲਾ ਕਰੇ ਯੇ ਜਗ ਕੋ ਬਿਵਹਾਰ। ਬੁਰਿਅਨ ਸੇ ਭਲਾ ਕਰੇ ਤੇ ਵਿਰਲੇ ਸੰਸਾਰ ॥**

ਸੰਤ ਐਸੇ ਹੋਤੇ ਹੈਂ ॥ ਸੰਕਾ ॥ ਦੁਖ ਦਾਤਾ ਪੁਰਸ਼ ਕੋ ਭੀ ਸੰਤ ਸੁਖ ਦੇਵੇ ਹੈ। ਇਸ ਮੇਂ ਹੇਤੂ ਕਵਨ ਹੈ ॥ ਸਮਾਧਾਨ ॥ ਇਸ ਮੇਂ ਹੇਤੂ ਏਹ ਹੈ। ਸਰਬ ਪਰਪੰਚ ਕੋ ਆਪਣਾ ਆਤਮਾ ਕਰਕੇ ਦੇਖੇ ਹੈ। ਵੈਰ ਦੂਸਰੇ ਸਾਥ ਕਰਾ ਜਾਤਾ ਹੈ। ਜਬ ਏਕ ਹੈ ਤਬ ਵੈਰ ਕਿਸ ਸੇ ਕਰੇ ਵਾਸਦੇਵ ਸਰਬਤਰ ਮੇਂ ਊਨ ਨ ਕਤਹੂੰ ਠਾਇ ॥

**ਪੁਨਾ ॥ ਵਾਸ ਦੇਵ ਬਿਨ ਅਵਰਨ ਕੋਊ ॥ ਨਾਨਕ ਓਅੰ ਸੋਹੰ ਆਤਮ ਸੋਊ। ਪੁਨਾ। ਏਕ ਰਹਿਆ ਤਾਂ ਏਕ ਦਖਾਇਆ। ਪੁਨਾ। ਤਿਸਕੇ ਭਾਣੇ ਕੋਈ ਨ ਭੂਲਾ ਜਿਨ ਸਗਲੋ ਬ੍ਰਹਮ ਪਛਾਤਾ।**

ਜਬ ਏਕ ਬ੍ਰਹਮ ਹੈ ਦੁਤੀਆ ਨਾਸਤੀ ਹੈ। ਇਸ ਵਾਸਤੇ ਦੁਖ ਦਾਤਾ ਪੁਰਸ਼ ਕੋ ਭੀ ਸੁਖ ਦੇਵੇ ਹੈ। ਐਸੇ ਸਮ ਚਿਤ ਮਹਾਤਮਾ ਕੇ ਚਰਨ ਕਮਲ ਕੋ ਕਵੀ ਜੀ ਕਹੇ ਹੈ। ਮੇਰੀ ਉਨ ਕੋ ਨਿਤਾਪਰਤੀ ਨਿਮਸ਼ਕਾਰ ਹੋ ਭਾਵ ਐਸੇ ਮਹਾਤਮਾ ਕੋ ਮੈਂ ਸਦਾ ਨਿਮਸ਼ਕਾਰ ਕਰਤਾ ਹੋਂ ॥੪ ॥੩ ॥ ਸੰਕਾ ॥ ਇਸ ਪੁਰਸ਼ ਕਾ ਭੂਸਨ ਕੀ ਹੈ ॥ ਸਮਾਧਾਨ ॥ ਮੂਲ ॥

**ਦੋਹਿਰਾ ॥ ਨਰੁਣਾਂ ਭਰਣ ਸ੍ਵਰੂਪ ਤਨ ਰੂਪਾਭਰਣ**



Scanned by CamScanner

ਗੁਣਾਹ। ਗੁਣ ਕੋ ਭੂਖਨ ਗਿਆਨ ਨਿਜ ਗਿਆਨ ਆਭਰਣ ਖਿਮਾਹਿ ॥੪॥

ਟੀਕਾ॥ਸਰੀਰ ਕਾ ਸੁੰਦਰ ਸਰੂਪ ਹੋਣਾ ਏ ਮਾਨੁਖ ਸਰੀਰ ਕਾ ਭੂਖਨ ਹੈ ਜੈਸੇ ਸੁੰਦਰ ਸ਼ਕਲ ਸੇ ਪੁਰਸ਼ ਹੋਵੇ ਹੈ। ਐਸੇ ਔਰ ਕਿਸੀ ਭੂਸ਼ਨ ਸੇ ਸੋਭਾ ਨਹੀਂ ਪਾਵੇ ਹੈ। ਸੰਕਾ॥ਇਸ ਸਰੂਪ ਕਾ ਭੂਖਨ ਕੌਣ ਹੈ। ॥ਸਮਾਧਾਨ॥ ਸ੍ਰੇਸ਼ਟ ਗੁਣ ਹੋਣੇ ਯੇ ਰੂਪ ਕਾ ਭੂਸ਼ਨ ਹੈ। ਕਾਹਿਤੇ। ਕਈ ਪੁਰਸ਼ ਸੁੰਦਰ ਦੇਖਨੇ ਮੇਂ ਤੋ ਆਤੇ ਹੈਂ, ਪਰ ਉਨਮੇਂ ਗੁਣ ਕੋਈ ਨਹੀਂ ਹੈ। ਜਹਾਂ ਕਹਾਂ ਫੇਰ ਵਹੁ ਅਨਾਦਰ ਪਾ ਰਹੇ ਹੈਂ। ਇਸ ਸੁੰਦਰਤਾਈ ਕਾ ਭੂਸ਼ਨ ਗੁਣ ਹੈ॥ ੧॥ਸੰਕਾ॥ਇਨ੍ਹਾਂ ਗੁਣਾਂ ਕਾ ਭੂਸ਼ਨ ਕੌਣ ਹੈ॥ਸਮਾਧਾਨ॥ਸੰਸੇ ਵਿਪਰਜੇ ਤੇ ਰਹਿਤ ਹਸਤਾਮਲ ਵਤ ਆਪਣੇ ਜਥਾਰਥ ਸਰੂਪ ਕਾ ਬੋਧ ਹੋਣਾ ਏ ਇਨ ਗੁਣੋਂ ਦਾ ਭੂਸ਼ਨ ਹੈ। ਕਾਹਿਤੇ। ਕਈ ਪੁਰਸ਼ੋਂ ਮੇਂ ਗੁਣ ਤੋ ਬਹੁਤ ਹੈਂ, ਪਰ ਸਰੂਪ ਕਾ ਬੋਧ ਨਹੀਂ ਇਸ ਵਾਸਤੇ ਵਹੁ ਸਭੀ ਗੁਣ ਨਿਸਫਲ ਹੈ। ਜਿਸ ਕੋ ਆਪਣੇ ਸਰੂਪ ਕਾ ਬੋਧ ਹੈ ਗੁਣ ਉਸੀ ਕੇ ਸਫਲੇ ਹੈਂ। ਸੰਕਾ। ਇਸ ਗਿਆਨ ਕਾ ਭੂਸ਼ਨ ਕਵਨ ਹੈ॥ ਸਮਾਧਾਨ॥ ਇਸ ਗਿਆਨ ਕਾ ਭੂਖਨ ਖਿਮਾ ਹੈ। ਕਾਹਿਤੇ। ਥੋੜੀ ਥੋੜੀ ਬਾਤ ਪਰ ਜੋ ਗੁਸਾ ਕਰਨੇ ਲਗ ਜਾਏਂ ਦਸੋ ਵਹੁ ਗਿਆਨ ਕਿਸ ਕੰਮ ਹੈ। ਗਿਆਨ ਵੋਹੀ ਹੈ। ਜੋ ਵਚਨ ਕੁਵਚਨ ਕੋ ਸਹਾਰੇ ਧਰਤੀ ਸਮ ਖਿਮਾ ਕਰੇ ਐਸੀ ਖਿਮਾ ਗਿਆਨ ਕਾ ਭੂਸ਼ਨ ਹੈ। ਇਸ ਪਰ ਪ੍ਰਮਾਨ।

**ਦੋਹਿਰਾ॥ਖੋਦ ਖਾਦ ਧਰਤੀ ਸਹੈ ਕਾਟ ਬਾਢ ਬਨ ਰਾਇ। ਵਚਨ ਕੁਵਚਨ ਗਿਆਨੀ ਸਹੈ ਔਰ ਪੈ ਸਹਿਓ ਨ ਜਾਇ॥**

ਸੰਕਾ॥ਇਸ ਗਿਆਨ ਅਭਿਆਸ ਕਰਨੇ ਸੇ ਜਗਿਯਾਸੂ ਕੋ ਕਿਆ ਫਲ ਹੋਵੇ ਹੈ॥ਸਮਾਧਾਨ॥ਮੂਲ॥

**ਦੋਹਿਰਾ॥ ਦਰਪਨ ਮਾਰਜਨ ਮਾਨ ਜਤੋਂ ਨਿਰਮਲ ਹੋਵਤ**



**ਸੋਇ॥ ਤਥਾ ਗਿਆਨ ਅਭਿਆਸ ਕਰ ਵਿਮਲ ਮਨੀਖਾ ਹੋਇ। ੫।**

ਟੀਕਾ॥ਪ੍ਰਿਥਮੇਂ ਦ੍ਰਿਸਟਾਂਤ ਦੇ ਕਰ ਫੇਰ ਦ੍ਰਿਸ਼ਟਾਂਤ ਕੋ ਸਿਧ ਕਰੇਂਗੇ। ਜਿਸ ਪ੍ਰਕਾਰ ਦਰਪਨ ਨਾਮ ਜੋ ਸ਼ੀਸ਼ਾ ਮਲਨ ਹੋ ਗਯਾ ਹੈ ਅਰਥਾਤ ਛਾਈਆਂ ਪੜ ਗਈਆਂ ਹੈਂ। ਮੁਖ ਜਿਸ ਮੇਂ ਸਪੱਸ਼ਟ ਭਾਸਤਾ ਨਹੀਂ ਹੈ। ਮਾਰਜਨ ਨਾਮ ਉਸਕੇ ਮਾਂਜਨੇ ਕਰਕੇ ਮਨ ਨਾਮ ਬੂਟੀ ਸੇ ਵਾ ਬਿਭੂਤੀ ਸੇ ਵਾ ਸੰਧੂਰ ਸੇ ਸੋ ਨਿਰਮਲ ਹੋ ਜਾਵੇ ਹੈ। ਫੇਰ ਉਸੀ ਸੈ ਮੁਖ ਸਪੱਸ਼ਟ ਭਾਸੇ ਹੈ। ਤਿਸੀ ਪ੍ਰਕਾਰ ਜਗਿਯਾਸੂ ਕੀ ਬੁਧੀ ਮੇਂ ਅਨੇਕ ਪ੍ਰਕਾਰਾਂ ਦੇ ਜੋ ਦੋਸ਼ ਪੜੇ ਹੂਏ ਹੈਂ। ਇਸ ਸੇ ਆਤਮ ਰੂਪੀ ਮੁਖ ਸਪੱਸ਼ਟ ਨਹੀਂ ਭਾਸੇ ਹੈ। ਤਥਾ ਗਜਾਨ ਕਾ ਪੁਨਾ ਪੁਨਾ ਅਭਿਆਸ ਕਰਨੇ ਕਰ ਅਰਥਾਤ ਵੇਦਾਂਤ ਸ਼ਾਸਤਰ ਕੇ ਵਿਚਾਰ ਕਰਨੇ ਕਰ ਮਨੀਖਾ ਨਾਮ ਬੁਧੀ ਫੇਰ ਜਗਿਯਾਸੂ ਕੀ ਵਿਮਲ ਨਾਮ ਨਿਰਮਲ ਹੋ ਜਾਵੇ ਹੈ। ਫੇਰ ਉਸ ਬੁਧੀ ਸੇ ਆਪਣੇ ਆਤਮਾ ਕਾ ਮੁਖ ਸਪੱਸ਼ਟ ਭਾਸਨੇ ਲਗ ਜਾਤਾ ਹੈ। ਯੇ ਇਸ ਕਾ ਫਲ ਹੈ। ਸੰਕਾ॥ਭੋਗ ਕੇ ਭੋਗਨੇ ਸੇ ਵਿਦਵਾਨ ਕੀ ਕੁਛ ਹਾਨੀ ਹੋਤੀ ਹੋਇਗੀ॥ਸਮਾਧਾਨ॥ਮੂਲ॥

**ਦੋਹਿਰਾ॥ਜਿਯੋਂ ਜਲ ਭੀਤਰ ਪਦਮ ਥਿਤ ਜਲ ਸਪਰਸ ਨਹਿ ਤਾਹਿ। ਗਜਾਨੀ ਸਬਦਾਦਿਕ ਵਿਖੇ ਭੋਗਤ ਪਰ ਨ ਲਿਪਾਹਿ॥੬॥**

ਟੀਕਾ॥ਜਿਸ ਪ੍ਰਕਾਰ ਜਲ ਵਿਖੇ ਕਮਲ ਇਸਥਿਤ ਹੋਇਆ ਹੂਆ ਭੀ ਤਿਸ ਕਮਲ ਕੋ ਫੇਰ ਜਲ ਕਾ ਸਪਰਸ਼ ਕੋਈ ਨਹੀਂ ਹੈ। ਜਲ ਮੇਂ ਰਹਿ ਕਰ ਫੇਰ ਅਸੰਗ ਕਾ ਅਸੰਗ ਹੈ। ਤਿਸੀ ਪ੍ਰਕਾਰ ਗਿਆਨਵਾਨ ਭੀ ਸ਼ਬਦ ਸਪਰਸ ਰੂਪ ਰਸ ਗੰਧ ਇਨ੍ਹਾਂ ਪਾਂਚ ਵਿਸਿਆਂ ਕੋ ਭੋਗਤਾ ਹੂਆ ਭੀ ਪਰ ਅੰਤਰ ਸੇ ਲਿਪਾਇਮਾਨ ਨਹੀਂ ਹੋਵੇ ਹੈ। ਭਾਵ-ਭੋਗਾਂ ਕੋ ਭੋਗਤਾ ਹੂਆ ਭੀ ਪਦਮ ਵਤ ਫੇਰ ਅਸੰਗ ਕਾ ਅਸੰਗ ਰਹੇ ਹੈ। ਜੈਸੇ ਜਲ ਪਦਮ ਕੀ ਹਾਨੀ ਕੁਛ ਨਹੀਂ ਕਰ ਸਕੇ ਹੈ। ਤੈਸੇ ਭੋਗ ਵਿਦਵਾਨ ਕੀ ਹਾਨੀ ਨਹੀਂ ਕਰ ਸਕੇ



Scanned by CamScanner

ਹੈ। ਜੋ ਪੂਰਨ ਤਤਵੇਤਾ ਅਭਿਆਸ ਮੇਂ ਅਰੂਢ ਪੁਰਸ਼ ਇੱਛਤ ਅਨਿਛਤ ਰੂਪੀ ਪ੍ਰਾਰਬਧ ਗਿਲਾਨੀ ਪੂਰਬਕ ਭੋਗਤਾ ਹੂਆ ਚਿਤ ਸੇ ਅਸੰਗ ਰਹੇ ਹੈ। ਬ੍ਰਹਮ ਗਿਆਨੀ ਸਦਾ ਨਿਰਲੇਪ ॥ਜੈਸੇ ਜਲ ਮੇਂ ਕਮਲ ਅਲੇਪ ॥ਯੇ ਗੁਰੂ ਸਿਮਰਤੀ ਪ੍ਰਮਾਨ ਹੈ। ਸਾਤ੍ਵਕ ਭੋਗਾਂ ਕੋ ਭੋਗਤਾ ਹੂਆ ਰਾਜਾ ਜਨਕ ਵਤ ਅਸੰਗ ਰਹੇ ਹੈਂ। ਇਸ ਪਰ ਏਕ ਗਾਥਾ ਹੈ। ਗੁਰੂ ਚੇਲਾ ਦੋ ਮਹਾਤਮਾ ਥੇ। ਗੁਰੂ ਬਿਰਧ ਚੇਲਾ ਬਾਲ ਥਾ ਪਰ ਦੋਨੋਂ ਤਤਵੇਤਾ ਥੇ। ਏਕ ਏਕ ਲੀਰਾਂ ਕੀ ਗੋਦੜੀ ਅਰ ਏਕ ਏਕ ਤੂੰਬੀ ਥੀ। ਮਾਨੋਂ ਵਿਰਾਗ ਨੇ ਦੋ ਮੂਰਤਾਂ ਧਾਰਨ ਕਰੀਆਂ ਹੂਈਆਂ ਹੈਂ। ਐਸੇ ਤੋ ਵਿਰਾਗਵਾਨ ਥੇ। ਦੋਨੋਂ ਵਿਚਰਤੇ ਹੂਏ ਏਕ ਰਾਜਾ ਕੀ ਰਾਜਧਾਨੀ ਮੇਂ ਚਲੇ ਗਏ। ਬਾਗ ਮੇਂ ਜਾ ਕੇ ਡੇਰਾ ਕੀਯਾ। ਰਾਜਾ ਨੇ ਸੁਣਾ ਹਮਾਰੇ ਬਾਗ ਮੇਂ ਦੋ ਸੰਤ ਆਏ ਹੈਂ ਸਹਿਤ ਬੇਟੇ ਕੇ ਰਾਜਾ ਦਰਸ਼ਨ ਕਰਨੇ ਕੋ ਆਇਆ। ਨਿਮਸ਼ਕਾਰ ਕਰਕੇ ਰਾਜਾ ਵਡੇ ਸੰਤਾਂ ਸੇ ਵਾਰਤਾਲਾਪ ਕਰਨੇ ਲਗਾ। ਰਾਜ ਪੁੱਤਰ ਛੋਟੇ ਸੰਤਾਂ ਸੇ ਪਰਚ ਗਯਾ। ਵਾਰਤਾਲਾਪ ਕਰਨੇ ਸੇ ਰਾਜ ਕੁਵਰ ਕਾ ਸਨੇਹ ਬਹੁਤ ਹੋ ਗਯਾ ਰਾਜਾ ਨੇ ਸੇਵਾ ਬਹੁਤ ਕਰੀ ਸਮਾਂ ਪਾ ਕੇ ਸੰਤ ਚਲਨੇ ਲਗੇ। ਰਾਜਾ ਬਹੁਤ ਪ੍ਰੇਮ ਕਰਤਾ ਭਯਾ ਪਰ ਸੰਤ ਨਾ ਅਟਕੇ ਰਾਜ ਪੁੱਤਰ ਬੋਲਾ ਮੈਂ ਛੋਟੇ ਸੰਤਾਂ ਕੋ ਜਾਨੇ ਨਹੀਂ ਦੇਹੂੰਗਾ। ਪ੍ਰੇਮ ਦੇਖ ਛੋਟੇ ਸੰਤ ਰਹਿ ਗਏ। ਵਡੇ ਸੰਤ ਚਲੇ ਗਏ। ਰਾਜ ਪੁੱਤਰ ਕਾ ਅਤੀ ਪ੍ਰੇਮ ਹੋ ਗਯਾ ਉਨ ਕੇ ਲੀਏ ਏਕ ਸੁੰਦਰ ਬੰਗਲਾ ਬਨਵਾਇਆ ਅਰ ਉਸ ਮੇਂ ਸੁੰਦਰ ਸਜਾਵਟ ਕਰੀ ਅਰ ਆਪਣੇ ਜੈਸੇ ਵਸਤਰ ਭੂਸ਼ਨ ਬਨਵਾ ਦੀਏ। ਸੰਤਾਂ ਦੀ ਗੋਦੜੀ ਤੂੰਬੀ ਸਾਂਭ ਕੇ ਰਖ ਦਈ। ਰਾਜ ਪੁੱਤਰ ਜੈਸੇ ਵਸਤਰ ਭੂਸ਼ਨ ਪਹਿਰ ਲੀਏ ਇਕੱਠਾ ਖਾਨਾ ਪੀਨਾ ਇਕੱਠਾ ਏਕ ਸੇਜਾ ਪਰ ਸੋਵਨਾ ਇਕੱਠਾ ਹਾਥੀ ਪਰ ਚੜ੍ਹ ਕੇ ਸੈਲ ਬਗੀਚਿਓਂ ਕਾ ਕਰਨ ਜਾਨਾ। ਦੋਨੋਂ ਕਾ ਇਕ ਜੈਸਾ ਵਿਵਹਾਰ ਹੋ ਗਯਾ। ਏਕ ਦਿਨ ਹਾਥੀ ਪਰ ਚੜ੍ਹ ਕੇ ਜਬ ਸੈਲ ਕਰਨੇ ਗਏ ਤਬ ਰਾਜਾ ਨੇ ਹਾਥ ਜੋੜ ਕੇ ਪ੍ਰਸ਼ਨ ਕਰਾ ਹੇ ਭਗਵਾਨ ਜੈਸੇ ਮੰਦਰੋਂ ਮੈਂ ਹਮ ਰਹਿਤੇ ਹੈਂ। ਤੈਸੇ ਤੁਮ ਰਹਿਤੇ ਹੋ। ਜੈਸੇ ਵਸਤਰ ਭੂਖਨ ਹਮ ਪਹਿਰਤੇ ਹੈਂ। ਤੈਸੇ ਆਪ



ਪਹਿਰਤੇ ਹੈਂ। ਜੈਸਾ ਹਮ ਭੋਜਨ ਖਾਤੇ ਹੈਂ ਤੈਸਾ ਤੁਮ ਖਾਤੇ ਹੋ। ਜੈਸੇ ਹਮ ਚਲਤੇ ਫਿਰਤੇ ਹੈਂ। ਤੈਸੇ ਤੁਮ ਚਲਤੇ ਫਿਰਤੇ ਹੋ। ਜੋ ਜੋ ਹਮ ਵਿਵਹਾਰ ਕਰਤੇ ਹੈਂ ਸੋ ਸੋ ਤੁਮ ਕਰਤੇ ਹੋ ਤੁਮਾਰਾ ਹਮਾਰਾ ਵਿਵਹਾਰ ਤੋ ਸਮਾਨ ਹੈ। ਹਮ ਫੇਰ ਗ੍ਰਹਿਸਥੀ ਤੁਮ ਸਾਧੂ ਏ ਕਿਆ ਹੈ। ਹੇ ਭਗਵਾਨ ਸ਼ਾਸਤਰ ਮੇਂ ਕਹਾ ਹੈ ਗਿਆਨੀ ਅਗਿਆਨੀ ਕਾ ਵਿਵਹਾਰ ਸਮਾਨ ਹੈ। ਫੇਰ ਭੇਦ ਕੈਸੇ ਬਨ ਸਕੇ ਹੈ। ਤੁਮਾਰੇ ਮੇਂ ਸਾਧੂਪਣਾ ਕਿਆ ਹੈ। ਅਰ ਫੇਰ ਹਮਾਰੇ ਮੇਂ ਗ੍ਰਹਿਸਥੀਪੁਣਾ ਕਿਆ ਹੈ। ਐਸਾ ਪ੍ਰਸ਼ਨ ਸੁਨ ਕੇ ਸੰਤ ਬੋਲੇ ਇਸ ਤੁਮਾਰੇ ਪ੍ਰਸ਼ਨ ਕਾ ਉਤਰ ਕੱਲ ਇਸੀ ਸਮੇਂ ਤੁਮ ਕੋ ਮਿਲੇਗਾ। ਰਾਜ ਪੁੱਤਰ ਨੇ ਕਹਾ ਹਛਾ ਐਸੇ ਕਹਿ ਕਰ ਚਲਾ ਗਯਾ ਜਬ ਦੂਸਰਾ ਦਿਨ ਹੂਆ ਉਸੀ ਸਮੇਂ ਫੇਰ ਰਾਜ ਪੁੱਤਰ ਆਤਾ ਭਯਾ। ਸੰਤ ਤੂੰਬੀ ਗੋਦੜੀ ਰੁਮਾਲ ਮੈ ਲਪੇਟ ਕਰ ਅੰਬਾਰੀ ਮੈ ਰਖ ਕਰ ਹਾਥੀ ਪਰ ਅਸਵਾਰ ਹੋ ਕੇ ਸੈਲ ਕਰਨੇ ਚਲੇ ਗਏ ਜਬ ਕੁਛ ਦੂਰ ਗਏ ਤਬ ਰਾਜ ਪੁੱਤਰ ਬੋਲਾ ਹੇ ਸ੍ਵਾਮਨ ਮੇਰੇ ਪ੍ਰਸ਼ਨ ਕਾ ਉਤਰ ਅਬ ਮਿਲਣਾ ਚਾਹੀਏ। ਸੰਤ ਬੋਲੇ ਹੇ ਰਾਜ ਪੁੱਤਰ ਜ਼ਰਾ ਈਹਾਂ ਹਾਥੀ ਬਿਠਾ ਦੇਹੁ। ਜਬ ਹਾਥੀ ਬਿਠਾਇ ਦੀਆ ਤਬ ਸੰਤ ਸੁੰਦਰ ਪੁਸ਼ਾਕੀ ਉਤਾਰ ਕਰ ਫੈਂਕ ਦੇਤੇ ਭਏ ਅਰ ਸਬ ਗਹਿਨੇ ਭੂਸ਼ਨ ਭੀ ਉਤਾਰ ਦੀਏ। ਅਰ ਵੋਹੀ ਗੋਦੜੀ ਲੀਰਾਂ ਵਾਲੀ ਪਹਿਰ ਲਈ । ਅਰ ਹਾਥ ਮੈ ਤੂੰਬੀ ਲੈ ਲਈ। ਅਰ ਕਹਾ ਹੇ ਰਾਜ ਪੁੱਤਰ ਦੇਖ ਹਮ ਨੇ ਛੋੜ ਦੀਆ ਹੈ। ਜੇਕਰ ਤੇਰੇ ਸੇ ਛੋੜਿਆ ਜਾਤਾ ਹੈ। ਤੋ ਤੂੰ ਭੀ ਛੋੜ ਕਰ ਚਲ ਹਮਾਰੇ ਸਾਥ। ਯੇ ਲੀਲ੍ਹਾ ਦੇਖ ਕਰ ਰਾਜ ਪੁੱਤਰ ਵਡਾ ਅਸਚਰਜ ਹੂਆ ਅਰ ਕਹਾ ਮਹਾਰਾਜ ਹਮ ਸੇ ਨਹੀਂ ਛੋੜਾ ਜਾਤਾ। ਤਬ ਸੰਤ ਬੋਲੇ ਬਸ ਹਮਾਰਾ ਤੁਮਾਰਾ ਏਹੀ ਭੇਦ ਹੈ। ਦੇਖ ਹਮ ਨੇ ਸ਼ੀਘਰ ਛੋੜ ਦੀਆ ਹੈ। ਅਰ ਤੁਮ ਸੇ ਨਹੀਂ ਛੋੜਾ ਜਾਤਾ। ਹੇ ਰਾਜ ਪੁੱਤਰ ਹਮ ਭੋਗਾਂ ਕੋ ਭੋਗਤੇ ਹੂਏ ਭੀ ਦਿਲ ਸੇ ਅਸੰਗ ਹੈਂ। ਅਰ ਤੁਮ ਭੋਗਾਂ ਕੋ ਭੋਗਤੇ ਹੂਏ ਮਨ ਸੇ ਸੰਗ ਵਾਲੇ ਭਾਸ ਰਹੇ ਹੋ। ਭਰਥਰੀ ਨੇ ਕਹਾ ਹੈ। ਰੁਚ ਹੇਤੁ ਵਿਪਸਚਿਤ ਕੇਚਿਤ ਕੋ ਭਵ ਭੋਗ ਕਦਾ-ਚਿਤ ਹੈ ਸਗਰੋ। ਜਨ ਨੀਚ ਕਰੇ ਰਤਿ ਬੀਚ ਇਨੇ ਅਗ ਤਗ ਵਿਖੇ ਇਤਨੋ

ਅੰਤਰੋ। ਰਾਗ ਸੇ ਰਹਿਤ ਹੋ ਕਰ ਗਿਆਨਵਾਨ ਭੋਗਾਂ ਕੋ ਭੋਗੈ ਹੈ। ਅਰ ਅਗਿਆਨੀ ਰਾਗ ਸਹਿਤ ਭੋਗਾਂ ਕੋ ਭੋਗੇ ਹੈ। ਇਤਨਾ ਭੇਦ ਹੈ। ਰਾਜ ਪੁੱਤਰ ਬੋਲਾ ਹੇ ਸੰਤ ਜੀ ਠੀਕ ਹੈ। ਤਬ ਤੁਮ ਠਹਿਰੋ। ਸੰਤ ਬੋਲੇ ਅਬ ਹਮ ਨਹੀਂ ਠਹਿਰੇਂਗੇ। ਐਸੇ ਕਹਿ ਕੇ ਸੰਤ ਚਲੇ ਗਏ। ਤਤਵੇਤਾ ਪੁਰਸ਼ ਸਾਤ੍ਵਕ ਭੋਗਾਂ ਕੋ ਭੋਗਤਾ ਹੂਆ ਪਦਮ ਪਤਰ ਵਤ ਅਸੰਗ ਰਹੇ ਹੈ॥੬॥ ਸੰਕਾ॥ਸੰਤ ਦੁਖ ਕਿਸ ਸੇ ਮਾਨੇ ਹੈ॥ਸਮਾਧਾਨ॥ਮੂਲ॥

**ਦੋਹਿਰਾ॥ਘਰਸਨ ਛੇਦਨ ਦਹਿਨ ਮੈ ਕੰਚਨ ਦੁਖੈ ਨ ਐਸ। ਗੁੰਜਨ ਸਮ ਤੋਲਨ ਹੁਤੇ ਹਾਟਕ ਦੁਖ ਹੈ ਜੈਸ॥੭॥**

ਟੀਕਾ॥ਇਸ ਮੈ ਸੁਰਣ ਕਾ ਦ੍ਰਿਸਟਾਂਤ ਦਿਖਾਤੇ ਹੈਂ। ਘਰਸਨ ਨਾਮ ਘੜਨੇ ਕਰਕੇ ਵਾ ਘਸਵਟੀ ਪਰ ਘਸਾਨੇ ਕਰਕੇ ਛੇਦਨ ਨਾਮ ਕਟਨੇ ਕਰਕੇ ਦਹਿਨ ਨਾਮ ਸਾੜਨੇ ਕਰਕੇ ਐਸਾ ਕੰਚਨ ਦੁਖੀ ਨਹੀਂ ਹੋਵੇ ਹੈ। ਰਤਕਾਂ ਕੇ ਬਰਾਬਰ ਸੁਰਨ ਤੋਲਨੇ ਸੇ ਜੈਸੇ ਹਾਟਕ ਨਾਮ ਸੋਨਾ ਦੁਖੀ ਹੋਵੇ ਹੈ। ਐਸਾ ਔਰ ਕਿਸੀ ਸੇ ਦੁਖੀ ਨਹੀਂ ਹੋਵੇ ਹੈ। ਭਾਵ ਏ ਹੈ ਭਾਵੇਂ ਘੜੀਏ ਭਾਵੇਂ ਕਟੀਏ ਭਾਵੇਂ ਸਾੜੀਏ ਸੋਨਾ ਐਸਾ ਦੁਖੀ ਨਹੀਂ ਹੋਤਾ। ਅਬ ਕਾਲੇ ਮੁਹਿ ਵਾਲੀਆਂ ਕੇ ਸਾਥ ਸੋਨੇ ਕੋ ਤੋਲਨੇ ਲਗੀਐ ਉਸ ਸਮੇਂ ਸੋਨਾ ਵਡਾ ਦੁਖੀ ਹੋਤਾ ਹੈ। ਕਾਹਿਤੇ। ਸੋਨਾ ਕਹਿਤਾ ਹੈ ਦੇਖੋ ਯੇ ਤੁਛ ਰਤਕਾਂ ਮੇਰੇ ਬਰਾਬਰ ਤੁਲ ਰਹੀਆਂ ਹੈਂ। ਯਾਂਤੈ ਸੋਨਾ ਵਡਾ ਦੁਖੀ ਹੋਵੈ॥੭॥ਆਗੇ ਦ੍ਰਿਸਟਾਂਤ ਕਹੇ ਹੈ। ਮੂਲ॥

**ਦੋਹਿਰਾ। ਤਨ ਦਾਹਿਨ ਛੇਦਨ ਬਿਪਤਿ ਨਹਿ ਅਸ ਦੂਖੈ ਸੰਤ। ਬਿਖੈ ਸੰਗ ਤੇ ਜਯੋ ਦੁਖੈ ਵਿਖੈ ਅਸੰਤ ਕਰੰਤ॥੮॥**

ਟੀਕਾ॥ਕੋਈ ਦੁਸ਼ਟ ਪੁਰਸ਼ ਖੋਟੇ ਵਚਨ ਕਹਿ ਕਰ ਸੰਤਾਂ ਕੇ ਸਰੀਰ ਕੋ ਦਗਧ ਭੀ ਕਰੇ ਵਾ ਸੰਤਾਂ ਦੇ ਤਨ ਕੋ ਅਗਨੀ ਸੇ ਸਾੜੇ ਵਾ ਮਹਾਤਮਾ ਕੇ ਤਨ ਕੋ ਛੇਦਨ ਨਾਮ ਲਾਠੀਓਂ ਸੇ ਵਾ ਔਰ ਸੇ ਕਟਨਾ ਕਰੇ। ਅਰ ਊਪਰ ਸੇ ਕੋਈ ਔਰ ਵਿਪਤਾ ਭੀ ਪੜ ਜਾਏ ਫੇਰ ਭੀ ਸੰਤ ਐਸੇ ਦੁਖੀ



ਨਹੀਂ ਹੋਤੇ। ਭਾਵ ਇਤਨਿਆਂ ਦੁਖਾਂ ਕੋ ਤੁਛ ਕਰਕੇ ਹੀ ਜਾਨੇ ਹੈਂ। ਸਦਾ ਚਿਤ ਸੇ ਪਰਸੰਨ ਰਹੇ ਹੈਂ। ਜਿਸ ਪ੍ਰਕਾਰ ਵਿਸ਼ਿਆਂ ਕੇ ਸਬੰਧ ਸੇ ਸੰਤ ਦੁਖੀ ਹੋਤੇ ਹੈਂ, ਐਸੇ ਔਰ ਕਿਸੀ ਸੇ ਦੁਖੀ ਨਹੀ ਹੋਤੇ। ਸੰਕਾ॥ਕਿਉਂ ਡਰਤੇ ਹੈਂ॥ ਸਮਾਧਾਨ॥ ਜੋ ਵਿਸ਼ੇ ਅਸੰਤਪੁਣਾ ਕਰ ਦੇਤੇ ਹੈਂ, ਇਨ ਕੇ ਸਬੰਧ ਸੇ ਸੰਤਪੁਣਾ ਨਹੀਂ ਰਹੇ ਹੈਂ। ਭਾਵ ਇਹ ਹੈ ਜਿਸ ਕੋ ਸ੍ਰਵਣ ਮਾਤਰ ਗਿਆਨ ਹੈ ਐਸਾ ਜੋ ਗਿਆਨੀ ਪੁਰਸ਼ ਹੈ। ਸ੍ਵਇਛਤ ਪ੍ਰਾਰਬਧ ਭੋਗਨੇ ਸੇ ਡਰੇ ਹੈ। ਜੇਕਰ ਮੈ ਇਨ ਕੋ ਭੋਗੋਂਗਾ, ਕੁਛ ਕਰੀ ਕਰਾਈ ਕਮਾਈ ਮਤ ਨਸ਼ਟ ਨਾ ਹੋ ਜਾਵੇ। ਸੋ ਇਸ ਵਾਸਤੇ ਡਰੇ ਹੈ ਕਿਉਂਕਿ ਵਿਸ਼ੇ ਖਰਾਬ ਕਰ ਦੇਤੇ ਹੈਂ॥ ੮॥ਸੰਕਾ॥ਆਪਣੇ ਸੰਤਪਣੇ ਸੇ ਸੰਤ ਕੈਸੇ ਸੋਭਾ ਪਾਵੇ ਹੈਂ॥ਸਮਾਧਾਨ॥

**ਦੋਹਿਰਾ॥ ਭ੍ਰਮਰ ਕੇਤਕੀ ਫੂਲ ਪਰ ਖੰਡ ਮਾਨ ਭੀ ਸੋਭ। ਤਯੋ ਗੁਣ ਕਰ ਜਹਿ ਚਿਤ ਢਪਿਯੋ ਤਿਹ ਨ ਦੋਖ ਕਰ ਖੋਭ॥੯॥**

ਟੀਕਾ॥ ਦ੍ਰਿਸਟਾਂਤ। ਜੈਸੇ ਭਵਰਾ ਕੇਤਕੀ ਕੇ ਫੂਲ ਪਰ ਉਸਕੇ ਕਾਂਟਿਓਂ ਸੇ ਖੰਡ ਖੰਡ ਹੋਇਆ ਹੂਆ ਭੀ ਫੇਰ ਭੀ ਉਸੀ ਪਰ ਵੋ ਸੋਭਾ ਪਾਵੇ ਹੈ। ਦ੍ਰਾਸਟਾਂਤ। ਤਿਸੀ ਪ੍ਰਕਾਰ ਜਿਸ ਮਹਾਤਮਾ ਕਾ ਦੈਵੀ ਸੰਪਤੀ ਕੇ ਉਤਮ ਗੁਣੋਂ ਕਰ ਚਿਤ ਜਿਸਕਾ ਢਪਿਯੋ ਨਾਮ ਵੇੜਿਆ ਹੂਆ ਹੈ। ਭਾਵ-ਚਿਤ ਜਿਸ ਕਾ ਉਤਮ ਗੁਣੋਂ ਸੇ ਪੂਰਨ ਹੋ ਰਿਹਾ ਹੈ। ਤਿਸ ਮਹਾਤਮਾ ਕੋ ਦੁਸ਼ਟ ਪੁਰਸ਼ ਕੋਈ ਦੋਸ਼ ਲਗਾਵੇ ਅਰ ਕਹੇ ਯਹਿ ਮਹਾਤਮਾ ਕਾਹਿ ਕੇ ਹੈ ਯਹਿ ਪਖੰਡੀ ਹੈ। ਪਰ ਤਿਸ ਮਹਾਤਮਾ ਕੇ ਚਿਤ ਮੇਂ ਖੋਭ ਨਾਮ ਕਲੇਸ਼ ਨਹੀਂ ਹੋਤਾ। ਉਨ ਕੇ ਕਹਿਨ ਸੇ ਆਪਣੇ ਉਤਮ ਗੁਣੋਂ ਕਾ ਤਿਆਗ ਨਹੀ ਕਰੇ ਹੈ। ਭਾਵ ਜੈਸੇ ਕੇਤਕੀ ਕੇ ਕੰਡਿਓਂ ਸੇ ਭਵਰਾ ਖੰਡ ਖੰਡ ਹੋਇਆ ਹੂਆ ਭੀ ਉਸਕਾ ਭੀ ਤਿਆਗ ਨਹੀ ਕਰੇ ਹੈ। ਉਸੀ ਪਰ ਬੈਠਾ ਹੂਆ ਭੀ ਸੋਭਾ ਪਾਵੇ ਹੈ। ਤੈਸੇ ਸੰਤ ਰੂਪੀ ਭਵਰਾ ਦੈਵੀ ਸੰਪਤੀ ਰੂਪੀ ਕੇਤਕੀ ਕੇ ਫੂਲ ਪਰ ਦੁਸ਼ਟਾਂ ਕੋ ਕੁਬਚਨਾਂ ਰੂਪੀ ਕਾਂਟਿਓਂ ਕਰ ਦੁਖੀ ਹੋਏ ਹੂਏ ਭੀ ਫੇਰ ਬੀ



Scanned by CamScanner

ਉਤਮ ਗੁਣੋਂ ਕਾ ਸੰਤ ਤਿਆਗ ਨਹੀ ਕਰੇ ਹੈ। ਕਿੰਤੂ ਉਨ ਸੇ ਹੀ ਉਨ ਕੀ ਸੋਭਾ ਹੋਵੇ ਹੈ॥੯॥ਸੰਕਾ॥ਸੰਤ ਖੋਟਾ ਕਰਮ ਕਿਉਂ ਨਹੀਂ ਕਰਤੇ॥ ਸਮਾਧਾਨ॥ਮੂਲ॥

**ਦੋਹਿਰਾ॥ਦੁਸਟ ਕ੍ਰਿਯਾ ਦ੍ਰਿਸਟੇ ਨਹੀ ਜੈਸੇ ਜਲ ਮੇਂ ਰੇਖ। ਸੰਤ ਕ੍ਰਿਆ ਅਤਿ ਅਲਪ ਭੀ ਸਿਲਾ ਰੇਖ ਜਯੋ ਦੇਖ॥੧੦॥**

ਟੀਕਾ॥ਦੁਸ਼ਟ ਪੁਰਸ਼ੋਂ ਕੀ ਕ੍ਰਿਆ ਪਰਤੀਤ ਨਹੀਂ ਹੋਤੀ ਮਦ ਮਾਸ ਕਾ ਭਖਨ ਕਰੇ ਚੋਰੀ ਯਾਰੀ ਕਰੇ ਭਾਵੇਂ ਕੈਸਾ ਕਰਮ ਕਰੇ ਪਰ ਸਭ ਉਨਕੀ ਕ੍ਰਿਆ ਛਪਨ ਹੋ ਜਾਤੀ ਹੈ। ਦ੍ਰਿਸਟਾਂਤ। ਜੈਸੇ ਜਲ ਮੇਂ ਰੇਖਾ ਪਾਓ ਤੁਰਤ ਉਸੀ ਮੈ ਲੀਨ ਹੋ ਜਾਤੀ ਹੈ ਇਕ ਖਿਨ ਭੀ ਨਹੀਂ ਠਹਿਰਤੀ। ਜੇ ਨੀਚ ਪੁਰਸ਼ ਕੋਈ ਖੋਟਾ ਕਰਮ ਕਰੇ। ਤਬ ਲੋਕ ਯਹਿ ਕਹਿਤੇ ਹੈਂ ਇਹ ਅਗੇ ਹੀ ਇਹਾ ਜਿਹਾ ਹੈ। ਜੈਸੇ ਕਿਸੀ ਕਹਾ ਜੀ ਫਲਾਣੇ ਨੇ ਫਲਾਣੇ ਕੀ ਨਿੰਦਾ ਕਰੀ ਹੈ। ਅਗੇ ਓ ਕਹਿਤਾ ਹੈ ਵਹੁ ਜੁਆਰੀਆ ਤੌ ਹੈ ਨਿੰਦਾ ਕਰੀ ਤਾਂ ਕੀ ਹੂਆ॥੧॥ਅਰ ਸੰਤਾਂ ਪਾਸੋਂ ਅਤੀ ਥੋੜਾ ਮਾਤ੍ਰ ਖੋਟਾ ਕਰਮ ਹੋ ਜਾਏ ਜੈਸੇ ਪਥਰ ਕੀ ਰੇਖਾ ਕਦੀ ਦੂਰ ਨਹੀ ਹੋਤੀ। ਭਾਵ ਜਬ ਤਕ ਵਹੁ ਪੱਥਰ ਰਹੇਗਾ, ਤਬ ਤਕ ਵਹੁ ਰੇਖਾ ਰਹੇਗੀ। ਤੈਸੇ ਜਬ ਤਕ ਜ਼ਿਮੀ ਅਸਮਾਨ ਰਹੇਗਾ ਤਬ ਤਕ ਸੰਤਾਂ ਕੀ ਬਾਤ ਭੁਲੇਗੀ ਨਹੀਂ। ਵਡੀ ਡੇਰੀ ਤਕ ਉਸ ਕੋ ਯਾਦ ਰਖੇਂਗੇ। ਯਹਿ ਕਹੇਂਗੇ ਦੇਖੋ ਜੀ ਅਮਕੇ ਸਾਧੂ ਨੇ ਕਿਆ ਕਾਮ ਕੀਆ ਸਾਧੂ ਤੌ ਬਨ ਗਏ ਹੈ। ਪਰ ਮਨ ਇਨ ਕਾ ਸਾਧੂ ਨਹੀਂ ਹੂਆ। ਇਸ ਪਰ ਪ੍ਰਮਾਨ। ਕਾਵ ਦ੍ਰਿਸਟਾਂਤ ਹੈ॥

**ਦੋਹਿਰਾ॥ਉਤਮ ਮਧਿਮ ਅਧਮ ਨਰ ਪਾਹਿਨ ਸਿਕਤਾ ਵਾਰ। ਪ੍ਰੀਤ ਅਨੁ ਕ੍ਰਮ ਜਾਨੀਏ ਵਿਤੇ ਵੈਰ ਵੀਚਾਰ॥**

ਅਰਥ ਇਹ ਹੈ ਉਤਮ ਪੁਰਸ਼ ਕੀ ਪ੍ਰੀਤ ਪੱਥਰ ਕੀ ਰੇਖਾ ਕੇ ਤੁਲ ਹੈ ਜੈਸੇ ਪਥਰ ਕੀ ਰੇਖਾ ਅਚੱਲ ਹੈ। ਤੈਸੇ ਉਤਮ ਪੁਰਸ਼ ਕੀ ਪ੍ਰੀਤ ਅਚੱਲ ਹੈ।



ਔਰ ਮਧਮ ਪੁਰਸ਼ ਕੀ ਪ੍ਰੀਤ ਰੇਤ ਕੀ ਲਕੀਰ ਕੇ ਸਮਾਨ ਹੈ। ਰੇਤ ਮੈ ਲਕੀਰ ਪਾਓ ਥੋੜਾ ਚਿਰ ਰਹੇਗੀ। ਤੈਸੇ ਹੀ ਮਧਮ ਪੁਰਸ਼ ਕੀ ਪਰੀਤ ਥੋੜਾ ਚਿਰ ਰਹਿਤੀ ਹੈ। ਅਧਮ ਪੁਰਸ਼ ਕੀ ਪਰੀਤ ਵਾਰ ਨਾਮ ਜਲ ਰੇਖਾ ਕੇ ਸਮ ਹੈ। ਜੈਸੇ ਜਲ ਮੇਂ ਰੇਖਾ ਪਾਓ ਮਲੂਮ ਨਹੀ ਹੋਤੀ। ਤੈਸੇ ਅਧਮ ਪੁਰਸ਼ ਕੀ ਪ੍ਰੀਤ ਹੋਤੀ ਮਲੂਮ ਨਹੀਂ ਹੋਤੀ। ਕਿਸ ਸਮੇਂ ਹੁਈ ਸੀ॥੧॥ਵਿਤੇ ਨਾਮ ਉਲਟਾ ਵਿਚਾਰ ਕਰ ਲੇਣਾ। ਉਤਮ ਪੁਰਸ਼ ਕਾ ਵੈਰ ਜਲ ਰੇਖਾ ਕੇ ਸਮਾਨ ਹੈ। ਮਧਮ ਪੁਰਸ਼ ਕਾ ਵੈਰ ਰੇਤ ਕੀ ਲਕੀਰ ਸਮਾਨ ਹੈ। ਅਧਮ ਪੁਰਸ਼ ਕਾ ਵੈਰ ਪਾਹਿਨ ਕੀ ਰੇਖਾ ਕੇ ਸਮਾਨ ਹੈ। ਸੰਤ ਖੋਟਾ ਕਰਮ ਇਸ ਵਾਸਤੇ ਨਹੀਂ ਕਰਤੇ ਜੇ ਹਮ ਥੋੜਾ ਭੀ ਖੋਟਾ ਕਰਮ ਕਰਾਂਗੇ ਪੱਥਰ ਰੇਖਾ ਸਮ ਸੰਸਾਰ ਮੇਂ ਅਚੱਲ ਹੋ ਜਾਇੰਗਾ॥੧੦॥ਐਸੇ ਸੰਤੋਂ ਕਾ ਸਤਸੰਗ ਵਡਾ ਸੀਤਲ ਹੈ। ਸਤਿਸੰਗ ਐਸੇ ਪੁਰਸ਼ੋਂ ਕਾ ਕਰਨਾ ਯੋਗ ਹੈ ਜਿਸ ਸੇ ਸ਼ਾਂਤੀ ਪ੍ਰਾਪਤ ਹੋ। ਸੰਕਾ॥ਕਿਸ ਕਿਸ ਤੇ ਅਧਿਕ ਸਤਿਸੰਗ ਸੀਤਲ ਹੈ॥ਸਮਾਧਾਨ॥ਮੂਲ॥

**ਦੋਹਿਰਾ। ਚੰਦਨ ਸੀਤਲ ਲੋਕ ਮੈ ਚੰਦਨ ਤੇ ਸਸਿ ਸੀਤ। ਚੰਦਨ ਚੰਦ੍ਰਹਿ ਜੁਗਲ ਤੇ ਸੀਤਲ ਸਤਿ ਸੰਗ ਨੀਤ॥੧੧॥**

ਟੀਕਾ॥ਇਸ ਲੋਕ ਮੈ ਚੰਦਨ ਜੈਸਾ ਔਰ ਕੋਈ ਸੀਤਲ ਨਹੀਂ ਹੈ। ਕਾਹਿਤੇ। ਬਾਵਨ ਚੰਦਨ ਘਸ ਕਰ ਸਰੀਰ ਕੇ ਏਕ ਅੰਗ ਪਰ ਲਗਾਇਆ ਜਾਵੇ ਸਾਰੇ ਸਰੀਰ ਮੈ ਸੀਤਲਤਾ ਹੋ ਜਾਵੇ ਹੈ। ਇਸ ਲੋਕ ਮੈ ਐਸਾ ਚੰਦਨ ਸੀਤਲ ਹੈ। ਫੇਰ ਇਸ ਚੰਦਨ ਨਾਲੋਂ ਚੰਦ੍ਰਮਾ ਸੀਤਲ ਹੈ। ਕਾਹਿਤੇ। ਸੂਰਜ ਸੇ ਦੂਨਾ ਊਚਾ ਹੈ। ਜਬ ਚੜ੍ਹਤਾ ਹੈ ਤਬ ਸਾਰੇ ਸੰਸਾਰ ਮੇਂ ਠੰਡ ਪਾਇ ਦੇਤਾ ਹੈ॥੧॥ਚੰਦਨ ਤੇ ਚੰਦ੍ਰਮਾ ਇਨ੍ਹਾਂ ਦੋਹਾਂ ਤੇ ਅਧਿਕ ਸਤਿਸੰਗ ਨਿਤ ਹੀ ਸੀਤਲ ਹੈ। ਇਸ ਮੇਂ ਰਾਜਨੀਤ ਚਮਤਕਾਰ ਚੰਦ੍ਰ ਕਾ ਪ੍ਰਮਾਨ।

**ਦੋਹਾ॥ਚੰਦਨ ਜਿਨ ਜੀਅ ਗਰਬ ਧਰ ਹੌ ਹੀ ਸੀਤਲ ਅੰਗ। ਤੋ ਤੇ ਸੀਤਲ ਸੌ ਗੁਨਾ ਸੰਤਨ ਕੋ ਸਤਿਸੰਗ।**

ਔਰ ਇਸ ਮੈ ਗੁਰੂ ਪ੍ਰਮਾਨ।



Scanned by CamScanner

ਨਹਿ ਸੀਤਲ ਚੰਦ੍ਰ ਦੇਵਹਿ ਨਹਿ ਸੀਤਲ ਬਾਵਨ ਚੰਦਨਹਿ। ਨਹਿ ਸੀਤਲ ਸੀਤ ਰੁਤੇਨ ਨਾਨਕ ਸੀਤਲੰ ਸਾਧ ਸ੍ਵਜਨਹਿ॥੧੧॥

ਸੰਕਾ॥ ਗ੍ਰਹਸਥੀ ਕਾ ਏਕ ਪੁੱਤਰ ਹੋਣਾ ਸੁਭ ਹੈ। ਵਾ ਬਹੁਤੇ॥ ਸਮਾਧਾਨ॥ਮੂਲ॥

ਦੋਹਿਰਾ॥ ਏਕ ਪੁਤ੍ਰ ਗੁਣਵਾਨ ਸੁਭ ਸੌ ਸੁਤ ਅਗੁਣ ਅਕਾਮ। ਇਕ ਹੀ ਸਸਿ ਤਮਕੋ ਹਰੇ ਤਾਰੇ ਕੋਟ ਕਹਿ ਕਾਮ॥੧੨॥

ਟੀਕਾ॥ਗੁਨਵਾਨ ਪੁਤ੍ਰ ਤੌ ਏਕ ਹੀ ਸ੍ਰੇਸ਼ਟ ਹੈ। ਅਰ ਔਗੁਣੀ ਪੁੱਤਰ ਸੌ ਭੀ ਹੋ ਜਾਵੇ ਅਕਾਮ ਕਹੀਏ ਤੌ ਭੀ ਕਿਸੀ ਕਾਮ ਨਹੀਂ। ਸੰਕਾ॥ਕਿਆ ਗੁਣ ਹੋਣੇ ਚਾਹੀਏ॥ ਸਮਾਧਾਨ॥ ਰਾਜਾ ਕਰਣ ਵਤ ਦਾਤਾ ਹੋਣਾ। ਅਰਜਨ ਵਤ ਸੂਰਮਾ ਹੋਣਾ ਚੰਦ੍ਰਹਾਸ ਵਤ ਭਗਤ ਹੋਣਾ ਇਤਿਆਦੀ ਗੁਣਾਂ ਵਾਲਾ ਪੁੱਤਰ ਏਕ ਹੀ ਹੱਛਾ ਹੈ। ਐਸੇ ਪੁੱਤਰ ਸੇ ਕਈ ਕੁਲਾਂ ਤਰ ਜਾਵੇ ਹੈ। ਸੰਕਾ॥ਐਸਾ ਵਹੁ ਕੌਣ ਹੂਆ ਹੈ॥ਸਮਾਧਾਨ॥ਰਾਜਾ ਸਗਰ ਕਾ ਪੋਤਰਾ ਅਸੁਮਾਨ ਹੂਆ ਹੈ। ਵਡਾ ਧਰਮਾਤਮਾ ਹੂਆ ਹੈ। ਇਸ ਕੇ ਸਠ ਹਜ਼ਾਰ ਚਾਚੇ ਕਪਲ ਮੁਨੀ ਕੇ ਕ੍ਰੋਧ ਸੇ ਭਸਮ ਹੋ ਗਏ ਥੇ। ਅੰਸੁ ਨਾਮ ਨੇ ਪੂਛਾ ਇਨ ਕੀ ਗਤੀ ਕੈਸੇ ਹੋ। ਗਰੁੜ ਨੇ ਕਹਾ ਜਹਾਂ ਯੇ ਮਰੇ ਹੈਂ ਤਹਾਂ ਹੀ ਗੰਗਾ ਲਿਆ ਕੇ ਪਾਈ ਜਾਵੇ ਤੌ ਇਨ ਕੀ ਗਤੀ ਹੋਇਗੀ। ਰਾਜ ਭਾਗ ਤਿਆਗ ਕੇ ਯਾਨੇ ਆਪਣੇ ਪੁੱਤਰ ਦਲੀਪ ਕੋ ਰਾਜ ਦੇ ਕਰ ਤਪ ਕਰਨੇ ਲਗਾ ਸੋ ਤਪ ਕਰਤਾ ਹੀ ਮਰ ਗਯਾ ਫੇਰ ਦਲੀਪ ਭਗੀਰਥ ਕੋ ਰਾਜ ਦੇ ਕੇ ਤਪ ਕਰਨੇ ਲਗਾ ਸੋ ਭੀ ਮਰ ਗਯਾ ਫੇਰ ਭਗੀਰਥ ਪੁੱਤਰ ਕੋ ਰਾਜ ਦੇ ਕਰ ਐਸਾ ਤਪ ਕੀਆ ਗੰਗਾ ਲਿਆ ਕੇ ਪਿਤਰਾਂ ਕੋ ਤਾਰ ਦੀਆ। ਦੇਖੋ ਚਾਚਿਆਂ ਕੇ ਤਾਰਨੇ ਕਾ ਐਸਾ ਅੰਸੁਮਾਨ ਨੇ ਬਾਧਾ ਥਾ। ਇਸ ਵਾਸਤੇ



ਅੰਸੁਮਾਨ ਵਤ ਏਕ ਪੁੱਤਰ ਹੋਨਾ ਸ੍ਰੇਸ਼ਟ ਹੈ। ਇਸ ਸੇ ਵਿਪਰੀਤ ਸੌ ਪੁੱਤਰ ਹੋ ਗਯਾ ਤੌ ਕਿਆ ਹੂਆ ਕਈ ਕੁਲਾਂ ਡੋਬ ਦੇਵੇ ਹੈ। ਇਸ ਮੈ ਦ੍ਰਿਸਟਾਂਤ। ਦੇਖੋ ਜੈਸੇ ਏਕ ਹੀ ਚੰਦ੍ਰਮਾ ਸਾਰੇ ਸੰਸਾਰ ਕਾ ਅੰਧਕਾਰ ਦੂਰ ਕਰ ਦੇਵੇ ਹੈ। ਜਬ ਚੰਦ੍ਰਮਾ ਨਾ ਉਦੇ ਹੋਵੇ ਤਾਰੇ ਕ੍ਰੋੜਾਂ ਚੜੇ ਹੂਏ ਹੋਤੇ ਹੈਂ। ਦਸੋ ਕਿਸ ਕੰਮ ਹੈਂ। ਹਨੇਰਾ ਤੌ ਦੂਰ ਨਹੀਂ ਕਰ ਸਕਦੇ। ਦ੍ਰਿਸ਼ਟਾਂਤ। ਤੈਸੇ ਚੰਦਰ ਵਤ ਸਰੇਸ਼ਟ ਏਕ ਪੁੱਤਰ ਆਪਣੀ ਕੁਲਾਂ ਕਾ ਅਗਿਆਨ ਰੂਪੀ ਤਮ ਦੂਰ ਕਰਕੇ ਸਭ ਕੀ ਸਦਗਤੀ ਕਰ ਦੇਵੇ ਹੈ। ਤਾਰਿਆਂ ਸਮ ਜੋ ਸੌ ਪੁੱਤਰ ਹੈ। ਸੋ ਆਪਣੀ ਕੁਲਾਂ ਕੀ ਸਦਗਤੀ ਨਹੀਂ ਕਰ ਸਕੇ ਹੈ। ਏਕ ਪੁੱਤਰ ਹੱਛਾ ਹੈ। ਬਹੁਤੇ ਹੱਛੇ ਨਹੀਂ॥੧੨॥ਸੰਕਾ॥ਵਿਦਵਾਨ ਕੇ ਅੰਮ੍ਰਿਤ ਰਸ ਕੇ ਕੋਈ ਜਾਨ ਸਕੇ ਹੈ। ਵਾ ਨਹੀਂ॥ਸਮਾਧਾਨ॥ਮੂਲ॥

ਦੋਹਿਰਾ॥ ਅੰਮ੍ਰਤ ਰਸ ਵਿਦ੍ਵਾਨ ਕੋ ਜਾਨਤ ਇਕ ਵਿਦ੍ਵਾਨ। ਰੰਭਾ ਭੋਗਨ ਤੇ ਜੁ ਸੁਖ ਜਾਨੈ ਸਕ੍ਰ ਨ ਆਨ॥੧੩॥

ਟੀਕਾ॥ਵਿਦਵਾਨ ਕਾ ਬ੍ਰਹਮਾਨੰਦ ਰੂਪੀ ਜੋ ਅੰਮ੍ਰਤ ਰਸ ਹੈ॥ਭਾਵ- ਜੋ ਗਿਆਨਵਾਨ ਕਾ ਆਸ਼ਾ ਹੈ। ਉਸਕੇ ਜਾਨਨੇ ਕੋ ਕੋਈ ਸਮਰਥ ਨਹੀ ਹੈ ਦੂਸਰਾ ਜੋ ਇਕ ਵਿਦਵਾਨ ਪੁਰਸ਼ ਹੈ, ਏਕ ਵਹੁ ਜਾਨੇ ਹੈ। ਇਸ ਮੇਂ ਦ੍ਰਿਸਟਾਂਤ। ਅਪੱਛਰਾਂ ਕੇ ਭੋਗਨੇ ਕਾ ਜੋ ਸੁਖ ਹੈ। ਸੋ ਏਕ ਇੰਦਰ ਹੀ ਜਾਨਤਾ ਹੈ ਔਰ ਕੋਈ ਨਹੀਂ ਜਾਨ ਸਕਤਾ। ਇਸ ਮੈ ਗੁਰੂ ਪ੍ਰਮਾਨ॥ਬ੍ਰਹਮ ਗਿਆਨੀ ਕੀ ਗਤਿ ਬ੍ਰਹਮ ਗਿਆਨੀ ਜਾਨੈ, ਐਸੇ ਵਿਦ੍ਵਾਨ ਕੇ ਰਸ ਕੋ ਏਕ ਵਿਦ੍ਵਾਨ ਸੰਤ ਜਾਨੇ ਹੈ॥੧੩॥ਸੰਕਾ॥ਜੋ ਵੇਦ ਸ਼ਾਸਤਰ ਮੇਂ ਪੁਰਸ਼ ਨਿਪੁੰਨ ਹੈ। ਉਸ ਕੋ ਆਤਮ ਗਯਾਨ ਜਾਨਨੇ ਕੀ ਕੋਈ ਲੋੜ ਹੈ ਵਾ ਨਹੀਂ॥ ਸਮਾਧਾਨ॥ਮੂਲ॥

ਦੋਹਿਰਾ॥ਸਭ ਸਾਸਤ੍ਰ ਮੈ ਚਤੁਰ ਭੀ ਚਤੁਰ ਵੇਦ ਥਿਤ ਵਾਕ। ਆਤਮ ਗਿਆਨ ਨ ਜਾਨਿਯੋ ਜਯੋ ਦਰਬੀ ਰਸ ਪਾਕ॥੧੪॥



Scanned by CamScanner

ਟੀਕਾ॥ਸਭ ਸ਼ਾਸਤ੍ਰੋਂ ਮੇਂ ਜੋ ਪੁਰਸ਼ ਚਤਰ ਭੀ ਹੈ। ਤਥਾ ਚਾਰ ਵੇਦ ਭੀ ਵਾਕ ਨਾਮ ਜਿਸ ਕੀ ਬਾਣੀ ਮੇਂ ਥਿਤ ਨਾਮ ਇਸਥਿਤ ਹੋ ਰਹੇ ਹੈਂ। ਭਾਵ ਵੇਦ ਕੰਠ ਹੋ ਰਹੇ ਹੈਂ ਪਰ ਆਤਮ ਗਯਾਨ ਜਾਨਾ ਨਹੀਂ ਉਸਕੇ ਵੇਦ ਸ਼ਾਸਤਰ ਪੜ੍ਹੇ ਹੂਏ ਐਸੇ ਨਿਸਫਲ ਹੈਂ। ਜਿਸ ਪ੍ਰਕਾਰ ਪਾਕ ਨਾਮ ਪਕਾਏ ਹੂਏ ਸਲੂਣੇ ਆਦੀ ਭੋਜਨ ਹੈਂ ਉਨ ਕੇ ਰਸ ਮੇ ਦਰਬੀ ਨਾਮ ਕੜਛੀ ਜੈਸੇ ਸੂੰਨ ਹੈ। ਭਾਵ ਜੈਸੇ ਸਭ ਭੋਜਨੋਂ ਮੇਂ ਕੜਛੀ ਫਿਰਤੀ ਰਹਿਤੀ ਹੈ ਪਰ ਉਨਕੇ ਸ੍ਵਾਦ ਕੋ ਵਹੁ ਨਹੀਂ ਜਾਨਤੀ, ਵੇਦ ਸ਼ਾਸਤਰ ਪੜ੍ਹਤਾ ਪੜ੍ਹਾਤਾ ਹੈ ਅਰ ਆਤਮ ਗਯਾਨ ਜਾਨਾ ਨਹੀਂ ਯੇ ਫੇਰ ਸਭੋ ਨਿਸਫਲ ਹੈਂ। ਭਾਵ ਇਨ ਕੇ ਰਸ ਤੇ ਵਹੁ ਰਹਿਤ ਹੈ॥ਸੰਕਾ॥ਐਸੇ ਤਤਵੇਤਾ ਪੁਰਸ਼ ਸਭੀ ਸੰਤ ਹੈ ਵਾ ਕੋਈ ਹੈ॥ਸਮਾਧਾਨ॥ਮੂਲ॥

**ਦੋਹਿਰਾ॥ ਗਿਰ ਗਿਰ ਮੈ ਮਾਨਕ ਨਹੀ ਗਜ ਗਜ ਮੋਤੀ ਨਾਹਿ। ਚੰਦਨ ਤਰ ਬਨ ਬਨ ਨਹੀ ਸੰਤ ਨ ਪੁਰ ਪੁਰ ਮਾਹਿ॥੧੫॥**

ਟੀਕਾ॥ਐਸੇ ਤਤਵੇਤਾ ਪੁਰਸ਼ ਕੋਈ ਇਕ ਅਧ ਹੋਵੇ ਹੈ, ਸਭ ਨਹੀਂ। ਇਸ ਬਾਤ ਕੋ ਤੀਨ ਦ੍ਰਿਸਟਾਂਤ ਦੇਕਰ ਫੇਰ ਸਿਧ ਕਰੇਂਗੇ। ਜੈਸੇ ਸਭ ਪਰਬਤਾਂ ਵਿਚ ਮਾਨਕ ਨਹੀਂ। ਮਾਨਕ ਵਾਲਾ ਪਰਬਤ ਕੋਈ ਵਿਰਲਾ ਹੀ ਹੋਵੇ ਹੈ ਜੈਸੇ ਸਭ ਹਾਥੀ, ਹਾਥੀ ਕੇ ਮਸਤਕ ਪਰ ਮੋਤੀ ਨਹੀ ਹੈ। ਕਿਸੀ ਅਧ ਹਾਥੀ ਕੇ ਮਸਤਕ ਪਰ ਮੋਤੀ ਹੋਵੇ ਹੈ। ਔਰ ਜੈਸੇ ਚੰਦਨ ਕਾ ਬ੍ਰਿਛ ਬਨ ਬਨ ਮੇ ਨਹੀਂ ਮਿਲ ਸਕੇ ਹੈ। ਕਿਸੀ ਏਕ ਬਨ ਵਿਚ ਚੰਦਨ ਕਾ ਬ੍ਰਿਛ ਹੋਵੇ ਹੈ। ਦ੍ਰਿਸ਼ਟਾਂਤ। ਤੈਸੇ ਤਤਵੇਤਾ ਪੁਰਸ਼ ਪੁਰ ਨਾਮ ਪੁਰ ਗਾਮ ਗਾਮ ਮੇ ਨਹੀ ਮਿਲ ਸਕਤੇ। ਕਿਸੀ ਏਕ ਗਾਮ ਮੇ ਸੰਤ ਮਿਲੇਂਗੇ। ਇਸ ਮੈ ਪ੍ਰਮਾਨ॥ਨਾਰਾਇਣੁ ਜਿਹ ਚੀਤਿ॥ਕੋਟਨ ਮੈ ਨਾਨਕ ਕੋਊ ॥ਸੰਕਾ॥ ਇਸ ਵਖਤ ਗਯਾਨ ਕੀ ਦਮਕਾਂ ਮਾਰਨੇ ਵਾਲੇ ਸੰਤ ਬਹੁਤ ਨਜ਼ਰ ਆਤੇ ਹੈਂ। ਸਿਵੋਹੰ ਸੁਧੋਹਿੰ ਏ ਸ਼ਬਦ ਸਭ ਉਚਾਰਨ ਕਰਤੇ ਹੈਂ। ਯੇ ਸਭ ਗਿਆਨੀ



ਹੈਂ। ॥ਸਮਾਧਾਨ॥ਜੈਸੇ ਕਿਸੀ ਏਕ ਸ਼ਹਿਰ ਮੈ ਕਿਸੀ ਧਨੀ ਕੇ ਘਰ ਰਾਤ ਚੋਰ ਪੜੇ ਹੈਂ। ਉਸ ਧਨੀ ਕੇ ਘਰ ਏਕ ਕੁੱਤਾ ਰਹਿਤਾ ਥਾ ਸੋ ਚੋਰ ਕੋ ਦੇਖ ਕਰ ਕੁੱਤਾ ਭੌਂਕਨੇ ਲਗ ਪੜੇ। ਉਸਕੀ ਅਵਾਜ਼ ਸੁਣ ਕਰ ਸ਼ਹਿਰ ਕੇ ਸਾਰੇ ਕੁੱਤੇ ਭੌਂਕਨ ਲੱਗ ਪੜਾ। ਜਿਸ ਕੁੱਤੇ ਨੇ ਚੋਰ ਕੋ ਦੇਖਕੇ ਭੌਂਕਾ ਹੈ। ਉਸ ਕਾ ਭੌਂਕਨਾ ਤੌ ਸਚਾ ਹੈ। ਜੋ ਉਸਕੀ ਅਵਾਜ਼ ਕੋ ਸੁਣ ਕਰ ਭੌਂਕੇ ਹੈ, ਸੋ ਝੂਠੇ ਹੈਂ। ਤੈਸੇ ਕਿਸੀ ਏਕ ਸੰਤ ਨੇ ਬ੍ਰਹਮ ਕੋ ਦੇਖਾ ਹੈ। ਸਿਵੋਹੰ ਸੁਧੋਹੰ ਸੋ ਪੁਕਾਰਨੇ ਲਗੇ ਉਨ ਕੀ ਅਵਾਜ਼ ਕੋ ਸੁਣ ਕਰ ਔਰ ਭੀ ਸਭ ਸੰਤ ਪੁਕਾਰਨੇ ਲਗ ਪੜੇ। ਜਿਨ੍ਹਾਂ ਮਹਾਤਮੋਂ ਨੇ ਹਸਤਾਮਲ ਵਤ ਬ੍ਰਹਮ ਕੋ ਜਾਨ ਕਰ ਸਿਵੋਹੰ ਸੁਧੋਹੰ ਪੁਕਾਰਾ ਹੈ। ਸੋ ਉਨ ਕਾ ਪੁਕਾਰਨਾ ਸੱਚਾ ਹੈ। ਜਿਨ੍ਹੋਂ ਨੇ ਬ੍ਰਹਮ ਕੋ ਦੇਖਾ ਨਹੀਂ ਸੁਣਿਆ ਸੁਣਾਇਆ ਪੁਕਾਰਨੇ ਲਗੇ ਹੈਂ। ਸੋ ਵਹੁ ਝੂਠੇ ਹੈਂ। ਏਕ ਅਧ ਕੋਈ ਸੰਤ ਹੈ ਬਹੁਤੇ ਸੰਤ ਨਹੀਂ। ਯੇ ਅਰਥ ਮੁਖ ਹੈ। ਅਬ ਆਗੇ ਗੌਣ ਅਰਥ ਕਰਤੇ ਹੈਂ। ਕੁੰਭ ਦੇ ਮੇਲਿਆਂ ਪਰ ਦੇਖੋ ਗ੍ਰਿਹਸਥੀ ਥੋੜੇ ਹੋਣਗੇ ਸਾਧੂ ਬਹੁਤ ਹੋਇੰਗੇ। ਸੰਤ ਸੰਤ ਹੀ ਨਜ਼ਰ ਆਤੇ ਹੈਂ। ਐਸੀ ਜਗ੍ਹਾ ਕੋਈ ਨਹੀਂ ਜਹਾਂ ਸੰਤ ਨਾ ਮਿਲੇ। ਇਸ ਵਾਸਤੇ ਇਸ ਦੋਹਿਰੇ ਕਾ ਅਬ ਦੂਸਰਾ ਅਰਥ ਕਰਤੇ ਹੈਂ। ਜਿਸ ਗਿਰ ਮੈ ਮਾਨਕ ਹੈਂ ਉਸ ਜੈਸਾ ਔਰ ਗਿਰ ਨਹੀਂ ਹੈ। ਜਿਸ ਹਾਥੀ ਮੈ ਮੋਤੀ ਹੈ ਤਿਸ ਜੈਸਾ ਹੋਰ ਹਾਥੀ ਨਹੀਂ ਹੈ। ਜਿਸ ਬਨ ਮੈ ਚੰਦਨ ਕਾ ਬ੍ਰਿਛ ਹੈ ਉਸ ਜੈਸਾ ਹੋਰ ਬਨ ਨਹੀਂ ਹੈ। ਜਿਸ ਸ਼ਹਿਰ ਮੈ ਸੰਤ ਹੈਂ ਉਸ ਜੈਸਾ ਹੋਰ ਸ਼ਹਿਰ ਨਹੀਂ॥ਸੰਕਾ॥ਐਸੇ ਪੁਰਸ਼ ਚਿਤ ਮੈ ਕਿਆ ਚਾਹਿਤੇ ਹੈਂ॥ਸਮਾਧਾਨ॥ਮੂਲ॥

**ਦੋਹਿਰਾ॥ ਨਿਰਮਲ ਮਤ ਮਾਨੀ ਪੁਰਖ ਦੁਇ ਫਲ ਕੀ ਇਛ ਧਾਰ। ਸਰਬ ਸੰਗ ਨਿਬ੍ਰਤਤਾ ਵਾ ਵਿਭੂਤ ਵਿਸਤਾਰ॥੧੬॥**

ਟੀਕਾ॥ਸ੍ਰਛ ਬੁਧੀਵਾਨ ਜੋ ਪੁਰਸ਼ ਹੈ। ਸੋ ਦੋ ਫਲ ਕੀ ਚਿਤ ਮੇਂ ਇੱਛਾ ਰਖਤੇ। ਦੋ ਇੱਛਾ ਏ ਹੈਂ। ਸਰਬ ਸੰਗ ਤੇ ਨਿਬ੍ਰਿਤ ਰਹਿਨਾ ਵਾ ਬਿਭੂਤ ਕਾ



Scanned by CamScanner

ਵਿਸਤਾਰ ਹੋਣਾ। ਭਾਵ-ਏਕ ਨਿਬ੍ਰਿਤੀ ਪੱਖ ਹੈ। ਦੂਸਰਾ ਪ੍ਰਵਿਰਤੀ ਪਖ ਹੈ। ਉਤਮ ਪੁਰਸ਼ ਪ੍ਰਮਾਤਮਾ ਸੇ ਯੇ ਚਾਹਿਤੇ ਹੈਂ ਹੇ ਪ੍ਰਮਾਤਮਾ ਦੇਵ ਜੇ ਹਮ ਕੋ ਨਿਬ੍ਰਿਤੀ ਦੇਨੀ ਹੈ ਤੋ ਨਿਬ੍ਰਿਤੀ ਐਸੇ ਦੇਹੁ ਹਮ ਸਭ ਸੇ ਨਿਬ੍ਰਿਤ ਹੋ ਜਾਏਂ। ਕਿਸੀ ਕੀ ਇੱਛਾ ਨਾ ਫੁਰੇ ਜੇ ਹਮ ਕੋ ਪਰਵਿਰਤੀ ਦੇਨੀ ਚਾਹਿਤੇ ਹੋ ਫੇਰ ਧਨ ਈਸਵਰਜ ਕਾ ਐਸਾ ਵਿਸਤਾਰ ਕਰੋ ਜੋ ਜੋ ਹਮ ਇੱਛਾ ਕਰੇਂ ਸੋ ਹਮ ਕੋ ਪ੍ਰਾਪਤ ਹੋਤਾ ਜਾਏ। ਨਾ ਨਿਬ੍ਰਿਤੀ ਪੂਰੀ ਹੋਣੀ ਨਾ ਪਰਵਿਰਤੀ ਪੂਰੀ ਹੋਣੀ ਵਿਚ ਵਿਚਾਲੇ ਟਿਕਾ ਰਹਿਨਾ ਯੇ ਹਮ ਕੋ ਹੱਛਾ ਨਹੀ ਲਗੇ ਹੈ।

**ਦੋਹਿਰਾ॥ ਇਕੇ ਤੋ ਬਹੁਤਾ ਧਨ ਭਲਾ ਇਕੇ ਭਲਾ ਗੋਬਿੰਦ। ਵਿਚ ਵਿਚਾਲੇ ਸੁਥਰਿਆ ਗੋਤੇ ਖਾਂਦੀ ਜਿੰਦ॥**

ਨਿਬ੍ਰਿਤੀ ਪਰਵਿਰਤੀ ਪਰ ਪ੍ਰਮਾਨ।

**ਸਵੈਯਾ॥ਕੈ ਮਹਿ ਮੰਡਲ ਰਾਜ ਦਿਜੈ ਨਹਿ ਏਕ ਕਮੰਡਲ ਹੀ ਕਰ ਮਾਹੀ। ਕੈ ਤਨ ਮਾਹਿ ਪਟੰਬਰ ਦੈ ਨਹਿ ਏਕ ਮ੍ਰਿਗੰਬਰ ਹੀ ਜਗ ਮਾਹੀ। ਹਾਟਕ ਧਾਮ ਨਿਵਾਸ ਦਿਜੈ ਨਹਿ ਪਰਨ ਕੁਟੀ ਸੁਖ ਸੋਂ ਬਨ ਮਾਹੀ। ਦੋਨਨ ਮੈ ਪ੍ਰਭੁ ਏਕ ਦਿਜੈ ਸਭਹੀ ਫਲਤੇ ਪਦ ਪੰਕਜ ਮਾਹੀ॥**

ਨਿਬ੍ਰਿਤੀ ਪਰਵਿਰਤੀ ਐਸੀ ਬੁਧੀਵਾਨ ਚਾਹੇ ਹੈ। ਸੰਕਾ॥ਐਸੇ ਸੰਤੋਂ ਕਾ ਸੁਭਾਵ ਕੈਸਾ ਹੋਵੈ ਹੈ॥ਸਮਾਧਾਨ॥ਮੂਲ॥

**ਦੋਹਿਰਾ॥ਉਪਕਾਰੀ ਪਿਆਰੀ ਗਿਰਾ ਕਰੈ ਅਕਿਰਤਮ ਪਰੀਤ। ਸੰਤਨ ਇਹੀ ਸੁਭਾਵ ਹੈ ਸਸਿ ਸੀਤਲ ਕਿਨ ਕੀਤ॥੧੭॥**

ਟੀਕਾ॥ਸੰਤਾਂ ਕਾ ਯੇ ਸੁਭਾਵ ਹੋਵੈ ਹੈ। ਪਿਆਰੀ ਬਾਣੀ ਐਸੀ ਬੋਲਤੇ ਹੈਂ ਜਿਸ ਸੇ ਅਗਲੇ ਕਾ ਕੁਛ ਉਪਕਾਰ ਹੋ ਜਾਏ॥ਸੰਕਾ॥ਇਸ ਉਪਕਾਰ



ਕਾ ਬਦਲਾ ਲੇਨਾ ਚਾਹਿਤੇ ਹੋਇੰਗੇ॥ਸਮਾਧਾਨ॥ਸੰਤ ਅਕਿਰਤਮ ਪ੍ਰੀਤ ਕਰਤੇ ਹੈਂ। ਪ੍ਰਤੀ ਬਦਲਾ ਲੇਣਾ ਨਹੀਂ ਚਾਹਿਤੇ। ਜੋ ਪ੍ਰਤੀ ਬਦਲਾ ਲੇਣੇ ਚਾਹਿਤੇ ਹੈਂ ਸੋ ਕ੍ਰਿਤਮ ਪ੍ਰੀਤੀ ਕਹੀ ਜਾਵੇ ਹੈ ਸੰਕਾ॥ਯੇ ਸੁਭਾਵ ਕਿਸੀ ਕਾ ਬਨਾਇਆ ਹੂਆ ਹੋਗਾ॥ਸਮਾਧਾਨ॥ਸੰਤਨ ਕਾ ਯੇ ਸੁਭਾਵ ਸੁਤੇ-ਸਿਧ ਹੈ। ਕਿਸੀ ਕਾ ਬਨਾਇਆ ਹੂਆ ਨਹੀਂ। ਇਸ ਮੈ ਦ੍ਰਿਸ਼ਟਾਂਤ। ਦੇਖੋ ਚੰਦ੍ਰਮਾ ਕੋ ਸੀਤਲ ਕਿਸ ਨੇ ਕਰਾ ਹੈ। ਜੈਸੇ ਚੰਦ੍ਰਮਾ ਸੁਤੇ ਸਿਧ ਸੀਤਲ ਹੈ। ਤੈਸੇ ਸੰਤ ਸੁਤੇ-ਸਿਧ ਅਕਿਰਤਮ ਪ੍ਰੀਤੀ ਕਰਤੇ ਹੈਂ,ਸ਼ਾਸਤ੍ਰ ਮੈ ਲਿਖਾ ਹੈ। ਸੰਤ ਸਦਾ ਚਿਤ ਮੇਂ ਏਹੀ ਚਾਹਿਤੇ ਹੈਂ। ਜੈਸੇ ਹਮ ਸੁਖੀ ਹੋ ਰਹੇ ਹੈਂ। ਤੈਸੇ ਸਾਰਾ ਸੰਸਾਰ ਸੁਖੀ ਹੋ ਜਾਇ। ਜੋ ਇਨ ਕੇ ਪਾਸ ਆਤਾ ਹੈ, ਤਤ੍ਵ ਉਪਦੇਸ਼ ਦੇਕਰ ਜਨਮ ਮਰਨ ਰੂਪੀ ਦੁਖ ਸੇ ਛੁੜਾਇ ਦੇਵੇ ਹੈਂ। ਸੰਤ ਐਸੇ ਪਰਉਪਕਾਰੀ ਹੋਵੇ ਹੈਂ॥ਸੰਕਾ॥ਇਨ੍ਹਾਂ ਪੁਰਸ਼ਾਂ ਕੇ ਬੰਧਨ ਹਰਨੇ ਕੋ ਸਭ ਸਾਧੂ ਸਮਰਥ ਹੈਂ ਵਾ ਇਕ ਅਧ ਹੋਵੇ ਹੈ॥ਸਮਾਧਾਨ॥ਮੂਲ॥

**ਦੋਹਿਰਾ॥ਸੋ ਤਰੁ ਕੋਇਕ ਕਹੂੰ ਹੈ ਜਹਿ ਕਰਿੰਦ ਆਸ੍ਰਿਛ। ਬਨ ਬਨ ਮੈ ਬਨ ਚਰਨ ਕੇ ਵਾਸ ਯੋਗ ਬਹੁ ਬ੍ਰਿਛ॥੧੮॥**

ਟੀਕਾ॥ਇਸ ਦੋਹਿਰੇ ਮੇਂ ਪਹਿਲੇ ਹਮ ਦ੍ਰਿਸ਼ਟਾਂਤ ਦੇਵੇਂਗੇ। ਅਗਲੇ ਦੋਹਿਰੇ ਮੇਂ ਦ੍ਰਿਸ਼ਟਾਂਤ ਕਹੇਂਗੇ। ਜੈਸੇ ਸੋ ਬ੍ਰਿਛ ਕਿਸੀ ਇਕ ਅਧ ਬਨ ਮੇਂ ਹੋਵੇ ਹੈ। ਜਿਸ ਬ੍ਰਿਛ ਕੇ ਸਾਥ ਕਰਿੰਦ ਨਾਮ ਹਾਥੀ ਆਸ੍ਰਿਛ ਨਾਮ ਛਿਕ ਕਰਕੇ ਬੰਨ੍ਹ ਕੇ ਬਿਠਾਇਆ ਜਾਵੇ। ਹਰ ਇਕ ਬ੍ਰਿਛ ਸਾਥ ਹਾਥੀ ਨਹੀਂ ਬਾਧਾ ਜਾਵੇ ਹੈ। ਕਾਹਿਤੇ। ਸਮਾਨ ਬ੍ਰਿਛਾਂ ਕੋ ਹਾਥੀ ਪੁਟ ਦੇਤਾ ਹੈ। ਜਿਸ ਸੇ ਹਾਥੀ ਬਾਂਧਾ ਜਾਏ ਜੈਸੇ ਵਹੁ ਬ੍ਰਿਛ ਕੋਈ ਇਕ ਅਧ ਹੈ॥੧॥ਬਨ ਬਨ ਮੇਂ ਨਿਵਾਸ ਕਰਨੇ ਯੋਗ ਬਨ ਚਰ ਨਾਮ ਬਾਂਦ੍ਰੋਂ ਕੇ ਲੀਏ ਵਾ ਔਰ ਪਸ਼ੂਆਂ ਕੇ ਲੀਏ ਬ੍ਰਿਛ ਬਹੁਤ ਹੈਂ। ਅਬ ਆਗੇ ਦ੍ਰਿਸ਼ਟਾਂਤ ਕਹੇ ਹੈ। ਮੂਲ॥

**ਦੋਹਿਰਾ॥ ਜੋ ਜਨ ਕੇ ਬੰਧਨ ਹਰੇ ਸੋ ਸਾਧੂ ਕਹੂੰ ਏਕ। ਕਰਮ ਕ੍ਰਿਯਾ ਜੋਰਨ ਵਿਖੇ ਜਨ ਸਮਰਥ ਅਨੇਕ॥੧੯॥**



Scanned by CamScanner

ਟੀਕਾ॥ ਜੋ ਪੁਰਸ਼ਾਂ ਕੇ ਜਨਮ ਮਰਨ ਰੂਪੀ ਬੰਧਨਾਂ ਕੇ ਹਰਨੇ ਵਾਲਾ ਸੋ ਸਾਧੂ ਕਹੀ ਇਕ ਅਧ ਹੋਵੇ ਹੈ। ਵਿਸ਼ੇਸ਼ ਕਰਕੇ ਨਹੀਂ। ਭਾਵ-ਬ੍ਰਹਮ ਸ੍ਰੋਤਰੀ ਬ੍ਰਹਮਨੇਸਟੀ ਐਸਾ ਮਹਾਤਮਾ ਕੋਈ ਇਕ ਅਧ ਹੈ। ਬਹੁਤੇ ਨਹੀਂ। ਅਰ ਕਰਮ ਕਾਂਡ ਬੀਚ ਜੋੜਨੇ ਵਾਲੇ ਅਨੇਕਾਂ ਪੁਰਸ਼ ਸਮਰਥ ਹੈਂ॥ਭਾਵ॥ ਜਥਾਰਥ ਗਿਆਨ ਕਾ ਉਪਦੇਸ਼ ਕਰਨੇ ਵਾਲਾ ਪੁਰਸ਼ ਕੋਈ ਵਿਰਲਾ ਮਿਲੇ ਹੈ। ਕਰਮ ਉਪਾਸ਼ਨਾ ਮੈ ਜੋੜਨੇ ਵਾਲੇ ਪੁਰਸ਼ ਬਹੁਤ ਹੈਂ॥੧੯॥ਸੰਕਾ॥ ਵਿਦ੍ਵਾਨ ਭੂਸਰ ਕੈਸੇ ਪ੍ਰਸੰਨ ਹੋਵੇ ਹੈ॥ ਸਮਾਧਾਨ॥ ਮੂਲ॥

**ਦੋਹਿਰਾ॥ਦ੍ਵਿਜ ਪ੍ਰਸੰਨ ਖੀਰਾਦਿ ਕਰ ਮੋਰ ਮੋਦ ਘਨ ਬੈਨ। ਸੰਤ ਸੁਖੀ ਪਰ ਹਿਤ ਵਿਖੈ ਸਠ ਪਰ ਵਿਪਤਾ ਚੈਨ॥੨੦॥**

ਟੀਕਾ॥ ਬ੍ਰਾਹਮਣ ਖੀਰ ਮੋਦਕ ਪੂੜੇ ਪੇੜੇ ਰਬੜੀ ਆਦਿਕ ਭੋਜਨ ਖੁਲਾਨੇ ਸੇ ਪ੍ਰਸੰਨ ਹੋਤੇ ਹੈਂ॥ਸੰਕਾ॥ਮੋਰ ਕੈਸੇ ਪ੍ਰਸੰਨ ਹੋਵੈ ਹੈਂ॥ਸਮਾਧਾਨ॥ ਘਨ ਨਾਮ ਬਦਲੋਂ ਕਾ ਸ਼ਬਦ ਸੁਣ ਕਰ ਮੋਰ ਪ੍ਰਸੰਨ ਹੋਕਰ ਪਾਇਲਾਂ ਪਾਣੇ ਲਗ ਜਾਤੇ ਹੈਂ॥ਸੰਕਾ॥ਸੰਤ ਸੁਖੀ ਕੈਸੇ ਹੋਵੈ ਹੈ॥ ਸਮਾਧਾਨ॥ ਦੂਸਰੇ ਕੇ ਹਿਤ ਵਿਖੇ ਸੰਤ ਸੁਖੀ ਹੋਤੇ ਹੈਂ। ਦੂਸਰੇ ਕਾ ਭਲਾ ਸੁਣ ਕਰ ਸੰਤ ਗਦ ਗਦ ਪ੍ਰਸੰਨ ਹੋ ਜਾਵੇ ਹੈਂ। ਸੰਕਾ। ਮੂਰਖ ਕੈਸੇ ਪ੍ਰਸੰਨ ਹੋਤੇ ਹੈਂ॥ਸਮਾਧਾਨ॥ ਪਰ ਨਾਮ ਦੂਸਰੇ ਕੋ ਕਿਸੀ ਕਿਸਮ ਕੀ ਵਿਪਦਾ ਪੜ ਜਾਵੇ। ਭਾਵ-ਕੋਈ ਕਸ਼ਟ ਬਨ ਜਾਵੇ ਤੌ ਮੂਰਖ ਵਡੇ ਚੈਨ ਨਾਮ ਪ੍ਰਸੰਨ ਹੋਵੇ ਹੈਂ। ਜਨਮ ਅੰਧ ਪੁਰਸ਼ ਕੋ ਨੇਤ੍ਰ ਮਿਲ ਜਾਵੇਂ ਜੈਸੇ ਵਹੁ ਪ੍ਰਸੰਨ ਹੋਤਾ ਹੈ। ਤੈਸੇ ਦੂਸਰੇ ਕਾ ਕਸ੍ਰ ਸੁਣ ਕੇ ਮੂਰਖ ਪ੍ਰਸੰਨ ਹੋਵੇ ਹੈ। ਇਸ ਮੇਂ ਗੁਸਾਈਂ ਤੁਲਸੀ ਦਾਸ ਜੀ ਕਾ ਪ੍ਰਮਾਨ।

ਚੌਪਈ। ਬਹੁਰ ਬੰਦਿ ਖਲਗਨ ਸਤਿ ਭਾਏ। ਜੋ ਬਿਨੁ ਕਾਜ ਦਾਹਿਨੇ ਬਾਏ। ਪਰ ਹਿਤ ਹਾਨ ਲਾਭ ਜਿਨ ਕੇਰੇ। ਉਜਰੇ ਹਰਖ ਵਿਖਾਦ ਬਿਸੇਰੇ॥ ੧॥ਹਰਿ ਹਰ ਯਸ ਰਾਕੇਸ ਰਾਹੂ ਸੇ। ਪਰ ਅਕਾਜ ਭਟ ਸਹਸ ਬਾਹੂ ਸੇ। ਜੇ ਪਰ ਦੋਖ ਲਖਹਿ ਸਹਿ ਸਾਖੀ। ਪਰ ਹਿਤ ਘ੍ਰਿਤ ਜਿਨ ਕੇ ਮਨ ਮਾਖੀ॥



੨॥ਤੇਜ ਕ੍ਰਿਸਾਨੂ ਰੋਖ ਮਹਿ ਖੇਸਾ। ਅਘ ਅਵਗੁਣ ਧਨਧਨੀ ਧਨੇਸਾ। ਉਦਯ ਕੇਤੂ ਸਮ ਹਿਤ ਸਬਹੀ ਕੇ। ਕੁੰਭ ਕਰਨ ਸਮ ਸੋਵਤ ਨੀਕੇ।੩। ਪਰ ਅਕਾਜ ਲਗ ਤਨੁ ਪਰ ਹਰਹੀ। ਜਿਮ ਹਿਮ ਉਪਲ ਕ੍ਰਿਖੀ ਦਲ ਗਰਹੀ।

ਇਤਿਆਦੀ ਗਨੋਂ ਵਾਲੇ ਪੁਰਸ਼ ਪਰ ਹਿਤ ਸੁਣ ਕੇ ਦੁਖੀ ਹੋਵੇ ਹੈ।੨੦। ਸੰਕਾ। ਸੰਸਾਰ ਮੇਂ ਸੁਲਭ ਵਸਤੂ ਕਿਆ ਹੈ॥ਸਮਾਧਾਨ॥ਮੂਲ॥

**ਦੋਹਿਰਾ॥ ਅਰਥੀ ਪ੍ਰਸਨੀ ਜਗਤ ਮੈ ਸੁਲਭ ਅਗਾਰ ਅਗਾਰ। ਦਾਤਾ ਉਤਰ ਵੰਤ ਦ੍ਵੈ ਦੁਰਲਭ ਨਰ ਸੰਸਾਰ॥੨੧॥**

ਟੀਕਾ। ਸੰਸਾਰ ਭਰ ਮੇਂ ਯੇ ਦੋ ਵਸਤੂ ਬਹੁਤ ਹੈਂ। ਏਕ ਸੰਸਾਰ ਮੇਂ ਅਰਥੀ ਨਾਮ ਮੰਗਤੇ ਬਹੁਤ ਹੈਂ। ਦੂਸਰਾ ਪ੍ਰਸ਼ਨੀ ਨਾਮ ਸ਼ੰਕਾਵਾਦੀ ਅਗਾਰ ਅਗਾਰ ਨਾਮ ਘਰ ਘਰ ਸੁਲਭ ਨਾਮ ਬਹੁਤ ਹੈਂ। ਵਿਚਾਰ ਕਰਕੇ ਦੇਖਾ ਜਾਏ ਸਾਰਾ ਸੰਸਾਰ ਹੀ ਅਰਥੀ ਸਿਧ ਹੋਤਾ ਹੈ। ਕਾਹਿਤੇ। ਕੋਈ ਧਨ ਚਾਹਿਤਾ ਹੈ ਕੋਈ ਇਸਤਰੀ ਚਾਹਿਤਾ ਹੈ। ਕੋਈ ਪੁੱਤਰ ਚਾਹਿਤਾ ਹੈ। ਕੋਈ ਪ੍ਰਲੋਕ ਸੁਖ ਚਾਹਿਤਾ ਹੈ ਕੋਈ ਸਰੀਰ ਨਿਰੋਗ ਚਾਹਿਤਾ ਹੈ ਇਤਿਆਦੀ ਸਭ ਸੰਸਾਰ ਇੱਛਾਵਾਨ ਹੈ। ਅਰ ਜਹਾਂ ਦੇਖੋ ਤਹਾਂ ਪ੍ਰਸ਼ਨ ਕਰਨੇ ਵਾਲਾ ਮਿਲ ਜਾਇਗਾ। ਮਹਾਰਾਜ ਇਸ ਪ੍ਰਸ਼ਨ ਕਾ ਕੀ ਉਤਰ ਹੈ। ਜੋ ਨਹੀ ਪੜੇ ਹੂਏ ਉਨ੍ਹਾਂ ਨੇ ਭੀ ਇਧਰ ਉਧਰ ਸੇ ਸੁਣ ਕੇ ਦੋ ਚਾਰ ਪ੍ਰਸ਼ਨ ਕੰਠ ਕਰੇ ਹੂਏ ਹੈਂ। ਭਾਵ ਮੈ ਕੀ ਆਇਆ ਕੇ ਅਰਥੀ ਪ੍ਰਸ਼ਨੀ ਸੰਸਾਰ ਮੈ ਬਹੁਤ ਹੈ। ਸੰਕਾ॥ਦੁਰਲਭ ਸੰਸਾਰ ਮੈ ਕੀ ਹੈ॥ਸਮਾਧਾਨ॥ਜੋ ਅਰਥੀ ਆਵੇ ਉਸਕਾ ਅਰਥ ਪੂਰਾ ਕਰ ਦੇਨਾ ਐਸਾ ਤੋ ਏਕ ਦਾਤਾ ਅਰ ਜੋ ਕੋਈ ਆਨ ਕੇ ਪ੍ਰਸ਼ਨ ਕਰੇ ਉਸਕੇ ਉਤਰ ਦੇਨੇ ਵਾਲਾ ਯੇ ਦੋ ਪੁਰਸ਼ ਸੰਸਾਰ ਭਰ ਮੇਂ ਦੁਰਲਭ ਹੈ। ਭਾਵ-ਸਭ ਅਰਥੀਓਂ ਕਾ ਅਰਥ ਪੂਰਾ ਕਰੇ ਐਸਾ ਤੌ ਦਾਤਾ ਦੁਰਲਭ ਹੈ। ਜਿਸ ਵਿਸ਼ੇ ਮੇਂ ਕੋਈ ਪ੍ਰਸ਼ਨ ਕਰੇ ਉਸ ਪ੍ਰਸ਼ਨ ਕਾ ਉਤਰ ਦੇ ਕਰ ਉਸਕਾ ਘਰ ਪੂਰਾ ਕਰੇ ਸੋ ਐਸਾ ਏਕ ਵਿਦਵਾਨ ਦੁਰਲਭ ਹੈ। ਸੰਕਾ॥ਸੰੜ੍ਹੋਂ ਕੀ



Scanned by CamScanner

ਜੀਭਾ ਕਿਸ ਬਾਤ ਸੇ ਲਜਾਇਮਾਨ ਹੋਵੇ ਹੈ॥ ਸਮਾਧਾਨ॥ ਮੂਲ॥

**ਦੋਹਿਰਾ॥ ਸ੍ਵੈਗੁਣ ਦੋਖ ਪਰ ਜਾਚਨਾ ਅਰਥੀ ਵਯਰਥ ਭਜੰਤ। ਇਨ ਚਾਰੋ ਕੇ ਕਹਿਨ ਮੈ ਸੰਤਨ ਜੀਭ ਲਜੰਤ॥੨੨॥**

ਟੀਕਾ॥ ਆਪਣੇ ਗੁਣ ਕਹਿਣੇ ਮੇਂ ਦੂਸਰੇ ਦੇ ਦੋਸ਼ ਕਹਿਣੇ ਮੇਂ ਕਿਸੀ ਸੇ ਮਾਂਗਨਾ ਅਰਥੀ ਕੇ ਵਿਯਰਥ ਭੇਜਨੇ ਮੇਂ ਇਨ ਚਾਰੋਂ ਬਾਤਾਂ ਕੇ ਕਹਿਣੇ ਮੈ ਸੰਤੋਂ ਕੀ ਜੀਭਾ ਲਜਾਇਮਾਨ ਹੋਵੇ ਹੈ। ਭਾਵ-ਆਪਣੇ ਗੁਣ ਆਪਣੇ ਮੁਖ ਸੇ ਕਹਿਤਿਆਂ ਹੋਇਆਂ ਸੰਤੋਂ ਜੀ ਜੀਭਾ ਲਜਾਇਮਾਨ ਹੋਵੇ ਹੈ। ਅਰ ਪਰਾਏ ਦੋਸ਼ ਕਹਿਣੇ ਸੇ ਅਰ ਦੂਸਰੇ ਪਾਸੋਂ ਮਾਂਗਨੇ ਸੇ ਸੰਤੋਂ ਕੀ ਜੀਭਾ ਲਜਾਇਮਾਨ ਹੋਵੈ ਹੈ। ਜੋ ਆਪਣੇ ਪਾਸ ਕੋਈ ਅਰਥੀ ਆਇਆ ਉਸ ਕੋ ਖਾਲੀ ਭੇਜਨੇ ਮੈ ਸੰਤੋਂ ਕੀ ਜੀਭਾ ਲਜਾਇਮਾਨ ਹੋਵੈ ਹੈ।੨੨। ਸੰਕਾ॥ ਧਨ ਅਰ ਉਪਜੀਵਕਾ ਕੇ ਨਾਸ਼ ਹੋਣੇ ਪਰ ਤਥਾ ਊਪਰ ਤੇ ਵਿਪਦਾ ਪ੍ਰਾਪਤ ਹੋਣੇ ਕਰ ਸੰਤ ਡੁਲਾਇਮਾਨ ਹੋ ਜਾਤੇ ਹੋਇੰਗੇ॥ ਸਮਾਧਾਨ॥ ਮੂਲ॥

**ਸਵੈਯਾ॥ ਕਰ ਕੇ ਪਰਹਾਰ ਭਏ ਜਿਮ ਕੰਦਕ ਭੂੰਮਗਿਰੇ ਪੁਨ ਊਰਧ ਹੋਈ। ਬਿਤ ਔ ਬ੍ਰਿਤ ਊਤਮ ਸੰਤਨ ਕੀ ਪਰ ਹੋਵਹਿ ਨਾਸ ਜਬੇ ਵਹਿ ਦੋਈ। ਅਪਦਾ ਅਤਿ ਪ੍ਰਾਪਤ ਹੋਇ ਜਬੈ ਨਹਿ ਤਦਪ ਵਿਯਾਕਲ ਹੋਵਤ ਸੋਈ। ਸਮ ਮੇਰ ਰਹੈ ਖਿਤ ਸੰਤ ਸਦਾ ਬਿਪਤਾ ਸਮਗੇਂਦ ਸਮਾਨ ਸੁਜੋਈ॥੨੩॥**

ਟੀਕਾ॥ ਇਸ ਬਾਤ ਕੋ ਦ੍ਰਿਸ਼ਟਾਂਤ ਸੇ ਸਿਧ ਕਰੇਂਗੇ। ਜਿਮ ਨਾਮ ਜਿਸ ਪ੍ਰਕਾਰ ਕਰਕੇ ਨਾਮ ਹਥ ਕੇ ਪਰਹਾਰ ਕਰਨੇ ਕਰ ਕੰਦਕ ਨਾਮ ਖੇਨੂੰ ਪ੍ਰਿਥਮੀ ਮੇਂ ਗਿਰਦਾ ਹੈ। ਫਿਰ ਉਚਾ ਹੋਂਦਾ ਹੈ। ਭਾਵ ਏ ਹੈ। ਜਿਸ ਪ੍ਰਕਾਰ ਹਥ ਦੇ ਮਾਰਨੇ ਕਰ ਖੇਨੂੰ ਭੂਮੀ ਮੇਂ ਗਿਰਦਾ ਹੈ ਅਰ ਫੇਰ ਊਚਾ ਹੋਤਾ ਹੈ। ਨੀਵਾਂ ਹੋਣੇ ਸੇ ਖੇਨੂੰ ਕੋ ਸ਼ੋਕ ਨਹੀਂ ਹੋਤਾ ਅਰ ਊਚਾ ਹੋਣੇ ਸੇ ਪ੍ਰਸੰਨ ਨਹੀਂ ਹੋਤਾ। ਜੈਸੇ ਚੋਟਾਂ ਕੇ ਲਗਨੇ ਕਰ ਖੇਨੂੰ ਚਿਤ ਸੇ ਅਡੋਲ ਰਹੇ ਹੈ। ਤਿਸੀ



ਪ੍ਰਕਾਰ ਬਿਤ ਜੋ ਧਨ ਹੈ ਔਰ ਬ੍ਰਿਤ ਨਾਮ ਜੋ ਉਪਜੀਵਕਾ ਹੈ। ਵਹਿ ਦੋਨੋਂ ਹੀ ਊਤਮ ਸੰਤੋਂ ਕੀ ਪਰ ਨਾਮ ਜੇਕਰ ਨਾਸ ਹੋ ਜਾਵੇ ਅਰ ਊਪਰ ਸੇ ਜਬੈ ਨਾਮ ਜੇਕਰ ਔਰ ਅਤੀ ਅਪਦਾ ਆਨ ਪ੍ਰਾਪਤ ਹੋ ਜਾਵੇ ਤੌ ਭੀ ਸੰਤ ਚਿਤ ਸੇ ਵਿਆਕੁਲ ਨਹੀਂ ਹੋਤੇ ਸੁਮੇਰ ਪਰਬਤ ਕੇ ਸਮ ਸੰਤ ਅਚੱਲ ਰਹੇ ਹੈਂ। ਅਰ ਵਿਪਦਾ ਗੇਂਦ ਕੇ ਸਮਾਨ ਜੋਈ ਨਾਮ ਦੇਖਦੇ ਹੈਂ ਸਮ ਨਾਮ ਏਕ ਰਸ ਸੰਸਾਰ ਮੇਂ ਰਹੇ ਹੈ। ਭਾਵ ਅਡੋਲ ਰਹਿਤੇ ਹੈ॥ ਸੰਕਾ॥ ਅਧਮ ਪੁਰਸ਼ ਕਿਆ ਚਾਹੇ ਹੈ॥ ਸਮਾਧਾਨ॥ ਮੂਲ॥

**ਦੋਹਿਰਾ॥ ਅਧਮ ਚਾਹਿਤੇ ਦਰਬ ਕੋ ਮਧਮ ਧਨ ਅਰ ਮਾਨ। ਊਤਮ ਚਾਹੇ ਮਾਨ ਕੋ ਤਾਕੋ ਧਨ ਸਨਮਾਨ॥੨੪॥**

ਟੀਕਾ॥ ਅਧਮ ਜੋ ਨੀਚ ਪੁਰਸ਼ ਹੈ ਸੋ ਤੋ ਕੇਵਲ ਧਨ ਕੋ ਚਾਹੇ ਹੈ ਆਦਰ ਕੀ ਵਹੁ ਇੱਛਾ ਨਹੀਂ ਰਖਤਾ ਧਨ ਮਿਲੇ ਭਾਵੇਂ ਕੈਸੇ ਮਿਲੇ॥ ਸੰਕਾ॥ ਮਧਮ ਪੁਰਸ਼ ਕੀ ਚਾਹੇ ਹੈ॥ ਸਮਾਧਾਨ॥ ਮਧਮ ਜੋ ਸਮਾਨ ਪੁਰਸ਼ ਹੈ। ਧਨ ਅਰ ਸਨਮਾਨ ਦੋਹਾਂ ਕੋ ਚਾਹਿਤਾ ਹੈ ਧਨ ਭੀ ਮਿਲੇ ਪਰ ਸਨਮਾਨ ਭੀ ਹੋਵੇ॥੧॥ ਸੰਕਾ॥ ਉਤਮ ਪੁਰਸ਼ ਕੀ ਚਾਹੇ ਹੈ॥ ਸਮਾਧਾਨ॥ ਉਤਮ ਪੁਰਸ਼ ਕੇਵਲ ਮਾਨ ਕੋ ਹੀ ਚਾਹੇ ਹੈ। ਧਨ ਕੀ ਇੱਛਾ ਨਹੀਂ ਰਖੇ ਹੈ॥ ਕਾਹਿਤੇ॥ ਤਿਸ ਕਾ ਜੋ ਸਨਮਾਨ ਹੈ ਉਸ ਕਾ ਵੋਹੀ ਧਨ ਹੈ॥੨੪॥ ਸੰਕਾ॥ ਗੁਣ ਔਗੁਣ ਯਹਿ ਏਕ ਮੇਂ ਰਹੇ ਹੈ ਵਾ ਯਹਿ ਸਭ ਮੇਂ ਰਹੇ ਹੈ॥ ਸਮਾਧਾਨ॥ ਮੂਲ॥

**ਦੋਹਿਰਾ॥ ਹੈ ਗੁਨ ਔਗੁਨ ਸਭ ਵਿਖੈ ਇਨ ਬਿਨ ਜੰਤ ਨ ਕੋਇ। ਮ੍ਰਿਤ ਸੁਗੰਧ ਸੁੰਦਰ ਕਮਲ ਪਰ ਕੰਟਕ ਭੀ ਹੋਇ॥੨੫॥**

ਟੀਕਾ॥ ਯਹਿ ਈਸ੍ਵਰ ਰਚਤ ਜੋ ਪਰਪੰਚ ਹੈ ਇਨ ਸਭ ਵਿਖੇ ਗੁਣ ਔਗੁਣ ਹੈਂ। ਗੁਣ ਤਥਾ ਔਗੁਣ ਤੇ ਬਿਨਾਂ ਕੋਈ ਜੀਵ ਨਹੀਂ ਹੈ। ਕਿਸੀ ਮੇਂ ਦਸ ਗੁਣ ਹੈ ਦੋ ਔਗੁਣ ਹੈਂ ਕਿਸੀ ਮੇਂ ਦਸ ਔਗੁਣ ਹੈਂ ਦੋ ਗੁਣ ਹੈ।



Scanned by CamScanner

ਇਨ੍ਹਾਂ ਗੁਣਾਂ ਔਗੁਣਾਂ ਸੇ ਸਭ ਸੰਸਾਰ ਮਿਸਰਤ ਹੋ ਰਹਾ ਹੈ। ਐਸਾ ਕੋਈ ਸੰਸਾਰ ਮੇਂ ਪੁਰਸ਼ ਨਹੀਂ ਹੈ ਜਿਸ ਮੇਂ ਸਾਰੇ ਗੁਣ ਹੈਂ ਵਾ ਸਾਰੇ ਔਗੁਣ ਹੈਂ ਕੇਵਲ ਗੁਣ ਏਕ ਈਸ਼੍ਵਰ ਮੇਂ ਹੈ। ਇਸ ਮੇਂ ਦ੍ਰਿਸ਼ਟਾਂਤ। ਦੇਖੋ ਕਮਲ ਮੇਂ ਇਤਨਾ ਗੁਨ ਹੈ। ਏਕ ਤੋ ਕਮਲ ਦੇਖਨੇ ਮੈ ਅਤੀ ਸੁੰਦਰ ਹੈ ਦੂਸਰਾ ਕੋਮਲ ਹੈ। ਤੀਸਰਾ ਸੁਗੰਧੀ ਵਾਲਾ ਹੈ ਉਸ ਮੇਂ ਏਕ ਯਹਿ ਔਗੁਣ ਹੈ ਪਰ ਕੰਡੇ ਭੀ ਨਾਲ ਹੈਂ ਤੈਸੇ ਸਾਰੇ ਸੰਸਾਰ ਮੇਂ ਗੁਣ ਔਗੁਣ ਮਿਲੇ ਹੂਏ ਹੈਂ। ਇਸ ਪਰ ਪ੍ਰਮਾਨ॥

**ਦੋਹਿਰਾ॥ਜੜ ਚੇਤਨ ਗੁਣ ਦੋਸ ਮਯ ਵਿਸਵ ਕੀਨ ਕਰਤਾਰ। ਸੰਤ ਹੰਸ ਗੁਣ ਗਹਹਿ ਪਯ ਪਰ ਹਰਿ ਬਾਰ ਵਿਕਾਰ॥੨੫॥**

ਸੰਕਾ॥ਇਸ ਪ੍ਰਿਥਵੀ ਮੰਡਲ ਕਾ ਸ਼ਿੰਗਾਰ ਕਵਨ ਹੈ॥ਸਮਾਧਾਨ॥ ਮੂਲ॥

**ਸੋਰਠਾ॥ਭੂਮੰਡਲ ਸਿੰਗਾਰ ਸੰਤ ਮਰਾਲ ਨਿਵਾਸ ਜਹਿ। ਹਾਨ ਤਿਨੈ ਪੁਰਤਾਲ ਸਾਧੂ ਹੰਸ ਵਿਯੋਗ ਜਹਿ॥੨੬॥**

ਟੀਕਾ॥ਜਹਾਂ ਪਰ ਸੰਤ ਅਰ ਮਰਾਲ ਕਾ ਨਿਵਾਸ ਹੈ। ਸੋ ਪ੍ਰਿਥਵੀ ਮੰਡਲ ਸ਼ਿੰਗਾਰੀ ਹੂਈ ਹੈ। ਵਾ ਪ੍ਰਿਥਵੀ ਮੰਡਲ ਕਾ ਸ਼ਿੰਗਾਰ ਸੰਤ ਅਰ ਹੰਸ ਹੈਂ। ਜਹਾਂ ਪਰ ਯਹਿ ਨਿਵਾਸ ਕਰੇਂਗੇ ਸੋ ਪ੍ਰਿਥਵੀ ਸੋਭਾ ਪਾਇਗੀ॥੧॥ ਜਿਸ ਪੁਰੀ ਮੇਂ ਸਾਧੂ ਕਾ ਵਿਯੋਗ ਹੈ ਅਰ ਜਿਸ ਤਲਾਓਂ ਪਰ ਹੰਸ ਕਾ ਵਿਯੋਗ ਹੈ। ਉਸ ਪੁਰੀ ਕਾ ਅਰ ਤਿਸ ਤਲਾਓਂ ਕਾ ਨਾਸ ਕਰ ਦੇਈਏ। ਵਾ ਉਨ੍ਹਾਂ ਕੀ ਹਾਨੀ ਹੋ ਰਹੀ ਹੈ। ਅਬ ਧਿਆਇ ਸਮਾਪਤ ਹੋ ਗਿਆ ਹੈ। ਆਗੇ ਛੰਦਾਂ ਕੀ ਗਿਨਤੀ ਕਹੇ ਹੈਂ॥

**ਦੋਹਿਰਾ॥ਬਾਈ ਦੋਹੇ ਸੋਰਠਿਕ ਤੀਨ ਸਵੈਯੇ ਚੀਨ। ਸਭੀ ਛੰਦ ਖਟ ਬੀਸ ਹੈ ਹਰ ਹੈ ਦੀਨ ਅਧੀਨ॥੨੭॥**



ਟੀਕਾ॥ਬਾਈ ਦੋਹਿਰੇ ਹੈਂ। ਸੋਰਠਾ ਇਕ ਹੈ। ਤੀਨ ਸ੍ਵੈਯੇ। ਜਾਨੋ ਸਭੀ ਛੰਦ ਛਬੀ ਹੈਂ। ਫੇਰ ਇਹ ਛੰਦ ਕੈਸੇ ਹੈਂ ਦੀਨਤਾ ਕੋ ਹਰ ਕੇ ਸਭ ਕੋ ਅਧੀਨ ਕਰੇ ਹੈਂ। ਵਾ ਦੀਨਤਾ ਕੋ ਅਰ ਅਧੀਨਤਾ ਕੋ ਹਰ ਦੇਵੇ ਹੈਂ। ਇਤਿ ਸ੍ਰੀ ਸਾਰੁਕਤਾਵਲੀ ਤਾਸ ਯਾਰਵੋਂ ਧਿਆਇ। ਦੁਰਜਨ ਸੁਜਨ ਯੁਗਲ ਕੋ ਵਰਨਨ ਕੀਨ ਸੁਭਾਇ। ਅਰਥ ਸਪੱਸ਼ਟ ਹੈ॥

**ਦੋਹਿਰਾ॥ਸੰਤਨ ਕੀ ਉਪਮਾ ਕਹੀ ਦੁਰ ਜਨ ਨਿੰਦਿਆ ਕੀਨ। ਕਿਰਪਾ ਕਰਕੇ ਬਖਸੀਏ ਸੁਨੋ ਸੰਤ ਪਰਬੀਨ॥**

ਇਤਿ ਸ੍ਰੀ ਸਾਰੁਕੁਤਾਵਲੀ ਤਤ੍ਵ ਬੋਧਨੀਕ ਟੀਕਾ ਕ੍ਰਿਤ ਪਰਮ ਹੰਸ ਸੰਤ ਜੁਵਾਲਾ ਦਾਸ ਉਦਾਸਨ ਦੁਰਜਨ ਸੁਜਨ ਯੁਗਲ ਵਰਨਨ ਯਾਰਵੋਂ ਧਿਆਇ॥੧੧॥

-o-



Scanned by CamScanner

੧ੴ ਸਤਿਗੁਰ ਪ੍ਰਸਾਦਿ ॥

# ਅਥ ਦ੍ਵਾਦਸ ਅਧਿਆਇ ਪ੍ਰਾਰੰਭ

ਸੰਕਾ ॥ ਇਸ ਦ੍ਵਾਦਸ ਧਿਆਇ ਮੇਂ ਕਿਆ ਨਿਰੂਪਨ ਕਰੋਗੇ ॥ ਸਮਾਧਾਨ ॥

**ਦੋਹਿਰਾ ॥ਅਥ ਦ੍ਵਾਦਸ ਅਧਿਯਾਇ ਮੈ ਸਤ ਵਿਸਿਅਨ ਵਿਸਤਾਰ। ਕ੍ਰਮ ਕ੍ਰਮ ਕਰ ਤਿਹ ਨਿੰਦ ਹੈ ਪੰਦ੍ਰਸ ਛੰਦ ਉਚਾਰ ॥੧ ॥**

ਟੀਕਾ ॥ ਅਥ ਕਹੀਏ ਇਸ ਯਾਰਵੇਂ ਧਿਆਇ ਸੇ ਉਪਰੰਤ ਅਬ ਬਾਰ੍ਹਵੇਂ ਧਿਆਇ ਮੇਂ ਸਤ ਵਿਸ਼ਿਅਨ ਕਾ ਵਿਸਤਾਰ ਅਰ ਸਨੇ ਸਨੇ ਵਾ ਕ੍ਰਮ ਪੂਰਬਕ ਤਿਸਕਾ ਨਿੰਦਨ ਕਵੀ ਜੀ ਪੰਦ੍ਰਾਂ ਛੰਦੋਂ ਕਰਕੇ ਉਚਾਰਨ ਕਰੇਂਗੇ ॥ ਸੰਕਾ ॥ ਵਿਸ਼ੇ ਅਰ ਵਿਸ਼ਿਅਨ ਕਾ ਕੀ ਭੇਦ ਹੈ ॥ ਸਮਾਧਾਨ ॥ ਸ਼ਬਦ ਸਪੱਰਸ਼ ਰੂਪ ਰਸ ਗੰਧ ਯਹਿ ਪਾਂਚ ਵਿਸ਼ੇ ਹੈਂ। ਨੂੰਨ ਅਧਕ ਏ ਸਭ ਜੀਵੋਂ ਮੈ ਪਾਏ ਜਾਤੇ ਹੈਂ। ਯੇ ਈਸ੍ਵਰੀ ਕਲਾ ਹੈ ਵਿਸ਼ਿਅਨ ਨਾਮ ਆਦਤ ਕਾ ਹੈ। ਅਮਲੀ ਕੀ ਸੰਗਤ ਕਰੇ ਤੌ ਅਮਲ ਖਾਨੇ ਕੀ ਆਦਤ ਪੜ ਜਾਇਗੀ। ਐਸੇ ਹੀ ਜਿਸ ਕੀ ਸੰਗਤ ਕਰੋ ਉਸੇ ਕੀ ਆਦਤ ਪੜ ਜਾਤੀ ਹੈ। ਕੁਸੰਗ ਕਰਨੇ ਸੇ ਵਿਸ਼ਿਅਨ ਪੜ ਜਾਤੇ ਹੈ। ਯਹਿ ਸਭ ਕੋ ਨਹੀਂ ਹੋਤੇ ਕਿਸੀ ਕਿਸੀ ਕੋ ਹੋਤੇ ਹੈ ॥ਸੰਕਾ ॥ਯੇ ਵਿਸ਼ਿਅਨ ਕਿਤਨੇ ਹੈਂ ॥ਸਮਾਧਾਨ ॥ ਸਾਤ ਹੈਂ ॥ ਸੰਕਾ ॥ ਇਨਕੇ ਨਾਮ ਕਿਆ ਹੈਂ ॥ ਸਮਾਧਾਨ ॥ ਮੂਲ ॥

**ਦੋਹਿਰਾ ॥ਜੂਪ ਮਾਸ ਮਦ ਵੇਸ੍ਵਾ ਹਿੰਸਾ ਚੋਰੀ ਨਾਰ। ਸਪਤ ਲੋਕ ਮੈ ਸਪਤ ਹੈ ਸਪੰਤ ਨ ਛੁਹੇ ਉਦਾਰ ॥੧ ॥**



ਟੀਕਾ ॥ਜੂਆ ੧, ਮਾਸ ੨, ਮਦ ਨਾਮ ਸ਼ਰਾਬ ੩, ਵੇਸਵਾ ੪, ਹਿੰਸਾ ਨਾਮ ਜੀਵੋਂ ਕਾ ਮਾਰਨਾ ੫, ਚੋਰੀ ੬, ਪਰਾਈ ਇਸਤਰੀ ੭, ਯੇ ਇਨ ਕੇ ਨਾਮ ਹੈ ॥੧ ॥ਸਤਾਂ ਲੋਕਾਂ ਮੇਂ ਇਨ ਸਤੋਂ ਕੀ ਸਪਤ ਨਾਮ ਸੁਗੰਧ ਪੜੀ ਹੂਈ ਹੈ। ਭਾਵ ਸੌਂਹ ਪੜੀ ਹੂਈ ਹੈ। ਅਰ ਜੋ ਈਹਾਂ ਉਦਾਰ ਪੁਰਸ਼ ਹੈਂ ਸੋ ਭੀ ਇਨ੍ਹਾਂ ਸਤਾਂ ਕੋ ਨਹੀਂ ਛੁਹਤੇ। ਅਥਵਾ ਉਦਾਰ ਪੁਰਸ਼ ਇਨਾਂ ਸਤਾਂ ਕੋ ਨਾ ਛੂਹੇ। ਵਾ ਸਤਾਂ ਲੋਕਾਂ ਮੈ ਏ ਸਤ ਹੀ ਵਿਸ਼ਿਅਨ ਹੈਂ। ਜੋ ਉਦਾਰ ਨਾਮ ਉਤਮ ਪੁਰਸ਼ ਹੈ ਇਨ੍ਹਾਂ ਸਤਾਂ ਕੋ ਨਾ ਛੁਹੇ ਵਾ ਨਹੀਂ ਛੋਹਤੇ ॥੨ ॥ ੧ ॥ ਅਬ ਜੂਪ ਵਰਨਨੰ ॥ ਸੰਕਾ ॥ ਇਸ ਜੂਪ ਕਾ ਫਲ ਕੀ ਹੋਵੈ ਹੈ ॥ ਸਮਾਧਾਨ ॥ਮੂਲ ॥

**ਦੋਹਿਰਾ ॥ਲਖਮੀ ਤਹਾ ਰਹੇ ਨਹੀ ਜਹਾ ਜੂਪ ਕੋ ਵਾਸ। ਪਾਦਪ ਤਹਿ ਉਪਜੈ ਨਹੀ ਜਹਾ ਅਗਨ ਪ੍ਰਕਾਸ ॥੨ ॥**

ਟੀਕਾ ॥ ਲਖਮੀ ਤਹਾਂ ਰਹੇ ਨਹੀਂ ਜਹਾਂ ਜੂਏ ਕਾ ਨਿਵਾਸ ਹੈ। ਦ੍ਰਿਸ਼ਟਾਂਤ। ਜੈਸੇ ਜਹਾਂ ਅਗਨੀ ਕਾ ਪ੍ਰਕਾਸ਼ ਹੋ ਰਹਾ ਹੈ ਤਹਾਂ ਹਰਾ ਬ੍ਰਿਛ ਨਹੀਂ ਪਦੇ ਹੋ ਸਕੇ ਹੈ। ਇਸ ਪਰ ਏਕ ਗਾਥਾ ਹੈ। ਏਕ ਰਾਜਾ ਥਾ ਉਸ ਰਾਜਾ ਨੇ ਯੇ ਸਦਾ ਵਰਤ ਲਗਾਇਆ। ਸਭ ਅਮਲੀਓਂ ਕੋ ਮੈ ਅਮਲ ਦੇਹੁੰਗਾ ਐਸੇ ਸੁਣ ਕਰ ਸਭ ਆਏ। ਰਾਜਾ ਨੇ ਪੂਛਾ ਕਹੁ ਤੁਮ ਕਿਆ ਕਿਆ ਅਮਲ ਖਾਤੇ ਹੋ। ਐਸੇ ਸੁਣ ਕੇ ਕਿਸੀ ਨੇ ਕਹਾ ਮੈ ਸ਼ਰਾਬ ਪੀਤਾ ਹੂੰ। ਕਿਸੀ ਨੇ ਕਹਾ ਮੈਂ ਮਾਸ ਖਾਤਾ ਹੂੰ। ਕਿਸੀ ਨੇ ਕਹਾ ਮੈ ਗਨਕਾ ਕਾ ਭੋਗਤਾ ਹੂੰ। ਏਕ ਨੇ ਕਹਾ ਮੈਂ ਜੂਆ ਖੇਲਤਾ ਹੂੰ। ਹੋਰ ਸਭ ਜੋ ਰਾਜੇ ਨੇ ਰਖ ਲੀਆ। ਜੂਏ ਵਾਲੇ ਕੋ ਜਵਾਬ ਦੇ ਦੀਆ ਕਿ ਤੁਮ ਜਾਹੁ ਤੁਮਾਰਾ ਅਮਲ ਮੇਰੇ ਸੇ ਪੂਰਾ ਨਹੀ ਹੋਤਾ। ਕਾਹਿਤੇ। ਤੁਮ ਚਾਹੁ ਏਕ ਦਾਵ ਪਰ ਦੋ ਪਾਤਸ਼ਾਹੀ ਲਗਾ ਦੇਹੁ ਮੈ ਦੂਸਰੀ ਪਾਤਸ਼ਾਹੀ ਕਹਾਂ ਸੇ ਦੇਹੂੰਗਾ। ਇਸ ਵਾਸਤੇ ਆਪ ਕੀ ਈਹਾਂ ਜਗ੍ਹਾ ਨਹੀ ਹੈ ਸੋ ਚਲਾ ਗਿਆ। ਜਹਾਂ ਜੂਏ ਕਾ ਨਿਵਾਸ ਹੈ ਤਹਾਂ ਧਨ ਨੇ ਕੀ ਰਹਿਣਾ ਹੈ ਤਹਾਂ ਦਲਿਦਰ ਹੀ ਰਹੇਗਾ ॥



Scanned by CamScanner

ਮੂਲ॥

**ਦੋਹਿਰਾ॥ਪਾਪ ਬ੍ਰਿਧ ਤੇ ਬ੍ਰਿਧ ਧਨ ਧਨ ਬ੍ਰਿਧ ਤੇ ਬ੍ਰਿਧ ਪਾਪ। ਖੋਯ ਜੂਪ ਮੈ ਧਰਮ ਬਿਨ ਉਭੈ ਲੋਕ ਸੰਤਾਪ॥੩॥**

ਟੀਕਾ॥ਪਾਪੋਂ ਕੇ ਬ੍ਰਿਧ ਹੋਣੇ ਸੇ ਧਨ ਬ੍ਰਿਧ ਹੋਤਾ ਹੈ। ਭਾਵ ਵਧਤਾ ਹੈ ਛਲ ਝੂਠ ਪਖੰਡ ਕਰਨੇ ਸੇ ਧਨ ਵਧਤਾ ਹੈ। ਧਨ ਬ੍ਰਿਧ ਹੋਣੇ ਸੇ ਫੇਰ ਪਾਪ ਬਿਰਧ ਹੋਤੇ ਹੈਂ। ਭਾਵ-ਧਨ ਕੇ ਬਹੁਤੇ ਹੋਣੇ ਕਰ ਪਾਪ ਜ਼ਿਆਦਾ ਕਰਤਾ ਹੈ॥ਪਾਪਾਂ ਬਾਝਹੁ ਹੋਵੇ ਨਾਹੀ ਮੁਇਆ ਸਾਥ ਨਾ ਜਾਈ॥ਯਹਿ ਗੁਰੂ ਪ੍ਰਮਾਨ। ਪਾਪੋਂ ਬਿਨਾਂ ਧਨ ਮਿਲਤਾ ਨਾਹੀ। ਧਨ ਸੇ ਫੇਰ ਪਾਪ ਕਰਤਾ ਹੈ॥੧॥ਜੋ ਪੁਰਸ਼ ਧਰਮ ਤੇ ਬਿਨਾਂ ਜੂਏ ਕੇ ਖੇਡਨੇ ਮੈ ਧਨ ਖੋਯ ਨਾਮ ਨਾਸ ਕਰਤਾ ਹੈ। ਭਾਵ ਧਰਮ ਮੇਂ ਤੋ ਧਨ ਲਗਾਤਾ ਨਹੀਂ ਹੈ ਅਰ ਜੂਏ ਮੇਂ ਧਨ ਖਰਚ ਕਰਤਾ ਹੈ। ਉਸ ਪੁਰਸ਼ ਕੋ ਦੋਨੋਂ ਲੋਕੋਂ ਮੇਂ ਸੰਤਾਪ ਕੀ ਪ੍ਰਾਪਤੀ ਹੋਵੇ ਹੈ। ਭਾਵ-ਇਸ ਲੋਕ ਮੈ ਅਪਜਸ ਅਰ ਦਲਿਦ੍ਰ ਕਾ ਦੁਖ ਅਰ ਪ੍ਰਲੋਕ ਮੈ ਨਰਕ ਦਾ ਦੁਖ ਹੋਵੇ ਹੈ।

ਸੰਕਾ॥ ਪੁੰਨੀ ਪਾਪੀ ਕਾ ਧਨ ਕਿਸ ਕਿਸ ਜਗ੍ਹਾ ਮੈ ਲਗੇ ਹੈ॥ ਸਮਾਧਾਨ॥ਕਿਸੀ ਸ਼ਾਸਤ੍ਰ ਮੇਂ ਯੇ ਲਿਖਾ ਹੈ। ਧਰਮਾਤਮਾ ਪੁਰਸ਼ੋਂ ਕੋ ਜੋ ਧਨ ਹੈ ਦੇਵ ਅਰਚਨ ਮੇਂ ਤਥਾ ਗੁਰੂ ਕੀ ਸੇਵਾ ਮੇਂ ਤਥਾ ਦੀਨ ਪੁਰਸ਼ੋਂ ਕੇ ਅਰਥ ਮੇਂ ਤਥਾ ਬ੍ਰਾਹਮਣੋਂ ਕੀ ਸੇਵਾ ਮੇਂ ਖਰਚ ਹੋਤਾ ਹੈ। ਸਬੰਧੀਓਂ ਕੇ ਕਾਮ ਮੇਂ ਤਥਾ ਮਿਤਰੋਂ ਕੇ ਕਾਮ ਮੇਂ ਤਥਾ ਪੁੱਤਰੋਂ ਕੀ ਸ਼ਾਦੀ ਮੇਂ ਤਥਾ ਤੀਰਥ ਜਾਤਰਾ ਕੇ ਅਰਥ ਮੇਂ ਤਥਾ ਯਗ ਹੋਮ ਤਰਪਨ ਮੇਂ ਇਤਿਆਦੀ ਸੁਭ ਮਾਰਗ ਮੇਂ ਧਨ ਲਗੇ ਹੈ। ਪਾਪੀ ਪੁਰਸ਼ੋਂ ਕਾ ਜੋ ਧਨ ਹੈ। ਮਹਾਨ ਪੁੰਨੋਂ ਕਾ ਫਲ। ਸੋ ਪਾਪ ਕਰਮੋਂ ਮੇਂ ਲਗੇ ਹੈ। ਜੂਪ ਮੇਂ ਪਰ ਇਸਤਰੀ ਮੇਂ ਵਿਸ਼ਿਯਨੋਂ ਮੇਂ ਧਨ ਕਾ ਨਾਸ ਹੋਵੇ ਹੈ। ਅਗਨੀ ਲਗਨੇ ਸੇ ਜਲ ਸੇ ਰੋਗ ਮੇਂ ਮੁਕਦਮੇਂ ਮੇਂ ਚੋਰੋਂ ਸੇ ਇਤਿਆਦੀ ਖੋਟੇ ਮਾਰਗ ਮੇਂ ਧਨ ਪਾਪੀ ਕਾ ਲਗੇ ਹੈ॥ ੩ ॥ ਜੂਪ ਇਤਿ। ਅਥ ਸੁਰਾ ਵਰਨਨੰ॥ਸੰਕਾ॥ਸ਼ਰਾਬ ਪੀਨੇ ਸੇ ਕੀ ਹਾਨੀ ਹੋਵੇ ਹੈ॥



ਸਮਾਧਾਨ॥ਮੂਲ॥

**ਦੋਹਿਰਾ॥ ਸੁਰਾ ਪਾਨ ਤੇ ਹਾਨ ਮਤਿ ਕਰਹੈ ਕਾਮ ਬਿਹੋਸ। ਨਾਰੀ ਮਹਿਤਾਰੀ ਉਭੈ ਭੋਗੈ ਗਨੈ ਨ ਦੋਸ॥੪॥**

ਟੀਕਾ॥ਸ਼ਰਾਬ ਕੇ ਪੀਣੇ ਕਰ ਵਿਵਹਾਰ ਪਰਮਾਰਥ ਕੀ ਬੁਧੀ ਨਸ਼ਟ ਹੋ ਜਾਤੀ ਹੈ। ਫੇਰ ਕਾਮ ਬਿਹੋਸ਼ ਕਰ ਦੇਤਾ ਹੈ। ਭਾਵ-ਕਾਮ ਅੰਧਾ ਕਰ ਦੇਤਾ ਹੈ।੧। ਨਾਰੀ ਨਾਮ ਇਸਤਰੀ ਅਰ ਮਹਿ ਤਾਰੀ ਨਾਮ ਮਾਤਾ ਇਨ ਦੋਨੋਂ ਕੋ ਭੋਗਤਾ ਹੂਆ ਦੋਸ਼ ਨਹੀਂ ਗਿਨਤਾ। ਯੇ ਬਾਤ ਸਭ ਸੱਚ ਹੈ। ਕਈ ਵਾਰੀ ਹਮ ਨੇ ਯੇ ਸੁਣਾ ਹੈ। ਏਕ ਪੁਰਸ਼ ਨੇ ਸ਼ਰਾਬ ਪੀ ਲੀਆ ਜਬ ਅਮਲ ਸੇ ਅੰਧਾ ਹੂਆ ਪਹਿਲੇ ਇਸਤਰੀ ਕੋ ਭੋਗਾ ਫੇਰ ਮਾਤਾ ਸੇ ਔਰ ਫੇਰ ਭੈਣ ਅਰ ਬੇਟੀ ਸੇ ਭੋਗ ਕੀ ਇੱਛਾ ਕਰੀ ਉਸ ਪਾਪੀ ਨੇ ਐਸਾ ਪਾਪ ਕਰਾ ਜੋ ਕਹਾ ਨਹੀਂ ਜਾਤਾ। ਜੋ ਜੋ ਪਾਪ ਨਹੀਂ ਕਰਨੇ ਯੋਗ ਸੋ ਸੋ ਪਾਪ ਯੇ ਸ਼ਰਾਬ ਕਰਾਤੀ ਹੈ। ਇਸ ਸ਼ਰਾਬ ਕੋ ਪੀਣੇ ਕਰ ਨਰ ਕੀ ਅਕਲ ਟਿਕਾਨੇ ਸਿਰ ਨਹੀਂ ਰਹਿਨੇ ਦੇਤੀ। ਜਿਸ ਕੋ ਪੀ ਕਰ ਗੁਰੂ ਕੇ ਊਪਰ ਭੀ ਕ੍ਰੋਧ ਕਰਨੇ ਲਗ ਜਾਤਾ ਹੈ। ਬਿਨਾਂ ਕਾਰਨ ਰੋਣੇ ਲਗ ਜਾਤੇ ਹੈਂ। ਬੇ ਵਿਚਾਰੇ ਕਰਮ ਕਰ ਬੈਠਤੇ ਹੈਂ। ਰੋਗ ਕਾ ਸਥਾਨ ਬਣ ਜਾਤੇ ਹੈਂ। ਪਾਗਲ ਸਮਾਨ ਸਭ ਕਾਮ ਕਰਤੇ ਹੈਂ। ਇਸ ਲੀਏ ਉਚਤ ਨਹੀਂ ਕਿ ਬੁਧੀਵਾਨ ਲੋਗ ਲਜਾ ਧਰਮ ਕੇ ਹਰਨ ਵਾਲੀ ਔਰ ਅਗਿਆਨ ਕੋ ਪੈਦਾ ਕਰਨੇ ਵਾਲੀ ਸ਼ਰਾਬ ਕੋ ਪਾਨ ਕਰੇ। ਟੀਕਾ ਕਰਤਾ ਕੀ ਉਕਤੀ।

**ਦੋਹਿਰਾ॥ ਨਰ ਪੀਵੇ ਬੁਧ ਭ੍ਰਸਟ ਹੋਇ ਉਭੈ ਲੋਕ ਸੇ ਜਾਇ। ਮਾਨੁਸ ਜਨਮ ਗਵਾਇਕੇ ਪੜੇ ਨਰਕ ਮੈ ਜਾਇ॥੧॥ ਮੂਤ੍ਰ ਸਮ ਯੇ ਸਰਾਬ ਹੈ ਪੀਵੈ ਮੂੜ ਮਹਾਨ। ਤਿਆਗ ਕਰੋ ਇਸ ਮਦ ਕਾ ਜੁਵਾਲਾਦਾਸ ਬਖਾਨ॥੨॥ਮੂਲ॥ਤੋਟਕ ਛੰਦ। ਮਦ ਪਾਨ ਸਮਾਨ ਨ ਪਾਪ ਪਰੇ। ਨਹਿ ਭੂਤ ਭਵਿਖਯਤ ਮੈ**



Scanned by CamScanner

**ਉਚਰੇ। ਮਦ ਤਿਆਗ ਸਮਾਨ ਨ ਪੁੰਨ ਕਹੂੰ। ਨਹਿ ਭੂਤ ਵਿਖੇ ਨ ਭਵਿਖਤ ਹੂੰ ॥੫ ॥**

ਟੀਕਾ॥ ਮਦ ਪੀਣੇ ਸਮਾਨ ਪਰੇ ਔਰ ਪਾਪ ਕੋਈ ਨਹੀਂ ਹੈ। ਭੂਤ ਨਾਮ ਪਿਛੇ ਨਾ ਐਸਾ ਪਾਪ ਹੂਆ ਹੈ। ਭਵਿਖਤ ਨਾਮ ਨਾ ਆਗੇ ਐਸਾ ਪਾਪ ਹੋਗਾ। ਵਰਤਮਾਨ ਜੋ ਮਧਮੇਂ ਹੈ। ਸੋ ਅਰਥ ਸੇ ਸਮਝ ਲੇਣਾ। ਨਾ ਐਸਾ ਪਾਪ ਵਰਤਮਾਨ ਕਾਲ ਮੈ ਕੋਈ ਕਰ ਸਕਤਾ ਹੈ। ਭਾਵ-ਜਿਸਨੇ ਸ਼ਰਾਬ ਪਾਨ ਕਰ ਲੀਆ ਹੈ। ਜਾਨੋਂ ਉਸਨੇ ਸਭ ਪਾਪ ਕਰ ਲੀਏ ਹੈਂ। ਨਾ ਐਸਾ ਪਾਪ ਪਿਛੇ ਕਿਸੀ ਨੇ ਕਰਾ ਹੈ। ਨਾ ਆਗੇ ਕੋਈ ਕਰੇਗਾ। ਮਦ ਪੀਨੇ ਵਾਲਾ ਜਾਨੋਂ ਐਸਾ ਪਾਪੀ ਹੈ। ਅਰ ਜਿਸ ਪੁਰਸ਼ ਨੇ ਇਸ ਮਦ ਕਾ ਪੀਨਾ ਛੋੜ ਦੀਆ ਹੈ। ਇਸ ਜੈਸਾ ਔਰ ਕੋਈ ਪੁੰਨ ਨਹੀਂ ਹੈ। ਜਾਨੋਂ ਉਸਨੇ ਸਭੀ ਪੁੰਨ ਕਰ ਲੀਏ ਹੈਂ। ਨਾ ਐਸਾ ਪੁੰਨ ਪਿਛੇ ਕਿਸੀ ਨੇ ਕਰਾ ਹੈ। ਨਾ ਐਸਾ ਕੋਈ ਅਗੇ ਕਰ ਸਕੇਗਾ। ਇਸ ਕੇ ਤਿਆਗ ਕਾ ਐਸਾ ਪੁੰਨ ਹੈ। ਏਕ ਸ਼ਰਾਬ ਕੇ ਨਿਸ਼ੇਧ ਕਰਨੇ ਸੇ ਈਹਾਂ ਸਭ ਅਮਲੋਂ ਕਾ ਨਿਖੇਧ ਸਮਝ ਲੇਣਾ। ਮਦ ਇਤੀ। ਅਥ ਮਾਸ ਵਰਨਨੰ॥ਸੰਕਾ॥ਮਾਸ ਕੇ ਖਾਨੇ ਸੇ ਕੀ ਪਾਪ ਹੋਵੈ ਹੈ॥ਸਮਾਧਾਨ॥ਮੂਲ॥

**ਦੋਹਿਰਾ ॥ਸਤ ਕਰਤਾ ਉਪਦੇਸ੍ਰਾ ਉਪ ਕਰਤਾ ਅਨੁ ਮੰਤ। ਘਾਤਕ ਸ੍ਵਾਦਿਕ ਖਸਟ ਇਹ ਅਘ ਸਮ ਭਾਗੀ ਜੰਤ ॥੬ ॥**

ਟੀਕਾ॥ਅਬ ਮਾਸ ਕੀ ਨਿਸ਼ੇਧੀ ਕਰਤੇ ਹੈਂ। ਸੀਤ ਕਾਲ ਕੀ ਰੁਤ ਮੈ ਦਸ ਪੁਰਸ਼ ਰਲ ਕੇ ਬੈਠੇ ਹੂਏ ਥੇ। ਉਪਦੇਸ਼ਟਾ। ਕਿਸੀ ਏਕ ਪੁਰਸ਼ ਨੇ ਉਪਦੇਸ਼ ਕਰਾ ਅਜ ਮਾਸ ਬਨਾਨਾ ਚਾਹੀਏ॥੧॥ਸਤ ਕਰਤਾ। ਦੂਸਰੇ ਨੇ ਕਹਾ ਆਪ ਕਾ ਕਹਿਣਾ ਠੀਕ ਹੈ। ਅਜ ਜ਼ਰੂਰ ਬਨਾਨਾ ਚਾਹੀਏ। ਉਸ ਕਾ ਵਚਨ ਸਤ ਕਰ ਲੀਆ॥੨॥ਉਪ ਕਰਤਾ। ਤੀਸਰੇ ਨੇ ਸ਼ੀਘਰ ਰੁਪਈਆ ਨਿਕਾਲ ਕੇ ਫੈਂਕ ਦੀਆ। ਅਰ ਕਹਾ ਜਾਹੁ ਬਕਰਾ ਢੂੰਢ ਕੇ ਅਭੀ ਬਹੁਤ ਹੀ ਸ਼ੀਘਰ ਅੱਛਾ ਸਾ ਲੇ ਆਓ। ਤੀਸਰੇ ਨੇ ਯੇ ਉਪਕਾਰ



ਕਾ ਦੀਆ।੩। ਅਨੁ ਮੰਤ। ਚੌਥੇ ਨੇ ਕਹਾ ਮੈ ਅਬੀ ਢੂੰਢ ਕਰ ਬਕਰਾ ਲੇ ਆਤਾ ਹੂੰ। ਸੋ ਵਹੁ ਜਤਨ ਸੇ ਢੂੰਢ ਲੇ ਆਇਆ।੪। ਘਾਤਕ। ਸਭ ਬੋਲੇ ਅਬ ਇਸ ਕੋ ਮਾਰੇ ਕੌਣ। ਪਾਂਚਵੇਂ ਨੇ ਕਹਾ ਮੈ ਇਸਕਾ ਝਟਕਾ ਕਰ ਦੇਤਾ ਹੂੰ। ਉਸਨੇ ਸ਼ੀਘਰ ਬਕਰਾ ਮਾਰ ਦੀਆ।੫। ਸ੍ਵਾਦਿਕ ਜਬ ਉਸਕਾ ਸਲੂਨਾ ਤਿਆਰ ਹੂਆ ਕਹਾ ਇਸ ਕੇ ਲੂਣ ਕਾ ਸ੍ਵਾਦ ਕੌਣ ਦੇਖੇ। ਛੇਵੇਂ ਨੇ ਕਹਾ ਮੈ ਇਸ ਕਾ ਸ੍ਵਾਦ ਦੇਖਤਾ ਹੂੰ। ਦੇਖ ਕੇ ਕਹਾ ਹਛਾ ਲੂਣ ਹੈ। ਯੇ ਛੇ ਜੀਵ ਪਾਪ ਕੇ ਸਮ ਭਾਗੀ ਹੈਂ। ਇਨ੍ਹਾਂ ਛੇਆਂ ਕੋ ਪਾਪ ਇਕ ਸਮਾਨ ਹੈ। ਤਾਦਾਤਮ ਪਾਪ ਵਾਲਾ ਕੋਈ ਨਹੀ ਹੈ॥ਮੂਲ॥

**ਦੋਹਿਰਾ ॥ਰਕਤ ਬਿੰਦ ਕਰ ਸੰਭਵੈ ਜੋ ਨਰ ਭੁੰਚਤ ਮਾਸ। ਨਰਕ ਪਰੇ ਨਿਕਸੇ ਨਹੀ ਯਾਵਤ ਇੰਦੁ ਵਿਭਾਸ ॥੭ ॥**

ਟੀਕਾ॥ ਮਾਤਾ ਕੀ ਰਕਤ ਸੇ ਅਰ ਪਿਤਾ ਕੇ ਬੀਰਜ ਸੇ ਐਸੀ ਗੰਦੀਆਂ ਚੀਜ਼ਾਂ ਸੇ ਯੇ ਦੇਹ ਪੈਦਾ ਹੋਵੇ ਹੈ। ਫੇਰ ਐਸੇ ਗੰਦੇ ਮਾਸ ਕੋ ਜੋ ਪੁਰਸ਼ ਭਖਣ ਕਰਤਾ ਹੈ ਸੋ ਪੁਰਸ਼ ਨਰਕ ਮੇਂ ਪੜਾ ਹੂਆ ਨਿਕਲਤਾ ਨਹੀਂ॥ ਸੰਕਾ॥ ਕਬ ਤਕ॥ ਸਮਾਧਾਨ॥ ਜਬ ਪ੍ਰਜੰਤ ਸੰਸਾਰ ਮੇਂ ਚੰਦਰਮਾ ਅਰ ਵਿਭਾਸ ਨਾਮ ਸੂਰਜ ਹੈ ਭਾਵ-ਜਬ ਤਕ ਸੰਸਾਰ ਮੇਂ ਚੰਦਰਮਾ ਸੂਰਜ ਹੈਂ ਤਬ ਤਕ ਮਾਸ ਭਖਨੇ ਵਾਲਾ ਨਰਕ ਮੇਂ ਰਹੇ ਹੈ। ਔਰ ਭੀ ਇਸ ਕਾ ਭਾਵ ਹੈ। ਜਿਸਨੇ ਮਾਸ ਕਾ ਭਖਨ ਕਰ ਲੀਆ ਹੈ ਜਾਨੋਂ ਉਸਨੇ ਮਾਸ ਨਹੀਂ ਖਾਇਆ। ਮਾਨੋਂ ਉਸਨੇ ਮਾਤਾ ਪਿਤਾ ਭਖਨ ਕਰ ਲੀਏ ਹੈਂ ਜੋ ਮਾਤਾ ਪਿਤਾ ਕੇ ਮਾਰਨ ਕਾ ਪਾਪ ਹੈ ਸੋ ਮਾਸ ਖਾਣੇ ਕਾ ਇਤਨਾ ਦੋਸ਼ ਹੈ॥ਸੰਕਾ॥ ਹੋਰ ਮਾਸ ਖਾਣੇ ਕਾ ਕੀ ਪਾਪ ਹੈ॥ਸਮਾਧਾਨ॥ਮੂਲ॥

**ਦੋਹਿਰਾ ॥ਸਰਬ ਸੁਕਰ ਬ੍ਰਹਮਾ ਅਹੈ ਵਿਸਨ ਪਿਤਸ ਪ੍ਰਕਾਸ। ਈਸ੍ਵਰ ਸਰਬ ਸੰਘਾਤ ਹੈ ਤਾਤੇ ਭਖ ਮਤ ਮਾਸ ॥੮ ॥**

ਟੀਕਾ। ਜੋ ਸਰਬ ਸਰੀਰ ਮੇਂ ਬੀਰਜ ਅੰਸ ਹੈ। ਸੋ ਬ੍ਰਹਮਾ ਕਾ ਰੂਪ ਹੈ। ਕਾਹਿਤੇ। ਬ੍ਰਹਮਾ ਸੰਸਾਰ ਕੀ ਪੈਦਾ ਵਾਰੀ ਕਰੇ ਹੈ। ਤੈਸੇ ਸੁਕਰ ਨਾਮ



Scanned by CamScanner

ਬੀਰਜ ਸੇ ਯੇ ਦੇਹ ਪੈਦੇ ਹੋਵੇ ਹੈ। ਯਾਂਤੇ ਬੀਰਜ ਬ੍ਰਹਮਾ ਕਾ ਰੂਪ ਹੈ। ਜੋ ਸਰਬ ਸਰੀਰੋਂ ਮੇਂ ਮਾਸ ਕੀ ਅੰਸ ਹੈ। ਸੋ ਯੇ ਵਿਸ਼ਨੂੰ ਕਾ ਰੂਪ ਹੈ। ਕਾਹਿਤੇ। ਵਿਸ਼ਨੂੰ ਸੰਸਾਰ ਕੀ ਪਾਲਣਾ ਕਰਤਾ ਹੈ ਉਸ ਕਰ ਏ ਸਭ ਜੀਵ ਪਲਤੇ ਹੈ। ਭਾਵ ਜਿਸ ਜਿਸ ਸਰੀਰ ਮੇਂ ਮਾਸ ਅਧਿਕ ਹੋਵੇ ਸੋ ਤਨ ਵਡਾ ਮੋਟਾ ਹੋਤਾ ਹੈ ਇਸ ਵਾਸਤੇ ਏ ਮਾਸ ਵਿਸ਼ਨੂੰ ਕਾ ਰੂਪ ਹੈ। ਮਾਸ ਕੇ ਹੋਣੇ ਸੇ ਸਰੀਰ ਕਾ ਪ੍ਰਕਾਸ਼ ਹਛਾ ਹੋਵੇ ਹੈ। ਜੋ ਸਰਬ ਸਰੀਰ ਮੈ ਅਸਥੀ ਯਾਨੇ ਹਡੀਆਂ ਹੈਂ। ਸੋ ਮਹਾਂਦੇਵ ਕਾ ਰੂਪ ਹੈ॥ ਕਾਹਿਤੇ॥ ਮਹਾਂਦੇਵ ਸਭ ਕਾ ਸੰਘਾਰ ਕਰੇ ਹੈ। ਕਠਨ ਚਿਤ ਸੇ ਬਿਨਾਂ ਕਿਸੀ ਕਾ ਸੰਘਾਰ ਨਹੀਂ ਕਰਾ ਜਾਤਾ। ਜੈਸੇ ਸ਼ਿਵ ਕਾ ਚਿਤ ਕਠਨ ਹੈ। ਤੈਸੇ ਯੇ ਹਡੀਆਂ ਸਖਤ ਹੈਂ। ਇਸ ਵਾਸਤੇ ਯੇ ਹਡੀਆਂ ਮਹਾਂਦੇਵ ਕਾ ਰੂਪ ਹੈ। ਸੁਕਰ ਮਾਸ ਹਡੀਆਂ ਇਨ ਤੀਨ ਚੀਜੋਂ ਸੇ ਯੇ ਸਭ ਸੰਸਾਰ ਬਨਾ ਹੂਆ ਹੈ। ਇਸ ਵਾਸਤੇ ਹੇ ਪੁਰਸ਼ੋ ਮਾਸ ਕਾ ਭਖਨ ਮਤ ਕਰੋ॥ ਕਾਹਿਤੇ॥ ਪੁਰਸ਼ ਮਾਸ ਨਹੀਂ ਖਾਤਾ ਮਾਨੋਂ ਤੀਨੋਂ ਦੇਵਤੇ ਖਾਤਾ ਹੈ। ਜੋ ਤੀਨ ਦੇਵਤਿਓਂ ਕੇ ਮਾਰਨੇ ਕਾ ਜੋ ਪਾਪ ਹੈ। ਸੋ ਪਾਪ ਮਾਸ ਖਾਣੇ ਸੇ ਹੋਤਾ ਹੈ। ਯਾਂਤੇ ਹੇ ਪੁਰਸ਼ੋ ਮਾਸ ਕਾ ਤਿਆਗ ਕਰੋ। ਗਾਥਾ ਇਨ੍ਹਾਂ ਤੀਨੋਂ ਪਰ। ਏਕ ਵਡਾ ਭਾਰੀ ਸੇਠ ਗ੍ਰਿਹਸਥ ਆਸ਼੍ਰਮ ਮੇਂ ਰਹਿਤਾ ਥਾ। ਔਰ ਚਾਰ ਯਾਰੀ ਮੇਂ ਬੈਠ ਕਰਕੇ ਸ਼ਰਾਬ ਕਾ ਪੀਣਾ ਅਰ ਪਰ ਇਸਤ੍ਰੀ ਕਾ ਰਮਨ ਔਰ ਮਾਸ ਕਾ ਖਾਣਾ ਇਸ ਸੇ ਆਦ ਲੇਕਰ ਸਭ ਕਾਮ ਕਰਤਾ ਥਾ। ਔਰ ਇਸ ਤੌਰ ਸੇ ਸਭ ਧਨ ਨਸ਼ਟ ਹੋ ਗਯਾ। ਅਰ ਦਲਿਦ੍ਰ ਨੇ ਆਨ ਕੇ ਨਿਵਾਸ ਕਰ ਲੀਆ। ਜਬ ਘਰ ਮੇਂ ਬਿਲਕੁਲ ਕੁਛ ਨ ਰਹਾ। ਯਹਾਂ ਤਕ ਕਿ ਅੰਨ ਸੇ ਭੀ ਲਾਚਾਰ ਹੋਨੇ ਲਗਾ ਚਿਤ ਮੈ ਯੇ ਬਾਤ ਆਈ ਕਹੀਂ ਬਾਹਰ ਜਾ ਕੇ ਮਜ਼ਦੂਰੀ ਕਰਕੇ ਸਰੀਰ ਯਾਤ੍ਰਾ ਕਾ ਨਿਰਬਾਹ ਕਰੇਂ। ਬਾਹਰ ਜਾ ਕੇ ਕਿਸੀ ਸਤਿਸੰਗੀ ਕਾ ਜਾ ਕਰ ਨੌਕਰ ਹੂਆ। ਕੁਛ ਕਾਲ ਉਸ ਸਤਿਸੰਗੀ ਕੇ ਸਤਿਸੰਗ ਕਰਕੇ ਉਸ ਕਾ ਪਾਮਰਪਨਾ ਸਭ ਦੂਰ ਹੋ ਗਯਾ ਭਾਵ ਏ ਹੈ। ਆਸੁਰੀ ਸੰਪਤੀ ਦੂਰ ਹੋ ਗਈ ਦੈਵੀ ਸੰਪਤੀ ਨੇ ਨਿਵਾਸ ਕਰ ਲੀਆ। ਵਹੁ ਜੋ ਪਾਮਰ ਥਾ ਸੋ ਦੇਵ ਸਰੂਪ



ਹੋ ਗਯਾ। ਫੇਰ ਜਬ ਕੁਛ ਕਾਲ ਕੇ ਬਾਅਦ ਆਪਣੇ ਗਾਮ ਮੇਂ ਆਇਆ। ਤੌ ਆਪਣੇ ਮਿਤ੍ਰੋਂ ਕੇ ਪਾਸ ਜਾਵੇ ਨਹੀਂ। ਅਰ ਵਹੁ ਚਿਤ ਮੈ ਵਿਚਾਰ ਕਰਨੇ ਲਗੇ ਕਿ ਯੇ ਹਮਾਰਾ ਮਿਤ੍ਰ ਅਬ ਬਾਹਰ ਸੇ ਬਹੁਤ ਦਰਬ ਲੇ ਆਇਆ ਹੈ। ਅਰ ਹਮਾਰੇ ਕੋ ਕੁਛ ਨਹੀਂ ਖਿਲਾਤਾ। ਵਹੁ ਯੇ ਬਾਤ ਨਹੀਂ ਜਾਨਤੇ ਥੇ। ਕਿ ਦੇਵਤਾ ਰੂਪ ਹੋ ਗਯਾ ਹੈ। ਅਰ ਅਬ ਇਸ ਨੇ ਉਨ ਕਰਮੋਂ ਕਾ ਤਿਆਗ ਕਰ ਦੀਆ ਹੈ। ਪਰੰਤੂ ਚਿਤ ਮੈ ਲਾਚਾਰ ਹੋ ਕਰ ਵਡੇ ਦੁਖੀ ਹੂਏ। ਫੇਰ ਥੋੜੇ ਕਾਲ ਮੈ ਉਨ ਕੋ ਸਭ ਹਾਲ ਮਾਲੂਮ ਹੂਆ ਯੇ ਵੈਸ਼ਨਵ ਧਰਮ ਵਾਲਾ ਹੋ ਗਯਾ ਹੈ। ਤਬ ਉਨੋਂ ਨੇ ਜਿਦ ਕਰਕੇ ਯੇ ਬਾਰਤਾ ਚਿਤ ਮੇਂ ਨਿਸਚੇ ਕਰੀ। ਕਿ ਹਮ ਨੇ ਇਸ ਕੇ ਵੈਸ਼ਨਵ ਧਰਮ ਕਾ ਨਸ਼ਟ ਕਰ ਦੇਨਾ ਹੈ। ਫਿਰ ਯੇ ਬਾਰਤਾ ਵਿਚਾਰ ਕਰ ਉਨੋਂ ਨੇ ਏਕ ਰਸਤੇ ਮੇਂ ਜਿਧਰ ਉਸ ਕਾ ਗਮਨਾ ਗਮਨ ਥਾ। ਏਕ ਮਕਾਨ ਮੇਂ ਯੇ ਸਭ ਚੀਜ਼ਾਂ ਜਮ੍ਹਾਂ ਕੀ। ਵਹੁ ਯੇ ਹੈਂ। ਏਕ ਤੋ ਮਾਸ ਬਣਾ ਕਰ ਰਖ ਦੀਆ। ਔਰ ਇਕ ਦੋ ਬੋਤਲਾਂ ਸ਼ਰਾਬ ਕੀ ਔਰ ਏਕ ਆਤਸ਼ਕ ਕੀ ਮਾਰੀ ਹੂਈ ਰੰਡੀ ਜੋ ਕਿ ਬਜ਼ਾਰ ਮੇਂ ਹੋਤੀ ਹੈ। ਉਨ ਕੋ ਬੁਲਾ ਕਰ ਬਿਠਾ ਦੀਆ। ਜਬ ਵਹੁ ਰਾਤ ਕੇ ਵਕਤ ਉਧਰ ਸੇ ਗੁਜਰਾ, ਤਬ ਇਨੋ ਨੇ ਪਕੜ ਲੀਆ। ਅਰ ਬਲਾਤਕਾਰ ਸੇ ਅੰਦਰ ਕਰ ਲੀਆ। ਔਰ ਉਸ ਕੇ ਪੁੱਤਰ ਕੋ ਭੀ ਬੁਲਾ ਲੀਆ ਜੋ ਕਿ ਵਡਾ ਸੁੰਦਰ ਅਰ ਆਯੂ ਮੇਂ ਪਾਂਚ ਬਰਸ ਕਾ ਥਾ। ਔਰ ਏਕ ਨੰਗੀ ਕਰਕੇ ਤਲਵਾਰ ਵਹਾਂ ਰਖ ਦਈ। ਅੰਦਰ ਸੇ ਤਾਲਾ ਲਗਾ ਕਰ ਕਹਿਣੇ ਲਗੇ ਯੇ ਚਾਰ ਚੀਜ਼ੇਂ ਯਹਾਂ ਪੜੀ ਹੈਂ। ਵੇਸ਼ਵਾ ਮਾਸ ਸ਼ਰਾਬ ਔਰ ਯੇ ਪੁੱਤਰ। ਇਨ ਮੇਂ ਸੇ ਕੋਈ ਚੀਜ਼ ਖਾਇ ਲੇ ਚਾਹੇ ਤਲਵਾਰ ਸੇ ਲੜਕੇ ਕਾ ਸੀਸ ਉਤਾਰ ਦੇ ਤੋ ਹਛਾ ਨਹੀਂ ਯੇ ਤਲਵਾਰ ਜੋ ਕਿ ਹਮਾਰੇ ਹਾਥ ਮੇਂ ਹੈ ਇਸ ਸੇ ਪੁੱਤਰ ਕਾ ਗਲਾ ਕਾਟ ਦੇਵੇਂਗੇ। ਉਸਨੇ ਫਿਰ ਵਿਚਾਰ ਕਰਕੇ ਸਭ ਮੇਂ ਵੱਡੇ ਦੋਸ਼ ਨਿਕਾਲ ਕਰਕੇ ਤਿਆਗ ਕੀਆ। ਪਰੰਤੂ ਏਕ ਸ਼ਰਾਬ ਕੀ ਬੋਤਲ ਪੀ ਗਯਾ ਨਿਰਦੋਸ਼ ਜਾਨ ਕਰਕੇ ਜਲ ਮਾਤ੍ਰ ਹੈ ਇਸ ਸੇ ਹਮ ਕੋ ਕਿਆ ਹੋਗਾ। ਪੀਤੇ ਹੀ ਬੁਧੀ ਭ੍ਰਸ਼ਟ ਹੋ ਗਈ। ਅਰ ਮਾਸ ਖਾਣੇ ਲਗਾ। ਅਰ ਵੇਸ਼ਵਾ ਕੋ ਪਕੜ



Scanned by CamScanner

ਲੀਯਾ ਔਰ ਭੋਗਨੇ ਲਗਾ। ਯੇ ਬਾਰਤਾ ਚਿਤ ਮੇਂ ਆਈ ਕਿ ਇਨ ਤੀਨ ਵਿਸ਼ਿਓਂ ਮੇਂ ਬਹੁਤ ਅਨੰਦ ਹੂਆ। ਪਰੰਚੇ ਇਸ ਲੜਕੇ ਕਾ ਸੀਸ ਉਤਾਰਨੇ ਸੇ ਅਧਿਕ ਅਨੰਦ ਹੋਗਾ। ਤਬ ਤਲਵਾਰ ਲੇ ਕਰ ਲੜਕੇ ਕਾ ਸਿਰ ਉਤਾਰ ਦੀਆ। ਔਰ ਮਸਤ ਹੋ ਰਹਾ ਜਬ ਸ਼ਰਾਬ ਉਤਰੀ ਤਬ ਰੋਨੇ ਪੀਟਨੇ ਲਗਾ ਪਰੰਤੂ ਸਮਾਂ ਬੀਤ ਜਾਨੇ ਪਰ ਕਿਆ ਹੋਤਾ ਹੈ। ਆਤਸ਼ਕ ਹੋ ਗਯਾ ਅਰ ਮਾਰੇ ਲਜਾ ਕਾ ਮਕਾਨ ਸੇ ਬਾਹਰ ਨਹੀਂ ਨਿਕਲੇ। ਅਰ ਮਕਾਨ ਦੇ ਭੀਤਰ ਉਸਨੇ ਦੁਖ ਪਾ ਕੇ ਸਰੀਰ ਕਾ ਤਿਆਗ ਕੀਆ। ਦੇਖੋ ਏਕ ਸ਼ਰਾਬ ਕੇ ਪੀਣੇ ਸੇ ਇਸ ਗਤੀ ਕੋ ਪ੍ਰਾਪਤ ਹੂਆ ਅਖੀਰ ਬਰਬਾਦ ਹੂਆ। ਟੀਕਾ ਕਰਤਾ ਕੀ ਉਕਤੀ।

**ਦੋਹਿਰਾ ॥ਮਾਸ ਕਸਾਈ ਦੇਤ ਹੈ ਕੀ ਜਾਨੋ ਤੁਮ ਲੋਗ। ਕੇ ਬਕਰਾ ਤੁਮ ਜਾਨ ਹੋ ਕਿਆ ਗਊ ਕਾ ਹੋਗ ॥੧ ॥ਧਰਮ ਭ੍ਰਸਟ ਤੁਮ ਹੋਤ ਹੋ ਉਭੈ ਲੋਕ ਸੇ ਮੀਤ। ਵੇਦ ਪ੍ਰਣੀਅਤ ਧਰਮ ਕੋ ਧਾਰ ਸਦਾ ਤੁਮ ਚੀਤ ॥੨ ॥ਮਲ ਮੂਤਰ ਕੋ ਖਾਇ ਕੇ ਚਿਤ ਮੈ ਹੋਤ ਸੰਤੁਸਟ। ਧ੍ਰਿਗ ਧ੍ਰਿਗ ਤੁਮਰੇ ਜਨਮ ਕੋ ਰੇ ਨਰ ਪਾਮਰ ਦੁਸਟ ॥ ੩ ॥ ਮਾਸ ਭਖਨ ਤੁਮ ਮਤ ਕਰੋ ਕਹਿਤਾ ਵੇਦ ਪੁਕਾਰ। ਨਹੀ ਨਰਕ ਮੈ ਜਾਓਗੇ ਜੁਆਲਾ ਦਾਸ ਉਚਾਰ ॥੪ ॥**

ਵਿਚਾਰ ਕੇ ਦੇਖਾ ਜਾਏ ਲੌਕਿਕ ਪ੍ਰਮਾਨ ਸੇ ਭੀ ਮਾਸ ਕੀ ਨਿਖੇਧੀ ਹੈ। ਦੇਖੋ ਜਹਾਂ ਮੁਰਦੇ ਜਲਾਏ ਜਾਤੇ ਹੈਂ ਉਸ ਜਗ੍ਹਾ ਕਾ ਨਾਮ ਮਰਘਟ ਪੜ ਜਾਤਾ ਹੈ। ਜੋ ਬਕਰਿਆਂ ਕੋ ਮਾਰ ਕਰ ਚੌਕੇ ਮੇਂ ਰਿੰਨਣੇ ਲੀਏ ਚੁਲੇ ਪਰ ਚੜਾਤੇ ਹੈਂ। ਜੈਸੇ ਮਸਾਣ ਕੀ ਅਗਨੀ ਕਰ ਮੁਰਦਾ ਜਲਤਾ ਹੈ। ਤੈਸੇ ਘਰ ਕੇ ਚੁਲੇ ਮੇਂ ਯੇ ਮੁਰਦਾ ਜਲ ਰਹਾ ਹੈ। ਫੇਰ ਘਰ ਭੀ ਏਕ ਕਿਸਮ ਕਾ ਮਸਾਣ ਹੀ ਸਮਝਣਾ ਚਾਹੀਏ। ਵਹੁ ਚੌਕਾ ਕਾਹੇ ਕਾ ਹੈ। ਵਹੁ ਏਕ ਕਿਸਮ ਕਾ ਮਸਾਣ ਹੈ। ਇਸ ਮੇਂ ਪ੍ਰਮਾਨ। ਕਬੀਰ ਜਿਹ ਘਰ ਸੰਤ ਨੇ ਸੇਵੀਐ ਹਰਿ ਕੀ ਪੂਜਾ ਨਾਹਿ ॥ਤੇ ਘਰ ਮਰ ਹਟ ਸਾਰਖੇ ਭੂਤ ਬਸੇ ਹਿਤ ਮਾਹਿ ॥ਅਰਥ



ਏ ਹੈ। ਕਬੀਰ ਸਾਹਿਬ ਜੀ ਕਹਿਤੇ ਹੈਂ ਜਿਸ ਘਰ ਸੰਤੋਂ ਕੀ ਸੇਵਾ ਨਹੀਂ ਹੋਤੀ। ਅਰ ਹਰੀ ਕਾ ਭਜਨ ਨਹੀਂ। ਅਜ ਦਿਨ ਰਾਤ ਮਦ ਮਾਸ ਕਾ ਸੇਵਨ ਹੋ ਰਹਾ ਹੈ। ਤੇ ਘਰ ਸਮਸਾਣ ਕੇ ਸਦ੍ਰਿਸ ਹੈ। ਤਿਨ ਮੇਂ ਰਹਿਨੇ ਵਾਲੇ ਭੂਤ ਹੈਂ। ਇਸ ਵਾਸਤੇ ਹੇ ਪਿਆਰੇ ਸਜਨੋਂ ਮਦ ਮਾਸ ਸੇ ਬਚੋ। ਕਿਸ ਲੀਏ ਘਰਾਂ ਕੋ ਮਸਾਣ ਬਣਾ ਰਹੇ ਹੋ। ਅਰ ਆਪ ਭੂਤਪਣੇ ਕਾ ਕਿਉਂ ਦਰਜਾ ਲੇ ਰਹੇ ਹੋ। ਦੇਵਤੇ ਬਣੋਂ। ਔਰ ਪ੍ਰਮਾਨ। ਜੈਸੇ ਆਪਣੇ ਦੋ ਮਿਤ੍ਰੂੰ ਸੇ ਕਿਸੀ ਨੇ ਪੂਛਾ ਕਹੋ ਭਈਯਾ ਆਜ ਤੁਮਨੇ ਕੀ ਖਾਇਆ। ਆਗੇ ਵਹੁ ਕਹਿਤਾ ਹੈ ਆਜ ਹਮ ਨੇ ਕੜਾਹ ਪ੍ਰਸਾਦ ਖਾਇਆ ਹੈ। ਉਸ ਨੇ ਅਗੋਂ ਕਹਾ ਇਸ ਸੇ ਯੇ ਮਾਲਮ ਹੋਤਾ ਹੈ। ਤੈਨੇ ਖੰਡ ਖਾਈ ਘ੍ਰਿਤ ਖਾਇਆ ਆਟਾ ਖਾਇਆ ਹੈ। ਕਿਉਂਕਿ ਇਨ ਤੀਨ ਚੀਜ਼ੋਂ ਸੇ। ਕੜਾਹ ਬਣਤਾ ਹੈ। ਦੂਸਰੇ ਸੇ ਪੂਛਾ ਤੁਮਨੇ ਕੀ ਖਾਇਆ ਹੈ ਵਹੁ ਕਹਿਤਾ ਹੈ। ਹਮ ਨੇ ਆਜ ਮਾਸ ਖਾਇਆ ਹੈ। ਉਸਨੇ ਕਹਾ ਇਸ ਸੇ ਏ ਮਾਲਮ ਹੂਆ ਰੁਧਰ ਮੂਤਰ ਵਿਸ਼ਟਾ ਤੈਨੇ ਖਾਇਆ ਹੈ। ਕਾਹਿਤੇ। ਇਨ ਤੀਨ ਚੀਜ਼ਾਂ ਸੇ ਮਾਸ ਬਣਤਾ ਹੈ। ਮਾਸ ਕਿਸ ਸੇ ਬਨਤਾ ਹੈ। ਅਬ ਇਸ ਬਾਤ ਕਾ ਵਿਚਾਰ ਕਰਨਾ ਯੋਗ ਹੈ। ਜੋ ਵਸਤੂ ਖਾਈ ਜਾਤੀ ਹੈ। ਸੋ ਉਸਕਾ ਰਸ ਧਾਤੂ ਬਨੇ ਹੈ। ਰਸ ਸੇ ਰੁਧਰ ਰੁਧਰ ਸੇ ਮਾਸ। ਰਸ ਧਾਤੂ ਕੇ ਦੋ ਭਾਗ ਬਣਤੇ ਹੈਂ। ਏਕ ਵਿਸ਼ਟਾ ਦੂਸਰਾ ਮਾਸ ਮਾਸ ਕੀ ਅੰਸ ਮੇਂ ਵਿਸ਼ਟਾ ਕੀ ਅੰਸ ਹੋਇਗੀ। ਮਾਸ ਵਡਾ ਅਪਵਿਤਰ ਹੈ। ਇਸ ਮੈ ਪ੍ਰਮਾਨ। ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ ॥ਜੋ ਰਤੁ ਪਵਹਿ ਮਾਣਸਾ ਤਿਨ ਕਿਉਂ ਨਿਰਮਲੁ ਚੀਤੁ ॥ਪੁਨਾ॥ ਜੋਰ ਕੀਏ ਸੋ ਜੁਲਮ ਹੈ ਕਹਿਤਾ ਨਾਉ ਹਲਾਲ। ਦਫਤਰਿ ਲੇਖਾ ਮਾਂਗੀਐ ਤਬ ਹੋਇਗੋ ਕਉਨ ਹਵਾਲ ॥ਪੁਨਾ॥ਭਾਂਗ ਮਾਛੁਲੀ ਸੁਰਾ ਪਾਨਿ ਜੋ ਜੋ ਪ੍ਰਾਨੀ ਖਾਂਹਿ। ਤੀਰਥ ਬਰਤ ਨੇਮ ਕੀਏ ਤੇ ਸਭੈ ਰਸਾਤਲਿ ਜਾਹਿ ॥ਇਸ ਮਾਸ ਖਾਣੇ ਸੇ ਸਾਰੇ ਪੁੰਨ ਨਸ਼ਟ ਹੋ ਜਾਤੇ ਹੈਂ। ਤਾਂਤੇ ਜਿਸਨੇ ਮਾਸ ਖਾਇਆ ਮੂਤ੍ਰ ਵਿਸ਼ਟਾ ਰੁਧਰ ਉਸਨੇ ਖਾਧਾ ਹੈ। ਫੇਰ ਪਵਿਤਰ ਵਹੁ ਕਾਹੇ ਕਾ ਹੈ। ਤਾਂਤੇ ਵਹੁ ਅੰਤ ਨੂੰ ਜਮ ਕੀ ਤਾੜਨਾ ਕੋ ਸਹਾਰੇਗਾ। ।ਕਾਹਿਤੇ। ਮਾਸ



Scanned by CamScanner

ਪਦ ਕਾ ਯੇ ਅਰਥ ਹੈ ਮਾਂ ਕਹੀਏ ਮੈਨੂੰ ਜੋ ਭਖਨ ਕਰਤਾ ਹੈ। ਸੋ ਕਹੀਏ ਸੋ ਉਸ ਕੋ ਮੈ ਭਖਨ ਕਰੂੰਗਾ। ਐਸੇ ਮਨੂੰ ਜੀ ਨੇ ਕਹਾ ਹੈ॥ਇਤੀ ਮਾਸ॥ ਅਥ ਵੇਸਵਾ ਵਰਨਨੰ॥ਸੰਕਾ॥ਵੇਸਵਾ ਕੇ ਸੰਗ ਸੇ ਕਿਆ ਹਾਨੀ ਹੋਵੇ ਹੈ ॥ਸਮਾਧਾਨ॥ਮੂਲ॥

**ਦੋਹਿਰਾ॥ਜਪ ਤਪ ਬ੍ਰਤ ਬਿਤ ਅਵਧ ਜਸ ਵਿਦਿਆ ਸੁਕੁਲ ਉਦਾਰ। ਸੀਘਰ ਕਟੈ ਗਨਕਾ ਸਕਲ ਜੈਸੇ ਲਤਾ ਕੁਠਾਰ॥੯॥**

ਟੀਕਾ॥ਇਸੁ ਮੰਤ੍ਰ ਕਾ ਜੋ ਜਪ ਕਰਾ ਹੂਆ ਹੈ। ਧੂਨੀਆਂ ਕਾ ਤਪਨਾ ਰੂਪੀ ਜੋ ਤਪ ਕਰਾ ਹੂਆ ਹੈ। ਇਕਾਦਸੀ ਬਰਤ ਜੋ ਰਖੇ ਹੂਏ ਹੈਂ। ਵਾ ਜੋ ਧਨ ਹੈ ਅਵਧ ਨਾਮ ਜੋ ਉਮਰ ਹੈ। ਜੋ ਇਸ ਕਾ ਜਸ ਹੈ ਜੋ ਵਿਦਿਆ ਹੈ। ਜੋ ਸ੍ਰੇਸ਼ਟ ਕੁਲ ਹੈ ਜੋ ਉਦਾਰਤਾ ਹੈ ਇਨ੍ਹਾਂ ਸੰਪੂਰਨਾ ਕੋ ਵੇਸਵਾ ਛੇਤੀ ਐਸੇ ਕਟ ਦੇਂਦੀ ਹੈ। ਦ੍ਰਿਸ਼ਟਾਂਤ। ਜੈਸੇ ਕੋਮਲ ਲਤਾ ਨਾਮ ਵੇਲ ਕੋ ਕੁਹਾੜਾ ਕਟ ਦੇਂਦਾ ਹੈ। ਤੈਸੇ ਵੇਸ੍ਵਾ ਇਨ ਸਭ ਕਾ ਨਾਸ਼ ਕਰ ਦੇਵੇ ਹੈ। ਇਸ ਵਾਸਤੇ ਹੇ ਪੁਰਸ਼ੋ ਗਨਕਾ ਕਾ ਤਿਆਗ ਕਰਨਾ ਸ੍ਰੇਸ਼ਟ ਹੈ। ਕਾਹਿਤੇ। ਵੇਸਵਾ ਏਕ ਜਲਤੀ ਹੁਈ ਜ੍ਵਾਲਾ ਅਗਨ ਕੁੰਡ ਹੈ। ਸੁੰਦਰ ਸਰੂਪ ਜਿਸ ਕਾ ਈਂਧਨ ਹੈ ਉਸ ਮੇਂ ਕਾਮੀ ਪੁਰਸ਼ ਧਨ ਧਰਮ ਜੋਬਨ ਅਰੋਗਤਾ ਆਯੂ ਸੁਯਸ ਤੇਜ ਬਲ ਔਰ ਭਜਨ ਪੂਜਾ ਦਾਨ ਪੁੰਨ ਉਸ ਜ੍ਵਾਲਾ ਮੇਂ ਹਵਨ ਕਰਤੇ ਹੈਂ॥ਮੂਲ॥

**ਦੋਹਿਰਾ॥ਸੁਰਾ ਮਾਸ ਗਨਿਕਾ ਤ੍ਰਿਤੀ ਮਨ ਕਾ ਮਨਕਾ ਜਾਸ। ਤਿਨ ਸੰਗੇ ਦੁਖ ਹੋਤ ਹੈ ਤਿਨ ਸੰਗੇ ਦੁਖ ਨਾਸ॥੧੦॥**

ਟੀਕਾ॥ ਸ਼ਰਾਬ ਕਾ ਪੀਣਾ ਅਰ ਮਾਸ ਕਾ ਖਾਣਾ ਗਨਿਕਾ ਕਾ ਭੋਗਨਾ ਏ ਤੀਨੋਂ ਬਾਤਾਂ ਜਿਸ ਪੁਰਸ਼ ਕੇ ਮਨ ਮੇਂ ਮਣਕੇ ਕੀ ਨਿਆਈਂ ਪਰੋਏ ਹੂਏ ਹੈਂ। ਭਾਵ ਇਨ ਕੀ ਮਾਲਾ ਮਨ ਮੇਂ ਫੇਰਤਾ ਰਹਿਤਾ ਹੈ ਕਿਆ



ਚਿੰਤਨ ਕਰਤਾ ਰਹਿਤਾ ਹੈ। ਇਨ੍ਹਾਂ ਤੀਨੋਂ ਕੇ ਸੰਗ ਕਰਨੇ ਸੇ ਦੁਖ ਨਿਬ੍ਰਤ ਹੋ ਜਾਵੇ ਹੈ। ਭਾਵ ਏ ਹੈ ਜਬ ਇਨ ਸੇ ਪ੍ਰੀਤੀ ਕਰੋਗੇ ਤੌ ਦੁਖ ਪਾਉਗੇ। ਜਬ ਇਨ ਕਾ ਤਿਆਗ ਕਰੋਗੇ ਤਬ ਦੁਖ ਦੂਰ ਹੋ ਜਾਇੰਗੇ। ਇਸ ਵਾਸਤੇ ਇਨਕਾ ਤਿਆਗ ਕਰਨਾ ਯੋਗ ਹੈ। ਇਤੀ ਵੇਸ਼ਯਾ। ਅਥ ਪਰ ਨਾਰੀ ਨਿਸੇਧ ਵਰਨਨੰ॥ਸੰਕਾ॥ਪਰ ਨਾਰੀ ਸੇ ਕੀ ਹਾਨੀ ਹੋਵੇ ਹੈ॥ਸਮਾਧਾਨ॥ ਮੂਲ॥

**ਦੋਹਿਰਾ॥ਕੁਲਖੈ ਕਲਹਿ ਕਲੇਸ ਉਰ ਧਨ ਹਤ ਧਰਮ ਪ੍ਰਹਾਰ। ਇਤ ਉਤ ਅਪਜਸ ਲਭਤ ਹੈ ਜੋ ਭੋਗਤ ਪਰ ਨਾਰਿ॥੧॥**

ਟੀਕਾ॥ਜੋ ਪੁਰਸ਼ ਪਰ ਇਸਤ੍ਰੀ ਸੇ ਪ੍ਰੀਤ ਕਰਤਾ ਹੈ ਉਸ ਪੁਰਸ਼ ਕੀ ਕੁਲ ਕਾ ਨਾਸ਼ ਕਰ ਦੇਵੇ ਹੈ। ਕਾਹਿਤੇ। ਪਰ ਇਸਤ੍ਰੀ ਕੇ ਸੰਸਰਗ ਕਰਨੇ ਸੇ ਬੀਰਜ ਇਧਰ ਨਸ਼ਟ ਹੋ ਗਯਾ ਦਸੋ ਫੇਰ ਆਪਣੀ ਕੁਲ ਕਾ ਵਾਧਾ ਕੈਸੇ ਹੋਇਗਾ। ਕਿੰਤੂ ਨਹੀਂ ਹੋਇਗਾ ਫੇਰ ਪਰਾਈ ਇਸਤ੍ਰੀ ਕੈਸੀ ਹੈ ਲੜਾਈ ਕਾ ਮੂਲ ਕਾਰਨ ਹੈ। ਕਾਹਿਤੇ। ਪਰ ਇਸਤ੍ਰੀ ਸੇ ਯਰਾਨਾ ਸਭ ਸੇ ਚੋਰੀ ਲਗਾਇਆ ਜਾਤਾ ਹੈ। ਜਬ ਏ ਹਾਲ ਆਪਣੀ ਇਸਤ੍ਰੀ ਕੋ ਤਥਾ ਹੋਰ ਕੋ ਮਾਲੂਮ ਪੜਤਾ ਹੈ। ਤਬ ਸਦਾ ਘਰ ਮੇਂ ਲੜਾਈ ਪੜੀ ਰਹਿਤੀ ਹੈ। ਫੇਰ ਇਸਤ੍ਰੀ ਕੈਸੀ ਹੈ ਹਿਰਦੇ ਮੇਂ ਸਦਾ ਕਲੇਸ਼ ਦੇਤੀ ਹੈ। ਕਾਹਿਤੇ। ਜੇ ਪਰ ਇਸਤ੍ਰੀ ਸੇ ਆਤਸ਼ਕ ਕੀ ਬੀਮਾਰੀ ਹੋ ਜਾਵੇ ਤੋ ਆਪਣੀ ਦੇਹ ਵਿਗੜ ਜਾਤੀ ਹੈ। ਚਿਤ ਮੇਂ ਦੁਖੀ ਹੋਤਾ ਹੈ। ਯਹਿ ਮੈਨੇ ਕਾਮ ਕਿਉਂ ਕੀਆ ਜੇ ਇਹ ਬਾਤ ਨ ਹੋਵੇ ਤੋ ਹੋਰ ਕਈ ਤਰ੍ਹਾਂ ਦੇ ਕਲੇਸ਼ ਬਨੇ ਰਹਿਤੇ ਹੈਂ। ਫੇਰ ਏ ਇਸਤ੍ਰੀ ਕੈਸੀ ਹੈ ਸਭ ਧਨ ਕਾ ਨਾਸ਼ ਕਰ ਦੇਵੇ ਹੈ। ਅਰ ਲੋਕ ਪ੍ਰਲੋਕ ਮੇਂ ਅਪਜਸ ਦੇਵੇ ਹੈ। ਭਾਵ ਦੋਨੋਂ ਲੋਕੋਂ ਮੇਂ ਅਪਜਸ ਦੇਨੇ ਹਾਰੀ ਹੈ। ਯੇ ਸਭ ਪਰ ਇਸਤ੍ਰੀ ਕੇ ਸੇਵਨ ਕਾ ਫਲ ਹੈ॥

**ਦੋਹਿਰਾ॥ਅਹਿ ਬਿਖ ਤਨ ਕਾਟੇ ਚਢੇ ਇਹ ਚਿਤਵਤ ਚਢ ਜਾਇ। ਗਯਾਨ ਧਿਆਨ ਪੁਨ ਪ੍ਰਾਣ ਹੂੰ ਲੇਤ ਮੂਲ ਯੁਤ**



Scanned by CamScanner

ਖਾਇ ॥੧ ॥ਮਮਤਾ ਮਯ ਅਭਿਮਾਨ ਜੋ ਹੈ ਬੰਧਨ ਕੀ ਪੋਟ। ਇਸਤਰੀ ਮਦਰਾ ਸੋ ਅਧਿਕ ਕਰੇ ਜਨਨ ਪਰ ਚੋਟ ॥੨ ॥ ਕਾਮਾਂਤਰ ਜੋ ਪੁਰਸ ਜਗ ਅੰਧੋ ਕੇ ਸਿਰਦਾਰ। ਜਿਨਕਾ ਅਪਜਸ ਜਗਤ ਮਹਿ ਵੈ ਮਿਰਤੂ ਕੇ ਭਾਰ ॥੩ ॥ਮੂਲ ॥

ਦੋਹਿਰਾ ॥ਨਿਜ ਯੁਵਤੀ ਕੇ ਹੋਤ ਸਠ ਜੋ ਲਪਟਹਿ ਪਰ ਨਾਰ। ਭਰੇ ਤਾਲ ਸਭ ਠੌਰ ਪਰ ਕਾਕ ਅਚੈ ਘਟ ਵਾਰ ॥੧੨ ॥

ਟੀਕਾ ॥ਪਿਛੇ ਉਨ ਕਾ ਪਰਕਰਨ਼ ਕਹਾ ਹੈ ਜਿਨ ਕੀ ਇਸਤ੍ਰੀ ਨਹੀ ਹੈ। ਜਿਨ ਕੀ ਇਸਤ੍ਰੀ ਘਰ ਮੇਂ ਹੈ। ਅਬ ਉਨ ਕਾ ਪਰਕਰਨ ਕਹੇਂ ਹੈ। ਜੋ ਪੁਰਸ਼ ਆਪਣੀ ਸੁੰਦਰ ਇਸਤ੍ਰੀ ਘਰ ਮੇਂ ਹੋਤਿਆਂ ਹੋਇਆਂ ਫੇਰ ਜੋ ਮੂਰਖ ਪਰ ਇਸਤ੍ਰੀ ਸੇ ਭੋਗ ਕਰਤਾ ਹੈ, ਸੋ ਪੁਰਸ਼ ਕਊਏ ਕੇ ਸਮਾਨ ਦੁਸ਼ਟ ਹੈ। ਦ੍ਰਿਸ਼ਟਾਂਤ। ਜੈਸੇ ਤਲਾਓ ਸਭ ਜਗਾ ਸੇ ਜਲ ਸੇ ਪੂਰਨ ਹੋਇਆ ਪੜਾ ਹੈ। ਪਰ ਦੁਸ਼ਟ ਜੋ ਕਊਆ ਹੈ ਉਸ ਤਲਾਓ ਕਾ ਜਲ ਨਹੀਂ ਪੀਏਗਾ। ਅਰ ਜੋ ਕਿਸੀ ਨੇ ਸੁਚਾ ਘੜਾ ਜਲ ਸੇ ਭਰ ਕੇ ਰਖਾ ਹੈ। ਉਸੀ ਸੇ ਜਲ ਪਾਨ ਕਰੇਗਾ ॥ਭਾਵ–ਉਸ ਘਟ ਕੋ ਅਸ਼ੁਧ ਕਰ ਦੇਗਾ। ਐਸਾ ਮਹਾਂ ਮੂਰਖ ਹੈ। ਦ੍ਰਿਸ਼ਟਾਂਤ। ਤੈਸੇ ਜਲ ਕਰ ਭਰੇ ਤਲਾਓ ਸਮ ਜੋ ਆਪਣੇ ਘਰ ਮੇਂ ਸੁੰਦਰ ਇਸਤ੍ਰੀ ਹੈ ਉਸ ਕੋ ਤਿਆਗ ਕੇ ਘਟ ਸਮ ਜੋ ਪਰ ਇਸਤ੍ਰੀ ਹੈ। ਕਊਏ ਸਮ ਜੋ ਕਾਮੀ ਪੁਰਸ਼ ਉਸੀ ਕੋ ਭੋਗੇਗਾ ॥ ਭਾਵ–ਜੈਸੇ ਕਊਆ ਦੂਸਰੇ ਕਾ ਘਟ ਅਪਵਿਤਰ ਕਰ ਦੇਵੇ ਹੈ। ਤੈਸੇ ਯੇ ਪੁਰਸ਼ ਭੀ ਪਰ ਇਸਤ੍ਰੀ ਕਾ ਪਤਿਬਰਤ ਧਰਮ ਵਿਗਾੜ ਦੇਵੇ ਹੈ। ਐਸਾ ਯੇ ਮਹਾਂ ਮੂਰਖ ਹੈ। ਪਰ ਇਸਤ੍ਰੀ ਕਾ ਸੰਗ ਸਭ ਸੁਖੋਂ ਕੀ ਹਾਨੀ ਕਰੇ ਹੈ। ਪਰ ਇਸਤਰੀ। ਇਤੀ ॥ ਮੂਲ ॥

ਦੋਹਿਰਾ ॥ ਮਿਰਗ ਝਖ ਸੰਤਨ ਵਿਹਤ ਬ੍ਰਿਤ ਤ੍ਰਿਣ ਸੰਬਰ ਸੰਤੋਖ। ਲੁਭਧਕ ਝੀਵਰ ਦੁਸ੍ਰ ਜਨ ਕਰਹਿ



ਅਕਾਰਣ ਦੋਖ ॥੧੩ ॥

ਟੀਕਾ ॥ ਹਰਨ ਮਛੀ ਸੰਤੋਂ ਕੀ ਵੇਦ ਅਨੁਸਾਰ ਉਪਜੀਵਕਾ ਹੈ। ਮਿਰਗੋਂ ਕੀ ਉਪਜੀਵਕਾ ਘਾਸ ਹੈ। ਮਛੀ ਕਾ ਉਪਜੀਵਕਾ ਜਲ ਹੈ। ਸੰਤੋਂ ਕੀ ਉਪਜੀਵਕਾ ਸੰਤੋਖ ਹੈ। ਸੰਤ ਸੰਤੋਖ ਮੇਂ ਹੀ ਪ੍ਰਸੰਨ ਰਹੇ ਹੈਂ ॥ ਭਾਵ–ਯੇ ਤੀਨੋਂ ਕਿਸੀ ਕੋ ਦੁਖ ਨਹੀ ਦੇਤੇ। ਪਰ ਲੁਭਧਕ ਜੋ ਸ਼ਕਾਰੀ ਹੈ ਸੋ ਹਰਨੋਂ ਕਾ ਸ਼ਕਾਰ ਖੇਲੇ ਹੈਂ। ਅਰ ਮਛੀਓਂ ਕੋ ਝੀਵਰ ਮਾਰੇ ਹੈਂ। ਸੰਤਾਂ ਕੋ ਦੁਸ਼ਟ ਪੁਰਸ਼ ਕਲੇਸ਼ ਦੇਤੇ ਹੈਂ। ਯੇ ਤੀਨੋਂ ਅਕਾਰਨ ਦੋਸ਼ ਕਰਤੇ ਹੈਂ। ਭਾਵ ਏ ਹੈ। ਹਰਨ ਤਥਾ ਮਛੀ ਤਥਾ ਸੰਤ ਏ ਤੀਨੋਂ ਕਿਸੀ ਕੋ ਭੀ ਦੁਖ ਨਹੀ ਦੇਤੇ। ਔਰ ਵੇਦ ਪਰਣੀਤ ਇਨਕੀ ਉਪਜੀਵਕਾ ਹੈ। ਦੇਖੋ ਫੇਰ ਇਨ ਕਾ ਕਿਆ ਹਾਲ ਹੋਤਾ ਹੈ। ਜਬ ਐਸੇ ਨਿਰਦੋਸ਼ੋਂ ਕਾ ਯੇ ਹਾਲ ਹੂਆ ਜੋ ਦੋਸ਼ੀ ਪੁਰਸ਼ ਹੈ ਫੇਰ ਉਨ ਕੀ ਕਥਾ ਕਿਆ ਕਹਿਣੀ ਹੈ ॥ ਸੰਕਾ ॥ ਇਨ੍ਹਾਂ ਸਤ ਵਿਸ਼ਿਓਂ ਸੇ ਕਿਸ ਕਿਸ ਨੇ ਦੁਖ ਪਾਇਆ ਹੈ ॥ ਸਮਾਧਾਨ ॥ ਮੂਲ ॥

ਛਪੈ ਛੰਦ ॥ਜੂਪ ਸੰਗ ਤੇ ਧਰਮਤਾਤ ਅਤਿ ਬਿਪਤ ਲਹੀ ਬਨ। ਮਾਸ ਸੰਗ ਇਕ ਭੂਪ ਭਯੋ ਬਕਦਯੋ ਸ੍ਰਾਪ ਮੁਨ। ਯਾਦਵ ਨੰਦਨ ਨਾਸ ਭਏ ਮਦ ਪਾਨ ਕਰਿਯੋ ਜਬ। ਕ੍ਰੀਚਕ ਥੇ ਸੌ ਭ੍ਰਾਤ ਕਾਮ ਕਰ ਨਾਸ ਭਏ ਸਭ। ਨ੍ਰਿਪ ਮ੍ਰਿਗ ਯਾ ਕਰ ਪਰੀਖਤ ਹਤਯੋ ਚੋਰੀ ਕਰ ਸਿਵ ਭੂਪ ਹਤ। ਪੁਨ ਪਰਨਾਰੀ ਕੀ ਪ੍ਰੀਤ ਕਰ ਸੀਸ ਦੀਏ ਦਸ ਲੰਕ ਪਤ ॥੧੪ ॥

ਟੀਕਾ ॥ ਇਸ ਜੂਏ ਕੇ ਖੇਲਨੇ ਸੇ ਧਰਮ ਤਾਤ ਜੋ ਰਾਜਾ ਯੁਧਿਸਟਰ ਜੀ ਨੇ ਦੇਖੋ ਬਨ ਮੇਂ ਅਤੀ ਬਿਪਤਾ ਲਹੀ ਹੈ। ਇਸ ਕੀ ਗਾਥਾ ਐਸੇ ਹੈ। ਪਾਂਡਵੋਂ ਕੀ ਵਿਭੂਤੀ ਦੇਖ ਕਰ ਦੁਰਜੋਧਨ ਦਿਨ ਬਦਿਨ ਸੁਕਤਾ ਜਾਤਾ ਥਾ। ਜਬ ਤਕ ਪਾਂਡਵੋਂ ਕੀ ਵਿਭੂਤੀ ਨਾ ਲੇਹੂੰ ਤਬ ਤਕ ਮੇਰਾ ਸੰਸਾਰ ਮੇਂ ਜੀਨਾ ਨਿਸਫਲ ਹੈ। ਦੁਰਜੋਧਨ ਕੀ ਐਸੇ ਬਾਤੋਂ ਸੁਣ ਕਰ ਸਕੁਨੀ ਬੋਲਾ



Scanned by CamScanner

ਕਿ ਜਿਸ ਯੁਧਿਸਟਰ ਕੀ ਲਖਮੀ ਕੋ ਦੇਖ ਕਰ ਤੁਮ ਇਤਨੇ ਦੁਖੀ ਹੋ ਰਹੇ ਹੋ। ਉਸ ਕੋ ਮੈਂ ਜੂਏ ਮੇਂ ਜੀਤ ਕਰ ਤੁਮ ਕੋ ਦੇ ਸਕਤਾ ਹੂੰ। ਤੁਮ ਯੁਧਿਸਟਰ ਕੋ ਬੁਲਵਾਯੋ। ਯੁਧਿਸਟਰ ਜੀ ਕੇ ਬੁਲਾਨੇ ਕੋ ਬਿਦਰ ਕੋ ਭੇਜਾ। ਅਰ ਇਧਰ ਮਨੁਖੋਂ ਕੋ ਆਗਿਆ ਦੀ ਜਲਦੀ ਹਮਾਰੇ ਲੀਏ ਏਕ ਸਭਾ ਐਸੀ ਤਿਆਰ ਕਰੋ ਜੋ ਏਕ ਕੋਸ ਲੰਮੀ ਔਰ ਏਕ ਕੋਸ ਚੌੜੀ ਹੋ। ਔਰ ਸਹੰਸ੍ਰ ਖੰਭੇ ਔਰ ਸੌ ਦੁਵਾਰ ਹੋ। ਬਾਹਰ ਕਾ ਦਰਵਾਜ਼ਾ ਉਸ ਸਭਾ ਕਾ ਸਫਟਕ ਮਣੀ ਕਾ ਬਨਾਯਾ ਜਾਵੇ ਯੇ ਆਗਿਆ ਪਾਇ ਕਰ ਸਹੰਸ੍ਰ ਕਾਰੀਗਰੋਂ ਨੇ ਜੋ ਵਡੇ ਬੁਧੀਵਾਨ ਔਰ ਚਤੁਰ ਥੇ। ਥੋੜੇ ਕਾਲ ਮੇਂ ਵਹਿ ਸਭਾ ਬਨਾ ਕਰ ਤਿਆਰ ਕਰ ਦੀ। ਔਰ ਉਸ ਮੇਂ ਸੁੰਦਰ ੨ ਸੁਵਰਨ ਕੇ ਆਸਨ ਵਿਛਵਾ ਦੀਏ ਗਏ। ਔਰ ਬਿਦਰ ਜੀ ਕੇ ਸਾਥ ਭਾਈਓਂ ਸਹਿਤ ਬਾਹਲੀਕ ਕੇ ਦੀਏ ਹੂਏ ਰਥ ਪਰ ਚਢ ਕਰ ਹਸਤਨਾ ਪੁਰ ਪਹੁੰਚਾ। ਔਰ ਵਹਾਂ ਧ੍ਰਿਤਰਾਸਟਰ ਭੀਖਮ ਦ੍ਰੋਣਾਚਾਰਯ ਕਰਨ ਕਿਰਪਾ ਚਾਰਯ ਅਸ੍ਵਤਥਾਮਾ ਸੋਮਦਤ ਦੁਰਜੋਧਨ ਸਲਯ ਸਕੁਨੀ ਦੁਸਾਸਨ ਜਯਦ੍ਰਥ ਔਰ ਅਨ ਰਾਜਾ ਲੋਕ ਭਾਈ ਬੰਧੁ ਤਥਾ ਕੌਰਵ ਕੁਲ ਲੋਗੋਂ ਸੇ ਯਥਾ ਯੋਗ ਮਿਲ ਕਰ ਭਾਈਓਂ ਸਹਿਤ ਧ੍ਰਿਤਰਾਸਟਰ ਕੇ ਮਹਿਲ ਗਯਾ ਗੰਧਾਰੀ ਅਰ ਰਾਜਾ ਕੋ ਦੰਡਵਤ ਪ੍ਰਣਾਮ ਕਰੀ ਅਸੀਸ ਲੇਕਰ ਰਾਤ ਭੋਜਨ ਕਰ ਸੌਂ ਗਏ। ਜਬ ਦਿਨ ਚੜਾ ਸਭ ਸੂਰਬੀਰ ਔਰ ਤੇਜਸ੍ਵੀ ਬੈਠ ਜਾਨੇ ਪਰ ਜੂਆ ਅਰੰਭ ਹੂਆ। ਯੁਧਿਸਟਰ ਬੋਲੇ ਕਿ ਯੇ ਸਾਗਰ ਵਰ ਸੇ ਜੋ ਮਿਲੀ ਹੁਈ ਮਣੀ ਕੀ ਮਾਲਾ ਸੁਵਰਨ ਜਟਿਤ ਹੈ। ਔਰ ਮੋਲ ਕੀ ਹੈ। ਹਮ ਸੋ ਦਾਉ ਪਰ ਧਰਤੇ ਹੈਂ ਤੁਮ ਭੀ ਕਹੋ ਇਸ ਕੇ ਬਰਾਬਰ ਤੁਮ ਕਿਆ ਧਨ ਲਗਾਤੇ ਹੋ। ਦੁਰਜੋਧਨ ਬੋਲਾ ਹਮਾਰੇ ਪਾਸ ਬਹੁਤ ਸਾ ਧਨ ਹੈ। ਇਸ ਕੇ ਪਿਛੇ ਸਕੁਨੀ ਨੇ ਪਾਸੇ ਉਠਾ ਲੀਏ। ਔਰ ਉਨ ਕੋ ਫੈਂਕ ਕਰ ਬੋਲਾ ਕਿ ਮੈਂ ਜੀਤਾ। ਇਸਕੇ ਪੀਛੇ ਯੁਧਿਸਟਰ ਬੋਲਾ ਕਿ ਜੋ ਮੇਰੇ ਦਾਵ ਕੋ ਕਪਟ ਔਰ ਛਲ ਸੇ ਜੀਤਾ ਹੈ। ਤੋ ਮੈ ਔਰ ਦਾਵ ਲਗਾਤਾ ਹੂੰ। ਯੇ ਸਹੰਸਰ ਕੁੰਭ ਸੋਨੇ ਔਰ



ਚਾਂਦੀ ਸੇ ਭਰੇ ਹੂਏ ਹੈਂ। ਇਨਕੀ ਬਰਾਬਰ ਤੁਮ ਭੀ ਦਾਵ ਲਗਾਯੋ ਯੇ ਸੁਣ ਕਰ ਸਕੁਨੀ ਨੇ ਪਾਸਾ ਫੈਂਕਾ ਔਜ ਕਹਾ ਮੈਨੇ ਯਹਿ ਭੀ ਜੀਤਾ। ਐਸੇ ਧੀਰੇ ਧੀਰੇ ਸਭ ਹਾਰ ਦੀਆ ਚਾਰੇ ਭਾਈ ਭੀ ਹਾਰ ਦੀਏ। ਅਰ ਦ੍ਰੋਪਤੀ ਭੀ ਹਾਰ ਦਈ। ਏਕ ਦਾਵ ਐਸਾ ਲਗਾਇਆ ਜੋ ਇਸ ਦਾਵ ਕੋ ਹਾਰੇ ਸੋ ਬਾਰਾਂ ਬਰਸ ਕਾ ਬਨੋਬਾਸ ਭੋਗੇ ਤੇਰ੍ਹਵਾਂ ਬਰਸ ਛੁਪ ਕੇ ਰਹਿਣਾ ਜੇ ਪਤਾ ਲਗ ਜਾਏ ਫੇਰ ਬਾਰਾਂ ਬਰਸ ਬਨੋਬਾਸ ਭੋਗੇ। ਸੋ ਦਾਵ ਭੀ ਧਰਮ ਪੁੱਤਰ ਨੇ ਹਾਰ ਦੀਆ। ਬਾਰਾਂ ਬਰਸ ਕਾ ਬਨਬਾਸ ਭੋਗ ਕਰ ਐਸਾ ਦੁਖ ਪਾਇਆ ਜਿਸ ਕਾ ਕੁਛ ਕਹਾ ਨਹੀਂ ਜਾਤਾ। ਯੇ ਕਥਾ ਮਹਾਂ ਭਾਰਤ ਕੇ ਸਭਾ ਪਰਬ ਮੇਂ ਆਤੀ ਹੈ। ਜਿਸ ਨੇ ਇਸ ਕਾ ਵਿਸਤਾਰ ਦੇਖਨਾ ਹੋ ਸੋ ਦੇਖ ਲਏ॥ਸੰਕਾ॥ ਮਾਸ ਕੇ ਸੰਗ ਕਿਸਨੇ ਦੁਖ ਪਾਇਆ ਹੈ॥ਸਮਾਧਾਨ॥ਏਕ ਰਾਜਾ ਕੋ ਮਾਸ ਕੇ ਸੰਗ ਕਰ ਮੁਨੀ ਕੇ ਸ੍ਰਾਪ ਕੇ ਦੇਨੇ ਸੇ ਬਗਲੇ ਕਾ ਜਨਮ ਪਾਣਾ ਪੜਾ। ਇਸਕੀ ਗਾਥਾ ਐਸੇ ਹੈ। ਮਾਸ ਖਾਣੇ ਕਾ ਉਸ ਕੋ ਵਡਾ ਭਾਰੀ ਸ਼ੌਂਕ ਥਾ। ਰੋਜ਼ ਸ਼ਿਕਾਰ ਖੇਲਨੇ ਜਾਤਾ ਥਾ। ਏਕ ਦਿਨ ਸ਼ਿਕਾਰ ਖੇਲਨੇ ਜਬ ਗਯਾ। ਆਗੇ ਸੇ ਹਰਨ ਉਠਾ ਆਗੇ ਆਗੇ ਹਰਨ ਪਿਛੇ ੨ ਰਾਜਾ ਜਾਇ ਰਹਾ ਹੈ। ਮਹਾਂਬਨ ਮੈ ਏਕ ਮੁਨੀ ਕਾ ਆਸ਼੍ਰਮ ਥਾ। ਮੁਨੀ ਸਮਾਧੀ ਲਗਾਈ ਬੈਠੇ ਥੇ। ਮ੍ਰਿਗ ਉਨਕੇ ਆਸ਼੍ਰਮ ਮੇਂ ਚਲਾ ਗਯਾ ਰਾਜਾ ਨੇ ਜਾ ਕੇ ਮ੍ਰਿਗ ਕੋ ਬਾਨ ਮਾਰਾ। ਰੌਲਾ ਹੋਣੇ ਸੇ ਮੁਨੀ ਕੀ ਸਮਾਧ ਖੁਲ੍ਹ ਗਈ। ਮ੍ਰਿਗ ਮਾਰਾ ਪੜਾ ਦੇਖਾ ਚਿਤ ਮੈ ਦਯਾ ਆਈ ਦੇਖੋ ਇਸ ਪਾਪੀ ਨੇ ਕੈਸਾ ਖੋਟਾ ਕਾਮ ਕੀਆ ਹੈ। ਕ੍ਰੋਧ ਹੋ ਕੇ ਸਰਾਪ ਦੀਆ ਅਰੇ ਦੁਸ਼ਟ ਮਾਸ ਕੇ ਲੀਏ ਜੀਵ ਤੈਂ ਜੀਵ ਮਾਰਾ ਹੈ। ਜਾਹੁ ਮਰ ਕੇ ਤੂੰ ਬਗਲਾ ਬਨ॥ਕਾਹਿਤੇ॥ਤੂੰ ਮਾਸ ਕਾ ਪਿਆਰਾ ਹੈਂ, ਸੋ ਮਰ ਕਰ ਬਗਲਾ ਬਨ। ਦੇਖੋ ਇਸ ਮਾਸ ਕੇ ਸੰਗ ਸੇ ਰਾਜਾ ਕੋ ਬਗਲਾ ਬਨਣਾ ਪੜਾ॥ਇਤਿ॥ਸੰਕਾ॥ਸ਼ਰਾਬ ਸੇ ਕਿਸਨੇ ਦੁਖ ਪਾਇਆ ਹੈ॥ਸਮਾਧਾਨ॥ਜਬ ਯਾਦਵੋਂ ਕੇ ਪੁੱਤਰੋਂ ਨੇ ਸ਼ਰਾਬ ਪੀਣਾ ਸ਼ੁਰੂ ਕੀਆ। ਤਬ ਵੇ ਸਭ ਨਾਸ਼ ਕੋ ਪ੍ਰਾਪਤ ਹੋ ਗਏ ਇਸ ਕੀ ਗਾਥਾ ਐਸੇ ਹੈ। ਯਾਦਵਾਂ



Scanned by CamScanner

ਕੇ ਗੁਰੂ ਦੁਰਬਾਸਾ ਰਿਖੀ ਥੇ ਜਬ ਏਕ ਸਮੇਂ ਦੁਆਰਕਾਪੁਰੀ ਮੇਂ ਆਏ। ਤਬ ਸ੍ਰੀ ਕ੍ਰਿਸ਼ਨ ਜੀ ਕੇ ਪੁੱਤਰ ਨੇ ਕੀ ਕਾਮ ਕਰਾ ਏਕ ਲੜਕੇ ਦੇ ਪੇਟ ਪਰ ਲੋਹੇ ਕੀ ਬਾਟੀ ਬਾਂਧ ਕੇ ਇਸਤਰੀਓਂ ਵਾਲੇ ਕਪੜੇ ਪਹਿਨਾਇ ਕਰ ਅਗੇ ਲਾ ਕੇ ਦੁਰਬਾਸਾ ਕੇ ਪਾਸ ਜਾ ਕੇ ਪੂਛਨੇ ਲਗੇ ਹੇ ਭਗਵਾਨ ਯੇ ਇਸਤਰੀ ਗਰਭਵਤੀ ਹੈ ਇਸ ਸੇ ਕਿਆ ਹੋਗਾ। ਪੁੱਤਰ ਹੋਗਾ ਵਾ ਬੇਟੀ ਹੋਗੀ। ਤਬ ਦੁਰਬਾਸਾ ਜੀ ਨੇ ਜਾਨਾ ਹਮਾਰੇ ਸਾਥ ਹਾਸੀ ਕਰ ਰਹੇ ਹੈਂ। ਕਹਾ ਇਸ ਸੇ ਵਹੁ ਪੈਦਾ ਹੋਗਾ ਜੋ ਤੁਮਾਰੀ ਕੁਲ ਕਾ ਨਾਸ਼ ਕਰੇਗਾ। ਬਾਤ ਯੇ ਰਾਜਾ ਉਗਰਸੈਨ ਕੋ ਆਦ ਲੈ ਕੇ ਸਭ ਕੋ ਮਾਲੂਮ ਹੁਈ, ਸੁਣ ਕੇ ਦੁਖੀ ਹੂਏ। ਜਬ ਪੇਟ ਖੋਲਾ ਏਕ ਮੂਸਲ ਨਿਕਲਾ ਸੋ ਰਿਤਵਾ ਕਰ ਸਮੁੰਦਰ ਮੇਂ ਫੈਂਕ ਦੀਆ। ਸਮਾਂ ਪਾ ਕੇ ਜਦੋਂ ਸਭ ਧਰਤੀ ਕਾ ਭਾਰ ਹਰੀ ਨੇ ਦੂਰ ਕਰ ਦੀਆ। ਫੇਰ ਚਿਤ ਮੇਂ ਸੋਚਨੇ ਲਗੇ ਏ ਹਮਾਰੀ ਬਰਾਦਰੀ ਵਡੀ ਬਲਵੰਤ ਹੈ। ਯੇ ਹਮਾਰੇ ਪਿਛੋਂ ਸਭ ਕੋ ਦੁਖ ਦੇਗੀ। ਅਬ ਇਨ ਕਾ ਭੀ ਭਾਰ ਦੂਰ ਕਰਨਾ ਯੋਗ ਹੈ। ਤਬ ਭਗਵਾਨ ਸਭ ਕੋ ਬੁਲਾ ਕੇ ਕਹਿਨੇ ਲਗੇ ਦੇਖੋ ਸਮਾਂ ਬਹੁਤ ਭਿਆਨਕ ਆਇ ਗਯਾ ਹੈ। ਅਬ ਸਭ ਚਲ ਕਰ ਪਰਭਾਸ ਨਾਮੀ ਤੀਰਥ ਪਰ ਜਪ ਤਪ ਕਰਕੇ ਆਪਣਾ ਜਨਮ ਸਫਲਾ ਕਰਨਾ ਯੋਗ ਹੈ। ਸਭ ਮੰਨ ਕਰ ਚਲ ਪੜੇ। ਤਹਾਂ ਜਾਕਰ ਸ਼ਰਾਬ ਪੀਣਾ ਸ਼ੁਰੂ ਕਰਾ। ਜਬ ਅਮਲ ਚੜਾ ਆਪਸ ਮੇਂ ਲੜਨੇ ਲਗੇ ਸ਼ਸਤਰ ਮੁਕ ਗਏ ਤਬ ਦਭ ਨਾਲ ਲੜ ਕੇ ਸਭ ਮਰ ਗਏ। ਏਕ ਭੀ ਨ ਰਹਾ। ਫੇਰ ਆਪ ਸ੍ਰੀ ਭਗਵਾਨ ਜੀ ਚਲਾਣਾ ਕਰ ਗਏ। ਦੇਖੋ ਇਸ ਮਦ ਪੀਨੇ ਸੇ ਕੈਸੇ ਸੂਰਮੇਂ ਮਾਰੇ ਗਏ। ਔਰ ਕੀ ਕਿਆ ਕਹਿਣੀ ਹੈ॥ਇਤਿ॥ਸੰਕਾ॥ਇਸ ਕਾਮ ਕੇ ਸੰਗ ਸੇ ਕੌਣ ਮਾਰੇ ਗਏ॥ਸਮਾਧਾਨ॥ਕੀਚਕ ਸੌ ਭ੍ਰਾਤਾ ਥੇ ਅਰ ਵਡੇ ਬਲੀ ਥੇ। ਰਾਜਾ ਵਿਰਾਟ ਕੇ ਸਾਲੇ ਥੇ। ਸੋ ਕਾਮ ਕੇ ਸਬੰਧ ਸੇ ਸਭੀ ਮਾਰੇ ਗਏ। ਇਨ ਕੀ ਐਸੇ ਗਾਥਾ ਹੈ। ਬਾਰਾਂ ਬਰਸ ਜਬ ਬੀਤ ਗਏ ਤੇਰ੍ਹਵਾਂ ਬਰਸ ਜਬ ਆਇਆ ਤਬ ਗੁਪਤ ਹੋਣੇ ਲੀਏ ਪਾਂਡਵ ਰਾਜਾ ਕੀ ਨਗਰੀ ਮੇਂ ਆਏ ਵਿਰਾਟ ਰਾਜਾ



ਸਭਾ ਮੈ ਬੈਠਾ ਹੂਆ ਥਾ। ਰਾਜਾ ਜਨਮੇਜਯ ਪ੍ਰਿਥਮ ਰਾਜਾ ਯੁਧਿਸਟਰ ਵੈਡੂਰਯ ਮਣੀ ਕੇ ਅਨ ਰੂਪ ਨੀਲੇ ਔਰ ਸੁਨਹਰੇ ਪਾਸੇਂ ਕੇ ਵਸਤ੍ਰ ਮੇਂ ਲਪੇਟ ਕਰ ਖਾਕ ਮੇਂ ਦਬਾਏ ਹੁਏ ਰਾਜਾ ਵਿਰਾਟ ਕੀ ਸਭਾ ਕੀ ਓਰ ਚਲ ਦੀਆ। ਇਤਨੇ ਮੇਂ ਧਰਮ ਪੁੱਤਰ ਉਸਕੇ ਸਮੀਪ ਜਾ ਕੇ ਕਹਾ ਕਿ ਹੇ ਸਮਰਾਟ ਮੈ ਦ੍ਵਿਜ ਹੂੰ ਮੇਰਾ ਸਭ ਧਨ ਨਸ਼ਟ ਹੋ ਗਯਾ ਹੈ। ਔਰ ਇੱਛਾ ਚਾਰੀ ਕੇ ਸਮਾਨ ਮੈ ਆਪਕੇ ਪਾਸ ਰਹਿਣਾ ਚਾਹਿਤਾ ਹੂੰ। ਯਹਿ ਸੁਣ ਕਰ ਰਾਜਾ ਵਿਰਾਟ ਨੇ ਪ੍ਰਸੰਨ ਹੋਕਰ ਉਸ ਸੇ ਕਹਾ ਆਪ ਕਾ ਆਨਾ ਬਹੁਤ ਹਛਾ ਹੂਆ ਬੈਠੀਏ। ਸਤਕਾਰ ਪੂਰਬਕ ਪੂਛਨੇ ਲਗਾ ਕਿਸ ਰਾਜਾ ਕੇ ਦੇਸ਼ ਸੇ ਆਏ ਹੈ। ਆਪ ਕਾ ਨਾਮ ਔਰ ਗੋਤ੍ਰ ਕਯਾ ਹੈ। ਔਰ ਆਪ ਨੇ ਕਿਸ ਵਿਦਿਆ ਕਾ ਅਭਿਆਸ ਕੀਆ ਹੈ। ਯੁਧਿਸਟਰ ਬੋਲੇ ਕਿ ਮਹਾਰਾਜ ਪੂਰਬ ਕਾਲ ਮੇਂ ਯੁਧਿਸਟਰ ਕਾ ਸਖਾ ਥਾ। ਮੈ ਵਿਯਘ੍ਰ ਪਦਯ ਬ੍ਰਾਹਮਣ ਹੂੰ। ਨਾਮ ਮੇਰਾ ਕੰਕ ਹੈ॥ਮੁਝੇ ਪਾਸੇ ਫੈਂਕਨੇ ਅਛੇ ਆਤੇ ਹੈਂ। ਵਿਰਾਟ ਬੋਲਾ ਹਛਾ ਆਪ ਯਹਾਂ ਨਿਵਾਸ ਕੀਜੀਏ। ਜੋ ਕੁਛ ਲੇਨਾ ਹੈ ਸੋ ਕਹੁ। ਯਹ ਸੁਣ ਕਰ ਧਰਮ ਤਾਤ ਬੋਲੇ ਕਿ ਜਿਸ ਕਿਸੀ ਕੇ ਸਾਥ ਮੇਰਾ ਖੇਲ ਹੋਇ ਵਹਿ ਮੇਰੇ ਜੀਤੇ ਹੁਏ ਧਨ ਕੋ ਨ ਲੇ ਸਕੇ। ਏਹੀ ਮੈ ਚਾਹਿਤਾ ਹੂੰ। ਵਿਰਾਟ ਬੋਲੇ ਬਹੁਤ ਹਛਾ। ਹੇ ਰਾਜਾ ਜਨਮੇਜਯ ਇਸ ਪ੍ਰਕਾਰ ਸੇ ਵਰ ਦਾਨ ਪਾ ਕਰ ਔਰ ਪੂਜਤ ਹੋ ਕਰ ਧਰਮ ਪੁੱਤਰ ਵਹਾਂ ਰਹਿਣੇ ਲਗਾ। ਇਸਕੇ ਪਿਛੇ ਪਰਮ ਪ੍ਰਾਕ੍ਰਮੀ ਭੀਮਸੈਨ ਜੋ ਸਿੰਘ ਕੇ ਸਮਾਨ ਬਲੀ ਥਾ ਹਾਥ ਮੇਂ ਮੰਥਨ ਦੰਡ ਕੜਛੀ ਔ ਖੜਗ ਲੀਏ ਹੁਏ ਰਾਜਾ ਵਿਰਾਟ ਕੇ ਸਮੀਪ ਜਾ ਪਹੁੰਚਾ। ਦੇਖ ਕਰ ਸਭਾ ਵਰਤੀ ਪੁਰਸ਼ਾਂ ਕੋ ਰਾਜਾ ਨੇ ਕਹਾ ਜਾਵੋ ਜਲਦੀ ਇਸ ਸੇ ਪੂਛੋ ਕਿ ਯਹ ਕਯਾ ਚਾਹਿਤਾ ਹੈ। ਐਸੇ ਸੁਣ ਕਰ ਭੀਮਸੈਨ ਸੇ ਜਾਕੇ ਪੂਛਾ ਕਹੁ ਕਿਆ ਚਾਹਿਤੇ ਹੋ। ਐਸੇ ਸੁਣ ਕਰ ਵਿਰਾਟ ਕੇ ਸਮੀਪ ਜਾਕਰ ਕਹਾ ਕਿ ਹੇ ਨਰੇਦ੍ਰ ਮੈ ਬਲਵ ਨਾਮੀ ਰਸੋਯਾ ਹੂੰ। ਮੁਝੇ ਬਹੁਤ ਪ੍ਰਕਾਰ ਕੇ ਸੁੰਦਰ ਬਜੰਜਨ ਬਨਾਣੇ ਆਤੇ ਹੈਂ। ਆਪ ਮੁਝ ਕੋ ਅੰਗੀਕਾਰ ਕੀਜੀਏ। ਯਹਿ



Scanned by CamScanner

ਸੁਣ ਕਰ ਵਿਰਾਟ ਬੋਲੇ ਮੁਝ ਕੋ ਤੁਮਾਰੀ ਬਾਤ ਪਰ ਵਿਸ੍ਾਸ਼ ਨਹੀਂ ਆਇਆ। ਕਿਉਂਕਿ ਤੁਮਾਰੀ ਸੋਭਾ ਇੰਦਰ ਕੇ ਸਮਾਨ ਹੈ। ਭੀਮਸੈਨ ਬੋਲੇ ਕਿ ਮਹਾਰਾਜ ਮੈ ਆਪ ਕੀ ਸੇਵਾ ਕਰਨੇ ਵਾਲਾ ਰਸੋਇਯਾ ਹੂੰ। ਜੋ ਪੂਰਬ ਕਾਲ ਮੈ ਰਾਜਾ ਯੁਧਿਸਟਰ ਨੇ ਬਨਵਾ ੨ ਕਰ ਭੋਜਨ ਕੀਏ ਥੇ। ਔਰ ਮਲ ਯੁਧ ਕਰਨੇ ਕਾ ਸੁਭਾਵ ਹੈ। ਰਾਜਾ ਨੇ ਕਹਾ ਹਛਾ ਰਹੁ। ਇਸ ਪ੍ਰਕਾਰ ਭੀਮਸੈਨ ਨਿਯਤ ਹੋਕਰ ਰਹਿਣੇ ਲਗਾ। ਇਸ ਕੇ ਪੀਛੇ ਪਵਿਤ੍ਰ ਮੁਸਕਾਨ ਔਰ ਸਯਾਮ ਲੋਚਨ ਰਖਨੇ ਵਾਲੀ ਦ੍ਰੋਪਦੀ ਮਲਨ ਵਸਤ੍ਰ ਕੋ ਧਾਰਨ ਕਰਕੇ ਸੈਰੰਧ੍ਰੀ ਕਾ ਸਰੂਪ ਬਨਾਏ ਹੂਏ ਚਲਦੀ ਉਸ ਕੋ ਦੇਖ ਕਰ ਰਾਜ ਪੁਤ੍ਰ ਔਰ ਨਰ ਨਾਰੀ ਸਭ ਚਕ੍ਰਿਤ ਸੇ ਹੋ ਗਏ ਅਰ ਪੂਛਨੇ ਲਗੇ ਕਿ ਤੂੰ ਕੌਣ ਹੈਂ। ਔਰ ਕਿਆ ਚਾਹਿਤੀ ਹੈਂ। ਯੇ ਸੁਣ ਕਰ ਦ੍ਰੋਪਦੀ ਬੋਲੀ ਕਿ ਮੈ ਸੈਰੰਧ੍ਰੀ ਹੂੰ। ਜੋ ਕੋਈ ਮੇਰੇ ਕੋ ਸੈਰੰਧ੍ਰੀ ਕੇ ਕਾਮ ਪਰ ਨਿਯਤ ਕਰਨਾ ਚਾਹੇ ਉਸ ਕੇ ਮੈ ਰਹਿਣਾ ਚਾਹਿਤੀ ਹੂੰ। ਯਹਿ ਸੁਣ ਕਾ ਉਸ ਕੇ ਰੂਪ ਵੇਸ ਕੋ ਦੇਖ ਕਰ ਉਸ ਕੀ ਬਾਤ ਪਰ ਵਿਸ਼ਵਾਸ ਨਹੀਂ ਕੀਆ। ਉਸੀ ਸਮਯ ਰਾਜਾ ਵਿਰਾਟ ਕੀ ਪਰਮ ਸੰਮਤ ਭਾਰਯਾ ਕੈਕਈ ਨੇ ਰਾਜ ਮੰਦਰ ਸੇ ਉਸੇ ਦੇਖਾ। ਔਰ ਉਸੇ ਰੂਪਵਤੀ ਅਨਾਥ ਔਰ ਏਕ ਵਸਤ੍ਰ ਰਖਨੇ ਵਾਲੀ ਜਾਨ ਕਰ ਉਸਨੇ ਬੁਲਾਯਾ ਔਰ ਪੂਛਾ ਤੂੰ ਕੌਣ ਹੈਂ। ਔਰ ਕਿਯਾ ਕਰਨਾ ਚਾਹਿਤੀ ਹੈਂ। ਦ੍ਰੋਪਦੀ ਬੋਲੀ ਕਿ ਮੈ ਸੈਰੰਧ੍ਰੀ ਹੂੰ। ਔਰ ਤੁਮਾਰੇ ਪਾਸ ਆਈ ਹੂੰ ਯਹਿ ਸੁਣ ਕਰ ਸੁਦੇਸਣਾ ਬੋਲੀ ਤੂੰ ਜੈਸਾ ਆਪਨੇ ਕੋ ਬਤਲਾਤੀ ਹੈਂ। ਤੇਰਾ ਦਾਸੀਆਂ ਵਾਲਾ ਰੂਪ ਨਹੀ ਹੈ। ਤੂੰ ਸਤ ਸਤ ਕਹੁ ਕਿ ਤੂੰ ਕੌਣ ਹੈ। ਯਹਿ ਸੁਣ ਕਰ ਦ੍ਰੋਪਦੀ ਬੋਲੀ ਕਿ ਤੁਮ ਸੇ ਸਤ ਸਤ ਕਹਿਤੀ ਹੂੰ। ਮੈ ਤੋ ਭੋਜਨ ਚਾਹਨੇ ਵਾਲੀ ਹੂੰ ਸੈਰੰਧਰੀ ਹੂੰ। ਮੁੜੇ ਵਾਲੋਂ ਕਾ ਸਮਾਂਰਨਾ ਸੁੰਦਰ ੨ ਲੇਪ ਲਗਾਨਾ ਔਰ ਚਮੇਲੀ ਉਤ ਪਲ ਪਦਮ ਔਰ ਚੰਪਕ ਆਦੀ ਪੁਸ਼ਪੋਂ ਕੀ ਸੁੰਦਰ ਅਰ ਚਿਤਰ ਵਿਚਿਤਰ ਮਾਲਾ ਬਨਾਨਾ ਬਹੁਤ ਹਛਾ ਆਤਾ ਹੈ। ਅਬ ਤਕ ਮੈ ਦੋ ਜਗ੍ਹਾ ਰਹੀ ਹੂੰ। ਏਕ ਤੋ ਸਿਰੀ ਕ੍ਰਿਸ਼ਨ ਜੀ ਕੀ ਸਤ ਭਾਮਾ ਨਾਮੀ



ਪਟਰਾਨੀ ਕੇ ਪਾਸ ਔਰ ਦੂਸਰੇ ਪਾਂਡਵੋਂ ਕੀ ਦਰੋਪਤੀ ਨਾਮੀ ਰਾਨੀ ਕੇ ਪਾਸ। ਮੇਰਾ ਯਹੀ ਸੁਭਾਵ ਹੈ। ਦਰੋਪਦੀ ਨੇ ਮੇਰਾ ਨਾਮ ਮਾਲਨੀ ਰਖਾ ਥਾ। ਵਹੀ ਮੈ ਅਬ ਤੇਰੇ ਪਾਸ ਆਈ ਹੂੰ। ਸੁਦੇਸਨਾ ਬੋਲੀ ਅਛਾ ਤੁਮ ਹਮਾਰੇ ਪਾਸ ਰਹੁ। ਇਸ ਪ੍ਰਕਾਰ ਦ੍ਰੋਪਦੀ ਵਹਾਂ ਪਤਿਬਰਤਾ ਰਹਿਣੇ ਲਗੀ। ਵੈਸੰਪਾਇਨ ਜੀ ਬੋਲੇ ਹੇ ਰਾਜਾ ਜਨਮੇਜਯ ਇਸਕੇ ਪੀਛੇ ਸਹਿ ਦੇਵ ਭੀ ਆਪਣਾ ਵੇਸ ਔਰ ਬੋਲੀ ਗੋਪੋਂ ਕੀ ਸੀ ਬਨਾ ਕਾ ਰਾਜਾ ਵਿਰਾਟ ਕੇ ਨਗਰ ਮੇਂ ਗਯਾ। ਔਰ ਰਾਜ ਮੰਦਰ ਕੇ ਸਮੀਪ ਗੋਸ਼ਾਲਾ ਕੇ ਪਾਸ ਜਾ ਖੜਾ ਹੂਆ। ਰਾਜਾ ਵਿਰਾਟ ਨੇ ਉਸ ਪ੍ਰਕਾਸ਼ਮਾਨ ਨਰੋਤਮ ਕੋ ਦੇਖ ਕਰ ਮਨੁਖ ਭੇਜ ਕਰ ਆਪਣੇ ਪਾਸ ਬੁਲਵਾਯਾ। ਔਰ ਪੂਛਾ ਹੇ ਤਾਤ ਤੁਮ ਕੌਣ ਹੋ ਕਹਾਂ ਸੇ ਆਇ ਹੋ ਔਰ ਕਯਾ ਚਾਹਿਤੇ ਹੋ। ਸਹਿ ਦੇਵ ਕਹਿਣੇ ਲਗਾ ਕਿ ਮਹਾਰਾਜ ਮੈ ਅਰਿਸਟ ਨੇਮੀ ਨਾਮ ਬਨੀਯਾ ਹੂੰ। ਪਾਡਵੋਂ ਕੇ ਯਹਾਂ ਮੈ ਗੋਸੰਖਯ ਅਰਥਾਤ ਗੋ ਬੈਲੋਂ ਕਾ ਪਰੀਖਜਕ ਥਾ। ਅਬ ਮੈ ਆਪ ਕੇ ਪਾਸ ਵਾਸ ਕਰਨਾ ਚਾਹਿਤਾ ਹੂੰ। ਕਿਉਂਕਿ ਪਾਂਡਵੋਂ ਕਾ ਕੁਛ ਪਤਾ ਨਹੀਂ ਹੈ। ਅਰ ਬਿਨਾਂ ਕਰਮ ਕੀਏ ਜੀਵਕਾ ਮਿਲਣਾ ਦੁਰਲਭ ਹੈ। ਰਾਜਾ ਵਿਰਾਟ ਬੋਲੇ ਕਿ ਤੁਮ ਤੋ ਬ੍ਰਾਹਮਣ ਅਥਵਾ ਖਤਰੀ ਸੇ ਜਾਨ ਪੜਤੇ ਹੋ। ਪਰੰਤੂ ਅਛਾ ਅਬ ਯੇ ਬਤਾਯੋ ਕਿ ਤੁਮ ਕਿਸ ਰਾਜ ਕੇ ਦੇਸ਼ ਸੇ ਯਹਾਂ ਆਏ ਹੋ। ਕੌਣ ਸੀ ਵਿਦਿਆ ਕਾ ਤੁਮਨੇ ਅਭਿਆਸ ਕੀਆ ਹੈ। ਅਰ ਤਨਖਾਹ ਕਿਆ ਲਵੋਗੇ। ਯਹਿ ਸੁਣ ਕਰ ਸਹਿ ਦੇਵ ਬੋਲੇ ਕਿ ਮਹਾਰਾਜ ਪਾਂਚੋਂ ਪਾਂਡਵੋਂ ਮੇਂ ਜੋ ਵਡਾ ਭਾਈ ਰਾਜਾ ਯੁਧਿਸਟਰ ਥਾ ਉਸ ਕੇ ਯਹਾਂ ਸੌ ਸੌ ਗੌ ਕੇ ਗਯਾਰਹ ਲਾਖ ਬਰਗ ਥੇ। ਮੈ ਉਨ ਸਭ ਗਊਓਂ ਕਾ ਸੰਖਜ ਥਾ ਨਾਮ ਮੇਰਾ ਤੰਤ ਪਾਲ ਹੈ। ਦਸ ਦਸ ਜੋਜਨ ਤਕ ਗਊਆਂ ਕਾ ਘਾਟਨਾ ਬਢਨਾ ਅਰ ਇਨ ਕੀ ਬੀਮਾਰੀਓਂ ਕੀ ਹਾਲਤ ਸਭ ਜਾਨਤਾ ਹੂੰ। ਯੇ ਵਿਦਿਆ ਮੁਝ ਕੋ ਆਤੀ ਹੈ। ਅਰ ਮੇਰੇ ਕੋ ਪ੍ਰਸੰਨ ਰਖਤੇ ਥੇ। ਰਾਜਾ ਵਿਰਾਟ ਬੋਲੇ ਅਛਾ ਤੁਮ ਹਮਾਰੇ ਪਾਸ ਰਹੋ ਆਜ ਸੇ ਮੇਰੇ ਪਸੂ ਤੁਮਾਰੇ ਅਧੀਨ ਰਹੇਂਗੇ।



Scanned by CamScanner

ਇਸ ਪ੍ਰਕਾਰ ਸਹਿ ਦੇਵ ਯੁਧਿਸਟਰ ਕਾ ਜਾਨਾ ਹੂਆ ਵਹਾਂ ਸੁਖ ਪੂਰਬਕ ਰਹਿਣੇ ਲਗਾ। ਵੈਸੰਪਾਇਨ ਜੀ ਬੋਲੇ ਹੇ ਰਾਜਾ ਜਨਮੇਜਯ ਇਸਕੇ ਪੀਛੇ ਮਹਾਬਾਹੁ ਅਰਜਨ ਇਸਤਰੀਆਂ ਕਾ ਅਲੰਕਾਰ ਔਰ ਕੁੰਡਲ ਔਰ ਸੁਨਹਰੀ ਕੰਗਨ ਧਾਰਨ ਕਰਕੇ ਰਾਜਾ ਵਿਰਾਟ ਕੇ ਸਮੀਪ ਗਯਾ। ਰਾਜਾ ਨੇ ਪੂਛਾ ਏ ਕੌਣ ਹੈ। ਇਸ ਕੋ ਪਰਲੋਕ ਭੀ ਨਹੀਂ ਦੇਖਾ ਲੋਗੋਂ ਨੇ ਕਹਾ ਹਮ ਭੀ ਨਹੀਂ ਜਾਨਤੇ। ਰਾਜਾ ਨੇ ਬੁਲਾ ਕਰ ਕਹਾ ਆਪ ਇਸ ਮਤਸਜ ਦੇਸ਼ ਕਾ ਪਾਲਣ ਕੀਜੀਏ। ਯੇ ਹੀ ਮਨ ਕੀ ਰੁਚੀ ਮੇਰੀ ਹੈ। ਯੇ ਸੁਣ ਕਰ ਅਰਜਨ ਬੋਲੇ ਕਿ ਮਹਾਰਾਜ ਮੈਂ ਤੋ ਗਾਤਾ ਨਾਚਤਾ ਔਰ ਬਜਾਤਾ ਹੂੰ। ਗਾਨੇ ਔਰ ਨਾਚਨੇ ਮੇਂ ਵਡਾ ਨਿਪੁੰਨ ਹੂੰ। ਆਪ ਹੀ ਮੇਰੇ ਲਈ ਆਗਿਆ ਦੀਜੀਏ। ਕਿ ਮੈ ਪੁੱਤਰ ਬਧੂ ਔਰ ਮਾਤਾ ਪਿਤਾ ਸੇ ਰਹਿਤ ਹੂੰ। ਔਰ ਮੇਰਾ ਨਾਮ ਬਹੰਡਲਾ ਹੈ। ਯਹਿ ਸੁਣ ਕਰ ਰਾਜਾ ਵਿਰਾਟ ਬੋਲੇ ਕਿ ਹੇ ਬਹੰਡਲਾ ਤੁਮ ਮੇਰੀ ਔਰ ਉਸਕੀ ਸਮਾਨ ਔਰ ਜੋ ਲੜਕੀਆਂ ਹੈਂ। ਉਨਕੋ ਨਿਰਤ ਸਿਖਾਓ। ਫੇਰ ਗਾਨੇ ਬਜਾਨੇ ਕੀ ਪਰੀਖਿਆ ਕੀ ਫੇਰ ਮੰਤਰੀਓਂ ਸੇ ਮੰਤਰ ਲੇਕਰ ਉਸਕੋ ਕੁਮਾਰੀਓਂ ਕੇ ਭਵਨ ਮੇਂ ਛੋੜ ਦੀਆ। ਇਸ ਪ੍ਰਕਾਰ ਸੇ ਉਸ ਬੀਰ ਪਾਂਡਵ ਕੋ ਕਿਸੀ ਅੰਤਾ ਪੁਰ ਅਥਵਾ ਬਾਹਰ ਕੇ ਮਾਨੁਖੋਂ ਨੇ ਨਹੀ ਜਾਣਾ। ਇਸਕੇ ਬਾਦ ਨਕੁਲ ਭੀ ਰਾਜਾ ਵਿਰਾਟ ਕੇ ਨਗਰ ਮੇਂ ਗਯਾ। ਨਕੁਲ ਜਹਾਂ ਜਹਾਂ ਘੋੜੇ ਕੋ ਬਾਧਾ ਹੂਆ ਦੇਖਤਾ ਥਾ। ਤਹਾਂ ਤਹਾਂ ਠਿਟਕ ਨਿਟਕ ਕਰ ਘੋੜੋਂ ਕੋ ਦੇਖਤਾ ਥਾ। ਰਾਜਾ ਵਿਰਾਟ ਉਸ ਕੋ ਇਸ ਪ੍ਰਕਾਰ ਆਤੇ ਹੂਏ ਦੇਖ ਕਰ ਅਨੁਚਰ ਸੇ ਪੂਛਾ ਯਹਿ ਦੇਵਤਾ ਕੇ ਪ੍ਰਭਾਸ ਸਮਾਨ ਕਹਾਂ ਸੇ ਆ ਰਹਾ ਹੈ। ਮੇਰੇ ਘੋੜੋਂ ਕੀ ਓਰ ਵਡੀ ਟਕ ਟਕੀ ਲਗਾ ਕਰ ਦੇਖਤਾ ਆਤਾ ਹੈ। ਮੈ ਜਾਨਤਾ ਹੂੰ ਯਹਿ ਘੋੜੋਂ ਕੇ ਜਾਨਨੇ ਵਾਲਾ ਹੈ। ਇਸ ਕੋ ਜਲਦੀ ਮੇਰੇ ਪਾਸ ਲਾਯੋ। ਯੇ ਸੁਣ ਕਰ ਉਸੇ ਰਾਜਾ ਕੇ ਪਾਸ ਲੇ ਗਏ। ਔਰ ਉਸ ਨੇ ਵਹਾਂ ਜਾਕਰ ਰਾਜਾ ਸੇ ਵਿਨਜ ਕੀ ਕਿ ਮਹਾਰਾਜ ਆਪ ਕੀ ਜਯ ਔਰ ਕਲਿਆਨ ਹੋ। ਮੈ ਅਸ੍ਵ ਵਿਦਿਆ ਮੇਂ ਨਿਪੁਣ ਹੂੰ। ਯੇ ਸੁਣ



ਕਰ ਰਾਜਾ ਵਿਰਾਟ ਬੋਲੇ ਕਿ ਬਹੁਤ ਸ੍ਰੇਸ਼ਟ ਹੈ ਮੈ ਤੁਮ ਕੋ ਧਨ ਸਥਾਨ ਔਰ ਸਵਾਰਿਆ ਦੇਤਾ ਹੂੰ। ਤੁਮ ਹਮਾਰੇ ਘੋੜੋਂ ਕੇ ਸੂਤ ਹੋਨੇ ਕੇ ਯੋਗ ਹੋ ਪਰੰਤੂ ਯੇ ਤੋ ਬਤਾਯੋ ਕਿ ਤੁਮ ਕਹਾਂ ਸੇ ਔਰ ਕਿਸ ਲੀਏ ਆਏ ਹੋ ਔਰ ਕਿਸਕੇ ਪੁੱਤਰ ਹੋ। ਔਰ ਤੁਮਾਰੀ ਕੌਣ ਸੀ ਵਿਦਿਆ ਅਭਿਆਸਤ ਹੈ। ਨਕੁਲ ਬੋਲੇ ਕਿ ਸ੍ਰੀ ਮਹਾਰਾਜ ਮੈ ਵਡੇ ਪਾਂਡਵ ਯੁਧਿਸਟਰ ਕੇ ਯਹਾਂ ਪੂਰਬ ਕਾਲ ਮੈ ਘੋੜੋਂ ਪਰ ਨਿਯੁਕਤ ਥਾ ਮੈ ਘੋੜੋਂ ਕੀ ਜਾਤੀ ਔਰ ਸੀਖਿਆ ਬਹੁਤ ਹਛੀ ਤਰਹਿ ਸੇ ਜਾਨਤਾ ਹੂੰ। ਔਰ ਦੁਸ਼ਟ ਘੋੜੋਂ ਕੋ ਨਿਰਦੋਸ਼ ਕਰਨਾ ਔਰ ਉਨਕੇ ਰੋਗੋਂ ਕੀ ਚਕਿਤਸਾ ਕਰਨਾ ਭੀ ਮੁਝੇ ਆਤਾ ਹੈ। ਯੁਧਿਸਟਰ ਔਰ ਸਭ ਮਾਨੁਖ ਮੁਝ ਕੌ ਗ੍ਰੰਥਕ ਨਾਮ ਸੇ ਪੁਕਾਰਤੇ ਥੇ। ਯੇ ਸੁਣ ਕਰ ਰਾਜਾ ਵਿਰਾਟ ਬੋਲੇ ਕਿ ਮੇਰੇ ਜੋ ਕੁਛ ਘੋੜੇ ਬਾਹਿਨੇ ਹੈ, ਸੋ ਸਭ ਹੀ ਤੇਰੇ ਅਧੀਨ ਕੀਏ। ਰਾਜਾ ਵਿਰਾਟ ਸੇ ਪੂਜਤ ਹੋ ਕਰ ਰਹਿਣੇ ਲਗਾ। ਇਸ ਪ੍ਰਕਾਰ ਸੇ ਵੇ ਸਫਲ ਦਰਸ਼ਨ ਪਾਂਚੋਂ ਪਾਂਡਵ ਰਾਜਾ ਵਿਰਾਟ ਕੇ ਨਗਰ ਮੇਂ ਬਸੇ। ਵੈਸੰਪਾਇਨ ਜੀ ਬੋਲੇ ਹੇ ਰਾਜਾ ਜਨਮੇਜਯ ਇਸ ਪ੍ਰਕਾਰ ਸੇ ਪਾਂਡਵੋਂ ਕੋ ਵਿਰਾਟ ਨਗਰ ਮੇਂ ਗੁਪਤ ਰਹਿਤੇ ਹੂਏ ਦਸ ਮਹੀਨੇ ਬੀਤ ਗਏ। ਦ੍ਰੋਪਤੀ ਵਡੇ ਦੁਖ ਸੇ ਸੁਦੇਸਣਾ ਕੀ ਸੇਵਾ ਕਰਤੀ ਰਹੀ। ਜਬ ਵਹਿ ਵਰਖ ਬਤੀਤ ਹੋਣੇ ਪਰ ਆ ਗਯਾ। ਤਬ ਦ੍ਰੋਪਤੀ ਕੋ ਵਿਰਾਟ ਕੇ ਸੈਨਾਪਤੀ ਕ੍ਰੀਚਕ ਨੇ ਦੇਖਾ। ਔਰ ਵਹਿ ਕਾਮ ਬਾਣ ਸੇ ਪੀੜਤ ਹੋ ਕਰ ਉਸ ਦੇਵ ਕੰਨਿਆ ਔਰ ਦੇਵੀ ਕੀ ਤੁਲ ਦ੍ਰੋਪਤੀ ਕੋ ਚਾਹਿਨਾ ਲਗਾ। ਔਰ ਕਾਮਾਂਗਨੀ ਸੇ ਪੀੜਤ ਹੋ ਕਰ ਸੁਦੇਸਣਾ ਕੇ ਪਾਸ ਗਯਾ ਔਰ ਹਸ ਕਰ ਬੋਲਾ ਕਿ ਮੈਨੇ ਯੇ ਸੁਭ ਇਸਤਰੀ ਆਜ ਤਕ ਰਾਜਾ ਕੇ ਮਹਿਲੋਂ ਮੇਂ ਅਥਵਾ ਨਗਰ ਮੇਂ ਕਬੀ ਨਹੀਂ ਵੇਖੀ ਥੀ। ਸੋ ਯੇ ਸੁੰਦਰੀ ਕੌਣ ਹੈ। ਔਰ ਕਿਸਕੀ ਇਸਤਰੀ ਹੈ। ਔਰ ਕਹਾਂ ਸੇ ਆਈ ਹੈ। ਮੁਝ ਕੋ ਯਹਿ ਵਿਰਤਾਂਤ ਸਭ ਸਤ ਸਤ ਕਹਿ ਇਸਨੇ ਮੇਰੇ ਚਿਤ ਕੋ ਹਰ ਕਰ ਆਪਣੇ ਵਸ ਕਰ ਲੀਆ ਹੈ। ਮੈ ਇਸਕੀ ਦੂਸਰੀ ਔਖਧੀ ਨਹੀਂ ਜਾਨਤਾ ਹੂੰ ਜਿਸ ਸੇ ਮੇਰੀ ਯਹ ਪੀੜਾ ਜਾਇ। ਤੂੰ ਮੁਝ ਕੋ



Scanned by CamScanner

ਇਸ ਕੇ ਵਿਸ਼ੇ ਮੈ ਆਗਿਆ ਦੇ ਤੌ ਯਹਿ ਇਸਤਰੀ ਮੇਰੇ ਬ੍ਰਿਧ ਯੁਕਤ ਗ੍ਰਹ ਕੋ ਜੋ ਘੋੜੇ ਹਾਥੀ ਮਹਾਜਨ ਔਰ ਭੋਜਨ ਵਸਤਰ ਆਦ ਸੇ ਪਰ ਪੂਰਨ ਹੈ। ਸੋਭਿਤ ਕਰੇ। ਇਸ ਪ੍ਰਕਾਰ ਕ੍ਰੀਚਕ ਸੁਦੇਸਨਾ ਸੇ ਆਗਿਆ ਲੇਕਰ ਉਸ ਰਾਜ ਪੁੱਤਰੀ ਦਰੋਪਦੀ ਕੇ ਪਾਸ ਗਯਾ। ਇਸ ਪ੍ਰਕਾਰ ਸੇ ਉਸ ਕੋ ਕਹਿਣੇ ਲਗਾ ਹੇ ਕਲਿਆਨੀ ਤੁਮ ਕੌਣ ਹੋ ਇਸਤਰੀ ਕਿਸ ਕੀ ਹੋ। ਔਰ ਵਿਰਾਟ ਨਗਰ ਮੇਂ ਕਹਾਂ ਸੇ ਆਈ ਹੋ ਸਤ ਸਤ ਕਹੁ। ਹੇ ਦਯਾ ਹੀਨ ਕਾਮਾਂਗਨਾ ਦਾਵਾ ਨਲ ਕੀ ਸਮਾਨ ਮੇਰੇ ਹਿਰਦੇ ਮੇਂ ਪ੍ਰਜ੍ਵਲਤ ਹੋ ਗਈ ਹੋ। ਸੋ ਹੇ ਸੁੰਦਰੀ ਤੂੰ ਮੇਰੀ ਇਸ ਅਗਨੀ ਕੋ ਆਪਣੇ ਸੰਗ ਰੂਪੀ ਬਾਦਲ ਔਰ ਆਤਮ ਪਰਦਾਨ ਰੂਪੀ ਵਰਖਾ ਸੇ ਸਾਂਤ ਕਰ। ਮੇਰੀ ਜੋ ਪੁਰਾਨੀ ਇਸਤਰੀਆਂ ਹੈਂ ਉਨਕੋ ਮੈ ਤਿਆਗ ਦੂੰਗਾ। ਵੇ ਤੇਰੀ ਦਾਸੀ ਹੋਕਰ ਰਹੇਂਗੀ। ਔਰ ਮੈ ਭੀ ਤੇਰੇ ਵਸ ਮੇਂ ਰਹਿ ਕਰ ਦਾਸ ਕੇ ਸਮਾਨ ਰਹੂੰਗਾ। ਯਹਿ ਸੁਣ ਕਰ ਦਰੋਪਦੀ ਬੋਲੀ ਕਿ ਹੇ ਕ੍ਰੀਚਕ ਤੁਝ ਕੋ ਮੁਝ ਸੀ ਨੀਚ ਵਰਣ ਵਾਲੀ ਕਾਢਨੇ ਵਾਲੀ ਸੈਰੰਧਰੀ ਕੋ ਚਾਹਿਨਾ ਯੋਗ ਨਹੀਂ ਹੈ। ਇਸਕੇ ਸਿਵਾਇ ਮੈ ਪਰਾਈ ਇਸਤਰੀ ਹੂੰ। ਸਭ ਪ੍ਰਾਨੀਓਂ ਕੋ ਆਪਣੀ ੨ ਇਸਤਰੀ ਪਿਆਰੀ ਹੋਤੀ ਹੈ। ਇਸ ਸੇ ਤੁਝ ਕੋ ਪਰ ਇਸਤਰੀਆਂ ਕ੍ਰੀ ਕਾਖਾ ਕਰਨਾ ਅਯੋਗ ਹੈ। ਅਰੇ ਧਰਮ ਕੋ ਵਿਚਾਰ ਜਿਸ ਸੇ ਤੇਰਾ ਕਲਿਆਨ ਹੋ। ਐਸੇ ਸੁਣ ਕ੍ਰੀਚਕ ਕਹਿਣੇ ਲਗਾ ਕਿ ਹੇ ਵਰਾਨਨੇ ਹੇ ਚਾਰੂ ਹਾਸਨੀ ਮੈ ਤੇਰੇ ਕਾਰਨ ਸੇ ਮਹਾ ਕਾਮ ਪੀੜਤ ਹੋ ਰਹਾ ਹੂੰ। ਤੁਝ ਕੋ ਮੁਝੇ ਐਸਾ ਉਤਰ ਦੇਨਾ ਉਚਿਤ ਨਹੀਂ ਹੈ। ਮੁਝੇ ਐਸਾ ਉਤਰ ਮਤ ਦੇ। ਨਹੀਂ ਤੋ ਤੂੰ ਨਿਸਚੇ ਪਛੁਤਾਇਂਗੀ। ਐਸਾ ਅਸ਼ੁਭ ਵਚਨ ਸੁਣ ਕਰ ਦਰੋਪਦੀ ਕ੍ਰੀਚਕ ਵਚਨੋਂ ਕੀ ਨਿੰਦਾ ਕਰਤੀ ਹੂਈ ਬੋਲੀ ਕਿ ਹੇ ਸੂਤ ਪੁਤ੍ਰ ਤੂੰ ਮੋਹਿਤ ਮਤ ਹੋ। ਕਿਯੋਂ ਆਪਣਾ ਜੀਵਨਾ ਤਿਆਗਨਾ ਚਾਹਿਤਾ ਹੈਂ। ਮੈ ਸਦੈਵ ਪਾਂਚ ਵੀਰੋਂ ਸੇ ਰਖਿਯਤ ਹੂੰ। ਤੂੰ ਮੁਝ ਕੋ ਨਹੀਂ ਪਾ ਸਕਤਾ ਹੈਂ। ਮੇਰੇ ਪਤੀ ਗੰਧਰਬ ਹੈਂ। ਜੋ ਵੇ ਕੁਪਤ ਹੋ ਜਾਇਗੇ ਤੌ ਤੁਝਕੋ ਮਾਰ ਡਾਲੇਂਗੇ। ਇਸ ਸੇ



ਯਹਿ ਹਛਾ ਹੈ ਕਿ ਤੂੰ ਇਸ ਇੱਛਾ ਕੋ ਤਿਆਗ ਦੇ ਔਰ ਨਸ਼ਟ ਮਤ ਹੋ। ਇਸ ਕੇ ਪੀਛੇ ਵਹ ਮਰਜਾਦਾ ਹੀਨ ਕਾਮ ਸੇ ਉਨ ਮਤ ਕ੍ਰੀਚਕ ਦਰੋਪਦੀ ਸੇ ਉਕਤ ਪ੍ਰਕਾਰ ਕਾ ਉਤਰ ਸੁਣ ਕਰ ਸੁਦੇਸਨਾ ਕੇ ਪਾਸ ਗਯਾ। ਔਰ ਕਹਿਣੇ ਲਗਾ ਕਿ ਹੇ ਕੈਕੇਈ ਐਸਾ ਉਪਾਇ ਔਰ ਯਤਨ ਕਰ ਜਿਸ ਸੇ ਯੇ ਗਜਗਾਮਨੀ ਸੈਰੰਧਰੀ ਮੁਝ ਕੋ ਮਿਲ ਜਾਇ ਔਰ ਮੁਝ ਕੋ ਚਾਹਿਨੇ ਲਗੈ ਨਹੀਂ ਤੋ ਮੈਂ ਆਪਣੇ ਪ੍ਰਾਣ ਛੋਡ ਦੂੰਗਾ। ਯਹਿ ਸੁਣ ਕਰ ਸੁਦੇਸਨਾ ਨੇ ਕ੍ਰੀਚਕ ਪਰ ਦਯਾ ਵਿਚਾਰੀ ਅਰ ਕਹਿਨੇ ਲਗੀ ਕਿ ਤੂੰ ਅਬ ਕੇ ਪਰਬ ਮੇਂ ਮੇਰਾ ਨੌਤਾ ਕਰੀਯੋ ਔਰ ਸਾਰਾ ਅੰਨ ਬਨਵਾਇਯੋ। ਇਸ ਕੋ ਤੇਰੇ ਪਾਸ ਸੁਰਾ ਲਾਨੇ ਕੇ ਲੀਏ ਭੇਜੂੰਗੀ ਤਬ ਤੂੰ ਅਕੇਲੇ ਮੇਂ ਇਸ ਸੇ ਇੱਛਾ ਪੂਰਬਕ ਐਸੀ ਬਾਤੇਂ ਕਰੀਯੋ ਜਿਸ ਸੇ ਯਹਿ ਤੇਰੇ ਸਾਥ ਰਮਣ ਕਰੇ। ਵੈਸੰਪਾਇਨ ਜੀ ਬੋਲੇ ਹੇ ਰਾਜਾ ਕ੍ਰੀਚਕ ਆਪਣੀ ਬਹਿਨ ਸੇ ਉਕਤ ਵਚਨੋਂ ਕੋ ਸੁਣ ਕਰ ਆਪਣੇ ਘਰ ਚਲਾ ਗਯਾ ਔਰ ਉਸਨੇ ਉਤਮ ਸੁਰਾ ਜੋ ਰਾਜਾਓਂ ਕੇ ਯੋਗ ਥੀ ਸੋ ਮੰਗਵਾਈ ਔਰ ਚਤੁਰ ਮਨੁਖੋਂ ਸੇ ਅਨੇਕ ਪ੍ਰਕਾਰ ਕੇ ਭੂਖਨ ਔਰ ਅੰਨ ਔਰ ਪਾਨ ਤਿਆਰ ਕਰਵਾਇ। ਇਸ ਕੇ ਪੀਛੇ ਸੁਦੇਸਨਾ ਨੇ ਸਮੇਂ ਪਰ ਦ੍ਰੋਪਦੀ ਕੋ ਕ੍ਰੀਚਕ ਕੇ ਮਕਾਨ ਪਰ ਭੇਜਨੇ ਕੀ ਇੱਛਾ ਸੇ ਕਹਾ ਕਿ ਹੇ ਸੈਰੰਧ੍ਰੀ ਤੂੰ ਜਲਦੀ ਸੇ ਕ੍ਰੀਚਕ ਕੇ ਅਸਥਾਨ ਪਰ ਜਾਕਰ ਸੁਰਾ ਲੇ ਆ। ਮੁਝ ਕੋ ਪਿਆਸ ਵਡੀ ਲਗੀ ਹੈ। ਸੈਰੰਧਰੀ ਬੋਲੀ ਕਿ ਹੇ ਮਹਾਰਾਨੀ ਮੈ ਵਹਾਂ ਨਹੀਂ ਜਾਊਂਗੀ। ਤੁਮ ਭੀ ਤੌ ਜਾਨਤੀ ਹੋ ਵਹ ਵਡਾ ਨਿਰਲੱਜ ਆਦਮੀ ਹੈ। ਸੋ ਮੈ ਜਾਨਤੀ ਹੂੰ ਕਿ ਵਹ ਮੂਢ ਕਾਮਾਸਕਤ ਹੋਕਰ ਮੇਰਾ ਅਪਮਾਨ ਕਰੇਗਾ। ਇਸ ਸੇ ਮੈ ਯਹ ਨਹੀਂ ਜਾਊਂਗੀ। ਤੁਮਾਰੀਆਂ ਦਾਸੀਆਂ ਔਰ ਭੀ ਬਹੁਤ ਹੈਂ। ਔਰ ਕਿਸੀ ਕੋ ਭੇਜ ਕਰ ਸੁਰਾ ਮੰਗਾ ਲੋ। ਯਹਿ ਸੁਣ ਕਰ ਸੁਦੇਸਨਾ ਬੋਲੀ ਕਿ ਲੇ ਯਹਿ ਸੁਨਹਰੀ ਪਾਤਰ ਢਕਨਾ ਸਹਿਤ ਲੇ ਜਾ। ਕ੍ਰੀਚਕ ਮੇਰੀ ਭੇਜੀ ਹੂਈ ਤੁਝੇ ਜਾਨ ਕਰ ਕਬੀ ਤੁਝ ਸੇ ਨ ਬੋਲੇਗਾ। ਯਹਿ ਸੁਣ ਕਰ ਦਰੋਪਦੀ ਸੰਕਾ ਕਰਤੀ ਹੂਈ ਔਰ ਈਸ਼ਵਰ



Scanned by CamScanner

ਕੀ ਸ਼ਰਨ ਲੇਤੀ ਰੋਤੀ ਹੂਈ ਕ੍ਰੀਚਕ ਕੇ ਘਰ ਕੀ ਓਰ ਚਲੀ। ਹੇ ਰਾਜਾ ਇਸਕੇ ਪੀਛੇ ਉਸ ਅਬਲਾ ਨੇ ਦੋ ਘੜੀ ਤਕ ਸੂਰਜ ਕਾ ਉਪਸਥਾਨ ਕੀਆ। ਔਰ ਸੂਰਜ ਕੋ ਉਸ ਕੀ ਸਭ ਪ੍ਰਾਰਥਨਾ ਵਿਦਤ ਹੋ ਗਈ। ਤਬ ਸੂਰਜ ਨੇ ਉਸਕੀ ਰਖਿਆ ਕੇ ਲੀਏ ਏਕ ਰਾਖਸ਼ ਕੋ ਭੇਜ ਦੀਆ। ਜਿਸ ਕੋ ਮਨੁਖ ਨਹੀਂ ਦੇਖ ਸਕਤੇ ਥੇ। ਔਰ ਉਸ ਰਾਖਸ਼ ਨੇ ਗੁਪਤ ਰਹਿ ਕਰ ਉਸ ਕੋ ਕਿਸੀ ਅਵਸਥਾ ਮੇਂ ਨਾ ਤਿਆਗਾ। ਇਸਕੇ ਪੀਛੇ ਜਬ ਦ੍ਰੋਪਦੀ ਕ੍ਰੀਚਕ ਕੇ ਘਰ ਪਰ ਪਹੁੰਚੀ ਤਬ ਵਹਿ ਮ੍ਰਿਗੀ ਕੀ ਤੁਲ ਭੈਭੀਤ ਕੋ ਦੇਖ ਕਰ ਮਦ ਕੇ ਕਾਰਨ ਸੇ ਇਸ ਪ੍ਰਕਾਰ ਉਠ ਖੜਾ ਹੂਆ। ਜੈਸੇ ਨਦੀ ਕੇ ਪਾਰ ਜਾਨੇ ਵਾਲਾ ਨਾਵ ਕੋ ਦੇਖ ਕਰ ਖੜਾ ਹੋਤਾ ਹੈ। ਹਸ ਕਰ ਦ੍ਰੋਪਦੀ ਕੋ ਪਕੜ ਲੀਆ ਅਰ ਕਹਾ ਹਛੇ ਹਛੇ ਭੋਜਨ ਪੜੇ ਹੈਂ। ਖਾਉ। ਛੁੜਾਇ ਕਰ ਭਾਗ ਆਈ। ਕ੍ਰੀਚਕ ਨੇ ਪਕੜ ਕੇ ਮਾਰਾ ਸਭਾ ਮੈ ਪੁਕਾਰੀ। ਭੀਮਸੈਨ ਕੋ ਵਡਾ ਗੁਸਾ ਆਇਆ। ਪਰ ਬੋਲ ਨ ਸਕਿਆ। ਰਾਤ੍ਰ ਮੈ ਦ੍ਰੋਪਦੀ ਭੀਮਸੈਨ ਕੇ ਪਾਸ ਗਈ ਸਭ ਦੁਖ ਸੁਣਾਇਆ। ਭੀਮਸੈਨ ਕੀ ਸੀਖਿਆ ਲੇ ਕਰ ਦ੍ਰੋਪਦੀ ਨੇ ਕੀਚਕ ਸੇ ਉਜਾੜ ਮੇਂ ਏਕ ਨਇਆ ਮੰਦਰ ਬਨਵਾਇਆ। ਰਾਤ ਕੋ ਭੀਮਸੈਨ ਜਾ ਕੇ ਸੇਜਾ ਪਰ ਲੇਟਾ ਕ੍ਰੀਚਕ ਰਾਤ ਕੋ ਆਇਆ। ਭੀਮਸੈਨ ਕੋ ਦ੍ਰੋਪਦੀ ਸਮਝ ਕੇ ਹਥ ਪਾਇਆ ਭੀਮਸੈਨ ਜ਼ੋਰ ਵਾਲਾ ਥਾ। ਜਿਸ ਮੇਂ ਦਸ ਹਜ਼ਾਰ ਹਾਥੀ ਕਾ ਬਲ ਥਾ। ਤਿਸਕੋ ਮਾਰ ਕੇ ਥੰਮੇਂ ਮੈ ਸਿਰ ਉਸ ਕਾ ਛਤ ਹੇਠ ਦੇਕਰ ਚਲਾ ਆਇਆ। ਜਬ ਦਿਨ ਹੂਆ ਰੌਲਾ ਪੜ ਗਯਾਂ ਸਵੇਰੇ ਕ੍ਰੀਚਕ ਕੋ ਸਾੜਨੇ ਗਏ। ਭੀਮਸੈਨ ਭੀ ਨਾਲ ਗਯਾ। ਕ੍ਰੀਚਕ ਦੇ ਸੌ ਭ੍ਰਾਤਾ ਥੇ। ਭੀਮਸੈਨ ਨੇ ਸਭ ਕੋ ਮਾਰ ਕੇ ਚਿਖਾ ਵਿਚ ਪਾ ਕੇ ਸਭ ਸਾੜ ਦੀਏ। ਏਕ ਬ੍ਰਾਹਮਣ ਬਚ ਗਯਾ ਜੇ ਬ੍ਰਾਹਮਣ ਕੋ ਮਾਰਾ ਤਬ ਬ੍ਰਹਮ ਹਤਿਆ ਲਗੇਗੀ। ਬ੍ਰਾਹਮਣ ਕੋ ਕਹਾ ਤੂੰ ਜੀਭਾ ਆਪਣੀ ਆਪਣੀ ਬਾਹਿਰ ਨਿਕਾਲ। ਨਹੀਂ ਤਾਂ ਤੈਨੂੰ ਵੀ ਸਾੜ ਦੇਵਾਂਗਾ। ਬ੍ਰਾਹਮਣ ਡਰ ਕਾ ਮਾਰਾ ਹੂਆ ਜੀਭਾ ਬਾਹਿਰ ਨਿਕਾਲੀ। ਭੀਮਸੈਨ ਮਲਕੇ



ਗੁੰਗਾ ਕਰ ਦੀਆ। ਰਾਜਾ ਵਿਰਾਟ ਪਾਸ ਆਏ। ਬ੍ਰਾਹਮਣ ਸੇ ਪੂਛਾ ਸਭ ਕ੍ਰੀਚਕ ਕੈਸੇ ਸੜ ਗਏ। ਬ੍ਰਾਹਮਨ ਕਹਿ ਤੋ ਕੁਛ ਨਾ ਸਕੇ ਸਾਰਤ ਨਾਲ ਕਹੇ। ਇਸ ਭੀਮਸੈਨ ਨੇ ਕਲਾਵੇ ਭਰ ਭਰ ਕੇ ਚਿਖਾ ਵਿਚ ਪਾਏ ਹੈਂ। ਰਾਜਾ ਔਰ ਲੋਕਾਂ ਕੋ ਕੁਛ ਸਮਝ ਨਾ ਆਵੇ ਤਬ ਸਭ ਨੇ ਭੀਮਸੈਨ ਸੇ ਪੂਛਾ ਯੇ ਕਿਆ ਕਹਿਤਾ ਹੈ। ਭੀਮਸੈਨ ਨੇ ਕਹਾ ਇਹ ਯੇ ਕਹਿਤਾ ਹੈ। ਇਹ ਕਲਾਵੇ ਭਰ ਕੇ ਚਿਖਾ ਵਿਚੋਂ ਨਿਕਾਲ ਕਰ ਬਾਹਿਰ ਕਢੇ। ਵੇ ਭਾਈ ਦੇ ਵਿਯੋਗ ਕਰ ਫੇਰ ਚਿਖਾ ਵਿਚ ਪੈ ਕੇ ਸੜੇ। ਇਸ ਤਰ੍ਹਾਂ ਵਹੁ ਸਭੀ ਸੜ ਕੇ ਮਰ ਗਏ ਹੈਂ। ਦੇਖੋ ਕਾਮ ਕੀ ਇਛਾ ਏਕ ਨੇ ਕਰੀ ਥੀ। ਪਰ ਸੌ ਹੀ ਮਰ ਗਏ। ਦੇਖੋ ਕਾਮ ਕਾ ਐਸਾ ਪ੍ਰਭਾਵ ਹੈ। ਹੇ ਪੁਰਸ਼ੋ ਜਹਾਂ ਤਕ ਹੋ ਇਸ ਸੇ ਬਚੋ ਨਹੀ ਤੋ ਐਸਾ ਹੀ ਤੁਮਾਰਾ ਹਾਲ ਹੋਗਾ। ਯੇ ਕਥਾ ਵਿਰਾਟ ਪਰਬ ਮੇਂ ਆਤੀ ਹੈ ਗ੍ਰੰਥ ਕੇ ਵਧ ਜਾਨੇ ਸੇ ਸੰਕੋਚ ਕਰਾ ਹੈ। ਜਿਸਨੇ ਇਸ ਕਾ ਵਿਸਤਾਰ ਦੇਖਨਾ ਹੋ ਸੋ ਮਹਾਂ ਭਾਰਥ ਕੇ ਵਿਰਾਟ ਪਰਬ ਸੇ ਦੇਖ ਲਏ॥ ਇਤੀ॥ ਸੰਕਾ॥ ਸ਼ਿਕਾਰ ਖੇਲਨੇ ਸੇ ਕੌਣ ਮਾਰਾ ਗਯਾ ਹੈ। ਸਮਾਧਾਨ॥ ਰਾਜਾ ਪ੍ਰੀਛਤ ਸ਼ਿਕਾਰ ਖੇਲਨੇ ਕਰ ਮਾਰਾ ਗਯਾ ਹੈ। ਇਸ ਕੀ ਗਾਥਾ ਐਸੇ ਹੈ। ਰਾਜਾ ਪ੍ਰੀਛਤ ਵਡਾ ਧਰਮਾਤਮਾ ਹੂਆ ਹੈ। ਪੁਤ੍ਰ ਵਤ ਪ੍ਰਜਾ ਕੀ ਪਾਲਣਾ ਕੀਆ ਕਰਤਾ ਥਾ। ਅਰ ਅਰਜਨ ਕਾ ਪੋਤ੍ਰਾ ਥਾ। ਸੋ ਏਕ ਦਿਨ ਸ਼ਿਕਾਰ ਖੇਡਨੇ ਕੋ ਗਯਾ। ਆਗੇ ਸ਼ਿਕਾਰ ਉਠਾ ਜਾਤੇ ਜਾਤੇ ਸ਼ਿਕਾਰ ਛਪਨ ਹੋ ਗਯਾ। ਵਿਭਾਡਕ ਨਾਮ ਰਿਖੀ ਅਗੇ ਸਮਾਧੀ ਲਗਾਈ ਬੈਠੇ ਥੇ। ਉਨ ਸੇ ਰਾਜਾ ਨੇ ਪੂਛਾ ਸ਼ਿਕਾਰ ਕਿਸ ਓਰ ਲੰਘ ਗਯਾ ਹੈ। ਰਿਖੀ ਨਾ ਬੋਲਾ ਰਾਜਾ ਕੋ ਕ੍ਰੋਧ ਹੂਆ ਵਹਾਂ ਏਕ ਸਰਪ ਮਰਾ ਪੜਾ ਥਾ ਸੋ ਧਨਖ ਸੇ ਉਠਾ ਕੇ ਰਿਖੀ ਕੇ ਗਲ ਮੇਂ ਡਾਰ ਦੀਆ। ਫੇਰ ਰਾਜਾ ਘਰ ਚਲਾ ਗਯਾ। ਉਧਰ ਉਸ ਰਿਖੀ ਕਾ ਪੁੱਤਰ ਸਿੰਙੀ ਰਿਖ ਬਨ ਸੇ ਫਲ ਫੂਲ ਜਬ ਲੇਕਰ ਆਇਆ ਤੋ ਕਿਆ ਦੇਖਤਾ ਹੈ। ਪਿਤਾ ਕੇ ਗਲ ਮੇਂ ਮਰਾ ਹੂਆ ਸਰਪ ਪੜਾ ਹੂਆ ਹੈ। ਦੇਖਤੇ ਸਾਰ ਸਿੰਙੀ ਰਿਖ ਕੋ ਵਡਾ ਭਾਰੀ ਕਰੋਧ ਹੂਆ। ਕਹਾ ਐਸੇ



Scanned by CamScanner

ਕੌਣ ਪਾਪੀ ਹੈਂ ਜੋ ਮੇਰੇ ਪਿਤਾ ਕੇ ਗਲ ਮੇਂ ਸਰਪ ਪਾਇ ਗਯਾ ਹੈ। ਜਿਸ ਨੇ ਡਾਲਾ ਹੈ ਉਸਕੀ ਇਸੀ ਸਰਪ ਸੇ ਸਾਤਵੇਂ ਰੋਜ ਕੋ ਮਿਰਤੂ ਹੋ ਜਾਇਗੀ ਯੇ ਸਰਾਪ ਦੇ ਦੀਆ। ਜਬ ਰਿਖੀ ਕੀ ਸਮਾਧੀ ਖੁਲ੍ਹੀ ਹਾਲ ਮਾਲੂਮ ਕੀਆ ਸੁਣ ਕੇ ਰਿਖੀ ਨਰਾਜ਼ ਹੂਏ ਕਹਾ ਹੇ ਪੁੱਤਰ ਐਸਾ ਸਰਾਪ ਉਸ ਰਾਜੇ ਕੋ ਨਹੀਂ ਦੇਨਾ ਥਾ। ਐਸਾ ਧਰਮਾਤਮਾ ਰਾਜਾ ਕਹਾਂ ਮਿਲੇਗਾ। ਪਰ ਹਛਾ ਤੁਮਾਰੀ ਬਾਣੀ ਅਮੋਘ ਹੈ। ਯੇ ਬਾਤ ਜਾਇ ਕਰ ਉਸ ਰਾਜਾ ਕੋ ਖਬਰ ਕਰ ਦੇ। ਕੁਛ ਉਪਾਇ ਕਰ ਲੇ। ਸੋ ਉਧਰ ਜਬ ਰਾਜਾ ਘਰ ਮੇਂ ਜਾ ਕੇ ਸਿਰ ਪਰ ਸੇ ਮੁਕਟ ਉਤਾਰ ਕੇ ਬੈਠੇ। ਉਸ ਮੁਕਟ ਮੇਂ ਕਲਜੁਗ ਕਾ ਨਿਵਾਸ ਥਾ। ਉਸਨੇ ਬੁਧੀ ਰਾਜਾ ਕੀ ਪ੍ਰੇਰ ਦਈ ਥੀ। ਜਬ ਉਤਾਰਾ ਉਸੀ ਸਮੇਂ ਚਿਤ ਮੇਂ ਸ਼ੋਕ ਕਰਨੇ ਲਗਾ ਨਿਰਦਸ਼ ਰਿਖੀ ਕੇ ਗਲ ਮੇਂ ਸਰਪ ਮੈਨੇ ਕਿਉਂ ਪਾਇਆ ਮੈ ਵਡਾ ਪਾਪੀ ਹੂੰ। ਇਤਨੇ ਚਿਰ ਕੋ ਸਿੰਙੀ ਰਿਖ ਨੇ ਜਾ ਕੇ ਸਰਾਪ ਸੁਣਾ ਦੀਆ ਤੂੰ ਸਾਤਵੇਂ ਰੋਜ਼ ਸਰਪ ਸੇ ਮਰ ਜਾਇੰਗਾ। ਤੇਰੇ ਸੇ ਕੁਛ ਹੋ ਸਕਤਾ ਹੈ ਤੋ ਕਰ ਲੇ। ਰਾਜਾ ਕੋ ਵਡਾ ਸ਼ੋਕ ਹੂਆ ਅਬ ਕਿਆ ਕਰਨੇ ਜੋਗ ਹੈ ਸਭ ਰਿਖੀ ਇਕੱਤਰ ਹੂਏ ਆਪੋ ਆਪਣੀ ਅਕਲ ਬਤਾਈ। ਨਿਸਚੇ ਯੇ ਕੀਆ ਸਿਰੀ ਮਦ ਭਾਗਵਤ ਕਾ ਸਪਤਾ ਸੁਨੇ। ਸਿਰੀ ਗੰਗਾ ਮੇਂ ਮੰਦਰ ਬਨਵਾਇ ਕਰ ਸਿਰੀ ਸੁਕਦੇਵ ਸਵਾਮੀ ਸੇ ਸਪਤਾ ਸੁਣ ਕੇ ਪਰਾਣਾ ਕਾ ਤਿਆਗ ਕੀਆ। ਭਾਵ ਏ ਹੈ। ਜੇ ਰਾਜਾ ਸ਼ਿਕਾਰ ਖੇਲਨੇ ਨਾ ਜਾਤਾ ਫੇਰ ਸਰਾਪ ਕਿਸਨੇ ਦੇਨਾ ਥਾ। ਮਾਸ ਸੇ ਪਰੀਤੀ ਕਰੀ ਯੇ ਹਾਲ ਹੂਆ ॥ ਸੰਕਾ ॥ ਚੋਰੀ ਕਰਨੇ ਸੇ ਕੌਣ ਮਾਰਾ ਗਯਾ ਹੈ ॥ ਸਮਾਧਾਨ ॥ ਮੂਲ ॥ ਚੋਰੀ ਕਰ ਸਿਵ ਭੂਪ ਹਤ। ਚੋਰੀ ਕਰਨੇ ਸੇ ਸਿਵੀ ਜਾਰਾ ਮਾਰਾ ਗਯਾ ਹੈ। ਇਸ ਕੀ ਗਾਥਾ ਐਸੇ ਹੈ। ਏਕ ਸਿਵੀ ਰਾਜਾ ਥਾ। ਅਰ ਵਡਾ ਪਰਉਪਕਾਰੀ ਥਾ। ਉਸ ਪਰ ਔਰ ਸ਼ਤਰੂ ਰਾਜਾ ਨੇ ਚੜ੍ਹਾਈ ਕਰੀ। ਜਬ ਸਮੀਪ ਆ ਗਯਾ ਤਬ ਸਿਵੀ ਰਾਜਾ ਨੇ ਜੋਤਸ਼ੀ ਕੋ ਬੁਲਾ ਕੇ ਪੂਛਾ ਹਮਾਰੀ ਜੀਤ ਕੈਸੇ ਹੋਗੀ। ਉਸ ਜੋਤਸ਼ੀ ਨੇ ਸ਼ਾਸਤਰ ਵਿਚਾਰ ਕੇ ਬਤਾਇਆ ਜੋ ਆਪਣੇ ਸਤਰੂ ਕੀ



ਤੋਪ ਮੇਂ ਸਜਰੇ ਬਕਰੇ ਕਾ ਲਹੂ ਪਾਵੇ ਸੋ ਜੀਤੇਗਾ। ਆਪਣੀ ਜੀਤ ਕੇ ਲੀਏ ਸ਼ਤਰੂ ਕੀ ਤੋਪ ਮੇਂ ਰਾਤ ਨੂੰ ਲਹੂ ਪਾਨੇ ਕੋ ਚੋਰੀ ਸਿਵੀ ਰਾਜਾ ਗਯਾ। ਤਬ ਸ਼ਤਰੂਆਂ ਨੇ ਪਕੜ ਕੇ ਮਾਰ ਦੀਆ ਚੋਰ ਜਾਨ ਕਰ। ਭਾਵ ਏ ਹੈ। ਚੋਰੀ ਲਹੂ ਪਾਣੇ ਨਾ ਜਾਤਾ ਫੇਰ ਕਿਸਨੇ ਮਾਰਨਾ ਥਾ। ਇਸ ਚੋਰੀ ਸੇ ਸਿਵੀ ਰਾਜਾ ਮਾਰਾ ਗਯਾ। ਇਸ ਵਾਸਤੇ ਯੇ ਚੋਰੀ ਤਿਆਗਨੇ ਯੋਗ ਹੈ ॥ ਸੰਕਾ ॥ ਪਰ ਨਾਰੀ ਸੇ ਕੌਣ ਮਾਰਾ ਗਯਾ ਹੈ ॥ ਸਮਾਧਾਨ ॥ ਮੂਲ ॥ ਪੁਨ ਪਰ ਨਾਰੀ ਕੀ ਪਰੀਤ ਕਰ ਸੀਸ ਦੀਏ ਦਸ ਲੰਕਾ ਪਤਿ। ਬਹੁੜ ਪਰ ਨਾਰੀ ਕੀ ਪ੍ਰੀਤ ਕਰ ਲੰਕਾ ਕਾ ਪਤੀ ਰਾਵਨ ਨੇ ਦਸ ਸਿਰ ਦੀਏ। ਇਸ ਪਰ ਨਾਰੀ ਕੀ ਪਰੀਤ ਕਰ ਰਾਵਨ ਕੀ ਕੁਲ ਕਾ ਐਸਾ ਨਾਸ ਹੂਆ ਜੋ ਪਾਣੀ ਦੇਨੇ ਵਾਲਾ ਏਕ ਭੀ ਨ ਰਹਾ ਪਰ ਨਾਰੀ ਕੀ ਪਰੀਤ ਕਰ ਬਹੁਤੇ ਮਾਰੇ ਗਏ ਹੈਂ। ਜਿਨ ਕੀ ਗਿਨਤੀ ਨਹੀਂ। ਏ ਕਥਾ ਪਰਸਿਧ ਹੈ। ਰਾਵਨ ਕੀ ਕੁਲ ਕਾ ਜੈਸੇ ਨਾਸ ਹੂਆ ਹੈ, ਯੇ ਕਥਾ ਸਬ ਲੋਕ ਜਾਨਤੇ ਹੈਂ। ਇਸ ਵਾਸਤੇ ਇਸ ਕਾ ਵਿਸਤਾਰ ਨਹੀਂ ਕਰਾ ॥ ਮੂਲ ॥

**ਦੋਹਿਰਾ ॥ ਇਕ ਇਕ ਕੀ ਸੰਗਤ ਕੀਏ ਭਏ ਨਰੋਤਮ ਨਾਸ। ਜਾਮੈ ਸਾਤੋ ਵਿਸਿ ਯਨ ਹੈ ਕਥਾ ਕਹੈ ਕੋ ਤਾਸ ॥੧੫॥**

ਟੀਕਾ ॥ ਅਬ ਕਈ ਮੁਤਕ ਨਿਆਇ ਸੇ ਕਹੇ ਹੈਂ। ਦੇਖੋ ਇਸ ਇਕ ਇਕ ਵਿਸ਼ਯਨ ਕੀ ਸੰਗਤ ਕਰਨੇ ਕਰ ਜੋ ਨਰਾਂ ਮੈ ਉਤਮ ਥੇ ਸੋ ਮਿਰਤੂ ਨੂੰ ਪ੍ਰਾਪਤ ਹੋ ਗਏ। ਅਰ ਜਿਸ ਪੁਰਸ਼ ਮੇਂ ਯੇ ਸਾਂਤੋ ਹੀ ਵਿਸ਼ਿਯਨ ਹੈਂ। ਉਸਕੀ ਕਥਾ ਕਿਆ ਕਹੇ ਸੋ ਮਰਾ ਹੀ ਸਮਝੋ। ਭਾਵ-ਉਸਕੇ ਮਰਨੇ ਮੇਂ ਕਿਆ ਸੰਸਾ ਹੈ। ਬਾਰ੍ਹਵਾਂ ਧਿਆਇ ਅਬ ਇਤੀ ਹੋ ਗਯਾ ਹੈ। ਅਬ ਇਸ ਕੇ ਛੰਦੋ ਕੀ ਗਿਨਤੀ ਕਹੇਂ ਹੈ ॥

**ਦੋਹਿਰਾ ॥ ਤ੍ਰਯੋਦਸ ਦੋਹੇ ਇਕ ਛਪਾ ਤੋਟਕ ਏਕ ਬਤਾਇ। ਪੰਦਰਾਂ ਕਹੇ ਸਲੋਕ ਸਭ ਲੋਕ ਪ੍ਰਲੋਕ**



Scanned by CamScanner

ਸਹਾਇ ॥ ੧੬ ॥

ਟੀਕਾ ॥ ਤੇਰਾਂ ਦੋਹਿਰੇ ਹੈਂ। ਇਕ ਛਪਾ ਹੈ। ਏਕ ਤੋਟਕ ਹੈ। ਸਭ ਪੰਦਰਾਂ ਸਲੋਕ ਹੈਂ। ਕਵੀ ਜੀ ਕਹੇ ਹੈ। ਫੇਰ ਯੇ ਸਲੋਕ ਕੈਸੇ ਹੈ। ਯੇ ਸਲੋਕ ਉਭੇ ਲੋਕ ਮੇਂ ਜੀਵ ਕੀ ਸਹਾਇਤਾ ਕਰਨੇ ਵਾਲੇ ਹੈਂ। ਇਸ ਛੰਦ ਸਮੇਤ ਸੋਲਾਂ ਹੈ ॥

**ਇਤੀ ਸ੍ਰੀ ਸਾਰੁ ਕਤਾਵਲੀ ਤਾਸ ਦ੍ਵਾਦਸ ਅਧਿਯਾਇ। ਸਪਤ ਵਿਸਿਯਨ ਵਰਨਨ ਕਰੈ ਕਵਿ ਹਰਿ ਦਿਆਲ ਸੁਭਾਇ ॥**

ਟੀਕਾ ॥ ਅਰਥ ਸਪੱਸ਼ਟ ਹੈ ॥

**ਦੋਹਿਰਾ ॥ ਵਿਸਿਯਨ ਕੀ ਨਿੰਦਾ ਕਰੀ ਸੁਨੋ ਸੰਤ ਬੁਧਵਾਨ। ਇਨ ਕਾ ਸੰਗ ਨਾ ਕੀਜੀਏ ਜੁਵਾਲਾ ਦਾਸ ਬਖਾਨ ॥**

ਇਤਿ ਸ੍ਰੀ ਸਾਰੁਕੁਤਾਵਲੀ ਤਤ੍ਰ ਬੋਧਨੀ ਟੀਕਾ ਕ੍ਰਿਤ ਪਰਮ ਹੰਸ ਸੰਤ ਜੁਵਾਲਾ ਦਾਸ ਉਦਾਸੀਨ ਸਪਤ ਵਿਸ਼ਿਆਨ ਵਰਨਨੰ ਦਵਾਦਸ ਅਧਿਆਇ ॥੧੨ ॥

-o-



ੴ ਸਤਿਗੁਰ ਪ੍ਰਸਾਦਿ ॥

# ਅਥ ਤ੍ਰਿਉਦਸ ਅਧਿਯਾਇ ਪ੍ਰਾਰੰਭ

ਸੰਕਾ ॥ ਇਸ ਤੇਰ੍ਹਵੇਂ ਧਿਆਇ ਮੈ ਕੀ ਨਿਰੂਪਨ ਕਰੋਗੇ ॥ ਸਮਾਧਾਨ ॥ ਮੂਲ ॥

**ਦੋਹਿਰਾ ॥ ਅਥ ਤ੍ਰੋਦਸ ਅਧਿਆਇ ਮੈ ਇੰਦ੍ਰਿਯ ਵਿਖਿਅਨ ਨਿੰਦ। ਦੁਰਜਨ ਕੀ ਨਿੰਦਾ ਕਰੇ ਕਹਿਕੇ ਤੇਈ ਛੰਦ ॥੧ ॥**

ਟੀਕਾ ॥ ਇਸ ਥੀਂ ਉਪਰੰਤ ਅਬ ਤੇਰ੍ਹਵੇਂ ਅਧਿਆਇ ਮੈ ਇੰਦਰੀਆਂ ਕੇ ਵਿਸ਼ਿਆਂ ਕਾ ਨਿੰਦਨ ਕਰੇਂਗੇ। ਅਰ ਦੁਰਜਨ ਜੋ ਖੋਟੇ ਪੁਰਸ਼ ਹੈਂ। ਇਨਕੀ ਨਿੰਦਾ ਕਰੇਂਗੇ ਤੇਈ ਛੰਦ ਕਹਿ ਕਰਕੇ। ਇਨ ਦੋ ਬਾਤੋਂ ਕਾ ਨਿਰੂਪਨ ਹੋਗਾ ॥ ਸੰਕਾ ॥ ਸੰਸਾਰ ਮੈ ਬਿਆਧੀ ਕੌਣ ਹੈਂ ॥ ਸਮਾਧਾਨ ॥ ਮੂਲ ॥

**ਦੋਹਿਰਾ ॥ ਕਾਮ ਬਰੋਬਰ ਬਜਾਧ ਨਹਿ ਸਤ੍ਰੁ ਨ ਮੋਹਿ ਸਮਾਨ। ਆਨ ਅਗਨ ਨਹਿ ਕ੍ਰੋਧ ਸਮ ਸੁਖ ਨ ਸਮਾਨ ਗਿਆਨ ॥੧ ॥**

ਟੀਕਾ ॥ ਸੰਸਾਰ ਮੈ ਰੋਗ ਕਈ ਪ੍ਰਕਾਰ ਕੇ ਹੈਂ। ਪਰੰਚੇ ਕਾਮ ਕੇ ਸਮਾਨ ਸੰਸਾਰ ਮੇਂ ਔਰ ਬਿਯਾਧੀ ਕੋਈ ਨਹੀਂ ਹੈ। ਕਾਹਿਤੇ। ਔਰ ਬਿਆਧੀਆਂ ਤੋ ਇਸੀ ਜਨਮ ਮੇਂ ਦੁਖ ਦੇਨੇ ਵਾਲੀਆਂ ਹੈਂ। ਯੇ ਕਾਮ ਰੂਪੀ ਬਿਆਧੀ ਜਨਮ ਜਨਮ ਮੈ ਦੁਖ ਕੀ ਦਾਤਾ ਹੈ। ਸੰਸਾਰ ਮੇਂ ਅਠਾਰਾਂ ਪ੍ਰਕਾਰ ਕਾ ਕੋਹੜ ਹੈ। ਸਤਾਰਾਂ ਪ੍ਰਕਾਰ ਕੇ ਕੋਹੜ ਵਾਲੇ ਪੁਰਸ਼ ਸਭ ਵਿਚੇ ਮਿਲੇ ਰਹਿਤੇ ਹੈਂ ਕੋਈ ਇਨ ਸੇ ਨਹੀ ਡਰੇ ਹੈ। ਜੋ ਅੰਗ ਅੰਗ ਮੇਂ ਪਾਣੀ ਚੋਣੇ ਲਗ ਜਾਣਾ। ਪੈਰ



Scanned by CamScanner

ਹਥ ਕੀ ਅੰਗੁਲੀਆਂ ਗਿਰ ਪੈਣੀਆਂ ਰੁਧਰ ਪਾਕ ਵਗਤੇ ਰਹਿਣਾ ਯੇ ਅਠਾਰਵਾਂ ਕੋਹੜ ਹੈ। ਜਬ ਏ ਪੁਰਸ਼ ਕੋ ਹੋ ਜਾਵੇ ਫੇਰ ਸਬੰਧੀ ਤਿਆਗ ਕਰ ਦੇਵੇ ਹੈ। ਸਮੀਪ ਕੋਈ ਨਹੀ ਆਵੇ ਹੈ।

ਯੇ ਤੋ ਰਹਾ ਦ੍ਰਿਸਟਾਂਤ। ਅਬ ਦ੍ਰਿਸਟਾਂਤ ਕਹੇ ਹੈਂ। ਏ ਪੁਰਸ਼ ਜੋ ਚਾਹੇ ਸੋ ਕਰੇ ਹਛੇ ਹਛੇ ਭੋਜਨ ਬਨਾ ਕੇ ਖਾਵੇ ਭਾਵੇਂ ਹਛੇ ਹਛੇ ਵਸਤ੍ਰ ਪਹਿਰੇ। ਇਨ ਬਾਤੋਂ ਸੇ ਲੋਕ ਨਹੀਂ ਨਰਾਜ਼ ਹੋਵੈ ਹੈ। ਪਰੰਚੇ ਜਬ ਕਾਮ ਚੇਸ਼ਟਾ ਕੀ ਤਰਫ ਪ੍ਰਵਰਤ ਹੋ ਜਾਇ, ਫੇਰ ਸਭੀ ਇਸਕੇ ਸ਼ਤ੍ਰੂ ਬਨ ਜਾਤੇ ਹੈਂ। ਫੇਰ ਜਹਾਂ ਕਹਾਂ ਸੇ ਨਿਰਾਦਰ ਪਾਵੇ ਹੈ। ਯੇ ਕਾਮ ਅਠਾਰਵੇਂ ਕੋਹੜ ਕੇ ਸਮਾਨ ਦੁਖਦਾਈ ਹੈ॥ ਸੰਕਾ॥ ਇਸ ਜੀਵ ਕਾ ਸੰਸਾਰ ਮੈ ਸਤ੍ਰੂ ਕੌਣ ਹੈ॥ ਸਮਾਧਾਨ॥ ਮੋਹ ਕੇ ਸਮਾਨ ਇਸ ਜੀਵ ਕਾ ਔਰ ਸਤ੍ਰੂ ਕੋਈ ਨਹੀਂ ਹੈ। ਕਾਹਿਤੇ। ਔਰ ਸ਼ਤ੍ਰੂ ਇਸੀ ਜਨਮ ਮੇਂ ਦੁਖ ਦਾਤਾ ਹੈ। ਯੇ ਮੋਹ ਰੂਪੀ ਸਤ੍ਰੂ ਜਨਮਮਾਤ੍ਰੂੰ ਮੈ ਦੁਖ ਦੇਨੇ ਹਾਰਾ ਹੈ। ਭਾਵ ਜਨਮੋ ਕੇ ਦੇਨੇ ਹਾਰਾ ਹੈ॥ ਸੰਕਾ॥ ਇਸ ਮੋਹ ਸੇ ਕਿਸ ਨੇ ਜਨਮ ਪਾਇਆ ਹੈ॥ ਸਮਾਧਾਨ॥ ਜੜ ਭਰਥ ਨੇ ਏਕ ਹਰਨੀ ਕਾ ਬਚਾ ਪਾਲਾ ਥਾ। ਉਸ ਮੈ ਐਸਾ ਮੋਹ ਪੜ ਗਯਾ ਜੋ ਇਕ ਛਿਨ ਭੀ ਉਸ ਬਿਨਾਂ ਰਹਿ ਨ ਸਕੇ। ਏਕ ਦਿਨ ਵਹੁ ਹਰਨੀ ਕਾ ਬਚਾ ਕਹੀ ਚਲਾ ਗਯਾ। ਪਤਾ ਨ ਮਿਲਾ ਉਸੀ ਕੇ ਮੋਹ ਸੇ ਸਰੀਰ ਤਿਆਗ ਦੀਆ। ਫੇਰ ਜਨਮ ਧਾਰਨੇ ਪੜੇ ਦੇਖੋ ਮੋਹ ਐਸਾ ਦੁਖਦਾਈ ਹੈ॥ ਸੰਕਾ॥ ਅਗਨੀ ਸੇ ਅਧਿਕ ਜਲਾਨੇ ਵਾਲੀ ਵਸਤੂ ਕੌਣ ਹੈ॥ ਸਮਾਧਾਨ॥ ਕ੍ਰੋਧ ਕੇ ਸਮਾਨ ਸੰਸਾਰ ਮੇਂ ਔਰ ਅਗਨੀ ਜਲਾਨੇ ਵਾਲੀ ਕੋਈ ਨਹੀਂ ਹੈ॥ ਕਾ ਹਿਤੇ॥ ਇਸ ਅਗਨੀ ਕਾ ਸੜਾ ਹੂਆ ਸੰਸਾਰ ਮੇਂ ਰਾਜ਼ੀ ਹੋ ਜਾਤਾ ਹੈ। ਕ੍ਰੋਧ ਕਾ ਸੜਾ ਹੂਆ ਸੰਸਾਰ ਮੇਂ ਰਾਜ਼ੀ ਨਹੀ ਹੋਵੇ ਹੈ॥ ਭਾਵ- ਨਰਕ ਮੇਂ ਪੜਕੇ ਦੁਖ ਅਨੇਕਾਂ ਹੀ ਸਹਾਰੇ ਹੈ॥ ਸੰਕਾ॥ ਐਸਾ ਦੁਖ ਕ੍ਰੋਧ ਸੇ ਕਿਸਨੇ ਪਾਇਆ ਹੈ ॥ ਸਮਾਧਾਨ॥ ਏਕ ਬ੍ਰਾਹਮਣ ਵੇਦ ਪਾਠੀ ਥਾ। ਤ੍ਰਿਕਾਲ ਸੰਧਿਆ ਕਰਤਾ ਥਾ। ਏਕ ਦਿਨ ਦੂਸਰੇ ਗਾਮ ਮੇਂ ਗਯਾ ਤਲਾਓ



ਪਰ ਜਾ ਕੇ ਇਸ਼ਨਾਨ ਕਰ ਜਪ ਕਰਨੇ ਲਗਾ। ਸੋ ਧੋਬੀ ਘਾਟ ਥਾ ਯੇ ਦਿਜ ਕੋ ਪਤਾ ਨਹੀਂ ਥਾ ਯੇ ਧੋਬੀ ਘਾਟ ਹੈ। ਇਤਨੇ ਚਿਰ ਨੂੰ ਕਪੜੇ ਲੈ ਕੇ ਧੋਬੀ ਆਇ ਗਯਾ ਅਰ ਕਹਾ ਈਹਾਂ ਸੇ ਸ਼ੀਘਰ ਉਠ ਕਹਾਂ ਹਮਾਰੀ ਜਗ੍ਹਾ ਮਲ ਕੇ ਬੈਠ ਗਯਾ ਹੈ। ਬ੍ਰਾਹਮਣ ਨੇ ਕਹਾ ਥੋੜਾ ਚਿਰ ਠਹਿਰ ਮੈ ਪਾਠ ਕਰਕੇ ਅਬੀ ਉਠ ਖੜਾ ਹੋਤਾ ਹੂੰ। ਇਤਨਾ ਪੜਾ ਕਹਿਤਾ ਹੀ ਥਾ। ਧੋਬੀ ਨੇ ਡਾਂਗ ਮਾਰ ਕੇ ਸਿਰ ਫੋੜ ਦੀਆ। ਬ੍ਰਾਹਮਣ ਨੇ ਖਿਮਾ ਕਰੀ ਅਗੋਂ ਕੁਛ ਨ ਕਹਾ ਚੁਪ ਕਰਕੇ ਘਰ ਚਲਾ ਗਯਾ। ਉਧਰ ਦੁਆਰਕਾ ਮੇਂ ਰੁਕਮਨੀ ਸੇ ਭਗਵਾਨ ਚੌਪਟ ਖੇਲ ਰਹੇ ਥੇ। ਯੇ ਲੀਲ੍ਹਾ ਅੰਤਰਜਾਮੀ ਭਗਵਾਨ ਜੀ ਨੇ ਸਭ ਜਾਨ ਲਈ ਚਿਤ ਮੈ ਸੋਚਾ ਮੇਰੇ ਭਗਤ ਕੋ ਅਕਾਰਨ ਹੀ ਦੁਸ਼ਟ ਧੋਬੀ ਨੇ ਦੁਖ ਦੀਆ ਹੈ। ਚਲ ਕੇ ਧੋਬੀ ਕੋ ਮਾਰੇਂ। ਚੌਪਟ ਛੋੜ ਕੇ ਸੁਦਰਸ਼ਨ ਲੈ ਕੇ ਗਰੜ ਪਰ ਸਵਾਰ ਹੋ ਕਰ ਉਸ ਸਮਯ ਚਲ ਦੀਏ। ਰੁਕਮਨੀ ਨੇ ਪੂਛਾ ਕਹਾਂ ਜਾਤੇ ਹੋ ਹਰੀ ਨੇ ਕਹਾ ਏਕ ਭਗਤ ਕੀ ਰਖਿਆ ਕਰਨੇ ਜਾਤੇ ਹੈਂ। ਉਧਰ ਬ੍ਰਾਹਮਣ ਕੋ ਭੀ ਗੁਸਾ ਆਇ ਗਯਾ ਚਿਤ ਮੇਂ ਕਹਾ ਦੇਖੋ ਹਮ ਐਸੇ ਮੋਟੇ ਤਾਜੇ ਹੈਂ ਫੇਰ ਇਸ ਧੋਬੀ ਸੇ ਹਮ ਨੇ ਕਿਉਂ ਮਾਰ ਖਾਇ ਲਈ ਹੈ। ਜਾਤੇ ਹੀ ਏਕ ਸਿਲਾ ਮਾਰ ਕੇ ਧੋਬੀ ਕਾ ਸਿਰ ਫੋੜ ਦੀਆ ਔਰ ਪਰਸ ਪਰ ਫੇਰ ਗਾਲੀ ਨਿਕਾਲਨੇ ਲਗ ਪੜੇ ਭਗਵਾਨ ਐਸੇ ਦੇਖ ਕਰ ਕਹਿਣੇ ਲਗੇ ਹਮ ਅਬ ਕਿਸ ਕੀ ਰਖਿਆ ਕਰੇਂ ਯਹਿ ਦੋਨੋਂ ਅਬ ਬਰਾਬਰ ਕੇ ਹੋ ਰਹੇ ਹੈ। ਸੋ ਭਗਵਾਨ ਨਿਰਾਜ ਹੋ ਕਰ ਪਿਛੇ ਵਾਪਸ ਹੋ ਗਏ। ਰੁਕਮਨੀ ਨੇ ਪੂਛਾ ਆਪ ਵਡੇ ਸ਼ੀਘਰ ਪਰਤ ਆਏ ਹੋ, ਹਰੀ ਨੇ ਕਹਾ ਹਮ ਕਿਆ ਕਰੇਂ ਧੋਬੀ ਨੇ ਮਾਰਾ ਥਾ ਦ੍ਵਿਜ ਨੇ ਛਿਮਾ ਕਰੀ ਥੀ। ਇਸ ਵਾਸਤੇ ਹਮ ਗਏ ਥੇ। ਆਗੇ ਜਾ ਕੇ ਦੇਖਾ ਦੋਨੋਂ ਬਰਾਬਰ ਕੇ ਹੋ ਰਹੇ ਹੈਂ। ਫੇਰ ਹਮ ਉਸਕੇ ਮਦਦਗਾਰ ਥੇ। ਦੋਨੋਂ ਨੇ ਈਹਾਂ ਵਡਾ ਕਸ਼ਟ ਭੋਗਾ ਫੇਰ ਨਰਕ ਮੇਂ ਜਾ ਪੜੇ। ਦੇਖੋ ਕ੍ਰੋਧ ਕਰਨੇ ਸੇ ਯਹਿ ਦੁਖ ਹੂਆ॥ ਸੰਕਾ॥ ਸੰਸਾਰ ਮੇਂ ਸ੍ਰੇਸ਼ਟ ਸੁਖ ਕਵਨ ਹੈ॥ ਸਮਾਧਾਨ॥ ਤਤ੍ਰ ਗਿਆਨ ਕੇ ਤੁਲ ਸੰਸਾਰ ਮੇਂ ਔਰ ਸੁਖ



Scanned by CamScanner

ਕੋਈ ਨਹੀਂ ਹੈ॥ ਕਾਹਿਤੇ॥ ਹੋਰ ਸਭ ਸੁਖ ਅਨਿਤ ਹੈਂ ਯਹਿ ਸੁਖ ਨਿਤ ਹੈ॥ ੧ ॥ ਸੰਕਾ॥ ਇਸ ਏਕ ਏਕ ਵਿਸ਼ੇ ਸੇ ਕੌਣ ਕੌਣ ਜੀਵ ਮਰੇ ਹੈਂ॥ ਸਮਾਧਾਨ॥ਮੂਲ॥

**ਦੋਹਿਰਾ॥ ਕਰੀ ਕਾਮ ਅਮਿਖ ਮਤਸ ਮ੍ਰਿਗ ਸ੍ਰਰ ਰੂਪ ਪਤੰਗ। ਅਲਿ ਸੁਗੰਧਇਤਿ ਯਾਦ ਹਤ ਇਕ ਇਕ ਇੰਦ੍ਰਯ ਸੰਗ॥੨॥**

ਟੀਕਾ॥ਸਪਰਸ਼ ਸੇ ਹਾਥੀ ਮਾਰਾ ਜਾਤਾ ਹੈ। ਮਾਸ ਕੇ ਰਸ ਰੂਪੀ ਵਿਸ਼ੇ ਸੇ ਮਛੀ ਮਾਰੀ ਜਾਤੀ ਹੈ। ਸ੍ਰਰ ਨਾਮ ਸ਼ਬਦ ਰੂਪੀ ਵਿਸ਼ੇ ਤੇ ਹਰਨ ਮਾਰਾ ਜਾਤਾ ਹੈ। ਰੂਪ ਕੇ ਵਿਸ਼ੇ ਸੇ ਪਤੰਗ ਮਾਰਾ ਜਾਤਾ ਹੈ। ਸੁਗੰਧੀ ਕੇ ਵਿਸ਼ੇ ਕਰ ਅਲਿ ਨਾਮ ਭੌਰਾ ਮਾਰਾ ਜਾਤਾ ਹੈ। ਇਸ ਤੇ ਆਦਿ ਲੇਕਰ ਯਹਿ ਜੀਵ ਏਕ ਏਕ ਇੰਦ੍ਰਿਯ ਕੇ ਵਿਸ਼ੇ ਕੇ ਸੰਗ ਕਰ ਮਾਰੇ ਜਾਤੇ ਹੈਂ। ਅਰ ਮਾਨੁਖ ਮੇਂ ਯਹਿ ਸਾਰੇ ਹੈਂ। ਦਸੋ ਫੇਰ ਇਸਕਾ ਬਚਾਵ ਕੈਸੇ ਹੋ ਸਕਤਾ ਹੈ॥ ਸੰਕਾ॥ ਇਨ ਪਾਂਚ ਵਿਸ਼ਿਓਂ ਕਾ ਨਾਮ ਕੀ ਹੈ॥ ਸਮਾਧਾਨ॥ ਮੂਲ॥

**ਦੋਹਿਰਾ॥ਸਬਦ ਸਪਰਸ ਰੂਪ ਰਸ ਗੰਧ ਪਾਂਚੋ ਕਾਰਣ ਨਾਸ। ਜੋ ਜਨ ਪਾਚੋ ਵਸ ਭਏ ਕਥਾ ਕਹੇ ਕੋ ਤਾਸ॥੩॥**

ਟੀਕਾ॥ਸ਼ਬਦ ਸਪਰਸ਼ ਰੂਪ ਰਸ ਗੰਧ ਯਹਿ ਪਾਂਚ ਵਿਸ਼ਿਓਂ ਕੇ ਨਾਮ ਹੈਂ। ਸ਼ਬਦ ਸੇ ਹਰਨ ਸਪਰਸ਼ ਸੇ ਹਾਥੀ ਰੂਪ ਸੇ ਪਤੰਗ ਰਸ ਸੇ ਮਛੀ ਸੁਗੰਧੀ ਸੇ ਭੌਰਾ। ਇਹ ਪਾਂਚੋ ਹੀ ਜੀਵੋਂ ਕਾ ਨਾਸ ਕਾ ਕਾਰਨ ਹੈ। ਦੇਖੋ ਜਬ ਏਕ ਏਕ ਵਿਸ਼ੇ ਸੇ ਇਹ ਜੀਵ ਮਾਰੇ ਗਏ ਜੇਹੜੇ ਪੁਰਸ਼ ਇਨ੍ਹਾਂ ਪਾਂਚੋ ਕੇ ਵਸੀ ਹੋ ਰਹੇ ਹੈਂ। ਭਾਵ-ਜੋ ਇਨ ਕੇ ਸਦਾ ਅਧੀਨ ਹੋ ਰਹੇ ਹੈਂ। ਉਨ੍ਹਾਂ ਪੁਰਸ਼ਾਂ ਕੀ ਕਥਾ ਕਿਆ ਕਹਿਣੀ ਹੈ। ਯਹਿ ਪਾਂਚ ਵਿਸ਼ੇ ਵਡੇ ਦੁਖਦਾਈ ਹੈਂ। ਜੋ ਇਨਕੇ ਅਧੀਨ ਨਾ ਹੋਵੇ ਸੂਰਮਾ ਉਸੀ ਕੋ ਜਾਨੋ। ਪਰ ਐਸਾ ਹੋਣਾ ਦੁਰਲਭ ਹੈ। ਇਸ ਮੇਂ ਪ੍ਰਮਾਨ॥



**ਦੋਹਿਰਾ॥ਸੁਪਨੇ ਹੂੰ ਮੇਂ ਕਾਮ ਸੇ ਜੋ ਨਹਿ ਪੀੜਤ ਹੋਇ। ਸੂਰ ਵਹੀ ਸੰਸਾਰ ਮੈ ਮਾਨਤ ਸਜਨ ਸੋਇ॥੧॥ਤੁਲਸੀ ਇਸ ਜਗ ਆਇਕੇ ਕੌਨ ਭਇਓ ਸਮਰਥ। ਇਕ ਕੰਚਨ ਅਰ ਕੁਚਨ ਪਰ ਕਿਨ ਨ ਪਸਾਰੇ ਹਥ।**

ਆਗੇ ਖੋਟੇ ਪੁਰਸ਼ੋਂ ਕੀ ਨਿੰਦਾ ਕਥਨ ਕਰਤੇ ਹੈਂ॥ ਸੰਕਾ॥ ਇਨ ਕੀ ਨਿੰਦਾ ਕਿਉਂ ਕਰਤੇ ਹੋ॥ ਸਮਾਧਾਨ॥ ਇਨ ਕੀ ਸੰਗਤ ਕਰਨੇ ਸੇ ਇਹ ਖੋਟੇ ਵਿਸ਼ੇ ਲਗ ਜਾਤੇ ਹੈਂ। ਇਸ ਵਾਸਤੇ ਯਹਿ ਨਿੰਦਾ ਕਰਨੇ ਯੋਗ ਹੈ॥ ਮੂਲ॥

**ਦੋਹਿਰਾ॥ਦੁਰਜਨ ਸੰਗ ਨਾ ਕੀਜੀਏ ਬਚਨ ਨ ਤਾਹਿ ਬਖਾਨ। ਕਰ ਕਲਾਲਨੀ ਦੁਗਧ ਭੀ ਪਰ ਤਹਿ ਸਭ ਮਦ ਜਾਨ॥ ੪ ॥**

ਟੀਕਾ॥ਦੁਰਜਨ ਜੋ ਮਨਮੁਖੀ ਖੋਟੇ ਪੁਰਖ ਹੈਂ। ਇਨ੍ਹੋਂ ਕਾ ਸੰਗ ਕਬੀ ਨਾ ਕਰੋ॥ਭਾਵ-ਇਨ ਕੇ ਪਾਸ ਕਬੀ ਨਾ ਬੈਠੋ। ਅਰ ਇਨ ਕੇ ਸਾਥ ਬਚਨ ਬਿਲਾਸ ਭੀ ਨਾ ਕਰੋ। ਇਸ ਮੇਂ ਪ੍ਰਮਾਨ॥

ਕੁੰਡਲੀਆ ਛੰਦ॥ ਜੋ ਸਗ ਆਸ੍ਰਮ ਵਰਣ ਕੇ ਮਤ ਜਾ ਤਿਨ ਕੇ ਕੋਲ। ਜੇ ਜਾਵੇ ਤਾਂ ਬੇਠੇ ਮਤ ਬੈਠੇ ਤਾਂ ਮਤ ਬੋਲ। ਬੈਠੇ ਤਾ ਮਤ ਬੋਲ ਬੋਲੇ ਤੋ ਛੋੜ ਬਖੇੜੋ। ਜੋ ਕੁਛ ਪੂਛੇ ਬਾਤ ਥੋੜੇ ਮੇਂ ਕਰੋ ਨਿਬੇੜੋ। ਕਹੇ ਗਿਰਧਰ ਕਵਿ ਰਾਇ ਕਹੇ ਮਤ ਤਿਨ ਕੇ ਲਗੀਯੋ। ਮਤ ਜਾ ਤਿਨ ਕੇ ਕੋਲ ਵਰਨ ਆਸਰਮ ਕੇ ਸਗ ਜੋ।

**ਗੁਰੂ ਪ੍ਰਮਾਨ॥ਸਾਕਤ ਸੰਗ ਨ ਕੀਜੀਐ ਦੂਰਹੁ ਜਾਈਐ ਭਾਗ। ਬਾਸਨ ਕਾਰੋ ਪਰਸੀਐ ਤੌ ਕੁਛ ਲਾਗੈ ਦਾਗ॥**

ਕਾਹਿਤੇ॥ ਜੋ ਭਲਾ ਲੋਕ ਪੁਰਸ਼ ਖੋਟਿਆਂ ਪੁਰਸ਼ਾਂ ਕੇ ਪਾਸ ਬੈਠਨੇ



Scanned by CamScanner

ਲਗ ਜਾਏ ਤੌ ਸਭ ਪੁਰਸ਼ ਏਹੀ ਜਾਨੇਗੇ ਇਹ ਭੀ ਖੋਟਾ ਪੁਰਸ਼ ਹੈ। ਯਹਿ ਜੇ ਭਲਾ ਲੋਕ ਹੋਤਾ ਤੌ ਇਨਕੇ ਪਾਸ ਯੇ ਕਿਉਂ ਬੈਠਤਾ। ਇਸ ਪਰ ਦ੍ਰਿਸਟਾਂਤ। ਜੈਸੇ ਕਲਾਲਨੀ ਦੂਧ ਕਾ ਭਾਂਡਾ ਭਰਾ ਹੂਆ ਆਪਣੇ ਹਾਥ ਮੇਂ ਲਈ ਜਾਤੀ ਹੋਵੇ ਪਰ ਸਭ ਏ ਜਾਨੇ ਹੈ ਯੇ ਮਦਰਾ ਲਈ ਜਾਤੀ ਹੈ। ਤੈਸੇ ਭਲਾ ਲੋਕ ਭੀ ਹੋਵੇ ਪਰ ਖੋਟਿਆਂ ਪੁਰਸ਼ਾਂ ਕੇ ਪਾਸ ਬੈਠਨੇ ਸੇ ਫੇਰ ਭਲਾ ਲੋਕ ਭੀ ਕੋਈ ਨਹੀ ਜਾਨੇ ਹੈ। ਕਿੰਤੂ ਸਭ ਬੁਰਾ ਸਮਝੇ ਹੈ ॥ਮੂਲ॥

**ਸੋਰਠਾ ॥ਤੁਲ ਦੁਸਟ ਮ੍ਰਿਦੰਗ ਪਿੰਡ ਤੁੰਡ ਮੈ ਜਬ ਪਰੈ। ਤਬ ਲਗ ਬੋਲਤ ਚੰਗ ਨਾਂ ਤਰ ਨਿੰਦ ਕੁਰਸ ਕਰੈ ॥੫ ॥**

ਟੀਕਾ ॥ ਸੰਕਾ ॥ ਦੁਰਜਨ ਕੇ ਲਖਨ ਕੀ ਹੈਂ ॥ ਸਮਾਧਾਨ ॥ ਦੁਸ਼ਟ ਅਰ ਮਿਰਦੰਗ ਜਿਸ ਕੋ ਜੋੜ ਬੋਲਤੇ ਹੈਂ। ਯੇ ਦੋਨੋਂ ਏਕ ਸਮਾਨ ਹੈ। ਕਾਹਿਤੇ। ਜਬ ਜੋੜੀ ਕੇ ਮੁਖ ਮੇਂ ਆਟੇ ਕਾ ਪਿੰਡ ਲਗਾਇਆ ਜਾਵੇ। ਅਰ ਦੁਸ਼ਟ ਕੇ ਤੁੰਡ ਨਾਮ ਮੁਖ ਮੇਂ ਕੁਛ ਪੜਤਾ ਰਹੇ। ਤਬ ਲਗ ਹੀ ਮਿਰਦੰਗ ਚੰਗਾ ਬੋਲੇ ਹੈ ਅਰ ਤਬ ਲਗ ਹੀ ਦੁਸ਼ਟ ਪੁਰਸ਼ ਚੰਗਾ ਬੋਲੇ ਹੈ। ਨਹੀ ਤਾਂ ਦੁਸ਼ਟ ਪੁਰਸ਼ ਨਿੰਦਿਆ ਕਰਨੇ ਲਗ ਜਾਇਗਾ। ਅਰ ਮਿਰਦੰਗ ਕੁਰਸ ਕਰ ਦੇਗਾ। ਲੋਕ ਵਜੰਤੀ ਜੇ ਮੁਖ ਮੇਂ ਆਟਾ ਲਗਾਵੇ ਤਾਂ ਹਛਾ ਬੋਲਤਾ ਹੈ ਜੇ ਆਟਾ ਨਾ ਲਾਵਨ ਤਾਂ ਅਵਾਜ਼ ਹਛਾ ਨਹੀਂ ਦੇਤਾ। ਫਟੇ ਹੂਏ ਚੰਮ ਵਰਗਾ ਬੋਲਤਾ ਹੈ। ਐਸੇ ਹੀ ਦੁਸ਼ਟ ਲੋਭੀ ਜੋ ਪੁਰਸ਼ ਹੈ ਜਬ ਕੁਛ ਮਿਲੇ ਤਬ ਉਸਤਤੀ ਕਰੇਗਾ, ਨਾ ਮਿਲੇ ਤਬ ਨਿੰਦਾ ਕਰੇਗਾ। ਦ੍ਰਿਸਟਾਂਤ ਊਪਰ ਸੇ। ਜਬ ਤਕ ਕੁੱਤਾ ਹਾਂਡੀ ਚਟਦਾ ਰਹੇਗਾ। ਤਬ ਤਕ ਪੂਛ ਹਲਾਤਾ ਰਹੇਗਾ ਨਹੀਂ ਤੇ ਫੇਰ ਵਢਨੇ ਪੜੇਗਾ। ਤਦ ਵਤ ਦੁਸ਼ਟ ਪੁਰਸ਼ ਕੋ ਸਮਝ ਲੇਣਾ ॥ਸੰਕਾ ॥ਵਿਦਵਾਨ ਮੂਰਖ ਕੋ ਗਿਆਨ ਕਰਾ ਸਕੇ ਹੈ। ਵਾ ਨਹੀਂ॥ ਸਮਾਧਾਨ ॥ਮੂਲ ॥

**ਦੋਹਿਰਾ ॥ ਯਦਪਿ ਵਕਤਾ ਸਰਬ ਵਿਤ ਅਰੁ ਸਰੋਤਾ ਖਲ ਹੋਇ। ਬਚਨ ਫਲੇ ਨਹਿ ਤਾਸ ਮੈ ਜੇ ਅਨੇਕ ਜੁਗ ਖੋਇ ॥੬ ॥**



ਟੀਕਾ ॥ਯਦਪੀ ਵਕਤਾ ਸਰਬ ਸ਼ਕਤੀਮਾਨ ਅਰ ਸਭ ਵੇਦ ਸ਼ਾਸਤਰ ਕਾ ਵੇਤਾ ਭੀ ਹੋਵੈ। ਭਾਵ-ਉਪਦੇਸਟਾ ਐਸਾ ਹੋ ਅਰ ਜੇ ਅਗੇ ਸੁਨਣੇ ਵਾਲਾ ਮੂਰਖ ਹੋਵੇ। ਫੇਰ ਉਸ ਮੂਰਖ ਕੇ ਚਿਤ ਮੇਂ ਉਸ ਵਿਦਵਾਨ ਕਾ ਵਚਨ ਏਕ ਭੀ ਫਲੀਭੂਤ ਨਾ ਹੋਗਾ। ਭਾਵੇਂ ਅਨੇਕਾਂ ਹੀ ਜੁਗ ਕਿਉਂ ਨਾ ਬਤੀਤ ਹੋ ਜਾਵੇ। ਭਾਵ-ਉਪਦਸ਼ ਕਰਤਿਆਂ ਹੋਇਆਂ ਅਨੇਕਾਂ ਜੁਗ ਬੀਤ ਜਾਵੇ ਪਰ ਮੂਰਖ ਕੋ ਏਕ ਵਚਨ ਭੀ ਨਾ ਲਗੇਗਾ। ਦ੍ਰਿਸਟਾਂਤ ਊਪਰ ਸੇ। ਜੈਸੇ ਪਥਰ ਜਲ ਮੇਂ ਪੜਾ ਹੂਆ ਅਨੇਕਾਂ ਹੀ ਜੁਗ ਬਤੀਤ ਹੋ ਜਾਵੇ. ਜਬ ਉਸ ਕੋ ਬਾਹਿਰ ਨਿਕਾਲੋ ਫੇਰ ਸੁਕੇ ਕਾ ਸੁਕਾ ਹੈ। ਪਥਰ ਕੋ ਜਲ ਗਿਆ ਨਹੀ ਕਰ ਸਕੇ ਹੈ ॥ਭਾਵ ॥ਨਰਮ ਨਹੀ ਕਰ ਸਕੇ ਹੈ ॥ਦ੍ਰਿਸਟਾਂਤ ॥ਤੈਸੇ ਵਿਦਵਾਨ ਕਾ ਉਪਦੇਸ਼ ਮੂਰਖ ਕੋ ਨਹੀ ਲਗ ਸਕੇ ਹੈ। ਇਸ ਮੇਂ ਗੁਰੂ ਪ੍ਰਮਾਨ। ਸਾਚਾ ਸਤਿ ਗੁਰ ਕਿਆ ਕਰੇ ਜੇ ਸਿਖਾ ਮੈ ਚੂਕ। ਅੰਧੇ ਏਕ ਨ ਲਗਾਈ ਜਿਉਂ ਬਾਂਸ ਬਜਾਈ ਏ ਫੂਕ। ਜਿਸ ਪਰ ਅਗੇ ਦ੍ਰਿਸਟਾਂਤ ਦੇਵੇ ਹੈ ॥ ਮੂਲ ॥

**ਦੋਹਿਰਾ ॥ ਜੈਸੇ ਸੁੰਦਰ ਸੁੰਦਰੀ ਖੋੜਸ ਕਰੈ ਸ਼ਿੰਗਾਰ। ਤੱਦਪਿ ਨਿਸਫਲ ਸਭ ਸਹੀ ਜੋ ਦ੍ਰਿਗ ਬਿਨ ਭਰਤਾਰ ॥੭ ॥**

ਟੀਕਾ ॥ ਜੈਸੇ ਸੁੰਦਰੀ ਜੋ ਇਸਤਰੀ ਹੈ। ਸੋ ਯਦਪੀ ਪਤੀ ਕੇ ਪ੍ਰਸੰਨ ਕਰਨੇ ਲੀਏ ਸੋਲਾਂ ਸ਼ਿੰਗਾਰ ਸੁੰਦਰ ਕਰ ਲਵੇ ॥ ਭਾਵੇਂ ॥ ਹਾਰ ਸ਼ਿੰਗਾਰ ਪਹਿਰ ਲਏ। ਅਰ ਅਗੋਂ ਪਤੀ ਨੇਤਰੋਂ ਸੇ ਰਹਿਤ ਹੈ। ਤੌ ਭੀ ਨਿਸ਼ਚੇ ਕਰਕੇ ਜਾਨੋ ਫੇਰ ਸਭ ਉਸਕਾ ਸ਼ਿੰਗਾਰ ਨਿਸਫਲ ਹੈ। ਕਿਸੀ ਵਹੁ ਅਰਥ ਨਹੀਂ ॥ ਕਾਹਿਤੇ ॥ ਪਤੀ ਨੇ ਦੇਖ ਕੇ ਪ੍ਰਸੰਨ ਹੋਣਾ ਥਾ। ਸੋ ਪਤੀ ਕੇ ਨੇਤਰ ਹੀ ਨਹੀ। ਦ੍ਰਿਸਟਾਂਤ। ਤੈਸੇ ਇਸਤਰੀ ਰੂਪ ਵਿਦਵਾਨ ਵੇਦ ਸ਼ਾਸਤਰ ਕੀ ਯੁਕਤੀਓਂ ਸੇ ਭੇਦ ਕਾ ਖੰਡਨ ਅਰ ਅਭੇਦ ਕਾ ਮੰਡਨ ਕਰਨਾ ਰੂਪੀ ਸੋਲਾਂ ਸ਼ਿੰਗਾਰ ਕਰ ਲਏ। ਅਰ ਸਰੋਤਾ ਰੂਪੀ ਪਤੀ ਕੇ ਵਿਚਾਰ ਰੂਪੀ ਨੇਤਰ ਹੀ ਨਹੀ। ਫੇਰ ਸਰੁਤੀ ਸਿਮਰਤੀ ਕੇ ਪ੍ਰਮਾਨ ਦੇਨੇ ਸਭ ਨਿਸਫਲ ਹੈਂ। ਸੋ



Scanned by CamScanner

ਕਿਸੀ ਅਰਥ ਨਹੀ॥ ਸੰਕਾ॥ ਸੋਲਾਂ ਸ਼ਿੰਗਾਰ ਕਵਨ ਹੈਂ॥ ਸਮਾਧਾਨ॥ ਕ੍ਰਿਤਮ ਅਕ੍ਰਿਤਮ ਭੇਦ ਸੇ ਸ਼ਿੰਗਾਰ ਦੋ ਪ੍ਰਕਾਰ ਕੇ ਹੈਂ। ਸ਼ਨਾਨ ਕਰਨਾ, ਸੁਗੰਧੀ ਲਗਾਨੀ, ਕੇਸਾਂ ਕੋ ਸਵਾਰ ਕੇ ਗੁਤ ਕਰਨੀ, ਮੈਂਦੀ ਲਾਵਨੀ, ਚੰਦਨ ਲਗਾਨਾ, ਟਿਕਾ ਲਗਾਨਾ, ਵਸਤਰ ਭੂਖਨ ਪਹਿਰਨੇ। ਇਤਿਆਦੀ ਯੇ ਕ੍ਰਿਤਮ ਸ਼ਿੰਗਾਰ ਬਾਹਿਰਲੇ ਹੈ। ਈਸ਼ਵਰ ਕ੍ਰਿਤ ਅਕ੍ਰਿਤਮ ਸ਼ਿੰਗਾਰ ਯੇ ਹੈ।

**ਦੋਹਿਰਾ॥ਤਿੰਨ ਕਾਲੇ ਦੋ ਉਜਲੇ ਪਤਲੇ ਪੰਚ ਪਰਕਾਰ। ਚਾਰ ਕਠਨ ਦੋ ਸਘਨ ਹੈ ਯਹਿ ਸੋਲਾਂ ਸ਼ਿੰਗਾਰ॥**

ਅਰਥ ਯੇ ਹੈ॥ਕੇਸ ਨੇਤਰ ਕੁਚਾਂਗਰ ਯੇ ਤੀਨ ਕਾਲੇ ਹੈਂ। ਦੰਦ ਅਰ ਨਖ ਯੇ ਦੋ ਉਜਲੇ ਹੈ। ਨੱਕ ਲੱਕ ਹੋਂਠ ਉਂਗਲੀਆਂ ਗਰਦਨ ਯੇ ਪਾਂਚ ਪਤਲੇ ਹੈਂ। ਦੋ ਉਰੂ ਦੋ ਡੋਲੇ ਯੇ ਚਾਰ ਕਠਨ ਹੈਂ। ਕੁਚ ਕਰੜੇ ਹੋਣੇ ਬਿਲ ਵਤ ਵਾ ਅੰਬ ਵਤ ਯੇ ਦੋ ਸਘਨ ਹੈਂ॥ ਸੰਕਾ॥ ਸੰਸਾਰ ਮੇਂ ਸਾਧੂ ਦੇਖਨੇ ਮੇਂ ਬਹੁਤ ਆਤੇ ਹੈਂ। ਯੇ ਸਭੀ ਤਾਰਨੇ ਕੋ ਸਮਰਥ ਹੈਂ। ਵਾ ਨਹੀ॥ ਸਮਾਧਾਨ॥ਮੂਲ॥

**ਦੋਹਿਰਾ॥ਦਾਦਰ ਕਰ ਕੁਖ ਭਰਣ ਮੈ ਤਤ ਪਰ ਨਾਗ ਅਨੇਕ। ਸਮਰਥ ਧਰਨੀ ਧਰਨ ਮੈ ਸੇਖ ਨਾਗ ਹੀ ਏਕ॥੮॥**

ਟੀਕਾ॥ਦ੍ਰਿਸ੍ਰਾਂਤ ਦੇਕਰ ਫੇਰ ਆਗੇ ਦ੍ਰਿਸਟਾਂਤ ਕਹੇਂਗੇ। ਜੈਸੇ ਸੰਸਾਰ ਮੇਂ ਡਡੂਓਂ ਕਰਕੇ ਪੇਟ ਭਰਨੇ ਮੈ ਅਨੇਕਾਂ ਹੀ ਸਰਪ ਤਤ ਪਰ ਹੋ ਰਹੇ ਹੈ। ਪਰ ਧਰਤੀ ਕੇ ਧਾਰਨੇ ਮੈ ਸਮਰਥ ਏਕ ਸੇਸ ਨਾਗ ਹੈ। ਔਰ ਕੋਈ ਨਹੀ ਹੈ। ਭਾਵ ਡਡੂਆਂ ਕੇ ਖਾਨੇ ਵਾਲੇ ਸਰਪ ਬਹੁਤ ਹੈ। ਅਰ ਧਰਤੀ ਕੇ ਧਾਰਨੇ ਵਾਲਾ ਸਰਪ ਏਕ ਸੇਸਨਾਗ ਹੈ॥ ਮੂਲ॥

**ਦੋਹਿਰਾ॥ਉਦਰ ਭਰਣ ਤਤ ਪਰ ਭਏ ਭੇਖੀ ਸੰਤ ਅਨੰਤ। ਜਗਤ ਜਲਧਿ ਕੇ ਤਰਣ ਮੈ ਵਿਰਲਾ ਕੋ ਇਕ ਸੰਤ॥੯॥**

ਟੀਕਾ॥ਤੈਸੇ ਪੇਟ ਭਰਨੇ ਕੇ ਲੀਏ ਤਤ ਪਰ ਭੇਖੀ ਸੰਤ ਅਨੰਤ ਹੀ



ਬਨ ਰਹੇ ਹੈਂ। ਭਾਵ-ਸੰਸਾਰ ਮੈ ਭੇਖੀ ਸੰਤ ਬਹੁਤ ਹੈਂ। ਸੰਤੋਂ ਕਾ ਰੂਪ ਧਾਰ ਕੇ ਕੇਵਲ ਆਪਨੇ ਪੇਟ ਕਾ ਗੁਜਾਰਾ ਕਰਨੇ ਵਾਲੇ ਬਹੁਤ ਹੈ। ਪਰ ਸੰਸਾਰ ਰੂਪੀ ਸਮੁੰਦਰ ਸੇ ਤਰਾਣੇ ਵਾਲਾ ਕੋਈ ਇਕ ਅੱਧ ਸੰਤ ਹੋਵੇਗਾ। ਬਹੁਤੇ ਨਹੀ॥ਸੰਕਾ॥ਕਿਸ ਕਿਸ ਕਰਮ ਸੇ ਚੰਡਾਲ ਬਨੇ ਹੈ॥ਸਮਾਧਾਨ॥ਮੂਲ॥

**ਦੋਹਿਰਾ। ਨਿੰਦਕ ਕ੍ਰਿਤਘਨ ਪਿਸਨਜਨ ਪੁਨ ਜਿਹ ਕ੍ਰੋਧ ਬਿਸਾਲ। ਚਾਰੋ ਕਰਮੋ ਕੇ ਸ੍ਵਪਚ ਪੰਚਮ ਜਾਤ ਚੰਡਾਲ॥੧੦॥**

ਟੀਕਾ॥ਸਭ ਕੀ ਨਿੰਦਿਆ ਕਰਨੇ ਵਾਲਾ ਐਸਾ ਜੋ ਨਿੰਦਕ ਪੁਰਸ਼ ਹੈ॥੧॥ ਜੋ ਕਿਸੇ ਦੇ ਪਰਉਪਕਾਰ ਕੇ ਨਾ ਜਾਨਨੇ ਵਾਲਾ ਐਸਾ ਜੋ ਕ੍ਰਿਤਘਨ ਪੁਰਸ਼ ਹੈ॥੨॥ਸਭ ਕਾ ਚੁਗਲੀ ਕਰਨੇ ਵਾਲਾ ਐਸਾ ਜੋ ਪਿਸਨ ਪੁਰਸ਼ ਹੈ॥੩॥ ਫੇਰ ਬਿਸਾਲ ਨਾਮ ਅਕਾਰਨ ਕ੍ਰੋਧ ਅਤੀ ਕਰਨੇ ਵਾਲਾ ਐਸਾ ਜੋ ਕ੍ਰੋਧੀ ਪੁਰਸ਼ ਹੈ॥੪॥ਯੇ ਚਾਰ ਕਰਮੋਂ ਕਰਕੇ ਚੰਡਾਲ ਕਹੇ ਜਾਤੇ ਹੈ। ਭਾਵ-ਏ ਚਾਰ ਪੁਰਸ਼ ਕਰਮੋਂ ਕੇ ਚੰਡਾਲ ਹੈ। ਇਨਕੇ ਕਰਮ ਚੂਹੜਿਆਂ ਜੈਸੇ ਹੈ। ਭਾਵੇਂ ਹਿੰਦੂ ਭੀ ਹੋਵੈ। ਪਾਂਚਵੀ ਜਾਤੀ ਚੰਡਾਲ ਕੀ ਹੈ। ਭਾਵ-ਮਲਕੇ ਸੁਟਨੇ ਵਾਲੇ ਜੋ ਭੰਗੀ ਹੈ। ਜੋ ਇਨ ਕਰਮੋਂ ਦੇ ਕਰਨੇ ਵਾਲਾ ਹੋ। ਵਹੁ ਚੰਡਾਲ ਹੀ ਕਹਾ ਜਾਵੇ ਹੈ। ਬ੍ਰਾਹਮਨ ਛਤ੍ਰੀ ਭਾਵੇਂ ਕਿਉਂ ਨ ਹੋਵੈ। ਕ੍ਰਿਤਘਨ ਪਰ ਪ੍ਰਮਾਨ ਭਾਈ ਗੁਰਦਾਸ ਜੀ ਕਾ। ਪਉੜੀ। ਮਦ ਵਿੱਚ ਰਿਧਾ ਪਾਇਕੇ ਕੁਤੇ ਕਾ ਮਾਸ ਧਰਿਆ ਮਾਨਸ ਖੋਪਰੀ ਤਿਸ ਗੰਦੀਵਾਸ। ਰਤੂ ਭਰਿਆ ਕਪੜਾ ਕਰ ਕਜਨ ਤਾਸ। ਢਕ ਲੈ ਚਲੀ ਚੂਹੜੀ ਕਰ ਭੋਗ ਬਿਲਾਸ। ਪੁਛੇ ਆਖ ਵਖਾਨਿਆ ਲਾਹਿਆ ਵਿਸਵਾਸ। ਨਦਰ ਪਵੇ ਅਕ੍ਰਿਤਘਨ ਮਤ ਹੋਇ ਵਿਣਾਸ। ਅਰਥ ਇਹ ਹੈ। ਕੁਤੇ ਦਾ ਮਾਸ ਸ਼ਰਾਬ ਮੇਂ ਰਿੰਨ ਕਰ ਗੰਦੀ ਜਿਸ ਕੀ ਵਾਸ਼ਨਾ ਹੈ ਐਸੀ ਜੋ ਮਾਨੁਖ ਕੀ ਖੋਪਰੀ ਹੈ ਤਿਸ ਮੇਂ ਪਾ ਕੇ ਰਖ ਦੀਆ। ਰੁਧਰ ਸੇ ਲਿਪਤ ਜੋ ਕਪੜਾ ਹੈ ਸੋ ਤਿਸ ਕੇ ਢਕਨੇ ਕਾ ਰੁਮਾਲ ਹੈ। ਤਿਸ ਰੁਮਾਲ ਸੇ ਕਜ ਕਰ ਚੰਡਾਲਨੀ ਭੋਗ ਬਿਲਾਸ ਕਰਕੇ ਲਈ ਜਾਤੀ ਥਾ। ਮਾਰਗ ਮੈ ਕਿਸੀ ਨੇ ਪੂਛਾ ਢਕ ਕਰ



Scanned by CamScanner

ਕਿਉਂ ਲਈ ਜਾਤੀ ਹੈਂ। ਉਸ ਨੇ ਕਹਾ ਮਤ ਕਿਸੀ ਅਕ੍ਰਿਤਘਨ ਕੀ ਨਜਰੀਂ ਨ ਪੜ ਜਾਵੇ। ਜੇ ਨਜ਼ਰ ਪੜ ਗਈ ਤਬ ਯਹਿ ਖਰਾਬ ਹੋ ਜਾਇਗਾ। ਦੇਖੋ ਅਕ੍ਰਿਤ ਘਨ ਐਸਾ ਨੀਚ ਹੈ। ਔਰ ਯਹਿ ਤੀਨੋਂ ਭੀ ਐਸੇ ਹੀ ਦੁਸ਼ਟ ਜਾਨ ਲੈਨੇ॥ ਸੰਕਾ॥ ਸੰਸਾਰ ਮੇਂ ਅਤੀ ਕ੍ਰੂਰ ਕਵਨ ਹੈ॥ ਸਮਾਧਾਨ॥ਮੂਲ॥

**ਦੋਹਿਰਾ॥ਸਰਪ ਕ੍ਰੂਰ ਖਲ ਕ੍ਰੂਰ ਹੈ ਸਰ ਪਨ ਤੇ ਖਲ ਕ੍ਰੂਰ। ਮੰਤ੍ਰੌਖਧਿਕਰ ਸਰਪ ਵੱਸ ਖਲ ਕੈ ਮੰਤ੍ਰ ਨ ਮੂਰ॥੧੧॥**

ਟੀਕਾ॥ ਸੰਸਾਰ ਮੇਂ ਸਭ ਸੇ ਸਰਪ ਵਡਾ ਸਖਤ ਕਰੜਾ ਹੈ। ਅਰ ਦੂਸਰਾ ਮੂਰਖ ਸਖਤ ਕਰੜਾ ਹੈ। ਪਰ ਸਰਪ ਨਾਲੋਂ ਮੂਰਖ ਅਧਿਕ ਸਖਤ ਹੈ। ਕਾਹਿਤੇ। ਮੰਤ੍ਰੋਂ ਸੇ ਤਥਾ ਔਖਧੀਓਂ ਸੇ ਤੋ ਸਰਪ ਵਸੀ ਹੋ ਜਾਤਾ ਹੈ। ਪਰ ਇਸ ਮੂਰਖ ਕੇ ਵਸੀ ਕਰਨੇ ਕਾ ਮੰਤ੍ਰ ਮੂਲ ਸੇ ਹੀ ਕੋਈ ਨਹੀਂ ਹੈ। ਸਰਪ ਮੰਤਰ ਔਖਧੀਓਂ ਕੋ ਤੋ ਮਾਨਤਾ ਹੈ। ਅਰ ਯਹਿ ਖਲ ਕਿਸੀ ਕੋ ਮਾਨਤਾ ਨਹੀਂ ਹੈ। ਮੂਰਖ ਐਸਾ ਨਿਰੰਕੁਸ ਹੈ। ਕੋਈ ਚਾਹੇ ਹਮ ਮੂਰਖ ਕੋ ਵਸੀ ਕਰ ਲਏ ਪਰ ਯਹਿ ਮੂਰਖ ਕਿਸੀ ਕੇ ਵਸੀ ਨ ਹੋਗਾ। ਭਾਵ-ਦੁਸ਼ਟ ਪੁਰਸ਼ ਕਾ ਕੋਈ ਗੁਰੂ ਪੀਰ ਮੰਤ੍ਰ ਨਹੀਂ ਹੈ॥ਸੰਕਾ॥ਐਸੇ ਮੂਰਖੋਂ ਕੀ ਸੰਗਤ ਕਰ ਸੰਤ ਭੀ ਆਪਣਾ ਸੁਭਾਵ ਛੋੜ ਦੇਤੇ ਹੋਇੰਗੇ॥ ਸਮਾਧਾਨ॥ ਮੂਲ॥

**ਦੋਹਿਰਾ॥ਸੰਗ ਦੋਖ ਕਰ ਸੰਤ ਜਨ ਕਬੀ ਨ ਵਿਕ੍ਰਿਯ ਧਾਰ। ਚੰਦਨ ਨਾਗਨ ਕਰ ਢਪਿਓ ਤਦਪ ਧਰੇ ਨ ਮਾਰ॥੧੨॥**

ਟੀਕਾ॥ ਸੰਤ ਮਹਾਤਮਾ ਪ੍ਰਿਥਮੇਂ ਤੋ ਕਿਸੀ ਮੂਰਖ ਪੁਰਸ਼ ਕਾ ਸੰਗ ਕਰਤੇ ਨਹੀਂ ਹੈਂ। ਪਰ ਮੂਰਖ ਪੁਰਸ਼ੋਂ ਕਾ ਹੰਛਾ ਕਬੀ ਸੰਗ ਹੋ ਭੀ ਜਾਏ। ਫੇਰ ਭੀ ਤਿਸ ਸੰਗ ਦੋਸ਼ ਕਰ ਸੰਤ ਜਨ ਵਿਪ੍ਰੀਤ ਕ੍ਰਿਯਾ ਕਬੀ ਨ ਧਾਰਨ ਕਰੇਂਗੇ। ਭਾਵ ਉਲਟਾ ਆਪਣੇ ਸੁਭਾਵ ਕੇ ਅਧੀਨ ਦੁਸ਼ਟਾਂ ਕੋ ਕਰ



ਲਏਂਗੇ। ਉਨ ਕੇ ਅਧੀਨ ਕਬੀ ਨ ਹੋਇੰਗੇ। ਦ੍ਰਿਸਟਾਂਤ। ਜੈਸੇ ਬਾਵਨ ਚੰਦਨ ਸ੍ਰਪੋਂ ਕਰਕੇ ਯਦਪੀ ਢਪਿਆ ਹੋਇਆ ਭੀ ਹੈ। ਤੌ ਭੀ ਮਾਰ ਨਾਮ ਵਿਖ ਕੋ ਚੰਦਨ ਕਬੀ ਨ ਧਾਰਨ ਕਰੇਗਾ। ਉਲਟਾ ਸਰਪਾ ਕੋ ਸੀਤਲਤਾ ਦੇਕਰ ਸ਼ਾਂਤੀ ਕਰੇਗਾ॥ ਭਾਵ-ਸਰਪਾ ਕੇ ਸੰਗ ਦੋਖ ਸੇ ਜੈਸੇ ਚੰਦਨ ਆਪਣਾ ਸੁਭਾਵ ਨਹੀਂ ਤਿਆਗੇ ਹੈ। ਮੂਰਖਾਂ ਕੇ ਸੰਗ ਦੋਖ ਸੇ ਤੈਸੇ ਸੰਤ ਆਪਣਾ ਸੁਭਾਵ ਨਹੀਂ ਤਿਆਗੇਂ ਹੈ॥ਸੰਕਾ॥ਐਸੇ ਨੀਚਨ ਪਰ ਉਪਕਾਰ ਕਰਨਾ ਯੋਗ ਹੈ ਵਾ ਨਹੀਂ॥ ਸਮਾਧਾਨ॥ ਮੂਲ॥

**ਦੋਹਿਰਾ॥ ਨੀਚਨ ਪਰ ਉਪਕਾਰ ਜੋ ਕੋਪ ਹੇਤ ਨਹਿ ਸਾਂਤ। ਜਿਉ ਸਰਪਨ ਪੈ ਪਾਨਭੀ ਕੇਵਲ ਵਿਖ ਵਰਧਾਂਤ॥ ੧੩॥**

ਟੀਕਾ॥ਐਸੇ ਨੀਚਨ ਪਰ ਜੋ ਉਪਕਾਰ ਕਰਨਾ ਹੈ। ਸੋ ਕੇਵਲ ਕੋਪ ਕਾ ਹੇਤੂ ਹੈ। ਸ਼ਾਂਤੀ ਕਾ ਹੇਤੂ ਨਹੀਂ। ਦ੍ਰਿਸ਼ਟਾਂਤ। ਜਿਸ ਪ੍ਰਕਾਰ ਸਰਪਾਂ ਕੋ ਦੂਧ ਪਾਨ ਕਰਵਾਇਆ ਜਾਵੇ। ਸੋ ਕੇਵਲ ਵਿਖ ਹੀ ਵਧ ਜਾਇਗਾ। ਭਾਵ-ਜੈਸੇ ਦੂਧ ਦੇਖੋ ਅੰਮ੍ਰਿਤ ਰੂਪ ਹੈ। ਪਰ ਵੋਹੀ ਸਰਪ ਕੇ ਮੁਖ ਮੈ ਗਯਾ ਹੂਆ ਵਿਖ ਰੂਪ ਹੋ ਜਾਤਾ ਹੈ ਤਿਸੀ ਪ੍ਰਕਾਰ ਜੋ ਨੀਚਨ ਪਰ ਉਪਕਾਰ ਕਰਨਾ ਹੈ ਸੋ ਕੋਪ ਕਾ ਹੇਤੂ ਹੈ। ਯਾਂਤੇ ਐਸੇ ਨੀਚਨ ਪਰ ਉਪਕਾਰ ਨਾ ਕਰੇ॥ਸੰਕਾ॥ਅਨ ਅਧਿਕਾਰੀ ਕੋ ਉਪਦੇਸ਼ ਕਰਨਾ ਯੋਗ ਹੈ। ਵਾ ਨਹੀਂ॥ ਸਮਾਧਾਨ॥ਅਨ ਅਧਿਕਾਰੀ ਕੋ ਉਪਦੇਸ਼ ਕਬੀ ਨ ਕਰੇ ਜੋ ਕਰੇਗਾ ਸੋ ਦੁਖ ਪਾਇਗਾ। ਅਬ ਇਸ ਬਾਤ ਕੋ ਕਹੇ ਹੈਂ॥ ਮੂਲ॥

**ਦੋਹਿਰਾ॥ ਦ੍ਵੈ ਕਰ ਦ੍ਵੈ ਪਗ ਆਹਿ ਤਵ ਦ੍ਰਿਸਜਤ ਪੁਰਖ ਅਕਾਰ। ਸੀਤ ਵਾਤ ਕੇ ਘਾਤ ਹਿਤ ਕਜੋਂ ਨਹਿ ਕਰੋ ਅਗਾਰ॥੧੪॥**

ਟੀਕਾ॥ਸੀਤ ਕਾਲ ਕਾ ਸਮਾਂ ਥਾ ਵਰਖਾ ਹੋ ਰਹੀ ਥੀ ਠੰਡੀ ਵਾਯੂ



Scanned by CamScanner

ਚਲ ਰਹੀ ਥੀ। ਜੰਗਲ ਮੇਂ ਏਕ ਬਿਰਛ ਪਰ ਚਿੜੀ ਆਪਨੇ ਆਲ੍ਹਣੇ ਮੇਂ ਅਨੰਦ ਪੂਰਬਕ ਬੈਠੀ ਹੁਈ ਥੀ। ਕੋਈ ਬਾਂਦਰ ਸੀਤ ਸੇ ਕਾਂਪਤਾ ਹੂਆ ਉਸ ਚਿੜੀ ਕੇ ਤਰੂ ਹੇਠ ਆਣ ਬੈਠਾ। ਉਸ ਕੋ ਕਾਂਪਤਾ ਹੂਆ ਦੇਖ ਕਰ ਚਿੜੀ ਕੇ ਮਨ ਮੇਂ ਦਯਾ ਆਈ ਅਰ ਉਪਦੇਸ਼ ਦੇਨੇ ਲਗੀ ਹੇ ਭਾਈ ਤੇਰੇ ਦੋ ਤੋ ਹਾਥ ਹੈਂ ਅਰ ਦੋ ਪੈਰ ਹੈਂ। ਅਰ ਪੁਰਖ ਕਾ ਅਕਾਰ ਤੇਰਾ ਦੇਖਨੇ ਤੇ ਆਤਾ ਹੈ, ਦਸ ਫੇਰ ਤੂੰ ਐਸਾ ਦੁਖੀ ਕਿਉਂ ਹੋ ਰਹਾ ਹੈਂ। ਤੂੰ ਆਪਨੇ ਸੀਤ ਕੀ ਨਿਬਰਤੀ ਵਾਸਤੇ ਤਥਾ ਵਾਯੂ ਕੀ ਨਿਬ੍ਰਤੀ ਵਾਸਤੇ ਆਪਨਾ ਘਰ ਕਿਉਂ ਨਹੀਂ ਬਨਾਇ ਲੇ ਤਾਂ ਦੇਖ ਮੈ ਛੋਟੀ ਜੈਸੀ ਚਿੜੀ ਆਪਨਾ ਆਲ੍ਹਣਾ ਬਨਾਇ ਕਰ ਅਰਾਮ ਸੇ ਬੈਠ ਰਹੀ ਹੂੰ। ਅਰ ਤੂੰ ਤੋ ਸਭ ਤਰੋਂ ਸੇ ਸਮਰੱਥ ਹੈਂ। ਜੋ ਕੁਛ ਬਨਾਇਆ ਚਾਹੇ ਸੋ ਤੂੰ ਕਰ ਸਕਤਾ ਹੈਂ। ਸੋ ਤੂੰ ਉੱਦਮ ਕਰਕੇ ਆਪਨਾ ਘਰ ਬਨਾਇ ਲੇ॥ ਮੂਲ॥

**ਦੋਹਿਰਾ॥ਸੂਚੀ ਮੁਖ ਵਿਭਚਾਰਨੀ ਰੰਡੇ ਪੰਡਤ ਰਾਰ॥ਨਹਿ ਬਲ ਨਿਜ ਗ੍ਰਹਿ ਰਚਨ ਮੈ ਸਮਰਥ ਹਤ ਤਵ ਦੁਵਾਰ॥ ੧੫॥**

ਟੀਕਾ॥ਆਗੇ ਸੇ ਬਾਂਦਰ ਬੋਲਾ ਅਰੇ ਸੂਈ ਜੈਸੇ ਮੁਖ ਵਾਲੀਏ ਹੇ ਵਿਭਚਾਰਨੀ ਹੇ ਹਰ ਚਿੜੇ ਸਾਥ ਰਮਨ ਕਰਨੇ ਵਾਲੀਏ ਹੇ ਰੰਡੀਏ ਤੂੰ ਹਮਾਰੇ ਜੈਸੇ ਪੰਡਤਾਂ ਸਾਥ ਲੜਾਈ ਲਗਾ ਬੈਠੀ ਹੈਂ। ਦੇਖੋ ਜੀ ਹਮ ਪੰਡਤ ਲੋਕ ਵਿਚਾਰਵਾਨ ਹਮਾਰੇ ਕੋ ਏ ਰੰਡੀ ਉਪਦੇਸ਼ ਦੇਤੀ ਹੈ। ਦੇਖੋ ਜੀ ਇਸ ਰੰਡੀ ਕੋ ਲਜਾ ਭੀ ਨਹੀਂ ਆਤੀ। ਮੇਰੇ ਕੋ ਆਪਨਾ ਘਰ ਬਨਾਣੇ ਕੀ ਤੋ ਸਮਰੱਥਾ ਨਹੀਂ ਪਰ ਤੇਰਾ ਘਰ ਢਾਹਣੇ ਨੂੰ ਮੈ ਸਮਰਥ ਹੂੰ। ਐਸੇ ਕਹਿਕੇ ਸ਼ੀਘਰ ਉਸ ਬਿਰਛ ਪਰ ਚੜ੍ਹ ਕੇ ਉਸ ਵਿਚਾਰੀ ਚਿੜੀ ਕਾ ਘਰ ਤੋੜ ਡਾਲਾ। ਸੋ ਵਿਚਾਰੀ ਚਿੜੀ ਸਰਦੀ ਸੇ ਕਾਂਪਤੇ ਹੂਈ ਪਾਲੇ ਸੇ ਮਰ ਗਈ॥ ਮੂਲ॥

**ਦੋਹਿਰਾ॥ਜੈਸੇ ਕੈਸੇ ਪੁਰਖ ਕੋ ਦੇ ਉਪਦੇਸ ਨ ਸੰਤ। ਮੂਰਖ ਕਪ ਬਿਨ ਗ੍ਰਹਿ ਕਰੀ ਚਟਕਾ ਜੋ ਗ੍ਰਹਿਵੰਤ॥੧੬॥**



ਟੀਕਾ॥ਜੈਸੇ ਕੈਸੇ ਕਹੀਏ ਅਨਿ ਅਧਿਕਾਰੀ ਕੋ ਵਾ ਹੰਕਾਰੀ ਪੁਰਸ਼ ਕੋ ਸ਼ਾਂਤ ਆਤਮਾ ਕੋ ਚਾਹੀਏ ਕਿ ਉਪਦੇਸ਼ ਨ ਕਰੇ ਜੇ ਕਰੇਗਾ ਤੋਂ ਦੁਖ ਪਾਇਗਾ। ਕੈਸੇ ਜੈਸੇ ਚਿੜੀ ਨੇ ਅਨ ਅਧਿਕਾਰੀ ਬਾਂਦਰ ਕੋ ਉਪਦੇਸ਼ ਕੀਆ। ਚਿੜੀ ਜੋ ਗ੍ਰਹਿ ਵਾਲੀ ਥੀ ਮੂਰਖ ਕਪੀ ਨੇ ਉਸ ਕੋ ਗ੍ਰਹਿ ਸੇ ਬਿਨਾਂ ਕਰ ਦੀਆ ਸੋ ਚਿੜੀ ਵਿਚਾਰੀ ਕਾਂਪਤੀ ਮਰ ਗਈ। ਹਰ ਏਕ ਕੋ ਉਪਦੇਸ਼ ਨ ਕਰੇ। ਜੋ ਅਧਿਕਾਰੀ ਹੋ ਉਸ ਕੋ ਉਪਦੇਸ਼ ਕਰੇ ਤੋਂ ਸੁਖ ਹੋਗਾ॥ਸੰਕਾ॥ ਊਚੀ ਜਗ੍ਹਾ ਪਰ ਬੈਠਨੇ ਸੇ ਪੁਰਸ਼ ਊਚਾ ਹੋਤਾ ਹੈ। ਵਾ ਗੁਣੋਂ ਕਰ ਊਚਾ ਹੋਤਾ ਹੈ॥ ਸਮਾਧਾਨ॥ ਮੂਲ॥

**ਦੋਹਿਰਾ॥ਊਚੇ ਥਿਤ ਊਚੋ ਨਹੀ ਊਚੋ ਗੁਣ ਕਰ ਹੋਇ। ਕਾਕ ਅਟਾਰੀ ਪਰ ਬਹੇ ਪਰ ਕਜਾ ਖਗ ਪਤਿ ਸੋਇ॥੧੭॥**

ਟੀਕਾ॥ਊਚੇ ਅਸਥਾਨ ਤੇ ਬੈਠਣੇ ਸੇ ਕੋਈ ਪੁਰਸ਼ ਊਚਾ ਨਹੀਂ ਹੋਵੇ ਹੈ। ਊਚਾ ਪੁਰਸ਼ ਗੁਣੋਂ ਕਰਕੇ ਹੋਵੇ ਹੈ। ਦ੍ਰਿਸਟਾਂਤ। ਜੈਸੇ ਕਊਆ ਅਟਾਰੀ ਪਰ ਜਾ ਕੇ ਬੈਠ ਜਾਏ ਦਸੋ ਫੇਰ ਵਹੁ ਖਗ ਪਤੀ ਤੋ ਨਹੀਂ ਹੋ ਜਾਇਗਾ। ਕਿੰਤੂ ਕਊਏ ਕਾ ਕਊਆ ਹੀ ਰਹੇਗਾ। ਤੈਸੇ ਮੂਰਖ ਪੁਰਸ਼ ਊਚੀ ਜਗ੍ਹਾ ਪਰ ਬੈਠ ਜਾਏ ਦਸੋ ਫੇਰ ਵਹੁ ਕਿਆ ਪੂਜਨੇ ਕੇ ਯੋਗ ਹੋ ਜਾਇਗਾ। ਕਿੰਤੂ ਨੀਚ ਕਾ ਨੀਚ ਹੀ ਰਹੇਗਾ। ਇਸ ਪਰ ਗਾਥਾ ਹੈ। ਸ੍ਰਸਤੀ ਕਾ ਪੁੱਤਰ ਸਾਰ ਸੁਤ ਨਾਮ ਏਕ ਲੜਕਾ ਥਾ। ਜਿਸ ਸੇ ਸਾਰਸੁਤ ਬ੍ਰਾਹਮਣੋਂ ਕੀ ਵੰਸ ਚਲੀ ਹੈ। ਵਹੁ ਛੋਟੀ ਅਵਸਥਾ ਮੇਂ ਸਭ ਵਿਦਿਆ ਪੜ੍ਹ ਗਯਾ। ਸਭ ਵੇਦ ਵਿਦਿਆ ਜਿਸਕੇ ਕੰਠ ਹੋ ਰਹੀ ਹੈ। ਏਕ ਸਮੇਂ ਦੁਰਭਿਖ ਪੜ੍ਹ ਗਯਾ। ਵਿਪਦਾ ਕੇ ਮਾਰੇ ਸਭ ਰਿਖੀਆਂ ਨੂੰ ਵੇਦ ਵਿਦਿਆ ਭੂਲ ਗਈ। ਉਸ ਬਚੇ ਕੋ ਵਿਦਿਆ ਨਾ ਭੂਲੀ॥ਕਾਹਿਤੇ॥ਸ੍ਰਸਤੀ ਮਾਤਾ ਉਸਕੀ ਪਾਲਣਾ ਕਰਤੀ ਰਹੀ। ਜਬ ਦੁਰਭਿਖ ਹਟ ਗਯਾ। ਰਿਖੀ ਮਿਲਕੇ ਵਿਚਾਰਨੇ ਲਗੇ ਹਮਾਰੇ ਸਭ ਕੋ ਵਿਦਿਆ ਭੂਲ ਗਈ ਹੈ। ਅਬ ਹਮ ਕਹਾਂ ਸੇ ਪੜ੍ਹੇਂ। ਮਾਲੂਮ ਹੂਆ, ਸੁਰਸਤੀ ਕੇ ਪੁਤ੍ਰ ਸਾਰਸੁਤ ਕੋ ਸਭ ਵੇਦ ਵਿਦਿਆ ਕੰਠ ਹੈ। ਚਲੋ ਅਬ



Scanned by CamScanner

ਉਸ ਸੇ ਪੜ੍ਹੀਏ। ਸਭ ਬ੍ਰਿਧ ਰਿਖੀ ਉਸ ਕੇ ਪਾਸ ਆਏ। ਅਰ ਕਹਾਂ ਹਮ ਕੋ ਵਿਦਿਆ ਪੜ੍ਹਾਵੋ। ਵਹੁ ਬੋਲਾ ਆਓ ਪੁਤ੍ਰੋ ਬੈਠ ਜਾਓ ਏ ਬਾਤ ਸੁਣਕੇ ਰਿਖੀ ਜਲ ਗਏ। ਬਚਾ ਹੋ ਕੇ ਦੇਖੋ ਹਮ ਕੋ ਪੁੱਤਰ ਪੁੱਤਰ ਨਾਮ ਸੇ ਕਹਿ ਕਰ ਬੁਲਾਤਾ ਹੈ। ਵਡੇ ਕ੍ਰੋਧਵੰਤ ਹੋਕਰ ਬ੍ਰਹਮਾ ਪਾਸ ਗਏ ਅਰ ਕਹਿਣੇ ਲਗੇ ਦੇਖੋ ਜੀ ਸਾਰਸੁਤ ਬਚੇ ਪਾਸ ਹਮ ਸਾਰੇ ਵਿਦਿਆ ਪੜ੍ਹਨੇ ਗਏ। ਵਹੁ ਹਮ ਕੋ ਪੁੱਤਰ ਪੁੱਤਰ ਕਰ ਬੁਲਾਨੇ ਲਗਾ। ਐਸੀ ਅਨੀਤੀ ਹਮ ਸੇ ਨਹੀ ਸਹਾਰੀ ਗਈ। ਬ੍ਰਹਮਾ ਜੀ ਕਹਿਣੇ ਲਗੇ ਹੇ ਰਿਖੀਓ ਯੇ ਤੁਮਾਰੀ ਅਨੀਤੀ ਹੈ॥ ਕਾਹਿਤੇ॥ ਉਮਰ ਸੇ ਬਰਿਧ ਨਹੀਂ ਹੋਤਾ ਗੁਣੋਂ ਸੇ ਬਰਿਧ ਹੋਤਾ ਹੈ। ਭਾਵੇਂ ਤੁਮ ਉਮਰ ਸੇ ਬ੍ਰਿਧ ਹੋ ਪਰ ਤੁਮਾਰੇ ਮੇਂ ਗੁਣ ਕੋਈ ਨਹੀ ਹੈ। ਯਾਂਤੇ ਤੁਮ ਬ੍ਰਿਧ ਨਹੀਂ ਤੁਮ ਅਜੇ ਬਾਲਕ ਹੋ। ਅਰ ਉਸ ਬਚੇ ਮੇਂ ਗੁਣ ਹੈਂ। ਅਰ ਜੇ ਉਮਰ ਸੇ ਛੋਟਾ ਹੈਂ। ਫੇਰ ਵਹੁ ਸਭ ਸੇ ਬਿਰਧ ਹੈ। ਇਸ ਹੰਕਾਰ ਕੋ ਛੋੜ ਕਰ ਉਸੀ ਸੇ ਜਾ ਕੇ ਵਿਦਿਆ ਪੜ੍ਹੋ। ਐਸੇ ਸੁਣ ਕਰ ਹੰਕਾਰ ਤਿਆਗ ਕੇ ਜਾ ਕੇ ਸਾਰਸੁਤ ਸੇ ਵਿਦਿਆ ਪੜਤੇ ਭਏ। ਇਤੀ। ਜੋ ਗੁਣ ਮੈ ਬਰਿਧ ਹੈ ਸੋਈ ਬਰਿਧ ਹੈ। ਵਡੀ ਉਮਰ ਸੇ ਵਾ ਊਚੀ ਜਗ੍ਹਾ ਪਰ ਬੈਠਨੇ ਸੇ ਬਰਿਧ ਨਹੀਂ ਹੋਵੈ ਹੈ॥ ਸੰਕਾ॥ ਨੀਚ ਕੀ ਸੰਗਤ ਸੇ ਕੀ ਹਾਨੀ ਹੋਵੈ ਹੈ॥ ਸਮਾਧਾਨ॥ਮੂਲ॥

**ਦੋਹਿਰਾ॥ਨੀਚਨ ਕੀ ਸੰਗਤ ਕਰੇ ਨਸੇ ਬੇਗ ਵੈਰਾਗ।**
**ਪਰਾਧੀਨ ਭੀ ਸੁਖ ਨਸੇ ਅੱਭ੍ਰ ਛਾਯ ਤ੍ਰਿਣ ਆਗ॥੧੮॥**

ਟੀਕਾ॥ਇਨ੍ਹਾਂ ਨੀਚ ਪਾਮਰ ਪੁਰਸ਼ੋਂ ਕੀ ਸੰਗਤ ਕਰਨੇ ਸੇ ਵੈਰਾਗ ਦੀ ਸਾਧਨ ਸ਼ੀਘਰ ਨਾਸ਼ ਕੋ ਪ੍ਰਾਪਤ ਹੋ ਜਾਵੇ ਹੈ। ਜੈਸੀ ਸੋਭਿਤ ਤੈਸਾ ਅਸਰ ਹੋ ਜਾਤਾ ਹੈ। ਕਾਹਿਤੇ। ਨੀਚ ਪੁਰਸ਼ੋਂ ਕਾ ਚਿਤ ਵਿਸ਼ਿਓਂ ਮੇਂ ਅਸਥਿਤ ਰਹੇ ਹੈ। ਜੋ ਉਨਕੀ ਸੰਗਤ ਕਰੇਗਾ ਉਸਕਾ ਚਿਤ ਭੀ ਵੈਸਾ ਹੋ ਜਾਇਗਾ। ਇਸ ਮੇਂ ਤੀਨ ਦ੍ਰਿਸਟਾਂਤ ਦੇਤੇ ਹੈਂ। ਨੀਚ ਕੀ ਸੰਗਤ ਸੇ ਵਿਰਾਗ ਐਸੇ ਨਸ਼ਟ ਹੋ ਜਾਵੇ ਹੈ। ਜੈਸੇ ਪਰਾਧੀਨ ਰਹਿਣੇ ਸੇ ਸਭ ਸੁਖ ਨਸ਼ਟ ਹੋ ਜਾਤੇ ਹੈ॥



**ਦੋਹਿਰਾ॥ਪਰਾਧੀਨ ਮੇਂ ਸੁਖ ਨਹੀ ਬ੍ਰਹਮ ਲੋਕ ਮੈ ਜਾਇ।**
**ਇਤ ਉਤ ਦੁਖ ਕੋ ਲਹਿਤ ਹੈ ਸੁਖ ਨ ਕਿੰਚਤ ਪਾਇ॥**

ਅਭਰ ਨਾਮ ਮੇਘੋਂ ਕੀ ਛਾਇਆ ਜੈਸੇ ਛੇਤੀ ਨਾਸ਼ ਕੋ ਪ੍ਰਾਪਤ ਹੋ ਜਾਤੀ ਹੈ। ਔਰ ਤ੍ਰਿਣੋਂ ਕੀ ਜੈਸੇ ਅਗਨੀ ਛੇਤੀ ਨਾਸ ਹੋ ਜਾਤੀ ਹੈ। ਤਦ ਵਤ ਨੀਚਾਂ ਕੀ ਸੰਗਤ ਕਰਨੇ ਸੇ ਦੈਵੀ ਸੰਪਤੀ ਕੇ ਗੁਨ ਸਭ ਨਾਸ ਹੋ ਜਾਵੇ ਹੈ॥ਸੰਕਾ॥ਵੇਦ ਸ਼ਾਸਤਰ ਪੁਰਾਨ ਜੋ ਗ੍ਰੰਥ ਹੈਂ, ਇਨਕੇ ਭਾਵ ਨੂੰ ਲੋਕ ਸਮਝਤੇ ਹੈਂ ਵਾ ਨਹੀਂ॥ਸਮਾਧਾਨ॥ਮੂਲ॥

ਕਬਿਤ। ਕੋਊ ਏਕ ਬਿਪ੍ਰ ਆਹਿ ਸੰਭੂ ਬਨ ਮੇਂ ਬਨਾਇ ਤਾਂਬ੍ਰ ਪਾਤ੍ਰ ਕੋ ਦਬਾਇ ਲਿੰਗ ਲਿੰਗ ਕਿਯੋ ਹੈ। ਤਹਾਂ ਨੇਕ ਜਨ ਅਏ ਲਿੰਗ ਦੇਖ ਲਿੰਗ ਕਏ ਲਿੰਗ ਅਰਚਏ ਕਰ ਜਨ ਜੂਥ ਗਯੋ ਹੈ। ਭੂਸਰ ਜੋ ਆਯੋ ਦੇਖ ਲਿੰਗ ਬਿਸਮਾਯੋ ਕਹੂੰ ਏਕ ਲਿੰਗ ਹੂੰ ਤੇ ਲਿੰਗ ਝੁੰਡ ਨਿਰਮਯੋ ਹੈ। ਪਾਤ ਨਹਿ ਪਾਏ ਤਬ ਬਿਪ੍ਰਯੋਂ ਅਲਾਯੋ ਤਾਹਿ ਪਾਤ੍ਰ ਲਿੰਗ ਚਿੰਨ ਕੀਨੋ ਮੂੜੋ ਲਖਯੋ ਹੈ॥੧੯॥

ਟੀਕਾ॥ਲੋਕ ਉਨਕੇ ਭਾਵ ਕੋ ਨਹੀਂ ਸਮਝਤੇ ਇਸ ਪਰ ਏਕ ਗਾਥਾ ਦੇਕਰ ਆਪ ਕੋ ਸਮਝਾਤੇ ਹੈਂ। ਮੂਲ। ਕੋਊ ਏਕ ਇਤੀ। ਕੋਈ ਏਕ ਬ੍ਰਾਹਮਣ ਵਡਾ ਭਾਰੀ ਵਿਦ੍ਵਾਨ ਥਾ। ਅਰ ਸ੍ਰੀ ਮਹਾਂਦੇਵ ਜੀ ਕਾ ਨੇਮ ਸੇ ਪੂਜਨ ਕੀਆ ਕਰਤਾ ਥਾ, ਏਕ ਸਮੇਂ ਯਹਿ ਇੱਛਾ ਫੁਰੀ ਸੇਤ ਬੰਧ ਰਾਮੇਸ੍ਵਰ ਤੇ ਆਦ ਲੇਕਰ ਸਭ ਤੀਰਥੋਂ ਕੀ ਯਾਤਰਾ ਕਰੇ। ਪੂਜਾ ਕੇ ਸਾਰੇ ਬਰਤਨ ਔਰ ਸਭ ਸਬਾਬ ਲੇਕਰ ਚਲ ਪੜਾ। ਸਮਾਨ ਬਹੁਤ ਹੋਣੇ ਕੇ ਸਬਬ ਸੇ ਦਿਜ ਕਾ ਸਰੀਰ ਥਕਤ ਹੋ ਗਯਾ। ਤਹਾਂ ਬੈਠ ਕਰ ਅਰਾਮ ਪੂਰਬਕ ਇਸ਼ਨਾਨ ਕੀਆ ਫੇਰ ਪੂਜਾ ਕਰੀ ਫੇਰ ਭੋਜਨ ਬਨਾਇ ਕਰ ਖਾਇਆ। ਜਬ ਵਹਾਂ ਸੇ ਚਲਨੇ ਲਗਾ ਚਿਤ ਮੇਂ ਯੇ ਇੱਛਾ ਫੁਰੀ ਵਾਪਸ ਹੋ ਕੇ ਮੈ ਇਸੀ ਰਸਤੇ ਆਊਂਗਾ। ਫੇਰ ਇਤਨੇ ਤਾਂਬੇ ਕੇ ਪਾਤ੍ਰ ਮੇਂ ਕਾਹਿ ਕੋ ਉਠਾ ਕੇ ਲੇ ਜਾਊਂ। ਯਹਿ ਜਗ੍ਹਾ ਉਜਾੜ ਮੇਂ ਹੈ। ਅਰ ਈਹਾਂ ਦੇਖਤਾ ਕੋਈ ਪੜਾ

ਨਹੀਂ। ਈਹਾਂ ਮੇਂ ਪਾਤਰ ਦਬਾ ਕੇ ਕੋਈ ਚਿੰਨ ਕਰ ਜਾਊਂ। ਆਤੇ ਸਮੇਂ ਈਹਾਂ ਸੇ ਲੇ ਜਾਊਂਗਾ। ਐਸੇ ਵਿਚਾਰ ਕਰ ਜੋ ਤਾਂਬੇ ਕੇ ਪਾਤ੍ਰ ਥੇ ਟੋਆ ਨਿਕਾਲ ਕਰ ਸੋ ਦਬ ਦੀਏ ਅਰ ਊਪਰ ਨਿਸ਼ਾਨ ਕੇ ਲੀਏ ਏਕ ਮਿਟੀ ਕੇ ਸ਼ਿਵਲਿੰਗ ਕਾ ਲਿੰਗ ਨਾਮ ਚਿੰਨ੍ਹ ਕਰ ਦੀਆ। ਅਰ ਫੇਰ ਚਲਾ ਗਿਆ॥੧॥ਮੂਲ॥ਤਹਾਂ ਨੇਕ ਜਨ ਆਏ। ਇਤੀ। ਉਸਕੇ ਪੀਛੇ ਉਸੀ ਜਗਾ ਪਰ ਹੋਰ ਅਨੇਕਾਂ ਹੀ ਯਾਤਰੂ ਪੁਰਸ਼ ਆ ਗਏ। ਉਨ੍ਹਾਂ ਯਾਤਰੂਆਂ ਨੇ ਸਜਰਾ ਲਿੰਗ ਬਨਾ ਹੂਆ ਦੇਖ ਕਰ ਚਿਤ ਮੇਂ ਜਾਨਾ ਕਿ ਈਹਾਂ ਸ਼ਿਵਲਿੰਗ ਬਨਾਣੇ ਕਾ ਮਹਾਤਮਾ ਹੈ। ਉਨਾਂ ਸਾਰਿਆਂ ਨੇ ਏਕ ਏਕ ਲਿੰਗ ਬਨਾਇ ਦੀਆ। ਅਰ ਆਪੋ ਆਪਣੇ ਸ਼ਿਵਲਿੰਗ ਕਾ ਪੂਜਨ ਕਰਕੇ ਵਹੁ ਜਨੋ ਕਾ ਸਮਦਾਇ ਚਲਾ ਗਿਆ। ਅਰ ਉਸ ਮਾਰਗ ਮੇਂ ਜੋ ਜੋ ਯਾਤਰੂ ਆਵੇ ਸੋ ਸੋ ਸ਼ਿਵਲਿੰਗ ਬਣਾਕੇ ਚਲੇ ਜਾਵੇ॥੨॥ਮੂਲ॥ਭੂਸਰ ਜੋ ਆਯੋ। ਇਤ। ਸਮਾਂ ਪਾ ਕੇ ਜਬ ਵਹੁ ਬ੍ਰਾਹਮਣ ਆਇਆ ਕਿਆ ਦੇਖੇ ਕਿ ਹਜ਼ਾਰਾਂ ਹੀ ਲਿੰਗ ਬਨੇ ਹੂਏ ਹੈਂ। ਐਸੇ ਦੇਖ ਕਰ ਚਿਤ ਮੇਂ ਵਡਾ ਅਸਚਰਜ ਹੂਆ ਯਹਿ ਕਿਆ ਪੜਾ ਹੂਆ ਹੈਂ। ਕਹੀ ਏਕ ਚਿੰਨ੍ਹ ਹੂੰ ਤੇ ਈਹਾਂ ਚਿੰਨ੍ਹੋ ਕੇ ਸਮਦਾਇ ਬਣ ਗਏ ਹੈਂ। ਭਾਵ-ਮੈਨੇ ਤੋ ਈਹਾਂ ਏਕ ਪਾਤ੍ਰੋਂ ਕੇ ਲੀਏ ਏਕ ਚਿੰਨ੍ਹ ਬਨਾਇਆ ਥਾ ਈਹਾਂ ਝੁੰਡਾਂ ਕੇ ਝੁੰਡ ਚਿੰਨ੍ਹ ਲੋਕਾਂ ਨੇ ਬਣਾ ਦੀਏ ਹੈਂ॥੩॥ਮੂਲ॥ਪਾਤਰ ਨਹੀ ਪਾਏ। ਇਤੀ। ਜਬ ਉਸ ਬ੍ਰਾਹਮਣ ਨੇ ਏਕ ਸ਼ਿਵਲਿੰਗ ਗਰਾਇ ਕੇ ਦੇਖਾ ਦੂਸਰਾ ਗਿਰਾ ਕੇ ਦੇਖਾ ਪਾਤਰ ਨ ਮਿਲੇ। ਤਬ ਬ੍ਰਾਹਮਣ ਇਸ ਪ੍ਰਕਾਰ ਕਹਿਣੇ ਲਗਾ ਮੈਨੇ ਤੋ ਪਾਤਰੋਂ ਕਾ ਲਿੰਗ ਨਾਮ ਚਿੰਨ ਕੀਆ ਥਾ। ਪਰ ਇਨ੍ਹਾਂ ਮੂਰਖਾਂ ਨੇ ਕੁਛ ਲਖਿਆ ਨਹੀਂ। ਯਹਿ ਚਿੰਨ੍ਹ ਕਿਸ ਲੀਏ ਬਨਾਇਆ ਗਯਾ ਥਾ। ਏਕ ਲਿੰਗ ਕੋ ਦੇਖ ਕਰ ਮੂਰਖਾਂ ਨੇ ਅਨੇਕਾਂ ਲਿੰਗ ਬਣਾ ਦੀਏ ਹੈਂ॥ਮੂਲ॥

**ਸੋਰਠਾ॥ਜਗ ਕੀ ਭੇਡਾ ਚਾਲ ਚਲਤੇ ਕੇ ਪਛੇ ਚਲੈ।**
**ਪਰਮਾਰਥ ਨ ਸਮਾਲ ਦੇਖੋ ਜਗ ਕੀ ਮੂੜਤਾ॥੨੦॥**



ਟੀਕਾ॥ਯੇ ਸਿਧ ਹੂਆ ਸੰਸਾਰ ਕੀ ਭੇਡਾਂ ਜੈਸੀ ਚਾਲ ਹੈ। ਏਕ ਭੇਡ ਜਿਧਰ ਚਲ ਪੜੇ ਬਾਕੀ ਦੀਆਂ ਭੇਡਾਂ ਉਸ ਪਿਛੇ ਚਲ ਪੜਤੀਆਂ ਹੈਂ। ਭਾਵੇਂ ਕੂਪ ਮੇਂ ਗਿਰ ਕੇ ਮਰ ਜਾਵੇ ਤੈਸੇ ਸੰਸਾਰੀ ਜੀਵ ਏਕ ਕੇ ਪਿਛੇ ਚਲ ਪੜਤੇ ਹੈ॥ਭਾਵ-ਕੁਲਾ ਰੀਤੀ ਨਹੀਂ ਛੋੜਤੇ। ਭਾਵੇਂ ਜੰਮਦੇ ਮਰਦੇ ਰਹੇ ਪਰਮਾਰਥ ਕੋ ਨਹੀਂ ਸਮਾਲੇਂਗੇ। ਦੇਖੋ ਇਨਾਂ ਸੰਸਾਰੀ ਜੀਵੇਂ ਕੀ ਕੈਸੀ ਮੂਰਖਤਾ ਹੈ॥ਕਾਹਿਤੇ॥ਵੇਦ ਸ਼ਾਸਤਰ ਸੇ ਆਦ ਲੇ ਕੇ ਜੋ ਗ੍ਰੰਥ ਹੈਂ ਇਨ ਮੈ ਤੀਨ ਕਾਂਡ ਹੈਂ। ਕਰਮ ਉਪਾਸ਼ਨਾ ਗਿਆਨ ਕਾਂਡ ਹੈ। ਜੋ ਕਰਮ ਕਰਨੇ ਲਗ ਪੜਾ ਹੈ। ਸੋ ਕਰਮ ਕਰੀ ਜਾਇਗਾ। ਜੋ ਉਪਾਸ਼ਨਾ ਕਰਨੇ ਲਗਾ ਹੈ ਸੋ ਉਪਾਸ਼ਨਾ ਕਰੀ ਜਾਇਗਾ ਜੋ ਗਿਆਨ ਮੇਂ ਪ੍ਰਵਿਰਤ ਹੂਆ ਹੈ ਸੋ ਗਿਆਨ ਮੇਂ ਪ੍ਰਵਿਰਤ ਰਹੇਗਾ। ਕਰਮ ਕਾਂਡ ਕਾ ਪਰਮਾਰਥ ਕਿਆ ਥਾ ਕਿ ਅੰਤਹਿਕਰਨ ਕੀ ਸੁਧੀ। ਉਪਾਸ਼ਨਾ ਕਾ ਪਰਮਾਰਥ ਕਿਆ ਥਾ ਕਿ ਚੰਚਲਤਾ ਸੇ ਮਨ ਰਹਿਤ ਹੋਣਾ। ਗਿਆਨ ਕਾ ਪਰਮਾਰਥ ਯੇ ਥਾ ਜੀਵਨ ਮੁਕਤੀ ਕਾ ਅਨੰਦ ਲੇਨਾ। ਯੇ ਤੋ ਮੂਰਖ ਲੋਕ ਸਮਝਾ ਨਹੀਂ। ਜੋ ਕਰਮ ਕਰਨੇ ਲਗਾ ਹੈ। ਉਸ ਕੀ ਕੁਲ ਕਰਮ ਕਰਤੀ ਚਲੀ ਜਾਇਗੀ। ਕਰਮ ਸੇ ਆਗੇ ਉਪਾਸ਼ਨਾ ਹੈ। ਸੋ ਉਪਾਸ਼ਨਾ ਨ ਕਰੇਗਾ। ਜੋ ਉਪਾਸ਼ਨਾ ਕਰਨੇ ਲਗਾ ਹੈ। ਉਸਕੀ ਕੁਲ ਉਪਾਸ਼ਨਾ ਕਰਤੀ ਚਲੀ ਜਾਇਗੀ। ਉਪਾਸ਼ਨਾ ਕੇ ਆਗੇ ਗਿਆਨ ਹੈ। ਸੋ ਗਿਆਨ ਮੇਂ ਪ੍ਰਵਿਰਤ ਨਾ ਹੋਗਾ। ਜੋ ਗਿਆਨ ਮੈ ਪ੍ਰਵਿਰਤ ਹੂਆ ਹੈ ਵਹੁ ਸਦਾ ਗਿਆਨ ਮੇਂ ਪ੍ਰਵਿਰਤ ਰਹੇਗਾ। ਗਿਆਨ ਸੇ ਆਗੇ ਜੋ ਜੀਵਨ ਮੁਕਤੀ ਕਾ ਅਨੰਦ ਹੈ ਉਸ ਮੇਂ ਪ੍ਰਵਿਰਤ ਨਾ ਹੋਗਾ। ਸੰਸਾਰੀ ਜੀਵੋਂ ਨੇ ਔਰ ਕਾਰ ਵਿਹਾਰ ਕੇ ਸਮਾਨ ਹੀ ਕਰਮ ਉਪਾਸ਼ਨਾ ਗਿਆਨ ਸਮਝ ਰਖੇ ਹੈਂ। ਇਨ ਕੇ ਪ੍ਰਮਾਰਥ ਕੋ ਬਿਪ੍ਰ ਪਾਤ੍ਰ ਚਿੰਨ ਵਤ ਨਹੀ ਸਮਝੇ ਹੈ। ਅਥਵਾ। ਜੋ ਜੋ ਅਚਾਰਜੋਂ ਨੇ ਭੇਖੋਂ ਕੇ ਚਿੰਨ੍ਹ ਚਲਾਏ ਥੇ। ਉਨ ਸਾਰਿਓਂ ਕਾ ਯੇ ਸਿਧਾਂਤ ਥਾ ਸੰਸਾਰ ਕੇ ਬੰਧਨਾ ਸੇ ਰਹਿਤ ਹੋ ਕਰ ਮੁਕਤ ਰੂਪ ਹੋ ਜਾਇੰ। ਯੇ ਪਰਮਾਰਥ ਕੋ ਸਮਝਾ ਨਹੀਂ ਕੋਈ ਧਨ ਜਮਾਂ ਕਰਨੇ



Scanned by CamScanner

ਲਗ ਪੜਾ ਹੈ। ਕੋਈ ਮਕਾਨ ਬਨਾਣੇ ਲਗ ਪੜਾ ਹੈ। ਕੋਈ ਚੇਲੇ ਚੇਲੀਆਂ ਬਨਾਣੇ ਲਗ ਪੜਾ ਹੈ। ਆਪੋ ਆਪਣੀ ਖਿਚੀ ਮੈ ਸਭ ਪੜ ਰਹੇ ਹੈਂ। ਬਿਪ੍ਰ ਪਾਤ੍ਰ ਚਿੰਨ੍ਹ ਵਤ ਇਨ੍ਹਾਂ ਨੇ ਪਰਮਾਰਥ ਸਮਝਾ ਨਹੀਂ। ਦੇਖੋ ਇਨਕੀ ਕੈਸੀ ਮੂਰਖਤਾ ਹੈ॥ ਸੰਕਾ॥ ਜਿਨ੍ਹਾਂ ਨੇ ਪਰਮਾਰਥ ਸਮਝ ਲੀਆ ਹੈ। ਉਨਕਾ ਸੁਭਾਵ ਕੈਸਾ ਹੋਵੈ ਹੈ॥ ਸਮਾਧਾਨ॥ ਮੂਲ॥

**ਦੋਹਿਰਾ॥ ਫਲ ਕਰਕੇ ਤਰ ਤਰੇ ਹੈ੍ ਨਿੰਮਤ ਅਤਿ ਸੂਤ ਵੰਤ। ਸੂਕੈ ਬ੍ਰਿਖ ਜਯੋ ਤੁਟਤ ਹੈ ਝੁਕਤ ਨਹੀ ਖਲ ਜੰਤ॥ ੨੧॥**

ਟੀਕਾ॥ ਜੈਸੇ ਬ੍ਰਿਛ ਫਲ ਕਰਕੇ ਨੀਵਾਂ ਹੋ ਜਾਤਾ ਹੈ॥ ਭਾਵ-ਜਬ ਬ੍ਰਿਛ ਕੋ ਫਲ ਲਗਤਾ ਹੈ। ਤਬ ਨੀਵੇਂ ਝੁਕ ਜਾਤਾ ਹੈ। ਤੈਸੇ ਵੇਦ ਸ਼ਾਸਤ੍ਰ ਦੁਆਰਾ ਜਿਸਨੇ ਪਰਮਾਰਥ ਸਮਝ ਲੀਆ ਹੈ। ਸੋ ਨਿਮ੍ਰਤਾ ਕੋ ਧਾਰਨ ਕਰੇ ਹੈ॥ ਭਾਵ-ਹੰਕਾਰ ਨਹੀਂ ਕਰੇ ਹੈ॥ ਸੰਕਾ॥ ਵੇਦ ਕਾ ਬੋਧ ਮੂਰਖ ਕੋ ਹੋ ਜਾਇ ਉਸ ਕਾ ਸੁਭਾਵ ਫੇਰ ਕੈਸਾ ਹੋਵੇ ਹੈ॥ ਸਮਾਧਾਨ॥ ਜੇਕਰ ਵੋਹੀ ਵੇਦ ਕਾ ਬੋਧ ਮੂਰਖ ਕੋ ਹੋ ਜਾਇ ਤੋ ਜੈਸੇ ਸੁਕੇ ਬ੍ਰਿਛ ਕੋ ਨਿਵਾਓ ਟੁਟ ਤੋ ਜਾਇਗਾ ਪਰ ਨੀਵਾਂ ਨਹੀਂ ਹੋਇਗਾ। ਤੈਸੇ ਮੂਰਖ ਪੁਰਸ਼ ਕਿਸੀ ਆਗੇ ਨੀਵਾਂ ਨਹੀਂ ਹੋਵੇਗਾ। ਹੰਕਾਰ ਸੇ ਗਰਦਨ ਊਚੀ ਰਖੇਗਾ। ਇਸ ਪਰ ਏਕ ਗਾਥਾ ਹੈ। ਏਕ ਮਹਾਂ ਮੂਰਖ ਵਿਦਿਆ ਪੜ੍ਹ ਗਯਾ ਹੰਕਾਰ ਚਿਤ ਮੇਂ ਅਤੀ ਹੋ ਰਹਾ। ਤਹਾਂ ਏਕ ਸੰਤ ਰਹਿਤੇ ਥੇ, ਉਨਕੇ ਪਾਸ ਸਭ ਲੋਕ ਕਥਾ ਸੁਨਣੇ ਜਾਇਆ ਕਰਤੇ ਥੇ। ਨਿਮਸ਼ਕਾਰ ਕਰਕੇ ਸਭ ਨੇ ਬੈਠ ਜਾਨਾ ਵਹੁ ਮੂਰਖ ਭੀ ਕਥਾ ਸੁਨਣੇ ਆਇਆ ਕਰਤਾ ਥਾ ਨਿਮਸ਼ਕਾਰ ਨਹੀਂ ਸੀ ਕਰਤਾ ਐਸੇ ਹੀ ਆਣ ਕੇ ਬੈਠ ਜਾਤਾ ਥਾ ਏਕ ਦਿਨ ਜਬ ਕਥਾ ਹੋ ਗਈ ਸੰਤਾਂ ਨੇ ਕਹਾ ਦੇਖੋ ਹੋਰ ਜੋ ਪ੍ਰੇਮੀ ਲੋਕ ਆਤੇ ਹੈਂ, ਸਭ ਨਿਮਸ਼ਕਾਰ ਕਰਕੇ ਬੈਠਤੇ ਹੈ। ਜਬ ਜਾਤੇ ਹੈ ਫੇਰ ਭੀ ਕਰਕੇ ਜਾਤੇ ਹੈਂ। ਯੇ ਸਾਂਈ ਲੋਕ ਐਸੇ ਹੀ ਬੈਠ



ਜਾਤਾ ਹੈ। ਪੂਛਾ ਤੁਮ ਨਿਮਸ਼ਕਾਰ ਕਿਉਂ ਨਹੀਂ ਕਰਤੇ। ਮੂਰਖ ਨੇ ਕਹਾ ਤੁਮ ਕੋਈ ਹਮ ਸੇ ਵਡੇ ਹੋ। ਮੈ ਆਪ ਕੋ ਨਿਮਸ਼ਕਾਰ ਕਾਹੇ ਕੀ ਕਰੋਂ ਜੈਸੇ ਤੁਮ ਵਿਦਵਾਨ ਤੈਸੇ ਹਮ ਵਿਦਵਾਨ ਹੈਂ। ਐਸੇ ਕਹਿ ਕੇ ਚਲਾ ਗਯਾ। ਸੰਤਾਂ ਨੇ ਸੋਚਾ ਜੇ ਸਤਿਸੰਗ ਮੇਂ ਆਕਰ ਚਿਤ ਇਸਕਾ ਨਰਮ ਨਾ ਹੂਆ। ਫੇਰ ਔਰ ਕਹਾਂ ਹੋਗਾ। ਸੰਤਾਂ ਆਪਣਾ ਵਡਾ ਦਰਵਾਜ਼ਾ ਬੰਦ ਕਰਵਾ ਦੀਆ। ਏਕ ਛੋਟਾ ਜੇਹਾ ਦਰਵਾਜ਼ਾ ਰਖ ਦੀਆ। ਜਬ ਇਸ ਸੇ ਵਹੁ ਲੰਘੇਗਾ ਤਬ ਤੋ ਸਿਰ ਨੀਵਾਂ ਕਰਕੇ ਲੰਘੇਗਾ। ਜਬ ਸਿਰ ਨੀਵਾਂ ਕਰਕੇ ਲੰਘਿਆ ਤੋ ਆਪੇ ਨਿਮਸ਼ਕਾਰ ਹੋ ਗਈ। ਜਬ ਦੂਸਰੇ ਦਿਨ ਸੰਗਤ ਆਣ ਕੇ ਬੈਠ ਗਈ ਫੇਰ ਵਹੁ ਮੂਰਖ ਆਇਆ ਤੋ ਕਿਆ ਦੇਖੇ ਛੋਟਾ ਦਰਵਾਜ਼ਾ ਹੈ। ਚਿਤ ਮੇਂ ਸੋਚਨੇ ਲਗਾ ਜੇ ਮੈ ਸਿਰ ਪਹਿਲੇ ਲੰਘਾਤਾ ਹੂੰ ਤੋ ਨਿਮਸ਼ਕਾਰ ਹੋ ਜਾਇਗੀ। ਫੇਰ ਮੇਰਾ ਬਰਤ ਭੰਗ ਹੋ ਜਾਇਗਾ। ਸਭ ਕੇ ਦੇਖਤੇ ਹੋਇਆਂ ਪਹਿਲੇ ਉਸਨੇ ਲਤਾਂ ਲੰਘਾਇਆਂ ਫੇਰ ਸਿਰ ਲੰਘਾਇਆ ਜਾ ਕੇ ਕਹਿਣੇ ਲਗਾ ਤੁਸਾਂ ਨੇ ਭੀ ਉਪਾਇ ਕਰਾ ਥਾ ਪਰ ਮੈਨੇ ਭੀ ਨਿਮਸ਼ਕਾਰ ਹੋਣੇ ਨਹੀਂ ਦਈ। ਸੰਤਾਂ ਨੇ ਕਹਾ ਹਮ ਹਾਰ ਗਏ। ਮੂਰਖ ਕਬੀ ਨੀਵਾਂ ਨਾ ਹੋਗਾ। ਸੰਕਾ। ਐਸੇ ਪੁਰਸ਼ ਕੀ ਕੋਈ ਔਖਧੀ ਹੈ ਵਸੀ ਕਰਨੇ ਕੀ। ਵਾ ਨਹੀਂ॥ ਸਮਾਧਾਨ॥ ਮੂਲ॥

**ਕਬਿਤ॥ ਨੀਰ ਕਰ ਸਿਖੀ ਕੇ ਨਿਵਾ ਰਨ ਮੋ ਸਮਰਥ ਛਾਯਾ ਕਰ ਦਿਵਾਕਰ ਆਤਪ ਨਿਵਾਰੀਏ। ਸਮਦ ਮਤੰਗ ਵਸ ਹੋਤ ਤੀਖੇ ਕੁੰਡੇ ਕਰ ਧੇਨ ਭੈਸ ਰਾਸਭ ਕੋ ਦੰਡ ਕਰ ਟਾਰੀਏ। ਭੇਖਜ ਕੀ ਸੰਗ੍ਰਹਿ ਕਰ ਬਜਾਧ ਕੋ ਪਰਹਾਰ ਕਰੈ ਮੰਤਰਨ ਕੇ ਬਲਤੇ ਭੁਜੰਗ ਮਾਰ। ਨਿਗਮ ਕਰੀ ਯੋ ਰਚੀ ਭੇਖਜ ਸਕਲ ਕੇਰੀ ਪਰ ਨੀਚ ਨਰ ਕੀ ਨ ਔਖਧਿ ਉਚਾਰੀ ਏ॥ ੨੨॥**

ਟੀਕਾ॥ ਸਿਖੀ ਨਾਮ ਅਗਨੀ ਕੇ ਬੁਝਾਵਨੇ ਮੈ ਜਲ ਸਮਰਥ ਹੈ।



Scanned by CamScanner

ਛਤਰ ਕੀ ਯਾਂ ਔਰ ਕਿਸੀ ਛਾਯੀ ਕਰਕੇ ਸੂਰਜ ਕੀ ਧੂਪ ਦੂਰ ਹੋ ਜਾਤੀ ਹੈ॥੧॥ ਸਹਿਤ ਮਦ ਸੇ ਮਸਤਾ ਹੂਆ ਜੋ ਹਾਥੀ ਹੈ ਸੋ ਤੀਖੇ ਕੁੰਡੇ ਸੇ ਵਸੀ ਹੋ ਜਾਤਾ ਹੈ। ਜਮ ਕੇ ਸਮ ਅੰਕੁਸ ਕਾ ਹਾਥੀ ਕੋ ਭੈ ਹੋਤਾ ਹੈ। ਧੇਨ ਨਾਮ ਗਊ ਭੈਸ ਨਾਮ ਮਝ ਰਾਸਭ ਨਾਮ ਗਧਾ ਏ ਤੀਨੋਂ ਦੰਡੇ ਸੇ ਦੂਰ ਹਟ ਜਾਤੇ ਹੈਂ॥੨॥ ਰੋਗਾਂ ਕੇ ਪਰਹਾਰ ਕਰਨੇ ਲੀਏ ਸ਼ਾਸਤਰੋਂ ਮੇਂ ਅਨੇਕ ਪਰਕਾਰ ਦੀ ਔਖਧੀਆਂ ਕਾ ਸਮਦਾਇ ਨਿਰੂਪਨ ਕਰਾ ਹੂਆ ਹੈ। ਅਮਕੀ ਦਵਾਈ ਅਮਕੀ ਬੀਮਾਰੀ ਕੋ ਦੂਰ ਕਰਤੀ ਹੈ। ਮੰਤਰੋਂ ਕੇ ਬਲ ਕਰਕੇ ਸਰਪ ਕੀ ਮਾਰ ਨਾਮ ਵਿਖ ਦੂਰ ਕਰੀ ਜਾਤੀ ਹੈ॥੩॥ ਇਸੀ ਪ੍ਰਕਾਰ ਸੰਪੂਰਨ ਕੀ ਔਖਧੀ ਵੇਦ ਭਗਵਾਨ ਨੇ ਰਚ ਕਰਕੇ ਤੌ ਉਚਾਰਨ ਕਰ ਦਈ ਹੈ। ਪਰ ਨੀਚ ਪੁਰਸ਼ ਕੇ ਵਸੀ ਕਰਨੇ ਕੀ ਔਖਧੀ ਵੇਦ ਨੇ ਭੀ ਕੋਈ ਨਹੀਂ ਉਚਾਰਨ ਕਰੀ॥ਭਾਵ-ਯੇ ਅਸਾਧ ਰੋਗ ਹੈ॥ਸੰਕਾ॥ਇਸ ਖ਼ਲ ਕੇ ਵਾਕੋਂ ਪਰ ਨਿਸਚਾ ਕਰਨਾ ਚਾਹੀਏ। ਵਾ ਨਹੀਂ॥ਸਮਾਧਾਨ॥ਮੂਲ॥

**ਦੋਹਿਰਾ॥ਮਤ ਪਰਤੀਤ ਖਲ ਕੀ ਕਰੋ ਸੁਕੁਲ ਜਬੀ ਵਿਦਵਾਨ। ਚੰਦਨ ਕੇ ਘਰਸਣ ਕਰੇ ਦਾਹਿਤ ਪਰਗਟ ਕ੍ਰਿਸਾਨ॥੨੩॥**

ਟੀਕਾ॥ਮੂਰਖ ਪੁਰਸ਼ ਕੇ ਵਚਨੋਂ ਪਰ ਮਤ ਨਿਸਚੇ ਕਰੋ। ਭਾਵੇਂ ਸ੍ਰੇਸ਼ਟ ਕੁਲ ਵਾਲਾ ਭੀ ਹੋਵੇ ਅਰ ਭਾਵੇਂ ਵਿਦਿਆਵਾਨ ਭੀ ਹੋ ਤੌ ਭੀ ਇਸਕੇ ਵਚਨਾਂ ਪਰ ਵਿਸਵਾਸ਼ ਨਾ ਕਰਨਾ॥ਕਾਹਿਤੇ॥ਇਸ ਸੇ ਭਲਿਆਈ ਕਬੀ ਨਾ ਹੋਗੀ। ਜਬ ਹੋਗੀ ਤੌ ਬੁਰਿਆਈ ਹੋਗੀ। ਦ੍ਰਿਸਟਾਂਤ। ਚੰਦਨ ਜੈਸਾ ਸੰਸਾਰ ਮੇਂ ਔਰ ਕੋਈ ਸੀਤਲ ਨਹੀਂ। ਪਰ ਜਦੋਂ ਉਸੀ ਚੰਦਨ ਕੋ ਜ਼ੋਰ ਸੇ ਘਸਾਇਆ ਜਾਵੇ। ਫੇਰ ਉਸੀ ਸੇ ਅਗਨੀ ਪੈਦੇ ਹੋ ਕੇ ਪਰਗਟ ਹੀ ਦਾਹ ਕਰ ਦੇਵੇ ਹੈ। ਤੈਸੇ ਮੂਰਖ ਸ੍ਰੇਸ਼ਟ ਕੁਲ ਵਾਲਾ ਅਰ ਵਿਦਵਾਨ ਭੀ ਹੋਵੇ। ਫੇਰ ਭੀ ਵਹੁ ਦੁਖ ਕਾ ਦਾਤਾ ਹੋਗਾ। ਇਸ ਮੇਂ ਕਿੰਚਤ ਸੰਸਾ ਨਹੀਂ। ਅਬ ਤੇਰ੍ਹਵਾਂ ਧਿਆਇ ਸਮਾਪਤ ਹੋ ਗਯਾ ਹੈ। ਅਬ ਆਗੇ ਛੰਦੋਂ ਕੀ ਗਿਨਤੀ



ਕਹੇ ਹੈਂ॥

**ਦੋਹਿਰਾ॥ਬੀਸ ਦੋਹਿਰੇ ਦੋ ਕਬਿਤ ਏਕ ਸੋਰਠਾ ਜਾਨ। ਤੀਨ ਬੀਸ ਸਭ ਛੰਦ ਹੈਂ ਹਿਰਦੈ ਸਰੋਰਹਿ ਭਾਨ॥੨੪॥**

ਟੀਕਾ॥ਅਰਥ ਸਪੱਸ਼ਟ ਹੈ। ਇਤਿ ਸ੍ਰੀ ਸਾਰੁਕੁਤਾਵਲੀ ਤਾਸ ਤ੍ਰੌਦਸੌ ਧਜਾਇ। ਨਿੰਦੈ ਖਲ ਇੰਦ੍ਰੈ ਵਿਖਯ ਮੁਕਤ ਨਮਿੱਤ ਵਿਹਾਇ॥ਅਰਥ ਸਪੱਸ਼ਟ ਹੈ॥

**ਦੋਹਿਰਾ॥ਪਾਂਚ ਵਿਸੇ ਜੋ ਜਗਤ ਮੈ ਅਰ ਦੁਰਜਨ ਕਾ ਸੰਗ। ਇਨ ਕਾ ਸੰਗ ਨ ਕੀਜੀਏ ਕਰੇ ਬੁਧੀ ਕੋ ਭੰਗ॥**

ਇਤਿ ਸ੍ਰੀ ਸਾਰੁਕੁਤਾਵਲੀ ਤਤ੍ਰ ਬੋਧਨੀ ਟੀਕਾ ਕ੍ਰਿਤ ਪਰਮ ਹੰਸ ਸੰਤ ਜੁਵਾਲਾ ਦਾਸ ਉਦਾਸੀਨ ਇੰਦ੍ਰਯ ਵਿਸ਼ੇ ਅਰ ਖਲ ਨਿੰਦਨ ਵਰਨਨੰ ਤ੍ਰਿਉਦਸੋ ਧਿਆਇ॥੧੩॥

-o-



Scanned by CamScanner

੧ੴ ਸਤਿਗੁਰ ਪ੍ਰਸਾਦਿ ॥

# ਅਥ ਚੌਦਸ ਅਧਿਆਇ ਪ੍ਰਾਰੰਭ

ਸੰਕਾ ॥ ਇਸ ਚੌਦਸ ਧਿਆਇ ਮੇਂ ਆਪ ਕਿਆ ਨਿਰੂਪਨ ਕਰੋਗੇ ॥ ਸਮਾਧਾਨ ॥

**ਦੋਹਿਰਾ ॥ ਸਿਖ੍ਯਾ ਵਰਨੈ ਚੌਦਸੈ ਚੌਦਸ ਛੰਦ ਉਚਾਰ। ਬੇਗ ਤ੍ਰਿਤਾਪ ਪਰਹਾਰ ਹ੍ਵੈ ਜਿਉ ਘਨ ਬਾਰ ਬਿਆਰ ॥੧ ॥**

ਟੀਕਾ ॥ ਕਲਿਆਨ ਕੇ ਦੇਨੇ ਹਾਰੀ ਜੋ ਉਤਮ ਸਿਖਿਆ ਹੈ। ਸੋ ਇਸ ਚੌਦਵੇਂ ਧਿਆਇ ਮੈ ਚੌਦਾਂ ਛੰਦੋਂ ਕਰਕੇ ਉਚਾਰਨ ਕਰੇਂਗੇ ਜਿਸ ਪ੍ਰਕਾਰ ਜਲ ਵਾਲੇ ਮੇਘਾਂ ਕੋ ਬਿਆਰ ਨਾਮ ਪਵਨ ਉਡਾ ਕੇ ਲੇ ਜਾਵੇ ਹੈ। ਜੋ ਇਸ ਸਿਖਿਆ ਕੋ ਧਾਰਨ ਕਰੇਗਾ। ਅਧਿਆਤਮ ਅਧਿ ਭੂਤ ਅਧਿ ਦੇਵ ਇਹ ਤੀਨੋਂ ਤਾਪ ਤਿਸੀ ਪ੍ਰਕਾਰ ਛੇਤੀ ਨਾਸ਼ ਨੂੰ ਪ੍ਰਾਪਤ ਹੋ ਜਾਵੇ ਹੈ। ਵਾ ਛੇਤੀ ਨਾਸ਼ ਕਰ ਦੇਵੇ ਹੈ ॥ ਸੰਕਾ ॥ ਸੰਸਾਰ ਮੇਂ ਅਤੀ ਦੁਰਲਭ ਵਸਤੂ ਕਵਨ ਹੈ ॥ ਸਮਾਧਾਨ ॥ ਮੂਲ ॥

**ਨਰਾਜ ਛੰਦ ॥ ਹਿਤੀਖਣਾ ਜਹਾਂ ਅਹੇ ਤਹਾ ਨਹੀ ਮਨੀਖਣਾ। ਮਨੀਖਣਾ ਜਹਾ ਅਹੇ ਤਹਾ ਨਹੀ ਹਤੀਖਣਾ। ਸਮਾਧਿ ਵੇਦ ਵੇਦ ਭੀ ਸੁ ਦੁਰਲਭੰ ਉਭੈ ਅਹੈ। ਯਥੌ ਖਧੀ ਸੁਵਾਦ ਵੰਤ ਬਯਾਧ ਮੂਲ ਕੋ ਦਹੈ ॥੧ ॥**

ਟੀਕਾ ॥ ਜਹਾਂ ਹਿਤ ਇੱਛਾ ਪੂਰਬਕ ਪੜਾਨੇ ਵਾਲਾ ਹੈ ਤਹਾਂ ਬੁਧੀਵਾਨ ਪੜਨੇ ਵਾਲਾ ਕੋਈ ਨਹੀਂ ਹੈ। ਜਹਾਂ ਬੁਧੀਵਾਨ ਪੜਨੇ ਵਾਲਾ



ਹੈ। ਤਹਾਂ ਹਿਤ ਕੀ ਇੱਛਾ ਪੂਰਬਕ ਪੜਾਨੇ ਵਾਲਾ ਕੋਈ ਨਹੀਂ ਹੈ। ਇਨ ਦੋਨੋਂ ਕਾ ਸੰਜੋਗ ਹੋਣਾ ਦੁਰਲਭ ਹੈ। ਅਥਵਾ ਜਹਾਂ ਹਿਤ ਨਾਮ ਮੋਖ ਕੀ ਇਛਾਵਾਨ ਪੁਰਸ਼ ਹੈਂ ਤਹਾਂ ਤਤਵੇਤਾ ਬੁਧੀਵਾਨ ਉਪਦੇਸ਼ਟਾ ਕੋਈ ਨਹੀਂ ਹੈ। ਜਹਾਂ ਤਤਵੇਤਾ ਬੁਧੀਵਾਨ ਉਪਦੇਸ਼ਟਾ ਹੈ। ਤਹਾਂ ਮੋਖ ਕੀ ਇੱਛਾ ਵਾਲਾ ਪੁਰਸ਼ ਕੋਈ ਨਹੀਂ ਹੈ। ਇਨ ਦੋਨੋਂ ਕਾ ਸੰਜੋਗ ਹੋਣਾ ਦੁਰਲਭ ਹੈ। ਅਥਵਾ-ਜਹਾਂ ਕਲਿਆਨ ਹੋਣੇ ਕੀ ਇੱਛਾ ਹੈ। ਤਹਾਂ ਮਨ ਕੀਆਂ ਇੱਛਾਂ ਪ੍ਰਬਲ ਨਹੀਂ ਹੋਣੇ ਦੇਵੇ ਹੈ। ਭਾਵ ਮਨ ਕਾ ਨਿਰੋਧ ਰਖੇ ਹੈ। ਜਹਾਂ ਮਨ ਕੀਆਂ ਇੱਛਾ ਪਰ ਬਲ ਹੋ ਰਹੀਆਂ ਹੈਂ। ਭਾਵ ਮਨ ਮੇਂ ਸੰਕਲਪ ਹੀ ਉਠਤੇ ਰਹਿਤੇ ਹੈਂ। ਤਹਾਂ ਮੋਖ ਕੇ ਹੋਣੇ ਕੀ ਇੱਛਾ ਨਹੀਂ ਉਤਪਨ ਹੋਵੇ ਹੈ। ਇਨ ਕਾ ਸੰਜੋਗ ਹੋਣਾ ਦੁਰਲਭ ਹੈ। ਸੋ ਕੈਸੇ। ਸਮਦਮ ਸਰਧਾ ਸਮਾਧਾਨ ਉਪਰਾਮਤਾ ਤਤਿਖ੍ਯਾ ਚਤੁਸਟੇ ਸਾਧਨ ਸਪੰਨ ਭੀ ਹੋਵੇ ਨਾਲੇ ਸੰਸਕ੍ਰਿਤ ਵੇਦ ਵਿਦਿਆ ਭੀ ਵੇਦ ਨਾਮ ਜਾਨਤਾ ਹੋਵੇ। ਇਨ੍ਹਾਂ ਦੋਹਾਂ ਬਾਤਾਂ ਵਾਲਾ ਪੁਰਸ਼ ਦੁਰਲਭ ਹੈ। ਦ੍ਰਿਸਟਾਂਤ। ਔਖਧੀ ਸੁਵਾਦ ਵਾਲੀ ਭਾਵ ਮਿਠੀ ਹੋਵੇ ਰੋਗ ਕੋ ਭੀ ਮੂਲ ਸੇ ਨਾਸ਼ ਕਰੇ ਐਸੀ ਦਵਾਈ ਜੈਸੇ ਦੁਰਲਭ ਹੈ। ਤੈਸੇ ਚਤੁਸਟੇ ਸਾਧਨ ਸਪੰਨ ਅਰ ਵੇਦ ਵਿਦਿਆ ਭੀ ਜਾਨਤਾ ਹੋਵੇ ਐਸੇ ਸੰਤ ਭੀ ਦੁਰਲਭ ਹੈਂ ॥ ਸੰਕਾ ॥ ਕੋਈ ਕਿਸੀ ਕਾ ਪਿਆਰਾ ਹੈ ਵਾ ਨਹੀਂ ॥ ਸਮਾਧਾਨ ॥ ਮੂਲ ॥

**ਛਪੈ ਛੰਦ ॥ ਬਿਰਖ ਹੀਨ ਫਲ ਚੀਨ ਬਿਹੰਗਮ ਬੇਗ ਤਿਆਗੈ। ਕਾਨਨ ਦਗਧੋ ਦੇਖ ਹਰਨ ਆਦਿਕ ਸਭ ਭਾਗੈ। ਫੂਲ ਮਾਲ ਨਿਰਗੰਧ ਗਲੇ ਤੇ ਤਿਆਗੈ ਸਭ ਨਰ। ਸਾਰਸ ਤਿਯਾਗੇ ਬੇਗ ਨੀਰ ਬਿਨ ਪੇਖ ਸਰੋਵਰ। ਪੁਨ ਗਨਿਕਾ ਨਿਰਧਨ ਨਰ ਤਜੈ ਭ੍ਰਿਸਟ ਨ੍ਰਿਪਨ ਭ੍ਰਿਤ ਤਜਤਹੀ। ਜਨ ਸਕਲੇ ਸ੍ਵਾਰਥ ਵਸਰਮੇਂ ਕੋ ਕਾਹੂੰ ਪਿਆਰੋ ਨਹੀ ॥੨ ॥**



Scanned by CamScanner

ਟੀਕਾ॥ ਵਿਚਾਰ ਕੇ ਦੇਖਾ ਜਾਏ ਇਸ ਸੰਸਾਰ ਮੇਂ ਭੀ ਆਪਣੇ ਮਤਲਬ ਕੇ ਯਾਰ ਹੈਂ॥ਕਾਹਿਤੇ॥ਜਬ ਤਕ ਜਿਸ ਸੇ ਜਿਸਕਾ ਅਰਥ ਕੋਈ ਨਿਕਲਤਾ ਹੈ। ਉਸ ਸੇ ਵਹੁ ਤਬ ਤਕ ਪਿਆਰ ਕਰੇ ਹੈ। ਜਬ ਤਕ ਅਰਥ ਨਾ ਨਿਕਲੇ ਤਬ ਉਸਕਾ ਵਹੁ ਤਿਆਗ ਕਰ ਦੇਵੇ ਹੈ। ਅਬ ਇਸੀ ਬਾਤ ਕੋ ਆਗੇ ਕਹੇ ਹੈਂ ਬ੍ਰਿਛ ਕੋ ਫਲ ਤੇ ਰਹਿਤ ਦੇਖ ਕਰ ਪੰਛੀ ਜੈਸੇ ਸ਼ੀਘਰ ਬ੍ਰਿਛ ਕੋ ਤਿਆਗ ਦੇਵੇ ਹੈ॥ ਭਾਵ-ਜਬ ਤਕ ਬ੍ਰਿਛ ਸਾਥ ਫਲ ਰਹੇ ਹੈ ਪੰਛੀ ਤਬ ਤਕ ਪ੍ਰੇਮ ਕਰੇ ਹੈ। ਜਬ ਫਲ ਰਹਿਤ ਹੂਆ ਫੇਰ ਪੰਛੀ ਉਸਕਾ ਤਿਆਗ ਕਰ ਦੇਵੇ ਹੈ॥ ੧ ॥ ਬਨ ਅਗਨੀ ਸੇ ਸੜਤਾ ਹੂਆ ਦੇਖ ਕਰ ਹਰਨ ਆਦੀ ਤਿਆਗ ਕਰ ਸਭ ਭਾਗ ਜਾਤੇ ਹੈਂ॥ ਭਾਵ-ਜਬ ਤਕ ਬਨ ਹਰਿਆਵਲੀ ਸੇ ਪੂਰਨ ਹੋ ਰਹਾ ਹੈ, ਤਬ ਤਕ ਹਰਨ ਆਦੀ ਜੀਵ ਨਵਾਸ ਕਰਤੇਂ ਹੈਂ। ਜਬ ਉਸੀ ਬਨ ਕੋ ਅਗਨੀ ਲਗੀ ਹੂਈ ਦੇਖੀ ਫੇਰ ਸਭੀ ਤਿਆਗ ਕੇ ਚਲੇ ਜਾਵੇ ਹੈਂ। ਰਖਿਆ ਉਸਕੀ ਫੇਰ ਕੋਈ ਨਹੀਂ ਕਰੇ ਹੈ॥ ੨ ॥ ਫੂਲੋਂ ਕੀ ਮਾਲਾ ਮੈ ਜਬ ਤਕ ਸੁਗੰਧੀ ਹੈ। ਤਬ ਤਕ ਪੁਰਸ਼ ਗਲ ਮੇਂ ਰਖਤੇ ਹੈਂ। ਫੂਲੋਂ ਕੀ ਮਾਲਾ ਜਬ ਦੇਖੀ ਕਿ ਸੁਕ ਗਈ ਹੈ॥ ਭਾਵ-ਸੁਗੰਧੀ ਨਹੀਂ ਰਹੀ ਫੇਰ ਸਭ ਪੁਰਸ਼ ਗਲ ਸੇ ਉਤਾਰ ਕੇ ਤਿਆਗ ਕਰ ਦੇਵੇ ਹੈ॥ ੩ ॥ਸਾਰਸ ਨਾਮ ਪੰਛੀਆਂ ਕਾ ਜੋੜਾ ਹੋਤਾ ਹੈ। ਜਲ ਸੇ ਭਰਾ ਹੂਆ ਤਲਾਓ ਜਬ ਤਕ ਹੈ, ਤਬ ਤਕ ਉਸ ਪਰ ਸਾਰਸ ਪੰਛੀ ਰਹੇ ਹੈਂ। ਜਲ ਸੇ ਰਹਿਤ ਸਰ ਕੋ ਦੇਖ ਕਰ ਵਹੁ ਪੰਛੀ ਸ਼ੀਘਰ ਤਿਆਗ ਜਾਵੇ ਹੈ॥ ੪ ॥ ਜਕ ਤਕ ਪੁਰਸ਼ ਕੇ ਪਾਸ ਧਨ ਹੈ, ਤਬ ਤਕ ਵੇਸ੍ਵਾ ਪ੍ਰੇਮ ਕਰੇ ਹੈ। ਜਬ ਉਸੀ ਪੁਰਸ਼ ਕੋ ਨਿਰਧਨ ਦੇਖਤੀ ਹੈ, ਉਸੀ ਸਮੇਂ ਪੁਨਾ ਗਨਕਾ ਤਿਆਗ ਦੇਵੇ ਹੈ। ਭ੍ਰਿਸ਼ਟਾ ਰਾਜਾ ਵਹੁ ਹੈ ਜੋ ਆਪਣੇ ਧਰਮ ਸੇ ਬਿਮੁਖ ਹੋ ਕਰ ਨੀਤੀ ਕੇ ਅਨੁਸਾਰ ਨਿਆਵ ਨਹੀਂ ਕਰਤਾ। ਤਿਸ ਰਾਜਾ ਕੋ ਭ੍ਰਿਤ ਨਾਮ ਟਹਿਲੂਆ ਤਿਆਗ ਦੇਵੇ ਹੈ॥ ੫ ॥ ਏ ਸਾਰੇ ਲੋਕ ਆਪਣੇ ਪ੍ਰਜੋਜਨ ਵਾਸਤੇ ਰਮਦੇ ਹੈਂ। ਕੋਈ ਕਿਸੀ ਕਾ ਪਿਆਰਾ ਨਹੀਂ ਹੈ॥ ਭਾਵ-ਦੁਨੀਆਂ ਸਭ ਆਪਣੇ ਮਤਲਬ ਕੀ ਹੈ॥ ੬ ॥ ਸੰਕਾ॥ ਸੰਸਾਰ ਮੇਂ ਨਹੀਂ ਧਨ ਕੌਣ



ਹੈ॥ ਸਮਾਧਾਨ॥ ਮੂਲ॥

**ਦੋਹਿਰਾ॥ਪਸੁ ਧਨ ਅਧਨ ਕਨਕ ਅਰਧ ਅਹੈ ਸਰਬ ਧਨ ਧਾਨ। ਮਿਤਰ ਸੀਲ ਵਿਦਿਆ ਤ੍ਰਿਤੀ ਅਤਿ ਸੈ ਧਨ ਕੀ ਖਾਨ।੩।**

ਟੀਕਾ॥ ਹਾਥੀ ਘੋੜਾ ਗਊ ਭੈਸ ਤੇ ਆਦਿ ਲੇ ਕਰ ਯੇ ਪਸੂ ਸਭ ਅਧੰਨ ਹੈਂ॥ਕਾਹਿਤੇ॥ਰਾਤ ਕੋ ਸਵਾਸ ਨਿਕਸ ਜਾਏ ਤੇ ਦਿਨੇ ਕੁਛ ਨਹੀਂ ਵਟੀਂਦਾ। ਏਸ ਵਾਸਤੇ ੧ਯੇ ਪਸੂ ਧਨ ਨਹੀ ਹੈ॥ ਸੰਕਾ॥ ਅਰਧ ਧਨ ਕਵਨ ਹੈ॥ਸਮਾਧਾਨ॥ਕਨਕ ਜੋ ਸੋਨਾ ਹੈ ਯੇ ਅਰਧ ਧਨ ਹੈਂ॥ਕਾਹਿਤੇ॥ ਵਿਪਤਾ ਕਾਲ ਮੇਂ ਦੋਸੌ ਕਾ ਇਕ ਸੌ ਮਿਲਤਾ ਹੈ। ਇਸ ਸੌ ਕਾ ਪਚਾਸ ਮਿਲਤਾ ਹੈ॥ਸੰਕਾ॥ਸਾਰਾ ਧਨ ਕਵਨ ਹੈ॥ਸਮਾਧਾਨ॥ਧਾਨ ਜੋ ਅਨਾਜ ਹੈ ਯੇ ਸਾਰਾ ਧਨ ਹੈ। ਕਾਹਿਤੇ। ਏਕ ਐਸੀ ਜਗਾ ਹੋਤੀ ਹੈ ਧਨ ਪਾਸ ਹੈ ਅੰਨ ਮਿਲਤਾ ਨਹੀਂ। ਇਸ ਧਨ ਕੇ ਪਾਸ ਹੋਤਿਆਂ ਹੋਇਆਂ ਪ੍ਰਾਨ ਨਿਕਸ ਜਾਤੇ ਹੈ। ਅੰਨ ਪ੍ਰਾਨਾਂ ਕੀ ਰਖਿਆ ਕਰ ਸਕਤਾ ਹੈ। ਧਨ ਨਹੀਂ ਕਰ ਸਕੇ ਹੈ॥ਸੰਕਾ॥ਅਤਿ ਸੇ ਧਨ ਕੀ ਖਾਨ ਕਵਨ ਹੈ॥ਸਮਾਧਾਨ॥ਮਿਤਰ ਹੋਣੇ ਸੀਲ ਸੁਭਾਵ ਹੋਣਾ ਵਿਦਿਆ ਪੜ੍ਹੀ ਹੋਵੇ ਯਹਿ ਤੀਨੋਂ ਹੀ ਅਤਿਸੈ ਧਨ ਕੀ ਖਾਨੀ ਹੈ। ਔਰ ਚੀਜ਼ ਤੌ ਮੁਕ ਜਾਤੀ ਹੈ। ਯੇ ਮੁਕਨੇ ਵਾਲੀ ਨਹੀਂ ਹੈ॥ ਸੰਕਾ॥ ਵਿਦਿਆ ਕੀ ਪ੍ਰਾਪਤੀ ਕੈਸੇ ਹੋਵੇ ਹੈ॥ ਸਮਾਧਾਨ॥ ਮੂਲ॥

**ਦੋਹਿਰਾ॥ਬਿਨਾ ਭਜਾਸ ਵਿਦਿਆ ਨਹੀ ਵਿਦਿਆ ਬਿਨ ਧਨ ਨਾਹਿ। ਬਿਨਾ ਦਰਬ ਨਹਿ ਮਿਤ੍ਰ ਕੋ ਮਿਤ੍ਰ ਬਿਨਾ ਬਲ ਕਾਹਿ॥੪॥**

ਟੀਕਾ॥ ਪੁਨਾ ਪੁਨਾ ਅਭਿਆਸ ਕੀਏ ਤੇ ਬਿਨਾਂ ਵਿਦਿਆ ਨਹੀਂ ਆਤੀ। ਵਾਰੰਵਾਰ ਅਭਿਆਸ ਕਰਨੇ ਸੇ ਵਿਦਿਆ ਕੀ ਪਰਾਪਤੀ ਹੋਵੇ ਹੈ॥ ਸੰਕਾ॥ ਧਨ ਕੈਸੇ ਮਿਲੇ ਹੈ॥ ਸਮਾਧਾਨ॥ ਵਿਦਿਆ ਤੇ ਬਿਨਾਂ ਧਨ ਨਹੀਂ



Scanned by CamScanner

ਮਿਲਤਾ, ਧਨ ਵਿਦਿਆ ਸੇ ਮਿਲੇ ਹੈ। ਇਲਮ ਰਹਿਤ ਪੁਰਸ਼ ਕੋ ਧਨ ਕੌਣ ਦੇਤਾ ਹੈ॥ ਸੰਕਾ॥ ਮਿਤਰ ਕਿਸਕੇ ਹੈਂ॥ ਸਮਾਧਾਨ॥ ਬਿਨਾਂ ਧਨ ਸੇ ਕੋਈ ਕਿਸੀ ਕਾ ਮਿਤ੍ਰ ਨਹੀਂ। ਧਨ ਵਾਲੇ ਕੇ ਸਭ ਮਿਤਰ ਹੈਂ॥

ਸੰਕਾ॥ ਬਲ ਕਿਸ ਕਾ ਹੈ॥ ਸਮਾਧਾਨ॥ ਜਿਸ ਕੇ ਮਿਤਰ ਹੈਂ ਬਲ ਉਸੀ ਕਾ ਹੈ। ਕਾਹਿਤੇ। ਕੇਵਲ ਬਲ ਹੈ ਅਰ ਮਿਤਰ ਨਹੀਂ ਹੈਂ। ਜਾਨੋ ਵਹੁ ਮ੍ਰਿਤੂ ਕੇ ਮੁਖ ਮੇਂ ਪੜਾ ਹੂਆ ਹੈ। ਦ੍ਰਿਸਟਾਂਤ। ਜੈਸੇ ਰਾਵਨ ਵਡਾ ਭਾਰੀ ਬਲੀ ਤੌਂ ਥਾ। ਜਿਸ ਕੇ ਭੈ ਕਰ ਦੇਵ ਅਸੁਰ ਕਾਂਪ ਰਹੇ ਥੇ। ਪਰ ਉਸਕਾ ਮਿਤਰ ਕੋਈ ਨਹੀਂ ਥਾ। ਤਬ ਛੇਤੀ ਮਾਰਾ ਗਯਾ। ਵਿਭੀਖਨ ਨੇ ਰਾਮ ਜੀ ਕੋ ਭੇਦ ਦੇ ਦੀਆ ਤੌ ਰਾਵਨ ਮਾਰਾ ਗਿਆ ਜੇ ਨਾ ਦੇਤਾ ਤੌ ਨਾ ਮਰਤਾ ਘਰ ਫੂਟਾ ਦਹਿਸਿਰ ਮਾਰਿਆ। ਯਹਿ ਲੌਕਿਕ ਪਰਮਾਨ ਹੈ। ਜਿਸ ਕੇ ਮਿਤ੍ਰ ਬਲ ਹੈਂ ਬਲ ਉਸੀ ਮੇਂ ਹੈ। ਮਿਤਰੋਂ ਬਿਨਾਂ ਬਲ ਕਿਸ ਮੇਂ ਹੈ॥ ਸੰਕਾ॥ ਗੁਣ ਵਡਿਆਈ ਪੁਰਸ਼ ਮੇਂ ਕਬ ਤਕ ਹੈ॥ ਸਮਾਧਾਨ॥ ਮੂਲ॥

**ਦੋਹਿਰਾ॥ ਤਬ ਲਗ ਹੀ ਗੁਣ ਗੌਰਤਾ ਜਬ ਲਗ ਕਹੇ ਨ ਦੇਹ। ਦੇਹ ਕਹੇ ਤੇ ਖੇਹ ਸਭ ਗੁਣ ਗੌਰਵ ਪਿਠ ਦੇਹ॥੫॥**

ਟੀਕਾ॥ ਇਸ ਪੁਰਸ਼ ਕੇ ਗੁਣ ਤਥਾ ਵਡਿਆਈਆਂ ਤਬ ਤਕ ਬਨੀਆਂ ਰਹਿਤੀਆਂ ਹੈਂ ਮੈਨੂੰ ਕੁਛ ਦੇਹ ਮੈਂ ਭੁਖਾ ਹੂੰ ਯਹਿ ਸ਼ਬਦ ਜਬ ਤਕ ਨਹੀਂ ਕਹਾ। ਜਬ ਯੇ ਸ਼ਬਦ ਕਹਿ ਦੀਆ, ਤਬ ਉਸਕੇ ਗੁਣ ਵਡਿਆਈ ਸਭ ਖੇਹ ਨਾਲ ਮਿਲ ਗਏ। ਅਰ ਗੁਣ ਵਡਿਆਈਆਂ ਪਿਠ ਦੇ ਕੇ ਚਲੀਆਂ ਜਾਤੀਆਂ ਹੈਂ॥ ਭਾਵ-ਸੁਵਾਲੀ ਪੁਰਸ਼ ਸਭ ਸੇ ਹੌਲਾ ਹੋ ਜਾਤਾ ਹੈ, ਫੇਰ ਉਸ ਕਾ ਆਦਰ ਕੋਈ ਨਹੀਂ ਕਰੇ ਹੈ। ਇਸ ਮੇਂ ਪ੍ਰਮਾਨ॥

ਦੋਹਿਰਾ॥ ਤ੍ਰਿਣ ਤੇ ਤੂਲ ਅਰ ਤੂਲ ਤੇ ਜਾਚਕ ਹਲ ਕੋ ਜਾਨ। ਪਵਨ ਨਾ ਤਾਂ ਢਿਗ ਜਾਤ ਹੈ ਮਾਗਣ ਸੰਕਾ ਮਾਨ॥੧॥ ਤੁਲਸੀ ਕਰ ਪਰ ਕਰ ਕਰੋ ਕਰ ਤਰ ਕਰੋ ਨ ਕੋਇ। ਜਹ ਦਿਨ ਕਰ ਤਰ ਕਰ ਕਰੋ ਤਹਿ



ਦਿਨ ਮਰਨਾ ਹੋਇ॥ ਅਥਵਾ-ਤਬ ਲਗ ਹੀ ਇਸ ਪੁਰਸ਼ ਮੇਂ ਦੈਵੀ ਸੰਪਤੀ ਕੇ ਗੁਣ ਅਰ ਪ੍ਰਮਾਤਮਾ ਕੇ ਦਰਬਾਰ ਕੀ ਵਡਿਆਈ ਹੈ। ਮੈਂ ਦੇਹ ਰੂਪ ਹੂੰ। ਜਬ ਤਕ ਯਹਿ ਸ਼ਬਦ ਨਹੀਂ ਕਹਾ। ਭਾਵ-ਦੇਹਿ ਅਭਿਮਾਨ ਤੇ ਰਹਿਤ ਹੋ ਕਰ ਤ੍ਰਿਤੇ ਸਰੀਰੋਂ ਤੇ ਭਿੰਨ ਸੁਧ ਸਚਦਾਨੰਦ ਆਪਣੇ ਆਪ ਕੋ ਜਾਨਤਾ ਹੈ। ਯਹਿ ਗੁਣ ਵਡਿਆਈਆਂ ਤਬ ਤਕ ਹੈਂ। ਦੇਹੋਂ ਮੈਂ ਦੇਹ ਰੂਪ ਹੂੰ ਜਬ ਐਸੇ ਆਪਣੇ ਆਪ ਕੋ ਕਹੇ ਹੈ। ਦੈਵੀ ਸੰਪਤੀ ਕੇ ਗੁਣ ਅਰ ਵਡਿਆਈਆਂ ਤਬ ਸਭ ਖੇਹ ਨਾਲ ਮਿਲ ਜਾਤੀਆਂ ਹੈਂ॥ ਭਾਵ-ਸਭ ਫੇਰ ਨਾਸ਼ ਹੋ ਜਾਵੇ ਹੈ। ਅਰ ਗੁਣ ਵਡਿਆਈ ਸਭ ਪਿਠ ਦੇ ਕੇ ਚਲੇ ਜਾਤੇ ਹੈਂ॥ ਸੰਕਾ॥ ਬੁਧੀਵਾਨ ਕਿਸ ਕਿਸ ਕੋ ਛਪਾ ਕੇ ਰਖੇ॥ ਸਮਾਧਾਨ॥ ਮੂਲ॥

**ਦੋਹਿਰਾ॥ ਮੰਤ੍ਰੌਖਧਿ ਸਿਧਿ ਅਵਧ ਧਨ ਮੈਥਨ ਦਾਨ ਕੁਸੇਵ। ਦੂਰ ਭੋਜਨ ਇਨ ਅਸਟ ਕੋ ਸੁਧੀਨ ਪ੍ਰਗਟ ਕਰੇਵ॥੬॥**

ਟੀਕਾ॥ ਕੋਈ ਮੰਤਰ ਸਿਧ ਕਰਾ ਹੂਆ ਹੈ। ਵਾ ਕੋਈ ਅਜ਼ਮੂਦੀ ਦਵਾਈ ਜਾਨਤਾ ਹੈ। ਅਰ ਕੋਈ ਆਪਣੇ ਮੇਂ ਸਿਧੀ ਹੈ। ਇਨ੍ਹਾਂ ਅਠਾਂ ਵਿਚੋਂ॥ ਸੰਕਾ॥ ਵਹੁ ਅਠ ਸਿਧਿਆਂ ਕੌਣ ਹੈ॥ ਸਮਾਧਾਨ॥

ਦੋਹਿਰਾ॥ ਅਣਮਾ ਮਹਿਮਾ ਗ੍ਰਮਤਾ ਲਘਮਾ ਪ੍ਰਾਪਤ ਕਾਮ। ਬਸੀ ਕਰਨ ਮਾਈਸਤਾ ਅਸਟ ਸਿਧ ਕੇ ਨਾਮ॥

ਅਰ ਆਪਣੀ ਉਮਰ ਤਥਾ ਆਪਣਾ ਧਨ ਤਥਾ ਪਰ ਇਸਤਰੀ ਸੇ ਸਬੰਧ ਕਰਾ ਹੋ ਅਰ ਜੋ ਦਾਨ ਦੀਆ ਹੋ। ਅਰ ਕਿਸੇ ਖੋਟੇ ਪੁਰਸ਼ ਕੀ ਸੇਵਾ ਕਰੀ ਹੋ॥ ਭਾਵ-ਚੰਡਾਲ ਕੋ ਹਾਥ ਸੇ ਪਕੜ ਕੇ ਉਠਾਇਆ ਹੋ। ਮਦ ਮਾਸਾਦੀ ਕਬੀ ਖੋਟਾ ਭੋਜਨ ਖਾਇਆ ਹੋ ਇਨਾਂ ਅਠਾਂ ਕੋ ਸ੍ਰੇਸ਼ਟ ਬੁਧੀਵਾਨ ਕਬੀ ਪਰਗਟ ਨ ਕਰੇ ਤਬ ਸੁਖ ਹੋਗਾ। ਅਰ ਜੇ ਕਰੇਗਾ ਤਬ ਕਬੀ ਨਾ ਕਬੀ ਦੁਖ ਪਾਇਗਾ। ਰਾਜਨੀਤ ਐਸੇ ਕਹਿਤੀ ਹੈ ਜਹਾਂ ਤਕ



Scanned by CamScanner

ਬਨੇ ਬੁਧੀਵਾਨ ਇਨ੍ਹਾਂ ਅਠਾਂ ਕੋ ਛਪਾਈ ਰਖੇ॥ ਮੂਲ॥

**ਦੋਹਿਰਾ॥ਅਰਥ ਨਾਸ ਮਨ ਤਾਪ ਹੈ ਦੂਰ ਚਰਿਤ੍ਰ ਗ੍ਰਿਹ ਮਾਹਿ। ਮਾਨ ਭੰਗ ਬੰਚਨ ਕਹੂੰ ਧੀਰ ਪਾਂਚ ਕਹਿ ਨਾਹਿ॥੭॥**

ਟੀਕਾ॥ ਕਿਸੀ ਨਮਿਤ ਸੇ ਧਨ ਨਾਸ ਹੋ ਗਿਆ ਹੋ॥੧॥ਅਰ ਮਨ ਮੇਂ ਕੋਈ ਕਿਸੀ ਕਿਸਮ ਦਾ ਤਾਪ ਹੈ॥੨॥ਅਰ ਕੋਈ ਘਰ ਮੇਂ ਖੋਟਾ ਚਰਿਤ੍ਰ ਹੋ ਗਯਾ ਹੋ॥ਭਾਵ-ਕੋਈ ਵਿਭਚਾਰ ਵਾਲੀ ਬਾਤ ਹੋ ਗਈ ਹੋ॥੩॥ਕਹੀਂ ਮਾਨ ਭੰਗ ਹੋ ਗਯਾ ਹੋ॥੪॥ਕਹੀਂ ਠਗਾ ਗਯਾ ਹੋ॥੫॥ਇਨ੍ਹਾਂ ਪੰਜਾਂ ਨੂੰ ਬਾਹਰ ਧੀਰਜਵਾਨ ਨਾ ਕਹਿੰਦਾ ਫਿਰੇ ਇਨ ਪਾਂਚ ਕੋ ਗੁਪਤ ਰਖੇ ਤਬ ਇਜ਼ੱਤ ਬਣੀ ਰਹੇਗੀ॥ਮੂਲ॥

**ਦੋਹਿਰਾ॥ਕਾਰ ਦਾਰ ਮੈਥਨ ਕਰਜ ਗਰਭਚਾਰ ਜੋ ਏਹ। ਪ੍ਰਿਥਮੇਂ ਸੁਖ ਪਰਾਪਤ ਕਰੇ ਪਾਛੇ ਬਹੁ ਦੁਖ ਦੇਹ॥੮॥**

ਟੀਕਾ॥ ਕਾਰ ਦਾਰ ਕਿਆ ਸ਼ਹਿਰ ਕਾ ਚੌਧਰੀ ਬਣ ਜਾਣਾ ਵਾ ਲੰਬਰਦਾਰ ਬਣ ਜਾਨਾ ਵਾ ਔਰ ਕੋਈ ਸਰਕਾਰੀ ਨੌਕਰੀ ਹੋ ਜਾਣੀ। ਕਿਸੀ ਪਰ ਇਸਤਰੀ ਸੇ ਭੋਗ ਕਰਨਾ। ਅਰ ਕਿਸੀ ਸੇ ਕਰਜ ਉਠਾਨਾ ਇਸਤਰੀ ਕੇ ਪੇਟ ਮੇਂ ਬਚਾ ਠਹਿਰਨਾ। ਯਹਿ ਜੋ ਚਾਰ ਹੈਂ ਪਹਿਲੇ ਤੋ ਯਹਿ ਸੁਖ ਕੀ ਪ੍ਰਾਪਤੀ ਕਰੇ ਹੈ। ਫੇਰ ਯਹਿ ਪਾਛੇ ਬਹੁਤ ਦੁਖ ਦੇਵੇ ਹੈ॥ਕਾਹਿਤੇ॥ਜਬ ਕਾਰ ਦਾਰੀ ਮਿਲਤੀ ਹੈ ਤਬ ਚਿਤ ਵਡਾ ਪ੍ਰਸੰਨ ਹੋਵੇ ਹੈ। ਸਮਾਂ ਪਾ ਕੇ ਜਬ ਕੁਛ ਖੁਨਾਮੀ ਹੋ ਜਾਇ ਤਬ ਮਹਾਂ ਦੁਖ ਪ੍ਰਾਪਤ ਹੋਵੇ ਹੈ। ਇਸਤਰੀ ਸਾਥ ਭੋਗ ਕਰਨੇ ਸੇ ਪਹਿਲੇ ਤੋ ਸੁਖ ਹੋਵੇ ਹੈ। ਜਬ ਕੁਛ ਬੀਮਾਰੀ ਹੋ ਜਾਇ ਤਬ ਦੁਖ ਹੋਵੇ ਹੈ। ਕਰਜ ਉਠਾਨੇ ਸੇ ਪਹਿਲੇ ਸੁਖ ਹੋਤਾ ਹੈ ਫੇਰ ਦੇਨੇ ਮੇਂ ਦੁਖ ਹੋਤਾ ਹੈ। ਗਰਭ ਹੋਣੇ ਮੇਂ ਤੋ ਪਹਿਲੇ ਇਸਤ੍ਰੀ ਸੁਖ ਮਾਨੇ ਹੈ। ਤਿਆਗਨ ਕਾਲ ਮੇਂ ਦੁਖ ਹੋਵੇ ਹੈ ਜੈਸੇ ਪਿਛੇ ਕਹਾ ਹੈ। ਹਸਤੀ ਧਾਰੇ ਗਰਭ ਕੋ ਤਜਤ ਰੁਦੰਤੀ ਸੋਇ। ਪ੍ਰਾਪਤੀ ਕਾਲ ਮੇਂ ਇਹ ਚਾਰੇ ਸੁਖ ਰੂਪ ਹੈਂ। ਅਰ



ਪਾਛੇ ਦੁਖ ਰੂਪ ਹੈਂ। ਭਾਵ-ਏ ਭੀ ਤਿਆਗਨੇ ਯੋਗ ਹੈ। ਇਨ੍ਹਾਂ ਨਵਾਂ ਕੋ ਬੁਧੀਵਾਨ ਮਤ ਕੁਪਾਇਮਾਨ ਕਰੇ ਆਗੇ ਏ ਬਾਤ ਕਹੇ ਹੈਂ॥ਮੂਲ॥

**ਦੋਹਿਰਾ॥ਸੂਪ ਕਾਰ ਕਵਿ ਵੈਦ ਨ੍ਰਿਪ ਸਸਤ੍ਰੀ ਮਰਮੀ ਜਾਨ। ਸ੍ਵਾਮਿ ਬੰਦਨੀ ਮੁਗਧ ਨਵ ਮਤ ਕੁਪਾਇ ਮਤਿ ਮਾਨ॥ ੯॥**

ਟੀਕਾ॥ਏਕ ਰਸੋਈਏ ਸੇ ਦੂਸਰਾ ਕਵੀ ਰਾਜ ਸੇ ਤੀਸਰਾ ਹਕੀਮ ਸੇ ਚੌਥਾ ਰਾਜਾ ਸੇ ਪਾਂਚਵਾ ਹਥਿਆਰ ਧਾਰਨ ਵਾਲੇ ਸੇ ਛੇਵਾਂ ਭੇਦ ਜਾਨਣ ਵਾਲੇ ਸੇ ਭਾਵ ਜੋ ਲੰਗੋਟੀਆ ਯਾਰ ਹੈ। ਸਾਤਵਾਂ ਆਪਣੇ ਮਾਲਕ ਸੇ ਆਠਵਾਂ ਜੋ ਨਿਮਸ਼ਕਾਰ ਕਰਨੇ ਯੋਗ ਹੈ ਉਸ ਸੇ। ਨਾਵਾਂ ਮੂਰਖ ਸੇ ਇਨ੍ਹਾਂ ਨਵਾਂ ਕੋ ਬੁਧੀਵਾਨ ਮਤ ਕੁਪਾਇਮਾਨ ਕਰੇ। ਇਨ ਕੋ ਸਦਾ ਪ੍ਰਸੰਨ ਰਖੇ। ਤਬ ਸੁਖ ਹੋਗਾ ਨਹੀਂ ਮਾਰਾ ਜਾਇਗਾ। ਜਿਥੇ ਜਿਤਕੇ ਹਾਰਨਾ ਉਥੇ ਭਲੀ ਚੁਪ। ਧੀਰਜਵਾਨ ਇਨ੍ਹਾਂ ਅਠਾਂ ਕੋ ਭੀ ਨਾ ਉਤਰ ਦੇਵੇ। ਆਗੇ ਯੇ ਕਹੇਂ ਹੈ॥ਮੂਲ॥

**ਦੋਹਿਰਾ॥ ਅਰਥ ਪਤੀ ਨ੍ਰਿਪ ਅਤਿ ਤਪੀ ਵਿਦਿਯਾਧਿਕ ਸਠ ਮਾਹਿ। ਵਿਦੁਖ ਗੁਰੂ ਇਨ ਅਸਟਕੋ ਧੀਰੋਤਰਦੇ ਨਾਹਿ॥੧੦॥**

ਟੀਕਾ॥ਏਕ ਜੋ ਧਨ ਕਾ ਮਾਲਕ ਹੈ। ਦੂਸਰਾ ਜੋ ਰਾਜਾ ਹੈ। ਤੀਸਰਾ ਜੋ ਅਤੀ ਤਪੀਸਵਰ ਹੈ। ਚੌਥਾ ਜੋ ਆਪਣੇ ਸੇ ਅਧਿਕ ਵਿਦਵਾਨ ਹੈ ਪਾਂਚਵਾਂ ਜੋ ਮਹਾਂ ਮੂਰਖ ਹੈ। ਛੇਵਾਂ ਜੋ ਸੰਤ ਹੈ ਵਾ ਪੰਡਤ ਹੈ ਸਾਤਵਾਂ ਜੋ ਗੁਰੂ ਹੈ। ਆਠਵਾਂ ਜੋ ਆਪਣਾ ਵੈਰੀ ਹੈ। ਆਗੇ ਸੇ ਇਨ੍ਹਾਂ ਅਠਾਂ ਕੋ ਧੀਰਜਵਾਨ ਉਤਰ ਦੇਵੇ ਨਹੀਂ ਤਬ ਅਨੰਦ ਰਹੇਗਾ॥ਮੂਲ॥

**ਦੋਹਿਰਾ॥ ਬਰ ਵਿਚਾਰ ਵਿਦਿਆ ਹੁਤੇ ਬੁਧ ਬਿਨ ਵਿਦਿਆ ਨਾਸ। ਬਿਨ ਵਿਚਾਰ ਜਜੋਂ ਕਾਰਕੇ ਕੇਹਰ ਕਰਜੋ**



Scanned by CamScanner

ਬਿਨਾਸ।੧੧।

ਟੀਕਾ॥ ਇਸ ਵਿਦਿਆ ਨਾਲੋਂ ਵਿਚਾਰ ਬਰ ਨਾਮ ਸਰੇਸ਼ਟ ਹੈ॥ ਕਾਹਿਤੇ॥ ਵਿਦਿਆ ਤੋ ਪੜ੍ਹ ਗਯਾ ਪਰ ਵਿਦਿਆ ਵਿਚਾਰੀ ਨਹੀਂ ਹੈ। ਬੁਧੀ ਤੇ ਬਿਨਾਂ ਵਿਦਿਆ ਵਾਲਾ ਪੁਰਸ਼ ਭੀ ਨਾਸ਼ ਕੋ ਪਰਾਪਤ ਹੋ ਜਾਵੇ। ਦ੍ਰਿਸਟਾਂਤ। ਜਿਸ ਪਰਕਾਰ ਚਾਰ ਬ੍ਰਾਹਮਣ ਜੋ ਕਾਰਕ ਥੇ ਸੋ ਵਿਦਿਆ ਤੋ ਪੜ੍ਹ ਗਏ ਪਰ ਉਨਕੋ ਵਿਚਾਰ ਨਹੀਂ ਥਾ ਇਸੀ ਵਾਸਤੇ ਉਨ ਚਾਰੋਂ ਕੋ ਸਿੰਘ ਨੇ ਮਾਰ ਦੀਆ। ਇਨਕੀ ਐਸੇ ਗਾਥਾ ਹੈ। ਏਕ ਗਾਮ ਕੇ ਨਿਰ ਬੁਧਚਾਰ ਬ੍ਰਾਹਮਨ ਥੇ। ਕਾਂਸੀ ਮੇਂ ਜਾ ਕੇ ਉਨ ਚਾਰੋਂ ਨੇ ਭਿੰਨ ੨ ਵਿਦਿਆ ਪੜ੍ਹੀ। ਸੋ ਚਾਰ ਯੇ ਹੈਂ। ਏਕ ਨੇ ਜੋਤਸ਼ ਵਿਦਿਆ ਪੜ੍ਹੀ, ਦੂਸਰੇ ਨੇ ਐਸੀ ਮੰਤ੍ਰ ਵਿਦਿਆ ਸਿਖੀ, ਜਹਾਂ ਜਹਾਂ ਵਸਤੂ ਖਿਲੜੀ ਪੜੀ ਹੋ ਸੋ ਇਕੱਠੀ ਕਰ ਦੇਨੀ। ਤੀਸਰੇ ਨੇ ਏ ਵਿਦਿਆ ਪੜ੍ਹੀ ਕਲਬੂਤ ਖੜਾ ਕਰ ਦੇਨਾ। ਚੌਥੇ ਨੇ ਐਸੀ ਵਿਦਿਆ ਪੜ੍ਹੀ ਵਿਚ ਜੀਵਾਤਮਾ ਡਾਲ ਦੇਨਾ। ਐਸੇ ਚਾਰੇ ਵਿਦਿਆ ਮੇਂ ਨਿਪੰਨ ਹੋ ਕੇ ਆਪਣੇ ਗਾਮ ਕੋ ਵਾਪਸ ਹੋ ਕੇ ਚਲੇ ਆਤੇ ਥੇ। ਵੀਚ ਮੇਂ ਸੰਘਣਾ ਬਨ ਆਇ ਗਯਾ। ਮਾਰਗ ਮੇਂ ਏਕ ਹਡੀ ਪੜੀ ਹੂਈ ਦੇਖੀ। ਉਸਕੋ ਦੇਖ ਕਰ ਆਪਸ ਮੇਂ ਕਹਿਣੇ ਲਗੇ ਅਬੀ ਹਮ ਆਪਣੇ ਗਾਮ ਕੋ ਜਾ ਰਹੇ ਹੈਂ। ਅਬ ਈਹਾ ਆਪੋ ਆਪਣੀ ਵਿਦਿਆ ਤੋ ਅਜਮਾ ਲਵੇਂ। ਵਹਾਂ ਜਾਕਰ ਮਤ ਹਮ ਝੂਠੇ ਪੜੇਂ ਐਸੇ ਸੋਚ ਕਰ ਜੋਤਸ਼ੀ ਕੋ ਕਹਾ ਦਸੋ ਜੀ ਯੇ ਹੱਡੀ ਕਿਸ ਜਾਨਵਰ ਕੀ ਹੈ। ਜੋਤਸ਼ੀ ਜੋਤਸ਼ ਵਿਚਾਰ ਕੇ ਕਹਾ ਯੇ ਹਡੀ ਕਿਸੇ ਸਿੰਘ ਕੀ ਹੈ। ਦੂਸਰੇ ਕੋ ਕਹਾ ਲੇਹੁ ਜੀ ਇਸ ਕੀਆਂ ਤੁਮ ਸਭ ਹੱਡੀਆਂ ਇਕੱਠੀਆਂ ਕਰ ਦੇਹੁ। ਜਹਾਂ ਜਹਾਂ ਉਸਕੀ ਹੱਡੀ ਪੜੀ ਥੀਂ। ਉਸਨੇ ਆਪਣੇ ਬਲ ਸੇ ਸਭ ਹੱਡੀਆਂ ਇਕੱਠੀਆਂ ਕਰ ਦੀਆਂ। ਤੀਸਰੇ ਕੋ ਕਹਾ ਤੁਮ ਇਸਕਾ ਕਲਬੂਤ ਯਾਨੇ ਸਿੰਘ ਕੇ ਸਰੀਰ ਕਾ ਪਿੰਜਰਾ ਖੜਾ ਕਰ ਦੇਹੁ। ਉਸਨੇ ਆਪਣੇ ਬਲ ਸੇ ਕਲਬੂਤ ਖੜਾ ਕਰ ਦੀਆ॥ ਭਾਵ-ਜਿਉਂ ਕਾ ਤਿਉਂ ਸ਼ੇਰ ਕਾ ਸਰੀਰ ਬਨਾਇ ਦੀਆ। ਚੌਥੇ ਕੋ ਕਹਾ ਲਹੁ



ਜੀ ਤੁਮ ਇਸ ਮੇਂ ਪ੍ਰਾਣ ਪਾਇ ਦੇਹੁ। ਉਸਨੇ ਤੁਰਤ ਪ੍ਰਾਣ ਪਾ ਦੀਏ। ਜਬ ਸਿੰਘ ਮੇਂ ਪ੍ਰਾਣ ਪਏ ਉਸੀ ਸਮੇਂ ਸ਼ੇਰ ਨੇ ਗਰਜ ਕਰ ਚਾਰੋਂ ਕੋ ਮਾਰ ਦੀਆ। ਵਿਚਾਰ ਕਰ ਦੇਖੋ ਵਿਦਿਆ ਵਹੁ ਕੈਸੀ ਪੜ੍ਹੇ ਹੂਏ ਥੇ ਪਰ ਏਕ ਵਿਚਾਰ ਨਹੀਂ ਥਾ। ਕਾਹਿਤੇ। ਜੇ ਵਿਚਾਰ ਹੋਤਾ ਫੇਰ ਕਿਉਂ ਮਰਤੇ ਯੇ ਨਾ ਵਿਚਾਰਾ ਕਿ ਸ਼ੇਰ ਸਾਨੂੰ ਖਾਇ ਜਾਇਗਾ। ਤੀਨ ਬਾਤਾਂ ਅਜ਼ਮਾ ਲੇਤੇ ਪ੍ਰਾਣ ਨ ਡਾਲਤੇ ਤਬ ਤੋ ਬਚ ਜਾਤੇ ਸਿਧ ਯੇ ਹੂਆ ਵਿਦਿਆ ਸੇ ਵਿਚਾਰ ਸਰੇਸ਼ਟ ਹੈ। ਆਗੇ ਫੇਰ ਇਸੀ ਬਾਤ ਕੋ ਸਿਧ ਕਰੇਂ ਹੈ॥ ਮੂਲ॥

**ਦੋਹਿਰਾ॥ ਜਿਹ ਬਿਚਾਰ ਹੈ ਬਲ ਤਿਸੈ ਬਿਨ ਬਿਚਾਰ ਬਲ ਨਾਹਿ। ਏਕ ਪ੍ਰਮੱਤ ਨਾਹਿਰ ਬਨੇ ਸਸੇ ਬਿਨਾਸਜੋ ਤਾਹਿ॥੧੨॥**

ਟੀਕਾ॥ ਜਿਸਕੋ ਵਿਚਾਰ ਹੈ ਤਿਸੀ ਮੇਂ ਬਲ ਹੈ। ਬਿਨਾਂ ਵਿਚਾਰ ਸੇ ਬਲ ਨਹੀਂ ਹੋਤਾ। ਭਾਵ-ਬਲ ਭੀ ਵਿਚਾਰ ਵਾਲੇ ਕੋ ਹੋਤਾ ਹੈ। ਵਿਚਾਰ ਵਾਲੇ ਤੇ ਬਿਨਾਂ ਬਲ ਭੀ ਨਹੀਂ ਹੋਤਾ। ਆਪ ਬਲਵਾਨ ਤੌਂ ਹੋ, ਪਰ ਪਾਸ ਵਿਚਾਰ ਨਹੀਂ ਤਬ ਵਹੁ ਸਭ ਸੇ ਨਿਬਲ ਹੈ। ਜੋ ਆਪ ਤੌਂ ਨਿਬਲ ਹੈ ਅਰ ਪਾਸ ਵਿਚਾਰ ਹੈ। ਫੇਰ ਵਹੁ ਸਭ ਤੇ ਪ੍ਰਬਲ ਹੈ॥ ਇਸ ਪਰ ਦ੍ਰਿਸਟਾਂਤ। ਵਿਸ਼ੇਸ਼ ਕਰ ਮਸਤੇ ਹੂਏ ਸ਼ੇਰ ਕੋ ਬਨ ਮੈ ਏਕ ਛੋਟੇ ਜਿਹੇ ਸਹੇ ਨੇ ਮਾਰ ਦੀਆ। ਇਸਕੀ ਐਸੀ ਗਾਥਾ ਹੈ। ਬਨ ਮੇਂ ਏਕ ਵਡਾ ਪ੍ਰਮਤ ਸਿੰਘ ਰਹਤਾ ਥਾ। ਖਾਣਾ ਥੋੜਾ ਜੀਵ ਬਹੁਤੇ ਮਾਰ ਦੇਨੇ। ਰੋਜ਼ ਇਹੀ ਕਾਮ ਕਰਤਾ ਥਾ। ਸਭ ਜੀਵੋਂ ਨੇ ਮਿਲ ਕਰ ਪੰਚਾਇਤ ਕਰੀ ਸ਼ੇਰ ਜਬ ਰੋਜ਼ ਐਸੇ ਕਰੇਗਾ। ਤਬ ਹਮ ਸਭ ਥੋੜੇ ਦਿਨੋਂ ਮੈ ਮੁਕ ਜਾਇਗੇ ਆਪਣਾ ਬਚਾਵ ਕਰੋ। ਸਭ ਮਿਲ ਕਰ ਸਿੰਘ ਕੇ ਪਾਸ ਗਏ। ਸ਼ੇਰ ਨੇ ਪੂਛਾ ਤੁਮ ਕੈਸੇ ਆਇ ਹੋ। ਸਭ ਨੇ ਕਹਾ ਆਪਕੇ ਆਗੇ ਹੇ ਮ੍ਰਿਗ ਰਾਜ ਹਮਾਰੀ ਏਕ ਅਰਜ਼ ਹੈ। ਸ਼ੇਰ ਨੇ ਕਹਾ ਕਹੁ ਕਿਆ ਅਰਜ਼ ਹੈ। ਸਭ ਨੇ ਕਹਾ ਆਪ ਖਾਤੇ ਤੋ ਥੋੜਾ ਹੋ ਪਰ



Scanned by CamScanner

ਨੁਕਸਾਨ ਜੀਵੋਂ ਕਾ ਬਹੁਤ ਕਰਤੇ ਹੋ। ਆਪ ਐਸੇ ਨਾ ਕਰੋ। ਹਮ ਏਕ ਜੀਵ ਆਪ ਕੇ ਪਾਸ ਰੋਜ਼ ਭੇਜ ਦੀਆ ਕਰੇਂਗੇ। ਸਿੰਘ ਨੇ ਮਾਨ ਲੀਆ। ਸਭ ਜੀਵ ਪ੍ਰਸੰਨ ਹੋ ਕੇ ਚਲੇ ਗਏ। ਸਭ ਸੇ ਵਾਰੋ ਵਾਰੀ ਏਕ ਜੀਵ ਰੋਜ਼ ਲੈ ਕੇ ਭੇਜ ਦਿਆ ਕਰਤੇ ਥੇ। ਏਕ ਦਿਨ ਸਹੇ ਕੀ ਵਾਰੀ ਆਈ ਕਹਾ ਅਬ ਤੁਮ ਜਾਹੁ। ਸਹਿਆ ਬੋਲਾ ਮੈ ਆਪਣੀ ਅਕਲ ਸੇ ਸਭ ਕੋ ਬਚਾ ਦੇਊਂਗਾ। ਸਹਿਆ ਚਿਰ ਲਾ ਕੇ ਗਯਾ। ਸ਼ੇਰ ਨਰਾਜ਼ ਹੋ ਕੇ ਬੋਲਾ ਤੁਮ ਡੇਰੀ ਸੇ ਕਿਉਂ ਆਇ। ਸਹੇ ਨੇ ਕਹਾ ਹਮ ਕਿਆ ਕਰੇਂ ਇਸ ਬਨ ਮੇਂ ਏਕ ਸ਼ੇਰ ਹੋਵੇ ਤਬ ਅਸੀਂ ਗੁਜ਼ਾਰਾ ਕਰੀਏ ਈਹਾਂ ਦੋ ਸ਼ੇਰ ਹੈਂ। ਜਬ ਮੈ ਇਧਰ ਆਣੇ ਲਗਾ ਉਸ ਸ਼ੇਰ ਨੇ ਮੇਰੇ ਕੋ ਪਕੜ ਲੀਆ। ਵਹੁ ਮੁਝ ਕੋ ਤੁਮਾਰੀ ਤਰਫ ਆਣੇ ਦੇਵੇ ਨਹੀਂ। ਫੇਰ ਮੈ ਉਸਕੋ ਆਪਣਾ ਛੋਟਾ ਭਾਈ ਦੇਕੇ ਆਇਆ ਹੂੰ। ਇਸ ਵਾਸਤੇ ਡੇਰੀ ਲਗੀ ਹੈ। ਐਸੇ ਸੁਣ ਕੇ ਮ੍ਰਿਗ ਰਾਜ ਕੋ ਅਤੀ ਗੁਸਾ ਆਇ ਗਯਾ। ਕਹਿਣੇ ਲਗਾ ਮੇਰੀ ਹਦ ਮੇਂ ਦੂਸਰਾ ਸ਼ੇਰ ਈਹਾਂ ਕਹਾਂ ਸੇ ਆ ਗਯਾ। ਚਲ ਮੈਨੂੰ ਦੂਸਰਾ ਸ਼ੇਰ ਦਿਖਾ ਕਹਾਂ ਹੈ। ਸਹੇ ਨੇ ਕਹਾ ਚਲੋ। ਸ਼ੇਰ ਕੋ ਖੂਹ ਪਰ ਲੇ ਜਾਕੇ ਆਪ ਉਸ ਕੀ ਛਾਤੀ ਹੇਠ ਹੋ ਕੇ ਕਹਿਣੇ ਲਗਾ ਦੇਖੋ ਜੀ ਨੀਵਾਂ ਹੋ ਕੇ ਮੇਰੇ ਭਾਈ ਕੋ ਸਿੰਘ ਨੇ ਪਕੜਾ ਹੂਆ ਹੈ ਕਿ ਨਹੀਂ। ਜਬ ਦੇਖਾ ਤੋ ਜਲ ਮੇਂ ਠੀਕ ਨਜ਼ਰ ਆਇਆ। ਤਬ ਸ਼ੇਰ ਨੇ ਭਭਕ ਮਾਰੀ। ਅਗੋਂ ਖੂਹ ਵਿਚੋਂ ਦੂਣੀ ਭਭਕ ਕੀ ਅਵਾਜ਼ ਆਈ। ਉਸਕੋ ਮਾਰਨੇ ਲੀਏ ਸ਼ੇਰ ਨੇ ਛਾਲ ਮਾਰੀ ਤਬ ਖੂਹ ਵਿਚ ਜਾ ਪੜਾ। ਲਗਾ ਗੋਤੇ ਖਾਨੇ। ਸਹੇ ਕੋ ਕਹਿਣੇ ਲਗਾ ਹੁਣ ਬਾਹਰ ਕਢ। ਸਹੇ ਨੇ ਕਹਾ ਮਸਾਂ ਮਸਾਂ ਤੈਨੂੰ ਖੂਹ ਵਿਚ ਸੁਟਿਆ ਹੈ, ਹੁਣ ਤੈਨੂੰ ਪਰਮੇਸਰ ਹੀ ਕਢੇਗਾ। ਅਬ ਹੇ ਜਜਮਾਨ ਤੂੰ ਏਥੇ ਰਹੁ। ਵਿਚਾਰਾ ਸ਼ੇਰ ਜਲ ਮੇਂ ਡੂਬ ਕੇ ਮਰ ਗਯਾ। ਭਾਵ ਮੇਂ ਕੀ ਆਇਆ। ਜੇਕਰ ਸ਼ੇਰ ਕੋ ਆਪਣੇ ਜ਼ੋਰ ਸੇ ਸਹਿਆ ਮਾਰਾ ਚਾਹਿਤਾ ਤਬ ਕੈਸੇ ਮਾਰ ਸਕਤਾ ਥਾ। ਜੁਗਤੀ ਸੇ ਮਾਰ ਦੀਆ। ਜਿਸ ਮੇਂ ਵਿਚਾਰ ਹੈ ਉਸੀ ਮੇਂ ਬਲ ਹੈ॥ਸੰਕਾ॥ਐਸੇ ਵਿਚਾਰਵਾਨ ਕੋ ਕੀ ਕਰਤਵ



ਹੈ॥ਸਮਾਧਾਨ॥ਮੂਲ॥

**ਦਵੈਯਾ ਛੰਦ॥ਰਿਣ ਰਿਪੁ ਅਗਨ ਤ੍ਰਿਨਾਸ ਮਝਾਰੀ ਕਰੇ ਬਿਲਮ ਨਹਿ ਸਮਾ ਪਛਾਨ। ਕੰਨਿਆ ਦਾਨੇ ਧਰਮਾਰੰਭੇ ਵਿਦਿਆ ਪਢਨੇ ਧਨ ਕੇ ਲਯਾਨ। ਅਵਸਰ ਦੇਖ ਪਦਾਰਥ ਚਾਰੋ ਕਰੇ ਸੀਘਰ ਜੋ ਸੋ ਬੁਧ ਮਾਨ। ਖਿਨ ਖਿਨ ਖੀਣ ਕਾਲ ਤਨੁ ਕਰ ਹੈ ਭਲੋ ਕਾਲ ਫਿਰ ਮਿਲੈ ਨ ਪਾਨ॥੧੩॥**

ਟੀਕਾ॥ਵਿਚਾਰਵਾਨ ਪੁਰਸ਼ ਕੋ ਯੇ ਕਰਤਵ ਹੈ। ਕਰਜ ਕੇ ਉਤਾਰਨੇ ਮੇਂ ਵੈਰੀ ਕੇ ਮਾਰਨੇ ਮੇਂ ਅਗਨੀ ਕੇ ਬੁਝਾਨੇ ਮੇਂ ਇਨ੍ਹਾਂ ਤੀਨੋਂ ਕੇ ਨਾਸ਼ ਕਰਨੇ ਮੇਂ ਸਮਾਂ ਪਛਾਨ ਕਰ ਬਿਲਮ ਨਾਮ ਡੇਰੀ ਨਾ ਕਰੇ। ਜਬ ਦਾਵ ਲਗੇ ਤਬ ਨਾਸ਼ ਕਰ ਦੇਵੇ॥੧॥ਕੰਨਿਆਂ ਕੇ ਦਾਨ ਦੇਨੇ ਮੇਂ ਧਰਮ ਕੇ ਅਰੰਭ ਕਾਲ ਮੇਂ ਵਿਦਿਆ ਕੇ ਪੜ੍ਹਨੇ ਮੇਂ ਧਨ ਕੇ ਲਿਆਵਨੇ ਮੇਂ॥੨॥ਸਮਾਂ ਵਿਚਾਰ ਕੇ ਜੋ ਇਨ ਚਾਰ ਵਸਤੂਓਂ ਮੇਂ ਡੇਰੀ ਨਾ ਕਰੇ ਜੋ ਇਨ ਚਾਰ ਕਾਮੋਂ ਕੋ ਸ਼ੀਘਰ ਕਰ ਲੇਤਾ ਹੈ, ਸੋ ਬੁਧੀਵਾਨ ਹੈ॥ਸੰਕਾ॥ਡੇਰੀ ਕਿਉਂ ਨ ਕਰੇ॥ਸਮਾਧਾਨ॥ ੩॥ਖਿਨ ਖਿਨ ਜੋ ਕਾਲ ਕੀ ਸੰਗਿਆ ਹੈ, ਯੇ ਸਰੀਰ ਕੋ ਖੀਣ ਕਰ ਰਹੀ ਹੈ। ਈਹਾਂ ਜਿਹਾ ਸਮਾਂ ਫੇਰ ਹਾਥ ਮੇਂ ਨਹੀ ਮਿਲੇਗਾ। ਇਸ ਵਾਸਤੇ ਇਨਾਂ ਕਾਰਜੋਂ ਮੇਂ ਡੇਰੀ ਕਰਨੀ ਯੋਗ ਨਹੀਂ। ਇਸ ਮੇਂ ਗੁਰੂ ਪ੍ਰਮਾਨ। ਨਹਿ ਬਿਲੰਬ ਧਰਮੰ ਬਿਲੰਬ ਪਾਪੰ। ਭਾਵ-ਯੇ ਅਮੋਲਕ ਸਮਾ ਖਿਨ ਖਿਨ ਮੇਂ ਨਾਸ਼ ਹੋ ਰਹਾ ਹੈ। ਐਸਾ ਸਮਾਂ ਫੇਰ ਹਾਥ ਆਣੇ ਵਾਲਾ ਨਹੀਂ ਹੈ॥ਸੰਕਾ॥ਸੰਸਾਰ ਮੇਂ ਪੁਰਸ਼ ਜੀਤੇ ਮ੍ਰਿਤੂ ਕੌਣ ਕੌਣ ਹੈਂ॥ਸਮਾਧਾਨ॥ਮੂਲ॥

**ਦੋਹਿਰਾ॥ਨਾਰ ਕਲਹਿਣੀ ਗ੍ਰਾਮ ਘਰ ਦੇਹ ਦੁਖੀ ਨ੍ਰਿਪ ਨੀਚ। ਪਰ ਵਸ ਪਾਂਚੋਂ ਨਰਨਕੋ ਜੀਵਤ ਹੀ ਹੈ ਮੀਚ॥੧੪॥**

ਟੀਕਾ॥ਜਿਸ ਪੁਰਸ਼ ਕੀ ਇਸਤਰੀ ਲੜਾਕੀ ਹੈ। ਅਰ ਜਿਸ ਪੁਰਸ਼ ਕਾ ਛੋਟੇ ਜੈਸੇ ਗਾਮ ਮੇਂ ਘਰ ਹੈ। ਪੇਟ ਮੇਂ ਦਰਦ ਹੂਆ ਜਹਾਂ ਪਰ ਜਵੈਨ



Scanned by CamScanner

ਭੀ ਨ ਮਿਲੇ, ਐਸੇ ਗਾਮ ਮੇਂ ਘਰ ਹੈ। ਅਰ ਜਿਸਕਾ ਸਰੀਰ ਹਮੇਸਾਂ ਦੁਖੀ ਰਹਿਤਾ ਹੈ। ਅਰ ਜਿਸ ਦੇਸ਼ ਕਾ ਰਾਜਾ ਨੀਚ ਹੈ। ਜੋ ਪੁਰਸ਼ ਹਮੇਸ਼ਾਂ ਪਰ ਵਸ ਰਹਿਤਾ ਹੈ। ਏ ਪਾਂਚ ਪੁਰਸ਼ ਜੀਤੇ ਹੀ ਮ੍ਰਿਤੂ ਰੂਪ ਹੈਂ। ਭਾਵ-ਇਨ ਜੈਸਾ ਔਰ ਦੁਖੀ ਕੋਈ ਨਹੀਂ ਹੈ। ਅਬ ਚੌਧਵਾਂ ਧਿਆਇ ਸਮਾਪਤ ਹੋ ਗਯਾ। ਆਗੇ ਛੰਦੋਂ ਕੀ ਗਿਨਤੀ ਕਹੇਂ ਹੈ॥

**ਦੋਹਿਰਾ॥ਇਕ ਨਰਾਜ ਏਕੋ ਛਪਾ ਏਕ ਦੁਵੈਯਾ ਛੰਦ। ਸੰਕਰ ਦੋਹੇ ਸੰਕਰੀ ਚੌਦਸ ਛੰਦਾ ਨੰਦ॥੧੫॥**

ਟੀਕਾ॥ਏਕ ਨਰਾਜ ਛੰਦ ਹੈ ਏਕ ਛਪਾ ਹੈ ਏਕ ਦੁਵੈਯਾ ਛੰਦ ਹੈ। ਸੰਕਰ ਨਾਮ ਯਾਰਾਂ ਦੋਹਿਰੇ ਹੈਂ। ਯੇ ਚੌਦਾਂ ਛੰਦ ਹੈਂ। ਸੰ ਨਾਮ ਕਲਿਆਨ ਕੇ ਕਰਨੇ ਵਾਲੇ ਹੈਂ। ਔਰ ਅਨੰਦ ਕਾ ਹੇਤੂ ਹੈਂ॥

**ਇਤਿ ਸ੍ਰੀ ਸਾਰੁ ਕਤਾਵਲੀ ਤਿਹ ਚੌਦਸ ਅਧਜਾਇ। ਸਿਖਿਆ ਵਰਨੀ ਤਾਹਿ ਮੈ ਕਵਿ ਹਰਦਿਆਲ ਸੁਭਾਇ॥**

**ਦੋਹਿਰਾ॥ਊਤਮ ਸਿਖਿਆ ਹੇ ਜਨੋ ਧਾਰੋ ਚਿਤ ਮਝਾਰ। ਉਭੈ ਲੋਕ ਸੁਖ ਪਾਓਗੇ ਜੁਵਾਲਾ ਦਾਸ ਪੁਕਾਰ॥**

ਇਤਿ ਸ੍ਰੀ ਸਾਰੁਕੁਤਾਵਲੀ ਤਤ੍ਵ ਬੋਧਨੀ ਟੀਕਾ ਕ੍ਰਿਤ ਪਰਮ ਹੰਸ ਸੰਤ ਜੁਵਾਲਾ ਦਾਸ ਉਦਾਸੀਨ ਊਤਮ ਸਿਖਯਾ ਵਰਨਨੰ ਚੌਦਸ ਅਧਜਾਇ॥੧੪॥

-o-



੧ੴ ਸਤਿਗੁਰ ਪ੍ਰਸਾਦਿ॥

# ਅਥ ਪੰਦ੍ਰਸ ਅਧਿਆਇ ਪ੍ਰਾਰੰਭ

ਸੰਕਾ॥ਇਸ ਮੇਂ ਆਪ ਕੀ ਨਿਰੂਪਨ ਕਰੋਗੇ॥ਸਮਾਧਾਨ॥ਮੂਲ॥

**ਦੋਹਿਰਾ॥ਅਥ ਪੰਦ੍ਰਸ ਅਧਿਯਾਇ ਮੈ ਮਿਸ੍ਰਤ ਇਕੀ ਛੰਦ। ਪਟੁ ਹ੍ਵੈ ਸਠ ਘਟ ਮੈ ਠਟੈ ਇਤ ਉਤ ਮੈ ਆਨੰਦ॥੧॥**

ਟੀਕਾ॥ਇਸ ਥੀਂ ਉਪਰੰਤ ਅਬ ਪੰਦ੍ਰਵੇਂ ਧਿਆਇ ਮੇਂ ਇਕੀਸ ਛੰਦੋਂ ਕਰਕੇ ਰਲਾ ਮਿਲਾ ਉਪਦੇਸ਼ ਨਿਰੂਪਨ ਕਰੇਂਗੇ॥ਸੰਕਾ॥ਇਸ ਕੇ ਧਾਰਨੇ ਸੇ ਕੀ ਹੋਵੇ ਹੈ॥ਸਮਾਧਾਨ॥ਸਠ ਨਾਮ ਜੋ ਮੂਰਖ ਪੁਰਸ਼ ਘਟ ਮੇਂ ਠਟੈ ਨਾਮ ਜੋ ਇਸਕੇ ਭਾਵ ਕੋ ਆਪਣੇ ਹਿਰਦੇ ਮੇਂ ਧਾਰਨ ਕਰੇ॥ਪਟ ਹ੍ਵੈ॥ਚਤਰ ਹੋ ਜਾਵੇ ਹੈ। ਇਤ ਕਹੀਏ ਇਸ ਲੋਕ ਮੇਂ ਉਤ ਕਹੀਏ ਪਰਲੋਕ ਮੇਂ ਆਨੰਦ ਕੀ ਪਰਾਪਤੀ ਹੋਵੇ ਹੈ॥ਸੰਕਾ॥ਜੋ ਭਾਵੀ ਹੋਨਹਾਰ ਹੈ ਸੋ ਮਿਟ ਸਕੇ ਹੈ। ਵਾ ਨਹੀ॥ਸਮਾਧਾਨ॥ਭਾਵੀ ਅਮੇਟ ਹੈ ਜੋ ਹੋਣਹਾਰ ਹੈ ਸੋ ਨਹੀਂ ਮਿਟ ਸਕੇ ਹੈ। ਸੋ ਏਹੀ ਬਾਤ ਆਗੇ ਦਿਖਾਤੇ ਹੈਂ॥ਮੂਲ॥

**ਨਰਾਜ ਛੰਦ॥ਪਤਾਲ ਮੈ ਪ੍ਰਵੇਸ ਇੰਦਰ ਲੋਕ ਮੈ ਪ੍ਰਵੇਸ ਹ੍ਵੈ। ਗਿਰਿੰਦ ਜੋ ਸੁਮੇਰ ਚਾਰੁ ਤਾਹਿ ਪੈ ਨਿਵੇਸ ਹ੍ਵੈ। ਜੁ ਮੰਤ੍ਰ ਭੇਖਜੰ ਕਰੇ ਬਿਆਧ ਹਾਰ ਕਾਰਣੰ। ਜੁ ਹੋਣ ਹੈ ਸੁ ਹੋਇ ਅੱਤ੍ਰ ਹੇਤੁ ਨਾ ਬਿਚਾਰਣੰ॥੧॥**

ਟੀਕਾ॥ਯਹਿ ਭਾਵੇਂ ਜੀਵ ਪਤਾਲ ਮੇਂ ਜਾ ਕੇ ਪਰਵੇਸ਼ ਕਰ ਜਾਵੇ। ਅਥਵਾ ਇੰਦਰ ਲੋਕ ਮੇਂ ਚਲਾ ਜਾਏ। ਸਾਰੇ ਗਿਰੋਂ ਕਾ ਸਿਰੋਮਨ ਜੋ ਸੁਮੇਰ



Scanned by CamScanner

ਪਰਬਤ ਸੁੰਦਰ ਹੈ। ਭਾਵੇਂ ਤਿਸ ਮੇਂ ਜਾ ਕੇ ਨਿਵਾਸ ਕਰੇ। ਅਰ ਰੋਗਾਂ ਕੇ ਹਰਨੇ ਕਾ ਕਾਰਨ ਮੰਤਰ ਦਵਾਈਆਂ ਭੀ ਜਾਨਤਾ ਹੋਵੇ। ਭਾਵ-ਕਰਤਾ ਹੋਵੈ। ਐਸਾ ਬੁਧੀਵਾਨ ਭੀ ਹੋਵੈ ਪਰ ਵੋ ਕਹੀਂ ਜਾ ਕੇ ਛਪ ਰਹੇ। ਪਰ ਜੋ ਹੋਣਹਾਰ ਹੈ ਸੋ ਹੋ ਜਾਇਗੀ। ਅਤਰ ਨਾਮ ਈਹਾਂ ਹੋਰ ਕਾਰਨ ਕੋਈ ਨਹੀਂ ਵਿਚਾਰਾ ਜਾਤਾ। ਪਰ ਕਿਸੀ ਉਪਾਓ ਸੇ ਭਾਵੀ ਦੂਰ ਨਹੀਂ ਹੋਤੀ॥ਭਾਵ-ਕਾਲ ਕਿਸੀ ਵਜਾ ਸੇ ਭੀ ਜੀਵ ਕੋ ਨਹੀਂ ਛੋੜੇਗਾ। ਜਹਾਂ ਜਾਏ ਤਹਾਂ ਹੀ ਮਾਰੇਗਾ। ਇਸ ਪਰ ਏਕ ਗਾਥਾ ਹੈ। ਏਕ ਸੁਦਾਗਰ ਮਾਲ ਕਾ ਜਹਾਜ਼ ਭਰ ਕੇ ਚਲਾ। ਜਾਤੇ ਜਾਤੇ ਏਕ ਸ਼ਹਿਰ ਆਯਾ। ਤਹਾਂ ਜਹਾਜ਼ ਖੜਾ ਕਰ ਦੀਆ। ਰੋਟੀ ਪਕਾਨੇ ਲੀਏ ਸ਼ਹਿਰ ਸੇ ਅਗਨੀ ਲੇਨੇ ਗਯਾ। ਜਾ ਕੇ ਏਕ ਸੇ ਅਗਨ ਮਾਂਗੀ ਉਸਨੇ ਕਹਾ ਆਜ ਅਗਨੀ ਨਹੀਂ ਹੈ ਕੱਲ ਇਸ ਵਕਤ ਯੇ ਸ਼ਹਿਰ ਜਲ ਜਾਇਗਾ। ਫੇਰ ਅਗਨੀ ਤੁਮ ਕੋ ਬਹੁਤ ਮਿਲੇਗੀ। ਸੁਦਾਗਰ ਸੁਣ ਕੇ ਅਸਚਰਜ ਹੂਆ ਦੇਖੀਏ ਤੋ ਸਹੀ ਇਸਕਾ ਵਚਨ ਸਚ ਹੋਤਾ ਹੈ ਵਾ ਨਹੀਂ। ਸੌਦਾਗਰ ਸੋ ਦਿਨ ਵਹਾਂ ਰਹਿ ਗਯਾ। ਜਬ ਦੂਸਰਾ ਦਿਨ ਹੂਆ ਆਗ ਲਗ ਗਈ ਸਾਰਾ ਸ਼ਹਿਰ ਜਲ ਗਯਾ ਸੁਦਾਗਰ ਉਸ ਸੇ ਜਾ ਕੇ ਪੂਛਨੇ ਲਗਾ ਮਹਾਰਾਜ ਜਬ ਆਪ ਯੇ ਜਾਨਤੇ ਥੇ ਫੇਰ ਆਪਣਾ ਸਬਾਬ ਕਿਉਂ ਜਲਨੇ ਦੀਆ ਲਾਖੋਂ ਰੁਪਏ ਕਾ ਆਪ ਕਾ ਸਬਾਬ ਥਾ ਆਗੇ ਸੇ ਉਸਨੇ ਕਹਾ ਜੇ ਇਸ ਬਾਤ ਕਾ ਤੁਮਨੇ ਪਤਾ ਲੇਨਾ ਹੈ ਤੋ ਅਮਕੇ ਗਾਮ ਮੇਂ ਏਕ ਕਾਰੀਗਰ ਰਹਿਤਾ ਹੈ, ਉਸ ਸੇ ਜਾ ਕੇ ਯੇ ਪਤਾ ਪੂਛ। ਸੁਦਾਗਰ ਤਹਾਂ ਗਯਾ ਪੂਛ ਕਰ ਉਸਕੇ ਘਰ ਗਯਾ ਕਿਆ ਦੇਖਤਾ ਹੈ। ਬਿਬਾਨ ਬਨਾਇ ਕੇ ਰਖਾ ਹੂਆ ਹੈ ਅਰ ਖਫਨ ਕੋ ਸੀ ਰਹਾ ਹੈ। ਪੂਛਾ ਯੇ ਆਪ ਕਿਸ ਲੀਏ ਬਣਾ ਰਹੇ ਹੋ। ਉਸ ਕਾਰੀਗਰ ਨੇ ਕਹਾ ਕੱਲ ਇਸ ਵਕਤ ਮੇਰਾ ਲੜਕਾ ਇਸ ਬੇਰੀ ਪਰ ਚੜ੍ਹੇਗਾ ਊਪਰ ਸੇ ਗਿਰ ਕੇ ਮਰ ਜਾਇਗਾ, ਯੇ ਉਸ ਲੀਏ ਬਣਾ ਰਹਾ ਹੂੰ। ਏ ਬਾਤ ਸੁਣਕੇ ਔਰ ਅਸਚਰਜ ਹੂਆ ਚਿਤ ਮੇਂ ਕਹਿਣੇ ਲਗਾ ਯੇ ਭੀ ਦੇਖੋ। ਜਬ ਦੂਸਰਾ ਦਿਨ ਹੂਆ ਉਸਕੇ



ਦੇਖਿਤਿਆਂ ਹੋਇਆਂ ਲੜਕਾ ਬੇਰੀ ਪਰ ਚੜਾ। ਜਬ ਸਿਖਰ ਪਰ ਚਲਾ ਗਯਾ ਜਾਤੇ ਗਿਰ ਪੜਾ ਹੇਠਾਂ ਆਤੇ ਹੀ ਪ੍ਰਾਣ ਨਸ਼ਟ ਹੋ ਗਏ ਉਸੀ ਬਿਬਾਨ ਪਰ ਪਾ ਕੇ ਮਸਾਣ ਮੇਂ ਸਾੜ ਕੇ ਜਬ ਘਰ ਆਏ ਤਦੋਂ ਸੁਦਾਗਰ ਨੇ ਪੂਛਾ ਮਹਾਰਾਜ ਜਬ ਆਪ ਜਾਨਤੇ ਥੇ ਫੇਰ ਉਸ ਲੜਕੇ ਕੋ ਊਪਰ ਕਿਉਂ ਚੜਨੇ ਦੀਆ। ਉਨਕੀ ਬਾਬਤ ਪੂਛਾ ਜਦ ਵਹੁ ਜਾਨਤੇ ਥੇ ਫੇਰ ਉਨ੍ਹਾਂ ਨੇ ਸਬਾਬ ਕਿਉਂ ਸੜਨੇ ਦੀਆ। ਆਪ ਨੇ ਅਰ ਉਸਨੇ ਉਪਾਇ ਕਿਉਂ ਨ ਕਰ ਲੀਆ। ਜਬ ਤੁਮ ਕੋ ਪਹਿਲੇ ਖਬਰ ਥੀ। ਕਾਰੀਗਰ ਨੇ ਕਹਾ ਹਛਾ ਹਮਨੇ ਤੋ ਉਪਾਇ ਨਹੀਂ ਕੀਆ ਤੁਮਾਰੇ ਸੇ ਹੋਤਾ ਹੈ ਤੋ ਤੁਮ ਕਰ ਲੇਹੁ। ਆਠਵੇਂ ਦਿਨ ਬਾਦ ਇਸ ਬਿਰਛ ਸਾਥ ਤੁਮ ਕੋ ਫਾਂਸੀ ਮਿਲੇਗੀ। ਏ ਸੁਣਕੇ ਅਸਚਰਜ ਹੂਆ ਉਸੀ ਸਮੇਂ ਊਹਾਂ ਸੇ ਚਲ ਪੜਾ ਦਿਨ ਰਾਤ ਚਲਾ ਜਾਏ ਵਡੀ ਦੂਰ ਗਯਾ ਅਰ ਸਤ ਦਿਨ ਭੀ ਬੀਤ ਗਏ। ਚਿਤ ਮੇਂ ਕਹਿਣੇ ਲਗਾ ਅਬ ਮੈ ਵਡੀ ਦੂਰ ਤਕ ਆ ਗਯਾ ਹੂੰ। ਥਕ ਕੇ ਬੈਠ ਗਯਾ। ਭਾਵੀ ਸੁੰਦਰ ਇਸਤ੍ਰੀ ਕਾ ਰੂਪ ਧਾਰ ਕਰ ਯਕੇ ਪਰ ਬੈਠੀ ਹੂਈ ਵਹਾਂ ਆਈ ਅਰ ਕਹਿਣੇ ਲਗੀ ਮੈ ਇਕਲੀ ਹੂੰ ਤੂੰ ਮੇਰੇ ਸਾਥ ਚਲ। ਵਾਕ ਮੰਨ ਕੇ ਯਕੇ ਪਰ ਅਸਵਾਰ ਹੋ ਗਯਾ ਏਕ ਦਮ ਉਸੀ ਨਗਰ ਮੇਂ ਆ ਗਏ। ਭੂਸ਼ਨ ਉਤਾਰ ਕੇ ਕਹਿਣੇ ਲਗੀ ਮੈ ਇਹਾਂ ਬੈਠਤੀ ਹੂੰ ਇਸਕੋ ਵੇਚਕੇ ਖਾਣੇ ਕੇ ਲੀਏ ਕੁਛ ਲੇ ਆਓ। ਜਬ ਵਹੁ ਗਯਾ ਦੁਕਾਨਦਾਰੋਂ ਨੇ ਕਹਾ ਤੁਮਨੇ ਏ ਕਹਾਂ ਸੇ ਲੀਆ ਹੈ। ਯੇ ਭੂਸ਼ਨ ਚੋਰੀ ਕਾ ਹੈ। ਉਸਨੇ ਕਹਾ ਇਸਕੀ ਮਾਲਕ ਬਾਹਿਰ ਬੈਠੀ ਹੂਈ ਹੈ। ਜਬ ਬਾਹਿਰ ਗਏ ਨਾ ਵਹਾਂ ਕੋਈ ਇਸਤ੍ਰੀ ਹੈ ਨਾ ਕੋਈ ਯਕਾ ਹੈ ਦੁਕਾਨਦਾਰੋਂ ਨੇ ਕਹਾ ਤੁਮ ਪਕੇ ਚੋਰ ਹੋ ਰਾਜਾ ਪਾਸ ਲੇ ਗਏ ਰਾਜਾ ਨੇ ਕਹਾ ਅਮਕੇ ਬਿਰਛ ਸਾਥ ਇਸਕੋ ਫਾਂਸੀ ਦੇ ਦੇਹੁ। ਜਬ ਫਾਂਸੀ ਦੇਨੇ ਕੇ ਲੀਏ ਉਸ ਬਿਰਛ ਹੇਠ ਆਏ ਕਿਆ ਦੇਖਤਾ ਹੈ ਵੋਹੀ ਗਾਮ ਹੈ ਵੋਹੀ ਬਿਰਛ ਹੈ। ਇਤਨੇ ਚਿਰ ਨੂੰ ਵਹੁ ਕਾਰੀਗਰ ਭੀ ਆ ਗਏ ਪੂਛਾ ਯੇ ਕਿਆ ਤੁਮ ਕੋ ਤੋ ਅਠ ਦਿਨ ਪਹਿਲੇ ਖਬਰ ਹੂਈ ਥੀ ਫੇਰ ਤੁਮ



Scanned by CamScanner

ਨੇ ਉਪਾਇ ਕਿਉਂ ਨਾ ਕਰ ਲੀਆ ਸੁਣਕੇ ਚੁਪ ਹੋ ਗਯਾ ਫਾਂਸੀ ਮਿਲ ਗਯਾ। ਦੇਖੋ ਭਾਵੀ ਐਸੇ ਅਮੇਟ ਹੈ ॥੧ ॥ਸੰਕਾ ॥ਬਲ ਕਿਆ ਕਿਆ ਹੈ ॥ ਸਮਾਧਾਨ ॥ਮੂਲ ॥

**ਦੋਹਿਰਾ ॥ਮੂਰਖ ਕਾ ਬਲ ਮੌਨ ਹੈ ਤਸਕਰ ਕਾ ਬਲ ਝੂਠ। ਦੁਰਬਲ ਕੋ ਬਲ ਭੂਪ ਹੈ ਸਿਸ ਬਲ ਰੋਵਨ ਰੂਠ ॥੨ ॥**

ਟੀਕਾ॥ ਮੂਰਖ ਕਾ ਬਲ ਮੌਨ ਹੈ। ਕਾਹਿਤੇ। ਮੂਰਖ ਸਭਾ ਮੇਂ ਚੁਪ ਕਰਕੇ ਬੈਠਾ ਰਹੇ। ਤਬ ਵਹੁ ਭਲਾਮਾਨਸ ਭਾਸੇ ਹੈ। ਅਰ ਚੋਰ ਕਾ ਬਲ ਝੂਠ ਹੈ। ਮੈ ਚੋਰੀ ਨਹੀਂ ਕਰੀ ਐਸੇ ਕਹਿਤਾ ਰਹੇ ਫੇਰ ਵਹੁ ਬਚ ਜਾਵੇ ਹੈ। ਦੁਰਬਲ ਨਾਮ ਗਰੀਬ ਪੁਰਸ਼ ਕਾ ਬਲ ਰਾਜਾ ਹੈ। ਲੜਕੇ ਕਾ ਬਲ ਰੋਨਾ ਅਰ ਰੁਸਨਾ ਹੈ। ਔਰ ਇਨਕਾ ਬਲ ਨਹੀ ਹੈ ॥ਸੰਕਾ ॥ ਯੇ ਸਰੀਰ ਸਤਯ ਹੈ ਵਾ ਨਹੀਂ ॥ ਸਮਾਧਾਨ ॥ ਮੂਲ ॥

**ਦੋਹਿਰਾ ॥ਪ੍ਰਾਤ ਅੰਨ ਭੋਜਨ ਕਰਯੋ ਸਾਝ ਸਮੇਂ ਦੁਤਿ ਨਾਸ। ਤਿਹ ਰਸ ਕਰ ਉਪਜੇ ਜੁ ਤਨ ਕਹਾਂ ਨਿਤਤਾ ਤਾਸ ॥੩ ॥**

ਟੀਕਾ ॥ ਏ ਸਰੀਰ ਅਨਿਤ ਹੈ ਅਬ ਇਸ ਬਾਤ ਕੋ ਸਿਧ ਕਰੇ ਹੈਂ। ਜੋ ਪਰਾਤਾਕਾਲ ਅੰਨ ਕਾ ਭੋਜਨ ਕਰਿਆ ਹੈ। ਸਾਯੰ ਕਾਲ ਉਸ ਭੋਜਨ ਕੀ ਕ੍ਰਾਂਤੀ ਨਸ਼ਟ ਹੋ ਜਾਵੇ ਹੈ। ਕਾਹਿਤੇ। ਹੈ ਅਰ ਮੇਰੇ ਕੋ ਫੇਰ ਭੂਖ ਲਗ ਰਹੀ ਹੈ। ਭੋਜਨ ਮੇਰੇ ਕੋ ਸ਼ੀਘਰ ਦੇਹੁ। ਉਸ ਅੰਨ ਕੇ ਰਸ ਸੇ ਯੇ ਅੰਨ ਮਯ ਕੋਸ ਉਤਪੰਨ ਹੋਵੈ ਹੈ॥ ਭਾਵ-ਜੋ ਇਸਤ੍ਰੀ ਪੁਰਖ ਭੋਜਨੰ ਖਾਤੇ ਹੈਂ ਇਸਤ੍ਰੀ ਕੇ ਤਨ ਮੈ ਵਹੁ ਰਕਤ ਰੂਪ ਹੋ ਜਾਵੇ ਹੈ। ਅਰ ਪੁਰਸ਼ ਕੇ ਸਰੀਰ ਮੇਂ ਬੀਰਜ ਰੂਪ ਹੋ ਜਾਵੇ ਹੈ। ਤਿਸ ਰਕਤ ਬੀਰਜ ਦੁਵਾਰਾ ਯੇ ਸਰੀਰ ਪੈਦੇ ਹੋਵੈ ਹੈ। ਸਰੀਰ ਕਾ ਕਾਰਨ ਏ ਅੰਨ ਸਿਧ ਹੂਆ। ਜਬ ਅੰਨ ਆਪ ਹੀ ਅਨਿਤ ਰੂਪ ਹੈ। ਇਸ ਅੰਨ ਕਾ ਕਾਰਜ ਜੋ ਦੇਹ ਹੈ ਫੇਰ ਵਹੁ ਨਿਤ ਕੈਸੇ



ਹੋ ਸਕਤੀ ਹੈ ਯੇ ਨੇਮ ਹੈ ਜਿਸ ਕਾ ਕਾਰਨ ਅਨਿਤ ਹੈ ਫੇਰ ਉਸਕਾ ਕਾਰਜ ਭੀ ਅਨਿਤ ਹੈ। ਯਾਤੇ ਦੇਹ ਅਨਿਤ ਰੂਪ ਹੈ ॥ ਮੂਲ ॥

**ਸੋਰਠਾ ॥ਸਭ ਅਨਿਤ ਹੈ ਕਾਯ ਸਭ ਵਿਭੂਤ ਖਿਣ ਭੰਗਰੀ। ਨਿਕਟ ਕਾਲ ਨਿਤ ਆਇ ਧਰਮ ਸੰਗ੍ਰਹਿ ਯੋਗ ਅਬ ॥੪ ॥**

ਟੀਕਾ ॥ ਏ ਸਰੀਰ ਜੋ ਦਿਸ ਰਹੇ ਹੈਂ ਯੇ ਸਭ ਅਸਤ ਰੂਪ ਹੈਂ। ਸਭ ਵਿਭੂਤ ਰੂਪੀ ਜੋ ਮਾਯਾ ਹੈ ਏਭੀ ਸਭ ਖਿਨ ਭੰਗਾਰ ਹੈ ॥ ਕਾਹਿਤੇ ॥ ਇਨ ਸਭ ਕਾ ਖਿਨ ੨ ਮੈ ਪ੍ਰਣਾਮ ਹੋਤਾ ਚਲਾ ਜਾਤਾ ਹੈ। ਦਿਸਟਮਾਨ ਹੈ ਸਗਲ ਮਿਥੇਨਾ ॥ ਹੇ ਪੁਰਸ਼ੋ ਨਿਤ ਹੀ ਤੁਮਾਰੇ ਸਮੀਪ ਕਾਲ ਚਲਾ ਆਤਾ ਹੈ। ਯੇ ਪਤਾ ਨਹੀਂ ਕਾਲ ਕਬ ਤੁਮਕੋ ਮਾਰ ਲਏਗਾ। ਇਸ ਵਾਸਤੇ ਆਪਣੇ ਕਲਿਆਨ ਕੇ ਲੀਏ ਧਰਮ ਕਾ ਅਬ ਸੰਗ੍ਰਹਿ ਕਰੋ। ਸਭ ਕਾਮ ਕੋ ਛੋੜ ਕਰਕੇ ॥ ਸੰਕਾ ॥ ਧਰਮ ਕਿਸ ਰੀਤੀ ਸੇ ਸੰਗ੍ਰਹਿ ਕਰੇ ॥ ਸਮਾਧਾਨ ॥ ਮੂਲ ॥

**ਸਵੈਯਾ ॥ਆਧਿ ਬਿਆਧਿ ਬਿਨਾ ਤਨੁ ਮਾਨੁਸ ਮਾਨਸ ਜੋ ਅਪਨੋ ਜਬ ਹੇਰੇ। ਅੰਨ ਪਟਾਦਿ ਅਨਾਥਨ ਕੇ ਘਰ ਦ੍ਵੈਕਰ ਜੋਰ ਦਏ ਪੁਨ ਟੇਰੇ। ਖਾਇ ਹੰਢਾਇ ਧਿਯਾਇ ਹਰੀ ਚਿਰਜੀਵਹੁ ਜੀ ਤੁਮ ਬਾਂਧਵ ਮੇਰੇ। ਤਾਸ ਅਸੀਸਹਿ ਤੇ ਜਗਦੀਸ ਕਰੇ ਮਨ ਸੁਧ ਸੁ ਸਾਂਝ ਸਵੇਰੇ ॥੫ ॥**

ਟੀਕਾ ॥ ਮਨ ਮੈ ਜੋ ਚਿੰਤਾਦਿਕ ਹੋਣੀ ਏ ਮਾਨਸੀ ਰੋਗ ਆਧੀ ਕਹਾ ਜਾਵੇ ਹੈ। ਅਸਥੂਲ ਸਰੀਰ ਮੈ ਜੋ ਤਪ ਆਦਿਕ ਹੋਣਾ ਯੇ ਬਿਆਧੀ ਰੋਗ ਕਹਾ ਜਾਵੇ ਹੈ। ਇਸ ਆਧੀ ਬਿਆਧੀ ਤੇ ਰਹਿਤ ਮਨ ਮੈ ਜਦੋਂ ਆਪਣਾ ਮਾਨੁਖ ਸਰੀਰ ਕੋ ਦੇਖੋ ਅਬ ਮੇਰਾ ਸਰੀਰ ਨਿਰੋਗ ਹੈ। ਕਿਸੀ ਪ੍ਰਕਾਰ ਕਾ ਰੋਗ ਨਹੀਂ ਹੈ। ਤਬ ਉਸੀ ਸਮੇਂ ਅੰਨ ਅਰ ਪਟ ਨਾਮ ਬਸਤ੍ਰ ਆਦੀ ਵਿਚੋਂ ਬਰਤਨ ਲੇਕਰ ਗਰੀਬੋਂ ਕੇ ਘਰ ਜਾ ਕੇ ਦੋਨੋਂ ਹਾਥ ਜੋੜ ਕਰ ਉਨਕੋ ਦੇ



Scanned by CamScanner

ਦੇਵੇ। ਫੇਰ ਯੇ ਕਹੇ ਹੇ ਮੇਰੇ ਪਿਆਰੇ ਭਾਈਓ ਤੁਮ ਇਸ ਅੰਨ ਕੋ ਖਾਓ ਅਰ ਬਸਤਰਾਂ ਕੋ ਹੰਢਾਓ ਹਰੀ ਕਾ ਧਿਆਨ ਧਰੋ। ਹੇ ਮੇਰੇ ਪਿਆਰੇ ਸਬੰਧੀਓ ਤੁਮ ਚਿਰਜੀਵੀ ਹੋਵੇ। ਐਸਾ ਨਿਰਮਾਨ ਹੋ ਕਰ ਧਰਮ ਕਰੇ। ਗਰੀਬ ਲੋਕ ਉਸ ਸੇ ਅੰਨ ਵਸਤਰ ਲੇਕਰ ਚਿਤ ਮੇਂ ਪ੍ਰਸੰਨ ਹੋ ਕਰ ਉਸ ਦਾਤਾ ਕੋ ਯੇ ਅਸੀਸਾਂ ਦੇਵੇ ਹੈ। ਹੇ ਦਾਤਾ ਤੇਰੀ ਦੇਹ ਕੋ ਪ੍ਰਮਾਤਮਾ ਅਰੋਗ ਰਖੇ ਤੈਨੇ ਵਡੀ ਹਮਾਰੇ ਪਰ ਦਯਾ ਪਾਲੀ ਹੈ। ਤੈਨੂੰ ਪਰਮੇਸ਼ਵਰ ਚਿਤ ਆਵੇ ਲੋਕ ਪਰਲੋਕ ਮੇਂ ਤੂੰ ਸੁਖੀ ਰਹੇ। ਇਨ੍ਹਾਂ ਗਰੀਬਾਂ ਕੀ ਇਤ ਆਦੀ ਅਸੀਸਾਂ ਕਰਕੇ ਪ੍ਰਮਾਤਮਾ ਉਸਕੇ ਮਨ ਕੋ ਦਿਨੇ ਰਾਤੀ ਸੁਧ ਕਰ ਦੇਵੇ ਹੈ। ਵਾ ਉਨ੍ਹਾਂ ਕੀ ਅਸੀਸਾਂ ਸੇ ਮਨ ਸੁਧ ਹੋਕਰ ਪ੍ਰਮਾਤਮਾ ਸਾਂਝ ਨਾਮ ਅਵਿਦਿਆ ਤੇ ਸਵੇਰੇ ਨਾਮ ਗਿਯਾਨ ਕਰ ਦੇਵੇ ਹੈ। ਤਿਸ ਗਯਾਨ ਕਰ ਜਨਮ ਮਰਨ ਤੇ ਰਹਿਤ ਹੋ ਕਰ ਸੋ ਮੁਕਤ ਹੋ ਜਾਵੇ ਹੈ॥

ਸੰਕਾ॥ਆਤਮਾ ਮੇਂ ਜਨਮ ਮਰਨਾ ਦੀ ਵਿਵਹਾਰ ਪਰਮਾਰਥ ਸੇ ਹੈ। ਵਾ ਕਲਪਤ ਹੈ॥ ਸਮਾਧਾਨ॥ ਮੂਲ॥

**ਦੋਹਿਰਾ॥ਗੁਣ ਸਫਟਕ ਕੋ ਜੋ ਅਹੈ ਵਹੀ ਦੋਖ ਕੋ ਹੇਤ।**
**ਤੈਸੇ ਸ੍ਵਾਸ੍ਰੈ ਆਤਮਾ ਨਿਰਮਲ ਭੀ ਮਲ ਲੇਤ॥੬॥**

ਟੀਕਾ॥ ਦ੍ਰਿਸ਼ਟਾਂਤ। ਜੈਸੇ ਸਫਟਕ ਮਣੀ ਮੇਂ ਜੋ ਸਵੇਤ ਗੁਣ ਹੈਂ। ਵਹੀ ਦੋਸ ਕਾ ਕਾਰਨ ਹੈ। ਕਾਹਿਤੇ। ਊਜਲ ਜੋ ਸਫਟਕ ਮਣੀ ਹੈ। ਉਸਕੇ ਸਮੀਪ ਲਾਲ ਪੁਸਪ ਧਰਨੇ ਸੇ ਉਸਕੀ ਲਾਲੀ ਵਹੁ ਗ੍ਰਹਿਨ ਕਰ ਲੇਵੇ ਹੈ। ਜੇ ਊਜਲਪਨਾ ਨਾ ਹੋਤਾ ਤੋ ਦੂਸਰੇ ਕਾ ਰੰਗ ਕਬੀ ਨ ਗ੍ਰੈਹਿਨ ਕਰ ਸਕਤੀ ਇਸ ਵਾਸਤੇ ਏਹੀ ਊਜਲਪਨਾ ਦੋਸ਼ ਰੂਪ ਹੈ। ਦ੍ਰਿਸ਼ਟਾਂਤ। ਤੈਸੇ ਸ੍ਵੈ ਆਪਣੇ ਆਸਰੇ ਰਹਿਨੇ ਵਾਲਾ ਜੋ ਆਤਮਾ ਹੈ ਸੋ ਕੈਸਾ ਹੈ ਕਿ ਮਹਾਨ ਨਿਰਮਲ ਹੈ। ਅਵਿਦਿਆ ਦੀ ਮਲ ਸੇ ਰਹਿਤ ਹੈ ਯਦਪੀ ਆਤਮਾ ਐਸਾ ਨਿਰਮਲ ਹੈ ਤੌ ਭੀ ਦੂਸਰੇ ਕੀ ਮਲ ਅੰਗੀਕਾਰ ਕਾ ਲੇਤਾ ਹੈ। ਕਾਹਿਤੇ।



ਰਾਗ ਦਵੈਖ ਜਨਮ ਮਰਨ ਦੀ ਯੇ ਅੰਤਹਿਕਰਨ ਕੇ ਧਰਮ ਹੈ ਪਰ ਏ ਆਤਮਾ ਮੇਂ ਭਾਸਨੇ ਲਗ ਜਾਵੇ ਹੈ। ਵਾਸਤਵ ਸੇ ਕੁਛ ਨਹੀਂ। ਜੈਸੇ ਚੰਦ੍ਰਮਾ ਕਾ ਪਰਤਿਬਿੰਬ ਜਲ ਉਪਾਧੀ ਕੇ ਹਲਨੇ ਕਰ ਹਲਤਾ ਪ੍ਰਤੀਤ ਹੋਵੇ ਹੈ ਪਰ ਵਾਸਤਵ ਸੇ ਅਡੋਲ ਹੈ। ਤੈਸੇ ਆਤਮਾ ਜਿਉਂ ਕਾ ਤਿਉਂ ਹੈ। ਪਰ ਅੰਤਹਿਕਰਨ ਕੇ ਧਰਮ ਆਤਮਾ ਮੇਂ ਭਾਸਨੇ ਲਗ ਜਾਤੇ ਹੈਂ। ਵਾਸਤਵ ਸੇ ਆਤਮਾ ਮੇਂ ਨਹੀਂ ਹੈ। ਅਰ ਯੇ ਆਤਮਾ ਸਿਵ ਰੂਪ ਹੈ। ਘਟਾ ਕਾਸ ਮਹਾ ਕਾਸ ਵਤ॥ਸੰਕਾ॥ ਜੋ ਸਿਵ ਕੇ ਪਾਸ ਵਿਭੂਤੀ ਹੈ ਸੋ ਤੁਮਾਰੇ ਪਾਸ ਨਹੀਂ ਫੇਰ ਤੁਮ ਸਿਵ ਰੂਪ ਕੈਸੇ ਹੂਏ॥ ਸਮਾਧਾਨ॥ ਮੂਲ॥

**ਨਰਾਜ ਛੰਦ॥ ਜਟਾਂਨ ਗੰਗ ਇੰਦੁ ਕੋ ਸਿਵਾਰ ਧਾਂਗ ਧਾਰਹੋ। ਭੁਜੰਗ ਭੰਗ ਕੋ ਅਹਾਰ ਹਾਰ ਮਾਰ ਮਾਰਹੋ। ਤ੍ਰਿਸੂਲ ਡੌਰੂ ਧੂਰ ਧਾਰ ਰੁੰਡ ਮਾਲ ਆਬ੍ਰਿਤੰ। ਇਤਿ ਵਿਭੂਤ ਵਾਰ ਹੋ ਤਥਾਪਿ ਮੈ ਸਿਵਾ ਕ੍ਰਿਤੰ॥੭॥**

ਟੀਕਾ॥ ਸਿਵ ਮਹਾਰਾਜ ਕੈਸੇ ਹੈਂ। ਜਿਨ੍ਹਾਂ ਨੇ ਸਿਰ ਪਰ ਜੜਾਵਾਂ ਧਾਰਨ ਕਰੀਆਂ ਹੂਈਆਂ ਹੈਂ। ਅਰ ਸਿਰ ਪਰ ਜਿਨ੍ਹਾਂ ਨੇ ਸ੍ਰੀ ਗੰਗਾ ਧਾਰਨ ਕਰੀ ਹੂਈ ਹੈ। ਅਰ ਮਸਤਕ ਮੈ ਚੰਦਰਮਾਂ ਧਾਰਨ ਕਰਾ ਹੂਆ ਹੈ। ਬਾਮੇਂ ਪਾਸੇ ਪਾਰਬਤੀ ਧਾਰਨ ਕਰੀ ਹੂਈ ਹੈ। ਕੰਠ ਮੇਂ ਸ਼ੇਸ਼ਨਾਗ ਕਾ ਹਾਰ ਪਾਇਆ ਹੂਆ ਹੈ। ਅਰ ਭੰਗ ਧਤੂਰੇ ਕਾ ਅਹਾਰ ਕਰਤੇ ਹੈਂ। ਮਾਰ ਨਾਮ ਕਾਮ ਦੇਵ ਕੋ ਜਿਨ੍ਹਾਂ ਨੇ ਮਾਰ ਦੀਆ ਹੈ। ਤਿਰਸੂਲ ਅਰ ਡੌਰੂ ਕੋ ਹਾਥ ਮੇਂ ਧਾਰਨ ਕਰਾ ਹੂਆ ਹੈ। ਅਰ ਮਸਾਣ ਕੀ ਭਸਮ ਲਗਾਈ ਹੂਈ ਹੈ। ਕੰਠ ਮੇਂ ਰੁੰਡ ਮਾਲਾ ਪਾਈ ਹੂਈ ਹੈ। ਇਤਿਆਦੀ ਵਿਭੂਤੀ ਕਰ ਸਿਵ ਆਬ੍ਰਿਤ ਨਾਮ ਵੇਹੜੇ ਹੂਏ ਹੈਂ॥ ਭਾਵ-ਯਦਪੀ ਇਤਨੀ ਵਿਭੂਤੀ ਵਾਲੇ ਸਿਵ ਹੈਂ। ਪੁਰਬੋਕਤ ਵਿਭੂ ਸੇ ਮੈ ਰਹਿਤ ਹੂੰ। ਏ ਚੀਜ਼ ਏਕ ਭੀ ਮੇਰੇ ਪਾਸ ਨਹੀ ਹੈਂ। ਤਥਾਪ ਨਾਮ ਤੌ ਭੀ ਮੈ ਸ਼ਿਵਾ ਕ੍ਰਿਤੰ ਨਾਮ ਕਲਿਆਨ ਸਰੂਪ



Scanned by CamScanner

ਹੋ॥ ਕਾਹਿਤੇ॥ ਵਿਭੂਤੀ ਭੇਦ ਸੇ ਭੇਦ ਦੂਰ ਨਹੀ ਹੋਤਾ ਹੈ। ਯੇ ਭੇਦ ਤੋ ਬਨਾ ਰਹੇਗਾ। ਲਖਨਾ ਬ੍ਰਿਤੀ ਸੇ ਅਭੇਦ ਹੋ ਸਕੇ ਹੈ। ਸਿਵ ਕੀ ਮਹਾਨ ਵਿਭੂਤੀ ਤਿਆਗ ਕਰ ਦੇਖੀਏ ਤੋ ਦੋਨੋਂ ਚੇਤਨ ਏਕ ਰੂਪ ਹੈਂ। ਸਰੂਪ ਕੇ ਬੋਧ ਸੇ ਜੋ ਅਨੰਦ ਸਿਵ ਕੋ ਹੈ ਸੋਈ ਅਨੰਦ ਮੁਝ ਕੋ ਹੈ। ਇਸ ਮੇਂ ਕੁਛ ਭੇਦ ਨਹੀਂ ਹੈ। ਇਸ ਵਾਸਤੇ ਮੈ ਸਿਵ ਰੂਪ ਹੂੰ। ਸਾਧਨ ਸੰਪਤੀ ਸਹਿਤ ਜੋ ਯੇ ਵਚਨ ਕਹਿਤਾ ਹੈ। ਉਸਕਾ ਵਚਨ ਸਚਾ ਹੈ ਅਨ ਕਾ ਨਹੀਂ॥ ਸੰਕਾ॥ ਕਲੂਕਾਲ ਕੇ ਲਖਨ ਕਿਆ ਹੈਂ॥ ਸਮਾਧਾਨ॥ ਮੂਲ॥

**ਸਵੈਯਾ॥ ਏਕ ਸਰੀਰ ਸਬੰਧ ਭਏ ਜਨ ਮਾਂਤਰ ਕੀ ਗਿਨਤੀ ਕਛੁ ਨਾਹੀ। ਤਾਂ ਪਰ ਜੋ ਅਨੁਰਾਗ ਕਰੇ ਸੁਤ ਮਾਤ ਪਿਤਾ ਤਰੁਨੀ ਧਨ ਮਾਹੀ। ਸਾਰ ਅਸਾਰ ਵਿਚਾਰਤ ਭੀਤਜ ਸਾਰ ਅਸਾਰ ਵਿਖੇ ਲਪਟਾਹੀ। ਫੇਰ ਕਹੇ ਹਮ ਜੀਵਨ ਮੋਖ ਸੁ ਏ ਕਲੂ ਕਾਲ ਕੇ ਲਖਣ ਆਹੀ॥੮॥**

ਟੀਕਾ॥ ਯੇ ਏਕ ਜੋ ਮਾਨੁਖ ਸਰੀਰ ਪ੍ਰਾਪਤ ਹੂਆ ਹੈ। ਸਬੰਧ ਕਿਆ ਇਸੀ ਕੇ ਪਾਲਣ ਪੋਸਣ ਮੇਂ ਜੋ ਦਿਨ ਰਾਤ ਲਗੇ ਹੂਏ ਹੈਂ। ਮੈ ਦੇਹ ਹੂੰ ਐਸੇ ਦੇਹ ਆਤਮਾ ਵਾਦੀ ਹੋ ਰਹੇ ਹੈ। ਫੇਰ ਦਸੋ ਉਸਕੇ ਜਨਮੋਂ ਕੀ ਗਿਣਤੀ ਕਿਆ ਹੈ। ਕਿਤਨੇ ਵਹੁ ਜਨਮ ਧਾਰੇਗਾ। ਭਾਵ-ਉਸਕੇ ਜਨਮੋਂ ਕਾ ਅੰਤ ਕੋਈ ਨਹੀਂ ਹੈ। ਕਾਹਿਤੇ। ਦੇਹ ਆਤਮ ਬੁਧੀ ਜਨਮੋਂ ਕੇ ਦੇਨੇ ਹਾਰੀ ਹੈ। ਅਥਵਾ-ਪੂਰਬਲੇ ਮਿਸਰਤ ਸਕਾਮ ਕਰਮੋਂ ਕਰਕੇ ਯੇ ਏਕ ਮਾਨੁਖ ਸਰੀਰ ਪ੍ਰਾਪਤ ਹੂਆ ਹੈ। ਫੇਰ ਇਸ ਮੇਂ ਸਕਾਮ ਕਰਮ ਕਰਨੇ ਲਗ ਪੜਾ ਹੈ। ਇਨ੍ਹਾਂ ਸਕਾਮ ਕਰਮੋਂ ਕਰਕੇ ਫੇਰ ਆਗੇ ਕਈ ਜਨਮ ਧਾਰਨ ਕਰੇਗਾ। ਈਹਾਂ ਤਕ ਅਹੰਤਾ ਅਧਿਆਸ ਕਹਾ ਹੈਂ। ਆਗੇ ਮਮਤਾ ਅਧਿਆਸ ਕਹੇ ਹੈ। ਤਾਂ ਪਰ ਕਹੀਏ ਤਿਸ ਤੇ ਉਪਰੰਤ ਦੇਹ ਸੇ ਭਿੰਨ ਮਾਤਾ ਪਿਤਾ ਇਸਤਰੀ ਪੁੱਤਰ ਧਨ ਇਨ੍ਹਾਂ ਪਦਾਰਥੋਂ ਵਿਖੇ ਜੋ ਪਰੇਮ ਕਰਤਾ ਹੈ। ਭਾਵ-



ਦਿਨ ਰਾਤ ਸਬੰਧੀਓਂ ਮੇਂ ਜੋ ਅਨੁਰਾਗ ਕਰਤਾ ਹੈ। ਆਤਮਾ ਸਤ ਰੂਪ ਹੈ ਪਰਪੰਚ ਅਸਤਿ ਰੂਪ ਹੈ। ਐਸੇ ਸਾਰ ਅਸਾਰ ਕਾ ਵਿਚਾਰ ਭੀ ਕਰਤਾ ਹੈ। ਪਰ ਸਾਰ ਕੋ ਤਿਆਗ ਕਰ ਅਸਾਰ ਜੋ ਵਿਸੇ ਹੈਂ ਉਨ ਮੇਂ ਲੰਪਟ ਹੋ ਰਹੇ ਹੈਂ। ਫੇਰ ਕਹਿਤੇ ਹੈਂ ਹਮ ਜੀਵਨ ਮੁਕਤ ਹੈਂ ਹਮ ਕੋ ਕਰਤਬ ਕਾ ਅਭਾਵ ਹੈ। ਮੈ ਬ੍ਰਹਮਵੇਤਾ ਹੂੰ। ਮੇਰੇ ਕੋ ਕਿਸੀ ਕਾ ਭੈ ਨਹੀਂ ਹੈ। ਕਲਜੁਗ ਮੇਂ ਜੋ ਪੁਰਸ਼ ਹੋਇੰਗੇ ਮੈ ਬ੍ਰਹਮ ਹੂੰ ਸਭ ਏਹੀ ਕਹੇਂਗੇ। ਪਰ ਸ਼ਕਤੀ ਸੂੰਨ ਹੋਇੰਗੇ। ਇਸ ਮੇਂ ਪ੍ਰਮਾਨ। ਘਰ ਘਰ ਹੋਇ ਬਹੈਗੋ ਰਾਮਾ। ਤਿਨ ਤੇ ਕਛੂਨ ਸਰ ਹੈ ਕਾਮਾ। ਪੁਨਾ। ਦੋਹਿਰਾ। ਬ੍ਰਹਮ ਗਿਆਨ ਬਿਨ ਨਾਰ ਨਰ ਕਰਹਿ ਨ ਦੂਸਰ ਬਾਤ। ਕੌਡੀ ਲਾਗੈ ਲੋਭ ਵਸ ਕਰਹਿ ਬਿਪ੍ਰ ਗੁਰ ਘਾਤ। ਸੋਈ ਅਜਾਨ ਕਹੇ ਮੈ ਜਾਨਾ ਜਾਨਨਹਾਰ ਨ ਜਾਨਾ ਰੇ। ਏਹ ਗੁਰੂ ਪ੍ਰਮਾਨ ਹੈ। ਧਨੀ ਪੁਰਸ਼ ਐਸੇ ਨਹੀਂ ਕਹਿੰਦਾ ਫਿਰਤਾ ਕਿ ਮੈ ਧਨੀ ਹੂੰ। ਜੋ ਕਹਿਤਾ ਹੈ ਸੋ ਝੂਠਾ ਹੈ। ਐਸੇ ਤਤਵੇਤਾ ਪੁਰਸ਼ ਮੁਖ ਸੇ ਨਹੀਂ ਕਹਿੰਦਾ ਫਿਰਦਾ ਮੈ ਬ੍ਰਹਮ ਹੂੰ। ਜੋ ਕਹਿਤਾ ਹੈ ਸੋ ਝੂਠਾ ਹੈ। ਕਰਮ ਖੋਟੇ ਕਰਨੇ ਗਯਾਨ ਕੀ ਕੀ ਦਮਕ ਮਾਰਨੀ। ਏਹੀ ਕਲੂਕਾਲ ਕੇ ਲਖਨ ਹੈਂ॥ ਸੰਕਾ॥ ਕਲਜੁਗ ਮੇਂ ਪੰਡਤ ਕੈਸੇ ਹੋਇੰਗੇ॥ ਸਮਾਧਾਨ॥ ਮੂਲ॥

**ਸਵੈਯਾ॥ ਗ੍ਰੰਥ ਅਪਾਰ ਵਿਚਾਰ ਵਿਚਾਰ ਗਵਾਰ ਮਹਾਂ ਮਦ ਕੇ ਸੁਖ ਝੂਲਾ। ਪੰਡਤ ਹ੍ਵੈ ਵਿਚਰੇ ਭਵ ਮੈ ਨਿਜ ਪ੍ਰੋਜਨ ਡਾਰ ਦਯੋ ਅਨਕੂਲਾ। ਔਰਨ ਕੋ ਉਪਦੇਸ ਬਤਾਵਤ ਆਪ ਬੰਧਿਓ ਜੈਸੇ ਗੱਡ ਕੋ ਜੂਲਾ। ਸੁੰਦਰ ਊਪਰ ਤੇ ਵਹੁ ਦੀਸਤ ਭੀਤਰ ਯੌ ਜੈਸੇ ਕਿੰਸ ਕੋ ਫੂਲਾ॥੯॥**

ਟੀਕਾ॥ ਚਾਰ ਵੇਦ, ਅਠਾਰਾਂ ਪੁਰਾਨ, ਖਟ ਸ਼ਾਸਤ੍ਰ, ਸਤਾਈ ਸਿਮ੍ਰਤੀ ਇਤਿਆਦੀ ਅਪਾਰ ਗ੍ਰੰਥੋਂ ਕਾ ਵਿਚਾਰ ਜੋ ਕਹਿਨੇ ਯੋਗ ਹੈ ਸੋ ਵਿਚਾਰ ਕਰ ਮੂਰਖ ਹੰਕਾਰ ਮੈ ਸੁਖ ਜਾਨ ਕੇ ਝੂਲਾ ਨਾਮ ਲਟੂ ਹੋ ਰਹਾ ਹੈ॥ ਭਾਵ-



Scanned by CamScanner

ਇਨਕੋ ਪੜ੍ਹ ਕੇ ਹੰਕਾਰ ਕਾ ਤੋ ਤਿਆਗ ਕਰਨਾ ਥਾ। ਉਲਟਾ ਮੂਰਖਤਾ ਨੂੰ ਧਾਰਨ ਕਰ ਲੇਵੇ ਹੈ। ੧। ਸੰਸਾਰ ਮੇਂ ਵਡਾ ਭਾਰੀ ਪੰਡਤ ਹੋ ਕਰ ਵਿਚਰੇ ਹੈ। ਹਮ ਵਡੇ ਭਾਰੇ ਪੰਡਤ ਹੈਂ। ਐਸੇ ਆਪਣੇ ਆਪ ਕੋ ਕਹਾਤਾ ਹੈ। ਆਪਣੀ ਕਲਿਆਣ ਹੋਨੇ ਕਾ ਜੋ ਅਨਕੂਲ ਪ੍ਰਜੋਜਨ ਥਾ ਸੋ ਤੋ ਤਿਆਗ ਕਰ ਦੇਵੇ ਹੈ। ਅਨ ਧੰਧਿਓਂ ਮੇਂ ਲਪਟ ਰਹਿਆ ਹੈ ॥ ਭਾਵ-ਮਾਨੁਖ ਸਰੀਰ ਪਾਇ ਕਰ ਵਿਦਿਆ ਪੜ੍ਹ ਕੇ ਆਪਣੇ ਮੋਖ ਮਾਰਗ ਕੋ ਸਿਧ ਕਰਨਾ ਥਾ ਸੋ ਤੋ ਨਾ ਕਰਾ ॥ ੨ ॥ ਔਰਨਾਂ ਕੋ ਏ ਉਪਦੇਸ਼ ਬਤਾਵੇ ਹੈ। ਹੇ ਪਿਆਰੇ ਸਜਨੋਂ ਯੇ ਸੰਸਾਰ ਸਭ ਖਿਨ ਭੰਗਰ ਹੈ ਇਸ ਸਰੀਰ ਕਾ ਕੁਛ ਭਰੋਸਾ ਨਹੀਂ ਹੈ। ਸ੍ਵਾਸ ਸ੍ਵਾਸ ਹਰੀ ਕਾ ਭਜਨ ਕਰੋ। ਚਿਤ ਸੇ ਕਿਸੀ ਮੇਂ ਬੰਧਾਇਮਾਨ ਨ ਹੋਵੋ। ਅਰ ਸਭ ਸੇ ਉਪਰਾਮ ਰਹੋ। ਆਪ ਸੰਸਾਰ ਕੇ ਪਦਾਰਥੋਂ ਮੇਂ ਐਸੇ ਬੰਧਾਇਮਾਨ ਹੋ ਰਹਾ ਹੈ। ਜੈਸੇ ਗਡੀ ਕਾ ਜੂਲਾ ਬੰਧਾਇਮਾਨ ਹੋਵੇ ਹੈ। ਬੈਲੋਂ ਕੇ ਮੋਢੇ ਪਰ ਜੋ ਹੋਤਾ ਹੈ। ਸੋ ਕਹੀਂ ਨਹੀਂ ਹਿਲੇ ਹੈ। ਤਦ ਵਤ ਸੰਸਾਰ ਕੇ ਪਦਾਰਥੋਂ ਮੇਂ ਉਸਕਾ ਚਿਤ ਬੰਧਾਇਮਾਨ ਹੋਵੇ ਹੈ ॥ ੩ ॥ ਊਪਰ ਤੇ ਵਹੁ ਵਡਾ ਸੁੰਦਰ ਦਿਸੇ ਹੈ। ਬਾਹਿਰਲਾ ਚਿੰਨ ਸਰੀਰ ਕਾ ਐਸੇ ਧਾਰਨ ਕਰਾ ਹੂਆ ਹੈ, ਜੋ ਦੇਖੇ ਸੋਈ ਪ੍ਰਸੰਨ ਹੋ ਜਾਵੇ, ਊਪਰ ਤੇ ਐਸਾ ਸੁੰਦਰ ਸ੍ਵਾਂਗ ਧਾਰਨ ਕਰਾ ਹੂਆ ਹੈ। ਜੋ ਕੁਛ ਕਹਾ ਨਹੀਂ ਜਾਤਾ। ਪਰ ਭੀਤਰ ਸੇ ਪਾਪੋਂ ਸੇ ਇਸ ਪਰਕਾਰ ਕਾਲਾ ਹੋਵੇ ਹੈ। ਜੈਸੇ ਕੇਸੂ ਕਾ ਫੁਲ ਭੀਤਰ ਸੇ ਕਾਲਾ ਹੋਵੇ ਹੈ। ਲੋਕਾਂ ਦੇ ਧਨ ਹਰਨੇ ਕਾ ਉਪਾਇ ਚਿੰਤਨ ਕਰਤਾ ਰਹਿਤਾ ਹੈ। ਐਸੇ ਕਲਜੁਗ ਕੇ ਪਾਪੀ ਪੰਡਤ ਹੋਵੇ ਹੈ ॥ ਸੰਕਾ ॥ ਵਿਰਾਗ ਕੀ ਪ੍ਰਾਪਤੀ ਕੈਸੇ ਹੋਵੇ ਹੈ ॥ ਸਮਾਧਾਨ ॥ ਮੂਲ ॥

**ਸਵੈਯਾ ॥ ਦੇਹ ਸਿੰਗਾਰ ਅਹਾਰ ਰਜੋਗੁਣ ਮੂੜਨ ਸੰਗ ਵਿਚਿਤ੍ਰਤ ਮੰਦਰ। ਨਾਰ ਨਿਰੂਪਨ ਕਾਵਜ ਜੁ ਹੈ ਪੁਨ ਮੈਥਨ ਆਠ ਜੁ ਗ੍ਰੰਥਨ ਅੰਦਰ। ਕਾਮਨਿ ਕੋ ਫਲ ਦੇਵਨ ਲੇਵਨ ਕੰਦ੍ਰਪ ਕਰੋਧ ਲੋਭਾਦਿ ਕਲੰਦਰ। ਜੋ ਬਡ ਭਾਗ ਵਿਰਾਗ ਚਹੈ**



**ਤਬ ਤਿਆਗ ਦਏ ਇਤਿਆਦਿਕ ਸੁੰਦਰ। ੧੦।**

ਟੀਕਾ ॥ ਵਸਤਰ ਭੂਸਨੋਂ ਕਰ ਜੋ ਦੇਹ ਕਾ ਸ਼ਿੰਗਾਰ ਕਰਨਾ ਮਦ ਮਾਸਾਦੀ ਰਜੋ ਗੁਨ ਕਾ ਜੋ ਅਹਾਰ ਕਰਨਾ। ਅਰ ਮੂੜ ਪੁਰਸ਼ੋਂ ਕੀ ਸੋਭਿਤ ਕਰਨੀ ਚਿਤਰੇ ਹੂਏ ਸੁੰਦਰ ਮੰਦਰੋਂ ਮੇਂ ਜੋ ਨਿਵਾਸ ਕਰਨਾ। ੧। ਇਸਤਰੀਓਂ ਕੇ ਅਲੰਕਾਰ ਵਾਲੇ ਜੋ ਕਾਵਜ ਗ੍ਰੰਥ ਹੈਂ ਉਨਕਾ ਜੋ ਪਠਨ ਪਾਠਨ ਕਰਨਾ। ਅਰ ਗ੍ਰੰਥੋਂ ਕੇ ਅੰਦਰ ਜੋ ਅਸਟ ਪ੍ਰਕਾਰ ਮੈਥਨ ਕਹਾ ਹੈ। ਦਿਨ ਰਾਤ ਜੋ ਇਨ ਮੇਂ ਪਰਵਰਤ ਰਹਿਣਾ। ਸੰਕਾ। ਵਹੁ ਅਸ੍ਰ ਪ੍ਰਕਾਰ ਕਾ ਮੈਥਨ ਕਵਨ ਹੈ ॥ ਸਮਾਧਾਨ ॥ ਦੋਹਿਰਾ। ਸਰਵਨ ਸਿਮਰਨ ਕੀਰਤਨ ਚਿਤਵਨ ਬਾਤ ਇਕੰਤ। ਦ੍ਰਿੜ ਸੰਕਲਪ ਪ੍ਰਯਤਨ ਤਨ ਪ੍ਰਾਪਤ ਅਸਟ ਕਹੰਤ। ਯੇ ਅਸਟ ਪ੍ਰਕਾਰ ਕਾ ਮੈਥਨ ਹੈ। ੨। ਇਸਤੀਰਆਂ ਕੋ ਫਲ ਦੇਨਾ ਅਰ ਲੇਣ ਯੇ ਜੋ ਕਾਮ ਕਰਨਾ ਕਾਮ ਕ੍ਰੋਧ ਲੋਭ ਮੋਹ ਹੰਕਾਰ ਯੇ ਪਾਂਚੋਂ ਕਲੰਦਰ ਹੈਂ। ਬਾਂਦਰੋਂ ਕੀ ਤਰ੍ਹਾਂ ਜੋ ਜੀਵਾਂ ਕੋ ਨਚਾ ਰਹੇ ਹੈਂ। ਭਾਵ-ਏ ਹੈ। ਕਬੀ ਕਾਮਾ ਕਾਰ, ਕਬੀ ਕ੍ਰੋਧਾ ਕਾਰ, ਕਬੀ ਲੋਭਾ ਕਾਰ, ਕਬੀ ਮੋਹਾ ਕਾਰ ਕਬੀ ਹੰਕਾਰਾ ਕਾਰ, ਐਸੀ ਐਸੀ ਜੋ ਬਿਰਤੀਆਂ ਹੋਤੀਆਂ ਹੈਂ। ੩। ਜੋ ਵਡੇ ਭਗਵਾਨ ਪੁਰਸ਼ ਵਿਰਾਗ ਕੀ ਪ੍ਰਾਪਤੀ ਕੀ ਇੱਛਾ ਕਰਤਾ ਹੈ, ਕਿ ਮੁਝ ਕੋ ਵਿਰਾਗ ਮਿਲੇ। ਤਬ ਪੂਰਬੋਕਤ ਇਤਿਆਦਿਕ ਸੁੰਦਰ ਪਦਾਰਥੋਂ ਕਾ ਤਿਆਗ ਕਰ ਦੇਵੇ। ਭਾਵ-ਸਭ ਪਦਾਰਥੋਂ ਮੇਂ ਗਿਲਾਨੀ ਕਰ ਦੇਵੇ ਤਬ ਇਸ ਕੋ ਵਿਰਾਗ ਕੀ ਪ੍ਰਾਪਤੀ ਹੋਵੇ ਹੈ। ਜਬ ਤਕ ਪਦਾਰਥੋਂ ਮੇਂ ਗਿਲਾਨੀ ਨਾ ਫੁਰੇ, ਤਬ ਤਕ ਵਿਰਾਗ ਨਹੀਂ ਮਿਲੇਗਾ। ਇਸ ਵਾਸਤੇ ਦੋਖ ਦ੍ਰਿਸ਼ਟੀ ਵੈਰਾਗ ਕਾ ਕਾਰਨ ਹੈ। ਆਗੇ ਬ੍ਰਹਮਚਰਜ ਕਾ ਮਹਾਤਮ ਕਹੇ ਹੈਂ। ਮੂਲ।

**ਸਵੈਯਾ ॥ ਕਾਮ ਕਹੇ ਮਮ ਰਾਖਤ ਜੋ ਤਿਨ ਕੀ ਰਖਿਆ ਤਿੰਨ ਦੇਵ ਕਰੈਗੇ। ਜੇ ਮਮ ਤਿਆਗ ਕੁ ਭੂਮ ਵਿਖੇ ਤਿਨ ਦੇਵ ਕੁਪੇ ਤਿਨ ਸੂਖ ਹਰੈਗੇ। ਠੌਰ ਨਹੀ ਤਿੰਨ ਲੋਕ ਵਿਖੇ ਤ੍ਰਿਣਯੋ ਭ੍ਰੂਮ ਹੈ ਸੂਮ ਪੁੰਜ ਧਰੈਗੇ। ਜਾਰਤ ਹੈ ਤਿੰਨ ਤਾਪ ਤਿਨੇ ਮਮ**



Scanned by CamScanner

ਧਾਰਤ ਆਰਤਿ ਸਿੰਧੁ ਤਰੈਗੇ ॥੧੧॥

ਟੀਕਾ॥ ਕਾਮ ਦੇਵ ਕਹਿਤਾ ਹੈ ਸਭ ਇੰਦਰੀਆਂ ਸੇ ਨਿਰੋਧ ਕਰਕੇ ਮੇਰੇ ਕੋ ਜੋ ਪੁਰਖ ਰਖਤਾ ਹੈ ਉਸ ਪੁਰਸ਼ ਕੀ ਬ੍ਰਹਮਾ ਵਿਸ਼ਨ ਸ਼ਿਵ ਯੇ ਤੀਨ ਦੇਵਤੇ ਰਖਿਆ ਕਰਤੇ ਹੈਂ। ਵਾ ਕਰੇਂਗੇ। ਜੇਹੜੇ ਮੇਰਾ ਤਿਆਗ ਕੁ ਭੂਮ ਕਹੀਏ ਪਰ ਇਸਤ੍ਰੀ ਮੇਂ ਵਾ ਅਗੰਮ ਨਾਰੀ ਮੇਂ ਕਰ ਦੇਤੇ ਹੈਂ। ਉਸ ਪਰ ਤਿੰਨੇ ਦੇਵ ਕ੍ਰਪਾਇਮਾਨ ਹੋ ਕਰ ਸਭ ਉਸਕੇ ਸੁਖਾਂ ਕੋ ਹਰ ਲੇਤੇ ਹੈਂ॥੨॥ ਤੀਨੋਂ ਲੋਕਾਂ ਵਿਖੇ ਉਸ ਕੋ ਠੌਰ ਨਹੀ ਮਿਲਤੀ। ਸੁਕੇ ਕਖ ਦੀ ਤਰ੍ਹਾਂ ਜੂਨੋਂ ਮੈ ਪਏ ਭਟਕੇਗੇ ਸਮੂਹ ਥਕੇਵੇਂ ਕੋ ਨਹੀਂ ਧਾਰਨ ਕਰੇਂਗੇ॥ ੩॥ ਅਧਿਆਤਮਕ ਅਧਿਭੂਤਕ ਅਧਿਦੇਵਕ ਯੇ ਤੀਨੋਂ ਤਾਪ ਉਸ ਪੁਰਸ਼ ਕੋ ਸਾੜਤੇ ਰਹਿਤੇ ਹੈਂ। ਅਰ ਮਨ ਬਾਣੀ ਸਰੀਰ ਸੇ ਜੋ ਮੁਝ ਕੋ ਧਾਰਨ ਕਰਤੇ ਹੈ। ਆਰਤ ਨਾਮ ਦੁਖੀ ਹੋ ਕਰਕੇ। ਵਾ ਦੁਖਦਾਈ ਜੋ ਸੰਸਾਰ ਸਮੁੰਦਰ ਹੈ ਸੋ ਉਸਕੋ ਤਰ ਜਾਇੰਗੇ। ਭਾਵ ਮੋਖ ਕੋ ਪ੍ਰਾਪਤ ਹੋ ਜਾਇੰਗੇ। ਯੇ ਬ੍ਰਹਮ ਚਰਜ ਧਾਰਨੇ ਕਾ ਫਲ ਹੈ। ਇਸਤ੍ਰੀ ਕੀ ਸੰਗਤ ਕਰਨੇ ਸੇ ਅਵਸਜ ਮੇਵ ਪੁਰਸ਼ ਕੋ ਕਲੰਕ ਲਗ ਜਾਵੇ ਹੈ। ਅਬ ਆਗੇ ਇਸ ਬਾਤ ਕਾ ਨਿਰੂਪਨ ਕਰੇ ਹੈ॥ ਮੂਲ॥

**ਸਵੈਯਾ॥ ਚੰਚਲ ਸੰਗਤ ਤੇ ਚਿਤ ਚੰਚਲ ਅੰਚਲ ਦਾਗ ਲਗੇ ਕਿਲ ਖਾਸੋ। ਤਾਂ ਸੋ ਕਦਾਚਿਤ ਬਾਚਤਨਾ ਅਨਥਾ ਨਹਿ ਬਾਚਤ ਕੋਟਿ ਕਲਾਸੋ। ਅੰਮ੍ਰਤ ਪਾਨ ਕਲਾਲ ਗਰਹਿ ਪਰ ਜਾਨੇ ਸਰਾਬ ਸਭੀ ਅਕ ਲਾਸੋ। ਨੀਚ ਕੀ ਸੰਗ ਤੇ ਮੀਚ ਭਲੀ ਪਰਮਾਰਥ ਬੀਚ ਬਿਰੋਧ ਨ ਮਾਸੋ॥੧੨॥**

ਟੀਕਾ॥ ਚੰਚਲ ਨਾਮ ਜੋ ਇਸਤ੍ਰੀ ਹੈ ਤਿਸ ਕੀ ਸੰਗਤ ਕਰਨੇ ਸੇ ਪੁਰਸ਼ ਕਾ ਚਿਤ ਅਵਸਜ ਮੇਵ ਚੰਚਲ ਹੋ ਜਾਤਾ ਹੈ। ਔਰ ਅੰਚਲ ਨਾਮ ਹਿਰਦੇ ਰੂਪੀ ਪਲੇ ਮੇਂ ਕਿਲ ਨਾਮ ਨਿਸਚੇ ਕਰਕੇ ਖਾਸੋ ਨਾਮ ਖਾਸਾ ਭਾਵ ਬਹੁਤਾ



ਦਾਗ ਲਗ ਜਾਇਗਾ ਇਸ ਮੇਂ ਕੁਛ ਸੰਸਾ ਨਹੀ ਹੈ। ੧। ਇਸ ਵਾਸਤੇ ਤਾਸੋ ਨਾਮ ਇਸ ਇਸਤਰੀ ਕੇ ਸਾਥ ਕਦਾਚਿਤ ਨਾਮ ਕਦੇ ਵੀ ਬਾਚਤ ਨਾਮ ਵਚਨ ਨ ਕਰੇਂ । ਭਾਵ-ਇਸ ਕੇ ਸਾਥ ਬੋਲਣੇ ਸੇ ਭੀ ਕਲੰਕ ਲਗ ਜਾਤਾ ਹੈ। ਜੋ ਇਸ ਬਾਤ ਕੋ ਅਨਥਾ ਜਾਨੇਗਾ ਕਿ ਯਹਿ ਬਾਤ ਝੂਠੀ ਹੈ। ਨਹਿ ਬਾਚਤ। ਸੋ ਨਾ ਬਚੇਗਾ ਕੋਟ ਕਲਾ ਨਾਮ ਕੋਟ ਜੁਗਤੀਓਂ ਕਰਕੇ ਭੀ। ੨। ਕਿਉਂਕਿ ਜੋ ਸ਼ਰਾਬ ਕੇ ਕਢਨੇ ਵਾਲਾ ਕਲਾਲ ਹੈਂ, ਉਸਕੇ ਘਰ ਮੇਂ ਅੰਮ੍ਰਿਤ ਨਾਮ ਦੂਧ ਭੀ ਪੀ ਆਵੇ, ਪਰ ਆਪਣੀ ਅਕਲ ਸੇ ਲੋਕ ਏਹੀ ਜਾਨੇਗੇਂ ਯੇ ਸ਼ਰਾਬ ਪੀ ਕੇ ਆਇਆ ਹੈ। ਯੇ ਕੋਈ ਨਹੀਂ ਜਾਣੇਗਾ ਕਿ ਦੁਧ ਪੀ ਕੇ ਆਇਆ ਹੈ। ਤਦ ਵਤ ਪਰ ਇਸਤ੍ਰੀ ਕੇ ਪਾਸ ਬੈਠਣੇ ਵਾਲੇ ਕੋ ਹਛਾ ਨਹੀ ਸਮਝੇਂਗੇ। ਕਹੇਂਗੇ ਯੇ ਕੋਈ ਖਾਲੀ ਥੋੜਾ ਹੈ। ਭਾਵੇਂ ਆਪਸ ਮੇਂ ਭੈਣ ਭਰਾ ਰਲ ਕੇ ਬੈਠੇ ਹੋਵੇਂ ਤੌ ਭੀ ਲੋਕ ਸ਼ਕ ਕਰਤੇ ਹੈਂ। ਦੂਸਰੀ ਬਾਤ ਕਿਆ ਕਹੇਂ। ੩। ਨੀਚ ਜੋ ਇਸਤਰੀ ਵਾ ਜੋ ਪਰਮੇਸ਼ਰ ਸੇ ਬਿਮੁਖ ਹੈਂ। ਇਨਕੀ ਸੰਗਤ ਹੋਣੇ ਸੇ ਪ੍ਰਿਥਮੇਂ ਹੀ ਮਰ ਜਾਣਾ ਹਛਾ ਹੈ। ਕਾਹਿਤੇ। ਜੋ ਇਨਕੀ ਸੰਗਤ ਹੋਣੇ ਸੇ ਪ੍ਰਿਥਮ ਮਰ ਜਾਇਗਾ। ਤੋ ਫੇਰ ਉਸਕੇ ਪਰਮਾਰਥ ਵਿਚ ਏਕ ਮਾਸਾ ਭੀ ਵਿਰੋਧ ਨ ਪੜੇਗਾ। ਜਿਉਂ ਕਾ ਤਿਉਂ ਪਰਮਾਰਥ ਉਸ ਕਾ ਬਨਾ ਰਹੇਗਾ ਜੇ ਇਨਕਾ ਸੰਗ ਕਰੇਗਾ ਫੇਰ ਸਭ ਇਸਕਾ ਪਰਮਾਰਥ ਵਿਗੜ ਜਾਇਗਾ। ਇਸ ਵਾਸਤੇ ਇਨਕੀ ਸੰਗਤ ਤਿਆਗਣੇ ਯੋਗ ਹੈ। ਆਗੇ ਫੇਰ ਇਸੀ ਬਾਤ ਕੋ ਕਹੇ ਹੈਂ। ਮੂਲ।

**ਸਵੈਯਾ॥ ਢਿਗ ਛੈਲ ਤੇ ਮੈਲ ਲਗੇ ਦਿਲ ਕੋ ਤਿਹ ਗੈਲ ਸੁਧੀਨ ਕਬੀ ਪਰ ਹੈ। ਮਦ ਪਾਨ ਸਮਾਨ ਧਿਆਨ ਤਿਸੇ ਹਰ ਦਿਆਲ ਕਹੇ ਬਿਖ ਕੋ ਸਰ ਹੈ। ਜਿਹ ਹੇਰਨ ਤੇ ਹਿਰਦਾ ਹਲ ਹੈ ਪ੍ਰਸਨੋਤਰ ਤੇ ਉਰ ਕੋ ਫਰਹੈ। ਖਲ ਚੰਚਲ ਸੰਗਤ ਵਾਂਗ ਹਿਮਾਂਚਲ ਜੋ ਪਰਹੈ ਗਰਹੈ ਗਰਹੈ॥੧੩॥**



Scanned by CamScanner

ਟੀਕਾ॥ਛੈਲ ਨਾਮ ਇਸਤਰੀ ਕੇ ਸਮੀਪ ਬੈਠਣੇ ਸੇ ਪੁਰਸ਼ ਦੇ ਦਿਲ ਕੋ ਮੈਲ ਲਗ ਜਾਵੇ ਹੈ। ਭਾਵ-ਦਿਲ ਖਰਾਬ ਹੋ ਜਾਵੇ ਹੈ ਤਿਸ ਇਸਤਰੀ ਕੇ ਰਸਤੇ ਇਸੀ ਵਾਸਤੇ ਬੁਧੀਵਾਨ ਕਬੀ ਨਹੀਂ ਪਰਤੇ। ੧। ਸੋ ਇਸਕਾ ਤਿਆਗ ਕਰੇ ਹੈ। ਕਾਹਿਤੇ। ਜੈਸੇ ਸ਼ਰਾਬ ਪੀਣੇ ਸੇ ਮਸਤੀ ਚੜ੍ਹ ਜਾਵੇ ਹੈ, ਤੈਸੇ ਇਸ ਤਰੀਕੇ ਧਿਆਨ ਕਰਨੇ ਸੇ ਪੁਰਸ਼ ਨੂੰ ਮਸਤੀ ਚੜ੍ਹ ਜਾਵੇ ਹੈ। ਕੇਵਲ ਇਸਕਾ ਜਦੋਂ ਧਿਆਨ ਹੀ ਸ਼ਰਾਬ ਵਤ ਹੈ। ਔਰ ਕਿਆ ਕਹੇਂ। ਹਰਦਿਆਲ ਕਵੀ ਜੀ ਕਹੇ ਹੈਂ ਯੇਹ ਇਸਤ੍ਰੀ ਨਾ ਸਮਝੋ ਯੇਹ ਤੋ ਏਕ ਕਿਸਮ ਕਾ ਵਿਹੁ ਕਾ ਤਲਾਬ ਹੈ। ਜੈਸੇ ਵਿਖ ਖਾਣੇ ਕਰ ਪੁਰਸ਼ ਮਰ ਜਾਤਾ ਹੈ। ਤੈਸੇ ਏ ਇਸਤਰੀ ਪੁਰਸ਼ ਕੋ ਮਾਰ ਦੇਵੇ ਹੈ। ੨। ਜਿਸ ਇਸਤਰੀ ਕੇ ਦੇਖਣੇ ਕਰਕੇ ਹੀ ਪੁਰਸ਼ ਕਾ ਹਿਰਦਾ ਹਲ ਜਾਵੇ ਹੈ, ਧਰਮ ਮਰਯਾਦਾ ਵਲੋਂ। ਪ੍ਰਸ਼ਨ ਉਤਰ ਕਰਨੇ ਸੇ ਪੁਰਸ਼ ਕੇ ਹਿਰਦੇ ਕੋ ਫੜ ਲੇਤੀ ਹੈ। ੩। ਖਲ ਨਾਮ ਨਿਸਚੇ ਕਰਕੇ ਇਸਤਰੀ ਕੀ ਸੰਗਤ ਹਿਮਾਂਚਲ ਕੇ ਸਮਾਨ ਦੁਖਦਾਈ ਹੈ। ਜੋ ਹਿਮਾਲੇ ਮੇਂ ਜਾਤਾ ਹੈ ਸੋ ਗਲ ਜਾਤਾ ਹੈ ਪਾਂਡਵੋਂ ਵਤ। ਇਸ ਇਸਤਰੀ ਰੂਪੀ ਹਿਮਾਲੇ ਮੇਂ ਜੋ ਪੜੇਗਾ ਸੋ ਗਲ ਜਾਇਗਾ ਗਲ ਜਾਇਗਾ, ਯੇ ਬਾਤ ਹਮ ਪ੍ਰਤਗਿਆ ਸੇ ਕਹਿਤੇ ਹੈਂ। ਪਾਂਡਵਾਂ ਦੀ ਕੁਲ ਕੌਰਵਾਂ ਕੀ ਕੁਲ ਰਾਵਨ ਦੀ ਕੁਲ ਇਸਤਰੀ ਰੂਪੀ ਹਿਮਾਲੇ ਮੇਂ ਪੜ ਕੇ ਅਭਾਵ ਕੋ ਪ੍ਰਾਪਤ ਹੋ ਗਈਆਂ ਹੈਂ। ਜਿਨ੍ਹਾਂ ਕਾ ਅਬ ਕੁਛ ਨਿਸ਼ਾਨ ਪਤਾ ਮਿਲਤਾ ਨਹੀ ਹੈ। ਔਰ ਕਿਆ ਕਹੇਂ। ਇਸ ਪਰ ਏਕ ਐਸੇ ਗਾਥਾ ਹੈ। ਦੋ ਸੰਤ ਮਾਰਗ ਮੇਂ ਜਾ ਰਹੇ ਥੇ। ਆਗੇ ਸੇ ਏਕ ਜੋਬਨ ਇਸਤਰੀ ਅਤੀ ਸੁੰਦਰ ਚਲੀ ਆਤੀ ਥੀ। ਦੇਖ ਕਰ ਏਕ ਸੰਤ ਕਹਿਣੇ ਲਗਾ ਦੇਖੋ ਜੀ ਯਹਿ ਕੈਸੀ ਸੁੰਦਰ ਇਸਤ੍ਰੀ ਚਲੀ ਆਤੀ ਹੈ। ਐਸੇ ਸੁਣਕੇ ਦੂਸਰਾ ਸੰਤ ਕਹਿਣੇ ਲਗਾ॥ ਦੋਹਿਰਾ॥ ਦਧ ਸੁਤ ਅਵਰ ਸੁਮੇਰ ਸੁਤ ਅਲੀ ਅਧਰ ਲਟਕੰਤ। ਮਾਨੋ ਭੁਜਾ ਸਕੰਦਰੀ ਪਰੇ ਪਰੇ ਹਟਕੰਤ। ਅਰਥ ਏ ਹੈ। ਸਮੁੰਦਰ ਕਾ ਪੁੱਤਰ ਜੋ ਮੋਤੀ ਹੈ। ਅਰ ਸੁਮੇਰ ਕਾ ਪੁੱਤਰ ਜੋ ਸੋਨਾ ਹੈ। ਇਸ ਸੋਨੇ



ਕੀ ਬਨੀ ਹੂਈ ਜੋ ਬੁਲਾਕ ਹੈ। ਅਰ ਵਿਚ ਮੇਂ ਜੋ ਮੋਤੀ ਖਚਤ ਹੋ ਰਹਾ ਹੈ। ਇਸਤਰੀ ਕੇ ਅਧਰੋ ਪਰ ਜੋ ਬੁਲਾਕ ਲਟਕ ਰਹਾ ਹੈ। ਜਬ ਏ ਇਸਤਰੀ ਚਲਤੀ ਹੈ ਤਬ ਏ ਜੁ ਬੁਲਾਕ ਡੋਲਤਾ ਹੈ ਸੋ ਯੇ ਬੁਲਾਕ ਡੋਲਨੇ ਸੇ ਕੀ ਸਮਝਾਤਾ ਹੈ। ਜੈਸੇ ਸਮੁੰਦਰ ਮੇਂ ਸਕੰਦਰ ਪਾਤਸ਼ਾਹ ਕੀ ਜੋ ਭੁਜਾ ਝੂਲ ਰਹੀ ਹੈ। ਸੋ ਵਹੁ ਲੋਕਾਂ ਕੋ ਯੇ ਸਮਝਾਤੀ ਹੈ ਇਧਰ ਮਤ ਆਓ ਇਧਰ ਮਤ ਆਓ। ਤੈਸੇ ਏ ਬੁਲਾਕ ਰੂਪੀ ਭੁਜਾ ਸਭ ਕੋ ਏ ਸਮਝਾਤੀ ਹੈ ਇਸ ਬੜਵਾ ਨਲ ਅਗਨੀ ਮੇਂ ਮਤ ਪੜੋ ਮਤ ਪੜੋ ਜੇ ਇਸ ਮੇਂ ਪੜੋਗੇ ਤੋ ਤੁਮ ਦਗਧ ਹੋ ਜਾਓਗੇ, ਇਸ ਸੇ ਬਚੋ। ਸੰਤ ਸੁਣਕੇ ਪ੍ਰਸੰਨ ਹੂਏ। ਅਬ ਆਪਣੇ ਮਨ ਕੀ ਬਿਵਸਥਾ ਸ੍ਰੀ ਰਾਮਚੰਦ੍ਰ ਜੀ ਕੇ ਆਗੇ ਨਿਵੇਦਨ ਕਰੇ ਹੈ॥ਮੂਲ॥

**ਸਵੈਯਾ॥ ਰਘੁਬੀਰ ਰਿਦੈ ਹਮ ਜਾਨਤ ਭੀ ਭਵ ਭੋਗ ਸਰੋਗ ਬੁਰੇ ਤੇ ਬੁਰੇ। ਪਰ ਪੂਰਬ ਪਾਪਨ ਕੇ ਬਲ ਤੇ ਮਨ ਮੋਰ ਪਦਾਰਥ ਓਰ ਟੁਰੇ। ਹਮ ਮੋਰਤ ਜੋਰਤ ਨਾ ਰੁਚ ਸੋ ਮਰ ਹੈ ਵਿਸਿਓਂ ਮਹਿ ਫੇਰ ਜੁਰੇ। ਬਹੁ ਵਾਰ ਜੁਹਾਰ ਹਰੀ ਵਰ ਦੇ ਤਵ ਛੋਰ ਕਹੂੰ ਨਹਿ ਚਿਤ ਫੁਰੇ॥੧੪॥**

ਟੀਕਾ॥ਹੇ ਰਘੁਨਾਥ ਜੀ ਹਮ ਆਪਣੇ ਚਿਤ ਮੇਂ ਯੇ ਜਾਨਤੇ ਭੀ ਹੈਂ। ਸੰਸਾਰ ਕੇ ਭੋਗ ਸਹਿਤ ਰੋਗ ਵਾਲੇ ਹੈਂ॥ਭਾਵ-ਰੋਗਾਂ ਕੇ ਦੇਨੇ ਵਾਲੇ ਹੈਂ। ਫੇਰ ਏ ਬੁਰਿਓਂ ਸੇ ਬੁਰੇ ਹੈਂ॥ਭਾਵ-ਮੰਦ ਸੇ ਮੰਦ ਹੈਂ॥੧॥ ਹਮ ਐਸੇ ਜਾਨਤੇ ਹੂਏ ਭੀ ਪਰੰਤੂ ਪੂਰਬਲੇ ਪਾਪੋਂ ਕੇ ਬਲ ਕਰਕੇ ਫੇਰ ਮਨ ਇਨ੍ਹਾਂ ਪਦਾਰਥੋਂ ਕੀ ਓਰ ਹੀ ਪ੍ਰਵਿਰਤ ਹੋਤਾ ਹੈ। ਇਨ ਭੋਗੋਂ ਸੇ ਉਪਰਾਮ ਨਹੀਂ ਹੋਤਾ। ਐਸੇ ਹਮਾਰੇ ਖੋਟੇ ਪਾਪ ਹੈਂ॥੨॥ਸੰਕਾ॥ਤੂੰ ਮੋੜਤਾ ਨਹੀਂ ਹੋਗਾ॥ ਸਮਾਧਾਨ॥ਹੇ ਭਗਵਾਨ ਇਨ੍ਹਾਂ ਵਿਸ਼ਿਓਂ ਕੀ ਤਰਫ ਸੇ ਹਮ ਚਿਤ ਕੋ ਮੋੜਤੇ ਭੀ ਹੈਂ। ਅਰ ਰੁਚੀ ਸੇ ਇਨ ਮੇਂ ਚਿਤ ਕੋ ਜੋੜਤੇ ਭੀ ਨਹੀਂ। ਪਰਮੇਸਰ ਕੀ ਤਰਫੋਂ ਮੁੜ ਕੇ ਫੇਰ ਮੇਰਾ ਚਿਤ ਵਿਸ਼ਿਓਂ ਸੇ ਜੁੜ ਜਾਵੇ ਹੈ। ਦਸੋ ਫੇਰ



Scanned by CamScanner

ਹਮ ਕਿਆ ਕਰੇਂ॥੩॥ਇਸ ਮੇਂ ਮੇਰਾ ਕੁਛ ਬਲ ਨਹੀਂ ਚਲ ਸਕੇ ਹੈ। ਹੇ ਹਰੀ ਮੇਰੀ ਆਪ ਕੋ ਬਹੁਤ ਵਾਰੀ ਨਿਮਸ਼ਕਾਰ ਹੋ ਆਪ ਪ੍ਰਸੰਨ ਹੋਕਰ ਮੁਝ ਕੋ ਏਹੀ ਵਰ ਦੇਹੁ ਤੇਰੇ ਚਰਨਾਂ ਕਵਲਾਂ ਕੋ ਛੋੜ ਕਰ ਮੇਰਾ ਚਿਤ ਅਨ ਵਿਸ਼ਿਓਂ ਮੇਂ ਨਾ ਜਾਵੇ॥੪॥ਸੰਕਾ॥ਕਿਸ ਰੀਤੀ ਸੇ ਮਨ ਵਿਸ਼ਿਓਂ ਸੇ ਮੋੜਨਾ ਚਾਹੀਏ॥ਸਮਾਧਾਨ॥ਮੂਲ॥

**ਰੁਆਲ ਛੰਦ॥ਤਨ ਰਥ ਮਨ ਰਥਵਾਹੀ ਜਾਨੋ ਪ੍ਰਬਲ ਦੁਸ਼ਟ ਇੰਦ੍ਰੈ ਹੈ ਘੋਰੇ। ਮਨਰਥ ਵਾਹੀ ਇੰਦ੍ਰਯ ਅਸ੍ਵਨ ਸੁਭ ਮਾਰਗ ਮੇਂ ਬਲ ਕਰ ਟੋਰੇ। ਸੋਭਤ ਦੇਹ ਸਿਯੰਦਨ ਮਹਿ ਜੀਵਾ ਤਮ ਕੋ ਪਰਮਾਤਮ ਜੋਰੇ। ਅਚੁਤ ਪੂਰਨਕਾਮ ਸਵਾਮ ਭਵ ਵਿਸ਼ਨੂੰ ਵਹੀ ਜੋ ਦੁਬਧਾ ਛੋਰੇ॥੧੫॥**

ਟੀਕਾ॥ਐਸੇ ਤੁਮ ਜਾਨੋ ਯੇ ਸਰੀਰ ਰੂਪੀ ਤੋ ਰਥ ਹੈ। ਅਰ ਮਨ ਇਸ ਮੇਂ ਰਥਵਾਹੀ ਹੈ। ਜੋ ਰਥ ਕੇ ਚਲਾਨੇ ਵਾਲਾ ਹੈ। ਬਲ ਵਾਲੇ ਦਸ ਜੋ ਦੁਸ਼ਟ ਇੰਦ੍ਰਿਯ ਹੈਂ, ਯੇ ਸਰੀਰ ਰੂਪੀ ਰਥ ਅਗੇ ਘੋੜੇ ਜੁਗੜੇ ਹੁਏ ਹੈਂ॥੧॥ ਪਰ ਇਸ ਮੇਂ ਯੇ ਵਿਚਾਰ ਹੈ। ਜਿਸਕਾ ਮਨ ਰੂਪੀ ਰਥਵਾਹੀ ਮਲਿਨ ਹੈ। ਸੋ ਤੋ ਇੰਦ੍ਰੀਆਂ ਰੂਪੀ ਘੋੜਿਆਂ ਕੋ ਅਸ਼ੁਭ ਮਾਰਗ ਮੈ ਬਲਾਤਕਾਰ ਟੋਰੇਗਾ। ਅਰ ਜਿਸਕਾ ਮਨ ਰੂਪੀ ਰਥਵਾਹੀ ਸ਼ੁਧ ਹੈ ਸੋ ਤੋ ਇੰਦ੍ਰੀਆਂ ਰੂਪੀ ਘੋੜਿਆਂ ਕੋ ਸ਼ੁਭ ਮਾਰਗ ਮੇਂ ਬਲ ਕਰਕੇ ਟੋਰੇਗਾ, ਜਿਸਕਾ ਸ਼ੁਧ ਮਨ ਹੈ। ਦੁਸ਼ਟ ਇੰਦ੍ਰੀਆਂ ਰੂਪੀ ਘੋੜਿਆਂ ਕੋ ਭੀ ਵਹੁ ਸਵਾਰ ਲੇਗਾ। ਇਸ ਵਾਸਤੇ ਪਹਿਲੇ ਮਨ ਕੋ ਸ਼ੁਧ ਕਰਨਾ ਚਾਹੀਏ। ਵਾ ਮਨ ਰੂਪੀ ਰਥਵਾਹੀ ਅਰ ਇੰਦ੍ਰੀਆਂ ਰੂਪੀ ਘੋੜਿਆਂ ਕੋ ਭਜਨ ਰੂਪੀ ਸ਼ੁਭ ਮਾਰਗ ਮੈ ਬਲ ਕਰਕੇ ਟੋਰਨਾ ਚਾਹੀਏ। ਤਨ ਰੂਪੀ ਰਥ ਮੇਂ ਜੀਵਾਤਮਾ ਰੂਪੀ ਰਥੀ ਸੁਭਾਇਮਾਨ ਜੋ ਹੋ ਰਹਾ ਹੈ। ਇਸ ਜੀਵ ਕੋ ਚਾਰੋਂ ਤਰਫ ਰੋਕ ਕੇ ਪਰਮਾਤਮਾ ਮੇਂ ਜੋੜੋ। ਜਬ ਐਸੇ ਪਰਮਾਤਮਾ ਮੇਂ ਜੁੜ ਕੇ ਅਭੇਦ ਰੂਪ ਹੋ ਜਾਇਗਾ। ਵਹੀ ਅਚੁਤ ਨਾਮ



ਗਿੜਨੇ ਸੇ ਰਹਿਤ ਹੈ ਵਹੀ ਪੂਰਨ ਕਾਮ ਹੈ। ਵਹੀ ਸਭ ਕਾ ਸੁਵਾਮੀ ਹੈ। ਵਹੀ ਸੰਸਾਰ ਮੇਂ ਵਿਸ਼ਨੂੰ ਰੂਪ ਹੈ। ਜੋ ਦੁਬਿਧਾ ਨਾਮ ਦ੍ਵੈਤ ਕੋ ਛੋੜ ਕਰ ਏਕਤਾ ਕੋ ਧਾਰੇ ਹੈ॥ਸੰਕਾ॥ਇਸਤਰੀ ਸੇ ਆਪ ਵਡਾ ਡਰਤੇ ਹੋ। ਇਸਤਰੀ ਸੇ ਕਿਆ ਹਾਨੀ ਹੋਵੇ ਹੈ॥ਸਮਾਧਾਨ॥ਇਸਤਰੀ ਕੇ ਸਬੰਧ ਸੇ ਜੋ ਹਾਨੀ ਹੋਤੀ ਹੈ। ਸੋ ਤੁਮ ਸੁਣੋਂ। ਮੂਲ।

**ਕਬਿਤ॥ਪੁੰਨਨ ਕੋ ਆਰੀ ਹੈ ਕਿ ਪਾਪਨ ਕੀ ਕਿਯਾਰੀ ਹੈ ਕਿ ਕੀਰਤ ਕੁਹਾਰੀ ਹੈ ਕਿ ਧਨ ਕੋ ਕਟਾਰੀ ਹੈ। ਸਾਂਤ ਕੋ ਬੁਹਾਰੀ ਹੈ ਕ੍ਰਿਤਾਂਤ ਕੋ ਕੁਠਾਰੀ ਹੈ ਕ੍ਰਿਤਾਂਤ ਦੂਤੀ ਭਾਰੀ ਹੈ ਕਿ ਕੁਲਕੋ ਅੰਗਾਰੀ ਹੈ। ਚਿੰਤਾ ਮਹਿ ਤਾਰੀ ਹੈ ਕਿ ਛਲ ਮੈ ਮਦਾਰੀ ਹੈ ਕਿ ਰੋਗ ਕੀ ਪਿਟਾਰੀ ਹੈ ਕਿ ਕਲੈ ਕੀ ਦੁਆਰੀ ਹੈ। ਗੁਣ ਕੂਪ ਘਾਰੀ ਹੈ ਕਿ ਗਯਾਨ ਬਾਟ ਪਾਰੀ ਐਸੀ ਨਾਰੀ ਬਿਭਚਾਰੀ ਯਾਂਤੇ ਰਾਖੈ ਗਿਰ ਧਾਰੀ ਹੈ॥੧੬॥**

ਟੀਕਾ॥ਪਰਮਾਤਮਾ ਸੇ ਸਦਾ ਏਹੀ ਚਾਹੇ ਐਸੀ ਬਿਭਚਾਰੀ ਇਸਤਰੀ ਸੇ ਹੇ ਗਿਰਧਾਰੀ ਸਦਾ ਹਮਾਰੀ ਰਖਿਆ ਕਰੋ। ਏ ਇਸਤਰੀ ਐਸੀ ਦੁਖਦਾਈ ਹੈ ਇਸ ਜੀਵ ਕੇ ਜਿਤਨੇ ਪੁੰਨ ਕਰੇ ਹੁਏ ਹੈਂ ਉਨ੍ਹਾਂ ਪੁੰਨਾ ਕੋ ਯੇ ਇਸਤਰੀ ਐਸੇ ਕਟ ਦੇਵੇ ਹੈ। ਜੈਸੇ ਆਰੀ ਲਕੜ ਕੋ ਕਟ ਦੇਵੇ ਹੈ। ਆਰੀ ਕੇ ਸਮਾਨ ਪੁੰਨੋਂ ਕਾ ਨਾਸ ਕਰਨੇ ਵਾਲੀ ਹੈ। ਅਥਵਾ ਏ ਇਸਤਰੀ ਪਾਪੋਂ ਕੀ ਬਗੀਚੀ ਕੀ ਮਾਨੋ ਫੁਲਵਾਰੀ ਖਿੜੀ ਹੁਈ ਹੈ। ਭਾਵ-ਮਾਨੁਖ ਕੇ ਮਾਨੋ ਪਾਪੋਂ ਨੇ ਹੀ ਮੂਰਤੀ ਧਾਰਨ ਕਰੀ ਹੂਈ ਹੈ। ਅਥਵਾ ਮਨੁਖ ਕੇ ਜਸ ਕੋ ਕੁਹਾਰੀ ਕੇ ਸਦਰਸ ਕਾਟਨੇ ਵਾਲੀ ਹੈ। ਜੈਸੇ ਕੁਹਾਰੀ ਬਿਰਛ ਕੋ ਕਟ ਦੇਵੇ ਹੈ। ਤੈਸੇ ਮਾਨੁਖ ਕੀ ਕੀਰਤੀ ਕਾ ਨਾਸ਼ ਕਰ ਦੇਵੇ ਹੈ ਭਾਵ-ਕੀਰਤੀ ਸੰਸਾਰ ਮੇਂ ਰਹਿਣੇ ਦੇਵੇਗੀ ਨਹੀਂ। ਅਰਧਨ ਸਭ ਇਸਕਾ ਕਟਾਰੀ ਕੇ ਜੈਸੇ ਕਟਾਰ ਕਟ ਕੇ ਨਾਸ਼ ਕਰ ਦੇਤੀ ਹੈ। ਨਾਸ਼ ਕਰ ਦੇਵੇ ਹੈ। ਸਮਾਨ



Scanned by CamScanner

ਤੈਸੇ ਪੁਰਸ਼ ਕਾ ਧਨ ਇਸਤਰੀ ਨਾਸ਼ ਕਰ ਦੇਵੇ ਹੈ। ਤੀਨ ੨ ਸੌ ਕਾ ਏਕ ਵਸਤ੍ਰ ਬਨਵਾਇ ਲੇਨਾ। ਹਜ਼ਾਰ ਹਜ਼ਾਰ ਕਾ ਏਕ ਗਹਿਣਾ ਬਨਵਾਇ ਲੇਨਾ ਦਸੋ ਫੇਰ ਧਨ ਕੈਸੇ ਰਹੇਗਾ।੧। ਫੇਰ ਪੁਰਸ਼ ਕੇ ਹਿਰਦੇ ਕੀ ਸ਼ਾਂਤੀ ਐਸੇ ਦੂਰ ਕਰ ਦੇਵੇ ਹੈ। ਜੈਸੇ ਬੁਹਾਰੀ ਘਰ ਸੇ ਕੂੜਾ ਹੂੰਝ ਦੇਵੇ ਹੈ। ਕਿ ਪੁਰਸ਼ ਕੀ ਸੁੰਦਰਤਾਈ ਕੋ ਐਸੇ ਗਾਲ ਦੇਵੇ ਹੈ। ਜੈਸੇ ਸੁਨਿਆਰਾ ਕੁਠਾਲੀ ਮੇਂ ਚਾਂਦੀ ਸੋਨੇ ਕੋ ਗਾਲ ਦੇਵੇ ਹੈ। ਕਾਹਿਤੇ। ਸਰੀਰ ਕੀ ਸੁੰਦਰ ਤਾਈ ਬੀਰਜ ਦੇ ਰੁਕਨੇ ਸੇ ਹੋਵੇ ਹੈ। ਜਬ ਸਾਤ ਦਫਾ ਸਰੀਰ ਸੇ ਧਾਤ ਨਿਕਲ ਗਈ ਦਸੋ ਫੇਰ ਕ੍ਰਾਂਤੀ ਕਹਾਂ ਰਹੇਗੀ। ਕਿੰਤੂ ਮੁਰਦਾਵਲੀ ਵਰਤੀ ਰਹੇਗੀ। ਪੀਲੀ ਹਲਦੀ ਜੈਸਾ ਤਨ ਕਾ ਰੰਗ ਹੋ ਜਾਇਗਾ। ਕ੍ਰਿਤ ਨਾਮ ਪ੍ਰਪੰਚ ਜੋ ਕੀਤਾ ਹੋਇਆ ਹੈ। ਇਸਕਾ ਜੋ ਅੰਤ ਕਰੇ ਸੋ ਕਹੀਏ ਕ੍ਰਿਤਾਂਤ ਵਹੁ ਕੌਣ ਹੈ। ਸੋ ਜਮ ਰਾਜਾ ਹੈ। ਜਮ ਰਾਜਾ ਕੇ ਨਰਕ ਰੂਪੀ ਘਰ ਮੇਂ ਬੁਲਾਨੇ ਵਾਲੀ ਏ ਇਸਤ੍ਰੀ ਮਾਨੋਂ ਜਮਦੂਤਨੀ ਹੈ। ਭਾਵ ਜਮ ਰਾਜਾ ਕੇ ਘਰ ਪਹੁੰਚਾ ਦੇਵੇ ਹੈ ਕਿ ਫੇਰ ਪੁਰਖ ਕੀ ਕੁਲ ਕੋ ਅਗਨੀ ਕੇ ਅੰਗਾਰੀ ਕੇ ਸਮਾਨ ਨਾਸ ਕਰਨੇ ਵਾਲੀ ਹੈ। ਭਾਵ-ਪਰ ਇਸਤ੍ਰੀ ਸੇ ਸੰਸਰਗ ਕਰਨੇ ਵਾਲੇ ਕੀ ਕੁਲ ਕਾ ਅਗੇ ਵਾਧਾ ਨ ਹੋਗਾ, ਕਿੰਤੂ ਅਭਾਵ ਹੋ ਜਾਇਗਾ। ਕਾਹਿਤੇ। ਸ਼ਕਤੀ ਜੋ ਪਾਸ ਨ ਰਹੀ ਜੈਸੇ ਅਗ ਕੀ ਅੰਗਾਰੀ ਲਕੜੀ ਰੂੰਈ ਕਾ ਨਾਸ ਕਰ ਦੇਵੇ ਹੈ ਤੈਸੇ ਪੁਰਸ਼ ਦੀ ਕੁਲ ਕਾ ਇਸਤ੍ਰੀ ਨਾਸ ਕਰ ਦੇਵੇ ਹੈ। ਰਾਵਨ ਤਥਾ ਦੁਰਜੋਧਨ ਕੀ ਕੁਲ ਦਾ ਨਾਸ ਜੈਸੇ ਸੀਤਾ ਦਰੋਪਦੀ ਨੇ ਕੀਆ ਹੈ। ਅਬ ਦੇਖੋ ਇਨਕੀ ਕੁਲ ਕਹਾਂ ਹੈ॥ ੨ ॥ ਚਿੰਤਾ ਇਸੀ ਤੇ ਪੈਦੇ ਹੂਈ ਹੈ। ਇਸੀ ਵਾਸਤੇ ਏ ਚਿੰਤਾ ਕੀ ਮਾਤਾ ਹੈ। ਭਾਵ-ਪੁਰਸ਼ ਕੇ ਚਿਤ ਮੈ ਐਸੀ ਚਿੰਤਾ ਪੈਦੇ ਕਰ ਦੇਵੇ ਹੈ, ਚਿੰਤਾ ਕਰਤਾ ਹੀ ਮਰ ਜਾਤਾ ਹੈ। ਕਿ ਛਲ ਕਰਨੇ ਮੇਂ ਮਦਾਰੀ ਕੇ ਸਮਾਨ ਹੈ। ਜੈਸੇ ਝੂਠੇ ਤਮਾਸ਼ੇ ਦਿਖਾ ਕੇ ਪੁਰਸ਼ਾਂ ਕੋ ਮਦਾਰੀ ਛਲ ਲੇਵੇ ਹੈ। ਤੈਸੇ ਏ ਇਸਤ੍ਰੀ ਹਾਉ ਭਾਉ ਕਰਕੇ ਪੁਰਸ਼ ਕੋ ਛਲ ਲੇਵੇ ਹੈ। ਅਰ ਫੇਰ ਇਹ ਇਸਤ੍ਰੀ ਰੋਗਾਂ ਕੀ ਮਾਨੋ ਪਿਟਾਰੀ ਭਰੀ ਹੂਈ ਹੈ। ਬਾਦ



ਸੁਜਾਖ ਦੂਬਲਾ ਕਰ ਦੇਤੀ ਹੈ। ਇਸਤ੍ਰੀ ਕੇ ਸੰਗ ਸੇ ਐਸੇ ਐਸੇ ਰੋਗ ਪੈਦੇ ਹੋ ਜਾਵੇ ਹੈ ਜੋ ਕੁਛ ਕਹੇ ਨਹੀਂ ਜਾਤੇ ਇਸਤ੍ਰੀ ਸਭ ਰੋਗੋਂ ਦੀ ਦਾਤੀ ਹੈ। ਅਰ ਲੜਾਈ ਦਾ ਮਾਨੋ ਦਰਵਾਜ਼ਾ ਖੁਲ੍ਹਾ ਹੂਆ ਹੈ। ਕਾਹਿਤੇ। ਜਰ ਜੋਰੂ ਜ਼ਮੀਨ ਇਨ੍ਹਾਂ ਤਿੰਨਾਂ ਪਿਛੇ ਸਭ ਜੀਵ ਲੜ ਲੜ ਕੇ ਮਰ ਰਹੇ ਹੈਂ। ਇਸ ਮੈ ਪ੍ਰਮਾਨ॥ ਦੋਹਿਰਾ॥ ਇਕ ਹੋਵੇ ਤੋ ਧਰਤ ਕੰਪੈ ਦੂਜੀ ਹੋਵੇ ਅਕਾਸ। ਤੀਨ ਹੋਵੇ ਤੋ ਪਰਲੋ ਆਵੇ ਕਹੇ ਜੁਵਾਲਾ ਦਾਸ। ੩। ਗੁਣ ਰੂਪੀ ਖੂਹੇ ਕੇ ਗਿਰਾਨੇ ਮੇਂ ਘਾਰੀ ਕੇ ਸਮਾਨ ਹੈ। ਜੈਸੇ ਕੂਪ ਮੇਂ ਘਾਰੀ ਪੜ ਜਾਨੇ ਸੇ ਖੂਹਿਆ ਗਿਰ ਜਾਵੇ ਹੈ। ਤੈਸੇ ਪੁਰਸ਼ ਰੂਪੀ ਖੂਹੇ ਕੇ ਗਿਰਾਨੇ ਕੋ ਯੇ ਇਸਤ੍ਰੀ ਘਾਰੀ ਕੇ ਸਮਾਨ ਹੈ। ਭਾਵ-ਸ਼ੁਭ ਗੁਣੋਂ ਕਾ ਨਾਸ ਕਰ ਦੇਵੇ ਹੈ। ਫੇਰ ਗਿਆਨ ਰੂਪੀ ਧਨ ਕੇ ਹਰਨੇ ਵਾਲੀ ਮਾਰਗ ਮੇਂ ਠਗਨੀ ਕੇ ਸਮਾਨ ਹੈ। ਜੈਸੇ ਦੂਸਰੇ ਕਾ ਧਨ ਮਾਰਗ ਮੇਂ ਠਗਨੀ ਹਰ ਲੇਵੇ ਹੈ। ਤੈਸੇ ਗਿਆਨ ਰੂਪੀ ਧਨ ਕੋ ਏ ਇਸਤ੍ਰੀ ਖੋਸ ਲੇਵੇ ਹੈ। ਇਸੀ ਵਾਸਤੇ ਪਰਮਾਤਮਾ ਸੇ ਏਹੀ ਵਰ ਮਾਂਗੇਂ ਹੇ ਗੁਵਰਧਨ ਕੇ ਧਾਰਨੇ ਵਾਲੇ ਐਸੀ ਨਾਰੀ ਬਿਭਚਾਰਨੀ ਤੇ ਸਦਾ ਹਮਾਰੀ ਰਖਿਆ ਕਰੋ। ਇਸ ਪਾਪਨੀ ਕੇ ਵਸੀ ਹਮ ਕੋ ਨਹੀਂ ਪਾਣਾ ਜਬ ਤਕ ਜੀਤਾ ਰਹੇ ਤਬ ਤਕ ਏਹੀ ਵਰ ਮਾਂਗੇ॥ ਕਾਹਿਤੇ॥ ਯੇ ਇਸਤ੍ਰੀ ਕਾਮ ਕਾ ਮੁਖ ਹਥਿਆਰ ਹੈ ਸੰਸਾਰ ਕੇ ਜੀਤਨੇ ਕਾ। ਜਬ ਇਸ ਕੋ ਸਰ ਕਰ ਲੀਆ ਤਬ ਤੁਮ ਜਾਨੋ ਆਸੁਰੀ ਸੰਪਤੀ ਕੇ ਗੁਣੋ ਸੇ ਫਤੇ ਪਾਇ ਲਈ ਹੈ॥ ੪ ॥ ਸੰਕਾ॥ ਦੋਹਿਰਾ॥ ਕਬਹੂੰ ਨ ਮਨ ਥਿਰਤਾ ਗਹੀ ਸਮਝਾਯੋ ਸੈ ਪੋਤ। ਜੈਸੇ ਮਰਕਟ ਬ੍ਰਿਛ ਪਰ ਕਬਹੂੰ ਨ ਠਾਡੋ ਹੋਤ। ਇਸ ਮਨ ਰੂਪੀ ਭੂਤਨੇ ਕੋ ਹਮ ਕੈਸੇ ਵਸੀ ਕਰੇਂ॥ ਸਮਾਧਾਨ॥ ਜਿਸ ਰੀਤੀ ਸੇ ਹੋਵੈ ਹੈ। ਸੋ ਤੁਮ ਸੁਣੋ। ਦ੍ਰਿਸ਼ਟਾਂਤ ਦੇ ਕਰ ਦ੍ਰਿਸ਼ਟਾਂਤ ਕਹੂੰਗਾ॥ ਮੂਲ॥

**ਕਬਿਤ॥ ਕੌਤਕ ਨਮਿਤ ਕਹੂੰ ਜਨ ਜਿੰਨ ਮੋਲ ਲੀਨੋ ਗੁਣਾ ਗੁਣ ਚੀਨੋ ਖੇਦ ਮੋਦ ਭਯੋ ਜੀਨੋ ਹੈ। ਕਹੇ ਕਾਮ ਔਖੋ ਝਟ ਕਰ ਹਟ ਦੇਤ ਪੋਖੇ ਭਯੋ ਧੋਖੋ ਭਾਰੀ ਮਨ ਸੁਤਾ ਮੰਤਰ**



Scanned by CamScanner

ਲੀਨੋ ਹੈ। ਅਗਰ ਗਾਡੀ ਦਾਰ ਗੁਰ ਯਾਪੈ ਰੇ ਚੜ੍ਹੋਤਰੰ ਤੂੰ ਕਹਿਯੋ ਧਨੀ ਮਾਨਯੋ ਯਾ ਤੇ ਭੂਤ ਬਲ ਖੀਨੋ ਹੈ। ਕੈ ਸਰੂਪ ਲਾਵੈ ਕੈ ਸਰੂਪ ਗੀਤ ਗਾਵੈ ਐਸੇ ਸੰਤ ਜਨੋ ਨਿਜ ਮਨ ਭੂਤ ਬਲ ਖੀਨੋ ਹੈ ॥੧੭॥

ਟੀਕਾ॥ ਕਿਸੀ ਪੁਰਸ਼ ਨੇ ਏਕ ਭੂਤਨਾ ਵਸੀ ਕੀਆ ਹੂਆ ਥਾ। ਸੋ ਪੁਰਸ਼ ਭੂਤਨਾ ਲੇਕਰ ਬਜ਼ਾਰ ਮੇਂ ਵੇਚਨ ਆਇਆ। ਪਾਂਚ ਸੌ ਰੁਪਇਆ ਮੁਲ ਕਰੇ। ਏਕ ਸ਼ਾਹੂਕਾਰ ਵਹਾਂ ਵਡਾ ਭਾਰੀ ਧਨੀ ਥਾ। ਚਾਰੋਂ ਤਰਫ ਉਸਕਾ ਕਾਰ ਵਿਹਾਰ ਚਲਤਾ ਥਾ। ਸਭ ਦੇਸ਼ੋਂ ਮੇਂ ਉਸਕੇ ਗੁਮਾਸਤੇ ਬੈਠੇ ਹੂਏ ਥੇ ਅਰ ਨੌਕਰ ਹਜ਼ਾਰਾਂ ਹੀ ਰਖੇ ਹੂਏ ਥੇ। ਪਰ ਫੇਰ ਭੀ ਕਾਮ ਪੂਰੇ ਤੌਰ ਸੇ ਨਹੀਂ ਚਲ ਸਕਤਾ ਥਾ। ਸੋ ਵੇਚਤਾ ਹੂਆ ਨਜੀਕ ਆਇ ਗਯਾ। ਸੁਣਕੇ ਪੂਛਾ ਇਸ ਕਾ ਮੁਲ ਕਿਆ ਹੈ। ਗੁਣ ਅਵਗੁਣ ਇਸ ਮੇਂ ਕਿਆ ਹੈਂ। ਉਸਨੇ ਕਹਾ ਮੁਲ ਇਸਕਾ ਪਾਂਚ ਸੌ ਰੁਪਇਆ ਹੈ। ਜੋ ਤੁਮ ਇਸਕੋ ਕਾਮ ਕਹੋ ਕਰ ਦੇਵੇ ਹੈ। ਯੇ ਇਸ ਮੇਂ ਗੁਣ ਹੈ। ਜਬ ਇਸਕੋ ਕੋਈ ਕਾਮ ਨਾ ਦਸੋਗੇ ਤਬ ਤੁਮ ਕੋ ਮਾਰ ਦੇਗਾ ਯੇ ਇਸ ਮੇਂ ਅਵਗੁਣ ਹੈ। ਐਸੇ ਸੁਣਕੇ ਧਨੀ ਨੇ ਚਿਤ ਮੇਂ ਸੋਚਾ ਮੈਨੇ ਹਜ਼ਾਰਾਂ ਨੌਕਰ ਰਖੇ ਹੂਏ ਹੈਂ, ਫੇਰ ਭੀ ਮੇਰਾ ਕਾਮ ਪੂਰਾ ਨਹੀਂ ਹੋਤਾ। ਯੇ ਭੂਤਨਾ ਮੁਲ ਲੇ ਲੇਨਾ ਚਾਹੀਏ ਯੇ ਏਕ ਹੀ ਸਭ ਮੇਰੇ ਕਾਰਜ ਸਵਾਰ ਦੇਗਾ। ਪਾਂਚ ਸੌ ਰੁਪਇਆ ਦੇਕਰ ਮੁਲ ਲੇ ਲੀਆ। ਕਿਸੀ ਸ਼ਾਹੂਕਾਰ ਨੇ ਤਮਾਸ਼ਾ ਦੇਖਨੇ ਲੀਏ ਏਕ ਭੂਤਨਾ ਮੁਲ ਲੇ ਲੀਆ। ਮੂਲ॥ ਗੁਣਾ ਗੁਣ ਚੀਨੋ ਖੇਦ ਮੋਦ ਭਯੋ ਜੀਨੋ ਹੈ। ਅਖਰ ਐਸੇ ਅਨਵੇ ਕਰਨੇ। ਗੁਣ ਚੀਨੋ ਮੋਦ ਭਯੋ ਜੀਨੋ ਹੈ। ਔਗੁਣ ਚੀਨੋ ਖੇਦ ਭਯੋ ਜੀਨੋ ਹੈ। ਜੋ ਕਾਰਜ ਕਹੋ ਕਰ ਦੇਵੇ ਹੈ। ਇਸ ਗੁਣ ਕੋ ਚੀਨ ਕਰ ਚਿਤ ਮੈਂ ਵਡਾ ਅਨੰਦ ਹੂਆ। ਜਬ ਕਾਰਜ ਨ ਕਹੋਗੇ ਤਬ ਤੁਮਕੋ ਮਾਰ ਦੇਗਾ ਇਸ ਅਵਗੁਣ ਸੁਣ ਕਰ ਚਿਤ ਮੇਂ ਵਡਾ ਖੇਦ ਹੂਆ, ਪਰ ਹਛਾ ਮੇਰੇ ਕਾਮ



ਬਹੁਤ ਹੈਂ ਇਸ ਸੇ ਕੋਈ ਮੇਰੇ ਕਾਮ ਥੋੜੇ ਮੁਕ ਜਾਨੇ ਹੈਂ॥੧॥ਮੂਲ॥ਕਹੇ ਕਾਮ ਔਖੇ ਝਟ ਕਰ ਹਟ ਦੇਤ ਪੌਖੇ। ਸੋ ਸ਼ਾਹੂਕਾਰ ਘਰ ਮੇਂ ਲੇ ਗਯਾ। ਉਸ ਕੋ ਲਗਾ ਵਡੇ ਵਡੇ ਔਖੇ ਕਾਮ ਦਸਨੇ ਜਾਹੁ ਅਮਕੇ ਦੇਸ਼ ਮੇਂ ਹਮਾਰਾ ਯੇ ਕਾਮ ਕਰ ਆਓ। ਉਸਕੇ ਕਹਿਣੇ ਮੇਂ ਤੋ ਕੁਛ ਦੇਰੀ ਲਗੇ। ਪਰ ਵਹੁ ਆਗੇ ਸੇ ਕਾਰਜ ਝਟ ਕਰਕੇ ਭਾਵ। ਜਲਦੀ ਕਰਕੇ ਹਟ ਨਾਮ ਮੁੜ ਕਰਕੇ ਦੇਤ ਪੌਖੋ। ਨਾਮ ਉਤਰ ਆਨ ਕੇ ਦੇ ਦੇਤਾ ਹੈ। ਲੇਹੁ ਜੀ ਵਹੁ ਮੈ ਕਾਰਜ ਕਰ ਆਇਆ ਹੂੰ। ਅਬ ਔਰ ਦਸੋ। ਐਸੇ ਜੋ ਜੋ ਕਾਰਜ ਵਹੁ ਕਹੇ ਵਹੁ ਆਗੇ ਸੇ ਸ਼ੀਘਰ ਕਰ ਦੇਵੇ। ਥੋੜੇ ਦਿਨਾਂ ਤਕ ਸਭ ਕਾਰਜ ਮੁਕ ਗਏ। ਧਨੀ ਕੇ ਚਿਤ ਮੇਂ ਇਸ ਬਾਤ ਕਾ ਵਡਾ ਭਾਰੀ ਧੋਖਾ ਪੈਦਾ ਹੋ ਗਯਾ। ਕਾਮ ਅਬ ਸਭ ਮੁਕ ਗਏ ਹੈਂ। ਅਬ ਉਸਕੋ ਕਾਮ ਕਿਆ ਬਤਾਵੇਂਗੇ। ਜਬ ਕਾਮ ਕੋਈ ਨ ਬਤਾਇਆ ਤੋ ਮੁਝਕੋ ਮਾਰ ਦੇਗਾ ਇਸ ਚਿੰਤਾ ਸੇ ਸਭ ਖਾਣਾ ਪੀਣਾ ਛੋੜ ਦੀਆ। ਟੂਟੀ ਮੰਜੀ ਲੇਕਰ ਲੰਮਾ ਪੜ ਗਯਾ। ਏਕ ਉਸਕੀ ਬੇਟੀ ਵਡੀ ਅਕਲਮੰਦ ਥੀ। ਪੂਛਾ ਹੇ ਪਿਤਾ ਜੀ ਆਪ ਐਸੇ ਲੰਮੇਂ ਕਿਉਂ ਪੜੇ ਹੋ। ਪਿਤਾ ਨੇ ਸਾਰੀ ਗਲ ਸੁਣਾ ਦਈ। ਸੁਨਕੇ ਕਹਿਣੇ ਲਗੀ ਇਸ ਬਾਤ ਕੀ ਤੁਮ ਚਿੰਤਾ ਨ ਕਰੋ। ਆਪ ਯੇ ਕਾਮ ਕਰੋ ਏਕ ਵਡੀ ਲੰਮੀ ਲਕੜੀ ਲਿਆ ਕਰਕੇ ਆਪਣੇ ਘਰ ਕੇ ਆਗੇ ਗਡ ਦੇਹੁ। ਜਬ ਵਹੁ ਆ ਕੇ ਤੁਮ ਸੇ ਕਾਮ ਪੂਛੇ ਤਬ ਉਸਕੋ ਯੇ ਕਹਿ ਦੇਹੁ ਕਬੀ ਇਸ ਪਰ ਚੜੋ ਕਬੀ ਉਤਰੋ ਜਬ ਔਰ ਕਾਮ ਹੋਗਾ ਤਬ ਔਰ ਬਤਾ ਦੇਵੇਂਗੇ। ਯੇ ਬਾਤ ਸੁਣਕੇ ਪਿਤਾ ਬਹੁਤ ਪ੍ਰਸੰਨ ਹੂਆ। ਯੇ ਪੁੱਤ੍ਰੀ ਕੀ ਸਲਾਹ ਲੇ ਕਰਕੇ।੨। ਦਾਰ ਗੁਰ ਨਾਮ ਏਕ ਲਕੜੀ ਵਡੀ ਭਾਰੀ ਲੰਮੀ ਮੰਗਾ ਕਰਕੇ ਆਪਣੇ ਦਰਵਜ਼ੇ ਕੇ ਆਗੇ ਗਡਵਾ ਦਈ। ਉਧਰ ਜਬ ਵਹੁ ਕਾਰਜ ਕਰਕੇ ਆਇਆ। ਅਰ ਕਹਾ ਲੇਹੁ ਜੀ ਮੈ ਕਾਰਜ ਕਰ ਆਇਆ। ਅਬ ਔਰ ਬਤਾਓ। ਐਸੇ ਸੁਣ ਕੇ ਧਨੀ ਨੇ ਕਹਾ ਅਬ ਔਰ ਹਮਾਰਾ ਕਾਮ ਕੋਈ ਨਹੀਂ ਹੈ ਪਰ ਏਕ ਹਮਾਰਾ ਯੇ ਕਾਮ ਰਹਿ ਗਯਾ ਹੈ। ਰੇ ਤੂੰ ਇਸ ਲਕੜੀ ਪਰ



Scanned by CamScanner

ਕਬੀ ਚੜੋ ਕਬੀ ਉਤਰੋ। ਧਨੀ ਕਾ ਕਹਿਣਾ ਮਾਨ ਕੇ ਲਗਾ ਚੜਨੇ ਉਤਰਨੇ। ਜਿਨ ਨੇ ਮਨ ਮੇਂ ਸੋਚਾ ਯੇ ਕਾਮ ਮੇਰੇ ਸੇ ਮੁਕਨਾ ਨਹੀਂ ਮੈ ਕਿਆ ਕਰੋਂ। ਕਬੀ ਚੜੇ ਕਬੀ ਉਤਰੇ ਐਸੇ ਕਰਤੇ ਹੋਇਆਂ ਭੂਤਨਾ ਥਕ ਕੇ ਹਾਰ ਗਯਾ। ਅਰ ਹਾਰ ਕੇ ਚਰਨੀ ਪੜਾ। ਭੂਤਨੇ ਕਾ ਬਲ ਸਭ ਨਸ਼ਟ ਹੋ ਗਯਾ ਅਰ ਕਹਿਣੇ ਲਗਾ ਮੈ ਹਾਰਾ ਤੁਮ ਜੀਤਾ ਅਬ ਮੈ ਆਪ ਕੋ ਕਛ ਨ ਕਹੂੰਗਾ। ਆਪ ਨੇ ਮੇਰੇ ਕੋ ਵਸੀ ਕਰ ਲੀਆ ਹੈ।੩। ਅਬ ਦ੍ਰਿਸ਼ਟਾਂਤ ਕਹੇ ਹੈਂ। ਯੇ ਮਨ ਰੂਪੀ ਭੂਤਨਾ ਸੰਸਾਰ ਕੇ ਪਦਾਰਥੋਂ ਮੇਂ ਲਗਾਨੇ ਸੇ ਵਸੀ ਨਹੀਂ ਹੋਤਾ। ਜਾ ਤੇ ਆਪਣੇ ਸਰੂਪ ਮੇਂ ਜੋੜੀ ਰਖੇ। ਅਥਵਾ ਜਬ ਆਪਣੇ ਸਰੂਪ ਸੇ ਉਥਾਨ ਹੋਵੇ ਤਬ ਆਪਣੇ ਸਰੂਪ ਕੇ ਗੀਤ ਗਾਇਨ ਕਰੇ ਤਬ ਤੋ ਮਨ ਰੂਪੀ ਭੂਤਨਾ ਵਸੀ ਹੋ ਜਾਵੇ ਹੈ ਸੰਤ ਜਨ ਭੀ ਇਸੀ ਓਪਾਓ ਸੇ ਆਪਣਘਘਘਘੇ ਮਨ ਰੂਪੀ ਭੂਤਨੇ ਕੋ ਵਸੀ ਕਰਕੇ ਰਖੇ ਹੈਂ। ਜਬ ਇਸ ਮਨ ਕੋ ਵੇਹਲਾ ਛੋੜ ਦੇਹੁ ਫੇਰ ਮਨ ਚੰਚਲ ਹੋ ਜਾਇਗਾ। ਦ੍ਰਿਸਟਾਂਤ। ਜੈਸੇ ਕਿਸੀ ਨੇ ਬਾਰਾਂ ਬਰਸ ਸੁਵਾਨ ਕੀ ਪੂਛ ਨਲਕੇ ਮੇਂ ਪਾਇ ਕੇ ਰਖੀ ਥੀ ਜਬ ਬਾਹਿਰ ਨਿਕਾਲੀ ਫੇਰ ਡਿੰਗੀ ਕੇ ਡਿੰਗੀ ਹੋ ਗਈ। ਤੈਸੇ ਆਪਣੇ ਸਰੂਪ ਕੇ ਅਭਿਆਸ ਵਾ ਈਸ਼ਵਰ ਕੇ ਗੀਤ ਗਾਨੇ ਮੇਂ ਜਬ ਤਕ ਆਪਣੇ ਮਨ ਕੋ ਤੁਮ ਲਗਾਈ ਰਖੋਗੇ ਤਬ ਤਕ ਤੁਮਾਰਾ ਮ੍ਨ ਰੂਪੀ ਭੂਤਨਾ ਵਸੀ ਰਹੇਗਾ ਜਬ ਇਸਕੋ ਤੁਮ ਖੁਲ੍ਹਾ ਛੋੜ ਦੇਹੁਗੇ ਫੇਰ ਤੁਮ ਸੇ ਮਨ ਕੀਆਂ ਡੋਰਾਂ ਨਹੀਂ ਪਕੜੀਆਂ ਜਾਨਗੀਆਂ। ਇਸ ਵਾਸਤੇ ਸੰਸਾਰ ਸੇ ਵਿਰਾਗਵਾਨ ਹੋਕਰ ਆਪਣੇ ਮਨ ਕੋ ਅਭਿਆਸ ਮੇਂ ਜੋੜੀ ਰਖ ਜਿਸ ਕਰ ਤੁਮਾਰਾ ਮਨ ਅਚਲ ਹੋ ਜਾਇ ਏਹੀ ਪ੍ਰਸ਼ਨ ਗੀਤਾ ਮੇਂ ਪਾਰਥ ਨੇ ਸ੍ਰੀ ਕ੍ਰਿਸ਼ਨ ਭਗਵਾਨ ਕੇ ਆਗੇ ਕਰਾ ਹੈ। ਹੇ ਭਗਵਾਨ ਮੇਰਾ ਮਨ ਚੰਚਲ ਹੈ, ਇਸਕਾ ਆਪ ਉਪਾਇ ਕਹੁ। ਅਰਜਨ ਕਾ ਪ੍ਰਸ਼ਨ ਸੁਣ ਕਰ ਵਿਰਾਗ ਅਭਿਆਸ ਹੀ ਇਸ ਮਨ ਕੇ ਰੋਕਨੇ ਕਾ ਉਪਾਓ ਬਤਾਇਆ ਹੈ। ਤਾਂਤੇ ਹੇ ਪੁਰਸ਼ੋ ਆਪਣੇ ਮਨ ਰੂਪੀ ਭੂਤਨੇ ਕਾ ਬਲ ਵਿਰਾਗ ਅਭਿਆਸ ਕਰਕੇ ਤੋੜ ਡਾਲੋ। ਅਬ ਗ੍ਰੰਥ



ਕੀ ਸਮਾਪਤੀ ਹੋ ਗਈ ਹੈ। ਕ੍ਰਿਤਘਨਤਾ ਕੀ ਨਿਬ੍ਰਤੀ ਅਰਥ ਗ੍ਰੰਥ ਕੇ ਅੰਤ ਮੇਂ ਕਵੀ ਹਰਿਦਿਆਲ ਜੀ ਮੰਗਲਾ ਚਰਨ ਕਰੇ ਹੈ। ਮੂਲ।

**ਦੋਹਿਰਾ ॥ਰਘੁਪਤਿ ਗਣਪਤ ਵਾਕ ਪਤਿ ਤਿਨ ਪ੍ਰਤਿ ਨਿਤ ਪ੍ਰਤਿ ਬੰਦ। ਜਾਹਿ ਕ੍ਰਿਪਾ ਪ੍ਰਤਿ ਬੰਦ ਗਣ ਪ੍ਰਤਿ ਹਤ ਭਏ ਕੁਮੰਦ ॥੧੮ ॥**

ਟੀਕਾ ॥ ਰਾਘਵਾਂ ਕੇ ਪਤੀ ਜੋ ਸ੍ਰੀ ਰਾਮਚੰਦ੍ਰ ਜੀ ਹੈਂ ਇਨਕੇ ਚਰਨੋਂ ਪਰ, ਗਣਾਂ ਕੇ ਪਤੀ ਜੋ ਗਣੇਸ਼ ਜੀ ਹੈਂ ਇਨ ਕੇ ਚਰਨੋਂ ਪਰ, ਬਾਣੀ ਕੀ ਪਤੀ ਜੋ ਮਾਤਾ ਸੁਰਸਤੀ ਹੈ ਇਨਕੇ ਚਰਨੋਂ ਪਰ, ਤਿਨ ਪ੍ਰਤਿ ਨਾਮ ਤਿਨਾ ਕੋ ਨਿਤ ਪ੍ਰਤਿ ਨਾਮ ਹਰ ਰੋਜ਼ ਮੇਰੀ ਨਿਮਸ਼ਕਾਰ ਹੋ। ਜਾਹਿ ਕ੍ਰਿਪਾ। ਜਿਨ੍ਹਾਂ ਕੀ ਕਿਰਪਾ ਕਰਕੇ ਪ੍ਰਤਿਬੰਦ ਗਣ। ਮੇਰੇ ਸਮੂਹ ਪਾਪ ਪ੍ਰਤਿਹਤ ਨਾਮ ਉਲਟੇ ਹਤ ਹੋ ਗਏ ਕੁਮੰਦ ਨਾਮ ਜੋ ਫਾਹੀ ਰੂਪ ਥੇ। ਭਾਵ-ਇਨਕੀ ਕਿਰਪਾ ਸੇ ਸਮੂਹ ਪਾਪ ਮੇਰੇ ਨਸ਼ਟ ਹੋ ਗ਼ਏ ਹੈਂ। ਨਿਤਪ੍ਰਤੀ ਇਨਕੋ ਮੇਰੀ ਨਿਮਸ਼ਕਾਰ ਹੋ। ਇਨ੍ਹੋ ਕੀ ਕਿਰਪਾ ਸੇ ਹੀ ਯੇ ਮੇਰਾ ਗ੍ਰੰਥ ਨਿਰਵਿਘਨ ਸਮਾਪਤ ਹੂਆ ਹੈ। ਆਗੇ ਇਸ ਗ੍ਰੰਥ ਕਾ ਮਹਾਤਮ ਕਹੇ ਹੈਂ ॥ਸੰਕਾ ॥ਇਸ ਸਭਾ ਜਿਤ ਗ੍ਰੰਥ ਕੇ ਪੜ੍ਹਨੇ ਸੇ ਪੁਰਸ਼ ਕੋ ਕੀ ਲਾਭ ਹੋਵੇ ਹੈ ॥ਸਮਾਧਾਨ ॥ ਮੂਲ ॥

**ਦੋਹਿਰਾ ॥ਸਭਾ ਜਿਤ ਪਰਤਾਪ ਤੇ ਸਭਾ ਜਿਤ ਪਰ ਆਪ। ਸਭਾ ਜਿਤ ਕੋ ਢਾਪ ਹੈ ਸਭਾ ਜਿਤ ਕੋ ਜਾਪ ॥੧੯ ॥**

ਟੀਕਾ ॥ ਯਹਿ ਪੁਰਸ਼ ਸਭਾ ਜਿਤ ਗ੍ਰੰਥ ਕੇ ਪ੍ਰਤਾਪ ਕਰਕੇ ਜੋ ਵਿਦ੍ਵਾਨੋਂ ਕੀ ਸਭਾ ਕੋ ਪਰਨਾਮ ਵਿਸ਼ੇਸ਼ ਕਰਕੇ ਆਪ ਜੀਤ ਲੇਤਾ ਹੈ। ੧। ਔਰ ਜੋ ਸਭਾ ਕੋ ਜੀਤਨੇ ਵਾਲੇ ਧਰੰਧਰ ਜੋ ਵਿਦ੍ਵਾਨ ਪੁਰਸ਼ ਹੈਂ। ਇਸ ਸਭਾ ਜਿਤ ਗ੍ਰੰਥ ਕੇ ਜਾਪ ਨਾਮ ਅਭਿਆਸ ਕਰਨੇ ਵਾਲਾ ਪੁਰਸ਼ ਹੈ। ਢਾਪ ਹੈ। ਉਨਕੋ ਭੀ ਦਬਾ ਲੇਤਾ ਹੈ। ਭਾਵ-ਸਭਾ ਕੇ ਜੀਤਨੇ ਵਾਲਿਆਂ ਪੁਰਸ਼ਾਂ ਕੋ ਆਪਣੇ



Scanned by CamScanner

ਅਧੀਨ ਕਰ ਲੇਤਾ ਹੈ। ਅਥਵਾ-ਇਸ ਸਭਾ ਜਿਤ ਗ੍ਰੰਥ ਕੇ ਪ੍ਰਤਾਪ ਕਰਕੇ ਪਰ ਨਾਮ ਵਿਸ਼ੇਸ਼ ਕਰਕੇ ਆਪ ਸਭ ਸੇ ਅਜਿਤ ਹੋ ਜਾਤਾ ਹੈ। ਭਾਵ-ਕਿਸੀ ਸੇ ਜੀਤਾ ਨਹੀਂ ਜਾਤਾ। ਇਸ ਸਭਾ ਜਿਤ ਕੇ ਜਾਪ ਕੇ ਬਲ ਕਰਕੇ ਜੋ ਸਭ ਸੇ ਕਾਮ ਕ੍ਰੋਧ ਲੋਭਾਦੀ ਅਜਿਤ ਹੈ॥ ਭਾਵ-ਏ ਕਿਸੀ ਸੇ ਜੀਤੇ ਨਹੀਂ ਗਏ। ਏ ਉਨਕੋ ਭੀ ਢਾਪ ਲੇਵੇ ਹੈ ਅਰਥਾਤ ਜੀਤ ਲੇਵੇ ਹੈ। ਸੰਕਾ। ਇਸ ਸਭਾ ਜਿਤ ਗ੍ਰੰਥ ਕਾ ਜਾਪ ਕੈਸੇ ਹੈ॥ਸਮਾਧਾਨ॥ਪੰਦਰਾਂ ਦੋਹਿਰਿਓਂ ਸੇ ਹਮ ਸਾਰੇ ਗ੍ਰੰਥ ਕਾ ਜਾਪ ਦਿਖਾਤੇ ਹੈਂ। ਦੋਹਿਰਾ। ਧਰਮ ਅਮੋਲਕ ਜਗ ਅਹੈ ਇਸ ਮੈ ਕਰਾ ਵਿਸਤਾਰ। ਸ੍ਰੇਯ ਪੰਥ ਕੋ ਮੂਲ ਹੈ ਜੁਵਾਲਾ ਦਾਸ ਪੁਕਾਰ। ੧। ਬ੍ਰਹਮ ਸਰੋਤਰੀ ਬ੍ਰਹਮ ਨਿਸਟੀ ਅਸ ਗੁਰ ਊਤਮ ਜਾਨ। ਗੁਰ ਉਪਮਾ ਦੁਤੀਏ ਕਹੀ ਜੁਵਾਲਾ ਦਾਸ ਬਖਾਨ। ੨। ਵਿਦਿਆ ਭੂਸਨ ਜੀਵ ਕਾ ਵਿਦਿਆ ਬਿਨ ਪਸੁ ਜਾਨ। ਕੀਰਤ ਵਿਦਿਆ ਕੀ ਕਰੀ ਸੁਣੋ ਸੰਤ ਦੇ ਕਾਨ। ਜਬ ਤਕ ਜੀਵੋ ਜਗਤ ਮੇਂ ਵਿਦਿਆ ਪੜ੍ਹੋ ਸੁਜਾਨ। ਭੋਗ ਮੋਖ ਕੋ ਦੇਤ ਹੈ ਜੁਵਾਲਾ ਦਾਸ ਬਖਾਨ। ੩। ਸੁਭਾ ਸੁਭ ਜੋ ਗਿਆਨ ਹੈ ਨਿਰੂਪਨ ਇਸ ਮੇਂ ਕੀਨ। ਚਿਤ ਮੇਂ ਧਾਰੋ ਹੇ ਜਨੋ ਕਸ਼ਟ ਹੋਇ ਸਭ ਖੀਨ। ੪। ਸ੍ਰੇਯ ਦਾਤਾ ਜੋ ਵਿਚਾਰ ਹੈ ਇਸ ਮੇਂ ਦੀਆ ਸੁਣਾਇ। ਸਭ ਸੰਤਨ ਕੇ ਪਾਦ ਕੂੰ ਜੁਵਾਲਾ ਦਾਸ ਮਨਾਇ॥੫॥ਆਨਾ ਜਾਨਾ ਨਰਨ ਕਾ ਖੂਬ ਕਰਾ ਵਿਸਤਾਰ। ਜਾਹਿ ਸੁਨੈ ਸਭ ਮਨ ਧਰੇ ਪੜੇ ਨ ਨਰਕ ਮਝਾਰ॥੬॥ ਸਪਤਮ ਧਿਆਇ ਕੇ ਵਿਖੇ ਵਾਕ ਨਿਰੂਪਣ ਕੀਨ। ਜਹ ਧਾਰੇ ਸਭ ਦੁਖ ਮਿਟੇ ਪਾਵੇ ਬ੍ਰਹਮ ਮਹੀਨ॥੭॥ਉਦਮ ਬਿਨਾਂ ਨਾ ਕੁਛ ਮਿਲੇ ਉਦਮ ਊਤਮ ਜਾਨ। ਮਹਿਮਾ ਵਰਣੀ ਉਦਮ ਕੀ ਜੁਵਾਲਾ ਦਾਸ ਬਖਾਨ॥੮॥ ਮਹਿਮਾ ਕਹੀ ਉਦਾਰਤਾ ਜਾ ਕੇ ਚਿਤ ਉਦਾਰ। ਬਿਨਾਂ ਦਾਨ ਜੋ ਧੰਨ ਹੈ ਨਿੰਦਾ ਕਰੀ ਉਚਾਰ॥੯॥ ਕ੍ਰੋਧਾਦਿਕ ਕੀ ਨਿੰਦਿਆ ਦਸਮੇਂ ਕੀਨ ਬਖਾਨ। ਹਾਨ ਕਰੇ ਅਰਿ ਜਾਨਕੇ ਪਾਵਤ ਸੂਖ ਮਹਾਨ॥੧੦॥ਸੰਤਨ ਕੀ ਮਹਿਮਾ ਕਹੀ ਦੁਰਜਨ ਨਿੰਦ ਉਚਾਰ। ਸੇਵਾ ਕੀਜੈ ਸੰਤ ਕੀ ਦੁਸ਼ਟ ਸੀਸ



ਰਜ ਡਾਰ॥੧੧॥ਸਪਤ ਵਿਯਅਨ ਕੀ ਨਿੰਦਿਆ ਰਵ ਮੇਂ ਕੀਨ ਉਚਾਰ। ਨਿੰਦ ਰੂਪ ਤੁਮ ਜਾਨਕੇ ਨਹਿ ਧਾਰੋ ਚਿਤ ਮਝਾਰ॥੧੨॥ਪਾਚ ਵਿਸੇ ਅਰ ਦੁਰਜਨ ਕੀ ਨਿੰਦਾ ਕਰੀ ਉਚਾਰ। ਦੁਖ ਦਾਤਾ ਏ ਦੋਇ ਹੈ ਇਨ ਸੇ ਛਡੋ ਪਿਆਰ॥੧੩॥ ਊਤਮ ਸਿਖਿਆ ਕਵੀ ਨੇ ਇਸ ਮੇਂ ਵਰਨਨ ਕੀਨ। ਜਾਹਿ ਧਰੇ ਸਭ ਦੁਖ ਮਿਟੇ ਹੋਵੇ ਚਤ੍ਰ ਪ੍ਰਬੀਨ॥ ੧੪॥ ਇਸ ਪੰਦ੍ਰਸ ਅਧਿਆਇ ਮੇਂ ਮਿਸ੍ਰਤ ਕੀਨ ਉਪਦੇਸ਼। ਮੂਰਖ ਤੇ ਜਨ ਚਤ੍ਰ ਹੋਇ ਇਤ ਉਤ ਹੋਇ ਨ ਕਲੇਸ਼॥੧੫॥ਯੇ ਸਾਰੇ ਗ੍ਰੰਥ ਕੇ ਭਾਵ ਕੋ ਜੋ ਪੁਰਸ਼ ਧਾਰਨ ਕਰਤਾ ਹੈ। ਫੇਰ ਵਹੁ ਸਭ ਸੇ ਅਜਿਤ ਹੋ ਜਾਤਾ ਹੈ। ਯੇ ਇਸ ਗ੍ਰੰਥ ਕਾ ਫਲ ਹੈ॥ਸੰਕਾ॥ਇਸ ਗ੍ਰੰਥ ਕੇ ਪੜਨੇ ਸੁਨਨੇ ਕਰ ਅਸੁਰੀ ਸੰਪਤੀ ਗੁਣਾ ਕੋ ਜੀਤ ਕਰ ਕਲਿਆਨ ਸਰੂਪ ਪੁਰਸ਼ ਹੋ ਜਾਵੇ ਹੈਂ। ਸੋ ਏ ਗ੍ਰੰਥ ਕਿਸ ਕੇ ਸਮਾਨ ਪਵਿਤ੍ਰ ਕਰੇ ਹੈ॥ ਸਮਾਧਾਨ॥ ਮੂਲ॥

**ਕਬਿਤ॥ਤਨ ਕੋ ਪਵਿਤ੍ਰ ਕਰੇ ਮਨ ਕੋ ਪਵਿਤ੍ਰ ਕਰੇ ਤੀਰਥ ਸਨਾਨ ਕੋ ਜਹਾਂਨ ਜੱਸ ਜਾਨ ਹੈ। ਮਨ ਕੋ ਵਿਸੱਧ ਕਰ ਜੀਵ ਕੋ ਪ੍ਰਬੁੱਧ ਕਰ ਤੀਰਥੋ ਕੇ ਜਸ ਕਾ ਭੀ ਗ੍ਰੰਥੋ ਦੁਵਾਰਾ ਗਿਆਨ ਹੈ। ਤਾਤੇ ਸਭਾ ਜਿਤ ਗ੍ਰੰਥ ਹਰਿ ਦਿਆਲ ਮੋਖ ਪੰਥ ਭੇਦੇ ਚਿਦ ਜੜ ਗ੍ਰੰਥ ਜਾਨੇ ਬੁਧਵਾਨ ਹੈ। ਜੈਸੇ ਊਚ ਨੀਚ ਮੀਚ ਕਾਂਸੀ ਬੀਚ ਮੋਖ ਲਹੇ ਤੀਨੋਂ ਦੇਵਵਰ ਦੀਨੋਂ ਸੋਲਾ ਤੀਨੋਂ ਮਾਨ ਹੈ॥੨੦॥**

ਟੀਕਾ॥ਤੀਰਥੋਂ ਕੇ ਸਮਾਨ ਯੇ ਗ੍ਰੰਥ ਪੁਰਸ਼ ਕੋ ਪਵਿਤ੍ਰ ਕਰੇ ਹੈ। ਜੈਸੇ ਤੀਰਥੋਂ ਕੇ ਸ਼ਨਾਨ ਤਨ ਕੋ ਭੀ ਪਵਿਤੱਰ ਕਰਤਾ ਹੈ। ਅਰ ਮਨ ਕੌ ਪੀ ਪਵਿੱਤਰ ਕਰ ਹੈ। ਇਨਾ ਤੀਰਥੋਂ ਕੇ ਸ਼ਨਾਨ ਕਾ ਜਸ ਸਾਰਾ ਜਹਾਨ ਹੀ ਜਾਨਤਾ ਹੈ। ਸਭ ਲੋਕੋ ਸੇ ਇਨ੍ਹਾਂ ਤੀਰਥੋ ਕਾ ਪ੍ਰਤਾਪ ਕੋਈ ਛਪਾ ਹੂਆ ਨਹੀ ਹੈ। ੧। ਜੋ ਨਿਸ਼ਕਾਮ ਹੋਕਰ ਇਨਾਂ ਤੀਰਥਾਂ ਕਾ ਸ਼ਨਾਨ ਕਰਤਾ ਹੈ। ਉਸ ਪੁਰਸ਼ ਕੇ ਮਨ ਕੋ ਯੇ ਤੀਰਥ ਵਿਸ਼ੇਸ ਕਰਕੇ ਸੁਧ ਕਰ ਦੇਵੇ ਹੈ। ਅਰ



Scanned by CamScanner

ਜੀਵ ਕੋ ਆਪਨੇ ਸਰੂਪ ਮੇਂ ਪ੍ਰਬਧ ਨਾਮ ਜਗਾਇ ਦੇਵੇ ਹੈ॥ਭਾਵ-ਅੰਤਹਿ ਕਰਨ ਕੀ ਸ਼ੁਧੀ ਦੁਆਰਾ ਗਿਆਨ ਕੋ ਪਾਇ ਕਰ ਮੋਖ ਰੂਪ ਹੋ ਜਾਵੇ ਹੈ॥ ਸੰਕਾ॥ ਐਸਾ ਤੀਰਥੋਂ ਕਾ ਜਸ ਆਪਨੇ ਕਹਾਂ ਸੋ ਜਾਨ ਲੀਆ ਹੈ॥ ਸਮਾਧਾਨ॥ਤੀਰਥਾਂ ਕਾ ਜਸ ਐਸਾ ਹਮ ਕੋ ਗ੍ਰੰਥਾਂ ਦੁਆਰਾ ਗਿਆਨ ਹੂਆ ਹੈ। ਇਨ ਕੀ ਮਹਿਮਾ ਵੇਦ ਸ਼ਾਸਤਰ ਪੁਰਾਨ ਸਭ ਪ੍ਰੀਤ ਪਾਦਨ ਕਰ ਰਹੇ ਹੈਂ। ਉਨਕੋ ਪੜਨੇ ਸੁਨਨੇ ਕਰ ਇਨਾਂ ਤੀਰਥੋਂ ਕੇ ਜਸ ਕਾ ਗਯਾਨ ਮਾਲੂਮ ਪੜੇ ਹੈ। ਇਸੀ ਵਾਸਤੇ ਗ੍ਰੰਥ ਕਰਤਾ ਹਰਿ ਦਿਆਲ ਜੀ ਕਹੇ ਹੈਂ। ਯੇ ਜੋ ਸਭਾ ਜਿਤ ਨਾਮ ਕਰ ਗ੍ਰੰਥ ਹੈ। ਮੋਖ ਕਾ ਮਾਰਗ ਜੋ ਗਯਾਨ ਹੈ ਸੋ ਉਸਕੇ ਦੇਨੇ ਵਾਲਾ ਹੈ॥ ਕਾਹਿਤੇ॥ ਇਸ ਗ੍ਰੰਥ ਕੋ ਪੜ ਕਰ ਜੀਵ ਨਿਸ਼ਕਾਮ ਕਰਮੋਂ ਮੈ ਪ੍ਰਵਰਤ ਹੋਵੇਗਾ ਰਿਦਾ ਸ਼ੁੱਧ ਹੋ ਕੇ ਗਯਾਨ ਦੁਆਰਾ ਮੋਖ ਹੋ ਜਾਵੇਗਾ। ਚੇਤਨ ਅਰ ਜੜ ਕੀ ਜੋ ਗ੍ਰੰਥ ਨਾਮ ਗਠ ਪੜੀ ਹੂਈ ਹੈ। ਭਾਵ ਯੇ ਹੈ। ਸਭ ਪਦਾਰਥੋਂ ਮੈ ਪਾਂਚ ਅੰਸਾਂ ਮਿਲੀਆਂ ਹੂਈਆਂ ਹੈਂ। ਨਾਮ ਅਰ ਰੂਪ ਯੇ ਦੋ ਅੰਸਾਂ ਜੜ ਰੂਪੀ ਹੈਂ। ਅਸਤੀ ਭਾਤੀ ਪ੍ਰੇਯ ਯੇ ਤੀਨ ਅੰਸਾਂ ਚੇਤਨ ਕੀਆ ਹੈ। ਯੇ ਦੋਨੋਂ ਅੰਸਾਂ ਅਭੇਦ ਹੋ ਰਹੀਆਂ ਹੈਂ॥ਸਦ੍ਵੈ ਅਨਾਨੰਦ ਯੇ ਦੋ ਅੰਸਾਂ ਅਗਿਆਨ ਕੀਆਂ ਹੈਂ। ਅਦਵੈ ਅਨੰਦ ਏ ਦੋ ਅੰਸਾਂ ਚੇਤਨ ਕੀਆਂ ਹੈਂ। ਇਨ ਦੋਨੋਂ ਕੀ ਗੰਠ ਪੜੀ ਹੂਈ ਹੈ। ਸੋ ਇਸ ਗ੍ਰੰਥ ਕੇ ਵਿਚਾਰਨੇ ਸੇ ਭੇਦ ਕਿਆ ਸੋ ਗੰਠ ਖੁਲ ਜਾਵੇ ਹੈ। ਯੇ ਆਤਮ ਹੈ ਯੇ ਅਨਾਤਮਾ ਹੈ। ਇਸ ਬਾਤ ਕੋ ਬੁਧੀਵਾਨ ਜਾਨਤੇ ਹੈਂ ਹਰ ਏਕ ਨਹੀਂ ਜਾਨੇ ਹੈਂ। ੩। ਸੰਕਾ॥ਐਸਾ ਵਹੁ ਤੀਰਥ ਕਵਨ ਹੈ ਜਿਸ ਮੇਂ ਰਹਿਨੇ ਸੇ ਤਥਾ ਸ਼ਨਾਨ ਕਰਨੇ ਸੇ ਜੀਵ ਕੀ ਮੋਖ ਹੋ ਜਾਵੇ ਹੈ॥ ਸਮਾਧਾਨ॥ਐਸੀ ਵਹੁ ਕਾਸ਼ੀ ਹੈ ਜੈਸੇ ਜੋ ਊਚ ਨੀਚ ਕਾਂਸ਼ੀ ਮੇਂ ਮ੍ਰਿਤੂ ਹੋਵੇ ਹੈ ਸੋਈ ਮੁਕਤੀ ਕੋ ਲਹੇ ਹੈ। ਕਾਹਿਤੇ। ਕਾਂਸ਼ੀ ਮੈ ਮੁਕਤੀ ਕਾ ਸਦਾ ਵਰਤ ਸ਼ਿਵ ਨੇ ਲਗਾਇਆ ਹੂਆ ਹੈ। ਇਸ ਕਾਂਸ਼ੀ ਕੋ ਤੀਨੋਂ ਦੇਵਤਿਆਂ ਨੈਂ ਯੇ ਵਰਦਾਨ ਦੀਆ ਹੂਆ ਹੈ। ਜੋ ਇਸ ਮੈ ਮਰੇ ਸੋ ਮੁਕਤ ਹੋ ਜਾਵੇ। ਔਰ ਇਸਮੇਂ



ਉਨੀਹੋਂ ਕਾ ਪ੍ਰਮਾਨ ਹੈ। ਅਗਲੇ ਸਲੋਕ ਮੇਂ ਇਨਾਂ ਉਨੀਆਂ ਕਾ ਨਾਮ ਕਹੇਂਗੇ॥ਮੂਲ॥

**ਦੋਹਿਰਾ॥ਬੇਦ ਸ਼ਾਸਤਰ ਜੁਗ ਕਾਲ ਤ੍ਰੈ ਸੁਰ ਨਰ ਵਾ ਦ੍ਵੈ ਲੋਕ। ਹੈ ਪ੍ਰਮਾਨ ਉਨੀਸ ਮਹਿ ਮੁਕਤਿ ਦ੍ਵਾਰ ਸਿਵ ਓਕ॥੨੧॥**

ਟੀਕਾ॥ ਵੇਦ ੪, ਖਟ ਸਾਸਤਰ ੬, ਜੁਗਚਾਰ ੪, ਕਾਲ ਤਿੰਨ ਭੂਤ ਭਵਿਖ ਵਰਤ ਮਾਨ ੩,। ਸੁਰ ਨਾਮ ਦੇਵਤਾ ਨਰ ਨਾਮ ਮਨੁਖ ਏ ਦੋ ੨ ਵਾ ਦੋਨੋਂ ਲੋਕ ਦੇਵ ਲੋਕ ਮਾਤ ਲੋਕ ੨ ਇਨਾ ਉਨੀਆਂ ਮੇਂ ਪ੍ਰਮਾਨ ਹੈ। ਮੁਕਤੀ ਕਾ ਦਰਵਾਜ਼ਾ ਸਿਵ ਕਾ ਘਰ ਹੈ। ਨਿਸ਼ਚੇ ਕਰਕੇ ਕਾਂਸ਼ੀ ਮੇਂ ਮੁਕਤੀ ਹੋਤੀ ਹੈ। ਜੈਸੇ ਕਾਂਸ਼ੀ ਮੇਂ ਜੀਵ ਕੀ ਮੁਕਤੀ ਹੋ ਜਾਵੇ ਹੈ। ਤੈਸੇ ਸਭਾਜਿਤ ਕੇ ਪੜਨੇ ਸੁਨਨੇ ਕਰ ਜੀਵ ਕੀ ਕਲਿਆਨ ਹੋ ਜਾਵੇ ਹੈ। ਇਸ ਮੇਂ ਸੰਸਾ ਨਹੀਂ ਹੈ। ਆਗੇ ਕਵੀ ਜੀ ਆਪਨੀ ਨਿੰਮ੍ਰਤਾ ਦਿਖਾਵੇ ਹੈ।

**ਸਵੈਯਾ॥ਨਹਿ ਸੁਧ ਅਸੁਧ ਸੁਧਪਰੀ ਮਮ ਬੁਧ ਅਸੁਧ ਹੁਤੀ ਅਘਧਾਮਾ। ਹਰਿ ਦਜਾਲ ਵਿਰੁਧ ਜੁ ਹੈ ਵਰਣਾਰਥ ਸੁਧ ਕਰੋ ਤੁਮ ਹੇ ਕਵਿ ਸਜਾਮ। ਨਭ ਨਾਗ ਸਿਧੀ ਸਸ ਸਾਵਣ ਸੰਬਤ ਮੰਗਲ ਥਿਤ ਛਟੀ ਪਖ ਸਜਾਮਾ। ਚੁਹਣੀ ਪੁਰ ਮਾਹਿ ਅਰੰਭ ਕਰਜੋ ਇਤਿ ਸ੍ਰੀ ਲਵਧਾਮ ਸਭਾਜਿਤ ਨਾਮਾ॥੨੨॥**

ਟੀਕਾ॥ਯੇ ਸਵੈਯਾ ਕਵੀ ਉਕਤ ਹੈ। ਹਰ ਦਜਾਲ ਕਵੀ ਅਬ ਸਭ ਕਵੀਓਂ ਆਗੇ ਆਪਨੀ ਨਿਮ੍ਰਤਾ ਦਿਖਾਤੇ ਹੈਂ। ਹੇ ਕਵੀ ਜਨੋਂ ਸ਼ੁੱਧੀ ਅਸ਼ੁਧੀ ਕੀ ਮੇਰੇ ਕੋ ਕੁਛ ਖਬਰ ਨਹੀਂ ਪੜੀ। ਸ਼ੁੱਧ ਕਿਸ ਕੋ ਕਹਿਤੇ ਹੈਂ। ਅਸ਼ੁੱਧ ਕਿਸ ਕੋ ਕਹਿਤੇ ਹੈ। ਕਾਹਿਤੇ। ਮੇਰੀ ਬੁਧੀ ਪਾਪੋਂ ਕਾ ਘਰ ਸੀ। ਇਸ ਵਾਸਤੇ ਅਸੁਧ ਨਾਮ ਅਪਵਿਤ ਸੀ। ਮੁਝ ਕੋ ਕੁਛ ਖਬਰ ਨਹੀ ਪੜੀ। ਭਾਵ-ਜੇ ਸੁਭ ਗਨ ਰਖੇ ਜਾਵੇਂ ਤਬ ਤੋ ਸ਼ੁੱਧ ਹੋ ਜਾਤੀ ਹੈ। ਜੇ ਅਸ਼ੁਭ ਗਨ ਰਖੇ ਜਾਵੇ ਤਬ ਅਸ਼ੁੱਧ ਹੋ ਜਾਤੀ ਹੈ। ਮਗਨ ਨਗਨ ਭਗਨ ਯਗਨ ਏ



Scanned by CamScanner

ਚਾਰ ਸੁਭ ਗਣ ਹੈਂ। ਸਗਣ ਤਗਣ ਜਗਣ ਰਗਣ ਏ ਚਾਰ ਅਸੁਭ ਗਣ ਹੈਂ। ਇਨ ਕੀ ਮੁਝਕੋ ਕੁਛ ਖਬਰ ਨਹੀ ਏ ਚੰਗੇ ਰਖੇ ਗਏ ਹੈ ਵਾ ਮਾੜੇ ਰਖੇ ਗਏ ਹੈ। ੧। ਹਰਿ ਦਿਆਲ ਕਵੀ ਜੀ ਕਹਿਤੇ ਹੈ। ਇਸ ਮੇਰੇ ਗ੍ਰੰਥ ਮੇਂ ਕੋਈ ਵਿਰੁਧ ਅਖਰ ਰਖਾ ਗਯਾ ਹੋ ਵਾ ਕੋਈ ਇਸ ਮੇਂ ਵਿਰੁਧ ਅਰਥ ਰਖਾ ਗਯਾ ਹੋ। ਭਾਵ ਏ ਹੈ। ਆਠ ਦਗਧ ਅਖਰ ਹੋਤੇ ਹੈਂ। ਸੋ ਕਵਿਤਾ ਕੇ ਆਦ ਮੇਂ ਨਹੀ ਦੀਏ ਜਾਤੇ ਹਝ ਘਨ ਖਭ ਧਰ ਵਹੁ ਏ ਹੈ। ਕੋਈ ਇਨ ਮੇਂ ਸੇ ਵਿਰੁਧ ਅਖਰ ਮੇਰੇ ਸੇ ਰਖਾ ਗਯਾ ਹੋ। ਚਾਰ ਅਸੁਭ ਗਨ ਜੋ ਹੈ। ਇਨ ਮੇਂ ਕੋਈ ਰਖਾ ਹੋ। ਵਾ ਕੋਈ ਅਰਥ ਹੀ ਵਿਰੁਧ ਹੋ। ਇਨ ਸਾਰਿਓਂ ਕੋ ਹੇ ਕਵੀ ਸ੍ਵਾਮੀ ਤੁਮਨੇ ਸੁਧਾਰ ਲੇਨਾ। ਅਰ ਮੇਰੀ ਭੂਲ ਕੋ ਖਿਮਾ ਕਰਨਾ। ੨। ਜਿਸ ਸੰਮਤ ਮੇਂ ਜਿਸ ਮਾਸ ਮੇਂ ਤਥਾ ਜਿਸ ਦਿਨ ਮੇਂ ਜਿਸ ਥਿਤ ਮੇਂ ਜਿਸ ਪਖ ਮੇਂ ਜਿਸ ਗਾਮ ਮੇਂ ਗ੍ਰੰਥ ਪ੍ਰਾਰੰਭ ਕਰਾ ਹੈ। ਅਰ ਜਹਾਂ ਪਰ ਸਮਾਪਤ ਹੂਆ ਅਬ ਕਵੀ ਜੀ ਵਹੁ ਦਿਖਾਤੇ ਹੈਂ। ਨਭ ਨਾਮ ਬਿੰਦੀ ਕਾ ਹੈ। ਨਾਗ ਨਾਮ ਨੌਂ ਕਾ ਹੈ। ਸਿਧਿ ਨਾਮ ਅਠ ਕਾ ਹੈ। ਸਸ ਨਾਮ ਏਕ ਕਾ ਹੈ। ਅੰਕੋ ਕੀ ਵਾਮ ਗਤੀ ਲਈ ਜਾਤੀ ਹੈ। ਅਠਾਰਾਂ ਸੌ ਨਵੇ ੧੮੯੦ ਸੰਬਤ ਥਾ ਸਾਵਨ ਕਾ ਮਾਸ ਥਾ ਮੰਗਲ ਕਾ ਦਿਨ ਥਾ ਛਟ ਥਿਤ ਸੀ ਸਿਆਮ ਪਖ ਥਾ ਲਹੌਰ ਕੇ ਪਾਸ ਚੁਹਣੀ ਪੁਰ ਏਕ ਗਾਮ ਹੈ। ਤਹਾਂ ਯੇ ਅਰੰਭ ਕਰਾ ਥਾ ਅਰ ਫੇਰ ਯੇ ਸਭਾ ਜਿਤ ਨਾਮ ਗ੍ਰੰਥ ਸਮਾਪਤ ਲਹੌਰ ਮੇਂ ਹੂਆ ਹੈ। ਅਬ ਇਸ ਧਿਆਇ ਕੇ ਛੰਦੋਂ ਕੀ ਗਿਨਤੀ ਕਹੇ ਹੈਂ॥ਮੂਲ॥

**ਦੋ : ਨੌਮਿ ਸ੍ਵੈਯੇ ਸੋਰਠਿਕ ਤ੍ਰੈ ਕਬਿਤ ਲਲ ਤੇਕ। ਦੋਹੇ ਪਾਂਚ ਨਰਾਜ ਦੁਇ ਇਕੀ ਛੰਦ ਬਿਬੇਕ। ੨੩।**

ਟੀਕਾ॥ਨਉ ਸ੍ਵੈਯੇ ਹੈਂ। ਏਕ ਸੋਰਠਾ ਹੈ। ਤੀਨ ਕਬਿਤ ਹੈ। ਲਲਤ ਛੰਦ ਏਕ ਹੈ। ਪਾਂਚ ਦੋਹਿਰੇ ਹੈ। ਦੋ ਨਰਾਜ ਛੰਦ ਹੈਂ। ਸਭ ਮਿਲ ਕੇ ਇਕੀ ਭਏ। ਬਿਬੇਕ ਨਾਮ ਜਾਨ ਲਵੋ॥

**ਇਤਿ ਸ੍ਰੀ ਸਾਰੁਕਤਾਵਲੀ ਮਿਸ੍ਰਤ ਪੰਦ੍ਰਸ ਪਾਠ॥ਸਭਾ ਜਿਤ ਕੇ ਛੰਦ ਸਭ ਦੋ ਸੈ ਪਾਂਡਵ ਆਠ॥**



ਟੀਕਾ॥ਪੰਦਰਵੇਂ ਧਿਆਇ ਕਾ ਪਾਠ ਮਿਸਰਤ ਨਾਮ ਰਲਾ ਮਿਲਾ ਹੂਆ ਹੈ। ਇਸ ਸਭਾ ਜਿਤ ਗ੍ਰੰਥ ਕੇ ਸਭੀ ਛੰਦ ਦੋ ਸੈ ਅਠਵੰਜਾ ੨੫੮ ਹੈਂ। ਪਾਂਡਵ ਨਾਮ ਪਾਂਚ ਕਾ ਹੈ ੫ ਇਸ ਪਾਂਚ ਅਗੇ ਅਠ ਅੰਕ ਪਾ ਦੇਵੇ॥ ੮॥ਤਬ ਅਠਵੰਜਾ ਬਨ ਜਾਤੇ ਹੈਂ॥੨੫੮॥ਸਭ ਧਿਆ ਧਿਆ ਕੇ ਆਪ ਕੋ ਛੰਦ ਸੁਣਾਤੇ ਹੈਂ। ਪਿਰਥਮ ਧਿਆਇ ਕੇ ੧੦ ਦਸ ਹੈਂ। ਦੂਜੇ ਕੇ ੭ ਸਤ ਹੈਂ। ਤੀਜੇ ਕੇ ੨੮ ਅਠਾਈ ਹੈਂ। ਚੌਥੇ ਕੇ ੮ ਆਠ ਹੈਂ। ਪਾਂਚਵੇ ਕੇ ੬ ਛੇ ਹੈਂ। ਛੇਵੇਂ ਕੇ ੫ ਪਾਂਚ ਹੈਂ। ਸਤਵੇਂ ਕੇ ੧੧ ਯਾਰਾਂ ਹੈਂ। ਅਠਵੇਂ ਕੇ ੧੨ ਬਾਰਾਂ ਹੈਂ। ਨੌਵੇਂ ਕੇ ੭ ਹੈਂ। ਦਸਵੇਂ ਕੇ ੧੨ ਹੈਂ। ਯਾਰਵੇਂ ਕੇ ਛਬੀ ਹੈਂ। ਬਾਰ੍ਹਵੇ ਕੇ ੧੫ ਪੰਦਰਾਂ ਹੈਂ। ਤੇਰਵੇਂ ਕੇ ੨੩ ਤਰੇਈ ਹੈਂ। ਚੌਦਵੇ ਕੇ ਚੌਦਾਂ ਹੈਂ। ਪੰਦਰਵੇਂ ਕੇ ੨੧ ਇਕੀ ਹੈਂ। ਇਤਨੇ ਸੰਸਕ੍ਰਿਤ ਸਲੋਕ ਹੈਂ ਸਤਵੰਜਾ ੫੭ ਕਵੀ ਉਕਤ ਕਹੇ ਹੈ। ਦੋਹਿਰਾ। ਸਭਾ ਜਿਤ ਜੋ ਗ੍ਰੰਥ ਹੈਂ ਰਾਜਨੀਤ ਪ੍ਰਧਾਨ। ਸਾਰ ਸਾਰ ਜੋ ਵਾਕ ਹੈ ਇਸ ਮੇਂ ਕਰੇ ਬਖਾਨ। ੧। ਆਸ਼ਾ ਇਨ ਕਾ ਗੁਹਿਯ ਹੈ ਸਭ ਨ ਸਕੇ ਪਹਿਚਾਨ। ਹਰਿ ਦਿਆਲ ਕਵਿ ਸੰਤ ਨੇ ਛੰਦੋਂ ਬਧਯ ਬਖਾਨ। ੨। ਸੋ ਭੀ ਛੰਦ ਕਠਨ ਥੇ ਸਮਝਤ ਨਹੀਂ ਨਰ ਨਾਰ। ਏਕ ਰੋਜ਼ ਏਕ ਸੰਤ ਨੇ ਮੁਝਕੋ ਕਹਾ ਪੁਕਾਰ॥੩॥ਤਿਲਕ ਕਰੋ ਇਸ ਗ੍ਰੰਥ ਕਾ ਹਮ ਦੇਵੇਂ ਤੁਰਤ ਛਪਾਇ। ਸ਼ੀਘਰ ਹਮ ਕੋ ਦੀਜੀਏ ਦੇਰ ਨ ਰੰਚਕ ਲਾਇ। ੪। ਭਾਸਾ ਬੀਚ ਛਪਾਇਗੇ ਛਾਪਾ ਟਾਇਪ ਜਾਨ। ਉਪਕਾਰ ਤੁਮਾਰਾ ਹੋਇਗਾ ਸੁਨਹੋ ਸੰਤ ਸੁਜਾਨ॥੫॥ਪਰੇਮ ਦੇਖ ਉਸ ਸੰਤ ਕਾ ਹਮਨੇ ਲੀਆ ਮਾਨ। ਜੈਸੀ ਮੇਰੀ ਬੁਧ ਹੈ ਤਸ ਮਤ ਕਰੇ ਬਖਾਨ। ੬। ਤੁਰਤ ਅਰੰਭ ਸੁ ਮੈ ਕਰਾ ਕਰ ਗੁਰ ਨਾਨਕ ਧਿਆਨ। ਆਪਣਾ ਬਲ ਲਗਾਇਕੇ ਟੀਕਾ ਕਰੀ ਮਹਾਨ॥੭॥ਗਰੰਥ ਵਧਨ ਕੇ ਭੈ ਕਰ ਮੈਨੇ ਕਰਾ ਸੰਕੋਚ। ਪਰੇਮ ਸਹਿਤ ਜੋ ਨਰ ਪੜ੍ਹੇ ਬੰਧਨ ਹੋਵੈ ਮੋਚ॥੮॥ਸਭ ਗ੍ਰੰਥਨ ਕਾ ਸਾਰ ਲੇ ਇਸ ਮੇਂ ਵਰਨਨ ਕੀਨ। ਦੋਸ ਨ ਮੁਝਕੋ ਦੀਜੀਏ ਲੇਹੁ ਸੋਧ



Scanned by CamScanner

ਪਰਬੀਨ॥੯॥ਗੰਗਾ ਪਰ ਆਰੰਭ ਕਰ ਗੰਗਾ ਪਰ ਇਤਿ ਕੀਨ। ਕੁਟੀਆ ਚੇਤਨ ਦੇਵ ਕੀ ਨਾਕ ਸਮ ਵਹੁ ਚੀਨ॥੧੦॥ਜੁਵਾਲਾ ਦਾਸ ਮਮ ਨਾਮ ਹੈ ਉਦਾਸੀਨ ਮਗਜਾਨ। ਭੂਲ ਖਿਮਾ ਮਮ ਕੀਜੀਏ ਸੰਤ ਸੁਨੋ ਦੇ ਕਾਨ॥ ੧੧॥ਸੰਤ ਗੁਰੂ ਰਵਦਾਸ ਗੁਰੂ ਗਨਪਤ ਸ਼ਿਵ ਪਹਿਚਾਨ। ਪਦ ਬੰਦਨ ਮੈ ਨਿਤ ਕਰੂੰ ਸਦਾ ਜੋਰ ਜੁਗ ਪਾਨ॥੧੨॥ਨਾਥ ਰਸ ਪੁਨ ਨਾਗ ਸਸਿ ਸੰਬਤ ਕਰਾ ਬਖਾਨ। ਸਾਵਨ ਮਾਸ ਸੋ ਸਸ ਦਿਨੇ ਵਿਯਾਸ ਪੁਨਿਯਾ ਜਾਨ॥੧੩॥ਉਸ ਦਿਨ ਟੀਕਾ ਇਤਿ ਭਈ ਕਰੀ ਕਿਰਪਾ ਭਗਵਾਨ। ਹਰੀ ਪਦ ਅਰਪਨ ਮੈ ਕਰੀ ਭਵ ਬੰਧਨ ਮਮਹਾਨ॥੧੪॥ਦੂਸਰੀ ਦਫ਼ਾ ਸੋਧ ਕਰ ਲਿਖੀ ਸੁਧਾ ਸਰ ਮਾਹਿ। ਔਗੁਣ ਮੇਰੇ ਬਖਸ਼ੀਏ ਸੰਤ ਸੁਨੋ ਮਨ ਮਾਹਿ॥੧੫॥

ਇਤਿ ਸ੍ਰੀ ਸਾਰੁਕੁਤਾਵਲੀ ਤਤ੍ਵ ਬੋਧਨੀ ਟੀਕਾ ਕ੍ਰਿਤ ਪਰਮਹੰਸ ਸੰਤ ਜੁਵਾਲਾ ਦਾਸ ਉਦਾਸੀਨ ਮਿਸ੍ਰਤ ਉਪਦੇਸ ਵਰਨਨੰ ਪੰਦ੍ਰਸ ਧਿਆਇ॥੧੫॥

ੴ ਸ਼ਾਂਤੀ।

☆☆☆



Scanned by CamScanner